
# ਮੈਲਾ ਆਂਚਲ

## ਫਨੀਸ਼ਵਰ ਨਾਥ ਰੇਣੂ

ਅਨੁਵਾਦ:ਜਸਵੰਤ ਸਿੰਘ ਵਿਰਦੀ



ਅੰਤਰ ਭਾਰਤੀ ਪੁਸਤਕ ਮਾਲਾ

# ਮੈਲਾ ਆਂਚਲ

ਇਹ ਨਾਵਲ ਆਜ਼ਾਦੀ ਦੇ ਮਗਰੋਂ ਦੇ ਭਾਰਤੀ ਜੀਵਨ ਦੀ ਸਭ ਤੋਂ ਕਲਾਤਮਕ ਤੇ ਯਥਾਰਥਵਾਦੀ ਰਚਨਾ ਹੈ। ਬਿਹਾਰ ਦੇ ਇਕ ਛੋਟੇ ਜਿਹੇ ਇਲਾਕੇ ਮਿਥਿਲਾ ਦੇ ਇਕ ਪਿੰਡ ਮੇਰੀਗੰਜ ਦਾ ਸਥਾਨਕ ਰੰਗ ਹੋਣ ਤੇ ਵੀ ਸਮੁੱਚੇ ਭਾਰਤੀ ਪੇਂਡੂ ਜੀਵਨ ਦੀ ਪ੍ਰਤਿਨਿਧਤਾ ਕਰਨ ਵਾਲਾ ਨਵੀਂ ਸ਼ੈਲੀ ਦਾ ਨਾਵਲ ਹੈ। ਮੈਲਾ ਆਂਚਲ ਵਿਚ ਕਿਸਾਨ ਹੀ ਨਹੀਂ ਛੋਟੀਆਂ ਤੇ ਨੀਵੀਆਂ ਕਹੀਆਂ ਜਾਣ ਵਾਲੀਆਂ ਜ਼ਾਤਾਂ ਤੇ ਆਦਿ ਵਾਸੀਆਂ ਵਿਚ ਵੀ ਪੁਰਾਣੀ ਜ਼ਾਤ ਪਾਤ ਤੇ ਸ਼੍ਰੇਣੀ-ਵੰਡ ਦੇ ਸ਼ਿਕੰਜੇ ਨੂੰ ਤੋੜਦੇ ਹੋਏ ਵਰਗ ਤੇ ਜ਼ਾਤ ਵਾਲੀਆਂ ਦ੍ਰਿਸ਼ਟੀਆਂ ਤੋਂ ਉਪਰ ਉਠਣ ਦੀ ਇਕ ਜ਼ਬਰਦਸਤ ਹਲਚਲ ਦ੍ਰਿਖਾਈ ਦਿੰਦੀ ਹੈ।

ਫਣੀਸ਼ਵਰ ਨਾਥ ਰੇਣੂ ਪ੍ਰੌੜ ਤੇ ਵਿਆਪਕ ਵਿਸ਼ਵਬੋਧ ਤੇ ਰਚਨਾਤਮਕ ਪ੍ਰਤਿਭਾ ਨੂੰ ਲੈ ਕੇ ਸਾਹਿੱਤਕ ਖੇਤਰ ਵਿਚ ਆਏ ਹਨ। ਉਹਨਾਂ ਦੀ ਸਥਾਨਕ ਬੋਲੀ ਦੀ ਵਰਤੋਂ ਨਾਲ ਹਿੰਦੀ ਭਾਸ਼ਾ ਅਮੀਰ ਹੋਈ ਹੈ। ਰੂਸੀ ਭਾਸ਼ਾ ਵਿਚ ਵੀ ਇਸ ਦਾ ਅਨੁਵਾਦ ਬੜਾ ਹਰਮਨਪਿਆਰਾ ਰਿਹਾ ਹੈ।

# ਮੈਲਾ ਆਂਚਲ

ਫਣੀਸ਼ਵਰ ਨਾਥ 'ਰੇਣੂ'

ਅਨੁਵਾਦਕ

ਜਸਵੰਤ ਸਿੰਘ 'ਵਿਰਦੀ'

ਨੈਸਨਲ ਬੁਕ ਟਰੱਸਟ, ਇੰਡੀਆ

ਨਵੀਂ ਦਿੱਲੀ

ਪਹਿਲਾ ਸੰਸਕਰਣ : 1974 (ਸ਼ਕ ਸੰਮਤ 1896)
ਦੂਜਾ ਸੰਸਕਰਣ : 1990 (ਸ਼ੱਕ ਸੰਮਤ 1911)
ਮੂਲ © ਫਣੀਸ਼ਵਰ ਨਾਥ 'ਰੇਣੂ'
ਪੰਜਾਬੀ ਅਨੁਵਾਦ © ਨੈਸ਼ਨਲ ਬੁਕ ਟਰੱਸਟ, ਇੰਡੀਆ
Maila Anchal by Phaneshwar Nath 'Renu'
Punjabi Translation of Maila Anchal,
Originally Published in Hindi
ਮੁੱਲ : 24.00
ਡਾਇਰੈਕਟਰ, ਨੈਸ਼ਨਲ ਬੁਕ ਟਰੱਸਟ, ਇੰਡੀਆ, ਏ-5, ਗਰੀਨ ਪਾਰਕ,
ਨਵੀਂ ਦਿੱਲੀ—110016 ਵਲੋਂ ਪ੍ਰਕਾਸ਼ਤ ।

# ਮੈਲਾ ਆਂਚਲ

ਇਹ ਹੈ ਮੈਲਾ ਆਂਚਲ, ਇਕ ਆਂਚਲਿਕ ਨਾਵਲ। ਕਥਾਨਕ ਹੈ ਪੂਰਣੀਆ। ਪੂਰਣੀਆਂ ਬਿਹਾਰ ਰਾਜ ਦਾ ਇਕ ਜ਼ਿਲ੍ਹਾ ਹੈ, ਇਹਦੇ ਇਕ ਪਾਸੇ ਹੈ ਨੇਪਾਲ, ਦੂਸਰੇ ਪਾਸੇ ਪਾਕਿਸਤਾਨ ਤੇ ਪੱਛਮੀ ਬੰਗਾਲ। ਵੱਖ ਵੱਖ ਸੀਮਾਂ ਰੇਖਾਵਾਂ ਨਾਲ ਇਹਦੀ ਬਨਾਵਟ ਮੁਕੰਮਲ ਹੋ ਜਾਂਦੀ ਹੈ, ਜਦੋਂ ਅਸੀਂ ਦੱਖਣ ਵਿਚ ਸੰਥਾਲ ਪਰਗਨਾਂ ਤੇ ਪੱਛਮ ਵਿਚ ਮਿਥਿਲਾ ਦੀ ਸੀਮਾਂ ਰੇਖਾ ਖਿੱਚ ਦਿੰਦੇ ਹਾਂ। ਮੈਂ ਇਹਦੇ ਇਕ ਹਿੱਸੇ ਦੇ ਇਕ ਪਿੰਡ ਨੂੰ — ਪਛੜੇ ਹੋਏ ਪਿੰਡ ਦਾ ਪ੍ਰਤੀਕ ਮੰਨ ਕੇ — ਇਸ ਨਾਵਲ ਦਾ ਕਥਾ ਖੇਤਰ ਉਲੀਕਿਆ ਹੈ।

ਇਹਦੇ ਵਿਚ ਫੁਲ ਵੀ ਹਨ ਤੇ ਕੰਡੇ ਵੀ, ਧੂੜ ਵੀ ਤੇ ਗੁਲਾਲ ਵੀ, ਚਿੱਕੜ ਵੀ ਹੈ ਤੇ ਚੰਦਨ ਵੀ, ਸੁੰਦਰਤਾ ਵੀ ਹੈ ਤੇ ਕੁਰੂਪਤਾ ਵੀ — ਮੈਂ ਕਿਸੇ ਕੋਲੋਂ ਵੀ ਦਾਮਨ ਬਚਾਕੇ ਲੰਘ ਨਹੀਂ ਸਕਿਆ।

ਕਥਾ ਦੀਆਂ ਸਾਰੀਆਂ ਚੰਗਿਆਈਆਂ ਤੇ ਬੁਰਾਈਆਂ ਨਾਲ ਸਾਹਿੱਤ ਦੀ ਦਹਿਲੀਜ਼ ਤੇ ਆ ਖਲੋਤਾ ਹਾਂ; ਪਤਾ ਨਹੀਂ ਚੰਗਾ ਕੀਤਾ ਜਾਂ ਬੁਰਾ। ਜੋ ਕੁਝ ਵੀ ਹੈ, ਆਪਣੀ ਨਿਸ਼ਠਾ 'ਚ ਕਮੀ ਨਹੀਂ ਮਹਿਸੂਸ ਕਰਦਾ।

ਫਣੀਸ਼ਵਰਨਾਥ 'ਰੇਣੂ'
ਪਟਨਾ
9 ਅਗਸਤ, 1954

# ਭੂਮਿਕਾ

'ਗੋਦਾਨ' ਹਿੰਦੀ ਦੇ ਪ੍ਰਤਿਸ਼ਠਿਤ ਕਥਾਕਾਰ ਪ੍ਰੇਮ ਚੰਦ ਦਾ ਅੰਤਮ ਨਾਵਲ ਸੀ ਅਤੇ "ਮੈਲਾ ਆਂਚਲ" ਸਮਕਾਲੀ ਕਥਾਕਾਰ ਫਣੀਸ਼ਵਰ ਨਾਥ 'ਰੇਣੂ' ਦਾ ਪਹਿਲਾ ਨਾਵਲ ਹੈ। ਅਨੇਕ ਆਲੋਚਕਾਂ ਨੇ ਸੰਨ 1954 ਵਿਚ ਪ੍ਰਕਾਸ਼ਤ ਹੁੰਦਿਆਂ ਹੀ 'ਮੈਲਾ ਆਂਚਲ' ਦੀ ਤੁਲਨਾ 'ਗੋਦਾਨ' ਨਾਲ ਕੀਤੀ। ਸਮੀਖਿਆਕਾਰ ਸਵਰਗੀ ਨੀਲਨ ਵਿਲੋਚਨ ਸ਼ਰਮਾ ਨੇ ਪੂਰੇ ਵਿਸ਼ਵਾਸ ਨਾਲ ਦਾਅਵਾ ਕੀਤਾ ਹੈ ਕਿ "ਇਹ ਨਾਵਲ 'ਗੋਦਾਨ' ਪਿਛੋਂ ਹਿੰਦੀ ਦਾ ਉਹੋ ਜਿਹਾ ਦੂਸਰਾ ਮਹਾਨ ਨਾਵਲ ਹੈ।" 'ਗੋਦਾਨ' ਪ੍ਰੇਮ ਚੰਦ ਦੀ ਕਲਾ ਦਾ ਸਭ ਤੋਂ ਸ਼੍ਰੇਸ਼ਟ ਨਮੂਨਾ ਹੈ ਅਤੇ ਉਨ੍ਹਾਂ ਦੀ ਸਭ ਤੋਂ ਵਧ ਪ੍ਰੌੜ ਰਚਨਾ ਹੈ। ਅੱਜ ਵੀ ਬਹੁਤੇ ਆਲੋਚਕ 'ਗੋਦਾਨ' ਨੂੰ ਹਿੰਦੀ ਦਾ ਹੁਣ ਤਕ ਦਾ ਮਹਾਨਤਮ ਨਾਵਲ ਮੰਨਦੇ ਹਨ ਅਤੇ 'ਮੈਲਾ ਆਂਚਲ' ਜਾਂ ਬਾਅਦ ਵਿਚ ਯਸ਼ਪਾਲ ਦੇ 'ਝੂਠਾ ਸੱਚ' ਦੇ ਇਲਾਵਾ ਹਿੰਦੀ ਦੇ ਹੋਰ ਕਿਸੇ ਨਾਵਲ ਦੇ ਬਾਰੇ ਇਹ ਦਾਅਵਾ ਨਹੀਂ ਕੀਤਾ ਗਿਆ ਕਿ ਉਹ 'ਗੋਦਾਨ' ਤੋਂ ਬਾਅਦ ਦਾ ਉਹੋ ਜਿਹਾ ਮਹਾਨ ਨਾਵਲ ਹੈ।

ਇਸ ਗੱਲ ਤੋਂ ਇਕ ਅਸਾਧਾਰਨ ਤੱਥ ਸਪੱਸ਼ਟ ਹੁੰਦਾ ਹੈ। ਉਹ ਤੱਥ ਇਹ ਹੈ ਕਿ 'ਗੋਦਾਨ' ਵਰਗੀ ਪ੍ਰੌੜ, ਯਥਾਰਥ ਭਰਪੂਰ ਰਚਨਾ ਦੇਣ ਲਈ ਪ੍ਰੇਮ ਚੰਦ ਨੂੰ ਤੀਹ ਵਰ੍ਹਿਆਂ ਦੀ ਲੰਮੀ ਸਾਹਿੱਤ-ਸਾਧਨਾਂ ਕਰਨੀ ਪਈ ਸੀ। ਉਨ੍ਹਾਂ ਦੇ ਪਹਿਲੇ ਨਾਵਲ ਅਤੇ 'ਗੋਦਾਨ' ਵਿਚ ਕਲਾਤਮ ਪ੍ਰੌੜਤਾ, ਅਨੁਭਵ ਦੀ ਵਿਆਪਕਤਾ ਅਤੇ ਗਹਿਰਾਈ ਵਿਚ ਧਰਤੀ ਆਕਾਸ਼ ਦਾ ਅੰਤਰ ਹੈ। ਦਰਅਸਲ 'ਗੋਦਾਨ' ਦੇ ਸੰਦਰਭ ਵਿਚ ਹੀ 'ਸੇਵਾਸਦਨ', 'ਪ੍ਰੇਮ ਆਸ਼ਰਮ' 'ਕਾਇਆ-ਕਲਪ', 'ਰੰਗ ਭੂਮੀ', 'ਗ਼ਬਨ' ਆਦਿ ਪ੍ਰੇਮ ਚੰਦ ਦੇ ਹੋਰ ਨਾਵਲਾਂ ਦਾ ਅੱਜ ਮੁੱਲ ਹੈ। ਉਨ੍ਹਾਂ ਵਿਚ ਦਿਸਦੀਆਂ ਅਨੇਕ ਖ਼ਾਮੀਆਂ ਨੂੰ ਜਿਵੇਂ ਆਮ ਤੌਰ ਤੇ ਸਜੀਵ ਚਰਿਤਰ-ਚਿਤਰਣ ਦੀ ਘਾਟ ਅਤੇ ਜੀਵਨ-ਵਾਸਤਵ ਤੇ ਯੂਟੋਪੀਅਨ ਸਰਲ-ਸਮਾਧਾਨ ਆਰੋਪਿਤ ਕਰਨ ਦੀ ਰੁਚੀ, ਜਿਸ ਨਾਲ ਯਥਾਰਥ ਅਤੇ ਕਲਾ ਦੋਵੇਂ ਖੰਡਿਤ ਹੁੰਦੇ ਹਨ, ਇਹ ਤਰਕ ਦੇ ਕੇ ਅਣਡਿਠ ਕਰਨਾ ਪੈਂਦਾ ਹੈ ਕਿ ਇਹ ਕਿਰਤਾਂ ਉਨ੍ਹਾਂ ਦੀ ਪ੍ਰਤਿਭਾ ਅਤੇ ਸਮਾਜਕ-ਚੇਤਨਾ ਦੇ ਸੱਚੇ ਸੁੱਚੇ ਵਿਕਾਸ ਦੀਆਂ ਸਾਖੀ ਹਨ। ਅਜਿਹੀ ਸਥਿਤੀ ਵਿਚ 'ਮੈਲਾ ਆਂਚਲ' ਨੂੰ 'ਗੋਦਾਨ' ਵਾਂਗ ਦੂਸਰਾ ਮਹਾਨ ਨਾਵਲ ਸਵੀਕਾਰ ਕਰਨ ਦਾ ਅਰਥ ਇਹ ਵੀ ਨਿਕਲਦਾ ਹੈ ਕਿ ਤੀਹ ਵਰ੍ਹੇ ਸਾਹਿਤ-ਸਾਧਨਾਂ ਕਰਨ ਤੋਂ ਬਾਅਦ ਪ੍ਰੇਮ ਚੰਦ ਕਲਾ ਦੇ ਜਿਸ ਸਿਖਰ ਤੇ

ਪੁਜੇ ਸਨ, 'ਰੇਣੂ' ਨੇ ਉਸ ਸਿਖਰ ਤੋਂ ਹੀ ਆਪਣੀ ਸਿਰਜਨਾ-ਯਾਤਰਾ ਦਾ ਆਰੰਭ ਕੀਤਾ, ਜਾਂ ਦੂਜੇ ਸ਼ਬਦਾਂ ਵਿਚ ਰੇਣੂ ਓਨੇ ਹੀ ਪਰੌੜ੍ਹ ਅਤੇ ਵਿਆਪਕ ਵਿਸ਼ਵ ਬੋਧ ਅਤੇ ਰਚਨਾਤਮਕ ਪ੍ਰਤਿਭਾ ਦਾ ਮੂਲਧਨ ਲੈ ਕੇ ਸਾਹਿਤ ਦੇ ਖੇਤਰ ਵਿਚ ਨਿੱਤਰੇ, ਜਿੰਨੇ ਗਹਿਰੇ ਤੇ ਵਿਆਪਕ ਵਿਸ਼ਵ ਬੋਧ ਅਤੇ ਪ੍ਰਤਿਭਾ ਦੀ ਉਪਲਬਧੀ ਲਈ ਪ੍ਰੇਮ ਚੰਦ ਨੂੰ ਤੀਹ ਵਰ੍ਹਿਆਂ ਤਕ ਰਚਨਾ-ਪ੍ਰਕ੍ਰਿਆ ਦੀਆਂ ਅਨੇਕ ਵਿੰਗੀਆਂ ਟੇਢੀਆਂ ਤੇ ਤੰਗ ਗਲੀਆਂ ਵਿਚ ਭਟਕਣਾ ਪਿਆ।

ਇਥੇ ਕੇਵਲ ਇਕ ਤੱਥ ਵਲ ਸੰਕੇਤ ਕੀਤਾ ਗਿਆ ਹੈ। ਇਹਨੂੰ ਮੁੱਲ ਅੰਕਣ ਨਹੀਂ ਸਮਝਣਾ ਚਾਹੀਦਾ। ਵਿਸ਼ਵ ਸਾਹਿਤ ਦੇ ਇਤਿਹਾਸ ਤੇ ਨਜ਼ਰ ਮਾਰੀਏ, ਤਾਂ ਅਕਸਰ ਇਹੋ ਕੁਝ ਹੀ ਵੇਖਣ ਨੂੰ ਮਿਲੇਗਾ। ਤਾਲਸਤਾਏ ਹੋਣ ਜਾਂ ਦੋਸਤੋਵਸਕੀ, ਡਿਕਨਜ਼ ਹੋਣ ਜਾਂ ਹਾਰਡੀ ਉਨ੍ਹਾਂ ਦੀਆਂ ਸ਼ੁਰੂ ਦੀਆਂ ਕਿਰਤਾਂ ਉਨ੍ਹਾਂ ਦੀ ਪ੍ਰੌੜਤਮ ਨਾਵਲੀ ਕਿਰਤਾਂ ਦੇ ਮੁਕਾਬਲੇ ਵਿਚ, ਜਿਨ੍ਹਾਂ ਦੇ ਕਾਰਣ ਉਨ੍ਹਾਂ ਦੀ ਵਿਸ਼ਵ ਵਿਆਪੀ ਮਹੱਤਾ ਹੈ, ਨਿਸਬਤਨ ਕਮਜ਼ੋਰ ਰਚਨਾਵਾਂ ਸਨ। ਇਹ ਠੀਕ ਹੈ ਕਿ ਉਨ੍ਹਾਂ ਵਿਚ ਕਲਾ ਦੀ ਸਿਥਿਲਤਾ, ਯਥਾਰਥ ਚੇਤਨਾ ਦੀ ਘਾਟ, ਨੀਰਸ ਪ੍ਰਕਿਰਤੀ-ਚਿਤਰਣ ਵਿਅਕਤਿਤਵ ਹੀਨ ਪਾਤਰਾਂ ਦਾ ਜੰਮਘਟਾ ਅਤੇ ਘਟਨਾ-ਪਰਵਾਹ ਤੇ ਆਪਣੇ ਆਦਰਸ਼ਵਾਦੀ ਸਰਲ-ਸਮਾਧਾਨਾਂ ਨੂੰ ਜ਼ਬਰਦਸਤੀ ਲਾਗੂ ਕਰਨ ਦੀ ਪ੍ਰਕਿਰਤੀ ਨਹੀਂ ਲਭਦੀ, ਅਤੇ ਉਨ੍ਹਾਂ ਦੀਆ ਸ਼ੁਰੂ ਦੀਆਂ ਰਚਨਾਵਾਂ ਵੀ ਆਪਣੇ ਆਪ ਵਿਚ ਸੁਤੰਤਰ ਤੇ ਅਖੰਡਿਤ ਕਲਾ ਕਿਰਤਾਂ ਦੀ ਹੈਸੀਅਤ ਰਖਦੀਆਂ ਹਨ, ਪਰ ਉਨ੍ਹਾਂ ਦਾ ਕੈਨਵਸ ਛੋਟਾ ਹੈ ਅਤੇ ਉਸ ਵਿਚ ਉਨੇ ਵਿਆਪਕ ਜੀਵਨ ਦਾ ਚਿਤਰਣ ਨਹੀਂ ਹੈ, ਜਿੰਨਾਂ ਉਨ੍ਹਾਂ ਤੋਂ ਪਰਵਰਤੀ ਮਹਾਨ ਕਿਰਤਾਂ ਵਿਚ।

ਪਰ ਵਿਸ਼ਵ ਸਾਹਿੱਤ ਵਿਚ ਇਹਦੇ ਕੁਝ ਅਪਵਾਦ ਵੀ ਹਨ, ਜਿਵੇਂ 'ਡਾਨ ਕਵਿਕਜ਼ੋਟ' ਦੇ ਲੇਖਕ ਸਰ ਵਾਂਤੇ ਜਾਂ 'ਤੇ ਡਾਨ ਵਹਿੰਦਾ ਰਿਹਾ' ਤੇ ਰੂਸੀ ਲੇਖਕ ਸ਼ੋਲੋਖੋਵ, ਜਿੰਨਾ ਦੀਆਂ ਪਹਿਲੀਆਂ ਰਚਨਾਵਾਂ ਹੀ ਵਿਸ਼ਵ ਸਾਹਿੱਤ ਦਾ ਸ਼ਾਹਪਾਰਾ ਬਣ ਗਈਆਂ ਅਤੇ ਜਿਨ੍ਹਾਂ ਦੇ ਮੁਕਾਬਲੇ ਦਾ ਦੂਸਰਾ ਕੋਈ ਨਾਵਲ ਸਰ ਵਾਂਤੇ ਜਾਂ ਸ਼ੋਲੋਖੋਵ ਫੇਰ ਨਹੀਂ ਰਚ ਸਕੇ। ਵਿਸ਼ਵ ਸਾਹਿੱਤ ਦੇ ਤਾਂ ਨਹੀਂ, ਹਿੰਦੀ ਦੇ ਸੀਮਤ ਸੰਦਰਭ ਵਿਚ 'ਅਗੇਯ' ਦਾ ਨਾਂ ਵੀ ਲਿਆ ਜਾ ਸਕਦਾ ਹੈ, ਜਿਹੜੇ ਆਪਣੇ ਅਗਲੇ ਨਾਵਲਾਂ ਵਿਚ 'ਸ਼ੇਖਰ ਏਕ ਜੀਵਨੀ' ਤਕ ਨਹੀਂ ਪਹੁੰਚ ਸਕੇ। ਹੋਰ ਭਾਵੇਂ ਯਸ਼ਪਾਲ ਹੋਣ ਜਾਂ ਅੰਮ੍ਰਿਤਪਾਲ ਨਾਗਰ, ਉਪੇਂਦਰ ਨਾਥ 'ਅਸ਼ਕ' ਹੋਣ ਜਾਂ ਨਾਗ ਅਰਜੁਣ, ਸਾਰਿਆਂ ਦੀ ਰਚਨਾਤਮਕ ਪ੍ਰਤਿਭਾ ਨੂੰ ਵਿਕਾਸ ਦੀਆਂ ਅਨੇਕ ਮੰਜ਼ਿਲਾਂ ਵਿਚੋਂ ਗੁਜ਼ਰਨਾ ਪਿਆ ਹੈ।

'ਮੈਲਾ ਆਂਚਲ' ਇਸ ਸਾਧਾਰਨ ਨਿਯਮ ਨੂੰ ਤੋੜਨ ਵਾਲਾ ਏਨਾਂ ਬਲਵਾਨ ਅਪਵਾਦ ਸੀ ਕਿ ਆਲੋਚਕਾਂ ਨੂੰ ਸ਼ੱਕ ਹੋਣ ਲਗਾ ਕਿ ਉਹਦੇ ਰਾਹੀਂ ਰੇਣੂ ਨੇ ਆਪਣੇ ਲਈ ਏਨਾਂ

ਉੱਚਾ ਮਾਪਦੰਡ ਕਾਇਮ ਕਰ ਲਿਆ ਹੈ ਕਿ ਉਹਨੂੰ ਦੁਹਰਾਉਣਾ ਅਸੰਭਵ ਨਹੀਂ ਤਾਂ ਕਠਨ ਜ਼ਰੂਰ ਹੋ ਜਾਵੇਗਾ ਅਤੇ ਸ਼ਾਇਦ ਰੇਣੂ ਦਾ ਵੀ ਉਹੋ ਹੀ ਹਸ਼ਰ ਹੋਵੇ ਜਿਹੜਾ ਸਰ ਵਾਂਤੋ ਜਾਂ ਸ਼ੋਲੋਖੋਵ ਦਾ ਹੋਇਆ ਸੀ ਅਤੇ ਉਨ੍ਹਾਂ ਦੀ ਏਨੇ ਉੱਚੇ ਸਿਖਰ ਤੋਂ ਅਰੰਭ ਦੀ ਸਿਰਜਣਾ-ਯਾਤਰਾ ਹੋਰ ਉੱਚੇ ਸਿਖਰਾਂ ਨੂੰ ਨਾਪਣ ਦੀ ਬਜਾਏ ਕਿਤੇ ਉਨ੍ਹਾਂ ਤੋਂ ਥੱਲੇ ਉਤਰਣ ਦੀ ਯਾਤਰਾ ਨਾ ਬਣ ਜਾਵੇ। ਚੰਗੇ ਭਾਗਾਂ ਨਾਲ ਦੋ ਵਰ੍ਹਿਆਂ ਬਾਅਦ ਹੀ ਰੇਣੂ ਦਾ ਦੂਸਰਾ ਨਾਵਲ 'ਪਰਤੀ ਪਰਿਕਥਾ' ਪ੍ਰਕਾਸ਼ਿਤ ਹੋਇਆ ਜਿਸ ਨੇ ਇਸ ਸ਼ੰਕੇ ਨੂੰ ਨਿਰਾਧਾਰ ਸਿੱਧ ਕਰ ਦਿਤਾ।

ਇਹ ਮੰਨ ਕੇ ਵੀ ਕਿ 'ਗੋਦਾਨ' ਅਤੇ 'ਮੈਲਾ ਆਂਚਲ' ਦੋਵੇਂ ਸਪਸ਼ਟੀ ਮੂਲਕ ਨਾਵਲ ਹਨ, ਨਲਿਨ ਵਿਲੋਚਨ ਸ਼ਰਮਾਂ ਨੇ ਆਪ ਹੀ ਇਕ ਵਿਚਿੱਤਰ ਤਰਕ ਪੇਸ਼ ਕੀਤਾ ਕਿ 'ਗੋਦਾਨ' ਦਾ ਮੁਖ ਪਾਤਰ 'ਸਮੱਗਰ ਭਾਰਤੀ ਜੀਵਨ' ਹੈ ਜਦੋਂ ਕਿ 'ਮੈਲਾ ਆਂਚਲ' ਦਾ ਮੁਖ ਪਾਤਰ 'ਬਿਹਾਰ ਦਾ ਇਕ ਛੋਟਾ ਜਿਹਾ ਅੰਚਲ' ਹੈ। ਉਨ੍ਹਾਂ ਦਾ ਹੀ ਦੂਸਰਾ ਤਰਕ ਹੈ ਕਿ ਗੋਦਾਨ ਦਾ ਸਥਾਪਤਿਆ 'ਮਹਾਂ ਕਾਵਿ ਉਚਿਤ' ਹੈ। ਜਦੋਂ ਕਿ 'ਮੈਲਾ ਆਂਚਲ' ਇਕ ਸੁਸੰਬਦ ਸਥਾਪਤੀ ਦਾ ਨਾਵਲ ਹੈ। 'ਮੈਲਾ ਆਂਚਲ' ਦਾ ਮੁੱਲਾਂਕਣ ਕਰਨ ਲਈ ਹੀ ਇਨ੍ਹਾਂ ਤਰਕਾਂ ਨੂੰ ਘੜਿਆ ਗਿਆ ਹੈ। ਜਿਹੜੇ ਕਿ ਤੱਥਾਂ ਤੇ ਆਧਾਰਿਤ ਨਹੀਂ ਹਨ ਅਤੇ ਜੇਕਰ ਹੁੰਦੇ ਵੀ ਤਾਂ ਉਨ੍ਹਾਂ ਮੁੱਲਾਂਕਣਾਂ ਦੀ ਕਸੌਟੀ ਨਹੀਂ ਬਣ ਇਆ ਜਾ ਸਕਦਾ। ਅਵਧ ਦੇ ਕਿਸੇ ਬਲਾਰੀ ਅਤੇ ਸੇਆਰੀ ਨਾਂ ਦੇ ਪਿੰਡਾਂ ਦੀ ਕਹਾਣੀ ਜਿਥੋਂ ਦੇ ਹੋਰੀ ਅਤੇ ਉਹਦੇ ਜਿਮੀਂਦਾਰ ਰਾਇ ਅਮਰਪਾਲ ਸਿੰਘ 'ਗੋਦਾਨ' ਦੇ ਪ੍ਰਮੁਖ ਪਾਤਰ ਹਨ, ਜੇ 'ਸਮੁਚੇ ਭਾਰਤੀ ਜੀਵਨ' ਦੀ ਕਹਾਣੀ ਹੋ ਸਕਦੀ ਹੈ ਤਾਂ ਮਿਥਿਲਾ ਦੇ 'ਮੇਰੀਗੰਜ' ਪਿੰਡ ਦੀ ਕਹਾਣੀ 'ਸਮੁਚੇ ਭਾਰਤੀ ਜੀਵਨ' ਦਾ ਪ੍ਰਤੀਕ ਕਿਉਂ ਨਹੀਂ ਬਣ ਸਕਦੀ। ਜੋ ਉਸ ਵਿਚ ਵੀ ਇਕ ਸੋਧ ਪ੍ਰਬੰਧਕਾਰ ਡਾਕਟਰ ਗਣੇਸ਼ਣ ਦੇ ਸ਼ਬਦਾਂ ਵਿਚ 'ਸਮਾਜਿਕ ਜੀਵਨ ਨੂੰ ਉਹਦੀ ਪੂਰਣਤਾ ਵਿਚ ਦੇਖਿਆ ਗਿਆ ਹੈ।' ਜਾਂ ਕਿ, ਰੇਣੂ ਦੇ ਇਹ ਨਾਵਲ (ਪ੍ਰਸਤੁਤ ਮੈਲਾ ਆਂਚਲ ਅਤੇ ਪਰਤੀ ਪਰੀਕਥਾ) ਨਾਵਲ ਨਹੀਂ ਹਨ ਜੀਵਨ ਹੀ ਹਨ।" ਇਹਦੇ ਇਲਾਵਾ ਸਮੁਚੇ ਭਾਰਤੀ ਜੀਵਨ ਨੂੰ ਪ੍ਰਤੀਬਿੰਬਤ ਕਰਨ ਨੂੰ ਕੋਈ ਨਾ ਕੋਈ ਛੋਟਾ ਜਿਹਾ ਆਂਚਲ ਹੀ ਕਥਾ ਖੇਤਰ ਦੇ ਰੂਪ ਵਿਚ ਚੁਣਨਾ ਪਵੇਗਾ, ਭਾਵੇਂ ਉਹ ਕਲਕੱਤਾ, ਬੰਬਈ ਵਰਗੇ ਮਹਾਂ ਨਗਰਾਂ ਦਾ ਕੋਈ ਮੁਹੱਲਾ ਹੋਵੇ, ਜਾਂ ਅਵਧ ਬਿਹਾਰ, ਪੰਜਾਬ ਜਾਂ ਕੇਰਲ ਦਾ ਕੋਈ ਪਿੰਡ।

ਨਾਵਲ ਦਾ ਨਾਂ ਹੈ। 'ਮੈਲਾ ਆਂਚਲ'। ਰੇਣੂ ਨੇ ਆਪਣੀ ਸੰਖੇਪ ਭੂਮਿਕਾ ਦੇ ਆਰੰਭ ਵਿਚ ਹੀ ਕਿਹਾ ਕਿ "ਇਹ ਹੈ ਮੈਲਾ ਆਂਚਲ, ਇਕ ਆਂਚਲਿਕ ਨਾਵਲ" ਇਹਦੇ ਵਿਚੋਂ ਆਂਚਲਿਕ ਨਾਵਲ ਪਦ ਦੀ ਆਲੋਚਕਾਂ ਨੇ ਆਪਣੀਆਂ ਵਿਆਖਿਆਵਾਂ ਵਿਚ ਖ਼ੂਬ ਛਿਲ-ਤਲਾਸ਼ ਕੀਤੀ ਹੈ ਅਤੇ ਨਵੀਂ ਪੀੜ੍ਹੀ ਦੇ ਕਥਾਕਾਰਾਂ ਨੂੰ ਤਾਂ ਜਿਵੇਂ ਆਪਣੇ ਤੰਗ ਅਤੇ

ਸੀਮਤ ਮਧਵਰਗੀ ਅਨੁਭਵਾਂ ਅਤੇ ਕਮਜ਼ੋਰੀਆਂ ਤੇ 'ਆਧੁਨਿਕਤਾ' ਦਾ ਲੇਬਲ ਲਾਉਣ ਦਾ ਮੌਕਾ ਮਿਲ ਗਿਆ ਹੈ। ਆਂਚਲਿਕ ਨਾਵਲ ਕਹਿ ਕੇ ਜਿਵੇਂ ਰੇਣੂ ਨੇ 'ਮੈਲਾ ਆਂਚਲ' ਦੀ ਲਘੁਤਾ ਨੂੰ ਆਪ ਹੀ ਪ੍ਰੀਭਾਸ਼ਿਤ ਕਰ ਦਿਤਾ ਹੋਵੇ, ਅਤੇ ਇਸ ਗੱਲ ਨੂੰ ਲੈ ਕੇ ਨਵੇਂ ਕਥਾਕਾਰਾਂ ਨੇ ਗਰਾਮ ਕਥਾ ਅਤੇ ਨਗਰ ਕਥਾ ਦਾ ਵਿਵਾਦ ਇਸ ਅੰਦਾਜ਼ ਵਿਚ ਚੁਕਿਆ ਕਿ ਜਿਵੇਂ ਕਿ ਤੇਜ਼ੀ ਨਾਲ ਨਗਰੀਕਰਣ ਹੋ ਰਿਹਾ ਹੈ, ਇਸ ਲਈ ਆਧੁਨਿਕ ਮਾਨਵ ਦੇ ਜੀਵਨ ਉਹਦੇ ਬੇਲਗਾਓ, ਭੈਅ ਤਰਸ ਅਤੇ ਕੁੰਠਾਵਾਂ ਦਾ ਪ੍ਰਤੀਬਿੰਬਨ ਨਗਰ ਕਥਾ ਦੇ ਮਾਧਿਅਮ ਨਾਲ ਹੀ ਹੋ ਸਕਦਾ ਹੈ, ਅਰਥਾਤ ਸ਼ਹਿਰੀ ਮਧਵਰਗ ਦੇ ਅਨੁਭਵ ਅਤੇ ਜੀਵਨ ਨੂੰ ਰੂਪਮਾਨ ਕਰਕੇ ਹੀ ਪਿੰਡਾਂ ਦੀ ਜ਼ਿੰਦਗੀ ਆਂਚਲਿਕ ਹੈ, ਖੂਹ ਦੇ ਡੱਡੂ ਵਾਂਗ ਅਤੇ ਪਰਿਵਰਤਨਹੀਨ ਅਤੇ ਸਮੇਂ ਤੋਂ ਪੱਛੜੀ ਹੋਈ, ਇਸ ਲਈ ਯੁਗ ਦੀ ਚੇਤਨਾ ਦਾ ਪ੍ਰਤਿਨਿੱਧੀਤਵ ਨਹੀਂ ਕਰਦੀ। ਇਸ ਤਰ੍ਹਾਂ ਦੇ ਤਰਕਵਾਦ ਦੀ ਧੁਨੀ ਸਪੱਸ਼ਟ ਸੀ — 'ਆਂਚਲਿਕ ਨਾਵਲ' ਸਚੇ ਅਰਥਾਂ ਦਾ ਆਧੁਨਿਕ ਨਹੀਂ ਹੈ। ਜਾਂ ਕਿ ਉਹਦੀ ਵਿਸ਼ੇ ਵਸਤੂ 'ਆਧੁਨਿਕ ਜੀਵਨ ਨੂੰ ਪ੍ਰਤੀਬਿੰਬਤ ਨਹੀਂ ਕਰਦੀ। ਆਂਚਲਿਕ ਯਾਨੀ ਗ੍ਰਾਮ ਕਥਾ ਨਾਵਲ ਦੇ ਵਿਕਾਸ ਦਾ ਅਗਲਾ ਕਦਮ ਨਹੀਂ ਸਗੋਂ ਪਿਛੇ ਵਲ ਲੈ ਜਾਣ ਵਾਲਾ ਕਦਮ ਹੈ। ਅਸਲ ਵਿਚ ਰੇਣੂ ਨੇ ਮੈਲਾ ਆਂਚਲ ਦਾ ਸਿਰਲੇਖ 'ਸੁਮਤਿਰਾ ਨੰਦਨ ਪੰਤ' ਦੀ 'ਭਾਰਤ ਮਾਤਾ' ਕਵਿਤਾ ਤੋਂ ਲਿਆ ਹੈ, ਜਿਸ ਵਿਚ 'ਭਾਰਤ ਮਾਤਾ' ਨੂੰ 'ਗ੍ਰਾਮ-ਵਾਸਿਨੀ' ਕਿਹਾ ਗਿਆ ਹੈ। ਜਿਸ ਦਾ "ਖੇਤੋਂ ਮੇਂ ਫੈਲਾ ਹੈ ਸ਼ਿਆਮਲ, ਧੂਲ ਭਰਾ ਮੈਲਾ ਸਾ ਆਂਚਲ।" ਇਹ ਆਂਚਲ ਸਾਰੇ ਦੇਸ਼ ਦਾ ਪ੍ਰਤੀਕ ਹੈ, ਕਿਸੇ ਛੋਟੇ ਜਿਹੇ ਆਂਚਲ ਦਾ ਨਹੀਂ। ਰੇਣੂ ਨੇ ਆਪਣੀ ਭੂਮਿਕਾ ਵਿਚ ਆਪ ਕਿਹਾ ਹੈ ਕਿ ਉਨ੍ਹਾਂ ਨੇ ਇਕ ਛੋਟੇ ਜਿਹੇ ਪਿੰਡ ਨੂੰ "ਪਛੜੇ ਹੋਏ ਪਿੰਡਾਂ ਦਾ ਪ੍ਰਤੀਕ ਮੰਨ ਕੇ — ਇਸ ਕਿਤਾਬ ਦਾ ਕਥਾ ਖੇਤਰ ਚੁਣਿਆ ਹੈ।" ਕਿਉਂਕਿ ਭਾਰਤ ਦੇ ਸਾਰੇ ਪਿੰਡ ਅੱਜ ਵੀ ਪਛੜੇ ਹੋਏ ਹਨ, ਖ਼ੁਦ ਭਾਰਤ ਸਮੁਚੇ ਰੂਪ ਵਿਚ ਇਕ ਪਛੜਿਆ ਹੋਇਆ ਦੇਸ਼ ਹੈ, ਇਸ ਲਈ ਸਹੀ ਤੌਰ ਤੇ 'ਮੈਲਾ-ਆਂਚਲ' ਦਾ ਮੁਖ ਪਾਤਰ 'ਸਮੁਚਾ ਭਾਰਤੀ ਜੀਵਨ' ਹੈ, ਗੋਦਾਨ ਵਾਂਗ ਹੀ।

ਆਲੋਚਕਾਂ ਨੇ 'ਮੈਲਾ ਆਂਚਲ' ਅਤੇ 'ਪਰਤੀ ਪਰੀਕਥਾ' ਦੀ ਭਾਸ਼ਾ ਤੇ ਵੀ ਡੂੰਘੇ ਇਤਰਾਜ਼ ਕੀਤੇ ਹਨ। 'ਨਲਿਨ ਵਿਲੋਚਨ ਸ਼ਰਮਾ ਦੀ ਨਿਰਪੱਖ ਦ੍ਰਿਸ਼ਟੀ ਵਿਚ 'ਮੈਲਾ ਆਂਚਲ ਦੀ ਭਾਸ਼ਾ ਨਾਲ ਹਿੰਦੀ ਸਮਰਿੱਧ ਹੋਈ ਹੈ। ਰੇਣੂ ਨੇ ਨਿਪੁੰਨਤਾ ਨਾਲ ਇਸ ਤਰ੍ਹਾਂ ਦੀ ਸ਼ੈਲੀ ਦਾ ਪ੍ਰਯੋਗ ਕੀਤਾ ਹੈ, ਜਿਸ ਵਿਚ 'ਆਂਚਲਿਕ ਭਾ ਸ਼ਾ ਤੱਤ' 'ਪਰਿਨਿਸ਼ਚਿਤ ਭਾਸ਼ਾ' ਵਿਚ ਘੁਲਮਿਲ ਜਾਂਦੇ ਹਨ। "ਇਨ੍ਹਾਂ ਵਿਸ਼ਿਸ਼ਟ ਪੱਦਾਂ ਵਿਚ ਆਈਆਂ ਮਾਣਤਾਵਾਂ ਭਾਵੇਂ ਸਰਾਸਰ ਅਵਿਗਿਆਨਕ ਕਿਉਂ ਨਾ ਹੋਣ, ਪਰ ਰੇਣੂ ਦੀ ਭਾਸ਼ਾ ਦਾ ਉਨ੍ਹਾਂ ਨੇ ਸੁਆਗਤ ਕੀਤਾ ਹੈ, ਇਹਦੇ ਵਿਚ ਸੰਦੇਹ ਨਹੀਂ। ਰੇਣੂ ਦੀ ਭਾਸ਼ਾ

ਵਿਚ ਮੈਥਿਲੀ ਦੇ ਸ਼ਬਦਾਂ ਅਤੇ ਉਨ੍ਹਾਂ ਮੁਤਾਬਕ 'ਧੁਨੀ ਲੇਖਨ' ਦੀ ਭਰਮਾਰ ਹੈ। ਪਰ ਰਚਨਾਂ ਦੀ ਅਰਥਵਤਾ ਨੂੰ ਗ੍ਰਹਿਣ ਕਰਨ ਵਿਚ ਰੁਕਾਵਟ ਨਹੀਂ ਸਹਾਇਕ ਹੈ। ਕਿਉਂਕਿ ਉਹਦੇ ਬਿਨਾਂ ਰੇਣੂ ਦੇ 'ਆਂਚਲ' ਦੀ ਤਸਵੀਰ ਸਪੱਸ਼ਟ ਨਹੀਂ ਹੁੰਦੀ। ਅਨੁਵਾਦ ਵਿਚ ਇਸ ਸ਼ਿਲਪ ਨੂੰ ਉਤਾਰਨਾ ਔਖਾ ਭਾਵੇਂ ਹੋਵੇ, ਅਸੰਭਵ ਨਹੀਂ ਹੈ। ਉਪੇਂਦਰ ਨਾਥ 'ਅਸ਼ਕ' ਨੂੰ ਮੈਲਾ ਆਂਚਲ' ਨੂੰ ਮਾਨਣ ਵਿਚ ਕਠਿਨਾਈ ਮਹਿਸੂਸ ਹੋਈ, ਕਿਉਂਕਿ ਇਕ ਤਾਂ ਉਹਦੀ ਸ਼ੈਲੀ ਬਿਲਕੁਲ ਨਵੀਂ ਹੈ। ਦੂਜਾ ਉਹਦੇ 'ਚ ਸਥਾਨਕ ਸ਼ਬਦਾਂ ਦੀ ਭਰਮਾਰ ਹੈ। ਅਸਲ ਵਿਚ ਉਨ੍ਹਾਂ ਦੀ ਸ਼ਿਕਾਇਤ ਰੇਣੂ ਦੇ ਨਾਵਲਾਂ ਵਿਚ ਸਥਾਨਕ ਸ਼ਬਦਾਂ ਦੀ ਭਰਮਾਰ ਨਾਲ ਹੈ। 'ਅਸ਼ਕ' ਨੇ ਇਨ੍ਹਾਂ ਸ਼ਬਦਾਂ ਨੂੰ 'ਪੇਂਡੂ' ਕਿਹਾ ਹੈ, ਅਰਥਾਤ "ਉਹ ਸਾਰੇ ਸ਼ਹਿਰੀ ਸ਼ਬਦ ਜਿਹੜੇ ਪਿੰਡ ਵਿਚ ਜਾ ਕੇ ਵਿਗੜ ਜਾਂਦੇ ਹਨ।" ਹੋਰ ਨਾਵਲਕਾਰਾਂ ਅਤੇ ਸੋਧਕਰਤਿਆਂ ਨੇ ਉਨ੍ਹਾਂ ਨੂੰ ਸਥਾਨਕ ਕਿਹਾ ਹੈ। ਸਟਾਇਨ ਬੇਕ ਦੇ ਨਾਵਲ 'ਗਰੇਪਸ ਆਫ਼ ਰਾਥ' ਵਿਚ ਦਿਹਾਤੀ ਸ਼ਬਦਾਂ ਦੀ ਭਰਮਾਰ ਦੇ ਬਾਵਜੂਦ ਇਨ੍ਹਾਂ ਲੋਕਾਂ ਨੇ 'ਮਾਣ ਸਕਣ' ਦੀ ਸ਼ਿਕਾਇਤ ਨਹੀਂ ਕੀਤੀ। ਇਸ ਲਈ ਇਹ ਤਰਕ 'ਮੈਲਾ ਆਂਚਲ' ਅਤੇ 'ਮੈਥਿਲੀ ਭਾਸ਼ਾ ਦੀ ਮਹੱਤਾ' ਦਾ ਮੁੱਲਾਂਕਣ ਨਹੀਂ ਕਰ ਸਕਦਾ। ਜੇਲ ਲਈ 'ਜੇਹਲ' ਨੌਜਵਾਨ ਲਈ 'ਲੌਜਵਾਨ' ਵਾਲਿੰਟਿਅਰੀ ਲਈ 'ਭੋਲਿਟਰੀ' ਜਿਓਤਸ਼ੀ ਲਈ 'ਜੋਤਖੀ' ਡਿਸਟ੍ਰਿਕ ਬੋਰਡ ਲਈ 'ਡਿਸਟੀ ਬੋਟ' ਆਦਿ ਅੰਗਰੇਜ਼ੀ ਸੰਸਕ੍ਰਿਤ ਅਤੇ ਫ਼ਾਰਸੀ ਦੇ ਅਨੇਕ ਸ਼ਬਦ ਜਿਨ੍ਹਾਂ ਦਾ ਪ੍ਰਯੋਗ ਰੇਣੂ ਨੇ ਕੀਤਾ ਹੈ, ਪੇਂਡੂ ਸ਼ਬਦ ਨਹੀਂ ਹਨ, ਬਲਕਿ ਹੋਰ ਭਾਸ਼ਾਵਾਂ ਤੋਂ ਲਏ ਗਏ ਹੁਣ ਸ਼ੁਧ ਮੈਥਿਲੀ ਭਾਸ਼ਾ ਦੇ ਸ਼ਬਦ ਹਨ, ਕਿਉਂਕਿ ਮੈਥਿਲੀ ਬੋਲਣ ਵਾਲਿਆਂ ਦੇ ਕੰਠ ਵਿਚ ਢਲ ਕੇ ਉਨ੍ਹਾਂ ਦੇ ਰੂਪ ਮੈਥਿਲੀ ਹੋ ਗਏ ਹਨ, ਉਸੇ ਤਰ੍ਹਾਂ ਜਿਵੇਂ ਲੈਟਿਨ ਦਾ 'ਕਾਰਪੋਰਿਅਰ' ਜਾਂ ਗ੍ਰੀਕ ਦਾ 'ਕੁਪਟੀਕੋਸ' ਅੰਗਰੇਜ਼ਾਂ ਦੇ ਕੰਠ ਵਿਚ 'ਕਾਰਪੋਰੇਟ' ਅਤੇ 'ਕ੍ਰਿਪਟਿਕ' ਬਣ ਗਏ ਹਨ। ਪਰ ਇਸ ਭਾਸ਼ਾ ਵਿਵਾਦ ਨਾਲ 'ਮੈਲਾ ਆਂਚਲ' ਦੀ ਸਰਵਭੌਮਿਕ ਮਹੱਤਾ ਤੇ ਕੋਈ ਆਂਚ ਨਹੀਂ ਆਉਂਦੀ। ਉਦਾਹਰਣ ਲਈ ਰੂਸੀ ਭਾਸ਼ਾ ਵਿਚ ਅਨੁਵਾਦਿਤ 'ਮੈਲਾ ਆਂਚਲ' ਦਾ ਪਹਿਲਾ ਸੱਤਰ ਹਜ਼ਾਰ ਕਾਪੀਆਂ ਦਾ ਸੰਸਕਰਣ ਇਕ ਹਫ਼ਤੇ ਵਿਚ ਹੀ ਸਮਾਪਤ ਹੋ ਗਿਆ ਅਤੇ ਅਨਗਿਣਤ ਪਾਠਕਾਂ ਤੇ ਅਨੇਕ ਆਲੋਚਕਾਂ ਨੇ ਉਹਦੀ ਭਰਪੂਰ ਪ੍ਰਸ਼ੰਸਾ ਕੀਤੀ। ਅਸਲ ਵਿਚ 'ਮੈਲਾ ਆਂਚਲ' ਆਜ਼ਾਦੀ ਤੋਂ ਬਾਅਦ ਦੇ ਭਾਰਤੀ ਜੀਵਨ ਦਾ ਸਭ ਤੋਂ ਕਲਾਤਮਕ ਅਤੇ ਯਥਾਰਥਵਾਦੀ ਮਹਾਂਕਾਵਿ ਹੈ।

ਅੰਤ ਵਿਚ 'ਮੈਲਾ ਆਂਚਲ' ਬਾਰੇ ਕੇਵਲ ਕੁਛ ਹੀ ਸ਼ਬਦ ਮੇਰੇ ਵਿਚਾਰ ਵਿਚ ਕਾਫ਼ੀ ਹਨ। ਕਿਉਂਕਿ ਹਰ ਭਾਰਤੀ ਭਾਸ਼ਾ ਦੇ ਸੂਝਵਾਨ ਪਾਠਕ ਆਪ ਹੀ ਪੜ੍ਹ ਕੇ ਸਿੱਧੇ ਤੌਰ ਤੇ ਇਹਦੀ ਕਹਾਣੀ, ਇਹਦੇ ਹੱਡ-ਮਾਸ ਦੇ ਸਜੀਵ ਪਾਤਰ ਅਤੇ ਉਨ੍ਹਾਂ ਦੇ ਦੁਖ-ਦਰਦ

ਵਿਚ ਗੂੰਜਣ ਵਾਲੇ ਸਮੁੱਚੇ ਭਾਰਤੀ ਲੋਕਾਂ ਦੀ ਵਿਥਿਆ ਅਤੇ ਇਸ ਦੀ ਸੂਖਮ ਸੰਵੇਦਨਾਤਮਕ ਭਾਸ਼ਾ ਅਤੇ ਕਲਾ ਦਾ ਦਰਸ਼ਨ ਕਰਨਾ ਪਸੰਦ ਕਰਨਗੇ। ਇਸ ਲਈ ਮੈਂ ਇਨ੍ਹਾਂ ਦਾ ਵਰਣਨ ਵਿਵੇਚਨ ਕਰਕੇ ਕਿਰਤ ਅਤੇ ਪਾਠਕਾਂ ਦੇ ਵਿਚ ਨਹੀਂ ਆਉਣਾ ਚਾਹੁੰਦਾ। ਕੇਵਲ ਇਕ ਦੋ ਸਾਧਾਰਨ ਤੱਥਾਂ ਵਲ ਸੰਕੇਤ ਕਰ ਦੇਣਾ ਜ਼ਰੂਰੀ ਸਮਝਦਾ ਹਾਂ।

1936 ਵਿਚ ਪ੍ਰਕਾਸ਼ਿਤ 'ਗੋਦਾਨ' ਵਿਚ ਜੇਕਰ ਆਜ਼ਾਦੀ ਤੋਂ ਪਹਿਲਾਂ ਦੇ ਭਾਰਤ, ਗ਼ਰੀਬ ਤੇ ਅਮੀਰ ਕਿਸਾਨ ਅਤੇ ਜ਼ਿਮੀਂਦਾਰ ਦੇ ਆਪਸੀ ਸਬੰਧਾਂ ਦਾ ਯਥਾਰਥ ਚਿੱਤਰ ਪੇਸ਼ ਕੀਤਾ ਗਿਆ ਹੈ ਤਾਂ 1954 ਵਿਚ ਪ੍ਰਕਾਸ਼ਿਤ 'ਮੈਲਾ ਆਂਚਲ' ਵਿਚ ਆਜ਼ਾਦੀ ਤੋਂ ਪਿਛੋਂ ਦਾ। ਇਨ੍ਹਾਂ ਦੋਵਾਂ ਚਿਤਰਾਂ ਵਿਚ ਕਾਫ਼ੀ ਅੰਤਰ ਹੈ। 'ਗੋਦਾਨ' ਵਿਚ ਨਿਸਬਤਨ ਇਕ ਸਥਿਰ ਸਮਾਜ ਦਾ ਚਿੱਤਰ ਹੈ, ਜਿਸ ਵਿਚ ਜਾਤ ਪਾਤ ਦੀ ਵੰਡ ਵਾਂਗ ਹਰ ਵਰਗ ਦੀ ਸਥਿਤੀ ਪਹਿਲਾਂ ਤੋਂ ਹੀ ਸਪੱਸ਼ਟ ਹੈ ਅਤੇ ਉਸ ਸਥਿਤੀ ਦੇ ਉਲਟ ਚਲਣਾ ਸੰਭਵ ਨਹੀਂ ਦਿਸਦਾ। 'ਮੈਲਾ ਆਂਚਲ' ਵਿਚ ਕਿਸਾਨ ਹੀ ਨਹੀਂ, ਛੋਟੀ ਅਤੇ ਨੀਚ ਕਹੀਆਂ ਜਾਣ ਵਾਲੀਆਂ ਜਾਤਾਂ ਅਤੇ ਆਦਿ ਵਾਸੀਆਂ ਵਿਚ ਵੀ ਉੱਪਰ ਉਠਣ ਦੀ ਵਰਗ ਅਤੇ ਜਾਤ, ਦੋਵਾਂ ਦ੍ਰਿਸ਼ਟੀਆਂ ਤੋਂ ਇਕ ਜ਼ਬਰਦਸਤ ਹਲਚਲ ਦਿਖਾਈ ਦਿੰਦੀ ਹੈ, ਪਰ ਪੁਰਾਣੀ ਜ਼ਾਤ ਪਾਤ ਅਤੇ ਵਰਗ ਵਿਵਸਥਾ ਦਾ ਸ਼ਿਕੰਜਾ ਏਨਾ ਮਜ਼ਬੂਤ ਹੈ ਕਿ ਹਰ ਵਾਰ ਸਿਰ ਚੁਕਦਿਆਂ ਹੀ ਸ਼ੋਸ਼ਕ ਵਰਗ ਅਤੇ ਉੱਚੀਆਂ ਜ਼ਾਤਾਂ ਦੇ ਝੂਠ-ਫ਼ਰੇਬ, ਪੈਸੇ ਅਤੇ ਪੱਖਪਾਤ ਅਗੇ ਉਨ੍ਹਾਂ ਨੂੰ ਮਾਤ ਹੋਣਾ ਪੈਂਦਾ ਹੈ, ਇਹ ਇਕ ਪਰਕ੍ਰਿਆ ਹੈ, ਜਿਹੜੀ ਆਜ਼ਾਦੀ ਦੇ ਪਿਛੋਂ ਵੋਟ ਅਤੇ ਹੋਰ ਲੋਕਰਾਜੀ ਅਧਿਕਾਰਾਂ, ਸਮਾਜਵਾਦ ਅਤੇ ਜਨਵਾਦ ਪ੍ਰਤਿ ਜ਼ਾਹਰ ਕੀਤੀਆਂ ਹੋਈਆਂ ਪ੍ਰਤਿਬਧਤਾਵਾਂ, ਵਿਕਾਸ ਯੋਜਨਾਵਾਂ ਅਤੇ ਉਦਯੋਗੀਕਰਣ ਦੇ ਬਾਵਜੂਦ ਪਹਿਲਾਂ ਨਾਲੋਂ ਵੀ ਜ਼ਿਆਦਾ ਤੇਜ਼ ਹੋ ਗਿਆ ਹੈ, ਅਤੇ ਜਿਸ ਦਾ ਨਤੀਜਾ ਇਹ ਹੈ ਕਿ ਆਜ਼ਾਦੀ ਤੋਂ ਬਾਅਦ ਭਾਰਤ ਦੇ ਗ਼ਰੀਬ ਹੋਰ ਵੀ ਜ਼ਿਆਦਾ ਗ਼ਰੀਬ ਹੋ ਗਏ ਹਨ, ਅਤੇ ਅਮੀਰ ਹੋਰ ਵੀ ਜ਼ਿਆਦਾ ਅਮੀਰ। ਇਹ ਪਰਕ੍ਰਿਆ ਬਹੁਤ ਹੀ ਸੰਸ਼ਲਿਸ਼ਟ ਹੈ ਅਤੇ ਸਾਧਾਰਨ ਜੀਵਨ ਵਿਚ ਕਿਸ ਤਰ੍ਹਾਂ ਏਨੀ ਵੇਦਨਾਂ, ਦੁਖ ਅਤੇ ਰੋਸ ਫੈਲਾਉਂਦੀ ਹੋਈ ਜ਼ਾਹਰ ਹੁੰਦੀ ਹੈ, ਇਹਦਾ ਯਥਾਰਥ ਚਿਤਰਣ 'ਮੈਲਾ ਆਂਚਲ' ਵਿਚ ਮਿਲਦਾ ਹੈ। ਇਕ ਅਜਿਹੀ ਸੂਖਮ ਵਿਅੰਜਨਾਂਪੂਰਣ ਸ਼ੈਲੀ ਵਿਚ ਕਿ ਹਰ ਸ਼ਬਦ ਆਪਣੀ ਥਾਂ ਸਾਰਥਕ ਲਗਦਾ ਹੈ। 'ਮੈਲਾ ਆਂਚਲ' ਦੇ ਛੋਟੇ ਛੋਟੇ ਪਾਤਰ ਵੀ ਆਜ਼ਾਦੀ ਤੋਂ ਬਾਅਦ ਦੀ ਦੁਨੀਆਂ ਪ੍ਰਤਿ ਨਿਰੰਤਰ ਜਾਗਰੂਪ ਦਿਖਾਈ ਦਿੰਦੇ ਹਨ, ਜੀਵਨ ਦੀਆਂ ਸਮੱਸਿਆਵਾਂ ਵਲ ਬਿਲਕੁਲ ਉਦਾਸੀਨ ਨਹੀਂ ਅਤੇ ਉਨ੍ਹਾਂ ਦੀਆਂ ਪ੍ਰਤੀਕ੍ਰਿਆਵਾਂ ਮਧਵਰਗ ਦੇ ਸ਼ਹਿਰੀ ਲੋਕਾਂ ਨੂੰ ਅਟਪਟੀਆਂ ਤੇ ਗੰਵਾਰ ਭਾਵੇਂ ਲਗਣ, ਪਰ ਉਨ੍ਹਾਂ ਵਿਚ ਬਦਅਮਨੀ ਜਾਂ ਬਦਤਮੀਜ਼ੀ ਨਹੀਂ ਹੈ।

ਉਨ੍ਹਾਂ ਦੇ ਵਿਅੰਗ ਵਿਨੋਦ ਵੀ ਹਲਕੇ ਅਤੇ ਸਸਤੇ ਨਹੀਂ ਹਨ। ਬਲਕਿ ਜੀਵਨ ਯਥਾਰਥ ਦੇ ਕਿਸੇ ਨਾ ਕਿਸੇ ਗੰਭੀਰ ਪੱਖ ਨੂੰ ਜ਼ਾਹਰ ਕਰਦੇ ਹਨ। ਸਾਰੇ ਪਾਤਰ ਏਨੇ ਜੀਵਤ ਹਨ ਕਿ ਜਾਪਦਾ ਹੈ ਰੇਣੂ ਨੇ ਨਾਵਲ ਨਾ ਲਿਖ ਕੇ ਆਲੇ ਦੁਆਲਿਓਂ 'ਸਿਨੇਰਾਮਾਂ' ਦੇ ਦਰਜਨਾਂ ਕੈਮਰੇ 'ਮੇਰੀਗੰਜ' ਵਿਚ ਬੀੜ ਦਿਤੇ ਹੋਣ, ਜਿਸ ਵਿਚੋਂ ਤੁਸੀਂ ਇਕੋ ਸਮੇਂ ਪਿੰਡ ਦੇ ਪੂਰੇ ਦ੍ਰਿਸ਼ ਨੂੰ ਦੇਖ ਸਕਦੇ ਹੋ। ਕਿਉਂਕਿ ਸਾਰੇ ਪਾਤਰ ਸਜੀਵ ਹਨ, ਇਸ ਲਈ ਅਭੁਲ ਵੀ ਹਨ। ਵਧਦੀ ਹੋਈ ਬੇਇਨਸਾਫ਼ੀ, ਭ੍ਰਿਸ਼ਟਾਚਾਰ ਅਤੇ ਲੋਕ ਧ੍ਰੋਹ ਦੇ ਵਿਰੁੱਧ ਬਾਵਨਦਾਰ ਦੀ ਸ਼ਹਾਦਤ ਅਤੇ ਕਾਲੀਚਰਨ ਦਾ ਜਗਰੂਪ ਸੰਦਰਭ ਤਾਂ ਏਨੀਆਂ ਵੱਡੀਆਂ ਪ੍ਰਤੀਕਾਤਮਕ ਘਟਨਾਵਾਂ ਹਨ ਕਿ ਉਹ ਆਜ਼ਾਦੀ ਤੋਂ ਬਾਅਦ ਦੀ ਰਾਜਨੀਤੀ ਨੂੰ ਮੂਰਤ ਚਿੱਤ੍ਰਾਂ ਵਿਚ ਜ਼ਾਹਰ ਕਰਦਿੰਦੀਆਂ ਹਨ। 'ਮੈਲਾ ਆਂਚਲ' ਵਿਚ ਭਾਰਤ ਦੀ ਜਿਹੜੀ ਕਹਾਣੀ ਅਨੂਠੇ ਸ਼ਬਦ-ਚਿੱਤਰ ਰਾਹੀਂ ਅੰਕਤ ਕੀਤੀ ਗਈ ਹੈ, ਉਹਦਾ ਸੱਤ ਪਾਠਕਾਂ ਦੇ ਮਨਾਂ ਵਿਚ ਸਮੇਂ ਦੇ ਨਾਲ ਨਾਲ ਆਪਣੇ ਅਨੇਕ ਰੂਪਾਂ ਵਿਚ ਲਗਾਤਾਰ ਸਪੱਸ਼ਟ ਹੁੰਦਾ ਜਾਂਦਾ ਹੈ। ਇਹ 'ਮੈਲਾ ਆਂਚਲ' ਦੀ ਹਰ ਸਮੇਂ ਵਿਚ ਕਾਇਮ ਰਹਿਣ ਵਾਲੀ ਜੀਵੰਤਤਾ ਅਤੇ ਸ਼ਕਤੀ ਦਾ ਸਭ ਤੋਂ ਵੱਡਾ ਸਬੂਤ ਹੈ।

— ਸ਼ਿਵਦਾਨ ਸਿੰਘ ਚੌਹਾਨ

# ਇਕ

ਪਿੰਡ ਵਿਚ ਇਹ ਖ਼ਬਰ ਤੁਰਤ ਹੀ ਬਿਜਲੀ ਵਾਂਗ ਫੈਲ ਗਈ — ਮਲੇਟਰੀ ਨੇ ਬੌਲੇ ਚੇਥਰੂ ਨੂੰ ਗ੍ਰਿਫ਼ਤਾਰ ਕਰ ਲਿਆ ਹੈ ਅਤੇ ਲੋਬਿਨਲਾਲ ਕੇ ਖੂਹ ਤੋਂ ਡੋਲ ਖੋਲ੍ਹ ਕੇ ਲੈ ਗਏ ਨੇ।

1942 ਦੇ ਜਨ-ਅੰਦੋਲਨ ਸਮੇਂ ਇਸ ਪਿੰਡ ਵਿਚ ਨਾ ਤਾਂ ਫ਼ੌਜੀਆਂ ਦਾ ਕੋਈ ਹੱਲਾ ਹੋਇਆ ਸੀ ਤੇ ਨਾ ਹੀ ਅੰਦੋਲਨ ਦੀ ਲਹਿਰ ਹੀ ਇਸ ਪਿੰਡ ਤਕ ਪਹੁੰਚ ਸਕੀ ਸੀ।.........ਮੋਗਲਾਹੀ ਟੇਸ਼ਣ ਤੇ ਗੋਰੇ ਸਿਪਾਹੀ ਇਕ ਮੋਦੀ ਦੀ ਧੀ ਨੂੰ ਚੁੱਕ ਕੇ ਲੈ ਗਏ। ਇਸੇ ਗੱਲ ਤੇ ਸਿੱਖ ਤੇ ਗੋਰੇ ਸਿਪਾਹੀਆਂ ਵਿਚ ਲੜਾਈ ਹੋ ਗਈ। ਗੋਲੀ ਚਲ ਗਈ। ਢੋਲ ਦਮੱਕੇ ਨਾਲ ਪੂਰੇ ਪਿੰਡ ਨੂੰ ਘੇਰ ਕੇ ਅੱਗ ਲਾ ਦਿੱਤੀ ਗਈ, ਇਕ ਵੀ ਬੱਚਾ ਬੱਚ ਕੇ ਨਹੀਂ ਨਿਕਲ ਸਕਿਆ। ਮੁਸਹਰੂ ਦੇ ਸਹੁਰੇ ਨੇ ਆਪਣੀ ਅੱਖੀਂ ਵੇਖਿਆ ਸੀ — ਅੱਗ ਵਿਚ ਭੁੰਨੀਆਂ ਹੋਈਆਂ ਮਛਲੀਆਂ ਵਾਂਗ ਲੋਕਾਂ ਦੀਆਂ ਲਾਸ਼ਾਂ ਕਈ ਮਹੀਨੇ ਪਈਆਂ ਰਹੀਆਂ, ਕਾਂ ਵੀ ਨਹੀਂ ਖਾ ਸਕੇ। ਮਲੇਟਰੀ ਦਾ ਪਹਿਰਾ ਸੀ। ਮੁਸਹਰੂ ਦੇ ਸਹੁਰੇ ਦਾ ਭਤੀਜਾ ਫਾਰਬਿਸ ਸਾਹਿਬ ਦਾ ਖ਼ਾਨਸਾਮਾ ਹੈ; ਉਹ ਝੂਠ ਬੋਲੇਗਾ ? ਪੂਰੇ ਚੌਂਹ ਵਰ੍ਹਿਆਂ ਬਾਅਦ ਹੁਣ ਇਸ ਪਿੰਡ ਦੀ ਵਾਰੀ ਆਈ ਹੈ। ਦੁਹਾਈ ਮਾਂ ਕਾਲੀ ! ਦੁਹਾਈ ਬਾਬਾ ਲਰ ਸਿੰਘ।

ਇਹ ਸਭ ਕੁਝ ਗੁਆਰ ਟੋਲੀ ਦੇ ਬੇਲੀਆਂ ਦੀ ਬਦੌਲਤ ਹੋ ਰਿਹਾ ਹੈ। ਬਿਰੰਚੀਦਾਸ ਨੇ ਹਿੰਮਤ ਕੀਤੀ; ਵਿਹੜੇ 'ਚੋਂ ਨਿਕਲ ਕੇ ਸਭ ਪਾਸੇ ਦੇਖਿਆ ਤੇ ਮਾਲਕ ਟੋਲੇ ਵਲ ਦੌੜਿਆ। ਮਾਲਿਕ ਤਹਿਸੀਲਦਾਰ ਵਿਸ਼ਵਾਨਾਥ ਪ੍ਰਸਾਦ ਵੀ ਸੁਣ ਕੇ ਘਬਰਾ ਗਏ, "ਪਰ ਡੋਲ ਕਿਥੋਂ ਲਿਆਇਆ ਸੀ ? ਜ਼ਰੂਰ ਚੋਰੀ ਦਾ ਡੋਲ ਹੋਵੇਗਾ। ਸਾਲੇ ਸਾਰੇ ਦੀ ਚੋਰੀਆਂ ਕਰਨਗੇ, ਤੇ ਪਿੰਡ ਨੂੰ ਬਦਨਾਮ ਕਰਨਗੇ।"

ਮਾਲਕ ਟੋਲੇ ਤੋਂ ਇਹ ਖ਼ਬਰ ਰਾਜਪੂਤ ਟੋਲੀ ਪਹੁੰਚੀ — ਕਾਇਸਥ ਟੋਲੀ ਦੇ ਵਿਸ਼ਵਾਨਾਥ ਪ੍ਰਸਾਦ ਅਤੇ ਤਤਮਾਂ ਟੋਲੀ ਦੇ ਬਿਰੰਚੀ ਨੂੰ ਮਲੇਟਰੀ ਦੇ ਸਿਪਾਹੀ ਫੜ ਕੇ ਲੈ ਗਏ ਹਨ। ਠਾਕੁਰ ਰਾਮ ਕਿਰਪਾਲ ਸਿੰਘ ਬੋਲੇ, "ਐਤਕੀਂ ਤਹਿਸੀਲਦਾਰੀ ਦਾ ਮਜ਼ਾ ਆਏਗਾ। ਜ਼ਰੂਰ ਜ਼ਿਮੀਂਦਾਰ ਦਾ ਲਗਾਨ ਵਸੂਲ ਕਰ ਕੇ ਖਾ ਗਿਆ ਹੈ। ਹੁਣ ਬੜੇ ਘਰ ਦੀ ਹਵਾ ਖਾਵੇ ਬੱਚੂ।"

ਯਾਦਵ ਟੋਲੀ ਦੇ ਲੋਕਾਂ ਨੇ ਖ਼ਬਰ ਸੁਣਦਿਆਂ ਹੀ ਬਲੀਆ ਉਰਫ਼ ਬਲਦੇਵ ਨੂੰ ਗ੍ਰਿਫ਼ਤਾਰ ਕਰ ਲਿਆ। ਦੌੜ ਨਾ ਸਕੇ। ਰੱਸੀ ਨਾਲ ਬੰਨ੍ਹੋ। ਪਹਿਲਾਂ ਹੀ ਕਿਹਾ ਸੀ ਕਿ ਇਕ ਦਿਨ ਸਾਰੇ ਪਿੰਡ ਨੂੰ ਬੰਨ੍ਹਾਏਗਾ।

ਤਹਿਸੀਲਦਾਰ ਵਿਸ਼ਵ ਨਾਥ ਪ੍ਰਸਾਦ ਇਕ ਸੇਰ ਘਿਓ, ਪੰਜ ਸੇਰ ਬਾਸਮਤੀ ਚਾਵਲ, ਅਤੇ ਇਕ ਖੱਸੀ ਲੈ ਕੇ ਡਰਦੇ ਹੋਏ ਮਲੇਟਰੀ ਵਾਲਿਆਂ ਨੂੰ ਡਾਲੀ ਪਹੁੰਚਾਣ ਲਈ ਚਲ ਪਏ, ਬਿਰੰਚੀ ਨੂੰ ਵੀ ਉਹਨਾਂ ਨੇ ਨਾਲ ਲੈ ਲਿਆ। ਬੋਲੇ, "ਹਿਸਾਬ ਲਾ ਕੇ ਦੇਖ ਲੈ ਪੂਰੇ ਪੰਜਾਹ ਰੁਪਿਆਂ ਦਾ ਸਮਾਨ ਹੈ। ਇਹ ਰੁਪਿਆ ਇਕ ਹਫ਼ਤੇ ਅੰਦਰ ਹੀ ਆਪਣੇ ਟੋਲੇ ਤੇ ਲੋਬਿਨ ਦੇ ਟੋਲੇ ਤੋਂ ਵਸੂਲ ਕਰ ਕੇ ਜਮ੍ਹਾਂ ਕਰਾ ਦੇਣਾ। ਤੁਹਾਡੇ ਲੋਕਾਂ ਦੇ ਚਲਦਿਆਂ.........।"

ਮਲੇਟਰੀ ਵਾਲੇ ਕੋਠੀ ਦੇ ਬਗੀਚੇ ਵਿਚ ਹਨ। ਬਗੀਚੇ ਕੋਲ ਪਹੁੰਚ ਕੇ ਵਿਸ਼ਵ ਨਾਥ ਪ੍ਰਸਾਦ ਨੇ ਜੇਬ 'ਚੋਂ ਪਲਿਆ ਟੋਪੀ ਕੱਢ ਕੇ ਪਹਿਨ ਲਈ ਤੇ ਕਾਲੀ ਥਾਨ ਵਲ ਮੂੰਹ ਕਰ ਕੇ ਮਾਂ ਕਾਲੀ ਨੂੰ ਪ੍ਰਣਾਮ ਕੀਤਾ, "ਦੁਹਾਈ ਮਾਂ ਕਾਲੀ।"

ਬਗੀਚੇ ਵਿਚ ਪੁਜ ਕੇ ਤਹਿਸੀਲਦਾਰ ਸਾਹਿਬ ਨੇ ਵੇਖਿਆ, ਦੋ ਬੈਲ ਗੱਡੀਆਂ ਖੜੀਆਂ ਨੇ; ਬੈਲਦ ਘਾਹ ਖਾ ਰਹੇ ਨੇ, ਮਲੇਟਰੀ ਵਾਲੇ ਜ਼ਮੀਨ ਤੇ ਕੰਬਲ ਵਿਛਾ ਕੇ ਬੈਠੇ ਨੇ। ਹੈਂ.........। ਮੁੜੀ ਫੱਕ ਰਹੇ ਨੇ। ਬੋਲਾ ਚੇਥਰੂ ਵੀ ਕੰਬਲ ਤੇ ਹੀ ਬੈਠਾ ਮੁੜੀ ਫੱਕ ਰਿਹਾ ਹੈ।

"ਸਲਾਮ ਹਜ਼ੂਰ।"

ਬਿਰੰਚੀ ਨੇ ਸਾਮਾਨ ਸਿਰੋਂ ਲਾਹ ਕੇ ਥੱਲੇ ਰੱਖਿਆ ਤੇ ਝੁਕ ਕੇ ਸਲਾਮ ਕੀਤਾ, "ਸਲਾਮ ਸਰਕਾਰ।" ਬੱਕਰਾ ਵੀ ਮੰਮਿਆਇਆ।

"ਆ ਓਏ, ਇਹ ਕੀ ਹੈ ? ਤੁਸੀਂ ਕੌਣ ਹੋ ?" ਇਕ ਮੋਟੇ ਸਾਹਿਬ ਨੇ ਪੁੱਛਿਆ।

"ਹਜ਼ੂਰ, ਤਾਬੇਦਾਰ ਰਾਜ ਪਾਰਬੰਗਾ ਦਾ ਤਹਿਸੀਲਦਾਰ ਹੈ, ਮੀਨਾਪੁਰ ਸਰਕਲ ਦਾ।"

"ਓ, ਤੁਸੀਂ ਤਹਿਸੀਲਦਾਰ ਹੋ। ਚੰਗੀ ਗੱਲ ਹੈ। ਅਸੀਂ ਡਿਸਟ੍ਰਿਕਟ ਬੋਰਡ ਦੇ ਬੰਦੇ ਹਾਂ। ਇਥੇ ਇਕ ਮਲੇਰੀਆ ਸੈਂਟਰ ਬਣੇਗਾ। ਉਪਰੋਂ ਹੁਕਮ ਆਇਆ ਹੈ, ਇਥੇ ਬਾਗ਼ਾਂ ਦੀ ਜ਼ਮੀਨ ਵਿਚ ਹੀ। ਮਾਰਟਿਨ ਸਾਹਿਬ ਨੇ ਡਿਸਟ੍ਰਿਕਟ ਬੋਰਡ ਨੂੰ ਇਹ ਜ਼ਮੀਨ ਬਹੁਤ ਪਹਿਲਾਂ ਹੀ ਦੇ ਦਿਤੀ ਸੀ।"

ਤਹਿਸੀਲਦਾਰ ਸਾਹਿਬ ਫੇਰ ਇਕ ਵਾਰ ਸਲਾਮ ਕਰ ਕੇ ਬੈਠ ਗਏ। ਬਿਰੰਚੀ ਹੱਥ ਜੋੜੀ ਖਲੋਤਾ ਰਿਹਾ।

ਰਾਜਪੂਤ ਟੋਲੀ ਦੇ ਰਾਮਕਿਰਪਾਲ ਸਿੰਘ ਜਦੋਂ ਕੋਠੀ ਦੇ ਬਗੀਚੇ ਵਿਚ ਪਹੁੰਚੇ ਤਾਂ ਉਹਨਾਂ ਨੇ ਵੇਖਿਆ ਕਿ ਬਗੀਚੇ ਦੀ ਪੱਛਮ ਵਾਲੀ ਜ਼ਮੀਨ ਦੀ ਪੈਮਾਇਸ਼ ਹੋ ਰਹੀ ਹੈ, ਕੁਝ ਲੋਕ ਜ਼ਰੀਬ ਦੀ ਕੜੀ ਖਿੱਚ ਰਹੇ ਨੇ, ਟੋਪ ਵਾਲੇ ਇਕ ਸਾਹਿਬ ਤਹਿਸੀਲਦਾਰ ਸਾਹਿਬ ਨਾਲ ਹੱਸ ਹੱਸ ਕੇ ਗੱਲਾਂ ਕਰ ਰਹੇ ਨੇ।

ਅੰਤ ਵਿਚ ਯਾਦਵ ਟੋਲੀ ਦੇ ਲੋਕ ਬਾਲਦ ਦੇ ਹੱਥ ਦੇਤੇ ਲੱਕ ਵਿਚ ਰੱਸੀ ਬੰਨ੍ਹ

ਕੇ ਹੋ-ਹਲਾ ਕਰਦੇ ਹੋਏ ਆ ਗਏ। ਉਹਦੇ ਲੱਕ ਵਿਚ ਬੰਨ੍ਹੀ ਹੋਈ ਰੱਸੀ ਨੂੰ ਸਭ ਨੇ ਫੜਿਆ ਹੋਇਆ ਸੀ। ਦੌੜੇ ਹੋਏ ਸੁਰਾਜ਼ੀ ਨੂੰ ਫੜਨ ਵਾਲਿਆਂ ਨੂੰ ਸਰਕਾਰ ਬਹਾਦਰ ਵਲੋਂ ਇਨਾਮ ਮਿਲਦਾ ਹੈ। ਇਕ ਹਜ਼ਾਰ, ਦੋ ਹਜ਼ਾਰ, ਪੰਜ ਹਜ਼ਾਰ। ਪਰ ਸਾਹਿਬ ਤਾਂ ਦੇਖਦਿਆਂ ਹੀ ਗੁੱਸੇ ਹੋ ਗਏ, "ਕੀ ਗੱਲ ਹੈ ? ਇਹਨੂੰ ਕਿਉਂ ਬੰਨ੍ਹ ਕੇ ਲਿਆਏ ਹੋ ? ਇਹਨੇ ਕੀ ਕੀਤਾ ਹੈ ?"

"ਹਜ਼ੂਰ ਇਹ ਸੁਰਾਜੀ ਬਾਲਦੇਵ ਗੋਪ ਹੈ। ਦੋ ਸਾਲ ਜੇਲ੍ਹ ਕੱਟ ਕੇ ਆਇਆ ਹੈ। ਇਸ ਪਿੰਡ ਦਾ ਨਹੀਂ, ਚੰਨਣਪੱਟੀ ਦਾ ਹੈ। ਇਥੇ ਮਾਸੀ ਕੋਲ ਆਇਆ ਹੋਇਆ ਹੈ। ਖੱਦੜ ਪਹਿਨਦਾ, ਜੈਹਿਨ ਬੋਲਦਾ।"

"ਤਾਂ ਇਹਨੂੰ ਬੰਨ੍ਹਿਆ ਕਿਉਂ ਹੈ ?"

"ਬਾਲਦੇਵ ਜੀ।" ਸਾਹਿਬ ਦੇ ਕਿਰਾਨੀ ਨੇ ਬਾਲਦੇਵ ਨੂੰ ਪਛਾਣ ਲਿਆ "ਓਏ ਇਹ ਤਾਂ ਬਾਲਦੇਵ ਹੈ, ਸਰ ਇਹ ਰਾਮ ਕ੍ਰਿਸ਼ਨ ਕਾਂਗਰਸ ਆਸ਼ਰਮ ਦਾ ਕਾਰਜ ਕਰਤਾ ਹੈ, ਬੜਾ ਬਹਾਦੁਰ ਹੈ।"

ਯਾਦਵਾਂ ਦੇ ਜਕੜਬੰਧ 'ਚੋਂ ਮੁਕਤੀ ਪਾ ਕੇ ਬਾਲਦੇਵ ਨੇ ਸਾਹਿਬ ਅਤੇ ਕਿਰਾਨੀ ਨੂੰ ਵਾਰੀ ਵਾਰੀ ਜੈ ਹਿੰਦ ਕਿਹਾ। ਸਾਹਿਬ ਨੇ ਹੱਸ ਕੇ ਕਿਹਾ, "ਤੁਹਾਡੇ ਪਿੰਡ ਵਿਚ ਮਲੇਰੀਆ ਸੈਂਟਰ ਖੁਲ੍ਹ ਰਿਹਾ ਹੈ, ਬੜਾ ਵੱਡਾ ਡਾਕਟਰ ਆ ਰਿਹਾ ਹੈ। ਡਿਸਟ੍ਰਿਕਟ ਬੋਰਡ ਵਲੋਂ ਮਕਾਨ ਬਣੇਗਾ। ਪਰ ਬਾਕੀ ਕੰਮ ਤਾਂ ਤੁਹਾਡੇ ਲੋਕਾਂ ਦੀ ਮਦਦ ਨਾਲ ਹੀ ਹੋਵੇਗਾ।"

ਤਹਿਸੀਲਦਾਰ ਸਾਹਿਬ ਨੇ ਜ਼ਿਮੀਦਾਰ ਖਾਤੇ ਤੇ ਨਕਸ਼ੇ ਨੂੰ ਦੇਖ ਕੇ ਕਿਹਾ, "ਹਜ਼ੂਰ ਜ਼ਮੀਨ ਇਕ ਏਕੜ ਦਸ ਡਿਸਮਿਲ ਹੈ।"

ਠਾਕੁਰ ਰਾਮ ਕਿਰਪਾਲ ਸਿੰਘ ਨੂੰ ਹੁਣ ਤਕ ਸਾਹਿਬ ਨੂੰ ਸਲਾਮ ਕਰਨ ਦਾ ਵੀ ਮੌਕਾ ਨਹੀਂ ਮਿਲਿਆ ਸੀ। ਵਿਸ਼ਵ ਨਾਥ ਪ੍ਰਸਾਦ ਬਾਜ਼ੀ ਲੈ ਗਿਆ। ਜ਼ਿੰਦਗੀ 'ਚ ਪਹਿਲੀ ਵਾਰ ਸਿੰਘ ਜੀ ਨੂੰ ਆਪਣੀ ਅਨਪੜ੍ਹਤਾ ਦਾ ਅਫ਼ਸੋਸ ਹੋਇਆ। ਸਚਮੁਚ ਵਿਦਿਆ ਦੀ ਬੜੀ ਮਹਿਮਾ ਹੈ, ਪਰ ਭਗਵਾਨ ਨੇ ਸਰੀਰ ਬਖ਼ਸ਼ਿਆ ਹੈ, ਉੱਚ ਕੁਲ ਵਿਚ ਜਨਮ ਵੀ ਦਿੱਤਾ ਹੈ। ਇਸੇ ਦੇ ਸਹਾਰੇ ਬਹੁਤ ਸਾਰੇ ਬਾਬੂ-ਬਬੂਆਨ, ਹਾਕਿਮ-ਹੁਕਾਮ ਤੇ ਅਮਲੇ-ਫੈਲੇ ਨਾਲ ਮੇਲ ਜੋਲ ਹੋਇਆ, ਜਾਣ-ਪਛਾਣ ਵਧੀ। ਮੌਕਾ ਮਿਲਦਿਆਂ ਹੀ ਸਲਾਮ ਕਰ ਕੇ ਜ਼ੋਰ ਨਾਲ ਬੋਲੇ, "ਸਰਕਾਰ ਦੀ ਜੈ ਹੋਵੇ। ਹਜ਼ੂਰ ਪਬਲਿਕ ਦੀ ਭਲਾਈ ਵਾਸਤੇ ਏਨੀ ਦੂਰੋਂ ਔਖੇ ਹੋ ਕੇ ਆਏ ਨੇ ਤੇ ਅਸੀਂ ਲੋਕ ਹਜ਼ੂਰ ਦੀ ਕੋਈ ਸੇਵਾ ਨਹੀਂ ਕਰ ਸਕੇ। ਗੁਸਾਈਂ ਜੀ ਰਮੈਣ 'ਚ ਕਹਿੰਦੇ ਨੇ — "ਧੰਨ ਭਾਗ ਪ੍ਰਭੂ ਦਰਸ਼ਨ ਦੀਨਾ।" ਹਜ਼ੂਰ ਸੇਵਕ ਦਾ ਨਾਂ ਰਾਮ ਕਿਰਪਾਲ ਸਿੰਘ, ਵਲਦ ਗਰੀਬ ਨਿਵਾਜ਼ ਸਿੰਘ, ਮੌਤੱਫਾ ਜਾਤ ਰਾਜਪੂਤ, ਮੁਕਾਮ ਗੜ੍ਹ ਬੁੰਦੇਲ, ਰਾਜਪੂਤਾਨਾ, ਹਾਲ

ਮੁਕਾਮ ਮੇਰੀ ਗੰਜ ।"

"ਸਿੰਘ ਜੀ ਸਾਨੂੰ ਕੋਈ ਸੇਵਾ ਨਹੀਂ ਚਾਹੀਦੀ । ਸੇਵਾ ਲਈ ਮਲੇਰੀਆ ਸੈਂਟਰ ਖੁਲ੍ਹ ਰਿਹਾ ਹੈ । ਸਾਰੇ ਮਿਲ ਕੇ ਏਥੇ ਮਦਦ ਕਰੋ । ਇਹੋ ਹੀ ਸਭ ਤੋਂ ਵੱਡੀ ਸੇਵਾ ਹੈ ।" ਸਾਹਿਬ ਹੱਸਦੇ ਹੋਏ ਬੋਲੇ ।

ਯਾਦਵ ਟੋਲੀ ਦੇ ਲੋਕ ਇਕ ਇਕ ਕਰ ਕੇ ਨਜ਼ਰ ਬਚਾ ਕੇ ਨੌਂ ਦੋ ਗਿਆਰਾਂ ਹੋ ਚੁਕੇ ਸਨ । ਉਹਨਾਂ ਨੂੰ ਡਰ ਸੀ ਕਿ ਬਲਦੇਵ ਨੂੰ ਫੜ ਕੇ ਲਿਆਉਣ ਵਾਲਿਆਂ ਦਾ ਚਲਾਨ ਕਰਨਗੇ ।

ਤੁਰਨ ਵੇਲੇ ਸਾਹਿਬ ਨੇ ਕਿਹਾ "ਸੱਤ ਦਿਨਾਂ ਅੰਦਰ ਹੀ ਡਿਸਟ੍ਰਿਕਟ ਬੋਰਡ ਦੇ ਮਿਸਤਰੀ ਲੋਕ ਆਉਣਗੇ, ਤੁਸੀਂ ਲੋਕਾਂ ਨੇ ਬਾਂਸ, ਖੜ, ਸੂਤਲੀ ਤੇ ਹੋਰ ਦੂਸਰੀਆਂ ਚੀਜ਼ਾਂ ਦਾ ਇੰਤਜ਼ਾਮ ਕਰ ਦੇਣਾ । ਤਹਿਸੀਲਦਾਰ ਸਾਹਿਬ ਤੁਸੀਂ ਹੋ, ਬਾਲਦੇਵ ਪ੍ਰਸ਼ਾਦ ਤਾਂ ਦੇਸ਼ ਦੇ ਸੇਵਕ ਹੀ ਹਨ, ਅਤੇ ਸਿੰਘ ਜੀ ਵੀ ਹਨ । ਤੁਸੀਂ ਸਭ ਲੋਕ ਮਿਲ ਕੇ ਮਦਦ ਕਰੋ ।" ਸਾਰਿਆਂ ਨੇ ਹੱਥ ਜੋੜ ਕੇ, ਗਰਦਨ ਝੁਕਾ ਕੇ ਸਵੀਕਾਰ ਕੀਤਾ । ਸਾਹਿਬ ਭੀੜ ਦੇ ਨਾਲ ਚਲ ਪਏ । ਖੱਸੀ ਮਿਮਿਆ ਰਿਹਾ ਸੀ । ਬਲਦੇਵ ਗੱਡੀ ਦੇ ਪਿੱਛੇ ਪਿੱਛੇ ਪਿੰਡ ਦੇ ਬਸੀਵੇਂ ਤਕ ਗਿਆ ।

ਬਲਦੇਵ ਨੇ ਪਰਤ ਕੇ ਲੋਕਾਂ ਨੂੰ ਕਿਹਾ, "ਡਿਸਟੀਬੋਟ ਦੇ ਬੰਗਾਲੀ ਆਪਸੀਅਰ ਸਨ, ਬਾਬੂ ਪਰਫੁਲੋ ਬਨਰਜੀ ਅਤੇ ਉਹਨਾਂ ਦਾ ਕਿਰਾਨੀ, ਜੀਤਨ ਬਾਬੂ ਪਹਿਲਾਂ ਕਾਂਗਰਸ ਆਫ਼ਿਸ ਦੇ ਕਿਰਾਨੀ ਸਨ ।

## ਦੋ

ਪੂਰਣੀਆਂ ਜ਼ਿਲ੍ਹੇ ਵਿਚ ਇਹੋ ਜਿਹੇ ਬਹੁਤ ਸਾਰੇ ਪਿੰਡ ਤੇ ਕਸਬੇ ਹਨ, ਜਿਹੜੇ ਅੱਜ ਵੀ ਆਪਣੇ ਨਾਵਾਂ ਤੇ ਨੀਲੇ ਸਾਹਿਬਾਂ ਦਾ ਭਾਰ ਢੋ ਰਹੇ ਨੇ । ਵੀਰਾਨ ਜੰਗਲਾਂ ਤੇ ਮੈਦਾਨਾਂ ਵਿਚ ਨੀਲ–ਕੋਠੀ ਦੇ ਖੰਡਰ ਰਾਹੀਆਂ ਤੇ ਪੈਂਡਾ ਖੋਟਾ ਕਰਨ ਵਾਲਿਆਂ ਨੂੰ ਅੱਜ ਵੀ ਨੀਲ ਯੁੱਗ ਦੀਆਂ ਭੁੱਲੀਆਂ ਹੋਈਆਂ ਕਹਾਣੀਆਂ ਯਾਦ ਕਰਾ ਦਿੰਦੇ ਨੇ । ...........ਮੁਕਲਾਵਾ ਲੈ ਕੇ ਨਵੀਂ ਵਹੁਟੀ ਨੂੰ ਘਰ ਲਿਆ ਰਿਹਾ ਨੌਜਵਾਨ ਆਪਣੀ ਗੱਡੀ ਵਾਲੇ ਨੂੰ ਕਹਿੰਦਾ ਹੈ — "ਜ਼ਰਾ ਇਥੋਂ ਹੋਲੀ ਹੋਲੀ ਗੱਡੀ ਚਲਾਈਂ । ਵਹੁਟੀ ਸਾਹਿਬ ਦੀ ਕੋਠੀ ਵੇਖੇਗੀ ।.........ਇਹੋ ਹੈ ਮਕੈਅ ਸਾਹਿਬ ਦੀ ਕੋਠੀ । ਔਹ ਹੈ ਨੀਲ ਮਹਿਨੇ ਦਾ ਹੌਜ਼ ।"

ਨਵੀਂ ਵਹੁਟੀ ਉਪਹਾਰ ਦੇ ਪਰਦੇ ਨੂੰ ਚੁੱਕ ਕੇ ਘੁੰਡ ਨੂੰ ਪਿੱਛੇ ਖਿਸਕਾ ਕੇ ਝਾਕਦੀ

ਹੈ — ਝਰਬੇਰ ਦੇ ਸੰਘਣੇ ਜੰਗਲਾਂ ਵਿਚਕਾਰ ਇੱਟਾਂ ਪੱਥਰਾਂ ਦਾ ਢੇਰ, ਕੋਠੀ ਕਿੱਥੇ ਹੈ ?

ਲਾੜੇ ਦਾ ਚਿਹਰਾ ਗਰਵ ਨਾਲ ਭਰ ਜਾਂਦਾ ਹੈ — ਅਰਥਾਤ ਸਾਡੇ ਪਿੰਡ ਦੇ ਕੋਲ ਸਾਹਿਬ ਦੀ ਕੋਠੀ ਸੀ — ਇਥੇ ਸਾਹਿਬ ਮੇਮ ਰਹਿੰਦੇ ਸਨ ।

ਗੰਗਾ ਇਸ਼ਨਾਨ ਕਰ ਕੇ ਪਰਤਦੇ ਹੋਏ ਤੀਰਥ ਯਾਤਰੀਆਂ ਦੀਆਂ ਬੈਲ ਗੱਡੀਆਂ ਇਥੇ ਕੁਝ ਦੇਰ ਰੁਕ ਜਾਂਦੀਆਂ ਨੇ, ਗੱਡੀਆਂ 'ਚੋਂ ਮੁਟਿਆਰਾਂ ਤੇ ਬੱਚੇ ਉਤਰ ਕੇ ਡਰਦੇ ਡਰਦੇ ਖੰਡਰਾਂ ਕੋਲ ਜਾਂਦੇ ਨੇ । ਬੁੱਢੀਆਂ ਜੰਗਲ ਵਿਚੋਂ ਜੰਗਲੀ ਜੜੀ ਬੂਟੀ ਲੱਭਦੀਆਂ ਨੇ ।

ਇਹੋ ਜਿਹਾ ਹੀ ਇਕ ਪਿੰਡ ਹੈ ਮੇਰੀ ਗੰਜ । ਰੌਤਹੱਟ ਸਟੇਸ਼ਨ ਤੋਂ ਸੱਤ ਕੋਹ ਪੂਰਵ, ਬੁੱਢੀ ਕੋਸ਼ੀ ਨੂੰ ਪਾਰ ਕਰ ਕੇ ਜਾਣਾ ਪੈਂਦਾ ਹੈ । ਬੁੱਢੀ ਕੋਸ਼ੀ ਦੇ ਕਿਨਾਰੇ ਕਿਨਾਰੇ ਬਹੁਤ ਦੂਰ ਤਕ ਤਾੜ ਤੇ ਖਜੂਰ ਦੇ ਬਿਰਛਾਂ ਦਾ ਭਰਪੂਰ ਜੰਗਲ ਹੈ । ਇਸ ਅੰਚਲ ਦੇ ਲੋਕ ਇਹਨੂੰ 'ਨਵਾਬੀ-ਤਾੜਬੰਨਾ' ਕਹਿੰਦੇ ਹਨ । ਕਿਸ ਨਵਾਬ ਨੇ ਇਸ ਤਾੜ ਦੇ ਬਨ ਨੂੰ ਲਾਇਆ ਸੀ, ਦਸਣਾ ਔਖਾ ਹੈ, ਪਰ ਵਿਸਾਖ ਤੋਂ ਲੈ ਕੇ ਹਾੜ੍ਹ ਤਕ ਦੇ ਨੇੜੇ ਤੇੜੇ ਦੇ ਹਲਵਾਹੇ ਚਰਵਾਹੇ ਵੀ ਇਸ ਬਨ ਵਿਚ ਨਵਾਬੀ ਕਰਦੇ ਨੇ । ਤਿੰਨ ਆਨੇ ਲਬਨੀ ਤਾੜੀ, ਰੇਕ ਸਾਲੇ ਮੋਟਰ ਗਾੜੀ । ਅਰਥਾਤ ਤਾੜੀ ਦੇ ਨਸ਼ੇ ਵਿਚ ਆਦਮੀ ਮੋਟਰ ਗੱਡੀ ਨੂੰ ਵੀ ਸਸਤਾ ਸਮਝਦਾ ਹੈ । ਤਾੜਬੰਨਾ ਦੇ ਨਾਲ ਹੀ ਇਕ ਬੜਾ ਮੈਦਾਨ ਹੈ । ਜਿਹੜਾ ਨੇਪਾਲ ਦੀ ਤਰਾਈ ਤੋਂ ਸ਼ੁਰੂ ਹੋ ਕੇ ਗੰਗਾ ਜੀ ਦੇ ਕਿਨਾਰੇ ਖ਼ਤਮ ਹੋਇਆ ਹੈ । ਲੱਖਾਂ ਏਕੜ ਜ਼ਮੀਨ ਬੰਧਿਆ ਧਰਤੀ ਦਾ ਵਿਸ਼ਾਲ ਅੰਚਲ ਇਸ ਵਿਚ ਤਾਂ ਦੱਭ ਵੀ ਨਹੀਂ ਉੱਗਦੀ । ਵਿਚ ਵਿਚ ਬਾਲੂਚਰ ਤੇ ਕਿਤੇ ਕਿਤੇ ਬੇਰ ਦੀਆਂ ਝਾੜੀਆਂ । ਕੋਹ ਭਰ ਮੈਦਾਨ ਪਾਰ ਕਰ ਕੇ ਪੂਰਵ ਵਲ ਕਾਲਾ ਜੰਗਲ ਦਿਖਾਈ ਦਿੰਦਾ ਹੈ, ਉਹੋ ਹੀ ਹੈ ਮੇਰੀ ਗੰਜ ਕੋਠੀ ।

ਅੱਜ ਤੋਂ ਕੋਈ ਪੈਂਤੀ ਸਾਲ ਪਹਿਲਾਂ ਜਿਸ ਦਿਨ ਡਬਲਯੂ. ਜੀ. ਮਾਰਟਿਨ ਨੇ ਇਸ ਪਿੰਡ ਵਿਚ ਕੋਠੀ ਦੀ ਨੀਂਹ ਰੱਖੀ, ਦੁਆਲੇ ਦੇ ਪਿੰਡਾਂ ਵਿਚ ਢੋਲ ਵਜਵਾ ਕੇ ਐਲਾਨ ਕਰ ਦਿੱਤਾ — ਅੱਜ ਤੋਂ ਇਸ ਪਿੰਡ ਦਾ ਨਾਂ ਹੈ ਮੇਰੀ ਗੰਜ । ਮੇਰੀ ਮਾਰਟਿਨ ਦੀ ਨਵੀਂ ਵਹੁਟੀ ਸੀ । ਜਿਹੜੀ ਕਲਕੱਤੇ ਰਹਿੰਦੀ ਸੀ । ਕਹਿੰਦੇ ਨੇ ਕਿ ਇਕ ਵਾਰ ਇਕ ਕਿਸਾਨ ਦੇ ਮੂੰਹੋਂ ਗ਼ਲਤੀ ਨਾਲ ਇਸ ਪਿੰਡ ਦਾ ਪੁਰਾਣਾ ਨਾਂ ਨਿਕਲ ਗਿਆ ਸੀ । ਬਸ ਹੁਣ ਜਾਂਦਾ ਕਿੱਥੇ ਏਂ ? ਸਾਹਿਬ ਨੇ ਪੰਜਾਹ ਕੋੜੇ ਲਗਵਾਏ ਸਨ, ਗਿਣ ਕੇ । ਇਸ ਪਿੰਡ ਦਾ ਪੁਰਾਣਾ ਨਾਂ ਹੁਣ ਕਿਸੇ ਨੂੰ ਵੀ ਯਾਦ ਨਹੀਂ । ਮਤਲਬ ਹੈ ਕਿ ਅੱਜ ਵੀ ਨਾਂ ਲੈਣ ਵਿਚ ਇਕ ਅਗਿਆਤ ਸ਼ੰਕਾ ਰਹਿੰਦੀ ਹੈ, ਕੌਣ ਜਾਣੇ । ਪਿੰਡ ਦਾ ਨਾਂ ਬਦਲ ਕੇ ਰੌਤਹੱਟ ਸਟੇਸ਼ਨ ਤੋਂ ਮੇਰੀਗੰਜ ਤਕ ਡਿਸਟ੍ਰਿਕਟ ਬੋਰਡ ਰਾਹੀਂ ਸੜਕ ਬਣਵਾ ਕੇ ਤੇ ਪਿੰਡ ਵਿਚ ਪੋਸਟ ਆਫ਼ਿਸ ਖੁਲ੍ਹਵਾਣ ਤੋਂ ਬਾਅਦ ਮਾਰਟਿਨ ਸਾਹਿਬ ਆਪਣੀ ਨਵੀਂ

ਵਿਆਹੀ ਮੇਮ ਮੇਰੀ ਨੂੰ ਲਿਆਉਣ ਲਈ ਕਲਕੱਤੇ ਗਏ। ਪਿੰਡ ਦੀ ਸਭ ਤੋਂ ਬੁੱਢੀ, ਭੈਰੋਂ ਦੀ ਮਾਂ ਜੇ ਹੁਣ ਵੀ ਹੁੰਦੀ ਤਾਂ ਸੁਣਾ ਦਿੰਦੀ — ਅਹਾ-ਅਹਾ। ਪਰੀ ਵਰਗੀ ਸੀ ਸਾਹਿਬ ਦੀ ਮੇਮ, ਇੰਦਰਾਸਨ ਦੀ ਪਰੀ ਵਰਗੀ। ਪਰ ਮਾਰਟਿਨ ਸਾਹਿਬ ਦਾ ਉਦੇਸ਼ ਅਧੂਰਾ ਰਹਿ ਗਿਆ। ਮੇਰੀ ਗੰਜ ਪਹੁੰਚਣ ਤੋਂ ਠੀਕ ਇਕ ਹਫ਼ਤਾ ਬਾਅਦ ਹੀ ਜਦੋਂ ਮੇਰੀ ਨੂੰ ਬੁਖ਼ਾਰ ਦੀ ਬੇਹੋਸ਼ੀ ਨੇ ਘੇਰ ਲਿਆ ਤਾਂ ਮਾਰਟਿਨ ਨੇ ਮਹਿਸੂਸ ਕੀਤਾ ਕਿ ਪੋਸਟ ਆਫ਼ਿਸ ਤੋਂ ਪਹਿਲਾਂ ਇਥੇ ਇਕ ਡਿਸਪੈਂਸਰੀ ਖੁਲ੍ਹਵਾਉਣੀ ਜ਼ਰੂਰੀ ਸੀ। ਕੁਨੈਨ ਦੀ ਟਿੱਕੀ ਨਾਲ ਜਦੋਂ ਤੀਸਰੇ ਦਿਨ ਵੀ ਮੇਰੀ ਦਾ ਬੁਖ਼ਾਰ ਨਹੀਂ ਉਤਰਿਆ ਤਾਂ ਮਾਰਟਿਨ ਨੇ ਆਪਣੇ ਘੋੜੇ ਨੂੰ ਰੌਤਹੱਟ ਵਲ ਦੌੜਾਇਆ। ਰੌਤਹੱਟ ਸਟੇਸ਼ਨ ਤੇ ਪਹੁੰਚਣ ਤੇ ਪਤਾ ਲੱਗਾ ਕਿ ਪੂਰਣੀਆਂ ਜਾਣ ਵਾਲੀ ਗੱਡੀ ਦਸ ਮਿੰਟ ਪਹਿਲਾਂ ਚਲੀ ਗਈ ਸੀ। ਮਾਰਟਿਨ ਨੇ ਬਗ਼ੈਰ ਕੁਝ ਸੋਚੇ ਸਮਝੇ ਘੋੜੇ ਨੂੰ ਪੂਰਣੀਆਂ ਵਲ ਮੋੜ ਲਿਆ। ਰੌਤਹੱਟ ਤੋਂ ਪੂਰਣੀਆਂ ਬਾਰਾਂ ਕੋਹ ਹੈ। ਮੇਰੀ ਗੰਜ ਵਿਚ ਕਿਸੇ ਤੋਂ ਪੁੱਛੋ, ਉਹ ਤੁਹਾਨੂੰ ਮਾਰਟਿਨ ਦੇ ਪੰਖਰਾਜ਼ ਘੋੜੇ ਦੀ ਇਹ ਕਹਾਣੀ ਸੁ-ਵਿਸਥਾਰ ਨਾਲ ਸੁਣਾ ਦੇਵੇਗਾ। ਜਿਸ ਵੇਲੇ ਮਾਰਟਿਨ ਪੂਰਣੀਆਂ ਦੇ ਸਿਵਲ ਸਰਜਨ ਦੇ ਬੰਗਲੇ 'ਚ ਪਹੁੰਚਿਆ, ਪੂਰਣੀਆਂ ਟੇਸ਼ਨ ਤੇ ਗੱਡੀ ਪਹੁੰਚੀ ਵੀ ਨਹੀਂ ਸੀ।"

ਪਰ ਮਾਰਟਿਨ ਦਾ ਪੰਖਰਾਜ ਘੋੜਾ ਤੇ ਸਿਵਲ ਸਰਜਨ ਦੀ ਹਵਾ ਗੱਡੀ ਜਦੋਂ ਤਕ ਮੇਰੀ ਗੰਜ ਪਹੁੰਚੇ ਮੇਰੀ ਨੂੰ ਮਲੇਰੀਆ ਨਿਗਲ ਚੁੱਕਾ ਸੀ .......ਟਿਊਬਵੈੱਲ ਦੇ ਕੋਲ ਛੱਪੜ ਵਿਚ ਜਾ ਕੇ ਘੁੰਗਰਾਲੇ ਰੇਸ਼ਮੀ ਕੇਸਾਂ ਵਾਲੇ ਸਿਰ ਤੇ ਚਿੱਕੜ ਮਲਦੀ ਮਲਦੀ ਮਰ ਗਈ ਸੀ।

ਮੇਰੀ ਦੀ ਲੋਥ ਨੂੰ ਦਫਨਾਉਣ ਤੋਂ ਬਾਅਦ ਮਾਰਟਿਨ ਪੂਰਣੀਆਂ ਗਿਆ, ਸਿਵਲ ਸਰਜਨ ਡਿਸਟ੍ਰਿਕਟ ਮੈਜਿਸਟ੍ਰੇਟ ਡਿਸਟ੍ਰਿਕਟ ਬੋਰਡ ਦੇ ਚੇਅਰਮੈਨ ਅਤੇ ਹੈਲਥ ਆਫ਼ੀਸਰ ਨੂੰ ਮਿਲਿਆ। ਇਕ ਛੋਟੀ ਜਿਹੀ ਡਿਸਪੈਂਸਰੀ ਦੀ ਮਨਜ਼ੂਰੀ ਲਈ ਧਰਤੀ ਅਸਮਾਨ ਇਕ ਕਰਦਾ ਰਿਹਾ। ਡਿਸਪੈਂਸਰੀ ਲਈ ਆਪਣੀ ਜ਼ਮੀਨ ਰਜਿਸਟਰੀ ਕਰ ਦਿਤੀ। ਅਧਿਕਾਰੀਆਂ ਨੇ ਵਿਸ਼ਵਾਸ ਦੁਆਇਆ — ਅਗਲੇ ਸਾਲ ਜ਼ਰੂਰ ਡਿਸਪੈਂਸਰੀ ਖੁਲ੍ਹ ਜਾਵੇਗੀ। ਠੀਕ ਇਸੇ ਸਮੇਂ ਜਰਮਨੀ ਦੇ ਵਿਗਿਆਨਕਾਂ ਨੇ ਇਕ ਚੁਟਕੀ ਨਾਲ ਹੀ ਨੀਲ ਦੇ ਯੁੱਗ ਦਾ ਅੰਤ ਕਰ ਦਿੱਤਾ। ਕੋਇਲੇ ਤੋਂ ਨੀਲ ਬਣਾਨ ਦੀ ਵਿਗਿਆਨਕ ਵਿਧੀ ਦਾ ਪ੍ਰਯੋਗ ਸਫਲ ਹੋਇਆ ਤੇ ਨੀਲੇ ਸਾਹਿਬਾਂ ਦੀਆਂ ਕੋਠੀਆਂ ਦੀਆਂ ਕੰਧਾਂ ਕੜਕ ਕੇ ਢਹਿ ਪਈਆਂ। ਸਾਹਿਬਾਂ ਨੇ ਕੋਠੀਆਂ ਵੇਚ ਕੇ ਜ਼ਿਮੀਂਦਾਰੀਆਂ ਖ਼ਰੀਦਣੀਆਂ ਸ਼ੁਰੂ ਕੀਤੀਆਂ। ਬਹੁਤ ਸਾਰਿਆਂ ਨੇ ਵਪਾਰ ਵਿਚ ਹੱਥ ਮਾਰਿਆ। ਮ ਰਟਿਨ ਦੀ ਦੁਨੀਆਂ ਤਾਂ ਪਹਿਲਾਂ ਹੀ ਉਜੜ ਚੁੱਕੀ ਸੀ। ਦਿਮਾਗ਼ ਈ ਖ਼ਰਾਬ ਹੋ ਗਿਆ। ਬਗਲ ਵਿਚ ਰੱਦੀ ਕਾਗ਼ਜ਼ਾਂ ਦਾ ਪੁਲੰਦਾ ਚੁੱਕੀ ਪਗਲਾ ਮਾਰਟਿਨ ਦਿਨ ਭਰ ਪੂਰਣੀਆਂ ਦੀ

ਕਚਹਿਰੀ ਵਿਚ ਚੱਕਰ ਲਾਉਂਦਾ ਰਹਿੰਦਾ। ਹਰੇਕ ਮਿਲਣ ਆਲੇ ਨੂੰ ਕਹਿੰਦਾ ਸੀ, "ਸਰਕਾਰ ਨੇ ਇਕ ਡਿਸਪੈਂਸਰੀ ਦਾ ਹੁਕਮ ਦੇ ਦਿੱਤਾ ਹੈ, ਅਗਲੇ ਸਾਲ ਖੁਲ੍ਹ ਜਾਏਗੀ।" ਕਹਿੰਦੇ ਨੇ ਕਿ ਪਟਨਾ ਤੇ ਦਿੱਲੀ ਵਿਚ ਦੌੜ ਭੱਜ ਕਰਨ ਤੋਂ ਬਾਅਦ ਇਕ ਦਿਨ ਬਹੁਤ ਉਦਾਸ ਹੋ ਕੇ ਉਹ ਮੇਰੀ ਗੰਜ ਪਰਤਿਆ, ਮੇਰੀ ਦੀ ਕਬਰ ਤੇ ਲਿਟ ਕੇ ਸਾਰਾ ਦਿਨ ਰੋਂਦਾ ਰਿਹਾ — ਡਾਰਲਿੰਗ। ਡਾਕਟਰ ਨਹੀਂ ਆਏਗਾ। ਇਸ ਤੋਂ ਬਾਅਦ ਉਸ ਦਾ ਪਾਗਲਪਨ ਇੰਨਾ ਵੱਧ ਗਿਆ ਕਿ ਅਧਿਕਾਰੀਆਂ ਨੇ ਉਹਨੂੰ ਕੰਕੇ ਭੇਜ ਦਿੱਤਾ, ਤੇ ਕੰਕੇ ਦੇ ਪਾਗਲਖਾਨੇ ਵਿਚ ਹੀ ਉਹਦੀ ਮੌਤ ਹੋ ਗਈ।

ਕੋਠੀ ਦੇ ਬਗੀਚੇ ਵਿਚ ਅੰਗਰੇਜ਼ੀ ਫੁੱਲਾਂ ਦੇ ਜੰਗਲ ਵਿਚਕਾਰ ਮੇਰੀ ਦੀ ਕਬਰ ਅੱਜ ਵੀ ਮੌਜੂਦ ਹੈ। ਕੋਠੀ ਦੀ ਇਮਾਰਤ ਢਹਿ ਗਈ ਹੈ, ਨੀਲ ਦੇ ਹੌਜ਼ ਟੁੱਟ ਭੱਜ ਗਏ ਹਨ, ਪਿੱਪਲ, ਕਿੱਕਰ ਤੇ ਹੋਰ ਕਈ ਜੰਗਲੀ ਬਿਰਛਾਂ ਦਾ ਇਕ ਸੰਘਣਾ ਜੰਗਲ ਤਿਆਰ ਹੋ ਗਿਆ ਹੈ। ਲੋਕ ਉਧਰ ਦਿਨੇ ਵੀ ਨਹੀਂ ਜਾਂਦੇ। ਕਲਮੀ ਅੰਬਾਂ ਦਾ ਬਾਗ਼ ਤਹਿਸੀਲਦਾਰ ਸਾਹਿਬ ਨੇ ਬੰਦੋਬਸਤ ਵਿਚ ਲੈ ਲਿਆ ਹੈ। ਇਸ ਲਈ ਅੰਬਾਂ ਦਾ ਬਾਗ਼ ਸਾਫ਼ ਸੁਥਰਾ ਹੈ, ਪਰ ਕੋਠੀ ਦੇ ਜੰਗਲ ਵਿਚ ਤਾਂ ਦਿਨੇ ਹੀ ਗਿੱਦੜ ਬੋਲਦੇ ਨੇ। ਲੋਕ ਉਹਨੂੰ ਭੂਤਨਿਆਂ ਦਾ ਜੰਗਲ ਕਹਿੰਦੇ ਨੇ। ਤਤਮਾਂ ਟੋਲੇ ਦਾ ਨੰਦ ਲਾਲ ਇਕ ਵਾਰ ਇੱਟ ਲਿਆਉਣ ਲਈ ਗਿਆ ਸੀ। ਇੱਟ ਨੂੰ ਹੱਥ ਲਾਉਂਦਿਆਂ ਹੀ ਖ਼ਤਮ ਹੋ ਗਿਆ ਸੀ। ਜੰਗਲ 'ਚੋਂ ਇਕ ਪ੍ਰੇਤਣੀ ਨਿਕਲੀ ਤੇ ਨੰਦ ਲਾਲ ਨੂੰ ਕੋਰੜੇ ਨਾਲ ਕੁੱਟਣ ਲੱਗੀ — ਸੱਪ ਦੇ ਕੋਰੜੇ ਨਾਲ। ਨੰਦ ਲਾਲ ਉਥੇ ਹੀ ਢੇਰੀ ਹੋ ਗਿਆ। ਬਗਲੇ ਵਰਗੀ ਚਿੱਟੀ ਪ੍ਰੇਤਣੀ।

ਮੇਰੀ ਗੰਜ ਕਾਫ਼ੀ ਵੱਡਾ ਪਿੰਡ ਹੈ। ਬਾਰਾਂ ਬਰਨਾਂ ਦੇ ਲੋਕ ਰਹਿੰਦੇ ਨੇ। ਪਿੰਡ ਦੇ ਪੂਰਵ ਵਿਚ ਇਕ ਧਾਰ ਵਗਦੀ ਹੈ, ਜਿਸ ਨੂੰ ਕਮਲਾ ਨਦੀ ਕਹਿੰਦੇ ਨੇ। ਬਰਸਾਤ ਦੇ ਦਿਨਾਂ ਵਿਚ ਕਮਲਾ ਭਰ ਜਾਂਦੀ ਹੈ, ਬਾਕੀ ਮੌਸਮਾਂ ਵਿਚ ਬੜੇ ਬੜੇ ਟੋਇਆਂ ਤੇ ਛੱਪੜਾਂ ਵਿਚ ਪਾਣੀ ਜਮ੍ਹਾਂ ਰਹਿੰਦਾ ਹੈ, ਮਛਲੀਆਂ ਤੇ ਕਮਲ ਦੇ ਫੁੱਲਾਂ ਨਾਲ ਭਰੇ ਹੋਏ ਛੱਪੜ। ਪੋਹ ਦੀ ਪੂੰਨਿਆਂ ਵਾਲੇ ਦਿਨ ਇਨ੍ਹਾਂ ਛੱਪੜਾਂ ਕੋਲ ਕੇਸੀਂ ਇਸ਼ਨਾਨ ਲਈ ਸਵੇਰ ਤੋਂ ਸ਼ਾਮ ਤਕ ਭੀੜ ਲੱਗੀ ਰਹਿੰਦੀ ਹੈ। ਰੌਤਹੱਟ ਸਟੇਸ਼ਨ ਤੋਂ ਹਲਵਾਈ ਤੇ ਪਰਚੂਨ ਦੀਆਂ ਦੁਕਾਨਾਂ ਆਉਂਦੀਆਂ ਨੇ। ਕਮਲਾ ਮਾਈ ਦੇ ਮਹਾਤਮ ਬਾਰੇ ਪਿੰਡ ਦੇ ਲੋਕ ਤਰ੍ਹਾਂ ਤਰ੍ਹਾਂ ਦੀਆਂ ਕਹਾਣੀਆਂ ਦਸਦੇ ਨੇ '.........ਪਿੰਡ ਵਿਚ ਕਿਸੇ ਦੇ ਘਰ ਵਿਆਹ ਸ਼ਾਦੀ ਜਾਂ ਸਰਾਧ ਹੋਵੇ, ਘਰ ਦਾ ਮਾਲਕ ਇਸ਼ਨਾਨ ਕਰ ਕੇ ਗਲ ਵਿਚ ਕੱਪੜੇ ਦਾ ਪਰਨਾ ਪਾ ਕੇ ਕਮਲਾ ਮਾਈ ਨੂੰ ਪਾਨ ਸੁਪਾਰੀ ਨਾਲ ਸੱਦਾ ਦਿੰਦਾ ਸੀ। ਇਸ ਤੋਂ ਬਾਅਦ ਪਾਣੀ ਵਿਚ ਛੱਲਾਂ ਉਠਦੀਆਂ ਸਨ। ਬਿਲਕੁਲ ਉਸੇ ਤਰ੍ਹਾਂ ਜਿਵੇਂ ਨੀਲ ਦੇ ਹੌਜ਼ ਵਿਚ ਨੀਲ ਰਿੜਕਿਆ ਜਾ ਰਿਹਾ ਹੋਵੇ। ਫੇਰ ਕਿਨਾਰੇ ਤੇ ਚਾਂਦੀ ਦੇ ਥਾਲਾਂ

ਕੌਲੀਆਂ ਤੇ ਗਿਲਾਸਾਂ ਦਾ ਢੇਰ ਲੱਗ ਜਾਂਦਾ ਸੀ। ਘਰ ਦਾ ਮਾਲਕ ਸਾਰੇ ਬਰਤਨਾਂ ਨੂੰ ਗਿਣ ਕੇ ਲੈ ਜਾਂਦਾ ਸੀ। ਤੇ ਭੋਜ ਸਮਾਪਤ ਹੁੰਦਿਆਂ ਹੀ ਕਮਲਾ ਮਾਈ ਨੂੰ ਵਾਪਸ ਕਰ ਜਾਂਦਾ ਸੀ, ਪਰ ਸਾਰਿਆਂ ਦੀ ਨੀਅਤ ਇਕੋ ਜਿਹੀ ਨਹੀਂ ਹੁੰਦੀ। ਇਕ ਵਾਰ ਇਕ ਬੰਦੇ ਨੇ ਕੁਝ ਥ ਲੀਆਂ ਤੇ ਕੌਲੀਆਂ ਚੁਰਾ ਲਈਆਂ, ਬਸ ਉਸੇ ਦਿਨ ਤੋਂ ਮਾਈ ਨੇ ਬਰਤਨ ਦਾਨ ਬੰਦ ਕਰ ਦਿੱਤਾ ਅਤੇ ਉਸ ਘਰ ਦੇ ਮਾਲਕ ਦਾ ਤਾਂ ਖ਼ਾਨਦਾਨ ਹੀ ਬੰਦ ਹੋ ਗਿਆ — ਇਕ ਦਮ ਨਿਰਮੂਲ । ਉਸ ਵਿਗੜੀ ਨੀਤ ਵਾਲੇ ਘਰ ਦੇ ਮਾਲਕ ਬਾਰੇ ਪਿੰਡ ਵਿਚ ਦੋ ਰਾਵਾਂ ਹਨ — ਰਾਜਪੂਤ ਟੋਲੀ ਦੇ ਲੋਕਾਂ ਦਾ ਕਹਿਣਾ ਹੈ, ਉਹ ਕਾਇਸਥ ਟੋਲੀ ਦਾ ਬੰਦਾ ਸੀ, ਕਾਇਸਥ ਟੋਲੀ ਵਾਲੇ ਕਹਿੰਦੇ ਨੇ, ਉਹ ਰਾਜਪੂਤ ਸੀ।

ਰਾਜਪੂਤਾਂ ਤੇ ਕਾਇਸਥਾਂ ਵਿਚ ਪੁਸ਼ਤਾਂ ਤੋਂ ਝਗੜੇ ਤੇ ਮਨ ਮੁਟਾ ਹੁੰਦਾ ਆਇਆ ਹੈ। ਬ੍ਰਾਹਮਣਾਂ ਦੀ ਗਿਣਤੀ ਘੱਟ ਹੈ, ਇਸ ਲਈ ਉਹ ਸਦਾ ਤੀਸਰੀ ਸ਼ਕਤੀ ਦਾ ਕਰਤੱਵ ਪੂਰਾ ਕਰਦੇ ਰਹੇ ਨੇ । ਹੁਣ ਕੁਝ ਦਿਨਾਂ ਤੋਂ ਯਾਦਵਾਂ ਦੇ ਟੋਲੇ ਨੇ ਵੀ ਜ਼ੋਰ ਵਿਖਾਇਆ ਹੈ। ਜਿਨੇਊ ਲੈਣ ਪਿੱਛੋਂ ਵੀ ਰਾਜਪੂਤਾਂ ਨੇ ਯਦੂ ਵੰਸ਼ੀ ਖੱਤਰੀਆਂ ਨੂੰ ਮਾਨਤਾ ਨਹੀਂ ਦਿੱਤੀ । ਇਸ ਦੇ ਉਲਟ ਸਮੇਂ ਸਮੇਂ ਸਿਰ ਯਦੂ ਵੰਸ਼ੀਆਂ ਦੇ ਖੱਤਰੀਪੁਣੇ ਨੂੰ ਉਹ ਵਿਅੰਗ ਦੇ ਤੀਰਾ ਨਾਲ ਉਭਾਰਦੇ ਰਹੇ ਨੇ। ਇਕ ਵਾਰ ਯਦੂ ਵੰਸ਼ੀਆਂ ਨੇ ਖੁਲ੍ਹੀ ਚੁਨੌਤੀ ਦੇ ਦਿੱਤੀ ਗੱਲ ਵਧ ਚਲੀ ਸੀ, ਦੋਵਾਂ ਪਾਸਿਆਂ ਦੇ ਲੋਕ ਡਟੇ ਹੋਏ ਸਨ, ਯਦੂ ਵੰਸ਼ੀਆਂ ਨੂੰ ਕਾਇਸਥ ਟੋਲੀ ਦੇ ਮੁਖੀਏ ਤਹਿਸੀਲਦਾਰ ਵਿਸ਼ਵਨਾਥ ਪ੍ਰਸਾਦ ਮਲਿਕ ਨੇ ਵਿਸ਼ਵਾਸ ਦੁਆਇਆ ਮਾਮਲੇ ਮੁਕੱਦਮੇ ਦੀ ਪੂਰੀ ਪੈਰਵੀ ਕਰਾਂਗੇ । ਜ਼ਿਮੀਂਦਾਰ ਕਚਹਿਰੀ ਦੇ ਵਕੀਲ ਬਸੰਤੇ ਬਾਬੂ ਕਹਿ ਰਹੇ ਸਨ, ਯਾਦਵਾਂ ਨੂੰ ਸਰਕਾਰ ਨੇ ਰਾਜਪੂਤ ਮੰਨ ਲਿਆ ਹੈ, ਇਸ ਦਾ ਮੁਕੱਦਮਾ ਤਾਂ ਧੂਮ ਧਾਮ ਨਾਲ ਚਲੇਗਾ ਵਕੀਲ ਸਾਹਿਬ ਆਪ ਕਹਿ ਰਹੇ ਸਨ ।

ਰਾਜਪੂਤਾਂ ਨੂੰ ਬ੍ਰਾਹਮਣ ਟੋਲੀ ਦੇ ਪੰਡਿਤਾਂ ਨੇ ਸਮਝਾਇਆ — ਜਦੋਂ ਜਦੋਂ ਧਰਮ ਦੀ ਹਾਨੀ ਹੋਈ ਹੈ, ਰਾਜਪੂਤਾਂ ਨੇ ਹੀ ਉਨ੍ਹਾਂ ਦੀ ਰੱਖਿਆ ਕੀਤੀ ਹੈ। ਘੋਰ ਕਲਜੁਗ ਦਾ ਪਹਿਰਾ ਹੈ, ਰਾਜਪੂਤ ਆਪਣੀ ਵੀਰਤਾ ਨਾਲ ਧਰਮ ਨੂੰ ਬਚਾ ਲੈਣ।.........ਪਰ ਗੱਲ ਵਧੀ ਨਹੀਂ। ਪਤਾ ਨਹੀਂ ਇਹ ਧਰਮ ਯੁੱਧ ਕਿਵੇਂ ਰੁਕ ਗਿਆ। ਬ੍ਰਾਹਮਣ ਟੋਲੀ ਦੇ ਬੁੱਢੇ ਜਿਓਤਸ਼ੀ ਜੀ ਅੱਜ ਵੀ ਕਹਿੰਦੇ ਨੇ — ਇਹ ਰਾਜਪੂਤਾਂ ਦੇ ਚੁੱਪ ਰਹਿਣ ਦਾ ਨਤੀਜਾ ਹੈ ਕਿ ਅੱਜ ਹਰ ਪਾਸੇ ਹਰ ਜਾਤ ਦੇ ਲੋਕ ਗੱਲ 'ਚ ਜਨੇਊ ਪਾਈ ਫਿਰਦੇ ਨੇ।.........ਭੂਮਤੋੜ ਖੱਤਰੀ ਤਾਂ ਕਦੀ ਨਹੀਂ ਸੁਣਿਆਂ ਸੀ ......... ਸ਼ਿਵ ਹੋ। ਸ਼ਿਵ ਹੋ।

ਹੁਣ ਪਿੰਡ ਵਿਚ ਤਿੰਨ ਪ੍ਰਮੁੱਖ ਦਲ ਹਨ, ਕਾਇਸਥ, ਰਾਜਪੂਤ ਅਤੇ ਯਾਦਵ ।

ਬ੍ਰਾਹਮਣ ਲੋਕ ਹੁਣ ਵੀ ਤੀਜੀ ਸ਼ਕਤੀ ਹਨ। ਪਿੰਡ ਦੇ ਬਾਕੀ ਜਾਤਾਂ ਦੇ ਲੋਕ ਵੀ ਮੌਕੇ ਮੁਤਾਬਕ ਇਹਨਾਂ ਤਿੰਨਾਂ ਦਲਾਂ ਵਿਚ ਵੰਡੇ ਹੋਏ ਹਨ।

ਕਾਇਸਥ ਟੋਲੀ ਦੇ ਮੁਖੀ ਵਿਸ਼ਵਨਾਥ ਪ੍ਰਸਾਦ ਮਲਿਕ, ਰਾਜਪਾਰਬੰਗਾ ਦੇ ਤਹਿਸੀਲ-ਦਾਰ ਹਨ। ਤਹਿਸੀਲਦਾਰੀ ਉਹਨਾਂ ਦੇ ਖ਼ਾਨਦਾਨ ਵਿਚ ਤਿੰਨ ਪੁਸ਼ਤਾਂ ਤੋਂ ਚਲੀ ਆ ਰਹੀ ਹੈ। ਇਸੇ ਦੇ ਸਹਾਰੇ ਤਹਿਸੀਲਦਾਰ ਸਾਹਿਬ ਅੱਜ ਇਕ ਹਜ਼ਾਰ ਬਿੱਘਾ ਜ਼ਮੀਨ ਦੇ ਬੜੇ ਵੱਡੇ ਕਾਸ਼ਤਕਾਰ ਹਨ। ਕਾਇਸਥ ਟੋਲੀ ਨੂੰ ਪਿੰਡ ਦੀਆਂ ਦੂਜੀਆਂ ਜਾਤਾਂ ਦੇ ਲੋਕ 'ਮਾਲਿਕ ਟੋਲਾ' ਕਹਿੰਦੇ ਨੇ। ਰਾਜਪੂਤ ਟੋਲੀ ਦੇ ਲੋਕ ਕਹਿੰਦੇ ਨੇ — 'ਕੈਥ ਟੋਲੀ'।

ਠਾਕੁਰ ਰਾਮ ਕਿਰਪਾਲ ਸਿੰਘ ਰਾਜਪੂਤ ਟੋਲੀ ਦੇ ਮੁਖੀ ਹਨ। ਉਹਨਾਂ ਦੇ ਦਾਦਾ ਮਹਾਰਾਣੀ ਚੰਪਾਵਤੀ ਦੀ ਸਟੇਟ ਦੇ ਸਿਪਾਹੀ ਸਨ ਅਤੇ ਵਿਸ਼ਵਨਾਥ ਪ੍ਰਸਾਦ ਦੇ ਦਾਦਾ ਤਹਿਸੀਲਦਾਰ। ਕਹਿੰਦੇ ਨੇ ਕਿ ਜਦੋਂ ਮਹਾਰਾਣੀ ਚੰਪਾਵਤੀ ਤੇ ਪਾਰਬੰਗਾ ਰਾਜ ਵਿਚਕਾਰ ਦੀਵਾਨੀ ਮੁਕੱਦਮਾ ਚਲ ਰਿਹਾ ਸੀ ਤਾਂ ਵਿਸ਼ਵਨਾਥ ਪ੍ਰਸਾਦ ਦੇ ਦਾਦਾ ਰਾਜ ਪਾਰਬੰਗਾ ਸਟੇਟ ਨਾਲ ਮਿਲ ਗਏ ਸਨ। ਸਟੇਟ ਵਾਲਿਆਂ ਨੂੰ ਮਹਾਰਾਣੀ ਦੇ ਸਾਰੇ ਗੁਪਤ ਕਾਗਜ਼ ਪੱਤਰ ਮਿਲ ਗਏ ਤੇ ਮਹਾਰਾਣੀ ਮੁਕੱਦਮਾ ਹਾਰ ਗਈ। ਕਾਸ਼ੀ ਜਾਣ ਤੋਂ ਪਹਿਲਾਂ ਮਹਾਰਾਣੀ ਨੇ ਰਾਮ ਕਿਰਪਾਲ ਸਿੰਘ ਦੇ ਨਾਂ ਆਪਣੀ ਬਚੀ ਹੋਈ ਤਿੰਨ ਸੌ ਬਿੱਘੇ ਜ਼ਮੀਨ ਦੀ ਲਿਖਾ ਪੜ੍ਹੀ ਕਰ ਦਿਤੀ ਸੀ। ਰਾਮ ਕਿਰਪਾਲ ਸਿੰਘ ਕਹਿੰਦੇ ਨੇ ਕਿ ਉਨ੍ਹਾਂ ਦੇ ਦਾਦੇ ਨੇ ਮਹਾਰਾਣੀ ਨੂੰ ਇਕ ਵਾਰ ਇਕੱਲਿਆਂ ਹੀ ਡਕੈਤਾਂ ਹੱਥੋਂ ਬਚਾਇਆ ਸੀ, ਉਸੇ ਦੇ ਇਨਾਮ ਵਿਚ ਮਹਾਰਾਣੀ ਨੇ ਦਾਨ ਪੱਤਰ ਲਿਖ ਦਿੱਤਾ ਸੀ। ਕਾਇਸਥ ਟੋਲੀ ਦੇ ਲੋਕ ਰਾਜਪੂਤ ਟੋਲੀ ਨੂੰ ਸਪਾਟਾ ਟੋਲੀ ਕਹਿੰਦੇ ਨੇ।

ਯਾਦਵਾਂ ਦਾ ਦਲ ਨਵਾਂ ਹੈ। ਇਨ੍ਹਾਂ ਦੇ ਮੁਖੀ ਖਿਲਾਵਨ ਯਾਦਵ ਨੂੰ ਦਸ ਵਰ੍ਹੇ ਪਹਿਲਾਂ ਤਕ ਲੋਕਾਂ ਨੇ ਮੱਝਾਂ ਚਰਾਂਦਿਆਂ ਵੇਖਿਆ ਹੈ। ਦੁੱਧ ਘਿਓ ਦੀ ਬਿਕਰੀ ਤੋਂ ਕੱਠੇ ਕੀਤੇ ਹੋਏ ਪੈਸੇ ਦੀ ਗੱਲ ਜਦੋਂ ਚਹੁੰ ਪਾਸੀਂ ਬੁਰੀ ਤਰ੍ਹਾਂ ਖਿੰਡ ਗਈ ਤਾਂ ਖਿਲਵਾਨ ਨੂੰ ਬੜੀ ਚਿੰਤਾ ਹੋਈ। ਕਈ ਮਹੀਨੇ ਤਹਿਸੀਲਦਾਰ ਦੇ ਘਰ ਵਲ ਦੌੜਦੇ ਰਹੇ, ਸਰਕਲ ਮੈਨੇਜਰ ਨੂੰ ਡਾਲੀ ਚੜ੍ਹਾਈ, ਸਿਪਾਹੀਆਂ ਨੂੰ ਦੁੱਧ ਘਿਓ ਪਿਲਾਇਆ ਤੇ ਅੰਤ ਵਿਚ ਕਮਲਾ ਦੇ ਕਿਨਾਰੇ ਪੰਜਾਹ ਬਿੱਘੇ ਜ਼ਮੀਨ ਦੀ ਬੰਦੋਬਸਤੀ ਹੋ ਸਕੀ। ਹੁਣ ਤਾਂ ਡੇਢ ਸੌ ਬਿੱਘੇ ਦੀ ਜੋਤ ਹੈ। ਬੜਾ ਪੁੱਤਰ ਸਕਲਦੀਪ ਅਰੀਆਬੇਰਗਾਤੀ ਵਿਚ, ਨਾਨੇ ਦੇ ਘਰ ਰਹਿ ਕੇ ਹਾਈ ਸਕੂਲ ਵਿਚ ਪੜ੍ਹਦਾ ਹੈ। ਖਿਲਵਾਨ ਸਿੰਘ ਯਾਦਵ ਨੂੰ ਲੋਕ ਨਵਾਂ ਮੋਤ੍ਹਬਰ ਕਹਿੰਦੇ ਹਨ, ਪਰ ਯਾਦਵ ਖੱਤਰੀ ਟੋਲੀ ਨੂੰ ਹੁਣ ਗੁਆਰ ਟੋਲੀ ਕਹਿਣ ਦੀ ਹਿੰਮਤ ਕੋਈ ਨਹੀਂ ਕਰਦਾ। ਯਾਦਵ ਟੋਲੀ ਵਿਚ ਬਾਰਾਂ ਮਹੀਨੇ ਸ਼ਾਮਾਂ ਵੇਲੇ ਅਖਾੜਾ ਲਗਦਾ ਹੈ। ਦਿਨ ਦੇ ਚਾਰ ਵਜੇ ਤੋਂ ਹੀ ਸ਼ੋਭਨ ਮੋਚੀ ਢੋਲ ਵਜਾਉਂਦਾ ਰਹਿੰਦਾ ਹੈ —

ਢਾਕ ਢਿੱਨਾ ਢਾਕ ਢਿਨਾ ਢੋਲ ਦੇ ਹਰ ਤਾਲ ਤੇ ਯਾਦਵ ਟੋਲੀ ਦੇ ਬੁੱਢੇ ਬੱਚੇ, ਜਵਾਨ ਡੰਡ ਬੈਠਕਾਂ ਤੇ ਭਲਵਾਨੀ ਦੇ ਪੈਂਤੜੇ ਸਿਖਦੇ ਨੇ।

ਸਾਰੇ ਮੇਰੀ ਗੰਜ ਵਿਚ ਦਸ ਬੰਦੇ ਪੜ੍ਹੇ ਲਿਖੇ ਨੇ — ਪੜ੍ਹੇ ਲਿਖੇ ਹੋਣ ਦਾ ਮਤਲਬ ਹੈ ਆਪਣੇ ਦਸਤਖ਼ਤ ਕਰਨ ਤੋਂ ਲੈ ਕੇ ਤਹਿਸੀਲਦਾਰੀ ਕਰਨ ਤਕ ਦੀ ਪੜ੍ਹਾਈ। ਨਵੇਂ ਪੜ੍ਹਾਕੂਆਂ ਦੀ ਗਿਣਤੀ ਹੈ ਪੰਦਰਾਂ।

ਪਿੰਡ ਦੀ ਮੁਖ ਉਪਜ ਹੈ ਧਾਨ, ਪਟਸਨ ਤੇ ਖੇਸਾਰੀ। ਰੱਬੀ ਦੀ ਫ਼ਸਲ ਵੀ ਕਦੀ ਕਦੀ ਚੰਗੀ ਹੋ ਜਾਂਦੀ ਹੈ।

## ਤਿੰਨ

ਡਿਸਟੀਬੋਟ ਦੇ ਮਿਸਤਰੀ ਲੋਕ ਆਏ ਹੋਏ ਨੇ, ਬਾਲਦੇਵ ਦੇ ਉਤਸ਼ਾਹ ਦਾ ਕੋਈ ਪਾਰਾਵਾਰ ਨਹੀਂ ਹੈ। ਆਫੀਸੀਅਰ ਬਾਬੂ ਨੇ ਤਹਿਸੀਲਦਾਰ ਸਾਹਿਬ ਅਤੇ ਰਾਮ ਕਿਰਪਾਲ ਦੇ ਸਾਹਮਣੇ ਹੀ ਕਿਹਾ ਸੀ — 'ਤੁਸੀਂ ਤਾਂ ਦੇਸ਼ ਦੇ ਸੇਵਕ ਹੋ।' ਸਾਰਿਆਂ ਨੇ ਸੁਣਿਆ ਸੀ। ਦੁਨੀਆਂ ਵਿਚ ਧਨ ਕੀ ਹੈ ? ਤਹਿਸੀਲਦਾਰ ਸਾਹਿਬ ਅਤੇ ਸਿੰਘ ਜੀ ਕੋਲ ਪੈਸਾ ਹੈ, ਪਰ ਜਿਹੜੀ ਇੱਜ਼ਤ ਬਾਲਦੇਵ ਦੀ ਹੈ, ਉਨ੍ਹਾਂ ਨੂੰ ਕਿੱਥੋਂ ਮਿਲੇਗੀ। ਯਾਦਵ ਟੋਲੀ ਦੇ ਲੋਕਾਂ ਨੇ ਬਾਲਦੇਵ ਤੋਂ ਉਸੇ ਦਿਨ ਮਾਫ਼ੀ ਮੰਗ ਲਈ ਸੀ, 'ਬਾਲਦੇਵ ਭਰਾ ਜੀ.... ...ਅਸੀਂ ਲੋਕ ਤਾਂ ਹੋਏ ਮੂਰਖ ਅਤੇ ਤੁਸੀਂ ਗਿਆਨੀ। ਅਸੀਂ ਤਾਂ ਖੂਹ ਦੇ ਡੱਡੂ ਹਾਂ। ਤੁਸੀਂ ਤਾਂ ਦੇਸ਼ ਵਿਦੇਸ਼ 'ਚ ਘੁੰਮੇ ਹੋਏ ਹੋ, ਵੱਡੇ ਵੱਡੇ ਲੋਕਾਂ ਨਾਲ ਵੀ ਰਹੇ ਹੋ। ਸਾਡਾ ਕਸੂਰ ਮਾਫ਼ ਕਰ ਦਿਓ।'

ਉਸੇ ਦਿਨ ਤੋਂ ਖਿਲਾਵਨ ਸਿੰਘ, ਯਾਦਵ ਬਾਲਦੇਵ ਨੂੰ ਆਪਣੇ ਕੋਲ ਰਹਿਣ ਲਈ ਪਰੇਰ ਰਿਹਾ ਹੈ, 'ਜਾਤ ਦਾ ਨਾਂ ਜਾਤ ਦੀ ਇੱਜ਼ਤ ਤਾਂ ਤੁਹਾਡੇ ਜਿਹੇ ਬੰਦਿਆਂ ਦੇ ਹੱਥ ਵਿਚ ਹੈ, ਤੁਸੀਂ ਕੋਈ ਪਰਾਏ ਹੋ ? ਤੁਹਾਡੀ ਮਾਸੀ ਮੇਰੀ ਚਾਚੀ ਹੀ ਲਗਦੀ ਹੋਵੇਗੀ। ਆਪਾਂ ਤਾਂ ਭਰਾ ਭਰਾ ਹੀ ਹਾਂ।''

ਖਿਲਾਵਨ ਦੀ ਘਰ ਵਾਲੀ ਆਪ ਆ ਕੇ ਬਾਲਦੇਵ ਦੀ ਬੁੱਢੀ ਮਾਸੀ ਨੂੰ ਕਹਿ ਗਈ "ਘਰ ਬਾਰ ਸਭ ਤੁਹਾਡਾ ਹੀ ਹੈ, ਜਿਸ ਘਰ ਵਿਚ ਇਕ ਵੀ ਬੁੱਢੀ ਨਹੀਂ, ਉਸ ਘਰ ਦਾ ਕੀ ਹੱਜ ਹੈ। ਮੈਂ ਕੱਲੀ ਕਾਰੀ ਕੀ ਕਰਾਂ, ਦੁੱਧ ਘਿਓ ਵਲ ਵੇਖਾਂ ਕਿ ਗੋਹੇ ਕੂੜੇ ਵਲ ?''

ਬਾਲਦੇਵ ਦੀ ਬੁੱਢੀ ਮਾਸੀ ਦੀ ਦੁਨੀਆਂ ਹੀ ਬਦਲ ਗਈ। ਕੱਲ੍ਹ ਤਕ ਘਰ-ਘਰ ਘੁੰਮ ਫਿਰ ਕੇ ਕਦਾਈ ਪਸਾਈ ਕਰਦੀ ਫਿਰਦੀ ਸੀ, ਪਰ ਅੱਜ ਪਿੰਡ ਦੀ ਮਾਲਕਣ

ਆਪ ਆ ਕੇ ਉਹਨੂੰ ਸਾਰੇ ਘਰ ਦੀ ਮਾਲਕਣ ਬਣਾ ਗਈ।

ਮਿਸਤਰੀ ਲੋਕ ਆਏ ਨੇ। ਬਾਲਦੇਵ ਪਿੰਡ ਦੇ ਟੋਲੇ ਵਿਚ ਘੁੰਮਦਾ ਰਿਹਾ, "ਡਿਸਟੀਬੋਟ ਦੇ ਮਿਸਤਰੀ ਜੀ ਲੋਕ ਆਏ ਹਨ, ਕੱਲ੍ਹ ਤੋਂ ਕੰਮ ਸ਼ੁਰੂ ਹੋ ਜਾਣਾ ਚਾਹੀਦਾ ਹੈ। ਮਲੇਰੀਆ ਬੁਖ਼ਾਰ ਮੱਛਰ ਲੜਨ ਨਾਲ ਹੁੰਦਾ ਹੈ, ਪਰ ਕੁਨੈਨ ਖਾਣ ਨਾਲ ਜਿੰਨਾ ਵੀ ਮੱਛਰ ਲੜੇ ਕੁਝ ਨਹੀਂ ਹੁੰਦਾ।" ਤਤਮਾਂ ਟੋਲੀ (ਤੰਤਰਿਮਾ ਖੱਤਰੀ ਟੋਲੀ) ਵਿਚ ਮਹਿੰਗੂ ਦਾਸ ਦੇ ਘਰ ਕੋਲ ਬਾਲਦੇਵ ਦੀਆਂ ਗੱਲਾਂ ਨੂੰ ਲੋਕ ਬੜੇ ਅਸਚਰਜ ਨਾਲ ਸੁਣ ਰਹੇ ਨੇ। ਵਿਹੜੇ ਦੀਆਂ ਜ਼ਨਾਨੀਆਂ ਵੀ ਘੁੰਡ ਕੱਢੀ ਪਰਦੇ ਕੋਲ ਖੜੀਆਂ ਸੁਣ ਰਹੀਆਂ ਨੇ, "ਹੁਣ ਰਾਤ ਭਰ ਗੋਹਏ ਜਲਾ ਕੇ ਧੂੰਆਂ ਕਰਨ ਦਾ ਸਿਆਪਾ ਨਹੀਂ, ਲੜ ਲਵੇ ਜਿੰਨਾ ਮਰਜ਼ੀ ਮੱਛਰ।"

ਪੋਲੀਆ ਟੋਲੀ, ਤੰਤਰਿਮਾਂ ਛੱਤਰੀ ਟੋਲੀ, ਯਦੂ ਵੰਸ਼ੀ ਛੱਤਰੀ ਟੋਲੀ, ਗਿਹਲੋਤ ਛੱਤਰੀ ਟੋਲੀ, ਕਰਮ ਛੱਤਰੀ ਟੋਲੀ, ਆਮਾਤ ਬ੍ਰਾਹਮਣ ਟੋਲੀ, ਧਨੁੱਖਧਾਰੀ ਛੱਤਰੀ ਟੋਲੀ, ਖ਼ੁਸ਼ਵਾਹਾ ਛੱਤਰੀ ਟੋਲੀ ਅਤੇ ਰੈਦਾਸ ਟੋਲੀ ਦੇ ਲੋਕਾਂ ਨੇ ਬਚਨ ਦਿੱਤਾ, ਸੱਤ ਦਿਨਾਂ ਤਕ ਕੋਈ ਕੰਮ ਨਹੀਂ ਕਰਾਂਗੇ। ਮਾਲਕਾਂ ਨੂੰ ਕਹੋ — ਹਲਵਾਲ ਕੋੜਕਮਾਨ ਬੰਦ ਰਖਣ। ਕਰਨਾ ਹੀ ਕੀ ਹੈ? ਇਕ ਇਸਪਿਤਾਲ ਦਾ ਘਰ, ਇਕ ਡਾਕਦਾਰ ਬਾਬੂ ਦਾ ਘਰ, ਇਕ ਰਸੋਈ ਘਰ ਅਤੇ ਇਕ ਘਰ ਫ਼ਾਲਤੂ। ਸੱਤ ਦਿਨਾਂ ਵਿਚ ਹੀ ਸਾਰਾ ਕੰਮ ਰੈਟ ਹੋ ਜਾਵੇਗਾ।"

ਧਨੁੱਖਧਾਰੀ ਟੋਲੀ ਦੇ ਤਨੁਕ ਲਾਲ ਨੇ ਇਕ ਸਵਾਲ ਖੜਾ ਕਰ ਦਿਤਾ, "ਪਰ ਹਲਵਾਲ ਕੰਮ ਕਾਜ ਬੰਦ ਕਰਨ ਨਾਲ ਮਾਲਕ ਲੋਕ ਮਜੂਰੀ ਤਾਂ ਨਹੀਂ ਦੇਣਗੇ, ਇਕ ਦੋ ਦਿਨਾਂ ਦੀ ਗੱਲ ਹੋਵੇ ਤਾਂ ਕਿਸੇ ਤਰ੍ਹਾਂ ਸਾਰਿਆ ਵੀ ਜਾ ਸਕਦਾ ਹੈ। ਸੱਤ ਦਿਨਾ ਤਕ ਬਿਨਾ ਮਜੂਰੀ ਦੇ? ਇਹ ਜ਼ਰਾ ਔਖਾ ਲਗਦਾ।.........ਤਤਮਾਂ ਅਤੇ ਦੁਸਾਧ ਟੋਲੀ ਦੇ ਲੋਕਾਂ ਦੀ ਗੱਲ ਛੱਡੋ। ਉਹਨਾਂ ਦੀਆਂ ਜ਼ਨਾਨੀਆਂ ਹੈਨ, ਸਵੇਰ ਤੋਂ ਦੁਪਹਿਰ ਤਕ ਕਮਲਾ ਵਿਚ ਪਾਣੀ ਛਾਣ ਕੇ ਇਕ ਦੋ ਸੇਰ ਗੇਚੀ ਮੱਛਲੀ ਕੱਢ ਲੈਣਗੀਆਂ, ਚਾਰ ਸੇਰ ਧਾਨ ਦਾ ਹਿੱਸਾ ਬਣਾ ਲੈਣਗੀਆਂ, ਬਾਬੂ ਲੋਕਾਂ ਦੇ ਘਾਹ ਫੂਸ ਦੇ ਢੇਰ ਕੋਲੋਂ ਧਰਤੀ ਖੁਰਚ ਕੇ ਚੂਹਿਆਂ ਦੀਆਂ ਖੁੱਡਾਂ ਨੂੰ ਵੀ ਪੁੱਟ ਕੇ ਕੁਝ ਧਾਨ ਜਮ੍ਹਾਂ ਕਰ ਲੈਣਗੀਆਂ, ਨਹੀਂ ਤਾਂ ਕੋਠੀ ਦੇ ਜੰਗਲ 'ਚੋਂ ਖਮਰ ਆਲੂ ਪੁੱਟ ਲਿਆਉਣਗੀਆਂ। ਰੋਤਹੱਟ ਦੀ ਮੰਡੀ ਵਿਚ ਕਟੀਹਾਰ ਮਿੱਲ ਦੇ ਕੁਲੀ ਲੋਕ ਚਾਰ ਆਨੇ ਸੇਰ ਖਮਰ ਆਲੂ ਹੱਥੋ ਹੱਥ ਚੁੱਕ ਲੈਂਦੇ ਨੇ, ਪਰ ਹੋਰ ਲੋਕਾਂ ਲਈ ਤਾਂ ਬੜਾ ਔਖਾ ਹੈ।"

ਬਾਲਦੇਵ ਨੇ ਨਿਰਾਸ਼ ਹੋ ਕੇ ਪੁੱਛਿਆ, "ਹੁਣ ਕੀ ਕੀਤਾ ਜਾਵੇ?"

ਤਨੁਕ ਲਾਲ ਕੋਲ ਸਮੱਸਿਆ ਦਾ ਹੱਲ ਪਹਿਲਾਂ ਹੀ ਮੌਜੂਦ ਸੀ। ਬੋਲਿਆ, "ਇਕ ਉਪਾਅ ਹੈ, ਜੇਕਰ ਮਾਲਕ ਲੋਕ ਅੱਧੇ ਦਿਨ ਦੀ ਮੰਜੂਰੀ ਦੇ ਦੇਣ ਤਾਂ ਕੰਮ

ਬਣ ਜਾਵੇ।"

ਤਨੁਕ ਲਾਲ ਦੇ ਇਸ ਪ੍ਰਸਤਾਵ ਤੇ ਵਿਚਾਰ ਕਰਦਾ ਹੋਇਆ ਬਾਲਦੇਵ ਮਾਲਕ ਟੋਲੇ ਵਲ ਚਲ ਪਿਆ। ਵਿਸ਼ਵਨਾਥ ਬਾਬੂ ਤਾਂ ਮੰਨ ਜਾਣਗੇ, ਸਿੰਘ ਜੀ ਬਾਰੇ ਕੁਝ ਕਹਿਣਾ ਔਖਾ ਹੈ, ਸਪਾਹਟਾ ਟੋਲੇ ਦਾ ਬਿਰਜੂ ਸਿੰਘ, ਕੱਲ੍ਹ ਕਹਿ ਗਿਆ ਸੀ, "ਸਿੰਘ ਜੀ ਇਸਪਿਤਾਲ 'ਚ ਕੋਈ ਮਦਦ ਨਹੀਂ ਕਰਨਗੇ। ਕਹਿੰਦੇ ਸਨ, ਇਸਪਿਤਾਲ ਦਾ ਮੁਖ਼ਤਿਆਰ ਹੈ, ਵਿਸ਼ਵਨਾਥ ਤੇ ਬਾਲਦੇਵਾ।

ਬ੍ਰਾਹਮਣ ਟੋਲੀ ਤੋਂ ਕੋਈ ਉਮੀਦ ਰਖਣੀ ਤਾਂ ਬੇਕਾਰ ਹੀ ਸੀ। ਜਿਸ ਦਿਨ ਤੋਂ ਹਸਪਤਾਲ ਦੀ ਗੱਲ ਉਹਨਾਂ ਨੇ ਸੁਣੀ ਹੈ, ਦਿਨ ਰਾਤ ਡਾਕਟਰ ਤੇ ਅੰਗਰੇਜ਼ੀ ਦਵਾਈ ਦੇ ਖ਼ਿਲਾਫ਼ ਤਰ੍ਹਾਂ ਤਰ੍ਹਾਂ ਦੀਆਂ ਕਹਾਣੀਆਂ ਸੁਣਾਉਂਦੇ ਫਿਰਦੇ ਨੇ। ਜੋਤਖੀ ਜੀ ਦਾ ਵਿਸ਼ਵਾਸ ਹੈ ਕਿ ਡਾਕਟਰ ਲੋਕ ਹੀ ਰੋਗ ਫੈਲਾਉਂਦੇ ਨੇ। ਸੂਈ ਚੋਭ ਕੇ ਦੇਹ ਵਿਚ ਜ਼ਹਿਰ ਭਰ ਦਿੰਦੇ ਨੇ। ਆਦਮੀ ਸਦਾ ਲਈ ਕਮਜ਼ੋਰ ਹੋ ਜਾਂਦਾ ਹੈ। ਹੈਜ਼ੇ ਸਮੇਂ ਖੂਹਾਂ ਵਿਚ ਦੁਆ ਸੁੱਟ ਦਿੰਦੇ ਨੇ. ਪਿੰਡ ਦਾ ਪਿੰਡ ਹੈਜ਼ੇ ਨਾਲ ਖ਼ਤਮ ਹੋ ਜਾਂਦਾ ਹੈ। ਕਾਲੇ ਬੁਖ਼ਾਰ ਦਾ ਨਾਂ ਪਹਿਲਾਂ ਲੋਕਾਂ ਨੇ ਕਦੀ ਸੁਣਿਆਂ ਸੀ ? ਪੂਰਵ ਮੁਲਕ ਕਾਮਰੂਕਮਿੱਛਾ ਹਾਸਾਮ ਤੋਂ ਕਾਲੇ ਬੁਖ਼ਾਰ ਵਾਲਿਆਂ ਦਾ ਲਹੂ ਸ਼ੀਸ਼ੀ ਵਿਚ ਬੰਦ ਕਰਕੇ ਇਹੋ ਲੋਕ ਲਿਆਏ ਸਨ, ਅੱਜ ਕਲ ਘਰ ਘਰ ਕਾਲਾ ਬੁਖ਼ਾਰ ਫੈਲ ਗਿਆ ਹੈ।.........ਇਸ ਤੋਂ ਇਲਾਵਾ ਬਲੈਤੀ ਦਵਾ ਵਿਚ ਗਊ ਦਾ ਖ਼ੂਨ ਹੁੰਦਾ ਹੈ।

ਭਗਮਾਨ ਭਗਤ ਦੀ ਦੁਕਾਨ ਕੋਲ ਹੀ ਵਿਸ਼ਵਨਾਥ ਬਾਬੂ ਨਾਲ ਮੁਲਾਕਾਤ ਹੋ ਗਈ। ਤਨੁਕ ਲਾਲ ਦੇ ਪ੍ਰਸਤਾਵ ਨੂੰ ਸੁਣਦਿਆਂ ਹੀ ਵਿਸ਼ਵਨਾਥ ਬਾਬੂ ਚਿੜ੍ਹ ਗਏ। "ਪੋਂਜਾ ਟੋਲੀ ਦਾ ਤਨੁਕ ਲਾਲ ? ਆਪਣੇ ਆਪ ਨੂੰ ਬੜਾ ਕਾਬਲ ਸਮਝਦਾ ਹੈ, ਹਰ ਗੱਲ ਵਿਚ ਉਹ ਇਕ ਨਾ ਇਕ 'ਲੇਕਿਨ' ਜ਼ਰੂਰ ਘਸੋੜੇਗਾ। ਤੁਸੀਂ ਵੀ ਤਾਂ ਬਾਲਦੇਵ ਜੀ ਪੂਰੇ 'ਬਮਭੋਲਾਨਾਥ' ਹੋ। ਉਹਨੂੰ ਪੁੱਛਿਆ ਨਹੀਂ ਕਿ ਹਸਪਤਾਲ ਨਾਲ ਸਿਰਫ਼ ਮਾਲਕਾਂ ਦਾ ਹੀ ਭਲਾ ਹੋਵੇਗਾ ?"

ਭਗਮਾਨ ਭਗਤ ਸਦਾ ਸਪਾਰੀ ਚੱਬਦਾ ਰਹਿੰਦਾ ਹੈ। ਬੋਲਣ ਵੇਲੇ ਇੰਦਾਂ ਲਗਦਾ ਹੈ ਕਿ ਉਹ ਗੱਲ ਨੂੰ ਵੀ ਚੱਬ ਰਿਹਾ ਹੈ। "ਓ ਏ ਈ ਤਾਂ ਦਸ ਆਦਮੀ ਦਾ ਕੰਮ ਆ, ਜੇ ਬਾਤੇ ਏਕਰਾ ਮੇਂ ਸਬ ਮਿਲ ਕੇ ਮਤਤ ਕਰੇ ਕੇ ਚਾਹੀਂ। ਕੀ ਹੀ ਸੀ ਪ੍ਰਸਾਦ ?"

ਭਗਤ ਦੀ ਦੁਕਾਨ ਤੇ ਉਂਜ ਵੀ ਸਦਾ ਚਾਰ ਪੰਜ ਲਗੋੜ ਬੈਠੇ ਰਹਿੰਦੇ ਨੇ। ਵਿਸ਼ਵਨਾਥ ਬਾਬੂ ਦੀ ਅਵਾਜ਼ ਸੁਣ ਕੇ ਦੋ ਚਾਰ ਬੰਦੇ ਹੋਰ ਕੱਠੇ ਹੋ ਗਏ। ਬੁੱਢੇ ਸੁਮਰਿਤ ਦਾਸ ਨੂੰ ਲੋਕ ਲਬੜੂ ਸਮਝਦੇ ਨੇ। ਪਰ, ਮੌਕੇ ਤੇ ਪਤੇ ਦੀ ਗੱਲ ਕਰ ਜਾਂਦਾ ਹੈ। ਆਉਂਦਿਆਂ ਹੀ ਬੋਲਿਆ, "ਤਹਿਸੀਲਦਾਰ ਜੀ ਤੁਸੀਂ ਸਮਝਦੇ ਨਹੀਂ। ਤਨੁਕ ਲਾਲ ਆਪਣੇ ਮਨੋਂ ਨਹੀਂ ਬੋਲਿਆ, ਇਸ ਵਿਚ ਕੁਨੈਕਸ਼ਨ ਹੈ, ਜ਼ਰਾ ਐਧਰ

ਇਕਾਂਤ ਵਿਚ ਆਉ ਤਾਂ ਦੱਸਾਂ।" ਤਹਿਸੀਲਦਾਰ ਤੇ ਸਮਰਿਤ ਦਾਸ ਭਗਤ ਦੀ ਦੁਕਾਨ ਤੋਂ ਜ਼ਰਾ ਦੂਰ ਜਾ ਕੇ ਗੱਲਾਂ ਕਰਨ ਲਗੇ। ਦੁਕਾਨ 'ਚ ਬੈਠਿਆਂ 'ਚੋਂ ਕਿਸੇ ਨੇ ਖਿਝ ਕੇ ਕਿਹਾ — "ਬੁੱਢਾ ਲੁੱਚਾ ਇਸੇ ਨੂੰ ਕਹਿੰਦੇ ਨੇ — ਹਰ ਗੱਲ ਲਈ ਇਕਾਂਤ ਲੱਭਣ ਵਾਲਾ।"

ਭਗਤ ਨੇ ਅੱਖ ਦੇ ਇਸ਼ਾਰੇ ਨਾਲ ਮਨ੍ਹਾਂ ਕਰ ਦਿੱਤਾ — "ਉੱਚੀ ਨਾ ਬੋਲੋ ਬਾਲਦੇਵ ਐ।"

ਸੁਮਰਿਤ ਦਾਸ ਨਾਲ ਪ੍ਰਾਈਵੇਟ ਕਰਨ ਤੋਂ ਬਾਅਦ ਤਹਿਸੀਲਦਾਰ ਦਾ ਸੁਭਾ ਬਦਲ ਗਿਆ। ਆ ਕੇ ਬੋਲੇ — "ਚੰਗਾ ਤਾਂ ਬਾਲਦੇਵ ਜੀ ਤੁਸੀਂ ਜਾ ਕੇ ਤਤਮਾਂ ਟੋਲੀ ਤੇ ਪੋਲੀਆ ਟੋਲੀ ਵਾਲਿਆਂ ਨੂੰ ਕਹੋ, ਮੈਂ ਪੰਜਾਹ ਰੁਪਏ ਮਾਫ਼ ਕਰ ਦਿੱਤੇ। ਉਸ ਦਿਨ ਆਫ਼ਸੀਅਰ ਬਾਬੂ ਨੂੰ ਜਿਹੜੀ ਡਾਲੀ ਦਿੱਤੀ ਗਈ ਸੀ; ਉਹ ਤਾਂ ਤੁਹਾਡੇ ਸਾਹਮਣੇ ਦੀ ਹੀ ਗੱਲ ਹੈ। ਬਿਰੰਚੀ ਵੀ ਸੀ।........ਹੁਣ ਜ਼ਰਾ ਸਪਾਟਾ ਟੋਲੇ 'ਚ ਜਾਓ। ਤੱਕੋ ਉਹ ਲੋਕ ਕੀ ਕਹਿੰਦੇ ਨੇ। ਕੋਈ ਕੁਛ ਕਰੇ, ਅਸੀਂ ਆਪਣਾ ਧਰਮ ਨਿਭਾਵਾਂਗੇ।"

ਬਾਲਦੇਵ ਜਦੋਂ ਸਿੰਘ ਜੀ ਦੇ ਦਰਵਾਜ਼ੇ ਅੱਗੇ ਪਹੁੰਚਿਆ ਤਾਂ ਸਿੰਘ ਜੀ ਘੋੜੇ ਤੇ ਸਵਾਰ ਹੋ ਚੁੱਕੇ ਸਨ। ਸ਼ਾਇਦ ਕਟੀਹਾਰ ਜਾ ਰਹੇ ਹਨ। ਯਾਤਰਾ ਤੇ ਟੋਕਣਾ ਚੰਗਾ ਨਹੀਂ। ਇਸ ਲਈ ਬਾਲਦੇਵ ਚੁੱਪ ਹੀ ਰਿਹਾ। ਸਿੰਘ ਜੀ ਦੇ ਦਰਵਾਜ਼ੇ ਸਾਹਮਣੇ ਪੰਜ ਸੱਤ ਲਗੋੜ ਬੈਠੇ ਹੋਏ ਸਨ। ਕਿਸੇ ਨੇ ਬਾਲਦੇਵ ਨੂੰ ਬੈਠਣ ਲਈ ਵੀ ਨਹੀਂ ਕਿਹਾ। ਬਾਲਦੇਵ ਨੇ ਸਾਰਿਆਂ ਨੂੰ ਇਕੋ ਵਾਰ 'ਜੈ ਹਿੰਦ' ਕਹਿ ਦਿੱਤਾ। ਸ਼ਿਵ ਸ਼ੰਕਰ ਸਿੰਘ ਦੇ ਪੁੱਤਰ ਹਰਗੋਰੀ ਨੇ ਬਾਲਦੇਵ ਨੂੰ ਪੁੱਛਿਆ, "ਬਾਲਦੇਵ ਲੀਡਰ ਜੀ, ਕੀ ਸਮਾਚਾਰ ਹੈ ?"

"ਤੁਹਾਡੀ ਕਿਰਪਾ ਨਾਲ ਸਭ ਠੀਕ ਹੈ। ਬਾਬੂ ਸਾਹਿਬ ਤੁਸੀਂ ਸਕੂਲ ਤੋਂ ਕਦੋਂ ਆਏ ?" ਬਾਲਦੇਵ ਨੇ ਕੋਲ ਪਏ ਖ਼ਾਲੀ ਮੂੜ੍ਹੇ ਤੇ ਬੈਠ ਕੇ ਪੁੱਛਿਆ।

"ਸੁਣਿਆ ਤੁਹਾਡੀ ਲੀਡਰੀ ਖ਼ੂਬ ਚੱਲ ਰਹੀ ਹੈ।"

"ਬਾਬੂ ਸਾਹਬ। ਗ਼ਰੀਬ ਆਦਮੀ ਵੀ ਭਲਾ ਲੀਡਰ ਹੁੰਦਾ ਹੈ। ਅਸੀਂ ਤਾਂ ਤੁਹਾਡੇ ਸੇਵਕ ਹਾਂ।"

"ਤੁਸੀਂ ਤਾਂ ਲੀਡਰ ਹੀ ਹੋ ਗਏ ਹੋ। ਅੱਜ ਕਲ੍ਹ ਕਾਂਗਰਸ ਆਫ਼ਿਸ ਦਾ ਭਾਂਡਾ ਚੋਕਾ ਕੋਣ ਕਰਦਾ ਹੈ ?" ਹਰਗੋਰੀ ਅਚਾਨਕ ਉਬਲ ਪਿਆ, 'ਉਹ ਬਈ ਸਾਰੇ ਹੀ ਕਾਸ਼ੀ ਚਲੇ ਜਾਓਗੇ ? ਪੱਤਲ ਚੱਟਣ ਲਈ ਵੀ ਤਾਂ ਕੁੱਛ ਬੰਦੇ ਰਹਿ ਜਾਓ। ਜੇਲ੍ਹ ਕੀ ਗਏ ਪੰਡਿਤ ਜਮਾਹਿਰ ਲਾਲ ਹੋ ਗਏ। ਕਾਂਗਰਸ ਆਫ਼ਿਸ ਵਿਚ ਭੋਲਟਿਰੀ ਕਰਦੇ ਸਨ। ਹੁਣ ਅੰਨਿਆਂ 'ਚ ਕਾਣੇ ਬਣ ਕੇ ਇਥੇ ਲੀਡਰੀ ਕਰਨ ਆਏ ਨੇ। ਸਵੈ-ਸੇਵਕ ਨਾਂ ਘੋੜੇ ਦੀ ਪੂਛ।"

"ਬਾਬੂ ਸਾਹਿਬ। ਮੂੰਹ ਗੰਦਾ ਕਿਉਂ ਕਰਦੇ ਹੋ। ਤੁਸੀਂ ਵਿਦਮਾਨ ਹੋ ਅਤੇ ਅਸੀਂ ਜਾਹਿਲ। ਸਾਥੋਂ ਜਿਹੜਾ ਕਸੂਰ ਹੋਇਆ ਉਹ ਦੱਸੋ ?"

"ਦੌੜ ਜਾਹ ਬੂਹੇ ਤੋਂ, ਬੇਈਮਾਨ ਕਿਤੋਂ ਦਾ। ਡਿਸਟ੍ਰਿਕਟ ਬੋਰਡ ਤੋਂ ਹਸਪਤਾਲ ਦੀ ਮੰਜ਼ੂਰੀ ਹੋਈ ਹੈ। ਰੁਪਏ ਵੀ ਮਿਲੇ ਨੇ। ਸਭ ਕੁਝ ਖਾ ਪੀ ਕੇ ਹੁਣ ਬਗਾਰ ਲੱਭ ਰਹੇ ਨੇ। ਸਭ ਚੋਰ ਨੇ। ਦੌੜ ਜਾਓ ਬੂਹੇ ਤੋਂ।" ਹਰਗੌਰੀ ਤਮਕ ਕੇ ਬਾਲਦੇਵ ਨੂੰ ਧੱਕਾ ਦੇਣ ਲਈ ਉਠਿਆ। ਬੈਠੇ ਹੋਏ ਲੋਕਾਂ ਨੇ "ਹੈਂ...ਹੈਂ..." ਕਰ ਕੇ ਹਰਗੌਰੀ ਨੂੰ ਫੜ ਲਿਆ। ਬਾਲਦੇਵ ਚੁੱਪਚਾਪ ਬੈਠਾ ਰਿਹਾ, "ਕੁੱਟੋ, ਜੇਕਰ ਕੁੱਟਣ ਨਾਲ ਹੀ ਤੁਹਾਡਾ ਗੁੱਸਾ ਠੰਢਾ ਹੁੰਦਾ ਹੈ ਤਾਂ ਕੁੱਟੋ।"

ਹੱਲਾ-ਗੁੱਲਾ ਸੁਣ ਕੇ ਭੀੜ ਕੱਠੀ ਹੋ ਗਈ। ਹਰਗੌਰੀ ਦਾ ਮੁੰਡਪੁਣਾ ਕਿਸੇ ਨੂੰ ਪਸੰਦ ਨਹੀਂ। ਸ਼ਿਵ ਸ਼ੰਕਰ ਸਿੰਘ ਵੀ ਸੁਣ ਕੇ ਦੁਖੀ ਹੋਏ, "ਲੀਡਰੀ ਕਰੇ ਜਾਂ ਭੋਲਟਿਰੀ, ਤੈਨੂੰ ਕਿਸ ਗੱਲ ਦੀ ਚਿੜ੍ਹ ਲੱਗੀ ? ਤੇਰਾ ਕੀ ਬਿਗਾੜਿਆ ਸੀ ? ਚੰਗਾ ਬਈ ਬਾਲਦੇਵ ਬੁਰਾ ਨਾ ਮਨਾਈਂ, ਹਾਸਾ ਠੱਠਾ ਸਮਝ ਲਈਂ। ਤੇਰਾ ਛੋਟਾ ਭਾਈ ਐ।"

"ਸ਼ਿਵ ਸ਼ੰਕਰ ਮਾਸਟਰ ਜੀ। ਬਾਬੂ ਸਾਬ੍ਹ ਗਾਲੀ ਗਲੋਚ ਕਰ ਕੇ ਕੁੱਟਣ ਲਈ ਵੀ ਉਠੇ, ਪਰ ਅਸੀਂ ਕੋਈ ਬੁਰੀ ਗੱਲ ਮੂੰਹੋਂ ਕੱਢਦੇ ਹਾਂ ? ਪੁੱਛੋ ਇਨ੍ਹਾਂ ਸਾਰਿਆਂ ਨੂੰ। ਮਹਿਤਮਾਂ ਜੀ ਕਹਿੰਦੇ ਨੇ........"

ਨਿੰਮ ਦੇ ਬਿਰਛ ਤੇ ਕਾਂ 'ਕਾਂ...ਕਾਂ' ਕਰਨ ਲੱਗਾ।

ਹਰਗੌਰੀ ਗੁੱਸੇ ਨਾਲ ਥਰ ਥਰ ਕੰਬਣ ਲੱਗਾ।........

ਇਹ ਲੋਕ ਵੀ ਅਜੀਬ ਨੇ। ਇਕ ਘੰਟਾ ਪਹਿਲਾਂ ਬਾਲਦੇਵ ਦੀ ਵੱਧ ਚੜ੍ਹ ਕੇ ਸ਼ਿਕਾਇਤ ਕਰ ਰਹੇ ਸਨ, ਉਹਦੀ ਲੀਡਰੀ ਦੀਆਂ ਗੱਲਾਂ ਕਰ ਰਹੇ ਸਨ ਅਤੇ ਹੁਣ ਉਹਦਾ ਪਿਓ ਵੀ ਬਾਲਦੇਵ ਦੀ ਖ਼ੁਸ਼ਾਮਦ ਕਰ ਰਿਹ ਹੈ। ਗੁਆਲਾ ਹੋ ਕੇ ਲੀਡਰੀ........?

"ਗੁਆਰ ਟੋਲੀ ਵਾਲੇ ਜੱਥਾ ਲੈ ਕੇ ਆ ਰਹੇ ਨੇ" ਇਕ ਮੁੰਡਾ ਦੌੜਦਾ ਹਫਦਾ ਹੋਇਆ ਆ ਕੇ ਖ਼ਬਰ ਦੇ ਗਿਆ ਹੈ।.. ......ਪਿੰਡ ਦੇ ਉੱਤਰ ਵਿਚ ਰੌਲਾ ਪੈ ਰਿਹਾ ਹੈ। ਕਿੱਲੇ ਨਾਲ ਬੱਧੇ ਹੋਏ ਬਲਦਾਂ ਨੇ ਚੌਕੰਨੇ ਹੋ ਕੇ ਕੰਨ ਚੁੱਕ ਲਏ। ਪਿੰਡੋਂ ਬਾਹਰ ਚਰਦੀਆਂ ਹੋਈਆਂ ਬੱਕਰੀਆਂ ਦੌੜਦੀਆਂ ਤੇ ਮੈਂ-ਮੈਂ ਕਰਦੀਆ ਹੋਈਆ ਪਿੰਡ ਆ ਰਹੀਆਂ ਹਨ। ਕੁੱਤੇ ਭੌਂਕਣ ਲੱਗ ਪਏ।.........ਗੱਲ ਕੀ ਹੋਈ ?

"ਓਏ ਪੁੱਤਰਾ। ਗੌਰੀ ਪੁੱਤਰਾ ! ਪੁੱਤਰਾ ਵਿਹੜੇ ਵਿਚ ਆ ਜਾ। ਗੁਆਰ ਟੋਲੀ ਦਾ ਕਲੀਆ ਪਾਗਲ ਹੋ ਗਿਆ ਹੈ।" ਹਰਗੌਰੀ ਦੀ ਮਾਂ ਹਿੱਕ ਤੇ ਦੁਹੱਥੜਾਂ ਮਾਰਦੀ ਤੇ ਰੋਂਦੀ ਹੋਈ ਆਈ ਅਤੇ ਹਰਗੌਰੀ ਨੂੰ ਘਸੀਟ ਕੇ ਅੰਦਰ ਲੈ ਗਈ। ਬੱਚੇ ਰੋਣ ਲੱਗੇ।

"ਓਏ ਗੱਲ ਕੀ ਹੋ ਗਈ ?"

"ਟਕੂਆ ਕੱਢੋ ।"

"ਸਾਡੀ ਗੰਗਾ ਜੀ ਵਾਲੀ ਡਾਂਗ ਕਿੱਥੇ ਹੈ ?"

"ਤੀਰ ਕੱਢੋ ਓਏ ।"

"ਓਏ ਗੱਲ ਕੀ ਹੈ ?"

"ਬਲਵਾ ਕਰਨ ਵਾਲਿਆਂ ਦਾ ਜੱਥਾ ਕਿਉਂ ?"

"ਕੌਣ ਕਿਸੇ ਦਾ ਜਵਾਬ ਦਿੰਦਾ ਹੈ । ਫ਼ੁਰਸਤ ਹੀ ਕਿਹਨੂੰ ਹੈ । ਸਾਰੇ ਪਿੰਡ ਵਿਚ ਭਾਜੜ ਪੈ ਗਈ । ਹਰਗੌਰੀ ਦੀ ਮਾਂ ਹੁਣ ਸ਼ਿਵ ਸ਼ੰਕਰ ਨੂੰ ਵਿਹੜੇ 'ਚ ਬੁਲਾ ਰਹੀ ਹੈ । ਰੌਲਾ ਪਾ ਰਹੀ ਹੈ, "ਗੁਆਰ ਟੋਲੀ ਦਾ ਰੋਦੀ ਬੁੱਢਾ ਆਇਆ ਹੈ ।.........ਗੁਆਰ ਟੋਲੀ ਵਿਚ ਬੁੱਢੇ ਬੱਚੇ ਭੜਕ ਰਹੇ ਨੇ ਕਿ ਹਰਗੌਰੀ ਨੇ ਬਾਲਦੇਵ ਦੇ ਜੁੱਤੀਆਂ ਮਾਰੀਆਂ ਨੇ । ਕੁਕਰੂ ਦਾ ਪੁੱਤਰ ਕਲਚਰਨਾਂ ਕਾਲੀਆ ਸੌਂਹਾਂ ਖਾਂਦਾ ਹੈ — ਹਰਗੌਰੀ ਦਾ ਖ਼ੂਨ ਪੀਆਂਗੇ ।....... .ਅੰਦਰ ਆ ਜਾਓ । ਹਰਗੌਰੀ ਦੇ ਬਾਬੂ ਜੀ ।"

"ਉਹ ।" ਬਾਲਦੇਵ ਦੌੜਿਆ । "ਤੁਸੀਂ ਲੋਕ ਦੁਖੀ ਨਾ ਹੋਵੋ, ਅਸੀਂ ਵੇਖਦੇ ਹਾਂ । ਬੇਸਮਝ ਲੋਕ ਨੇ, ਸਮਝਾ ਦਿੰਦੇ ਹਾਂ ।"

"ਇਕ ਵਾਰ ਪ੍ਰੇਮ ਨਾਲ ਬੋਲੋ.........ਮਹਾਵੀਰ ਜੀ ਦੀ ਜੈ........ ।"

"ਜੈ । ਜੈ.........ਜੈ......... ।"

"ਬਾਲਦੇਵ ਨੂੰ ਵੇਖਦਿਆਂ ਹੀ ਯਾਦਵ ਸੈਨਾ ਖ਼ੁਸ਼ੀ ਨਾਲ ਜੈ-ਜੈ ਕਾਰ ਕਰ ਉਠੀ । ਬੋਲੋ ਇਕ ਵਾਰ ਪ੍ਰੇਮ ਨਾਲ.........ਗਾਂਧੀ ਮਹਾਤਮਾ ਦੀ........ਜੈ । ਜੈ......ਜੈ । ਹੇ, ਸ਼ਾਂਤੀ । ਸ਼ਾਂਤੀ । ਚੁੱਪ ਹੋ ਜਾਓ, ਬਾਲਦੇਵ ਜੀ ਕੀ ਕਹਿੰਦੇ ਨੇ, ਸੁਣੋ ।......"

"ਪਿਆਰੇ ਭਰਾਵੋ, ਤੁਸੀਂ ਲੋਕ ਜਿਹੜਾ ਅੰਦੋਲਨ ਕਰਦੇ ਹੋ, ਉਹ ਚੰਗਾ ਨਹੀਂ । ਆਪਣਾ ਕੰਨ ਵੇਖੇ ਬਿਨਾਂ ਕਾਂ ਪਿੱਛੇ ਦੌੜਨਾ ਚੰਗਾ ਨਹੀਂ । ਤੁਸੀਂ ਹੀ ਸੋਚੋ, ਕੀ ਇਹ ਸਮਝਦਾਰ ਆਦਮੀ ਦਾ ਕੰਮ ਹੈ ।.........ਤੁਸੀਂ ਲੋਕ ਹਿੰਸਾਬਾਦ ਕਰਨ ਜਾ ਰਹੇ ਸੀ, ਇਸ ਵਾਸਤੇ ਸਾਨੂੰ ਅਨਸਨ ਕਰਨਾ ਹੋਵੇਗਾ । ਭਾਰਤ ਮਾਤਾ ਦੀ ਗਾਂਧੀ ਜੀ ਦਾ ਇਹ ਰਸਤਾ ਨਹੀਂ......... ।"

ਸੱਚਮੁਚ ਗਿਆਨੀ ਆਦਮੀ ਹਨ, ਬਾਲਦੇਵ ਜੀ । ਅੰਡੋਲਨ, ਅਨਸਨ ਅਤੇ...... ਹੋਰ ਕੀ ?......ਹਿੰਸਾਬਾਦ । ਕਿਸੇ ਨੇ ਸਮਝਿਆ ! ਗਿਆਨ ਦੀ ਬੋਲੀ ਸਮਝਣੀ ਸਭ ਦੇ ਬਸ ਦੀ ਗੱਲ ਨਹੀਂ ਹੈ......... ।

"ਅਨਸਨ ਕੀ ਕਰੋਗੇ ?"

"ਅੰਟਸੰਟ ?"

ਕਾਲੀਆ ਕਹਿੰਦਾ ਸੀ — ਉਪਾਸ ਕਰਨਗੇ ਬਾਲਦੇਵ ਜੀ । ਕਾਲੀਏ ਨੂੰ ਬੁਲਾ ਕੇ

ਬਾਲਦੇਵ ਜੀ ਕਹਿੰਦੇ ਸਨ — "ਕਾਲੀ ਚਰਨ, ਤੁਸੀਂ ਬਹੁਤ ਬਹਾਦਰ ਨੌਜਵਾਨ ਹੋ। ਪਰ ਜੋਸ਼ ਵਿਚ ਹੋਸ਼ ਵੀ ਰਖਣੀ ਚਾਹੀਦੀ ਹੈ ਅਸੀਂ ਖ਼ੁਸ਼ ਹਾਂ, ਪਰ ਉਪਾਸ ਕਰਾਂਗੇ।"

"ਸੱਚ ਮੁੱਚ ਜੇ ਉਸ ਦਿਨ ਬਾਲਦੇਵ ਜੀ ਬੇਲੇ ਸਿਰ ਨਾ ਆ ਜਾਂਦੇ ਤਾਂ ਕਾਲੀਚਰਨ ਭਾਵੇਂ ਇਸ ਪਾਰ ਤੇ ਭਾਵੇਂ ਉਸ ਪਾਰ ਕਰ ਦਿੰਦਾ।......ਉਹੋ, ਹਰਗੌਰੀਆ! ਕਲ੍ਹ ਦਾ ਛੋਕਰਾ, ਇਸਕੂਲ ਵਿਚ ਚਾਰ ਅੱਖਰ ਕੀ ਪੜ੍ਹ ਗਿਆ ਹੈ, ਲਾਟਸਾਬ੍ਹ ਹੋ ਗਿਆ ਹੈ।"

"ਓਏ, ਪੜ੍ਹਦਾ ਕੀ ਹੈ। ਦਾੜ੍ਹੀ ਵਾਲਾ ਹੋ ਗਿਆ ਹੈ, ਪਰ ਆਪਣੇ ਸਕਲ ਤੋਂ ਦੋ ਗਿਲਾਸ ਥੱਲੇ ਹੀ ਪੜ੍ਹਦਾ ਹੈ। ਇਕ ਦਮ ਫ਼ੇਲਿਅਰ ਹੈ। ਇਸ ਸਾਲ ਵੀ ਫ਼ੇਲ ਹੋ ਗਿਆ ਹੈ। ਉਹਦਾ ਪਿਓ ਮਾਸਟਰ ਨੂੰ ਵੱਢੀ ਦੇਣ ਗਿਆ ਸੀ। ਮਾਸਟਰ ਕੜ੍ਹਕ ਕੇ ਬੋਲਿਆ —"ਦੌੜ ਜਾਓ, ਨਹੀਂ ਤਾਂ ਤੈਨੂੰ ਵੀ ਫ਼ੇਲ ਕਰ ਦਿਆਂਗੇ।"

ਓਏ ਪੜ੍ਹੇਗਾ ਕੀ! ਕਹਿੰਦੇ ਨੇ ਕਿ ਲਾਲ ਬਾਗ਼ ਦੇ ਮੇਲੇ ਵਿਚ ਲਾਲ ਪੜ੍ਹਨ 'ਚ ਪਾਸ ਹੋ ਗਿਆ ਹੈ।"

"ਲਾਲ ਪੜ੍ਹਨਾਂ ?"

"ਗੱਲਾਂ ਕਰਨ ਵਿਚ ਦੁਲਰੀਆ ਨੂੰ ਕੋਈ ਜਿੱਤ ਨਹੀਂ ਸਕਦਾ।" ਲਾਲ ਪੜ੍ਹਨਾ ਨਹੀਂ ਸਮਝੇ ?......ਹਾ......ਹਾ......ਹਾ......ਹਾ......ਖੀ......ਖੀ......ਖੀ । ਲਾਲ ਪੜ੍ਹਨਾਂ।"

— ਢਾਕ ਢਿੱਨਾ, ਢਾਕ ਢਿੱਨਾ।

"ਚਲੋ ਓਏ, ਅਖਾੜੇ ਦਾ ਢੋਲ ਵਜ ਰਿਹਾ ਹੈ।

ਸਤਿਗੁਰ ਜੀ! ਸਤਿਗੁਰ ਜੀ!

ਮਹੰਥ ਸਾਬ੍ਹ ਸਦਾ ਅੰਮ੍ਰਤ ਵੇਲੇ ਉਠਦੇ ਨੇ। "ਹੋ ਰਾਮਦਾਸ! ਆਸਣ ਤਿਆਗੋ ਜੀ! ਲੱਛਮੀ ਨੂੰ ਜਗਾਓ।......ਸਤਿਗੁਰ ਜੀ! ਇਹ ਕਦੀ ਬਿਨਾਂ ਜਗਾਇਆਂ ਜਾਗਣਗੇ। ਰਾਮਦਾਸ ਹੋ ਜੀ ਰਾਮਦਾਸ!"

ਰਾਮਦਾਸ ਅੱਖਾਂ ਮਲਦਾ ਹੋਇਆ ਉਠਦਾ ਹੈ, ਬਾਹਰ ਨਿਕਲ ਕੇ ਅਸਮਾਨ ਵਿਚ ਸਰਘੀ ਦੇ ਤਾਰੇ ਨੂੰ ਵੇਖਦਾ ਹੈ, ਫੇਰ, ਰਾਮਡੰਡੀ ਨੂੰ ਲਭਦਾ ਹੈ। "......ਹਾਲੇ ਤਾਂ ਬਹੁਤ ਰਾਤ ਬਾਕੀ ਹੈ। ਮਹੰਥ ਸਾਬ੍ਹ ਅੱਜ ਬਹੁਤ ਪਹਿਲਾਂ ਹੀ ਜਾਗ ਪਏ ਹਨ। ਮਾਘ ਦਾ ਪਾਲਾ ਤਾਂ ਬਘਿਆੜ ਨੂੰ ਵੀ ਠਾਰ ਦਿੰਦਾ ਹੈ।......ਸਰਕਾਰ ਹਾਲੇ ਤਾਂ ਰਾਤ ਬਹੁਤ ਪਈ ਹੈ।"

"ਰਾਤ ਬਹੁਤ ਪਈ ਹੈ, ਤਾਂ ਕੀ ਹੋਇਆ ? ਇਕ ਦਿਨ ਜ਼ਰਾ ਸਵੇਲੇ ਹੀ ਸਹੀ। ਸੋਈਂ ਨਾ। ਧੂਣੀ 'ਚ ਲੱਕੜਾਂ ਪਾ ਦੇ। ਕੋਠਾਰਨ ਨੂੰ ਜਗਾ ਦੇ।......ਸਤਿਗੁਰੂ ਸਾਹਿਬ ਨੇ ਸਪਨਾਂ ਦਿਤਾ ਹੈ।"

ਲੱਛਮੀ ਉਠੀ। ਉਠ ਕੇ ਮਹੰਤ ਸਾਬ੍ਹ ਦੇ ਆਸਣ ਦੇ ਕੋਲ ਆਈ। ਹੱਥ ਜੋੜ ਕੇ 'ਸਾਹਿਬ ਬੰਦਗੀ' ਕਿਹਾ ਤੇ ਅੱਖਾਂ ਮਲਦੀ ਹੋਈ ਖੂਹ ਵਲ ਚਲੀ ਗਈ।

......ਲੱਛਮੀ ਦੀਆਂ ਰਗਾਂ ਵਿਚ ਹੁਣ ਸਾਧੂ-ਸੁਭਾਅ, ਆਚਾਰ-ਵਿਚਾਰ ਅਤੇ ਨਿਯਮ-ਧਰਮ ਰਚ ਗਿਆ ਹੈ। ਸਾਹਿਬ ਦੀ ਦਇਆ ਹੈ। ਅਤੇ ਇਹ ਰਾਮਦਾਸ ? ਗੁਰੂ ਜਾਣੇ, ਇਹਦੀ ਮਤਿ-ਗਤਿ ਕਦੋਂ ਬਦਲੇਗੀ। ਬਚਪਨ ਤੋਂ ਹੀ ਸਾਧ-ਸੰਗਤ ਵਿਚ ਰਹਿ ਕੇ ਵੀ ਜਿਹੜਾ ਨਹੀਂ ਸੁਧਰਿਆ, ਉਹ ਹੁਣ ਕੀ ਸੁਧਰੇਗਾ।......ਭਗਤੀ ਭਾਵ ਨਾ ਜਾਣੇ ਭੌਂਦੂ ਪੇਟ ਭਰੇ ਸੇ ਕਾਮ। ਬਸ, ਦੋ ਹੀ ਗੁਣ ਹਨ — ਸੇਵਾ ਚੰਗੀ ਤਰ੍ਹਾਂ ਕਰਦਾ ਹੈ, ਅਤੇ ਖੰਜੜੀ ਬਜਾਉਣ ਵਿਚ ਬੇਜੋੜ ਹੈ। "ਓਏ ਰਾਮਦਾਸ। ਫੇਰ ਸੌਂ ਗਿਆ ?......ਗੰਗਾ ਜਲੀ ਵਿਚ ਜਲ ਭਰਦੇ।"

ਜਾਗਹੁ ਸਤਿਗੁਰੂ ਸਾਹਿਬ, ਸੇਵਕ ਤੁਮਰੇ ਦਰਸ ਕੋ ਆਇਆ ਜੀ।
ਜਾਗਹੁ ਸਤਿਗੁਰੂ ਸਾਹਿਬ......ਡਿਮ ਡਿਮਿਕ ਡਿਮਿਕ, ਡਿਮ ਡਿਮਕ ਡਿਮਿਕ।
ਭੋਰ ਭਇਓ ਭਵ ਭਰਮ ਭਿਆਨਕ ਭਾਨੂ ਦੇਖ ਕਰ ਭਾਗਾ ਜੀ,
ਗਿਆਨ ਨੈਨ ਸਾਹਿਬ ਕੇ ਖੁਨਿ ਗਿਓ, ਥਰ-ਥਰ ਕਾਂਪਤ ਮਾਇਆ ਜੀ।
ਜਾਗਹੁ ਸਤਿਗੁਰੂ ਸਾਹਿਬ......।

ਮਾਘ ਦੇ ਠਰਦੇ ਹੋਏ ਤੜਕੇ ਵਿਚ ਮੱਠ ਵਿਚੋਂ ਪ੍ਰਭਾਤੀ ਦੀ ਨਿਰਗੁਣ ਬਾਣੀ ਨਿਕਲ ਕੇ ਸੁੰਨ ਵਿਚ ਥਿਰਕ ਰਹੀ ਹੈ। ਬੁੱਢੇ ਮਹੰਤ ਸਾਹਿਬ ਪਹਿਲਾ ਪਦ ਕਹਿੰਦੇ ਹਨ। ਦੰਤਹੀਣ ਮੂੰਹ 'ਚੋਂ ਪ੍ਰਾਤਕੀ (ਪ੍ਰਭਾਤੀ) ਦੇ ਸ਼ਬਦ ਸਪੱਸ਼ਟ ਨਹੀਂ ਨਿਕਲਦੇ। ਗਲੇ ਦੀ ਥਰਥਰਾਹਟ ਸੁਰ ਵਿਚ ਵਿਘਨ ਪਾਉਂਦੀ ਹੈ, ਬੇਸੁਰਾ ਰਾਗ ਨਿਕਲਦਾ ਹੈ। ਦਮੇ ਮਾਰੇ ਸਰੀਰ ਵਿਚ ਦਮ ਕਿਥੇ।......ਪਰ ਲੱਛਮੀ ਸਭ ਕੁਝ ਸੰਭਾਲ ਲੈਂਦੀ ਹੈ। ਪੰਜ ਸਾਲ ਪਹਿਲਾਂ ਪ੍ਰਾਤਕੀ ਗੌਣ ਵੇਲੇ ਉਹਦੀਆਂ ਅੱਖਾਂ ਦੀਆਂ ਪਲਕਾਂ ਨੀਂਦ ਨਾਲ ਦੱਬੀਆਂ ਰਹਿੰਦੀਆਂ ਸਨ। ਮਹੰਤ ਸਾਹਿਬ ਜਦ ਗੀਤ ਦੀ ਦੂਸਰੀ ਪੰਕਤੀ 'ਭੋਰ ਭਇਓ ਭਵ ਭਰਮ' ਗੌਂਦੇ ਸਨ ਤਾਂ ਉਹ ਬੜੀ ਮੁਸ਼ਕਲ ਨਾਲ ਆਪਣਾ ਹਾਸਾ; ਰੋਕਦੀ ਸੀ — ਭੌਰ ਭਇਓ ਭਵ ਭਰਮ......। ਪਰ ਹੁਣ ਨਹੀਂ ਉਹਦੀ ਬੋਲੀ ਮਿੱਠੀ ਹੈ। ਉਹਦਾ ਸੁਰ ਮਿੱਠਾ ਹੈ। ਉਹ ਮੁਗਧ ਹੋ ਕੇ ਗੌਂਦੀ ਹੈ। ਉਹਦੀ ਸੁਰੀਲੀ ਸੁਰਤਾਲ ਨਾਲ ਮਹੰਥ ਸਾਹਿਬ ਦੇ ਬੇਸੁਰੇ ਤੇ ਮੋਟੇ ਰਾਗ ਦਾ ਕੋਈ ਮੇਲ ਨਹੀਂ ਫੇਰ ਵੀ ਸੰਗੀਤ ਦੀ ਨਿਰਮਲ ਧਾਰਾ ਵਿਚ ਕਿਤੇ ਵਿਰੋਧ ਨਹੀਂ ਉਪਜਦਾ। ਮਹੰਥ ਸਾਹਿਬ ਦਾ ਮੋਟਾ ਰਾਗ ਲੱਛਮੀ ਦੀ ਕੋਮਲ ਲੈਅ ਨੂੰ ਸਹਾਰਾ ਦਿੰਦਾ ਹੈ। ਸ਼ਹਿਨਾਈ ਨਾਲ ਸੁਰ ਦੇਣ ਵਾਲੀ ਸ਼ਹਿਨਾਈ ਵਾਂਗ — ਭੋਓ......ਓਂ......ਓਂ......।"

ਰਾਮਦਾਸ ਦੀ ਖੰਜੜੀ ਦਾ ਜਲਵਾ ਨਿਰਸ਼ਬਦ ਵਾਤਾਵਰਣ ਵਿਚ ਤਰੰਗਾਂ ਦੀ ਥਿਰਕਣ

ਪੈਦਾ ਕਰ ਦਿੰਦਾ ਹੈ। ਖੰਜੜੀ ਵਿਚ ਲਗੀਆਂ ਹੋਈਆਂ ਛੋਟੀਆਂ ਛੋਟੀਆਂ ਝੁਨਕੀਆਂ ਦੀ ਹਲਕੀ ਝੁਨਕ। ਜਿਵੇਂ ਕਿਸੇ ਦਾ ਪਾਲਤੂ ਹਿਰਣ ਨੱਚ ਰਿਹਾ ਹੋਵੇ, ਦੌੜ ਰਿਹਾ ਹੋਵੇ। ਡਿਮ ਡਿਮਕ। ਰੁਨ ਝੁਨਕ ਝੁਨਕ।

ਪ੍ਰਾਤਕੀ ਪਿਛੋਂ ਬੀਜਕ 'ਸ਼ਬਦ'। 'ਰਾਮੁਰਾ ਝੀਂ ਝੀਂ ਜੰਤਰ ਬਾਜੇ। ਚਰ ਚਰਨ ਬਿਹੁਨਾ ਨਾਚੇ। ਰਾਮੁਰਾ ਝੀਂ ਝੀਂ......

ਅਤੇ ਫੇਰ ਸਤਿਸੰਗ; ਰੋਜ਼ ਇਸੇ ਵੇਲੇ ਸਤਿਸੰਗ ਹੁੰਦਾ ਹੈ। ਪ੍ਰਾਤਕੀ ਸੁਣਦਿਆਂ ਹੀ ਮਨ ਦੇ ਹੋਰ ਸਾਧੂ ਸੰਨਿਆਸੀ ਆਏ ਗਏ ਪ੍ਰਾਹੁਣੇ ਅਤੇ ਅਧਿਕਾਰੀ-ਭੰਡਾਰੀ ਵਗ਼ੈਰਾ ਜਾਗ ਜਾਂਦੇ ਹਨ। ਪ੍ਰਾਤਕੀ ਅਤੇ ਬੀਜਕ ਵਿਚ ਕੋਈ ਸ਼ਾਮਲ ਹੋਏ ਜਾਂ ਨਾ, ਸਤਿਸੰਗ ਵਿਚ ਆਉਣਾ ਜ਼ਰੂਰੀ ਹੈ। ਮੱਠ ਦਾ ਭੰਡਾਰੀ ਇਸੇ ਵੇਲੇ ਰੋਜ਼ ਦੀ ਹਾਜ਼ਰੀ ਲਾਉਂਦਾ ਹੈ। ਇਸ ਵੇਲੇ ਜਿਹੜਾ ਹਾਜ਼ਰ ਨਾ ਹੋਵੇ, ਉਹਦੀ ਚਿੱਪੀ (ਰਾਸ਼ਣ) ਬੰਦ ਹੋ ਜਾਂਦੀ ਹੈ। ਸਤਿਸੰਗ ਵਿਚ ਮਹੰਤ ਸਾਹਿਬ ਸਾਧੂਆਂ ਤੇ ਸ਼ਿਸ਼ਾਂ ਨੂੰ ਉਪਦੇਸ਼ ਦਿੰਦੇ ਹਨ, ਪ੍ਰਸ਼ਨਾਂ ਦੇ ਉੱਤਰ ਦਿੰਦੇ ਹਨ, ਅਗਿਆਨ ਅੰਧਕਾਰ ਨੂੰ ਆਪਣੀ ਬਾਣੀ ਦੁਆਰਾ ਦੂਰ ਕਰਦੇ ਹਨ।

......ਸਤਿਗੁਰੂ ਸੇਵਾ ਸਤਿ ਕਰਿ ਮਾਨੈ ਸਤਿ ਵਿਚਾਰ।
ਸੇਵਕ ਚੇਲਾ ਸੋਤਿ ਜੋ ਜੋ ਗੁਰੂ ਵਚੁਨ ਨਿਹਾਰ ॥......ਫੇਰ ਸੰਤ ਚੱਕਰ ਪਰਿਚੈ।
ਪ੍ਰਥਮ ਚੱਕਰ ਆਧਾਰ ਕਹਾਵੇ ਗੁਦ ਸਥਲ ਕੇ ਮਾਹੀ।
ਦਿਵਿਤਿਯ ਚੱਕਰ ਅਧਿਸ਼ਠਾਕ ਕਹੀਏਂ ਲਿੰਗਸਥਲ ਕੇ ਮਾਂਹੀ।
ਤਰਿਤਯ ਚੱਕਰ ਮਣਿਪੂਰਣ ਜਾਨੋ ਨਾਤੀ ਸਥਲ......

ਸਤਿਸੰਗ ਸਮਾਪਤ ਹੁੰਦਿਆਂ ਹੀ ਭੰਡਾਰੀ ਹਾਜ਼ਰ ਮੂਰਤੀਆਂ ਦੀ ਗਿਣਤੀ ਲੈਂਦਾ ਹੈ — ਰਾਣੀ ਗੰਜ ਦੀਆਂ ਤਿੰਨ ਮੂਰਤੀਆਂ ਤਾਂ ਅੱਜ ਸੱਤ ਦਿਨਾਂ ਤੋਂ ਧਰਨਾ ਦਿਤੀ ਬੈਠੀਆਂ ਨੇ। ਜਾ ਕੇ ਕਹੋ ਇਹ ਤਾਂ ਸਰਕਾਰ ਤੋਂ ਆਗਿਆ ਲੈ ਲਈ ਹੈ। ਬੇਲਾ ਮੱਠ ਦੀ ਇਕ ਮੂਰਤੀ ਨੂੰ ਬੁਖ਼ਾਰ ਲਗ ਗਿਆ ਹੈ, ਦੁਕਾਨ ਵਿਚ ਸਥਰ ਦਾਣਾਂ ਨਾ ਭਟਾਈ ਹੈ......।

ਕੋਠਾਰਿਨ ਲੱਛਮੀ ਦਾਸਣ ਨੂੰ ਰੋਜ਼ ਏਸੇ ਵੇਲੇ ਬਕਬਕ ਝਕਝਕ ਬਹੁਤ ਬੁਰੀ ਲਗਦੀ ਹੈ, ਸਤਿਸੰਗ ਦੁਆਰਾ ਪ੍ਰਾਪਤ ਕੀਤੀ ਹੋਈ ਮਨ ਦੀ ਪਵਿਤਰਤਾ ਦਾ ਨਾਸ ਹੋ ਜਾਂਦਾ ਹੈ। ਪਰ ਕੀ ਕਰੇ ? ਮੱਠ ਦੇ ਇਸ ਨਿਯਮ ਨੂੰ ਜੇਕਰ ਜ਼ਰਾ ਵੀ ਢਿੱਲਾ ਕਰ ਦਿਤਾ ਤਾਂ ਸਾਧੂ-ਵੈਰਾਗੀ ਇਕ ਮਹੀਨੇ ਵਿਚ ਹੀ ਮੱਠ ਨੂੰ ਉਜਾੜ ਦੇਣਗੇ। ਬਾਹਰ ਦੇ ਸਾਧੂਆਂ ਲਈ ਚਾਰ ਦਿਨ ਹੀ ਰਹਿਣ ਦਾ ਨਿਯਮ ਹੈ, ਪਰ...... "ਰਾਣੀ ਗੰਜ ਦੇ ਬੰਦਿਆਂ ਨੂੰ ਖ਼ੁਦ ਸੋਚਣਾ ਚਾਹੀਦਾ ਹੈ। ਇਥੇ ਕੋਈ ਕੁਬੇਰ ਦਾ ਭੰਡਾਰ ਤਾਂ ਨਹੀਂ......।"

"ਲੱਛਮੀ" ਮਹੰਤ ਸਾਬ੍ਹ ਕਹਿੰਦੇ ਹਨ, "ਅੱਜ ਲਈ ਰਹਿਣ ਦੇ। ਭੰਡਾਰੀ ਜਿੰਨੀਆਂ ਮੂਰਤੀਆਂ ਅੱਜ ਹੈਨ ਸਭ ਨੂੰ ਬਾਲ ਭੋਗ (ਜਲਪਾਨ) ਅਤੇ ਪ੍ਰਸ਼ਾਦ (ਭਾਤ) ਅੱਜ ਲਗੇਗਾ। ਸਭ ਮੂਰਤੀਆਂ ਬੈਠ ਜਾਓ। ਅੱਜ ਸਤਿਗੁਰੂ ਸਾਬ੍ਹ ਸਪਨੇ* ਵਿਚ ਦੇਖਿਆ ਹੈ।"

ਧੂਣੀ ਵਿਚ ਫੇਰ ਸੁੱਕੀਆਂ ਲੱਕੜੀਆਂ ਦੇ ਛੋਟੇ ਛੋਟੇ ਟੁਕੜੇ ਸੁਟ ਦਿਤੇ ਗਏ। ਸਭ ਮੂਰਤੀਆਂ ਫੇਰ ਧੂਣੀ ਦੇ ਚਾਰੋਂ ਪਾਸੇ ਅਰਧ-ਵਰਿਤ ਆਕਾਰ ਪੰਕਤੀ ਵਿਚ ਬੈਠ ਗਈਆਂ। ਲੱਛਮੀ ਦੀ ਆਸਨੀ ਮਹੰਤ ਸਾਹਿਬ ਦੇ ਆਸਨ ਕੋਲ ਹੀ ਲਗਦੀ। ਸਾਰੇ ਹੀ ਮਹੰਤ ਸਾਹਿਬ ਵਲ ਉਤਸੁਕਤਾ ਨਾਲ ਵੇਖ ਰਹੇ ਹਨ।

"ਅੱਜ ਮਧਰਾਤ੍ਰੀ ਵਿਚ ਸਤਿਗੁਰੂ ਸਾਹਿਬ ਸਪਨੇ ਵਿਚ ਮੇਰੇ ਆਸਨ ਕੋਲ ਆਏ। ਅਸੀਂ ਜਲਦੀ ਨਾਲ ਉਠ ਕੇ ਸਾਹਿਬ ਬੰਦਗੀ ਕੀਤੀ। ਸਾਨੂੰ 'ਦਾਇਆ ਭਾਵ' ਦੇ ਕੇ ਸਾਹਿਬ ਕਹਿਣ-ਸੇਵਾਦਾਸ, ਤੂੰ ਨੇਤਰਹੀਣ ਏਂ, ਪਰ ਤੇਰੇ ਅੰਤਰ ਦੇ ਨੈਣਾਂ ਦੀ ਜੋਤ ਬੜੀ ਵਿਲੱਛਣ ਹੈ। ਅਸੀਂ ਭੇਖ ਬਦਲ ਕੇ ਆਏ ਤੇ ਤੂੰ ਪਛਾਣ ਲਿਆ? ਤੁਹਾਡੇ ਗਿਆਨ ਨੇਤਰ ਵਿਚ ਦਿੱਬ ਜੋਤ ਹੈ। ਸੋ ਤੁਹਾਡੇ ਪਿੰਡ ਵਿਚ ਪ੍ਰਮਾਰਥ ਦਾ ਕਾਰਜ ਹੋ ਰਿਹਾ ਹੈ, ਤੇ ਤੁਹਾਨੂੰ ਪਤਾ ਨਹੀਂ? ਗਾਂਧੀ ਤਾਂ ਮੇਰਾ ਹੀ ਭਗਤ ਹੈ। ਗਾਂਧੀ ਇਸ ਪਿੰਡ ਇਸਪਿਤਾਲ ਖੋਲ੍ਹ ਕੇ ਪ੍ਰਮਾਰਥ ਦਾ ਕਾਰਜ ਕਰ ਰਿਹਾ ਹੈ। ਤੁਸੀਂ ਸਾਰੇ ਪਿੰਡ ਨੂੰ ਇਕ ਭੰਡਾਰਾ ਦੇ ਦਿਓ — ਕਹਿ ਕੇ ਸਾਬ੍ਹ ਅੰਤਰ ਧਿਆਨ ਹੋ ਗਏ। ਸਾਡੀ ਨਿੰਦਰਾ ਭੰਗ ਹੋ ਗਈ। ਸਤਿਗੁਰੂ ਦੇ ਵਿਰਹਾ ਵਿਚ ਚਿਤ ਚੰਚਲ ਹੋ ਗਿਆ। ਵਿਰਹਾ ਅਗਨੀ ਤਨਿ ਕੈਸੇ ਬੂਝੇ, ਗ੍ਰਿਹਿਬਨ ਅੰਧਕਾਰ ਨਹੀਂ ਸੂਝੇ। ਆਖ਼ਰ, ਸਤਿਗੁਰੂ ਆਗਿਆ ਸ਼ਬਦ ਵਿਚਾਰ ਕੇ ਚਿਤ ਨੂੰ ਸ਼ਾਂਤ ਕੀਤਾ।"

ਮਹੰਤ ਸਾਹਿਬ ਦੇ ਸੁਪਨੇ ਦੀ ਗੱਲ ਤੁਰੰਤ ਪਿੰਡ ਵਿਚ ਫੈਲ ਗਈ। ਬਾਲਦੇਵ ਹਰ ਗੌਰੀ, ਸੰਵਾਦ ਅਤੇ ਯਾਦਵ ਸੈਨਾਂ ਦੇ ਅਚਾਨਕ ਹਮਲੇ ਨੇ ਪਿੰਡ ਦੀ ਦਲਬੰਦੀ ਨੂੰ ਨਵਾਂ ਜੀਵਨ ਬਖ਼ਸ਼ਿਆ ਸੀ। ਜੋਤਸ਼ੀ ਜੀ ਦੀ ਰਾਇ ਹੈ, ਯਾਦਵ ਲੋਕ ਬਾਰ ਬਾਰ ਲਾਠੀ ਭਾਲੇ ਵਿਖਾਉਂਦੇ ਹਨ, ਰਾਜਪੂਤਾਂ ਲਈ ਇਹ ਡੁੱਬ ਮਰਨ ਵਾਲੀ ਗੱਲ ਹੈ। ਫ਼ੌਜਦਾਰੀ ਦੀ ਇਤਲਾਹ ਦੇ ਕੇ ਇਨ੍ਹਾਂ ਲੋਕਾਂ ਦਾ ਮੁਚਲਕਾ ਕਰਵਾ ਲਿਆ ਜਾਵੇ। ਪਰ ਸਿੰਘ ਜੀ ਥਾਣਾਂ-ਫ਼ੌਜਦਾਰੀ ਤੋਂ ਘਬਰੋਂਦੇ ਨੇ। ਗੱਲ ਗੱਲ ਵਿਚ ਗਾਲ੍ਹਾਂ ਤੇ ਪੈਰ ਪੈਰ ਤੇ ਡਾਲੀ। ਕਾਨੂੰਨ ਕਚਹਿਰੀ ਦੀ ਸ਼ਰਨ ਜਾਣਾ ਤਾਂ ਆਪਣੀ ਕਮਜ਼ੋਰੀ ਪ੍ਰਗਟ ਕਰਨਾ ਹੈ। ਸਮਾਂ ਆਉਣ ਤੇ ਬਦਲਾ ਲੈ ਲਿਆ ਜਾਵੇਗਾ। ਇਕੱਲੇ ਯਾਦਵਾਂ ਦੀ ਗੱਲ ਹੁੰਦੀ ਤਾਂ ਕੋਈ ਗੱਲ ਨਹੀਂ ਸੀ, ਕਾਇਸਥ ਵੀ ਇਨ੍ਹਾਂ ਵਿਚ ਹਨ। ਮਰਿਆ ਹੋਇਆ ਕਾਇਸਥ ਵੀ ਕਿਸੇ ਤੋਂ ਘਟ ਤਕੜਾ ਨਹੀਂ ਹੁੰਦਾ, ਫੇਰ ਇਹ ਬਦਮਾਸ਼ੀ ਹਰਗੌਰੀ ਦੀ ਹੈ। ਮੇਰੇ ਦਰਵਾਜ਼ੇ ਤੋਂ ਕਿਸੇ ਨੂੰ ਚਲੇ ਜਾਣ ਲਈ ਕਹਿਣਾ ਮੇਰੇ ਦਰਵਾਜ਼ੇ ਤੇ

ਕਿਸੇ ਨੂੰ ਕੁੱਟਣ ਲਈ ਉਠਣਾ, ਇਹ ਤਾਂ ਚੰਗੀ ਗੱਲ ਨਹੀਂ।''

ਯਾਦਵ ਟੋਲੀ ਵਿਚ ਹੁਣ ਦੁਪਹਿਰ ਤੋਂ ਹੀ ਢੋਲ ਵੱਜਣ ਲਗਦਾ ਹੈ — ਢਾਕ ਢਿਨਾਂ ! ਢਾਕ ਢਿਨਾਂ !! ਸ਼ੋਭਨ ਮੋਚੀ ਨੂੰ ਇਕ ਨਵਾਂ ਪਰਨਾਂ ਤੇ ਨਵੀਂ ਕੁਰਤੀ ਮਿਲੀ ਹੈ। ਕਾਲੀ ਥਾਨ ਦੇ ਬੋਹੜ ਕੋਲ ਗਊ ਮੱਝਾਂ ਨੂੰ ਬਿਠਾ ਕੇ ਯਾਦਵਾਂ ਦੀ ਸੰਤਾਨ ਦੁਪਹਿਰੇ ਹੀ ਕੁਸ਼ਤੀ ਘੁਲਣ ਲਗ ਪੈਂਦੀ ਹੈ। ਬਾਲਦੇਵ ਜੀ ਨੇ ਜਿਸ ਦਿਨ ਅਨਸਨ ਕੀਤਾ ਸੀ, ਸ਼ਾਮ ਵੇਲੇ ਖਿਲਾਵਨ ਯਾਦਵ ਦੇ ਦਰਵਾਜ਼ੇ ਅਗੇ ਕੀਰਤਨ ਹੋਇਆ ਸੀ। ਬਾਲਦੇਵ ਜੀ ਦਾ ਸਿਖਾਇਆ ਹੋਇਆ ਸੁਰਾਜੀ ਕੀਰਤਨ, 'ਧੰਨ ਧੰਨ ਗਾਂਧੀ ਜੀ ਮਹਾਰਾਜ, ਐਸਾ ਚਰਖਾ ਚਲਾਉਣ ਵਾਲੇ'' ਕੀਰਤਨ ਤੋਂ ਬਾਅਦ ਬਾਲਦੇਵ ਜੀ ਨੇ ਬੂਰੀ ਦਾ ਕੱਚਾ ਦੁੱਧ ਪੀ ਕੇ ਬਰਤ ਤੋੜਿਆ ਸੀ। ਕਹਿੰਦੇ ਹਨ, ਹੁਣ ਹਿੰਸਾਬਾਦ ਕਰਨ ਤੇ ਫੇਰ ਅਨਸਨ ਕਰਨਗੇ ਹੁਣ ਦੋ ਦਿਨਾਂ ਦਾ। ਸੁਰਾਜੀ ਕੀਰਤਨ, ਲਹਿਸਨ ਦਾ ਪੁੱਤਰ ਸੁਨਰਾ ਵਾਹਵਾ ਗੌਂਦਾ ਹੈ, ਬਾਲਦੇਵ ਜੀ ਜਦੋਂ ਫੇਰ ਉਪਵਾਸ ਕਰਨਗੇ ਤਾਂ ਸੁਣਿਓ, ਹਾਲੇ ਹੋਰ ਸਿਖ ਰਿਹਾ ਹੈ।......ਸਪਹਟਾ ਟੋਲੇ ਵਿਚ ਤਾਂ ਹੁਣ ਦਿਨੇ ਹੀ ਉੱਲੂ ਬੋਲਦੇ ਹਨ। ਤਹਿਸੀਲਦਾਰ ਕਹਿ ਰਹੇ ਸਨ — 'ਰਾਜਪੂਤਾਂ ਦੀ ਸਿਟੀ ਗੁੰਮ ਹੋ ਗਈ ਹੈ। ਸਭ ਚਿੱਤ ਹੋ ਗਏ ਹਨ। ਕਾਲੀ ਚਰਨ ਬਹਾਦੁਰ ਹੈ।''

ਇਸਪਿਤਾਲ ਦੇ ਸਾਰੇ ਘਰ ਬਣ ਕੇ ਤਿਆਰ ਹੋ ਗਏ ਨੇ, ਸਿਰਫ਼ ਪੋਚਾ ਦੇਣਾ ਬਾਕੀ ਹੈ। ਬਿਰਸਾ ਮਾਂਝੀ ਨੇ ਕਿਹਾ ਹੈ — ਸੰਥਾਲ ਟੋਲੀ ਦੀਆਂ ਸਾਰੀਆਂ ਔਰਤਾਂ ਆ ਕੇ ਮਿੱਟੀ ਦਾ ਪੋਚਾ ਫੇਰ ਜਾਣਗੀਆਂ। ਕਮਾਲ ਦਾ ਪੋਚਾ ਲਾਉਂਦੀਆਂ ਨੇ ਸੰਥਾਲਣਾਂ। ਪੁਖ਼ਤਾ ਮਕਾਨ ਵੀ ਮਾਤ। ਅਗਲੇ ਸਨਿਚਰ ਨੂੰ ਡਾਕਟਰ ਬਾਬੂ ਆਉਣਗੇ। ਬਾਲਦੇਵ ਜੀ ਡਿਸਟੀਬੋਟ ਤੋਂ ਸਾਰਾ ਸਾਮਾਨ ਲੈ ਆਏ ਹਨ। ਭੈਂਸਚਰਮਨ ਬਾਬੂ ਨੇ ਬਾਲਦੇਵ ਜੀ ਤੋਂ ਦਸਖ਼ਤ ਕਰਾ ਲਿਆ ਹੈ। ਭੈਂਸਚਰਮਨ ਬਾਬੂ ਜ਼ਰੂਰ ਯਾਦਵ ਹੀ ਹੋਣਗੇ।ਕਿਸੇ ਦੂਸਰੀ ਜਾਤ ਦਾ ਇਹੋ ਜਿਹਾ ਨਾਂ ਨਹੀਂ ਹੁੰਦਾ — ਭੈਂਸਚਰਮਨ ਬਾਬੂ। ਤਹਿਸੀਲਦਾਰ ਦੇ ਘਰ ਜਾ ਕੇ ਦੇਖੋ-ਖੁਰਸੀ, ਬਰੈਂਚ, ਵੱਡੇ ਵੱਡੇ ਬਕਸਿਆਂ ਵਿਚ ਦਵਾਈ, ਬਾਲਟੀ, ਡੋਲ; ਲੋਟੇ। ਪਾਣੀ ਦੀ ਮਸ਼ੀਨ ਗੱਡੀ ਜਾਵੇਗੀ। ਜਿਵੇਂ ਕਿ ਰੋਤਹਟ ਦੇ ਮੇਲੇ ਵਿਚ ਗੱਡੀ ਜਾਂਦੀ ਹੈ।

ਸਨਿਚਰ ਨੂੰ ਹੀ ਮਹੰਥ ਸਾਹਿਬ ਦਾ ਭੰਡਾਰਾ ਹੈ — ਪੂੜੀ ਜਲੇਬੀ ਦਾ ਭੋਜ। ਸਾਰੇ ਪਿੰਡ ਦੇ ਔਰਤਾਂ, ਮਰਦ, ਬੁੱਢੇ, ਬੱਚੇ ਤੇ ਅਮੀਰ ਗ਼ਰੀਬ ਨੂੰ ਮਹੰਤ ਸਾਹਿਬ ਛਕੌਣਗੇ। ਉਹਨਾਂ ਨੂੰ ਸੁਪਨੇ ਵਿਚ ਗਿਆਨ ਹੋਇਆ ਹੈ।

ਯਾਦਵ ਟੋਲੀ ਦਾ ਕਿਸਨੂੰ ਕਹਿੰਦਾ ਹੈ, 'ਅੰਨ੍ਹਾਂ ਮਹੰਤ ਆਪਣੇ ਪਾਪਾਂ ਦਾ ਪ੍ਰਾਛਿਤ ਕਰ ਰਿਹਾ ਹੈ। ਬਾਬਾ ਜੀ ਹੋ ਕੇ ਜਿਹੜਾ ਰਖੇਲ ਰਖਦਾ ਹੈ, ਉਹ ਬਾਬਾ ਜੀ ਨਹੀਂ। ਉਪਰੋਂ ਬਾਬਾ ਜੀ ਅੰਦਰੋਂ ਦਗਾਬਾਜ਼ੀ ! ਕੀ ਕਹਿੰਦੇ ਹੋ ? ਰਖੇਲ ਨਹੀਂ ਦਾਸੀ ਹੈ ?

ਕਿਸੇ ਹੋਰ ਨੂੰ ਸਿੱਖਿਆ ਦੇਣੀ। ਪੰਜ ਵਰ੍ਹੇ ਮੱਠ ਵਿਚ ਨੌਕਰੀ ਕੀਤੀ ਹੈ, ਸਾਤੋਂ ਵੱਧ ਕੇ ਮੱਠ ਦੀਆਂ ਗੱਲਾਂ ਕੌਣ ਜਾਣਦਾ ਹੈ। ਹੋਰ ਕੋਈ ਦੇਖੇ ਜਾਂ ਨਾ ਦੇਖੇ, ਉੱਪਰ ਪਰਮੇਸ਼ਰ ਤਾਂ ਹੈ। ਮਹੰਤ ਜਦੋਂ ਲੱਛਮੀ ਦਾਸੀ ਨੂੰ ਮੱਠ ਵਿਚ ਲਿਆਇਆ ਸੀ ਤਾਂ ਉਹ ਇਕ ਦਮ ਅਬੋਧ ਸੀ, ਇਕ ਦਮ ਬੱਚੀ। ਇਕੋ ਕੱਪੜਾ ਪਹਿਨਦੀ ਸੀ। ਕਿਥੇ ਉਹ ਬੱਚੀ ਤੇ ਕਿਥੇ ਪੰਜਾਹ ਵਰ੍ਹਿਆਂ ਦਾ ਬੁੱਢਾ ਗਿਰਝ। ਰੋਜ਼ ਰਾਤੀਂ ਲੱਛਮੀ ਰੋਇਆ ਕਰਦੀ ਸੀ — ਉਹ ਰੋਣਾ ਜਿਹਨੂੰ ਸੁਣ ਕੇ ਪੱਥਰ ਵੀ ਪਿਘਲ ਜਾਣ। ਅਸੀਂ ਤਾਂ ਸੌਂ ਨਹੀਂ ਸਾਂ ਸਕਦੇ। ਉਠ ਕੇ ਮੱਝਾਂ ਖੋਲ੍ਹਦੇ ਤੇ ਚਰਾਣ ਲਈ ਚਲੇ ਜਾਂਦੇ ਸੀ। ਰੋਜ਼ ਸਵੇਰੇ ਲੱਛਮੀ ਦੁੱਧ ਲੈਣ ਲਈ ਬਥਾਨ ਤੇ ਆਉਂਦੀ ਸੀ। ਉਹਦੀਆਂ ਅੱਖਾਂ ਕਦਮ ਤੇ ਫੁੱਲ ਵਾਂਗ ਫੁੱਲੀਆਂ ਹੋਈਆਂ ਹੁੰਦੀਆਂ ਸਨ। ਰਾਤੀਂ ਰੋਣ ਦਾ ਕਾਰਣ ਪੁੱਛਣ ਤੇ ਚੁੱਪ ਚਾਪ ਟੁਕਰ-ਟੁਕਰ ਮੂੰਹ ਦੇਖਣ ਲੱਗਦੀ ਸੀ — ਗਾਂ ਦੀ ਬੱਛੜੀ ਵਾਂਗ ਜਿਸ ਦੀ ਮਾਂ ਮਰ ਗਈ ਹੋਵੇ.........। ਉਹੋ ਜਿਹਾ ਹੀ ਚੰਡਾਲ ਹੈ, ਇਹ ਰਾਮਦਾਸੂਆ। ਇਹ ਸਾਲਾ ਵੀ ਅੰਨ੍ਹਾਂ ਹੋਵੇਗਾ, ਦੇਖ ਲੈਣਾ।.........ਮਹੰਤ ਇਕ ਵਾਰ ਚਾਰ ਦਿਨਾਂ ਲਈ ਪੂਰਣੀਆਂ ਗਿਆ ਸੀ। ਅਸੀਂ ਸੋਚਿਆ ਕਿ ਚਾਰ ਰਾਤਾਂ ਤਾਂ ਲੱਛਮੀ ਚੈਨ ਨਾਲ ਸੌਂ ਸਕੇਗੀ। ਪਰ ਮਾੜੀ ਕਿਸਮਤ ਬਘਿਆੜ ਦੇ ਮੂੰਹ 'ਚੋਂ ਨਿਕਲੀ ਤਾਂ ਬਿੱਲੇ ਦੇ ਮੂੰਹ 'ਚ ਗਈ। ਉਸ ਤੋਂ ਬਾਅਦ ਲੱਛਮੀ ਇੰਨੀ ਬੀਮਾਰ ਹੋਈ ਕਿ ਮਸੀਂ ਬਚੀ। ਪਾਪ ਭਲਾ ਛਿਪੇ ਨੇ ? ਰਾਮਦਾਸ ਨੂੰ ਮਿਰਗੀ ਪੈਣ ਲਗ ਪਈ ਅਤੇ ਮਹੰਤ ਸੇਵਾਦਾਸ ਸੂਰਦਾਸ ਹੋ ਗਏ। ਸਭ ਕੁਝ ਈ ਉਜੜ ਗਿਆ। ਸਾਡਾ ਤਿੰਨ ਸਾਲਾਂ ਦਾ ਦਰਮਾਹਾ ਬਾਕੀ ਰਹਿੰਦਾ ਹੈ। ਭੰਡਾਰਾ ਕਰਦਾ ਹੈ। ਅਸੀਂ ਉਨ੍ਹਾਂ ਲੋਕਾਂ ਨੂੰ ਸਾਧੂ ਨਹੀਂ ਸਮਝਦੇ।"

ਮਹੰਤ ਸੇਵਾਦਾਸ ਇਸ ਇਲਾਕੇ ਦੇ ਗਿਆਨੀ ਸਾਧੂ ਸਮਝੇ ਜਾਂਦੇ ਸਨ — ਸਾਰੇ ਸ਼ਾਸਤਰ ਪੁਰਾਣ ਦੇ ਪੰਡਤ। ਮੱਠ 'ਚ ਆ ਕੇ ਲੋਕ ਭੁੱਖ ਤ੍ਰੇਹ ਭੁੱਲ ਜਾਂਦੇ ਸਨ। ਬੜੀ ਪਵਿੱਤਰ ਜਗ੍ਹਾ ਸਮਝੀ ਜਾਂਦੀ ਸੀ, ਪਰ ਜਦੋਂ ਮਹੰਤ ਦਾਸੀ ਲੈ ਆਇਆ, ਲੋਕਾਂ ਦੀ ਰਾਇ ਬਦਲ ਗਈ। ਬਸ਼ੁਮਤੀਆ ਮੱਠ ਦੇ ਮਹੰਤ ਨਾਲ ਇਸੇ ਦਾਸੀ ਕਰ ਕੇ ਕਿੰਨੇ ਲੜਾਈ ਝਗੜੇ ਤੇ ਮੁਕੱਦਮੇ ਹੋਏ। ਬਸ਼ੁਮਤੀਆ ਦਾ ਮਹੰਤ ਕਹਿੰਦਾ ਸੀ, ਲੱਛਮੀ ਦਾਸੀ ਦਾ ਬਾਪ ਸਾਡਾ ਗੁਰੂ-ਭਾਈ ਸੀ। ਇਸ ਲਈ ਬਾਪ ਦੇ ਮਰਨ ਪਿਛੋਂ ਉਸ ਤੇ ਮੇਰਾ ਹੱਕ ਹੈ। ਸੇਵਾਦਾਸ ਦੀ ਦਲੀਲ ਸੀ — ਲੱਛਮੀ ਦਾ ਬਾਪ ਜਿਸ ਮੱਠ ਦਾ ਸੇਵਕ ਸੀ ਉਹ ਮੇਰੀਗੰਜ ਮੱਠ ਦੇ ਅਧੀਨ ਹੈ, ਇਸ ਲਈ ਲੱਛਮੀ ਤੇ ਸਾਡਾ ਅਧਿਕਾਰ ਹੈ, ਅੰਤ ਵਿਚ ਲੱਛਮੀ ਕਾਨੂੰਨਨ ਸੇਵਾਦਾਸ ਦੀ ਹੀ ਹੋਈ। ਸੇਵਾਦਾਸ ਦੇ ਵਕੀਲ ਸਾਹਿਬ ਨੇ ਸਮਝਾ ਕੇ ਕਿਹਾ ਸੀ — ਮਹੰਤ ਸਾਹਿਬ ! ਇਸ ਕੁੜੀ ਨੂੰ ਪੜ੍ਹਾ ਲਿਖਾ ਕੇ ਇਸ ਦੀ ਸ਼ਾਦੀ ਕਰਵਾ ਦੇਣਾ। ਮਹੰਥ ਸਾਹਿਬ ਨੇ ਵਕੀਲ ਸਾਬ੍ਹ ਨੂੰ ਵਿਸ਼ਵਾਸ ਦੁਆਇਆ ਵਕੀਲ ਸਾਬ੍ਹ ਲੱਛਮੀ ਸਾਡੀ ਧੀ ਵਾਂਗ ਰਹੇਗੀ।.........ਪਰ ਆਦਮੀ ਦੀ ਮੱਤ

ਦਾ ਕੀ ਕੀਤਾ ਜਾਵੇ । ਮੱਠ ਵਿਚ ਲਿਆ ਕੇ ਅੱਲ੍ਹੜ ਲੱਛਮੀ ਨੂੰ ਉਹਨਾਂ ਨੇ ਆਪਣੀ ਦਾਸੀ ਬਣਾ ਲਿਆ । ਲੱਛਮੀ ਹੁਣ ਮੁਟਿਆਰ ਹੋਈ ਹੈ, ਪਰ ਲੱਛਮੀ ਦੇ ਮੁਟਿਆਰ ਹੋਣ ਤੋਂ ਪਹਿਲਾਂ ਹੀ ਮਹੰਥ ਸੇਵਾਦਾਸ ਦੀਆਂ ਅੱਖਾਂ ਆਪਣੀ ਜੋਤ ਗੁਆ ਚੁੱਕੀਆਂ ਸਨ । ਪਤਾ ਨਹੀਂ, ਲੱਛਮੀ ਦੀ ਜੁਆਨੀ ਵੇਖ ਕੇ ਉਹਨਾਂ ਦੀ ਕੀ ਹਾਲਤ ਹੁੰਦੀ। ਹੁਣ ਤਾਂ ਮਹੰਥ ਸੇਵਾਦਾਸ ਨੂੰ ਬਹੁਤ ਲੋਕ ਪ੍ਰਣਾਮ ਬੰਦਗੀ ਵੀ ਨਹੀਂ ਕਰਦੇ ।......... ਧਰਮ ਭ੍ਰਿਸ਼ਟ ਹੋ ਗਿਆ ਹੈ । ਬਗੁਲਾ ਭਗਤ ਹੈ । ਬ੍ਰਹਮਚਾਰੀ ਨਹੀਂ, ਬਿਭਚਾਰੀ ਹੈ ।

ਪੂਰੀ-ਜਲੇਬੀ ਦੇ ਦਹੀਂ-ਚੀਨੀ ਦੇ ਭੰਡਾਰੇ ਦੀ ਡੌਂਡੀ ਤੋਂ ਬਾਅਦ ਲੋਕਾਂ ਦੀ ਰਾਏ ਬਦਲ ਰਹੀ ਹੈ ।.........ਕਿਹੋ ਜਿਹਾ ਵੀ ਹੋਵੇ, ਆਖਰ ਤਾਂ ਸਾਧੂ ਹੈ । ਅੱਜ ਤਕ ਏਨਾ ਵੱਡਾ ਭੋਜ ਕਿਸ ਨੇ ਕੀਤਾ ਹੈ, ਤਹਿਸੀਲਦਾਰ ਨੇ ਆਪਣੇ ਬਾਪ ਦੇ ਸਰਾਧ ਵਿਚ ਜਾਤ ਬਰਾਦਰੀ ਵਾਲਿਆਂ ਨੂੰ ਭਾਤ ਅਤੇ ਗ਼ੈਰ-ਜਾਤੀ ਦੇ ਲੋਕਾਂ ਨੂੰ ਦਹੀਂ ਚੂੜਾ ਖੁਆਇਆ ਸੀ । ਸਿੰਘ ਜੀ ਨੇ ਆਪਣੀ ਸੱਸ ਦੇ ਸਰਾਧ ਵਿਚ ਆਪਣੀ ਜਾਤ ਦੇ ਲੋਕਾਂ ਨੂੰ ਪੂਰੀ-ਮਠਿਆਈ ਅਤੇ ਹੋਰ ਜਾਤਾਂ ਦੇ ਲੋਕਾਂ ਨੂੰ ਦਹੀਂ-ਚੂੜਾ ਖੁਆਇਆ ਸੀ । ਖਿਲਾਵਨ ਦੇ ਘਰ ਪਿਛਲੇ ਸਾਲ, ਮਾਂ ਦੇ ਸਰਾਧ ਵਿਚ ਜਿਹੋ ਜਿਹਾ ਭੋਜ ਹੋਇਆ ਉਹ ਤਾਂ ਸਾਰਿਆਂ ਨੇ ਦੇਖਿਆ ਹੀ ਹੈ । ਫੇਰ ਸਾਰੇ ਪਿੰਡ ਦੇ ਲੋਕਾਂ ਨੂੰ ਔਰਤ-ਮਰਦ ਬੱਚਿਆਂ ਨੂੰ ਅੱਜ ਤਕ ਕਿਸ ਨੇ ਖੁਆਇਆ ਹੈ ? ਚੀਨੀ ਮਿਲਦੀ ਨਹੀਂ । ਭਗਮਾਨ ਭਗਤ ਨੇ ਕਿਹਾ ਹੈ ਕਿ ਬਲੈਕ ਵਿਚ ਇਕ ਬੋਰੀ ਚੀਨੀ ਦਾ ਮੁੱਲ ਹੈ, ਇਕ ਨਮਰੀ (100 ਰੁਪਏ ਦਾ ਨੋਟ) ਚਾਰ ਮਣ ਚੀਨੀ ਦੋ ਨਮਰੀ ।

ਤੰਤਰਿਆਂ ਗੈਹਲੋਤ ਅਤੇ ਪੋਲੀਆ ਟੋਲੀ ਦੇ ਬਹੁਤੇ ਲੋਕਾਂ ਨੇ ਤਾਂ ਪੂਰੀ-ਜਲੇਬੀ ਦਾ ਕੋਈ ਸਵਾਦ ਵੀ ਨਹੀਂ ਸੀ ਵੇਖਿਆ । ਬਿਰੰਚੀ ਇਕ ਵਾਰੀ ਰਾਜ ਵਲੋਂ ਗਵਾਹੀ ਦੇਣ ਲਈ ਕਚਹਿਰੀ ਗਿਆ ਸੀ ਤਾਂ ਤਹਿਸੀਲਦਾਰ ਨੇ ਪੂਰੀ ਜਲੇਬੀ ਖੁਆਈ ਸੀ । ਪਿੰਡ ਵਿਚ ਪਤਾ ਨਹੀਂ ਕਿਵੇਂ ਇਹ ਗੱਲ ਧੁੰਮ ਗਈ ਕਿ ਬਿਰੰਚੀ ਨੇ ਤਹਿਸੀਲਦਾਰ ਦੀ ਜੂਠ ਖਾਧੀ ਹੈ ।.........ਜਿਨੇਊ ਦੇਣ ਲਈ ਖ਼ਾਨਦਾਨ ਦੇ ਪੰਡਿਤ ਜੀ ਆਏ ਸਨ । ਬਿਰੰਚੀ ਦੇ ਸਿਰ ਤੇ ਸੱਤ ਘੰਟਿਆਂ ਤਕ ਘੈਲਾ ਸੁਪਾਰੀ ਰੱਖਣ ਦੀ ਸਜ਼ਾ ਦਿਤੀ ਗਈ ਸੀ — ਪੰਜ ਸੁਪਾਰੀਆਂ ਉੱਪਰ ਘੈਲਾ ਭਰ ਪਾਣੀ । ਜ਼ਰਾ ਵੀ ਘੈਲਾ ਹਿੱਲਿਆ ਇਕ ਬੂੰਦ ਵੀ ਪਾਣੀ ਡਿੱਗਿਆ ਤਾਂ ਉਪਰੋਂ ਝਾੜੂ ਕੁੱਟ । ਤਹਿਸੀਲਦਾਰ ਸਾਹਿਬ ਕੀ ਕਰ ਸਕਦੇ ਹਨ । ਜਾਤ ਬਰਾਦਰੀ ਦਾ ਮਾਮਲਾ ਹੈ । ਇਹਦੇ 'ਚ ਕੁਝ ਨਹੀਂ ਕਹਿ ਸਕਦੇ । ਅਖ਼ੀਰ ਪੰਜ ਰੁਪਏ ਜੁਰਮਾਨਾ ਅਤੇ ਖ਼ਾਨਦਾਨ ਦੇ ਪੰਡਿਤ ਜੀ ਨੂੰ ਧੋਤੀਆਂ ਦਾ ਜੋੜਾ ਦੇ ਕੇ ਬਿਰੰਚੀ ਨੇ ਆਪਣਾ ਹੁੱਕਾ ਪਾਣੀ ਖੁਲ੍ਹਵਾਇਆ ।.........ਪੂਰੀ ਜਲੇਬੀ ਦਾ ਸੁਆਦ ਯਾਦ ਨਹੀਂ ।

"ਜੀਵਨ ਦਾਸ ।"

"ਬਾਲਦੇਵ ਜੀ ਆਏ ਨੇ ! ਬੰਦਗੀ ਬਾਲਦੇਵ ਬਾਬੂ ।"

"ਬੰਦਗੀ ਨਹੀਂ, ਜੈ ਹਿੰਦ, ਬੋਲੋ ਜੈ ਹਿੰਦ ।"

"ਹਾਂ ਜੀ ਇਸ ਟੋਲੇ ਵਿਚ ਕਿੰਨੇ ਬੰਦੇ ਨੇ, ਹਿਸਾਬ ਕਰ ਕੇ ਦੱਸੋ ਤਾਂ । ਔਰਤਾਂ-ਮਰਦ ਤੇ ਬੱਚਿਆਂ ਦਾ ਵੀ ਜੋੜ ਕਰਨਾ । ਕੀ ਗਿਣਨਾਂ ਨਹੀਂ ਜਾਣਦੇ ? ਬਿਰੰਚੀ ਕਿਥੇ ਹੈ ?"

ਬਾਲਦੇਵ ਜੀ ਘਰ ਘਰ ਘੁੰਮ ਫਿਰ ਕੇ ਮਰਦੁਮ ਸੁਮਾਰੀ ਕਰ ਰਹੇ ਹਨ । ਬੜੇ ਝੰਝਟ ਦਾ ਕੰਮ ਹੈ । ਸਿਰਫ਼ ਪੋਲੀਆ, ਟੋਲੇ ਵਿਚ ਸੱਤ ਕੋੜੀ ਚਾਰ, ਨਹੀਂ.........ਚਾਰ ਕੋੜੀ ਸੱਤ, ਤਤਮਾਂ ਟੋਲੀ ਵਿਚ ਪੂਰੇ ਪੰਜ ਕੋੜੀ, ਦੁਸਾਧ ਟੋਲੀ ਵਿਚ ਦੋ ਕੋੜੀ, ਕੋਇਰੀ ਟੋਲੇ ਵਿਚ ਛੇ ਕੋੜੀ ਤਿੰਨ ।.........ਯਾਦਵ ਟੋਲੀ ਦਾ ਹਿਸਾਬ ਕਾਲੀਚਰਨ ਕਰ ਰਿਹਾ ਹੈ । ਭਗਵਾਨ ਜਾਣੇ, ਸਪਾਹਟਾ ਟੋਲੇ ਦੇ ਲੋਕ ਇਹਦੇ ਵਿਚ ਵੀ ਮੀਨ ਮੇਖ ਕਰ ਕੇ ਬਖੇੜਾ ਨਾ ਖੜਾ ਕਰ ਦੇਣ । ਉਹਨਾਂ ਦਾ ਕੀ ਟਿਕਾਣਾ ਹੈ ? ਬ੍ਰਾਹਮਣ ਨੇ ਤਾਂ ਸਾਫ਼ ਇਨਕਾਰ ਕਰ ਦਿੱਤਾ ਹੈ । ਜੇਕਰ ਬ੍ਰਾਹਮਣਾਂ ਲਈ ਅਲੱਗ ਪ੍ਰਬੰਧ ਨਾ ਹੋਇਆ ਤਾਂ ਸਾਰੇ ਕੱਠ ਵਿਚ ਬਹਿ ਕੇ ਨਹੀਂ ਖਾਣਗੇ । ਬ੍ਰਾਹਮਣ ਭੋਜਨ ਹੀ ਨਾ ਹੋਇਆ ਤਾਂ ਫੇਰ ਭੋਜ ਕਾਹਦਾ । ਮਹੰਤ ਜੀ ਨੂੰ ਕਹਿਣਾ ਪਵੇਗਾ । ਬਾਹਮਣ ਹੈਨ ਹੀ ਕਿੰਨੇ, ਕੁਲ ਮਿਲਾ ਕੇ ਦਸ ਘਰ ।

ਮਹੰਤ ਸਾਬ੍ਹ ਨੇ ਸਭ ਕੁਝ ਸੁਣ ਕੇ ਕਿਹਾ, "ਸਤਿਗੁਰੂ ਜੀ ! ਸਤਿਗੁਰੂ ਜੀ !! ਬਾਹਮਣਾਂ ਦਾ ਅਲੱਗ ਇੰਤਜ਼ਾਮ ਕਰ ਦਿਓ ਬਾਲਦੇਵ ਬਾਬੂ । ਇਹਦੇ ਵਿਚ ਹਰਜ਼ ਹੀ ਕੀ ਹੈ ? ਨਹੀਂ ਤਾਂ ਉਹਨਾਂ ਦਾ ਪ੍ਰਬੰਧ ਮੱਠ ਵਿਚ ਹੀ ਕਰ ਦਿਓ ।"

ਇਸੇ ਵੇਲੇ ਲੱਛਮੀ ਦਾਸੀ ਨੇ ਆ ਕੇ ਖ਼ਬਰ ਦਿੱਤੀ ਸਪਾਹਟਾ ਟੋਲੇ ਦੇ ਲੋਕ ਵੀ ਨਹੀਂ ਖਾਣਗੇ । ਹੀਬਰਨ ਸਿੰਘ, ਦਾ ਪੁੱਤਰ ਆ ਕੇ ਕਹਿ ਗਿਆ ਹੈ, "ਗਵਾਲਿਆਂ ਨਾਲ ਇਕ ਪੰਗਤ ਵਿਚ ਬਹਿ ਕੇ ਨਹੀਂ ਖਾਵਾਂਗੇ । ਸਾਡੇ ਲੋਕਾਂ ਦੇ ਹਿੱਸੇ ਦਾ ਆਟਾ, ਘਿਓ, ਚੀਨੀ, ਅਲਗ ਦੇ ਦਿੱਤੀ ਜਾਵੇ, ਅਸੀਂ ਲੋਕ ਅਲੱਗ ਬਣਵਾ ਲਵਾਂਗੇ ।"

"ਸਤਿਗੁਰੂ ਜੀ, ਇਹ ਤਾਂ ਚੰਗਾ ਬਖੇੜਾ ਖੜਾ ਹੋ ਗਿਆ । ਹੁਣ ਯਾਦਵ ਲੋਕ ਕਹਿਣਗੇ ਕਿ ਪੇਂਜਿਆਂ ਨਾਲ ਇਕ ਪੰਗਤ ਵਿਚ ਨਹੀਂ ਖਾਵਾਂਗੇ ।"

"ਹਿਬਰਨ ਸਿੰਘ ਦੇ ਪੁੱਤਰ ਨੇ ਇਹ ਵੀ ਕਿਹਾ ਕਿ ਬਾਲਦੇਵ ਨੇ ਜੇਕਰ ਪ੍ਰਬੰਧਕ ਦਾ ਕੰਮ ਕੀਤਾ ਤਾਂ ਮਹੰਤ ਸਾਬ੍ਹ ਦਾ ਭੰਡਾਰਾ ਭੰਡੂਲ ਹੋਵੇਗਾ ।"

"ਗੁਰੂ ਜੀ ! ਗੁਰੂ ਜੀ !!"

"ਤਾਂ ਮਹੰਤ ਸਾਬ੍ਹ ! ਸਾਡੇ ਹੁੰਦਿਆਂ ਜੇਕਰ ਲੋਕ ਵਿਰੋਧ ਕਰਦੇ ਹਨ ਤਾਂ ਅਸੀਂ ਖ਼ੁਸ਼ੀ ਖ਼ੁਸ਼ੀ........."

"ਵਾਹ ਜੀ ! ਇਹ ਵੀ ਕੋਈ ਗੱਲ ਹੈ । ਮਹੰਤ ਸਾਬ੍ਹ ਮੈਂ ਕਹਿ ਦਿੱਤਾ, ਜੇਕਰ ਬਾਲਦੇਵ ਜੀ ਨੂੰ ਛੱਡ ਕੇ ਕਿਸੇ ਹੋਰ ਨੂੰ ਪ੍ਰਬੰਧ ਕਰਨ ਦਾ ਕੰਮ ਦਿੱਤਾ ਤਾਂ ਸਮਝ ਲੈਣਾ

ਭੰਡਾਰਾ ਚੋਪਟ ਹੋਇਆ। ਮੈਂ ਇਸ ਪਿੰਡ ਦੇ ਇਕ-ਇਕ ਬੰਦੇ ਨੂੰ ਪਛਾਣਦੀ ਹਾਂ।"

ਬਾਲਦੇਵ ਨੇ ਪਹਿਲੀ ਵਾਰ ਲੱਛਮੀ ਵਲ ਸਿਰ ਚੁੱਕ ਕੇ ਵੇਖਣ ਦੀ ਹਿੰਮਤ ਕੀਤੀ। ਨਿਗਾਹਾਂ ਉੱਪਰ ਉਠੀਆਂ ਅਤੇ ਉਹ ਲੱਛਮੀ ਦੀਆਂ ਵੱਡੀਆਂ ਵੱਡੀਆਂ ਅੱਖਾਂ ਵਿਚ ਗੁਆਚ ਗਿਆ।.........

ਅੱਖਾਂ ਵਿਚ ਸਮਾ ਗਿਆ ਬਾਲਦੇਵ ਸ਼ਾਇਦ।

## ਚਾਰ

ਮੱਠ ਵਿਚ ਪਿੰਡ ਦੇ ਮੁਖੀ ਲੋਕਾਂ ਦੀ ਪੰਚਾਇਤ ਜੁੜੀ ਹੋਈ ਹੈ। ਬਾਲਦੇਵ ਜੀ ਨੂੰ ਅੱਜ ਫੇਰ ਭਾਸ਼ਣ ਦੇਣ ਦਾ ਮੌਕਾ ਮਿਲਿਆ ਹੈ, ਪਰ ਪਿੰਡ ਦੀ ਪੰਚਾਇਤ ਕੀ ਹੈ, ਪੁਰੈਨੀਆਂ ਕਚਹਿਰੀ ਦੇ ਰਾਮੂ ਮੋਦੀ ਦੀ ਦੁਕਾਨ ਹੈ। ਸਾਰੇ ਹੀ ਆਪਣੀ ਗੱਲ ਪਹਿਲਾਂ ਕਰਨ ਚਾਹੁੰਦੇ ਨੇ। ਗੱਲਾਂ ਵਧੀ ਜਾਂਦੀਆਂ ਨੇ ਤੇ ਅਸਲੀ ਸਵਾਲ ਗੱਲਾਂ ਦੇ ਝੱਖੜ ਵਿਚ ਦੱਬਿਆ ਜਾ ਰਿਹਾ ਹੈ ਸਿੰਘ ਜੀ ਚੀਕ ਚੀਕ ਕੇ ਕਹਿੰਦੇ ਨੇ, "ਉਸ ਦਿਨ ਜੇ ਅਸੀਂ ਘਰ ਹੁੰਦੇ ਤਾਂ ਖ਼ੂਨ ਦੀ ਨਦੀ ਵਗ ਜਾਂਦੀ।" ਕਾਲੀਚਰਨ ਚੁੱਪ ਰਹਿਣ ਵਾਲਾ ਨਹੀਂ। "ਵਾਹ ਜੀ! ਦਰਵਾਜ਼ੇ ਤੇ ਆਏ ਇਕ ਭਲੇ ਆਦਮੀ ਨੂੰ ਬੇਇੱਜ਼ਤ ਕਰਨਾ ਇਨਸਾਨ ਆਦਮੀ ਦਾ ਕੰਮ ਹੈ?" ਤਹਿਸੀਲਦਾਰ ਸਾਹਿਬ ਕਹਿੰਦੇ ਹਨ, "ਹਸਪਤਾਲ ਤਾਂ ਸਾਰਿਆਂ ਦੀ ਭਲਾਈ ਲਈ ਬਣ ਰਿਹਾ ਹੈ, ਇਹਦੇ ਨਾਲ ਸਿਰਫ਼ ਸਾਡਾ ਹੀ ਫ਼ੈਦਾ ਨਹੀਂ ਹੋਵੇਗਾ, ਓਵਰਸੀਅਰ ਬਾਬੂ ਕਹਿ ਗਏ ਸਨ ਕਿ ਤਹਿਸੀਲਦਾਰ ਸਾਹਿਬ, ਕੁਝ ਮਦਦ ਕਰ, ਅਸੀਂ ਆਪਣੇ ਆਪ ਤਾਂ ਆਗੂ ਨਹੀਂ ਬਣੇ, ਤੂੰ ਹੀ ਦਸ ਖਿਲਾਵਨ ਭਰਾਵਾ।"

ਬੁੱਢੇ ਜੋਤਸ਼ੀ ਜੀ ਭਵਿੱਸ਼ਬਾਣੀ ਕਰਦੇ ਹਨ, "ਕੋਈ ਮੰਨੇ ਜਾਂ ਨਾ ਮੰਨੇ, ਅਸੀਂ ਕਹਿੰਦੇ ਹਾਂ ਕਿ ਇਕ ਦਿਨ ਇਸ ਪਿੰਡ ਵਿਚ ਗਿਰਝਾਂ, ਕਾਂ ਉੱਡਣਗੇ। ਲੱਛਣ ਚੰਗੇ ਨਹੀਂ। ਪਿੰਡ ਦਾ ਗ੍ਰਹਿ ਬਿਗੜਿਆ ਹੋਇਆ ਹੈ। ਕਿਸੇ ਦਿਨ ਇਸ ਪਿੰਡ ਵਿਚ ਖ਼ੂਨ ਹੋਵੇਗਾ। ਪੁਲਿਸ ਦਰੋਗਾ ਪਿੰਡ ਦੀ ਗਲੀ-ਗਲੀ ਵਿਚ ਘੁੰਮੇਗਾ, ਅਤੇ ਇਹ ਇਸਪਿਤਾਲ? ਹਾਲੇ ਤਾਂ ਨਹੀਂ ਪਤਾ ਲਗੇਗਾ ਜਦੋਂ ਖੂਹਾਂ ਵਿਚ ਦਵਾ ਸੁਟੇਗਾ। ਪਿੰਡ ਵਿਚ ਹੈਜ਼ਾ ਫੈਲਾਏਗਾ, ਤਾਂ ਜਾਣਿਓ। ਸ਼ਿਵ ਜੀ! ਹੇ ਸ਼ਿਵ ਜੀ!!"

ਬਾਲਦੇਵ ਭਾਸ਼ਣ ਦੇਣ ਲਈ ਉਠਣਾ ਚਾਹੁੰਦਾ ਸੀ, ਜਦੋਂ ਲੱਛਮੀ ਹੱਥ ਜੋੜਕੇ ਖੜੀ ਹੋ ਗਈ, "ਪੰਚ ਪਰਮੇਸ਼ਰ,"

ਜਿਵੇਂ ਬਿਜਲੀ ਦੀ ਬੱਤੀ ਜਗ ਉਠੀ। ਚੁੱਪ ਫੈਲ ਗਈ। ਸਫ਼ੈਦ ਮਲਮਲ ਦੀ

ਸਾੜ੍ਹੀ ਦੇ ਪੱਲੇ ਨੂੰ ਗਲ ਵਿਚ ਪਾ ਕੇ ਲੱਛਮੀ ਹੱਥ ਜੋੜੀ ਖੜੀ ਹੈ। "ਪੰਚ ਪਰਮੇਸ਼ਰ!"

"ਲੱਛਮੀ!" ਮਹੰਤ ਸਾਹਿਬ ਸੁੰਨ ਵਿਚ ਹੱਥ ਫੈਲਾ ਕੇ ਲੱਭਦੇ ਹੋਏ ਕਹਿੰਦੇ ਹਨ, "ਲੱਛਮੀ ਤੂੰ ਚੁੱਪ ਰਹਿ।"

ਲੱਛਮੀ ਰੁਕੀ ਨਹੀਂ, ਕਹਿੰਦੀ ਗਈ, "ਜੋਤਖੀ ਜੀ ਠੀਕ ਕਹਿੰਦੇ ਹਨ। ਪਿੰਡ ਦੇ ਗ੍ਰਹਿ ਅੱਛੇ ਨਹੀਂ। ਜਿਥੇ ਛੋਟੀਆਂ ਛੋਟੀਆਂ ਗੱਲਾਂ ਨੂੰ ਲੈ ਕੇ ਇਸ ਤਰ੍ਹਾਂ ਝਗੜੇ ਹੁੰਦੇ ਹੋਣ, ਜਿਥੇ ਆਪਸ ਵਿਚ ਮੇਲ ਮਿਲਾਪ ਨਹੀਂ। ਉਥੇ ਜੋ ਕੁਝ ਹੋਵੇ ਥੋੜਾ ਹੈ। ਪਿੰਡ ਦੇ ਮੁਖੀ ਲੋਕ ਹੀ ਇਸ ਦੇ ਸਭ ਤੋਂ ਵੱਡੇ ਦੋਸ਼ੀ ਹਨ। ਸਤਿਗੁਰੂ ਸਾਹਿਬ ਕਹਿੰਦੇ ਹਨ– 'ਜਹਾਂ ਮੇਲ ਤਹਾਂ ਸੁਰਗ ਹੈ।' ਮਾਨਸ ਜਨਮ ਬਾਰ ਬਾਰ ਨਹੀਂ ਮਿਲਦਾ। ਮਾਨਸ ਜਨਮ ਪਾ ਕੇ ਅਸੀਂ ਪ੍ਰਮਾਰਥ ਦੇ ਬਦਲੇ ਸੁਆਰਥ ਦੇਖੀਏ ਤਾਂ ਇਸ ਤੋਂ ਵੱਡਾ ਪਾਪ ਹੋਰ ਕੀ ਹੋ ਸਕਦਾ ਹੈ? ਪ੍ਰਮਾਰਥ ਵਿਚ ਜੋ ਵਿਘਨ ਪਾਉਂਦੇ ਨੇ, ਉਹ ਮਾਨਸ ਨਹੀਂ ਤੁਸੀਂ ਤਾਂ ਸ਼ਾਸਤਰ, ਪੁਰਾਨ ਪੜ੍ਹੇ ਹੋਏ ਨੇ, ਜੱਗ ਭੰਗ ਕਰਨ ਵਾਲਿਆਂ ਨੂੰ ਪੁਰਾਨ ਵਿਚ ਕੀ ਕਿਹਾ ਹੈ, ਇਹ ਤਾਂ ਜਾਣਦੇ ਹੀ ਹੋ। ਸਾਡੇ ਕਹਿਣ ਦਾ ਮਤਲਬ ਇਹ ਹੈ ਕਿ ਸਾਰੇ ਹੀ ਭੇਦਭਾਵ ਤਿਆਗ ਕੇ ਇਕ ਹੋ ਕੇ ਪ੍ਰਮਾਰਥ ਕਾਰਜ ਵਿਚ ਸਹਿਯੋਗ ਦਿਓ। ਤੁਸੀਂ ਲੋਕ ਤਾਂ ਜਾਣਦੇ ਹੀ ਹੋ– 'ਪ੍ਰਮਾਰਥ ਕਾਰਜ ਦੇਹ ਧਰੇ ਜਿਹ ਮਾਨੁਸ ਜਨਮ ਅਕਾਰਥ ਜਾਇ। "ਬੱਸ ਹੱਥ ਜੋੜ ਕੇ ਪੰਚ ਪ੍ਰਮੇਸ਼ਰ ਅਗੇ ਬੇਨਤੀ ਹੈ, ਝਗੜਾ ਤਿਆਗ ਕੇ ਮੇਲ ਵਧਾਓ। ਸਤਿਗੁਰੂ ਸਾਹਿਬ ਪਿੰਡ ਦਾ ਭਲਾ ਕਰਨਗੇ। ਅੱਗੇ ਆਪ ਲੋਕਾਂ ਦੀ ਮਰਜ਼ੀ।"

ਲੱਛਮੀ ਬੈਠ ਗਈ। ਉਸ ਦਾ ਚਿਹਰਾ ਭਖ ਉਠਿਆ, ਗੱਲ੍ਹਾਂ ਲਾਲ ਹੋ ਗਈਆਂ ਅਤੇ ਪੁੜਪੁੜੀਆਂ ਕੋਲ ਪਸੀਨੇ ਦੀਆਂ ਬੂੰਦਾਂ ਚਮਕ ਗਈਆਂ ਹਨ। ਪੰਚਾਇਤ ਵਿਚ ਚੁੱਪ ਵਰਤੀ ਹੋਈ ਹੈ, ਜਿਵੇਂ ਜਾਦੂ ਹੋ ਗਿਆ ਹੋਵੇ। ਬਾਲਦੇਵ ਜੀ ਦਾ ਭਾਖਣ ਦੇਣ ਦਾ ਉਤਸ਼ਾਹ ਘਟ ਗਿਆ ਹੈ। ਉਹ ਦੋਹਾ-ਕਵਿਤਾ ਨਹੀਂ ਜਾਣਦਾ, ਸ਼ਾਸਤਰ ਪੁਰਾਣ ਵੀ ਨਹੀਂ ਪੜ੍ਹਿਆਂ। ਜੇਲ ਵਿਚ ਚੌਧਰੀ ਜੀ ਉਹਨੂੰ ਪੜ੍ਹਾਇਆ ਕਰਦੇ ਸਨ, ਤੀਜਰੇ ਭਾਗ ਵਿਚ–'ਬੜਾ ਭਾਰ ਨਮਕ ਦਾ ਲੈ ਕੇ ਇਕ ਗਧਾ ਦੁਖ ਪਾਉਂਦਾ ਸੀ।' ਦੇ ਨੇੜੇ ਤੇੜੇ ਹੀ ਉਹ ਪੜ੍ਹ ਰਿਹਾ ਸੀ ਕਿ ਚੌਧਰੀ ਜੀ ਦੀ ਬਦਲੀ ਹੋ ਗਈ। ਉਸੇ ਦਿਨ ਉਹਦੀ ਪੜ੍ਹਾਈ ਵੀ ਬੰਦ ਹੋ ਗਈ, ਪਰ......ਉਹ ਜ਼ਰੂਰ ਭਾਸ਼ਣ ਦੇਵੇਗਾ। ਉਹਨੇ ਲੱਛਮੀ ਵਲ ਦੇਖਿਆ, ਤੇ ਜਿਵੇਂ ਨਸ਼ੇ ਵਿਚ ਉਠ ਖੜੋਤਾ, "ਪਿਆਰੇ ਭਰਾਵੋ,"

"ਬੋਲੋ ਇਕ ਵਾਰ ਪ੍ਰੇਮ ਨਾਲ......ਗਾਂਧੀ ਮਹਾਤਮਾ ਦੀ ਜੈ।" ਯਾਦਵ ਟੋਲੀ ਦੇ ਨੌਜਵਾਨਾਂ ਨੇ ਜੈ-ਜੈ ਕਾਰ ਕੀਤੀ।

"ਪਿਆਰੇ ਭਰਾਵੋ! ਕੋਠਾਰਨ ਸਹਿਬ ਜਿੰਨੀ ਗੱਲ ਕੀਤੀ, ਸਭ ਠੀਕ ਹੈ, ਪਰ ਸਭ ਤੋਂ ਵੱਡੇ ਦੋਖੀ ਅਸੀਂ ਹਾਂ। ਸਾਡੇ ਕਾਰਨ ਹੀ ਪਿੰਡ ਵਿਚ ਲੜਾਈ ਝਗੜਾ ਹੋ ਰਿਹਾ

ਹੈ। ਅਸੀਂ ਤਾਂ ਸਾਰਿਆਂ ਦੇ ਸੇਵਕ ਹਾਂ, ਅਸੀਂ ਕੋਈ ਬਿਦਮਾਨ ਨਹੀਂ ਹਾਂ, ਸ਼ਾਸ਼ਤਰ ਪੁਰਾਨ ਨਹੀਂ ਪੜ੍ਹੇ ਹਨ। ਗਰੀਬ ਆਦਮੀ ਹਾਂ, ਮੂਰਖ ਹਾਂ। ਪਰ, ਮਹਾਤਮਾਂ ਜੀ ਦੇ ਪ੍ਰਤਾਪ ਨਾਲ ਭਾਰਥ ਮਾਤਾ ਦੇ ਪ੍ਰਤਾਪ ਨਾਲ ਮਨ ਵਿਚ ਸੇਵਾ ਭਾਵ ਦਾ ਜਨਮ ਹੋਇਆ ਤੇ ਅਸਾਂ ਸੇਵਕ ਦਾ ਬਾਣਾ ਲੈ ਲਿਆ। ਤੁਹਾਨੂੰ ਤਾਂ ਪਤਾ ਹੀ ਹੈ, ਜੋ ਮੰਗਲ ਬਾਬੂ ਜਿਹੜੇ ਮਨਿਸਟਰ ਹੋਏ ਨੇ, ਆਪਣਾ ਦਸਖ਼ਤ ਵੀ ਨਹੀਂ ਜਾਣਦੇ। ਬਹੁਤ ਛੋਟੀ ਜਾਤ ਦੇ ਹਨ, ਉਹ ਵੀ ਗਰੀਬ ਆਦਮੀ ਸਨ, ਮੂਰਖ ਸਨ, ਪਰ ਮਨ ਵਿਚ ਸੇਵਾ ਭਾਵ ਸੀ ਅਤੇ ਮਹਾਤਮਾਂ ਜੀ ਨੇ ਉਹਨਾਂ ਨੂੰ ਮਨਿਸਟਰ ਚੁਣ ਲਿਆ। ਮਹਾਤਮਾ ਜੀ ਕਹਿੰਦੇ ਨੇ' ਬੈਸਨਵ ਜਨ ਤਾਂ ਉਸ ਨੂੰ ਕਹਿੰਦੇ ਹਨ ਜੋ ਪੀੜ ਪਰਾਈ ਜਾਣਦਾ ਹੈ ਜੀ ਮੋਮਿੰਟ ਵਿਚ ਜਦੋਂ ਗੋਰਾ ਮੇਲਿਟਰੀ ਨੇ ਸਾਨੂੰ ਫੜਿਆ ਤਾਂ ਮਾਰ ਮਾਰ ਕੇ ਬੇਹੋਸ਼ ਕਰ ਦਿਤਾ। ਪਾਣੀ ਮੰਗਦੇ ਸਾਂ ਤਾਂ ਮੂੰਹ ਵਿਚ ਪਿਸ਼ਾਬ ਕਰ ਦਿੰਦੇ ਸਨ......"

ਬਾਲਦੇਵ ਜੀ ਦਾ ਭਾਸ਼ਣ ਸ਼ੁਰੂ ਹੁੰਦਿਆਂ ਹੀ ਪੰਚਾਇਤ ਵਿਚ ਫੇਰ ਘੁਸਰ ਮੁਸਰ ਸ਼ੁਰੂ ਹੋ ਗਈ ਸੀ। ਰਾਜਪੂਤ ਟੋਲੀ ਦੇ ਲੋਕ ਹੋਰ ਵੀ ਜ਼ੋਰ ਜ਼ੋਰ ਨਾਲ ਗੱਲਾਂ ਕਰਨ ਲਗੇ। ਬਾਲਦੇਵ ਦੇ ਭਾਸ਼ਣ ਦੇ ਇਸ ਰੁਮਾਂਚਕ ਅੰਸ਼ ਨੇ ਜ਼ਰਾ ਅਸਰ ਕੀਤਾ। ਮੂੰਹ ਵਿਚ ਪਿਸ਼ਾਬ ਕਰਨ ਦੀ ਗੱਲ ਨੇ ਪੰਚਾਇਤ ਵਿਚ ਫੇਰ ਚੁੱਪ ਵਰਤਾ ਦਿਤੀ। ਬਾਲਦੇਵ ਨੇ ਝੱਟ ਆਪਣੀ ਕਮੀਜ਼ ਖੋਲ੍ਹ ਲਈ। ਚਾਰੇ ਪਾਸੇ ਘੁੰਮਕੇ, ਕੰਡ ਦਿਖਾਂਦਿਆਂ ਉਹਨੇ ਆਪਣਾ ਭਾਸ਼ਣ ਜਾਰੀ ਰਖਿਆ, "ਤੁਸਾਂ ਲੋਕਾਂ ਨੂੰ ਵਿਸ਼ਵਾਸ਼ ਨਾ ਹੋਵੇ ਤਾਂ ਦੇਖ ਸਕਦੇ ਹੋ।"

"ਹਾਇ ਬਾਪੂ! ਚੀਤੇ ਬਘਿਆੜ ਵਾਂਗ ਦੇਹ ਹੋ ਗਈ ਹੈ।...... ਧੰਨ ਹਨ।"

"ਦੇਖੋ ਸਾਰੇ" ਯਾਦਵ ਟੋਲੀ ਦਾ ਇਕ ਨੌਜਵਾਨ ਕਹਿੰਦਾ ਹੈ, "ਅਸੀਂ ਗਾਂਧੀ ਜੀ ਦੀ ਜੈ ਬੋਲਦੇ ਹਾਂ ਤਾਂ ਤੁਹਾਡੇ ਕੰਨਾਂ ਵਿਚ ਲਾਲ ਮਿਰਚਾਂ ਦੇ ਬੁੱਕ ਪੈ ਜਾਂਦੇ ਹਨ ਦੇਖੋ।"

"ਓਏ ਭਰਾਵੋ! ਇਹ ਸਭ ਮਹਾਤਮਾਂ ਜੀ ਦਾ ਪਰਤਾਪ ਹੈ, ਕੌਣ ਸਹਿ ਸਕਦਾ ਹੈ, ਜਦੋਂ ਗੁੜ ਗੰਜਨ ਸਹੇ ਤਾਂ ਮਿਸਰੀ ਨਾਮ ਧਰਾਏ।"

"...... ਪਰ ਪਿਆਰੇ ਭਰਾਵੋ, ਅਸਾਂ ਭਾਰਥ ਮਾਤਾ ਦਾ ਨਾਂ, ਮਹਾਤਮਾਂ ਗਾਂਧੀ ਜੀ ਦਾ ਨਾਂ ਲੈਣਾ ਬੰਦ ਨਹੀਂ ਕੀਤਾ। ਤਦ ਮੇਲਿਟਰੀ ਨੇ ਸਾਡੇ ਨਹੁਆਂ ਵਿਚ ਸੂਈਆਂ ਖੋਭੀਆਂ, ਇਸ ਤੇ ਵੀ ਅਸੀਂ ਤੀਂ-ਤੜਾਕ ਨਹੀਂ ਕੀਤੀ। ਅਖੀਰ ਹਾਰ ਕੇ ਜੇਲਖ਼ਾਨੇ ਵਿਚ ਸੁੱਟ ਦਿਤਾ। ਤੁਸੀਂ ਲੋਕ ਤਾਂ ਜਾਣਦੇ ਹੀ ਹੋ ਕਿ ਸੁਰਾਜੀ ਲੋਕ ਜੇਲ ਨੂੰ ਕੀ ਸਮਝਦੇ ਹਨ – ਜੇਲ ਨਹੀਂ ਸਸੁਰਾਲ 'ਯਾਰ ਹਮ ਬਿਹਾ ਕਰਨ ਕੋ ਜਾਏਂਗੇ। ਪਰ ਜੇਲ ਵਿਚ ਅੰਗਰੇਜ਼ ਸਰਕਾਰ ਸਾਨੂੰ ਤਰ੍ਹਾਂ ਤਰ੍ਹਾਂ ਦੀਆਂ ਤਕਲੀਫ਼ਾਂ ਦੇਣ ਲਗੀ। ਭਾਤ ਵਿਚ ਕੀੜੇ ਰਲਾ ਦਿੰਦਾ ਸੀ, ਘਾਹ ਫੂਸ ਦੀ ਸਬਜ਼ੀ ਹੁੰਦੀ ਸੀ। ਬਸ ਅਸੀਂ ਵੀ

ਅਨਸਨ ਸ਼ੁਰੂ ਕਰ ਦਿਤਾ। ਪਿਆਰੇ ਭਰਾਵੋ! ਪੰਜ ਦਿਨ ਤਕ ਇਕ ਦਮ ਨਿਰਜਲਾ ਅਨਸਨ ਉਸ ਤੋਂ ਬਾਅਦ ਕਲਕਟਰ, ਇਸਪੀ, ਜੱਜ ਸਾਰੇ ਆਏ। ਮੰਗ ਪੂਰੀ ਕਰ ਦਿੱਤੀ। ਖਾਣ ਨੂੰ ਦੁੱਧ ਹਲਵਾ ਦਿਤਾ। ਅਸੀਂ ਬੋਲੇ- ਦੁੱਧ ਹਲਵਾ ਆਪਣੇ ਬਾਲ ਬੱਚਿਆਂ ਨੂੰ ਖੁਆਓ। ਸਾਨੂੰ ਵਧੀਆ ਚਾਵਲ ਦਿਓ। ਸੋ ਪਿਆਰੇ ਭਰਾਵੋ, ਸੇਵਾ ਬਰਤ ਜਦੋਂ ਅਸੀਂ ਲਿਆ ਹੈ ਤਾਂ ਇਸ ਨੂੰ ਛੱਡ ਨਹੀਂ ਸਕਦੇ..... । ਅੰਨ੍ਹੀ ਹੋ ਕੇ ਪੁਲਿਸ ਚਲਾਵੇ ਪਰ ਡੰਡਿਆਂ ਦੀ ਪਰਵਾਹ ਨਹੀਂ। 'ਤੁਸੀਂ ਲੋਕ ਆਪਣੇ ਪਿੰਡ ਵਿਚ ਸੇਵਾ ਨਹੀਂ ਕਰਨ ਦਿਓਗੇ ਤਾਂ ਅਸੀਂ ਚੰਨਪੱਟੀ ਚਲੇ ਜਾਵਾਂਗੇ। ਉਥੇ ਆਸ਼ਰਮ ਹੈ, ਘਰ ਘਰ ਚਰਖਾ ਖੱਡੀ ਚਲਦੀ ਹੈ, ਘਰ ਘਰ ਵਿਚ ਔਰਤਾਂ ਮਰਦ ਪੜ੍ਹਦੇ ਹਨ। ਮਹਾਤਮਾਂ ਜੀ ਜਮਾਹਿਰ ਲਾਲ, ਰਜੀਨਰ ਬਾਬੂ ਅਤੇ ਹੋਰ ਵੱਡੇ ਵੱਡੇ ਲੀਡਰ ਲੋਕ ਸਾਲ ਵਿਚ ਇਕ ਵਾਰ ਜ਼ਰੂਰ ਆਉਂਦੇ ਹਨ। ਚੌਧਰੀ ਜੀ ਸਾਨੂੰ ਬਾਰ ਬਾਰ ਖ਼ਬਰ ਭੇਜ ਦਿੰਦੇ ਹਨ...... । ਬਾਲਦੇਵ ਆਪਣੇ ਪਿੰਡ ਵਿਚ ਆ ਜਾਓ। ਅਸੀਂ ਕਹਿੰਦੇ ਹਾਂ ਕਿ ਚੌਧਰੀ ਜੀ ਤੁਸੀਂ ਅਸਾਡੇ ਗੁਰੂ ਹੋ, ਤੁਹਾਡਾ ਬਚਨ ਅਸੀਂ ਨਹੀਂ ਮੋੜ ਸਕਦੇ, ਪਰ ਆਪਣਾ ਪਿੰਡ ਤਾਂ ਉੱਨਤੀ ਕਰ ਗਿਆ ਹੈ। ਜਿਸ ਪਿੰਡ ਨੇ ਉੱਨਤੀ ਨਹੀਂ ਕੀਤੀ, ਅਸੀਂ ਉਥੇ ਰਹਿ ਕੇ ਸੇਵਾ ਕਰਾਂਗੇ।......ਅਸੀਂ ਮੇਰੀਗੰਜ ਨੂੰ ਚੰਨਪੱਟੀ ਵਾਂਗ ਬਣਾਉਣਾ ਚਾਹੁੰਦੇ ਹਾਂ। ਅਸੀਂ ਆਪ ਪਿੰਡ ਵਿਚ ਝਾੜੂ ਦਿਆਂਗੇ, ਮੈਲਾ ਸਾਫ਼ ਕਰਾਂਗੇ। ਅਸੀਂ ਸਭ ਕੁਝ ਕੀਤਾ ਹੋਇਆ ਹੈ। ਮਹਾਤਮਾਂ ਜੀ ਖ਼ੁਦ ਮੈਲਾ ਸਾਫ਼ ਕਰਦੇ ਸਨ। ਜਿਥੇ ਸਫਾਈ ਰਹਿੰਦੀ ਹੈ, ਉਥੋਂ ਦਾ ਬੰਦਾ ਵੀ ਸਾਫ ਰਹਿੰਦਾ ਹੈ। ਮਨ ਸਾਫ ਰਹਿੰਦਾ ਹੈ। ਸਾਬ੍ਹ ਲੋਕਾਂ ਨੂੰ ਦੇਖੋ, ਉਹਨਾਂ ਦੇ ਦੇਸ ਦੇ ਬਿਰਛ ਪੌਦੇ ਵੀ ਸਾਫ ਰਹਿੰਦੇ ਹਨ। ਕੋਠੀ ਦੇ ਬਗੀਚੇ ਵਿਚ ਕਨਸਤਰ ਦੇ ਪੌਦੇ ਨੂੰ ਦੇਖੋ, ਇਕ ਦਮ ਬਗਲੇ ਵਰਗਾ ਉੱਜਲਾ ਹੈ, ਪਰ ਤੁਸੀਂ ਲੋਕ ਸਾਨੂੰ ਨਹੀਂ ਚਾਹੁੰਦੇ ਤਾਂ ਅਸੀਂ ਚਲੇ ਜਵਾਂਗੇ। ਤੁਹਾਨੂੰ ਵਿਸ਼ਵਾਸ਼ ਨਹੀਂ ਹੈ, ਤਾਂ ਪੜ੍ਹਨਾ ਜਾਣਦੇ ਹੋ, ਇਸ ਚਿੱਠੀ ਨੂੰ ਪੜ੍ਹ ਲਵੋ, ਕਿ ਇਸ ਵਿਚ ਕੀ ਲਿਖਿਆ ਹੋਇਆ ਹੈ। ਟੈਪ ਵਿਚ ਛਪਿਆ ਹੋਇਆ ਹੈ। ਦੋ ਸਾਲ ਪਹਿਲਾਂ ਦੀ ਚਿੱਠੀ ਹੈ।"

ਕੌਣ ਪੜ੍ਹੇਗਾ। ਮੌਕੇ ਨਾਲ ਸਾਰੇ ਇਸਕੂਲੀਆ, ਅੰਗ੍ਰੇਜ਼ੀਅਨ ਲੋਕ ਵੀ ਘਰ ਵਿਚ ਹੀ ਨੇ। ਪੜ੍ਹੇ ਜੀ ਕੋਈ। ਖਿਲਾਵਨ ਨੇ ਆਪਣੇ ਮੁੰਡੇ ਸਕਲਦੀਪ ਨੂੰ ਕਿਹਾ, "ਜਾ ਪੜ੍ਹ ਦੇ।" ਪਰ ਉਹ ਬੜਾ ਸ਼ਰਮੀਲਾ ਹੈ। "ਹਰ ਗੌਰੀ ਪੜ੍ਹ ਦਿਓ ਜੀ।"

ਪਾਸਵਾਨ ਟੋਲੇ ਦੇ ਰਾਮਚੰਦਰ ਦਾ ਭਤੀਜਾ ਨੇਵਾ ਲਾਲ ਉਠ ਖੜਾ ਹੋਇਆ, ਬਾਲਦੇਵ ਦੇ ਹੱਥੋਂ ਚਿੱਠੀ ਲੈ ਕੇ ਪੜ੍ਹਨ ਲਗਾ।

"ਜ਼ਰਾ ਜ਼ੋਰ ਨਾਲ ਪੜ੍ਹੋ। ਗਲਾ ਸਾਫ਼ ਕਰ ਲਵੋ। ਥਰ-ਥਰ ਕਿਉਂ ਕੰਬਦੇ ਹੋ?'

"ਸੇਵਾ ਵਿਚ ਬਾਲਦੇਵ ਸਿੰਘ ਜੀ। ਮਹਾਸ਼ਾ। ਆਪ ਨੂੰ ਵਿਦਿਤ ਹੋਵੇ ਕਿ ਕਸਤੂਰਬਾ

ਸਮਾਰਨ ਨਿਧੀ ਦੀ ਇਕ ਅਸਥਾਈ ਕਮੇਟੀ ਦਾ ਗਠਨ ਕਰਨ ਲਈ ਕਾਂਗਰਸ ਜਨਾਂ ਦੀ ਇਕ ਵਿਸ਼ੇਸ਼ ਬੈਠਕ ਤਰੀਕ 8-12-45 ਨੂੰ ਪੂਰਣੀਆਂ ਧਰਮਸ਼ਾਲਾ ਵਿਚ ਹੋਵੇਗੀ ਇਸ ਬੈਠਕ ਵਿਚ ਬਿਹਾਰ ਦੇ ਭੂਤਪੂਰਵ ਪ੍ਰੀਮੀਅਰ ਵੀ ਉਪਸਥਿਤ ਰਹਿਣਗੇ। ਇਸ ਮਹੱਤਵ ਪੂਰਣ ਬੈਠਕ ਵਿਚ ਆਪ ਦੀ ਉਪਸਥਿਤੀ ਜਰੂਰੀ ਹੈ। ਆਪਦਾ ਵਿਸ਼ਵਨਾਥ ਚੌਧਰੀ।"

ਅਰਥ ਵੀ ਸਮਝਾ ਦਿਓ, ਨੇਵਾਲਾਲ।...... ਓਏ ਨਹੀਂ, ਅਰਥ ਕੀ ਸਮਝਾਵੇਗਾ ਟੈਪ ਵਿਚ ਛਪੇ ਹੋਏ ਖ਼ਤ ਦਾ ਹੁਣ ਅਰਥ ਸਮਝਾਏਗਾ ? ਚੌਧਰੀ ਜੀ ਵੀ ਬਾਲਦੇਵ ਤੋਂ ਰਾਏ ਲਏ ਬਿਨਾਂ ਕੁਛ ਨਹੀਂ ਕਰਦੇ। ਇਹ ਆਪਣੇ ਪਿੰਡ ਦੀ ਕਿਸਮਤ ਹੈ ਕਿ ਬਾਲਦੇਵ ਜੀ ਜਿਹਾ ਹੀਰਾ ਆਦਮੀ ਇਥੇ ਆ ਕੇ ਰਹਿੰਦਾ ਹੈ। ਆਪਣਾ ਪਿੰਡ ਵੀ ਹੁਣ ਸੁਧਰ ਜਾਏਗਾ......ਜ਼ਰੂਰ......। ਸੁਣੋਂ ਸਿੰਘ ਜੀ ਕਹਿੰਦੇ ਨੇ।

"ਬਾਲਦੇਵ। ਤੁਸੀਂ ਇਥੋਂ ਚਲੇ ਜਾਓਗੇ ਤਾਂ ਇਹ ਮੇਰੀ ਗੰਜ ਪਿੰਡ ਦਾ ਦੁਰਭਾਗ ਹੋਵੇਗਾ, ਸ਼ਰਮ ਦੀ ਗੱਲ ਹੋਵੇਗੀ। ਪਿੰਡ ਵਿਚ ਲੜਾਈ ਝਗੜੇ ਤਾਂ ਹੁੰਦੇ ਹੀ ਰਹਿੰਦੇ ਹਨ। ਦੋ ਭਾਂਡੇ ਇਕ ਥਾਂ ਰਹਿਣ ਤਾਂ ਉਨ੍ਹਾਂ ਦਾ ਠਹਿਕਣਾ ਜ਼ਰੂਰੀ ਹੈ। ਤੁਹਾਡਾ ਕੰਮ ਹੈ, ਪਿੰਡ ਵਿਚ ਮੇਲ-ਮਿਲਾਪ ਵਧੋਣਾ, ਪਿੰਡ ਦੀ ਉੱਨਤੀ ਕਰਨਾ। ਇਹਦੇ ਵਿਚ ਜਿਹੜਾ ਰੁਕਾਵਟ ਪਾਉਂਦਾ ਹੈ, ਉਹ ਅਧਰਮੀ ਹੈ। ਤੁਸੀਂ ਲੋਕ ਦੇਸ਼ ਦੇ ਸੇਵਕ ਹੋ, ਬੁਰੇ ਤੇ ਕੁਟਿਲ ਲੋਕਾਂ ਨੂੰ ਸੁਮਾਰਗ ਤੇ ਚਲ ਉਣਾ ਤੁਹਾਡਾ ਹੀ ਕੰਮ ਹੈ। ਗੁਸਾਈਂ ਜੀ ਨੇ ਰਮੈਣ ਵਿਚ ਪਹਿਲਾਂ ਬੁਰੇ ਤੇ ਕੁਟਿਲ ਦੀ ਹੀ ਬੰਦਨਾ ਕੀਤੀ ਹੈ। ਤੁਸੀਂ ਪਿੰਡੋਂ ਨਹੀਂ ਜਾਣਾ। ਤਹਿਸੀਲਦਾਰ ਅਤੇ ਅਸੀਂ ਤਾਂ ਛੋਟੇ ਵੱਡੇ ਭਰਾ ਹਾਂ। ਬਚਪਨ ਤੋਂ 'ਕੱਠੇ ਖੇਲੇ-ਮੱਲ੍ਹੇ ਲੜੇ-ਝਗੜੇ ਤੇ ਫੇਰ ਇਕ ਹੋ ਗਏ। ਆਓ ਤਹਿਸੀਲਦਾਰ ਭਰਾ ਜੀ ਲੋਕ ਤਾਂ ਸਾਨੂੰ ਤੇ ਸਾਡੇ ਖ਼ਾਨਦਾਨ ਨੂੰ ਬਦਨਾਮ ਕਰਦੇ ਹੀ ਹਨ ਕਿ ਕਾਇਸਥ ਤੇ ਰਾਜਪੂਤ ਨੇ ਮਿਲ ਕੇ ਮਹਾਰਾਣੀ ਚੰਪਾਵਤੀ ਦੀ ਇਸਟੇਟ ਨੂੰ ਹੀ ਖ਼ਤਮ ਕਰ ਦਿਤਾ। ਹੁਣ ਅਸੀਂ ਲੋਕ ਫੇਰ ਇਕ ਵਾਰ ਮਿਲ ਜਾਈਏ।" ਸਿੰਘ ਜੀ ਨੇ ਆਪਣਾ ਲੰਮਾ ਚੌੜਾ ਬਿਆਨ ਸਮਾਪਤ ਕਰਦਿਆਂ ਹੀ ਪੰਚਾਇਤ ਵਿਚ ਬੈਠੇ ਲੋਕਾਂ ਵਲ ਦੇਖਿਆ।

ਪੰਚਾਇਤ ਵਿਚ ਜ਼ੋਰਾਂ ਦਾ ਹਾਸਾ ਫੈਲ ਗਿਆ। ਲੋਕ ਹਸਦੇ ਹਸਦੇ ਲੋਟ ਪੋਟ ਹੋ ਗਏ। ......ਇਕ ਦਮ 'ਬਮ ਭੋਲਾਨ ਥ' ਹਨ ਸਿੰਘ ਜੀ ! ਮਨ ਵਿਚ ਕੋਈ ਸੱਤ-ਪੰਜ ਨਹੀਂ ਹੁੰਦੀ। ਸਾਦਾ ਦਿਲ ਦੇ ਆਦਮੀ ਹਨ।

ਸਿੰਘ ਜੀ ਨੇ ਤਹਿਸੀਲਦਾਰ ਨੂੰ ਹੱਥ ਫੜ ਕੇ ਖੜਾ ਕਰ ਲਿਆ। ਦੋਵੇਂ ਗਲੇ ਮਿਲਣ

"ਬੋਲੋ ਇਕ ਵਾਰ ਪ੍ਰੇਮ ਨਾਲ...... ਗਾਂਧੀ ਮਹਾਤਮਾਂ ਦੀ ਜੈ।"

"ਜੈ ! ਜੈ !!

ਹੁਣ ਭੰਡਾਰਾ ਜੰਮੇਗਾ। ਦੋ ਦਿਨਾਂ ਤੋਂ ਤਾਂ ਜਾਪਦਾ ਸੀ ਕਿ ਲੋਕਾਂ ਦੇ ਪੱਤਲਾਂ ਵਿਚ

ਪਰੋਸੀ ਹੋਈ ਪੂਰੀ-ਜਲੇਬੀ ਹੁਣ ਗਈ ਕਿ ਗਈ ।...... ਉਸ ਦਿਨ ਕੀਰਤਨ ਤੇ ਨਾਚ ਕਰਾਂਗੇ । ......ਅਗਮੂ ਚੌਕੀਦਾਰ ਕੀ ਕਹਿੰਦਾ ਸੀ । ਮਹਾਤਮਾਂ ਜੀ ਦਾ ਝੰਡਾ ਨਹੀਂ ਝਲਾਉਣਾ, ਹੁਣ ਉਹ ਕੁੱਟ ਖਾਏਗਾ । ਉਹਨੂੰ ਕਹੋ, ਆਪਣੇ ਨਾਨੇ ਦਰੋਗਾ ਸਾਬ੍ਹ ਤੋਂ ਪੁੱਛੇ ਕਿ ਰਾਜ ਕਿਸ ਦਾ ਹੈ । ਅਨਸਨ ਕਰਨ ਨਾਲ ਲਾਟ, ਹਾਕਿਮ, ਕਲੱਟਰ ਸਭ ਡਰ ਜਾਂਦੇ ਹਨ ।

ਸਾਰੀ ਪੰਚਾਇਤ ਵਿਚ ਦੋ ਹੀ ਵਿਅਕਤੀ ਇਹੋ ਜਿਹੇ ਹਨ, ਜਿਨ੍ਹਾਂ ਵਿਚ ਮੇਲ-ਮਿਲਾਪ ਦੀ ਖ਼ੁਸ਼ੀ ਦਾ ਉਲਟਾ ਅਸਰ ਹੋਇਆ ਹੈ । ਖਿਲਾਵਨ ਸਿੰਘ ਯਾਦਵ ਨੂੰ ਸਿੰਘ ਨੇ ਜਿਸ ਚਾਲਾਕੀ ਨਾਲ ਬੰਨੇ ਲਾਇਆ, ਉਹਨੂੰ ਕੋਈ ਨਹੀਂ ਸਮਝ ਸਕਿਆ, ਪਰ ਖਿਲਾਵਨ ਨੇ ਸਭ ਕੁਝ ਸਮਝ ਲਿਆ । ਖਿਲਾਵਨ ਦੀ ਚਰਚਾ ਵੀ ਨਹੀਂ ਕੀਤੀ ਸਿੰਘ ਨੇ । ਅਤੇ ਇਸ ਤਹਿਸੀਲਦਾਰ ਨੂੰ ਤਾਂ ਦੇਖੋ, ਤੁਰਤ ਗਿਰਗਟ ਵਾਂਗ ਰੰਗ ਬਦਲ ਲਿਆ । ਲੜਾਈ ਝਗੜਾ ਯਾਦਵ ਟੋਲੀ ਨਾਲ ਸੀ ਅਤੇ ਗਲੇ ਮਿਲੇ ਤਹਿਸੀਲਦਾਰ ਜੀ । ਖਿਲਾਵਨ ਨੂੰ ਸੱਠ ਬਰਸਿਆ (60 ਵਰ੍ਹਿਆਂ ਤਕ ਨਾਬਾਲਿਗ ਰਹਿਣ ਵਾਲਾ) ਨਹੀਂ ਸਮਝਣਾ । ਸਭ ਚਲਾਕੀ ਸਮਝਦੇ ਹਨ । ਦੁਨੀਆਂ ਦੀ ਗਿਆਨ ਗੁਦੜੀ ਖੋਲ੍ਹਦਾ ਹੈ ਬਾਲਦੇਵ, ਪਰ ਏਨਾ ਵੀ ਨਹੀਂ ਸਮਝ ਸਕਿਆ ਕਿ ਸਿੰਘ ਤਹਿਸੀਲਦਾਰ ਨਾਲ ਕਿਉਂ ਮਿਲ ਰਿਹਾ ਹੈ । ਮੇਲ ਮਿਲਾਪ ਤਾਂ ਯਾਦਵ ਟੋਲੀ ਦੇ ਮੁਖੀ ਨਾਲ ਹੋਣਾ ਚਾਹੀਦਾ ਹੈ । ਸੁਰਾਜੀ ਹੋਣ ਤੇ ਵੀ ਕੀ ਹੋਇਆ, ਜਾਤ ਸੁਭਾ ਨਹੀਂ ਛੁੱਟਦੇ । ਏਨੇ ਮਾਨ ਆਦਰ ਨਾਲ ਆਪਣੇ ਕੋਲ ਰਖਦੇ ਹਨ, ਖਿਲੌਂਦੇ ਪਿਲੌਂਦੇ ਹਨ ਅਤੇ ਬੇਲਾ ਆਉਣ ਤੇ ਸਾਰਾ ਧਾਨ ਬਾਈ ਪਸੇਰੀ ।

ਜੋਤਸ਼ੀ ਜੀ ਖਿਲਾਵਨ ਦੇ ਚਿਹਰੇ ਨੂੰ ਦੇਖ ਕੇ ਹੀ ਸਭ ਕੁਝ ਸਮਝ ਲੈਂਦੇ ਹਨ । ਮੋਟੀ ਚਮੜੀ ਤੇ ਅਸਰ ਹੋਇਆ ਹੈ । "ਖਿਲਾਵਨ ਬਾਬੂ, ਸਕਲਦੀਪ ਬਬੂਆਂ ਦੀ ਜਨਮ ਪੱਤਰੀ ਕਾਂਸੀ ਜੀ ਤੋਂ ਬਣ ਕੇ ਆ ਗਈ ਹੈ ? ਜ਼ਰਾ ਇਕ ਵਾਰ ਅਸੀਂ ਵੀ ਵੇਖੀਏ । ਅਜ ਤਕ ਅਸੀਂ ਜਿਹੜਾ ਹਿਸਾਬ ਲਾਇਆ ਹੈ, ਉਸ ਨੂੰ ਕਾਂਸ਼ੀ ਦੇ ਪੰਡਤਾਂ ਨੇ ਵੀ ਕਦੀ ਨਹੀਂ ਝੂਠ ਲਾਇਆ ।"

"ਕਲ੍ਹ ਸਵੇਰੇ ਆਉਣਾ ਜੋਤਖੀ ਚਾਚਾ । ਤੁਸੀਂ ਤਾਂ ਕਈ ਦਿਨਾਂ ਤੋਂ ਆਏ ਵੀ ਨਹੀਂ । ਸਕਲਦੀਪ ਤਾਂ ਹਾਈ ਸਕੂਲ ਵਿਚ ਸੰਸਕ੍ਰਿਤ ਵੀ ਪੜ੍ਹਦਾ ਹੈ । ਜ਼ਰਾ ਆ ਕੇ ਦੇਖਣਾ ਸੰਸਕ੍ਰਿਤ ਵਿਚ ਉਸਦਾ ਜਿਹਨ ਕਿਹੋ ਜਿਹਾ ਹੈ ?"

ਠੀਕ ਦੁਪਹਿਰ ਵੇਲੇ ਪੰਚਾਇਤ ਦੀ ਬੈਠਕ ਸ਼ੁਰੂ ਹੋਈ ਸੀ, ਸ਼ਾਮ ਨੂੰ ਖ਼ਤਮ ਹੋਈ । ਬੜੇ ਦਿਨਾਂ ਪਿਛੋਂ ਸਾਰੇ ਪਿੰਡ ਦੇ ਲੋਕ ਪੰਚਾਇਤ ਵਿਚ ਬੈਠੇ ਸਨ । ਬਹੁਤ ਦਿਨਾਂ ਪਿਛੋਂ ਫੇਰ ਮੇਲ ਮਿਲਾਪ ਹੋਇਆ ।

ਕਲ੍ਹ ਹੀ ਭੰਡਾਰਾ ਹੈ । ਸਵੇਰੇ ਹੀ ਇਸਪਿਤਾਲ ਦੇ ਸਾਹਮਣੇ ਦੀ ਜ਼ਮੀਨ ਨੂੰ ਸਾਫ਼

ਕਰਕੇ ਚਾਦਰਾਂ ਨਾਲ ਬਗਲਨਾਂ ਹੋਵੇਗਾ। ਸ਼ਾਮਿਆਨਾ ਗੱਡਣਾਂ ਹੋਵੇਗਾ। ਸਜੇਟ ਕਰਨੀ ਹੋਵੇਗੀ। ਹਲਵਾਈ ਤਾਂ ਸਵੇਰੇ ਹੀ ਆ ਜਾਣਗੇ। ਅਜ ਕਲ੍ਹ ਦਿਨ ਛੋਟਾ ਹੁੰਦਾ ਹੈ। ਬਿਜੇ ਹੁੰਦਿਆਂ ਹੁੰਦਿਆਂ ਸ਼ਾਮ ਪੈ ਜਾਏਗੀ। ਡਾਕਟਰ ਸਾਬ੍ਹ ਨੂੰ ਲਿਔਣ ਲਈ ਚਾਰ ਬੈਲਗੱਡੀਆਂ ਜਾਣਗੀਆਂ। ਟੀਸ਼ਨ-ਭੈਸਚਰਮਨ ਬਾਬੂ ਨੇ ਬਾਲਦੇਵ ਜੀ ਨੂੰ ਕਿਹਾ ਹੈ। ਕਲ੍ਹ ਪ੍ਰਭਾਤ ਨੂੰ ਹੀ ਇਸਪਿਤਾਲ ਵਿਚ ਸਭ ਲੋਕ ਜਮ੍ਹਾਂ ਹੋਣਗੇ। ਕੰਮ ਵੰਡਿਆ ਜਾਵੇਗਾ। ਏਨੇ ਵੱਡੇ ਭੋਜ ਨੂੰ ਸੰਭਾਲਣਾ ਖੇਡ ਨਹੀਂ ਹੈ।

ਸਾਰੇ ਹੀ ਬਾਰੀ ਬਾਰੀ ਨਾਲ ਮਹੰਥ ਸਾਬ੍ਹ ਨੂੰ ਸਾਹਿਬ ਬੰਦਗੀ ਕਰਕੇ ਬਿਦਾ ਹੋਏ। ਬਾਲਦੇਵ ਜੀ ਨੂੰ ਮਹੰਤ ਸਾਹਿਬ ਨੇ ਰੋਕ ਲਿਆ ਹੈ, "ਬਾਲਦੇਵ ਬਾਬੂ, ਤੁਸੀਂ ਜ਼ਰਾ ਠਹਿਰ ਜਾਓ। ਕਲ੍ਹ ਫਿਰ ਮੌਕਾ ਨਹੀਂ ਮਿਲਣਾ। ਹੁਣ ਇਕੋ ਵਾਰ ਹਿਸਾਬ ਕਿਤਾਬ ਕਰ ਲੈਣਾ ਚੰਗਾ ਹੋਵੇਗਾ। ਥੋੜੀ ਦੇਰ ਬੈਠ ਕੇ ਬੀਜਕ ਵਾਚੋ, ਅਸੀਂ ਜੰਗਲ ਪਾਣੀ ਹੋ ਆਈਏ। ਕਿਥੇ ਏਂ ਰਾਮਦਾਸ ? ਗੰਗਾ ਸਾਗਰ ਵਿਚ ਜਲ ਭਰ ਦੇ।"

ਬਾਲਦੇਵ ਧੂਣੀ ਕੋਲ ਬੈਠ ਕੇ ਬੀਜਕ ਦੇ ਪੰਨੇ ਉਲਟਦਾ ਹੈ-

ਬੀਜਕ ਬਤਾਵੇ ਬਿੱਤ ਕੋ,<br>
ਜੋ ਬਿੱਤ ਗੁਪਤੇ ਹੋਏ,<br>
ਸ਼ਬਦ ਬਤਾਵੇ ਜੀਵ ਕੋ<br>
ਬੂਝੇ ਬਿਰਲਾ ਕੋਇ ॥

ਲੱਛਮੀ ਲਾਲਟੈਨ ਬਾਲ ਕੇ ਸਾਹਮਣੇ ਰਖ ਗਈ ਹੈ। ਅੱਖਰ ਸਪੱਸ਼ਟ ਹੋ ਗਏ। 'ਸੰਤੋ, ਸਾਰੇ ਜਰਾ ਬੌਰਾਨੇ।'...... ਲੱਛਮੀ ਦੇ ਸਰੀਰ' ਚੋਂ ਇਕ ਖਾਸ ਤਰ੍ਹਾਂ ਦੀ ਸੁਗੰਧ ਨਿਕਲਦੀ ਹੈ। ਪੰਚਾਇਤ ਵਿਚ ਲੱਛਮੀ ਬਾਲਦੇਵ ਦੇ ਕੋਲ ਹੀ ਬੈਠੀ ਸੀ। ਬਾਲਦੇਵ ਨੂੰ ਰਾਮਨਗਰ ਮੇਲੇ ਦੀ ਦੁਰਗਾ ਮੰਦਰ ਵਰਗੀ ਗੰਧ ਲਗਦੀ ਹੈ – ਮਨੋਹਰ ਸੁਗੰਧ। ਪਵਿੱਤਰ ਗੰਧ। .........ਔਰਤਾਂ ਦੀ ਦੇਹ 'ਚੋਂ ਹੀ ਹਲਦੀ, ਲੱਸਣ, ਪਿਆਜ਼ ਅਤੇ ਘਾਮ ਦੀ ਗੰਧ ਨਿਕਲਦੀ ਹੈ।

## ਪੰਜ

ਬਾਲਦੇਵ ਜੀ ਨੂੰ ਰਾਤੀਂ ਨੀਂਦ ਨਹੀਂ ਆਉਂਦੀ।

ਮੱਠ ਤੋਂ ਪਰਤਦਿਆਂ ਦੇਰ ਹੋ ਗਈ ਸੀ। ਵਾਪਸ ਆ ਕੇ ਸੁਣਿਆ, ਖਿਲਾਵਨ ਵੀਰ ਦੀ ਤਬੀਅਤ ਖ਼ਰਾਬ ਹੈ, ਵਿਹੜੇ ਵਿਚ ਸੁੱਤੇ ਹੋਏ ਨੇ। ਜੇਕਰ ਕੋਈ ਵਿਹੜੇ ਵਿਚ ਸੁੱਤਾ ਹੋਇਆ ਹੋਵੇ ਤਾਂ ਸਮਝ ਲੈਣਾ ਚਾਹੀਦਾ ਹੈ ਕਿ ਤਬੀਅਤ ਖ਼ਰਾਬ ਹੋ ਗਈ ਹੈ,

ਬੁਖ਼ਾਰ ਹੋ ਗਿਆ ਹੈ, ਜਾਂ ਸਰਦੀ ਲੱਗੀ ਹੋਈ ਹੈ ਜਾਂ ਫੇਰ ਸਿਰ ਦਰਦ ਕਰ ਰਿਹਾ ਹੈ। ਜਿਸ ਦੀ ਵਿਹੜੇ ਵਾਲੀ (ਪਤਨੀ) ਹੀ ਨਹੀਂ ਉਹ ਵਿਹੜੇ ਵਿਚ ਕਿਉਂ ਸੌਂਵੇਂਗਾ ? ਵਿਹੜੇ ਵਿਚ ਸੌਣ ਦਾ ਮਤਲਬ ਹੈ ਵਿਹੜੇ ਵਾਲੀ ਹੱਥੋਂ ਸੇਵਾ ਪ੍ਰਾਪਤ ਕਰਨਾ। ਖਾਣ ਵੇਲੇ ਭੋਜੀ ਤੋਂ ਪਤਾ ਲੱਗਾ, ਪੇਟ ਵਿਚ ਬਾਇ ਹੋ ਗਈ ਹੈ। ਕੌੜਾ ਤੇਲ ਲਾ ਕੇ ਮਲਣ ਨਾਲ ਗੜਬੜ ਬੋਲਦਾ ਹੈ।

ਭੋਜੀ ਵੀ ਬਹੁਤ ਅਨਮਨੀ ਸੀ। ਹੋਰ ਦਿਨਾਂ ਵਾਂਗ ਬਹਿ ਕੇ ਉਹਨੇ ਗੱਲਾਂ ਨਹੀਂ ਕੀਤੀਆਂ। ਭੋਜੀ ਅੰਗੀਠੀ ਕੋਲ ਬੈਠੀ ਹੁੱਕਾ ਪੀਂਦੀ ਰਹਿੰਦੀ ਸੀ, ਬਾਲਦੇਵ ਜੇਲ੍ਹ ਦੀਆਂ ਗੱਲਾਂ ਸੁਣਾਉਂਦਾ ਰਹਿੰਦਾ। ਬਾਲਦੇਵ ਜੀ ਅੱਜ ਪੰਚਾਇਤ ਦੀਆਂ ਗੱਲਾਂ ਭੋਜੀ ਨੂੰ ਸੁਣਾਉਂਦੇ, ਪਰ ਅੱਜ ਗੱਲਾਂ ਭਖਣ ਦਾ ਰੰਗ ਢੰਗ ਨਾ ਦੇਖ ਕੇ ਬਾਲਦੇਵ ਜੀ ਸੌਂਣ ਚਲੇ ਗਏ।

.........ਨੀਂਦ ਨਹੀਂ ਆਉਂਦੀ। ਜੇਲ੍ਹ ਦਾ ਵੀ. ਟੀ. ਕੰਬਲ ਅੱਜ ਬੜਾ ਚੁੱਭ ਰਿਹਾ ਹੈ। ਖੱਦਰ ਦੀ ਧੋਤੀ ਮੈਲੀ ਹੋ ਕੇ ਠੰਢੀ ਲੱਗਦੀ ਹੈ।.........ਬਾਰ ਬਾਰ ਲੱਛਮੀ ਦਾਸੀ ਦੀ ਯਾਦ ਆਉਂਦੀ ਹੈ। ਆਉਣ ਵੇਲੇ ਕਹਿ ਰਹੀ ਸੀ — ਅੱਜ ਇਥੇ ਹੀ ਪ੍ਰਸ਼ਾਦ ਛੱਕ ਲਵੋ, ਬਾਲਦੇਵ ਜੀ।.........ਪ੍ਰਸ਼ਾਦ। ਲੱਛਮੀ ਦੇ ਸਰੀਰ ਦੀ ਸੁਗੰਧ। .........ਅੱਜ ਮਾ ਦੀ ਵੀ ਯਾਦ ਆਉਂਦੀ ਹੈ। ਪਿੰਡ ਦੇ ਲੋਕ ਬਾਲਦੇਵ ਨੂੰ ਟੋਰਵਾ (ਅਨਾਥ) ਕਹਿੰਦੇ ਸਨ। ਸੁਣ ਕੇ ਮਾਂ ਗੁੱਸੇ ਹੋ ਜਾਂਦੀ ਸੀ। ਪਿਓ ਦੇ ਮਰਨ ਨਾਲ ਕੋਈ ਟੂਅਰ (ਲੂਮੜੀ) ਨਹੀਂ ਹੁੰਦਾ। ਪਿਓ ਮਰੇ ਤਾਂ ਕੁਮਰ, ਮਾਂ ਮਰੇ ਤਾਂ ਟੂਅਰ ! ਮੇਰਾ ਬਾਲਦੇਵ ਤਾਂ ਕੁਮਰ ਹੈ; ਮੇਰਾ ਬਾਲਦੇਵ ਟੂਅਰ ਨਹੀਂ ਜਾਪਦਾ ਹੈ। ਮਾਂ ਨੇ ਝੱਟ ਹੁਣੇ ਹੀ ਕੰਡ ਪਲੋਸੀ ਹੈ।

ਮਾਂ ਦੇ ਮਰਨ ਪਿੱਛੋਂ ਬਾਲਦੇਵ ਬਹੁਤ ਦਿਨਾਂ ਤਕ ਅਯੋਧੀ ਭਗਤ ਦੀ ਮੱਝ ਚਰਾਉਂਦਾ ਰਿਹਾ ਸੀ। ਅਯੋਧੀ ਭਗਤ ਦੀ ਯਾਦ ਆਉਂਦਿਆਂ ਹੀ ਬਾਲਦੇਵ ਦਾ ਸਰੀਰ ਥਿਰਕ ਉਠਦਾ ਹੈ। ਕਿੱਡਾ ਪਾਪੀ ਸੀ ਬੁੱਢਾ; ਬੁੱਢੀ ਤਾਂ ਹੋਰ ਵੀ ਖਰਾਂਟ ਸੀ, ਲੂਮੜੀ ਵਾਂਗ ਹਰ ਵੇਲੇ ਖੈਂ-ਖੈਂ ਕਰਦੀ ਰਹਿੰਦੀ ਸੀ। ਸਾਰਾ ਦਿਨ ਮੱਝ ਚਰਾਣ ਤੋਂ ਬਾਅਦ ਬਾਲਦੇਵ ਦੀਆਂ ਉਂਗਲੀਆਂ ਭਗਤ ਦਾ ਸਰੀਰ ਘੁੱਟਦਿਆਂ ਦਰਦ ਕਰਨ ਲਗਦੀਆਂ ਸਨ। ਅੱਖਾਂ ਨੀਂਦ ਨਾਲ ਬੰਦ ਹੋ ਜਾਂਦੀਆਂ ਸਨ, ਪਰ ਜ਼ਰਾ ਵੀ ਰਊਂਕਾ ਲੱਗਾ ਕਿ ਚਟਾਕ। ਉਸ ਬੁੱਢੇ ਦੀਆਂ ਉਂਗਲੀਆਂ ਦੀ ਮਾਰ ਬੜੀ ਭੈੜੀ ਸੀ। ਬਾਲਦੇਵ ਨੇ ਬਚਪਨ ਤੋਂ ਹੀ ਮਾਰ ਖਾਧੀ ਹੈ। ਥੱਪੜ, ਸੋਟੀ ਤੇ ਲਾਠੀ ਦੀ ਮਾਰ। ਸ਼ਾਇਦ ਸੁੱਕੀ ਚਮੜੀ ਦੀ ਕੁੱਟ ਬਹੁਤੀ ਮਹਿਸੂਸ ਹੁੰਦੀ ਹੈ।.........ਪਰ ਰੂਪਮਤੀ ਦਾ ਕਲੇਜਾ ਮੋਮ ਦਾ ਸੀ। ਉਂਜ ਬੇਦਰਦ ਮਾਂ ਪਿਓ ਦੀ ਧੀ ਏਨੀ ਦਿਆਲੂ ਕਿਵੇਂ ਹੋਈ, ਸਮਝ ਨਹੀਂ ਆਉਂਦੀ। ਬੁੱਢੇ ਬੁੱਢੀ ਨੂ ਰਾਤੀਂ ਨੀਂਦ ਨਹੀਂ ਸੀ ਆਉਂਦੀ। ਰਾਤ

ਦੇ ਅੱਧੇ ਪਹਿਰ ਵਿਚ ਹੀ ਮੱਝ ਚਰਾਣ ਲਈ ਜਗਾ ਦਿੰਦਾ ਸੀ। ਅੱਧ ਪਹਿਰ ਰਾਤ ਹੁੰਦਿਆਂ ਹੀ ਪਿੱਪਲ ਦੇ ਬਿਰਛ ਤੇ ਉੱਲੂ ਆਪਣੀ ਮਨਹੂਸ ਬੋਲੀ ਵਿਚ ਟੋਕਦਾ ਸੀ। ਅਤੇ ਏਧਰ ਬੁੱਢਾ ਬਿਲਕੁਲ ਉਸੇ ਤਰ੍ਹਾਂ ਦੀ ਆਵਾਜ਼ ਵਿਚ ਚੀਕ ਪੈਂਦਾ, "ਓਏ ਟੁਰਵਿਆ, ਪ੍ਰਭਾਤ ਹੋ ਗਈ, ਮੱਝ ਖੋਲ੍ਹ।" ਰੂਪਮਤੀ ਕਦੀ ਟੁਰਵਾ ਨਹੀਂ ਕਹਿੰਦੀ ਸੀ। ਛੋਟਾ ਜਿਹਾ ਨਾਂ 'ਬੱਲੀ' ਉਸੇ ਦਾ ਦਿੱਤਾ ਹੋਇਆ ਹੈ। ਚਾਰ ਸੇਰ ਸਵੇਰੇ ਤੇ ਤਿੰਨ ਸੇਰ ਸ਼ਾਮ ਦਾ ਦੁੱਧ ਹੁੰਦਾ ਸੀ, ਪਰ ਬੁੱਢੀ ਕਦੀ ਸਿਤੂਆਂ ਭਾਰ ਘੋਲ ਵੀ ਨਹੀਂ ਖਾਣ ਦਿੰਦੀ ਸੀ। ਰੂਪਮਤੀ ਰੋਜ਼ ਚੁਰਾ ਕੇ ਭਾਤ ਥੱਲੇ ਦੁੱਧ ਦਾ ਛੰਨਾ ਰੱਖ ਦਿੰਦੀ ਸੀ। ਬੁੱਢੇ ਬੁੱਢੀ ਦਾ ਕੱਠਾ ਕੀਤਾ ਹੋਇਆ ਪੈਸਾ ਅਖ਼ੀਰ ਡਕੈਤ ਹੀ ਲੈ ਗਏ।......ਐਤਕੀਂ ਰੂਪਮਤੀ ਨੂੰ ਦੇਖਿਆ ਸੀ। ਬੜੀ ਦੇਰ ਬਾਅਦ। ਸੌਹਰਿਆਂ ਤੋਂ ਆਈ ਸੀ। ਤਿੰਨ ਬੱਚੇ ਹਨ। ਵੱਡੀ ਧੀ ਬਿਲਕੁਲ ਰੂਪਮਤੀ ਵਰਗੀ ਹੈ। ਬਿਲਕੁਲ ਉਹੋ ਜਿਹਾ ਹੀ ਹਾਸਾ।

......ਯਾਦ ਆਉਂਦੀ ਹੈ, ਮਾਇ ਜੀ ਦੀ। ਮਾਇ ਜੀ — ਰਾਮਕਿਸ਼ਨ ਬਾਬੂ ਦੀ ਇਸਤ੍ਰੀ। ਪਹਿਲੇ ਪਹਿਲੇ ਸਭਾ ਹੋਈ ਸੀ। ਚੰਨਪੱਟੀ ਵਿਚ। ਸਭਾ ਵਿਚ ਰਾਮਕਿਸ਼ਨ ਬਾਬੂ, ਉਹਨਾਂ ਦੀ ਇਸਤਰੀ, ਚੌਧਰੀ ਜੀ ਅਤੇ ਤੈਵਾੜੀ ਜੀ ਆਏ ਸਨ।......... ਇਲਾਹੀ ਰੂਪ ਸੀ ਰਾਮਕਿਸ਼ਨ ਬਾਬੂ ਦਾ। ਵੱਡੀਆਂ ਵੱਡੀਆਂ ਅੱਖਾਂ। ਭਾਖਣ ਦਿੰਦੇ ਸਨ, ਜਿਵੇਂ ਬਘਿਆੜ ਗਰਜੇ। ਕਹਿੰਦੇ ਨੇ ਜਦੋਂ ਵੇਕਾਲਤ ਕਰਦੇ ਸਨ ਤਾਂ ਬਹਿਸ ਕਰਨ ਵੇਲੇ ਪੁਰਾਣੀ ਕਚਹਿਰੀ ਦੀ ਛੱਤ 'ਚੋਂ ਪਲੱਸਤਰ ਝੜਨ ਲੱਗਦਾ ਸੀ। ਕੀ ਮਜਾਲ ਕਿ ਹਾਕਿਮ ਉਨ੍ਹਾਂ ਦੇ ਵਿਰੁੱਧ ਰਾਇ ਦੇ ਦੇਣ, ਪਰ ਮਹਾਤਮਾ ਜੀ ਦਾ ਉਪਦੇਸ਼ ਸੁਣਦੇ ਇਕ ਦਿਨ ਵਿਚ ਹੀ ਸਭ ਕੁਝ ਛੱਡ ਛਡਾ ਦਿੱਤਾ। ਇਸਤ੍ਰੀ ਨਾਲ ਪਿੰਡ ਪਿੰਡ ਘੁੰਮਣ ਲੱਗੇ। ਮਾਏ ਜੀ ਦੇ ਪੈਰਾਂ ਦੀ ਚਮੜੀ ਫੱਟ ਗਈ ਸੀ। ਪੈਰ ਲਹੂ ਨਾਲ ਲੱਥ ਪੱਥ ਹੋ ਗਏ ਸਨ। ਲਾਲ ਉੜਹੂਲ ? ਮਾਏ ਜੀ ਦਾ ਦੁੱਖ ਦੇਖ ਕੇ ਰਾਮਕਿਸ਼ਨ ਬਾਬੂ ਦਾ ਭਾਖਣ ਸੁਣ ਕੇ ਅਤੇ ਤੈਵਾੜੀ ਜੀ ਦਾ ਗੀਤ ਸੁਣ ਕੇ ਉਹ ਆਪਣੇ ਆਪ ਨੂੰ ਕਾਬੂ ਵਿਚ ਨਹੀਂ ਸੀ ਰੱਖ ਸਕਿਆ। ਕੌਣ ਸੰਭਾਲ ਕੇ ਰੱਖ ਸਕਦਾ ਸੀ, ਉਸ ਵੇਲੇ ਮਨ ਨੂੰ। ਜਾਪਦਾ ਸੀ ਕੋਈ ਖਿੱਚ ਰਿਹਾ ਹੈ "........ਗੰਗਾ ਕੇ ਜਮੁਨਵਾ ਕੀ ਧਾਰ, ਨੈਨਵਾ ਸੇ ਨੀਰ ਬਹੀ। ਫੂਟਲ ਭਾਰਥੀਆ ਕੇ ਭਾਗ ਭਾਰਥ ਮਾਤਾ ਰੋਈ ਰਹੀ।" ......ਮਾਏ ਜੀ ਦੇ ਪੈਰਾਂ ਦੀ ਚਮੜੀ ਫੱਟ ਗਈ ਸੀ, ਭਾਰਥ ਮਾਤਾ ਰੋ ਰਹੀ ਸੀ। ਉਹ ਉਸੇ ਵੇਲੇ ਰਾਮਕਿਸ਼ਨ ਬਾਬੂ ਕੋਲ ਜਾ ਕੇ ਬੋਲਿਆ — 'ਮੇਰਾ ਨਾਂ ਸੁਰਾਜੀ ਵਿਚ ਲਿਖ ਲਵੋ।' ਉਸ ਦਿਨ ਦੀ ਸਭਾ ਵਿਚ ਤਿੰਨ ਬੰਦਿਆਂ ਨੇ ਨਾਂ ਲਿਖਵਾਇਆ ਸੀ, ਬਾਲਦੇਵ, ਬਾਵਨਦਾਸ ਅਤੇ ਚੁੰਨੀ ਗੁਸਾਈਂ। ਚੌਧਰੀ ਜੀ ਉਹਨੂੰ ਜ਼ਿਲ੍ਹਾ ਆਫ਼ਿਸ ਵਿਚ ਲੈ ਗਏ ਸਨ। ਮਾਏ ਜੀ ਲਗਾਤਾਰ ਆਫ਼ਿਸ ਆਉਂਦੀ ਸੀ। ਕਦੀ ਗੁੱਸੇ ਹੁੰਦਿਆਂ ਨਹੀਂ ਦੇਖਿਆ, ਮਾਏ ਜੀ ਨੂੰ; ਜਦੋਂ ਬੋਲਦੀ ਸੀ ਤਾਂ ਹੱਸ ਕੇ। ਇਕ ਵਾਰ

ਪਿੰਡੋਂ ਪਰਤਦਿਆਂ ਉਹਨੂੰ ਬੁਖ਼ਾਰ ਹੋ ਗਿਆ ਸੀ, ਦੇਹ ਜਲ ਰਹੀ ਸੀ। ਸਿਰ ਫੱਟਿਆ ਜਾ ਰਿਹਾ ਸੀ, ਕੋਈ ਹੋਸ਼ ਨਹੀਂ। ਰਾਤੀਂ ਅੱਖ ਖੁਲ੍ਹੀ ਤਾਂ ਜੀ ਬੜਾ ਹੌਲਾ ਫੁੱਲ ਮਹਿਸੂਸ ਹੋਇਆ, "ਕਿਵੇਂ ਹੋ ਬਾਲਦੇਵ ਵੀਰੇ ?" "ਕੌਣ ਬਾਵਨ ?" ਗਰਦਨ ਮੋੜ ਕੇ ਦੇਖਿਆ ਮਾਏ ਜੀ ਨੇੜੇ ਹੀ ਕੁਰਸੀ ਤੇ ਬੈਠੀ ਹੋਈ ਹੈ, "ਕੀ ਹਾਲ ਹੈ, ਦਸੋ ? ਬੁਖ਼ਾਰ ਸੀ ਤਾਂ ਪਿੰਡਾਂ ਵਲ ਕਿਉਂ ਗਿਆ ਸੀ ?.........ਸੌਂਵੋਂ......"

ਮੱਥੇ ਤੇ ਹੱਥ ਰੱਖਦਿਆਂ ਮਾਏ ਜੀ ਬੋਲੀ, "ਬੁਖ਼ਾਰ ਉਤਰ ਗਿਆ ਹੈ।" ਮਾਏ ਜੀ ਦੇ ਹੱਥ ਰਖਦਿਆਂ ਹੀ ਨੀਂਦ ਆ ਗਈ ਸੀ। ਦੂਜੇ ਦਿਨ ਬਾਵਨਦਾਸ ਨੇ ਕਿਹਾ, "ਮਾਏ ਜੀ ਨੂੰ ਜਦੋਂ ਪਤਾ ਲੱਗਾ ਕਿ ਤੈਨੂੰ ਬੁਖ਼ਾਰ ਹੈ ਤਾਂ ਝੱਟ ਮੈਨੂੰ ਲੈ ਕੇ ਆਫ਼ਸ ਆਈ, ਜੰਤਰ ਲਾ ਕੇ ਬੁਖ਼ਾਰ ਵੇਖਦਿਆਂ ਹੀ ਜ਼ੋਰ ਨਾਲ ਕਹਿਣ ਲੱਗੀ — ਪਾਣੀ ਲਿਆਓ। ਪੱਖੀ ਦਿਓ। ਉਸੇ ਵੇਲੇ ਤੋਂ ਮੱਥੇ ਤੇ ਪਾਣੀ ਦੀ ਪੱਟੀ ਰੱਖਦੀ ਰਹੀ, ਰਾਤੀਂ ਬਾਰਾਂ ਵਜੇ ਤਕ।" .........ਭਗਵਾਨ ਵੀ ਕਿੱਦਾਂ ਦੇ ਨੇ ਚੰਗੇ ਬੰਦਿਆਂ ਨੂੰ ਹੀ ਆਪਣੇ ਕੋਲ ਬੁਲਾ ਲੈਂਦੇ ਹਨ। ਦੋ ਤਿੰਨ ਵਰ੍ਹਿਆਂ ਬਾਅਦ ਹੀ ਰਾਮਕਿਸ਼ਨ ਬਾਬੂ ਇਕ ਦਿਨ ਦੇ ਬੁਖ਼ਾਰ ਨਾਲ ਹੀ ਸੁਰਗਵਾਸ ਹੋ ਗਏ। ਹੇ ਭਗਵਾਨ ! ਉਸ ਦਿਨ ਮਾਏ ਜੀ ਵਲ ਕੌਣ ਦੇਖ ਸਕਦਾ ਸੀ। ਦੇਖਣ ਦਾ ਜੇਰਾ ਨਹੀਂ ਸੀ ਹੁੰਦਾ। ਮਾਏ ਜੀ ਦਾ ਉਸ ਦਿਨ ਦਾ ਰੂਪ......'ਗੰਗਾ ਰੇ ਜਮੁਨਵਾ ਕੀ ਧਾਰ, ਨੈਨਵਾ ਸੇ ਨੀਰ ਬਹੀ। ਫੂਟਲ ਭਾਰਥੀਆ ਕੇ ਭਾਗ, ਭਾਰਥ ਮਾਤਾ ਰੋਈ ਰਹੀ।'..... ਸਚਮੁਚ ਸਾਰਿਆਂ ਦੀ ਕਿਸਮਤ ਫੁੱਟ ਗਈ। ਸਰਾਧ ਦੇ ਦਿਨ ਤੋਂ ਜ਼ਿਲ੍ਹਾ ਆਫ਼ਿਸ ਦਾ ਨਾਂ ਹੋ ਗਿਆ, 'ਰਾਮਕਿਸ਼ਨ ਆਸ਼ਰਮ।' ਸਰਾਧ ਦੇ ਦੂਸਰੇ ਦਿਨ ਹੀ ਮਾਏ ਜੀ ਕਾਂਸੀ ਚਲੀ ਗਈ ਸੀ। ਗੱਡੀ ਚੜ੍ਹਨ ਵੇਲੇ ਪੈਰ ਛੂਹ ਕੇ ਜਦੋਂ ਪ੍ਰਣਾਮ ਕਰਨ ਲੱਗਾ ਤਾਂ ਮਾਏ ਜੀ ਇਕ ਦਮ ਬਿਲਖ ਕੇ ਰੋ ਪਈ ਸੀ। — ਬਿਲਕੁਲ ਪੇਂਡੂ ਔਰਤਾਂ ਵਾਂਗ। ਬਾਵਨ ਦਾਸ ਨੂੰ ਮਾਏ ਜੀ ਠਾਕੁਰ ਕਹਿੰਦੀ ਸੀ, "ਹਾਮਾਰ ਠਾਕੁਰ ਰੇ" ਧਰਤੀ ਤੇ ਲਿਟਦੇ ਹੋਏ ਬਾਵਨ ਦਾਸ ਨੂੰ ਉਠਾ ਕੇ ਮਾਏ ਜੀ ਬੋਲੀ ਸੀ 'ਮਹਾਤਮਾਂ ਜੀ ਤੇ ਭਰੋਸਾ ਰਖੋ, ਉਹ ਸਭ ਭਲਾ ਕਰਨਗੇ। ਮਹਾਤਮਾਂ ਜੀ ਦਾ ਰਾਹ ਕਦੀ ਨਹੀਂ ਛੱਡਣਾ।' .........ਪਤਾ ਨਹੀਂ ਮਾਏ ਜੀ ਕਿੱਥੇ ਹੈ ?

ਹੰਝੂਆਂ ਦੀਆਂ ਤੱਤੀਆਂ ਬੂੰਦਾਂ ਬਾਲਦੇਵ ਦੀ ਬਾਂਹ ਤੇ ਢਹਿ ਪਈਆਂ। ਮਾਂ, ਰੂਪਮਤੀ, ਮਾਏ ਜੀ ਅਤੇ ਲੱਛਮੀ ਦਾਸਣ। ਮਾਏ ਜੀ ਵਰਗਾ ਹੀ ਲੱਛਮੀ ਵੀ ਭਾਖਣ ਦੇਣਾ ਜਾਣਦੀ ਹੈ, ਲੱਛਮੀ ਭਾਖਣ ਦੇ ਰਹੀ ਹੈ। ....

......ਵਿਸ਼ਾਲ ਸਭਾ। ਜਿਥੋਂ ਤਕ ਨਜ਼ਰ ਜਾਂਦੀ ਹੈ, ਬੰਦੇ ਹੀ ਬੰਦੇ ਦਿਖਾਈ ਦਿੰਦੇ ਹਨ। ਬਾਂਸ ਦੇ ਘੇਰੇ ਨੂੰ ਤੋੜ ਕੇ ਲੋਕ ਮੰਚ ਵਲ ਵਧ ਰਹੇ ਹਨ। ਮੰਚ ਉਪਰ ਬਾਲਦੇਵ ਦੀ ਬਗ਼ਲ ਵਿਚ ਲੱਛਮੀ ਬੈਠੀ ਹੈ। ਲੱਛਮੀ ਦੇ ਪੈਰਾਂ ਦੀ ਚਮੜੀ ਵੀ ਫੱਟ ਗਈ ਹੈ। ਮੰਚ ਦੀ ਸਫ਼ੇਦ ਚਾਦਰ ਤੇ ਲਹੂ ਦੀਆਂ ਬੂੰਦਾਂ ਟਪ-ਟਪ ਡਿੱਗ ਰਹੀਆਂ ਹਨ।......

ਲੱਛਮੀ ਭਾਖਣ ਦੇ ਰਹੀ ਹੈ । ਕੌਣ, ਹਰਗੌਰੀ ? ਹਰਗੌਰੀ ਲੱਛਮੀ ਦੇ ਗਲ ਵਿਚ ਮਾਲਾ ਪਾਉਣ ਲਈ ਅੱਗੇ ਵਧ ਰਿਹਾ ਹੈ । ਲੱਛਮੀ ਮਾਲਾ ਨਹੀਂ ਪਹਿਨਦੀ । ਮਾਲਾ ਲੈ ਕੇ ਬਾਲਦੇਵ ਨੂੰ ਪਹਿਨਾ ਦਿੰਦੀ ਹੈ । — ਗੈਂਦੇ ਦੇ ਫੁੱਲਾਂ ਦੀ ਮਾਲਾ । ਫੁੱਲਾਂ ਵਿਚੋਂ ਲੱਛਮੀ ਦੇ ਸਰੀਰ ਦੀ ਸੁਗੰਧੀ ਨਿਕਲਦੀ ਹੈ ।... ਭੀੜ ਮੰਚ ਵਲ ਵਧ ਰਹੀ ਹੈ । ਹਰਗੌਰੀ ਅੱਗੇ ਵਧ ਆਇਆ ਹੈ । ਲੱਛਮੀ ਨੂੰ ਫੜ ਰਿਹਾ ਹੈ ।...... ਬਾਲਦੇਵ ਰੌਲਾ ਪਾ ਰਿਹਾ ਹੈ, ਪਰ ਆਵਾਜ਼ ਨਹੀਂ ਨਿਕਲ ਰਹੀ । ਲੋਕ ਹੋ ਹੱਲਾ ਕਰਦੇ ਹਨ । ਬੜਾ ਜ਼ੋਰ ਲਾ ਕੇ ਬਾਲਦੇਵ ਚੀਖਦਾ ਹੈ — ਹਰਗੌਰੀ ਬਾਬੂ !

"ਗਾਂਧੀ ਮਹਾਤਮਾਂ ਦੀ ਜੈ ।"

"ਜੈ ।"

ਬਾਲਦੇਵ ਉਬੜ ਕੇ ਉਠਦਾ ਹੈ, ਅੱਖਾਂ ਮਲਦਾ ਹੋਇਆ ਬਾਹਰ ਨਿਕਲ ਜਾਂਦਾ ਹੈ, ਸਵੇਰ ਹੋ ਗਈ ਹੈ । ਸਾਰੇ ਪਿੰਡ ਦੇ ਨੌਜਵਾਨਾਂ ਨੂੰ ਕੱਠਾ ਕਰ ਕੇ ਜਲੂਸ ਬਣਾ ਕੇ, ਕਾਲੀਚਰਨ ਜੈ-ਜੈ ਕਾਰ ਕਰਦਾ ਹੋਇਆ ਜਾ ਰਿਹਾ ਹੈ । ਵਾਹ ਓਏ ਕਾਲੀਚਰਨ । ਬਿਧੁਮਾਨ ਹੈ; ਬਹਾਦੁਰ ਵੀ ਹੈ, ਅਤੇ ਬੁਧੀਮਾਨ ਵੀ । ਇਹ ਪ੍ਰੋਗ੍ਰਾਮ ਕਦੋਂ ਬਣਾਇਆ ਸੀ ? ਸ਼ਾਇਦ ਰਾਤੀਂ ਹੀ । ...ਜ਼ਰੂਰ ਮੇਰੀਗੰਜ ਵੀ ਚੰਨਪੱਟੀ ਵਾਂਗ ਹੀ ਨਾਂ ਉੱਚਾ ਕਰੇਗਾ ਅਤੇ ਉਹ ਸਰਘੀ ਵੇਲੇ ਦਾ ਸੁਪਨਾ ?

"ਖਿਲਾਵਨ ਬੀਰੇ, ਤਬੀਅਤ ਕੈਸੀ ਹੈ ?"

"ਤੂੰ ਰਾਤੀਂ ਕਦੋਂ ਪਰਤਿਆ ? ਕਿਥੇ ਦੇਰ ਹੋਈ, ਸਪਾਹਟਾ ਟੋਲੀ ਵਿਚ ? ਕਾਇਸਥ ਰਾਜਪੂਤ ਦੀ ਜੋੜੀ ਮਿਲ ਗਈ, ਹੁਣ ਕੀ ਹੈ, ਸੁਰਾਜ ਆ ਗਿਆ, ਪਰ ਬਾਲਦੇਵ ਭਰਾਵਾ ਅਸੀਂ ਹੋਏ ਸਿੱਧੇ ਸਾਦੇ ਆਦਮੀ । ਕਲੀਏ ਤੇ ਅੱਖ ਰੱਖੀਂ । ਉਹਦੇ 'ਚ ਹੋਰ ਵੀ ਬਹੁਤ ਗੁਣ ਹਨ, ਇਹਦਾ ਤੈਨੂੰ ਪਤਾ ਲੱਗ ਹੀ ਜਾਵੇਗਾ । ਕਿਸੇ ਕਿਸਮ ਦਾ ਉਪੱਦਰ ਕਰੇ ਤਾਂ ਅਸੀਂ ਜ਼ਿੰਮੇਵਾਰ ਨਹੀਂ । ਪਿੱਛੋਂ ਯਾਦਵ ਟੋਲੀ ਦੇ ਮੁਖੀਏ ਸਿਰ ਗੱਲ ਨਾ ਆਵੇ । ਹਾਂ ਭਰਾਵਾ ਕਾਇਸਥ ਤੇ ਰਾਜਪੂਤ ਦਾ ਕੀ ਵਿਸ਼ਵਾਸ ।"

ਖਿਲਾਵਨ ਆਪਣੇ ਦਿਲ ਦਾ ਬੁਖ਼ਾਰ ਕਿਸ ਉੱਪਰ ਕੱਢੇ । ਸਮਝ ਨਹੀਂ ਰਿਹਾ । ਪਾਲੀ ਮੱਝ ਚੋਣ ਲਈ ਬਰਤਨ ਲੈ ਆਇਆ ਸੀ । ਖਿਲਾਵਨ ਅੱਜ ਤਕ ਵੀ ਆਪਣੇ ਹੱਥੀਂ ਮੱਝ ਚੋਂਦਾ ਹੈ । ਉਹ ਕਹਿੰਦਾ ਹੈ, ਮੱਝ ਦੇ ਥਣਾਂ ਨੂੰ ਚੋਂਹ ਬੰਦਿਆਂ ਦੇ ਹੱਥ ਲਗੇ ਕਿ ਮੱਝ ਸੁੱਕੀ । ਪਾਲੀ ਨੂੰ ਝਿੜਕ ਰਿਹਾ ਹੈ । "ਸਾਲਾ ! ਹਾਲੇ ਮੱਝ ਪਸਮੀ ਵੀ ਨਹੀਂ, ਚੋਣ ਲਈ ਰੌਲਾ ਪਾ ਰਿਹਾ ! ਪੂਰੀ ਜਲੇਬੀ ਕੀ ਹੁਣੇ ਹੀ ਵੰਡੀ ਜਾ ਰਹੀ ਹੈ ? ਜੀਭ 'ਚੋਂ ਪਾਣੀ ਚੋ ਰਿਹਾ ਹੈ ।......ਪ੍ਰਣਾਮ ਜੋਤਖੀ ਚਾਚਾ ।"

ਜੋਤਖੀ ਜੀ ਕੰਨ ਉੱਪਰ ਜਿਨੇਊ ਟੰਗੀ ਤੇ ਹੱਥ ਵਿਚ ਲੋਟਾ ਫੜੀ ਖੂਹੀ ਵਲ ਜਾ ਰਹੇ ਸਨ । ਖਿਲਾਵਨ ਨੇ ਰੋਕ ਲਿਆ, "ਆਉ ਇਥੇ ਹੀ ਪਾਣੀ ਮੰਗਵਾ ਦਿੰਦੇ ਹਾਂ ।"

"ਖਿਲਾਵਨ ਬਾਬੂ, ਪਿੰਡ ਵਿਚ ਤਾਂ ਸੁਰਾਜ ਆ ਗਿਆ ਹੈ, ਦੇਖੋ । ਚੰਗਾ । ਦੇਖਣਾ, ਪਿੰਡ ਦੇ ਛੋਕਰੇ ਅੱਜ ਹੋ ਹੱਲਾ ਕਰ ਰਹੇ ਹਨ । 'ਮਛੂਦਰ ਨਦੀ ਚਲੀ ਭਰੀ ਭੁਤਰਾਈ, ਜਸ ਥੋਰੇ ਧਨ ਖਲ ਬੋਰਾਈ ।' ਸਿਮਰ ਬਨੀ ਵਿਚ ਵੀ ਇਸੇ ਤਰ੍ਹਾਂ ਹੀ ਹੋਇਆ ਸੀ । ਸਾਡੇ ਮਾਮੇ ਦਾ ਘਰ ਸਿਮਰਬਨੀ ਵਿਚ ਹੀ ਹੈ । ਦਸ ਬਾਰ੍ਹਾਂ ਵਰ੍ਹੇ ਪਹਿਲਾਂ ਦੀ ਗੱਲ ਸੁਣੌਂਦੇ ਨੇ । ਅਸੀਂ ਮਾਮੇ ਕੋਲ ਗਏ ਹੋਏ ਸੀ । ਮਾਮੇ ਦੇ ਵੱਡੇ ਪੁੱਤਰ ਦਾ ਜੱਗਿਓਪਵੀਤ (ਜਿਨੇਊ ਪਹਿਨਾਣ ਦਾ ਉਤਸਵ) ਸੀ । ਤੜਕਸਾਰ ਉਠ ਕੇ ਕੀ ਦੇਖਦੇ ਹਾਂ ਕਿ ਪਿੰਡ ਦੇ ਛੋਕਰੇ ਇਸੇ ਤਰ੍ਹਾਂ ਝੰਡਾ ਪਟਕਾ ਲੈ ਕੇ 'ਇਨਕਿਲਾਸ ਜ਼ਿੰਦਾਬਾਗ ।' ਕਰਦੇ ਹੋਏ ਪਿੰਡ ਵਿਚ ਘੁੰਮ ਰਹੇ ਨੈ । ਮਾਮੇ ਤੋਂ ਪੁੱਛਿਆ ਕਿ ਗੱਲ ਕੀ ਹੈ ? ਤਾਂ ਮਾਮਾ ਬੋਲੇ ਕਿ ਪਿੰਡ ਦੇ ਸਾਰੇ ਮੁੰਡਿਆਂ ਨੇ ਭੋਲਟਿਰੀ ਵਿਚ ਨਾਂ ਲਿਖਵਾ ਲਿਆ ਹੈ । ਇਨਕਲਾਸ ਜਿੰਦਾਬਾਘ ਦਾ ਅਰਥ ਹੈ ਕਿ ਅਸੀਂ ਜੀਂਦੇ ਬਾਘ ਹਾਂ ।...... ਜੀਂਦਾ ਬਾਘ ਵੀ ਉਸੇ ਸ਼ਾਮੀਂ ਦੇਖ ਲਿਆ । ਇਸਕੂਲ ਤੋਂ ਪੱਛਮੀ ਕੰਗਰੇਸੀ ਤੇਵਾਰੀ ਨਿਮਕ ਕਨੂੰਨ ਬਨੌਣ ਵਾਲਾ ਸੀ । ਵੱਡੇ ਵੱਡੇ ਚੁੱਲ੍ਹਿਆਂ ਉੱਪਰ ਕੜਾਹਿਆਂ ਵਿਚ ਚੀਕਣੀ ਮਿੱਟੀ ਅਤੇ ਪਾਣੀ ਪਾ ਕੇ ਉਬਾਲ ਰਹੇ ਹਨ । ਖ਼ੂਬ ਗੀਤ ਨਾਦ ਝੰਡਾ ਪਟਕਾ । ਪੁੱਛਿਆ ਕਿ ਇਹ ਕੀ ਹੈ ਭਰਾਵੋ ਤਾਂ ਕਿਹਾ ਕਿ ਨਿਮਕ ਕਨੂੰਨ ਬਣ ਰਿਹਾ ਹੈ। ਅਸੀਂ ਵੀ ਖੜੇ ਹੋ ਕੇ ਤਮਾਸ਼ਾ ਵੇਖਣ ਲੱਗੇ । ਉਸੇ ਵੇਲੇ ਹੋ ਹੱਲਾ ਹੋਇਆ, ਦਰੋਗਾ ਆ ਰਿਹਾ ਹੈ । ਇਸਕੂਲ ਦੇ ਹਾਤੇ 'ਚੋਂ ਇਕ ਟੋਪ ਵਾਲਾ ਅਤੇ ਚਾਰ ਪੰਜ ਲਾਲ ਪੱਗਾਂ ਵਾਲੇ ਨਿਕਲੇ । ਬਸ ਫੇਰ ਕੀ ਸੀ, ਜੀਂਦਾ ਬਾਘ ਆ ਗਿਆ, ਜਿਸ ਕਿਸੇ ਦਾ ਜਿੱਧਰ ਮੂੰਹ ਸੀ, ਉਧਰੇ ਹੀ ਨੱਸਿਆ । ਇਕ ਦੂਸਰੇ ਉੱਪਰ ਡਿੱਗ ਰਹੇ ਹਨ । ਕਿਥੇ ਝੰਡਾ ਕਿਥੇ ਪਟਕਾ ਤੇ ਕਿਥੇ ਇਨਕਲਾਸ ਜਿੰਦਾਬਾਘ । ਦਰੋਗਾ ਸਾਹਿਬ ਤੇਵਾਰੀ ਨੂੰ ਫੜ ਕੇ ਲੈ ਗਏ । ਉਸ ਪਿੱਛੋਂ ਪਿੰਡ ਦੇ ਘਰ ਘਰ ਜਾ ਕੇ ਖਾਨਾਂ ਤਲਾਸ਼ੀ ਪਿੰਡ ਦੇ ਸਾਰੇ ਜਿੰਦਾ ਬਾਘ ਖੁੱਡਾਂ ਵਿਚ ਜਾ ਵੜੇ । ਸੁਣਦੇ ਹਾਂ ਕਿ ਜਦੋਂ ਕੰਗਰੇਸੀ ਰਾਜ ਹੋਇਆ ਤਾਂ ਫੇਰ ਘਰ ਘਰ ਵਿਚ ਭੋਲਟਿਅਰ ਖੰਘੂਰੇ ਮਾਰਨ ਲਗੇ । ਫੇਰ ਇਨਕਲਾਸ ਜਿੰਦਾਬਾਘ ਪੁਲਿਸ ਦਰੋਗੇ ਨੂੰ ਦੇਖ ਕੇ ਹੋਰ ਜੋਰ ਨਾਲ ਚੀਕਦੇ ਸਨ ਸਾਰੇ ਲਓ ਬਦੀ ਚੀਕੋ ਹਾਲੇ ਤੁਹਾਡਾ ਰਾਜ ਹੈ । ਪੁਲਿਸ ਦਰੋਗਾ ਮਨ ਹੀ ਮਨ 'ਚ ਗੁੱਸਾ ਪੀ ਕੇ ਰਹਿ ਗਿਆ । ਪਿਛਲੇ ਮੋਮਿੰਟ ਵਿਚ ਜਿੰਦਾਬਾਘ ਨੇ ਜੋਸ਼ ਵਿਚ ਆ ਕੇ ਅਰਗੜਾ ਜਾਲ ਸੁੱਟਿਆ, ਕਲਾਲੀ ਲੁੱਟ ਲਿਆ । ਦੂਜੇ ਦਿਨ ਚਾਰ ਲਾਰੀਆਂ ਵਿਚ ਭਰ ਕੇ ਗੋਰਾ ਮਿਲੇਟਰੀ ਆਈ ਤੇ ਸਾਰੇ ਪਿੰਡ ਨੂੰ ਸਾੜ ਫੂਕ ਕੇ ਤੇ ਲੁੱਟ ਪੁੱਟ ਕੇ ਇਕ ਘੰਟੇ ਵਿਚ ਹੀ ਠੰਢਾ ਕਰ ਦਿੱਤਾ । ਪੰਜਾਹ ਬੰਦਿਆਂ ਨੂੰ ਫੜਿਆ । ਦੋ ਨੂੰ ਤਾਂ ਮਾਰ ਮਾਰ ਕੇ ਬੇਹੋਸ਼ ਕਰ ਦਿੱਤਾ । ਇਕ ਦੇ ਕਰੀਚ ਖੋਭ ਦਿੱਤੀ । ਅੰਗਰੇਜ਼ ਬਹਾਦੁਰ ਨਾਲੋਂ ਇਹ ਦੁੱਕੀ ਤਿੱਕੀ ਲੋਕ ਅੱਗੇ ਵਧਣਗੇ । ਵੱਡੇ ਵੱਡੇ ਘੋੜੇ ਬਹਿੰਦੇ ਜਾਣ ਤਾਂ ਨਟਘੋੜੀ ਪੁੱਛੇ

ਕਿ ਕਿੰਨਾ ਪਾਣੀ (ਬੜਾ ਬੜਾ ਘੋੜਾ ਬਹਾ ਜਾਏ ਤੋ ਨਟਘੋੜੀ ਪੂਛੇ ਕਿਤਨਾ ਪਾਨੀ) ਅੰਗਰੇਜ਼ ਬਹਾਦਰ ਨੇ ਹਾਲੇ ਫੇਰ ਢਿੱਲ ਦੇ ਦਿੱਤੀ ਹੈ। ਸਭ ਉੱਛਲ ਕੁੱਦ ਕਰ ਰਹੇ ਨੇ। ਇਸ ਵਾਰ ਕਰੋਪੀ ਹੋਈ ਤਾਂ ਖੰਪ ਸਹਿਤ ਕਬੂਤਰਾਏ.........।' 'ਨਹੀਂ ਜੋਤਖੀ ਚਾਚਾ। ਹੁਣ ਉਸ ਤਰ੍ਹਾਂ ਨਹੀਂ ਹੋਵੇਗਾ।' ਬਾਲਦੇਵ ਇਸ ਤੋਂ ਅੱਗੇ ਨਹੀਂ ਸੁਣ ਸਕਿਆ, "ਪਿਛਲੇ ਮੋਮਿੰਟ ਵਿਚ ਸਰਕਾਰ ਦੇ ਛੱਕੇ ਛੁੱਟ ਗਏ ਹਨ। ਸਿਮਰਮਨੀ ਬਾਰੇ ਤੁਸੀਂ ਜੋ ਕਹਿ ਰਹੇ ਹੋ ਕੀ ਇਨ੍ਹਾਂ ਦਿਨਾਂ ਵਿਚ ਤੁਸੀਂ ਸਿਮਰਮਨੀ ਗਏ ਹੋ? ਨਹੀਂ। ਤਦ ਕੀ ਦੇਖੋਗੇ? ਇਕ ਵਾਰ ਉਥੇ ਜਾ ਕੇ ਦੇਖੋ — ਇਸਪਿਤਾਲ, ਇਸਕੂਲ, ਲੜਕੀ ਇਸਕੂਲ, ਚਰਖਾ ਸੈਂਟਰ, ਲਾਇਬਰੇਲੀ। ਕੀ ਨਹੀਂ ਹੈ, ਉਥੇ? ਘਰ ਘਰ ਵਿਚ ਏ ਬੀ ਸੀ ਡੀ ਪਾਸ। ਸਿਵਾਨੰਦ ਬਾਬੂ ਨੂੰ ਜਾਣਦੇ ਹੋ? ਉਹਨਾਂ ਦਾ ਪੁੱਤਰ ਰਮਾਂ ਨੰਦ ਸਾਡੇ ਨਾਲ ਜੇਲ੍ਹ ਵਿਚ ਸੀ, ਹੁਣ ਹਾਕਿਮ ਹੋ ਜਾਏਗਾ। ਇਹ ਪੱਕੀ ਗੱਲ ਹੈ।"

ਖਿਲਾਵਨ ਵੀ ਕੁਝ ਕਹਿਣਾ ਚਾਹੁੰਦਾ ਸੀ। ਜਦੋਂ ਪਾਲੀ ਨੇ ਆਵਾਜ਼ ਦਿੱਤੀ, "ਕੱਟਾ ਮੱਝ ਚੁੰਘ ਰਿਹਾ ਹੈ।" ਖਿਲਾਵਨ ਮੱਝ ਚੋਣ ਲਈ ਚਲਾ ਗਿਆ। ਬਾਲਦੇਵ ਕੋਲ ਬੇਕਾਰ ਬਹਿਸ ਕਰਨ ਲਈ ਸਮਾਂ ਨਹੀਂ ਹੈ। ਪਿੰਡ ਵਿਚ ਜੈ-ਜੈਕਾਰ ਹੋ ਰਿਹਾ ਹੈ। — 'ਗਾਂਧੀ ਮਹਾਤਮਾ ਦੀ ਜੈ।'

## ਛੇ

ਪਿਆਰੂ ਨੂੰ ਸਾਰਿਆਂ ਨੇ ਚੌਂਹ ਪਾਸਿਆਂ ਤੋਂ ਘੇਰ ਲਿਆ। ਡਾਕਟਰ ਸਾਬ੍ਹ ਦਾ ਨੌਕਰ ਹੈ? ਡਾਕਟਰ ਸਾਬ੍ਹ ਕਦੋਂ ਆਉਣਗੇ? ਤੁਹਾਡਾ ਕੀ ਨਾਂ ਹੈ? ਜਾਤ ਕਿਹੜੀ? ਦੁਸਾਧ ਨਾ ਕਹੋ, ਗਹਿਲੋਤ ਕਹੋ। ਜਿਨੇਊ ਨਹੀਂ ਹੈ?

ਬਾਲਦੇਵ ਜੀ ਪਿਆਰੂ ਨੂੰ ਭੀੜ ਤੋਂ ਬਾਹਰ ਲੈ ਆਉਂਦੇ ਹਨ। "ਭਰਾਵੋ, ਤੁਸੀਂ ਕਦੀ ਆਦਮੀ ਨਹੀਂ ਦੇਖਿਆ? ਜਾਓ ਆਪਣਾ ਕੰਮ ਕਰੋ। ਹਲਵਾਈ ਜੀ ਲੋਕਾਂ ਕੋਲ ਕੌਣ ਹੈ? ਬਾਲਦੇਵ ਜੀ ਸਾਰਿਆਂ ਦੇ ਨਾਂ ਨਾਲ 'ਜੀ' ਲਾ ਕੇ ਬੋਲਦੇ ਹਨ। ਰਾਮਕਿਸ਼ੁਨ ਆਸਰਮ ਵਿਚ ਲੀਡਰ ਲੋਕ ਇਸੇ ਤਰ੍ਹਾਂ ਸਾਰਿਆਂ ਦੇ ਨਾਂ ਨਾਲ 'ਜੀ' ਲਾ ਕੇ ਬੋਲਦੇ ਹਨ — 'ਡਰਾਈਵਰ ਜੀ', 'ਠੇਕੇਦਾਰ ਜੀ' 'ਹਰੀਜਨ ਜੀ।'

ਪੁੱਛਗਿੱਛ ਤੋਂ ਬਾਅਦ ਪਤਾ ਲੱਗਾ, ਪਿਆਰੂ ਡਾਕਟਰ ਸਾਬ੍ਹ ਕੋਲ ਨੌਕਰੀ ਕਰਨ ਆਇਆ ਹੈ। ਰੌਤਹੱਟ ਟੀਸਨ ਕੋਲ ਜਿਹੜੇ ਹੋਮਾਪੈਥੀ ਡਾਕਟਰ ਸਾਬ੍ਹ ਸਨ, ਪਿਆਰੂ ਉਹਨਾ ਕੋਲ ਪੰਜ ਸਾਲ ਨੌਕਰੀ ਕਰ ਚੁੱਕਾ ਹੈ। ਡਾਕਟਰ ਸਾਬ੍ਹ ਦੇਸ ਚਲੇ

ਗਏ । ਸੁਣਿਆ ਕਿ ਮੇਰੀਗੰਜ ਵਿਚ ਇਕ ਡਾਕਟਰ ਬਾਬੂ ਆ ਰਹੇ ਹਨ । ਸੋ ਪਿਆਰੂ ਡਾਕਟਰ ਬਾਬੂ ਕੋਲ ਨੌਕਰੀ ਕਰਨ ਆਇਆ ਹੈ ।

ਚੂੜਾ-ਗੁੜ ਦਾ ਜਲਪਾਨ ਕਰ ਕੇ ਪਿਆਰੂ ਬਾਲਦੇਵ ਜੀ ਨੂੰ ਕਹਿੰਦਾ ਹੈ, "ਡਾਕਟਰ ਬਾਬੂ ਦਾ ਸਮਾਨ ਕਿੱਥੇ ਹੈ ? ਟੇਬਲ ਕੁਰਸੀ ਲਾਉਣਾ ਹੋਵੇਗਾ, ਅਲਮਾਰੀ ਨੂੰ ਝਾੜਨਾ-ਪੂੰਝਣਾ ਪਵੇਗਾ । ਪਾਣੀ ਦੇ ਢੋਲ ਕੋਲ ਇਕ ਡੋਲੂ ਰੱਖਣਾ ਹੋਵੇਗਾ, ਇਕ ਸਾਬਣ ਅਤੇ ਇਕ ਤੌਲੀਆ । ਡਾਕਟਰ ਬਾਬੂ ਆਉਂਦਿਆਂ ਹੀ ਪਹਿਲਾਂ ਸਾਬਣ ਨਾਲ ਹੱਥ ਧੋਣਗੇ ।......"

ਸੱਚਮੁਚ ਪਿਆਰੂ ਡਾਕਟਰ ਦਾ ਪੁਰਾਣਾ ਨੌਕਰ ਹੈ । ਟੇਬਲ ਕੁਰਸੀ ਚੰਗੀ ਤਰ੍ਹਾਂ ਲਾ ਦਿੱਤੀ ਹੈ । ਤਿਨ ਪੈਰਾਂ ਵਾਲੀ ਲੋਹੇ ਦੀ ਪੌੜੀ ਉੱਪਰ ਪਾਣੀ ਦਾ ਡੋਲ ਰੱਖ ਦਿੱਤਾ । ਪੌੜੀ ਵਿਚ ਲੱਗੀ ਹੋਈ ਗੋਲ ਕੜੀ ਵਿਚ ਅਲਮੂਨੀਅਮ ਦਾ ਡੋਲੂ ਟੰਗ ਦਿੱਤਾ ਹੈ । ਡੋਲ ਵਿਚ ਟੂਟੀ ਲੱਗੀ ਹੋਈ ਹੈ । ਟੂਟੀ ਘੁਮਾਉਣ ਨਾਲ ਪਾਣੀ ਡਿੱਗਣ ਲੱਗਦਾ ਹੈ । ਬਕਸੇ ਵਿਚੋਂ ਤੌਲੀਆ ਕੱਢ ਕੇ ਉਥੇ ਹੀ ਟੰਗ ਦਿੱਤਾ ਹੈ । ਖੱਸੀ ਬੱਕਰੀ ਦੀਆ ਅੰਤੜੀਆਂ ਦਾ ਵਿਚਲਾ ਹਿੱਸਾ ਜਿਵੇਂ ਬੁਰਦਾਰ ਹੁੰਦਾ ਹੈ, ਉਹੋ ਜਿਹਾ ਹੀ ਹੈ ਤੌਲੀਆ । ਸਾਬਣ ? ਸਾਬਣ ਨਹੀਂ ਹੈ ? ਓਏ, ਕੱਪੜੇ ਧੋਣ ਵਾਲਾ ਸਾਬਣ ਨਹੀਂ, ਮਹਿਕਣਾ ਸਾਬਣ ਚਾਹੀਦਾ ਹੈ । ਭਗਤ ਦੀ ਦੁਕਾਨ ਵਿਚ ਮਹਿਕਣਾ ਸਾਬਣ ਕਿਥੋਂ ਆਵੇਗਾ । ਕਟੀਹਾਰ 'ਚ ਮਿਲਦਾ ਹੈ । ਤਹਿਸੀਲਦਾਰ ਸਾਹਿਬ ਦੀ ਧੀ ਕਮਲੀ ਜਦੋਂ ਮਹਿਕਣੇ ਸਾਬਣ ਨਾਲ ਨਹਾਉਣ ਲੱਗਦੀ ਹੈ ਤਾਂ ਸਾਰਾ ਪਿੰਡ ਮਹਿਕਣ ਲੱਗਦਾ ਹੈ । ਤਹਿਸੀਲਦਾਰ ਸਾਹਿਬ ਕਹਿੰਦੇ ਹਨ, ਕਮਲੀ ਬੀਬੀ ਤੋਂ ਸਾਬਣ ਮੰਗ ਕੇ ਲਿਆ ਦਿਓ ।......ਸਚਮੁਚ ਪਿਆਰੂ ਪੁਰਾਣਾ ਡਾਕਟਰੀ ਨੌਕਰ ਹੈ । ਉਹ ਠੀਕ ਮੌਕੇ ਤੇ ਪਹੁੰਚ ਗਿਆ, ਨਹੀਂ ਤਾਂ ਏਨਾ ਇੰਤਜ਼ਾਮ ਕੌਣ ਕਰਦਾ ? ਦਿਨ ਢਲ ਗਿਆ ਹੈ, ਹੁਣ ਡਾਕਟਰ ਬਾਬੂ ਵੀ ਆ ਜਾਣਗੇ । ਤਹਿਸੀਲਦਾਰ ਸਾਹਿਬ ਕਹਿੰਦੇ ਹਨ, ਸਰਘੀ ਉਗਣ ਤੋਂ ਪਹਿਲਾਂ ਹੀ ਬੈਲ ਗੱਡੀਆਂ ਨੂੰ ਤੋਰ ਦਿੱਤਾ ਹੈ । ਨਾਲ ਗਿਆ ਹੈ ਅਗਮੂ ਚੌਕੀਦਾਰ । ਸਾਰਾ ਪਿੰਡ ਮਹਿਕ ਰਿਹਾ ਹੈ । ਮੇਲੇ ਵਿਚ ਬਿਲਕੁਲ ਏਸੇ ਤਰ੍ਹਾਂ ਦੀ ਮਹਿਕ ਹੁੰਦੀ ਹੈ । ਤਹਿਸੀਲਦਾਰ ਸਾਹਿਬ ਦੇ ਅਹਾਤੇ ਵਿਚ ਹਲਵਾਈ ਲੋਕ ਸਵੇਰ ਤੋਂ ਹੀ ਪੂਰੀ-ਜਲੇਬੀ ਬਣਾ ਰਹੇ ਹਨ । ਪੂਰੀਆਂ ਬਣਾ ਕੇ ਢੇਰ ਲਾ ਦਿੱਤਾ ਹੈ । ਪਿੰਡ ਦੇ ਨਿਆਣੇ ਸਵੇਰ ਤੋਂ ਹੀ ਜਮ੍ਹਾਂ ਨੇ । ਰਾਜਪੂਤ ਤੇ ਕਾਇਸਥਾਂ ਦੇ ਨਿਆਣੇ ਦੂਸਰੇ ਟੋਲੇ ਦੇ ਨਿਆਣਿਆਂ ਨੂੰ ਉਧਰ ਨਹੀਂ ਜਾਣ ਦਿੰਦੇ — "ਦੌੜ ! ਭਿੱਟ ਦਿਓਗੇ ।"

ਸਿੰਘ ਜੀ ਆਪ ਜਾ ਕੇ ਖਿਲਾਵਨ ਯਾਦਵ ਨੂੰ ਫੜ ਲਿਆਉਂਦੇ ਹਨ । "ਤਹਿਸੀਲਦਾਰ ਦੇਖੋ, ਇਸ ਦੇ ਪੇਟ ਵਿਚ ਬਾਇ ਉਖੜ ਪਿਆ ਹੈ । ਭੋਜ ਖਾਣ ਤੋਂ ਪਹਿਲਾਂ ਹੀ ਅਨਸਰਜੀ ਹੋ ਗਈ ਹੈ । ਓਏ ਭਰਾਵੇ, ਔਰਤਾਂ ਵਾਂਗ ਰੁੱਸਣ ਦਾ ਕੀ ਫ਼ਾਇਦਾ ! ਤੁਸੀਂ

ਹੀ ਦੱਸੋ ਤਹਿਸੀਲਦਾਰ, ਅਸੀਂ ਠੀਕ ਕਹਿੰਦੇ ਹਾਂ ਕਿ ਨਹੀਂ। ਲੜੋ, ਝਗੜੋ ਤੇ ਫੇਰ ਗਲੇ ਲੱਗ ਜਾਓ। ਇਸ ਰੁੱਸਣ ਦਾ ਕੀ ਮਤਲਬ ? ਸਾਨੂੰ ਬਾਲਦੇਵ ਤੋਂ ਪਤਾ ਲੱਗਾ। ਜਾ ਕੇ ਦੇਖਿਆ ਤਾਂ ਕਾਰ। ਭਸੂੰਡੀ ਇਹਦੇ ਕੰਨ ਵਿਚ ਮੰਤਰ ਪੜ੍ਹ ਰਿਹਾ ਹੈ।.. ... ਬਾਲਦੇਵ ਜੀ। ਸੁਣੋ, ਡਾਕਟਰ ਸਾਬ੍ਹ ਆਉਣ ਤਾਂ ਪਹਿਲਾਂ ਇਸੇ ਦਾ ਇਲਾਜ ਕਰਾਓ। ਕਹਿਣਾ ਕਿ ਅੱਠਵਾਂ ਮਹੀਨਾ ਹੈ......।"

'ਹਾ – ਹਾ – ਹਾ – ਹਾ – ਹਾ – ਹਾ – ਹਾ......ਹਾ......ਹਾ।"

"ਰਾਮਕਿਰਪਾਲ ਭਰਾ ਜੀ, ਨਿਆਣਿਆਂ ਸਾਹਮਣੇ ਵੀ ਤੁਸੀਂ ਮਖੌਲ ਕਰਦੇ ਹੋ ?"

"ਚੰਗਾ ਹੱਥ ਤਾਂ ਛਡੋ। ਸਾਰੇ ਤਾਂ ਹੈਨ ਹੀ, ਸਿਰਫ ਸਾਡੇ ਨਾ ਰਹਿਣ ਤੇ ਕਿਹੜਾ ਕੰਮ ਹਰਜ਼ ਹੋ ਚਲਿਆ ਹੈ।"

ਸਿੰਘ ਜੀ ਮਜ਼ੇਦਾਰ ਆਦਮੀ ਹਨ ! ਸਵੇਰ ਤੋਂ ਹੀ ਸਾਰਿਆਂ ਨੂੰ ਹਸਾ ਰਹੇ ਹਨ। ਖਿਲਾਵਨ ਯਾਦਵ ਰੁੱਸੇ ਸਨ, ਉਹਨੂੰ ਵੀ ਫੜ ਲਿਆਏ। ਜੋਤਸ਼ੀ ਜੀ ਨਹੀਂ ਆਏ। ਬੋਲੇ, ਦੰਦ ਵਿਚ ਦਰਦ ਹੈ। ਸਿੰਘ ਜੀ ਕਹਿੰਦੇ ਹਨ, "ਪਤਾ ਨਹੀਂ ਉਹਨਾਂ ਦੇ ਪੇਟ ਦੇ ਦੰਦ ਵਿਚ ਦਰਦ ਹੈ ਸ਼ਾਇਦ। ਕਹਿੰਦੇ ਨੇ ਕਿ ਅਜਕਲ੍ਹ ਡਾਕਟਰ ਲੋਕ ਪੱਥਰ ਦਾ ਨਕਲੀ ਦੰਦ ਲਾ ਦਿੰਦੇ ਹਨ। ਡਾਕਟਰ ਸਾਹਿਬ ਨੂੰ ਕਹਿ ਕੇ ਜੋਤਸ਼ੀ ਜੀ ਦਾ ਦੰਦ ਬਣਾ ਦਿਓ ਭਰਾਵੋ ! ਅਸੀਂ ਸਭਾਗਾਛੀ (ਵਿਆਹਾਂ ਵਾਸਤੇ ਮੈਥਿਲਾਂ ਦਾ ਮੇਲਾ) ਵਿਚ ਲੜਕੀ ਵਾਲੇ ਦੰਦ ਹਿਲਾ ਡੁਲਾ ਕੇ ਥੋੜੇ ਦੇਖਦੇ ਨੇ।"

"ਡਾਟਟਰ ਸਾਬ੍ਹ ਆ ਰਹੇ ਹਨ।"

"ਆ ਰਹੇ ਹਨ ? ਕਿਥੇ ?"

"ਪਛਿਆਰੀ ਟੋਲੀ ਕੋਲ ਪੰਜੇ ਬੈਲਗੱਡੀਆਂ ਆ ਰਹੀਆਂ ਹਨ, ਅਗਮੂ ਚੌਕੀਦਾਰ ਅਗੇ ਅਗੇ ਨੱਸਿਆ ਆ ਰਿਹਾ ਹੈ। ਡਾਕਟਰ ਸਾਬ੍ਹ ਨੇ ਟੋਪ ਪਹਿਨਿਆਂ ਹੋਇਆ ਹੈ।"

ਅਗਮੂ ਆ ਗਿਆ। "ਮੌਢੇ ਤੇ ਹੀ ਹੈ, ਬਕਸਾ ?"

ਕੰਮ ਧੰਦਾ ਛਡ ਕੇ ਸਾਰੇ ਕੱਠੇ ਹੋ ਗਏ–ਡਾਕਟਰ ਸਾਬ੍ਹ ਆ ਰਹੇ ਹਨ।

"ਹਟ ਜਾਓ !" ਅਗਮੂ ਕਹਿੰਦਾ ਹੈ, 'ਡਾਕਟਰ ਸਾਬ੍ਹ ਬੋਲੇ ਹਨ, "ਇੰਤਜ਼ਾਮ ਨਾਲ ਰਖਣਾ ਠੋਕਰ ਨਾਂ ਲਗੇ। ਬੇਤਾਰ ਦੀ ਖ਼ਬਰ ਹੈ।"

ਬਾਲਦੇਵ ਜੀ ਕਹਿੰਦੇ ਹਨ, ਰੇਡੀ ਹੈ, ਰੇਡਾ (ਰੇਡੀਓ) ਹੁਣ ਸੁਣਿਓ ਰੋਜ਼ ਬੰਬੇ, ਕਲਕੱਤਾ ਦਾ ਗੌਣ। ਮਹਾਤਮਾਂ ਜੀ ਦੀ ਖ਼ਬਰ, ਮੰਡੀ ਦਾ ਭਾਅ, ਸਭ ਕੁਝ ਆਏਗਾ। ਇਸ ਵਿਚ। ਤਾਰ ਨੂੰ ਠੋਕਰ ਲਗਦਿਆਂ ਹੀ ਗੁੱਸੇ ਨਾਲ ਬੋਲੇਗਾ–ਬੇਕੂਫ। ਬਿਨਾ ਮੂੰਹ ਧੋਏ ਕੋਲ ਬੈਠਦਿਆਂਆਂ ਹੀ ਤੁਰਤ ਕਹੇਗਾ– "ਕੀ ਤੁਸਾਂ ਅਜ ਮੂੰਹ ਨਹੀਂ ਧੋਤਾ ?"

"ਜ਼ੁਲਮ ਦੀ ਗੱਲ ?"

ਡਾਕਟਰ ਸਾਹਿਬ।

ਸਾਰੇ ਹੱਥ ਜੋੜੀ ਖੜੋਤੇ ਹਨ। ਡਾਕਟਰ ਸਾਹਿਬ ਵੀ ਹੱਸਦੇ ਹੋਏ ਹੱਥ ਜੋੜਦੇ ਹਨ। ਬਲਦੇਵ ਜੀ, ਜੈ ਹਿੰਦ ਕਹਿੰਦੇ ਹਨ। ਦੇਖਾ ਦੇਖੀ ਕਲੀਆ ਵੀ ਅਜਕਲ 'ਜਾਏ ਹਿੰਦ' ਕਹਿੰਦਾ ਹੈ। ਪਿਆਰੂ ਸ਼ਮਿਆਨੇ ਵਿਚ ਕੁਰਸੀ ਲਿਆ ਰਖਦਾ ਹੈ, ਡਾਕਟਰ ਸਾਹਿਬ ਦੇ ਹੱਥੋਂ ਟੋਪ ਫੜ ਲੈਂਦਾ ਹੈ। ਡਾਕਟਰ ਸਾਹਿਬ ਦੇ ਚਿਹਰੇ ਦਾ ਰੰਗ ਬਿਲਕੁਲ ਲਾਲ ਹੈ। 'ਲਾਲਟੇਸ'! ਕੀ ਮੁੱਛਾਂ ਨਹੀਂ ਹਨ? ਨਹੀਂ ਮੁੱਛਾਂ ਸਫ਼ਾ ਚੱਟ ਕਰਵਾਈਆਂ ਹੋਈਆਂ ਹਨ।

ਬਾਲਦੇਵ ਜੀ ਹੱਥ ਜੋੜ ਕੇ ਪੁੱਛਦੇ ਹਨ, ਰਾਹ ਵਿਚ ਕਿਤੇ ਤਕਲੀਫ਼ ਤਾਂ ਨਹੀਂ ਹੋਈ?......ਸਭ ਕੁਛ ਤਿਆਰ ਹੈ। ਭੋਜਨ ਛੱਕ ਲੈਣਾ ਚਾਹੀਦਾ ਹੈ। ਇਹਨਾਂ ਦਾ ਨਾਂ ਵਿਸ਼ਵਨਾਥ ਪਰਸਾਦ ਹੈ, ਰਾਜ ਪਾਰਬੰਗਾ ਦੇ ਤਹਿਸੀਲਦਾਰ ਹਨ। ਇਹਨਾਂ ਦਾ ਨਾਂ ਰਾਮਕਿਰਪਾਲ ਸਿੰਘ ਹੈ, ਸਿਪਾ......ਰਾਜਪੂਤ ਟੋਲੀ ਦੇ ਮਾਲਕ ਹਨ। ਇਨ੍ਹਾਂ ਦਾ ਨਾਂ ਖਿਲਾਵਨ ਸਿੰਘ ਯਾਦਵ ਹੈ, ਯਾਦਵ ਛੱਤਰੀ ਟੋਲੇ ਦੇ ਮੋਹਰੀ ਹਨ। ਇਸ ਦਾ ਨਾਂ ਕਾਲੀਚਰਨ ਹੈ, ਬੜਾ ਬਹਾਦਰ ਨੌਜਵਾਨ ਹੈ। ਅਤੇ ਇਹ ਲੋਕ ਇਸਕੂਲੀਆ ਹਨ।......ਅਓ ਜੀ ਬਾਬੂ ਸਾਹਿਬ! ਤੁਸੀਂ ਡਾਕਟਰ ਸਾਹਿਬ ਨਾਲ ਗੱਲਾਂ ਬਾਤਾਂ ਕਰੋ। ਇਸ ਪਿੰਡ ਦੇ ਮਹੰਤ ਸਾਹਿਬ ਨੇ ਇਸਪਿਤਾਲ ਦੀ ਖ਼ੁਸ਼ੀ ਵਿਚ ਪਿੰਡ ਵਾਲਿਆਂ ਨੂੰ ਅੱਜ ਭੰਡਾਰਾ ਦਿੱਤਾ ਹੈ।"

ਡਾਕਟਰ ਸਾਹਿਬ ਹੱਥ ਜੋੜ ਕੇ ਫੇਰ ਸਾਰਿਆਂ ਨੂੰ ਨਮਸਕਾਰ ਕਰਦੇ ਹਨ। ਕਹਿੰਦੇ ਹਨ, "ਅਸੀਂ ਹਾਲੇ ਨਹੀਂ ਖਾਵਾਂਗੇ। ਬਾਕੀਆਂ ਨੂੰ ਖੁਆਓ।"

ਸੱਚਮੁਚ ਪਿਆਰੂ ਪੁਰਾਣਾ ਨੌਕਰ ਹੈ। ਤੱਕੋ, ਡਾਕਟਰ ਬਾਬੂ ਨੇ ਸਭ ਤੋਂ ਪਹਿਲਾ ਸਾਬਣ ਨਾਲ ਹੱਥ ਧੋਤਾ।

ਮੱਠ ਤੋਂ ਮਹੰਤ ਸਾਹਿਬ, ਕੋਠਾਰਨ, ਲੱਛਮੀ ਦਾਸਣ ਰਾਮਦਾਸ ਅਤੇ ਦੋ ਮੂਰਤੀ ਆਏ ਹਨ। ਮਹੰਤ ਸਾਹਿਬ ਦੀ ਬੈਲਗੱਡੀ ਅੱਗੇ ਇਕ ਸਾਧੂ ਤੁਰਹੀ ਵਜਾਉਂਦਾ ਆ ਰਿਹਾ ਹੈ। ਧੂ, ਤੂ ਤੂ ਤੂ ਤੂ......ਧੂ ਤੂ ਤੂ ਤੂ। ਅਤੇ ਤੁਰਹੀ ਦੀ ਆਵਾਜ਼ ਸੁਣਦੇ ਹੀ ਪਿੰਡ ਦੇ ਕੁੱਤੇ ਦਲ ਬਣਾ ਕੇ ਭੌਂਕਣਾ ਸ਼ੁਰੂ ਕਰ ਦਿੰਦੇ ਹਨ। ਛੋਟੇ ਛੋਟੇ ਕਤੂਰੇ ਤਾਂ ਭੌਂਕ ਭੌਂਕ ਕੇ ਪਰੇਸ਼ਾਨ ਹਨ। ਨਵਾਂ ਨਵਾਂ ਭੌਂਕਣਾ ਸਿੱਖਿਆ ਹੈ ਨਾ।

ਸਭ ਤੋਂ ਪਹਿਲਾ ਕਾਲੀਥਾਨ ਵਿਚ ਪੂਰੀ ਚੜ੍ਹਾਈ ਜਾਂਦੀ ਹੈ। ਉਸ ਪਿਛੋਂ ਕੋਠੀ ਦੇ ਜੰਗਲ ਵਿਚ ਦੋ ਪੂਰੀਆਂ ਸੁੱਟੀਆਂ ਜਾਂਦੀਆਂ ਹਨ। ਜੰਗਲ ਦੇ ਦੇਵ ਦੇਵੀ ਅਤੇ ਭੂਤ-ਪ੍ਰੇਤ ਵਸਤੇ। ਉਸ ਤੋਂ ਬਾਦ ਸਾਧੂ ਅਤੇ ਬ੍ਰਾਹਮਣ ਭੋਜ। ਬਾਲਦੇਵ ਜੀ ਨੇ ਬਹੁਤ ਕਿਹਾ, ਪਰ ਡਾਕਟਰ ਸਾਹਿਬ ਨਹੀਂ ਮੰਨੇ। ਪਿਆਰੂ ਠੀਕ ਕਹਿੰਦਾ ਸੀ। ਡਾਕਟਰ ਲੋਕ ਹਲਵਾਈ ਦੀ ਬਣਾਈ ਹੋਈ ਪੂਰੀ ਜਲੇਬੀ ਨਹੀਂ ਖਾਂਦੇ। ਮਸ਼ੀਨ ਦੇ ਚੁੱਲ੍ਹੇ ਉੱਪਰ

ਪਿਆਰੂ ਡਾਕਟਰ ਬਾਬੂ ਲਈ ਭਾਤ ਬਣਾ ਰਿਹਾ ਹੈ। ਛੇਤੀ ਨਾਲ ਬਿਜੇ (ਖਾਣਾ-ਪੀਣਾ) ਖਤਮ ਹੋਵੇ ਤਾਂ ਬੇਤਾਰ ਦੀ ਖਬਰ ਦਾ ਗੌਣ ਸੁਣੀਏ। ਕੀ ? ਅੱਜ ਗੌਣ ਨਹੀਂ ਹੋਵੇਗਾ ? ਹਾਂ ਭਰਾਵੋ, ਕਲ੍ਹ ਕਬਜ਼ੇ ਦੀ ਗੱਲ ਹੈ। ਏਨੀ ਛੇਤੀ ਕਿਵੇਂ ਹੋਵੇਗਾ। ਫੇਰ ਕਟੀਹਾਰ ਜੰਕਸ਼ਨ ਤੇ ਰੇਲ ਗੱਡੀਆਂ ਅਤੇ ਮਿੱਲਾਂ ਦਾ ਹਾਲੇ ਏਨਾ ਰੌਲਾ ਰੱਪਾ ਹੁੰਦਾ ਹੋਵੇਗਾ ਕਿ ਇਥੋਂ ਤਕ ਖਬਰ ਆ ਵੀ ਨਹੀਂ ਸਕੇਗੀ।

"ਬਿਝੇ ! ਬਿਝੇ !!"

"ਹਰੇਕ ਟੋਲੇ ਦੇ ਲੋਕ ਵੱਖਰੀ ਵੱਖਰੀ ਪੰਗਤ ਵਿਚ ਬੈਠੋ। ਆਪਣੀ ਆਪਣੀ ਬਗਲ ਵਿਚ ਇਕ ਫਾਲਤੂ ਪੱਤਾ ਰੱਖ ਲੈਣਾ ਭਰਾਵੋ। ਆਪਣੇ ਆਪਣੇ ਘਰ ਦੀਆ ਜ਼ਨਾਨੀਆਂ ਲਈ ਕੰਮਬੇਸ ਨਹੀਂ।......"

ਗੁਆਰ ਟੋਲੀ ਦੇ ਬੁੱਢੇ ਰੌਂਦੀ ਨੂੰ ਸਾਰੇ ਮਿਲ ਕੇ ਚਿੜਾ ਰਹੇ ਹਨ। ਰੌਂਦੀ ਗੋਪ ਪਿੰਡ ਪਿੰਡ ਘੁੰਮ ਕੇ ਦਹੀਂ ਵੇਚਦਾ ਹੈ। ਉਸ ਦਾ ਚਾਲ ਚਲਨ, ਉਹਦੀ ਰਹਿਣੀ-ਬਹਿਣੀ ਸਭ ਕੁਝ ਜ਼ਨਾਨੀਆਂ ਵਰਗਾ ਹੈ। ਸਿਰ ਅਤੇ ਹਿੱਕ ਤੋਂ ਕੱਪੜਾ ਜ਼ਰਾ ਕੁ ਵੀ ਸਰਕ ਜਾਣ ਤੇ, ਜ਼ਨਾਨੀਆਂ ਵਾਂਗ ਸੰਗ ਕੇ ਠੀਕ ਕਰ ਲੈਂਦਾ ਹੈ। ਮਰਦਾਂ ਨਾਲ ਗੱਲਾਂ ਕਰਦਿਆਂ ਸੰਗਦਾ ਹੈ। ਜ਼ਨਾਨੀਆਂ ਉਹਦੇ ਸਾਹਮਣੇ ਕਿਸੇ ਤਰ੍ਹਾਂ ਦਾ ਪਰਦਾ ਨਹੀਂ ਕਰਦੀਆਂ। ਮੰਡੀ ਜਾਂਦਿਆਂ ਤੇ ਪਰਤਦਿਆਂ ਉਹ ਜ਼ਨਾਨੀਆਂ ਦੇ ਸਾਥ ਵਿਚ ਹੀ ਹੁੰਦਾ ਹੈ।... ..ਹੁਣ ਸਾਰੇ ਮਿਲ ਕੇ ਰੌਂਦੀ ਬੁੱਢੇ ਨੂੰ ਚਿੜਾ ਰਹੇ ਹਨ — "ਤੇਰਾ ਹਿੱਸਾ ਆਂਗਣ ਵਿਚ ਭੇਜ ਦਿੱਤਾ ਜਾਵੇਗਾ। ਦੇਖ, ਲਾਲ ਚੰਨ ਨੇ ਤੇਰਾ ਪੱਤਲ ਲਾ ਦਿੱਤਾ ਹੈ।"

"ਦੂਰ ਫਿੱਟੇ ਮੂੰਹ ! ਬੁੱਢੇ ਤੇਰੇ ਨਾਲ ਮਖੌਲ ਕਰਦਿਆਂ ਸ਼ਰਮ ਨਹੀਂ ਆਉਂਦੀ ? ਅਸੀਂ ਪੁੱਛਦੇ ਹਾਂ, ਤੁਹਾਨੂੰ ਲੋਕਾਂ ਨੂੰ ਕਿ ਤੁਸੀਂ ਆਪਣੀ ਬੁੱਢੀ ਦਾਦੀ ਤੇ ਨਾਨੀ ਨਾਲ ਵੀ ਇਸੇ ਤਰ੍ਹਾਂ ਮਸ਼ਕਰੀਆਂ ਕਰਦੇ ਹੋ ? ਇਸ ਪਿੰਡ ਦੇ ਛੋਕਰੇ ਊਤ ਹੋ ਗਏ ਨੇ। ਸਾਰਾ ਦੋਖ ਏਸੇ ਸਿੰਘੀਏ ਦਾ ਹੈ। ਜਿਥੇ ਬੁੱਢੇ ਹੀ ਬਦਚਾਲ ਹੋਣ, ਉਥੇ ਛੋਕਰਿਆਂ ਦਾ ਕੀ ਹਾਲ ! ਅਸੀਂ ਕਹਿ ਰਹੇ ਹਾਂ, ਹਾ ਸੁਣ ਲਓ ! ਹਾਂ।......"

ਮਹੰਤ ਸਾਹਿਬ ਹਾਲੀਂ ਭੋਜਨ ਨਹੀਂ ਕਰਦੇ।

"ਹੇ ਸਤਿਗੁਰੂ ਜੀ ! ਡਾਕਟਰ ਸਾਹਿਬ ਤੁਹਾਨੂੰ ਕਿੰਨੀ ਤਲਬ ਮਿਲਦੀ ਹੈ ? ਦੋ ਸੌ ?......ਹਾਂ, ਇਥੇ ਉੱਪਰ ਦੀ ਆਮਦਨ ਵੀ ਹੋਵੇਗੀ। ਅਸਲ ਆਮਦਨੀ ਤਾਂ ਉੱਪਰ ਦੀ ਆਮਦਨੀ ਹੈ।......ਬਹੁਤ ਵਧੀਆ।.........ਗਾਂਧੀ ਜੀ ਤਾਂ ਅਵਤਾਰੀ ਪੁਰਖ ਹਨ।.........ਡਾਕਟਰ ਸਾਹਿਬ। ਅੱਜ ਤੋਂ ਤਕਰੀਬਨ ਪੰਜ ਸਾਲ ਪਹਿਲਾਂ ਇਕ ਵਾਰ ਸਾਡੀਆਂ ਅੱਖਾਂ ਦੁਖਣੀਆਂ ਆਈਆਂ, ਉਸ ਪਿੱਛੋਂ ਦੋ ਮਹੀਨਿਆਂ ਤਕ ਅੱਖਾਂ 'ਚ ਲਾਲੀ ਛਾਈ ਰਹੀ। ਪੂਰਣੀਆਂ ਦੇ ਸਿਵਲ ਸਾਰਜਨ ਸਾਹਿਬ ਨੂੰ ਪੰਜਾਹ

ਰੁਪਏ ਫੀਸ ਦੇ ਕੇ ਦਿਖਾਇਆ। ਬਹੁਤ ਦਿਨਾਂ ਤਕ ਇਲਾਜ ਵੀ ਕਰਵਾਇਆ, ਪਰ ਬੇਕਾਰ। ਹੁਣ ਤਾਂ ਤੁਸੀਂ ਆ ਗਏ ਹੋ। ਆਪਣੇ ਘਰ ਦੇ ਡਾਕਟਰ ਹੋਏ।......"

ਲੱਛਮੀ ਦਾਸਣ ਇਕ ਟੱਕ ਡਾਕਟਰ ਸਾਹਿਬ ਨੂੰ ਦੇਖ ਰਹੀ ਹੈ।......ਕਿੰਨਾ ਸੁੰਦਰ ਮਨੁੱਖ ਹੈ। ਵਿਚਾਰੇ ਦਾ ਇਸ ਪਿੰਡ ਵਿਚ ਦਿਲ ਨਹੀਂ ਲੱਗ ਰਿਹਾ। ਨੌਕਰੀ ਕੋਈ ਵੀ ਹੋਵੇ, ਅਖ਼ੀਰ ਨੌਕਰੀ ਹੀ ਹੈ। ਮਨ ਘਰ ਵਿਚ ਭਟਕ ਰਿਹਾ ਹੋਵੇਗਾ, ਬੀਵੀ ਬੱਚਿਆਂ ਦੀ ਯਾਦ ਆਉਂਦੀ ਹੋਵੇਗੀ।......ਕੁਝ ਦਿਨਾਂ 'ਚ ਦਿਲ ਲੱਗ ਜਾਊ। ਫੇਰ ਬਾਲ ਬੱਚਿਆਂ ਨੂੰ ਵੀ ਲੈ ਆਊ। ਅਚਾਨਕ ਪੁੱਛ ਬਹਿੰਦੀ ਹੈ, "ਤੁਹਾਡੇ ਘਰ ਹੋਰ ਕੌਣ ਏ ਡਾਕਟਰ ਬਾਬੂ ?"

"ਜੀ" ਡਾਕਟਰ ਨੇ ਜ਼ਰਾ ਥਥਲਾ ਕੇ ਕਿਹਾ, "ਜੀ ਮੇਰਾ ਕੋਈ ਨਹੀਂ। ਮਾਪੇ ਬਚਪਨ 'ਚ ਹੀ ਗੁਜ਼ਰ ਗਏ।"

ਲੱਛਮੀ ਸਮਝ ਜਾਂਦੀ ਹੈ ਕਿ ਇਹ ਸਵਾਲ ਪੁੱਛਣਾ ਠੀਕ ਨਹੀਂ ਲੱਗਾ। ਉਹਨੂੰ ਆਪ ਹੀ ਹੈਰਾਨੀ ਹੋ ਰਹੀ ਸੀ ਕਿ ਉਹਨੇ ਇਹੋ ਜਿਹਾ ਪ੍ਰਸ਼ਨ ਕੀਤਾ ਹੀ ਕਿਉਂ। ......ਮੇਰਾ ਕੋਈ ਨਹੀਂ।

"ਲੱਛਮੀ ! ਰਾਮਦਾਸ ਨੂੰ ਬੁਲਾ। ਅੱਛਾ ਤਾਂ ਡਾਕਟਰ ਬਾਬੂ ਹੁਣ ਆਗਿਆ ਦਿਓ। ਆਪ ਵੀ ਭੋਜਨ ਕਰ ਕੇ ਆਰਾਮ ਕਰੋ, ਕਦੀ ਮੱਠ ਵਲ ਵੀ ਆਉਣਾ। ਸਤਿਗੁਰੂ ਸਾਹਿਬ ਨੇ ਕਿਹਾ ਹੈ — "ਦਰਸ਼ ਪਰਸੁ ਸਤਿਸੰਗ ਤੇ ਛੂਟੇ ਮਨ ਕਾ ਮੈਲ।"

ਲੱਛਮੀ ਹੱਥ ਜੋੜ ਕੇ ਨਮਸਕਾਰ ਕਰਦੀ ਹੈ।

ਬ੍ਰਾਹਮਣ ਟੋਲੀ ਦੇ ਲੋਕ ਬਾਲਦੇਵ ਨੂੰ ਪੁੱਛਦੇ ਹਨ, "ਡਾਕਟਰ ਬਾਬੂ ਦਾ ਨੌਕਰ ਤਾਂ ਦੁਸਾਧ ਹੈ। ਥੋਡਾ ਡਾਕਟਰ ਬਾਬੂ ਕਿਹੜੀ ਜਾਤ ਦਾ ? ਦੁਸਾਧ ਦਾ ਬਣਾਇਆ ਹੋਇਆ ਖਾ ਲੈਂਦੇ ਨੇ ?"

ਬੋਲੋ ਪ੍ਰੇਮ ਨਾਲ......ਮਹਾਤਮਾਂ ਗਾਂਧੀ ਜੀ ਦੀ ਜੈ।

ਭੰਡਾਰਾ ਸਮਾਪਤ ਹੋ ਗਿਆ। ਕੋਈ 'ਤਰੁੱਟੀ' ਨਹੀਂ ਹੋਈ। ਸਭ ਨੂੰ 'ਪੂਰਨ' ਹੋ ਗਿਆ। ਜਿਹੜੇ ਭੁੱਲ ਚੁਕ ਕਰ ਕੇ ਰਹਿ ਗਏ ਹਨ, ਉਹਨਾਂ ਦਾ ਹਿੱਸਾ ਕਲ੍ਹ ਲੈ ਜਾਣਾ।

ਬਾਲਦੇਵ ਜੀ, ਅਗਮੂ ਚੌਕੀਦਾਰ ਅਤੇ ਬਿਰਚੀ ਨਾਲ ਇਸਪਿਤਾਲ ਵਿਚ ਹੀ ਸੌਣਗੇ। ਅਜ ਪਹਿਲੀ ਰਾਤ ਹੈ।

# ਸਤ

ਲੱਛਮੀ ਦਾ ਵੀ ਤਾਂ ਇਸ ਸੰਸਾਰ ਵਿਚ ਕੋਈ ਨਹੀਂ।...... ਜੀ ਮੇਰਾ ਕੋਈ ਨਹੀਂ ।...... ਲੱਛਮੀ ਸੋਚਦੀ ਹੈ, ਉਹਦਾ ਦਿਲ ਏਨਾਂ ਨਰਮ ਕਿਉਂ ਹੈ ? ਕਿਉਂ ਉਹ ਡਾਕਟਰ ਨੂੰ ਵੇਖ ਕੇ ਪਿਘਲ ਗਈ ? ਇਹ ਚੰਗੀ ਗੱਲ ਨਹੀਂ।...... ਸਤਿਗੁਰੂ, ਮੈਨੂੰ ਬਲ ਬਖਸ਼ੋ ।

ਸਤਿਗੁਰੂ ਦੇ ਸਿਵਾ ਕੋਈ ਵੀ ਉਹਦਾ ਨਹੀਂ। ਮਾਂ ਦੀ ਯਾਦ ਨਹੀਂ ਆਉਂਦੀ। ਪਸਰਾਹਾ ਮੱਠ ਨੇੜਲੀ ਆਪਣੀ ਝੁੱਗੀ ਦੀ ਯਾਦ ਆਉਂਦੀ ਹੈ। ਸਵੇਰ ਹੁੰਦਿਆਂ ਹੀ ਬਾਬੂ ਜੀ ਮੋਢੇ ਚੁਕ ਕੇ ਮੱਠ ਵਿਚ ਲੈ ਜਾਂਦੇ ਸਨ। ਮਹੰਥ ਰਾਮਗੁਸਾਈਂ ਕਿੰਨਾ ਲਾਡ ਕਰਦੇ ਸਨ- "ਆ ਗਈ ਲੱਛੋ ! ਲੈ ਮਿਸਰੀ ਖਾਏਂਗੀ ? ਚਾਹ ਪੀਏਂਗੀ ?" ਭੰਡਾਰੀ ਇਕ ਕੌਲੇ ਵਿਚ ਚਾਹ-ਚੂੜਾ ਦੇ ਜਾਂਦਾ ਸੀ। ਬਾਬੂ ਜੀ ਬਹਿ ਕੇ ਮਹੰਥ ਸਾਬ੍ਹ ਲਈ ਗਾਂਜਾ ਤਿਆਰ ਕਰਦੇ ਸਨ। ਇਕ ਚਿਲਮ, ਦੋ ਚਿਲਮਾਂ, ਤਿੰਨ ਚਿਲਮਾਂ। ਪੀਂਦਿਆਂ ਹੋਇਆਂ ਮਹੰਤ ਸਾਹਿਬ ਦੀਆਂ ਅੱਖਾਂ ਲਾਲ ਹੋ ਜਾਂਦੀਆਂ। ਕਦੀ ਕਦੀ ਬਾਬੂ ਜੀ ਵੀ ਥਰ ਥਰ ਕੰਬਣ ਲਗਦੇ ਸਨ। ਭੰਡਾਰੀ ਦਹੀਂ ਲਿਆ ਕੇ ਦਿੰਦਾ ਸੀ- "ਖਾ ਲੈ ਰਾਮਚਰਨ ਭਰਾਵਾ । ਨਸ਼ਾ ਟੁੱਟ ਜਾਏਗਾ।" ਬਾਬੂ ਜੀ ਨੂੰ ਮਹੰਥ ਸਾਬ੍ਹ ਬਹੁਤ ਚਾਹੁੰਦੇ ਸਨ। ਕੋਈ ਕੰਮ ਨਹੀਂ। ਦਿਨ ਭਰ ਮਹੰਤ ਸਾਹਿਬ ਦੀ ਧੂਣੀ ਕੋਲ ਬੈਠੇ ਰਹੋ, ਗਾਂਜਾ ਤਿਆਰ ਕਰੋ, ਚਿਲਮ ਚੜ੍ਹਾਓ। ਮੱਠ ਵਿਚ ਹੀ ਸਾਡਾ ਖਾਣ-ਪੀਣ ਹੁੰਦਾ ਸੀ।

ਪਿੰਡ ਵਿਚ ਜਦੋਂ ਹੈਜ਼ਾ ਫੈਲਿਆ ਤਾਂ ਬਾਬੂ ਜੀ ਨੂੰ ਮਹੰਥ ਸਾਹਿਬ ਨੇ ਕਿਹਾ- ਰਾਮਚਰਨ ! ਤੁਸੀਂ ਮੱਠ ਵਿਚ ਹੀ ਰਹੋ "ਉਹਨੀ ਦਿਨੀਂ ਦਿਨ ਭਰ 'ਚ ਕਦੀ ਚਿਲਮ ਠੰਢੀ ਨਹੀਂ ਸੀ ਹੁੰਦੀ। ਇਕ ਦਿਨ ਮਹੰਤ ਸਾਹਿਬ ਦਾ ਬੀਜਕ ਸੜ ਗਿਆ। ਪਤਾ ਨਹੀਂ ਕਿਵੇਂ, ਚਿਲਮ ਦੀ ਅੱਗ ਬੀਜਕ ਉਤੇ ਡਿੱਗ ਪਈ। ਮਹੰਤ ਸਾਹਿਬ ਨੇ ਵਿਲਕ ਕੇ ਕਿਹਾ ਸੀ- "ਰਾਮਚਰਨ, ਸਾਹਿਬ ਨੇ ਕਰੋਧ ਕੀਤਾ ਹੈ, ਦੰਡ ਭੋਗਣਾਂ ਪਏਗਾ । ਅਮੰਗਲ ਹੋਊ" ਦੂਜੇ ਦਿਨ ਹੀ ਮੱਠ ਦੇ ਇਕ ਸਾਧੂ ਦਾ ਮੂੰਹ-ਪੇਟ ਚਲਣ ਲਗਾ। ਤੀਜੇ ਦਿਨ ਉਸ ਸਾਧੂ ਨੇ ਦੇਹ 'ਤਿਆਗ' ਦਿਤੀ। ਤੇ ਮਹੰਤ ਸਾਹਿਬ ਬੀਮਾਰ ਪੈ ਗਏ। ਬਾਬੂ ਜੀ ਨੇ ਮਹੰਤ ਸਾਹਿਬ ਦੀ ਬੜੀ ਸੇਵਾ ਕੀਤੀ। ਸਰੀਰ ਤਿਆਗਣ ਤੋਂ ਪਹਿਲਾਂ ਮਹੰਥ ਸਾਹਿਬ ਨੇ ਕਿਹਾ ਸੀ- 'ਰਾਮਚਰਨ ਇਕ ਵਾਰ ਆਖਰੀ ਚਿਲਮ ਪਿਆ ਪੁੱਤਰਾ।' ਬਾਬੂ ਜੀ ਚਿਲਮ ਤਿਆਰ ਕਰਨ ਲਈ ਧੂਣੀ 'ਚੋਂ ਅੱਗ ਕੱਢ ਹੀ ਰਹੇ ਸਨ ਕਿ ਧੂਣੀ ਵਿਚ ਹੀ ਉਲਟੀਆਂ ਹੋਣ ਲਗੀਆਂ। ਮਹੰਥ ਸਾਹਿਬ ਨੇ ਸ਼ਾਮੀ ਤੇ ਬਾਬੂ ਜੀ ਨੇ ਸਵੇਰੇ ਕਾਇਆ ਬਦਲ ਦਿਤੀ। ਭੰਡਾਰੀ ਨੇ ਦੂਰੋਂ ਹੀ ਬਾਬੂ ਜੀ ਦਾ ਦਰਸ਼ਨ ਕਰਾ ਦਿਤਾ

ਸੀ। ਭੰਡਾਰੀ ਨੇ ਕਿਹਾ ਸੀ "ਮਰੇ ਹੋਏ ਬੰਦੇ ਕੋਲ ਨਹੀਂ ਜਾਣਾ ਚਾਹੀਦਾ" ।

"ਲੱਛਮੀ ! ਓ ਲੱਛਮੀ ।"

"ਆਈ ।" ਲੱਛਮੀ ਬੜਬੜਾਂਦੀ ਹੋਈ ਉਠਦੀ ਹੈ ।...... ਉਸ ਦਿਨ ਬੀਜਕ ਛੋਹ ਕੇ ਕਸਮ ਖਾਧੀ ਸੀ ਤੇ ਅਜ ਫੇਰ ਬੁਲਾ ਰਹੇ ਨੇ। ਸਤਿਗੁਰੂ ਜੀ, ਤੁਹਾਡਾ ਬੁਲਾਵਾ ਕਦੋਂ ਆਵੇਗ ? ਬੁਲਾ ਲਵੋ ਸਤਿਗੁਰੂ ਆਪਣੇ ਕੋਲ, ਦਾਸੀ ਨੂੰ ।"

"ਲੱਛਮੀ ।"

"ਮਹੰਥ ਸਾਬ੍ਹ ਚਿੱਤ ਨੂੰ ਸ਼ਾਂਤ ਕਰੋ। ਸਤਿਗੁਰੂ ਦਾ ਧਿਆਨ ਧਰੋ। ਮਾਇਆ......"

"ਸਭ ਮਾਇਆ ਹੈ, ਲੱਛਮੀ। ਪਰ ਇਕ ਵਾਰ ਕੋਲ ਤਾ ਆ ।"

ਅੰਨ੍ਹਾਂ ਬੰਦਾ ਜਦੋਂ ਫੜਦਾ ਹੈ ਤਾਂ ਜਿਵੇਂ ਉਹਦੇ ਹੱਥਾਂ ਵਿਚ ਮਗਰ ਮੱਛ ਦੀ ਤਾਕਤ ਆ ਜਾਂਦੀ ਹੈ। ਅੰਨ੍ਹੇ ਦੀ ਪਕੜ ਲੱਖ ਜਤਨ ਕਰੋ, ਮੁੱਠੀ ਟਸ ਤੋਂ ਮੱਸ ਨਹੀਂ ਹੁੰਦੀ।...... ਹੱਥ ਹੈ ਜਾਂ ਲੁਹਾਰ ਦੀ ਸੰਨ੍ਹੀ। ਦੰਦਹੀਣ ਮੂੰਹ ਦੀ ਦੁਰਗੰਧ।...... ਲਾਲ੍ਹਾਂ ।...... "ਮਹੰਤ ਸਾਬ੍ਹ ! ਮਹੰਤ ਸਾਬ੍ਹ, ਸੁਣੋਂ ਤਾਂ ।" ਰਾਮਦਾਸ ਧੂਣੀ ਕੋਲ ਹੀ ਹੈ।

"ਮਹੰਤ ਸਾਬ੍ਹ ! ਓਏ ਰਾਮਦਾਸ ! ਰਾਮਦਾਸ !! ਛੇਤੀ ਉਠੋ ਜੀ। ਮਹੰਤ ਸਾਬ੍ਹ ਨੂੰ ਕੀ ਹੋ ਗਿਆ ।"

ਮਹੰਤ ਸਾਹਿਬ ਨੂੰ ਸਤਿਗੁਰੂ ਨੇ ਆਪਣੇ ਕੋਲ ਬੁਲਾ ਲਿਆ ।

ਸਵੇਰੇ ਸਾਰੇ ਪਿੰਡ ਦੇ ਲੋਕ ਜਮ੍ਹਾਂ ਹੋ ਜਾਂਦੇ ਹਨ ।...... ਮਹੰਥ ਸਾਹਿਬ ਸਿੱਧ ਪੁਰਖ ਹਨ। ਇੱਛਾ ਮਿਰਤੂ ਹੋਈ। ਰਾਤੀਂ ਬਾਹਰ ਕੇ ਪਿੰਡ ਦੇ ਬੁੱਢੇ ਬੱਚਿਆਂ ਨੂੰ ਖੁਆ ਪਿਆ ਕੇ ਆਏ ਅਤੇ ਰਾਤੀਂ ਹੀ ਚੋਲਾ ਬਦਲ ਲਿਆ। ਦੁਨੀਆਂ ਵਿਚ ਇਹੋ ਜਿਹਾ ਮਰਨਾਂ ਸਭ ਨੂੰ ਨਸੀਬ ਨਹੀਂ ਹੁੰਦਾ। ਗਿਆਨੀ ਮਹਾਤਮਾਂ ਸਨ।

ਰਾਮਦਾਸ ਕਹਿੰਦਾ ਹੈ, "ਭੰਡਾਰੇ ਤੋਂ ਪਰਤ ਕੇ ਜਦੋਂ ਸਰਕਾਰ ਆਏ ਅਤੇ ਆਸਣ ਉਪਰ 'ਧਿਆਨ' ਲਗਾ ਕੇ ਬੈਠੇ ਤਾਂ ਦੇਹ 'ਚੋਂ 'ਜੋਤ' ਨਿਕਲਣ ਲਗੀ। ਅਸੀਂ ਦਾਸਣਾਂ ਲਾਉਣ ਗਏ ਤਾਂ ਇਸ਼ਾਰੇ ਨਾਲ ਮਨ੍ਹਾਂ ਕਰ ਦਿਤਾ। ਅਸੀਂ ਧੂਣੇ ਕੋਲ ਬੈਠ ਦੇਖਦੇ ਰਹੇ। ਸਰਕਾਰ ਦੀ ਦੇਹ ਦੀ ਜੋਤ ਹੋਰ ਤੇਜ਼ ਹੋ ਗਈ ਅਤੇ ਸਰਕਾਰ ਇਕ ਦਮ ਬੱਚਾ ਬਣ ਗਏ। ਜੋਤ ਦੀ ਚਮਕ ਨਾਲ ਸਾਡੀਆਂ ਅੱਖਾਂ ਬੰਦ ਹੋ ਗਈਆਂ। ਅਸੀਂ ਉਥੇ ਹੀ ਧੂਣੇ ਕੋਲ ਲੇਟ ਗਏ। ਕੋਠਾਰਨ ਜੀ ਜਦੋਂ ਰੋਲਾ ਪੌਣ ਲਗੀ ਤਾਂ ਅੱਖਾਂ ਖੁਲ੍ਹੀਆਂ......।"

ਲੱਛਮੀ ਕੁਝ ਨਹੀਂ ਬੋਲਦੀ।...... ਸਾਧੂਆਂ ਨੂੰ ਮਿੱਟੀ ਦੇਣ ਦੀ ਰੀਤ ਵੀ ਨਹੀਂ ਮਾਲੂਮ ? ਜਟਾਂ ਵਧਾ ਲਈਆਂ ਤੇ ਹੱਥ ਵਿਚ ਕਰਮੰਡਲ ਫੜ ਲਿਆ, ਹੋ ਗਏ ਸਾਧੂ।...... "ਚਰਨਦਾਸ ! ਪਹਿਲਾਂ ਬੀਜਕ ਪਾਠ ਹੋਵੇਗਾ, ਤਦ ਮਿੱਟੀ। ਉਸ ਪਿਛੋਂ ਸਾਰੇ ਸੰਤਾਂ ਦੀ ਸਮਾਧੀ ਨੂੰ ਮਿੱਟੀ ਦਿਤੀ ਜਾਏਗੀ। ਏਨਾ ਵੀ ਨਹੀਂ ਜਾਣਦੇ ?"

"ਮਾਇਆ ਜਾਲ ਵਿਖੰਡ ਨੇ ਸੁਰ ਗੁਰੂ ਦੁਖ ਪਰਿ ਹਰਤਾ ।
ਸਰਬੇ ਲੋਕ ਜਨਾਚੁ ਜੇਨ ਸਤਤੰਨ
ਹੀਆ ਲੋਕਿਤਾ......।"
... ..ਨਮੋਸਤੂ ਸਤਿਗੁਰੂ ਸਾਹਿਬ ਕੇ
ਚਰਣੁ ਕਮਲ ਧਰੀ ਸ਼ੀਸ਼ ।

ਸਭ ਤੋਂ ਪਹਿਲਾਂ ਰਾਮਦਾਸੁ ਮਿੱਟੀ ਦਿੰਦਾ ਹੈ। ਉਸ ਤੋਂ ਬਾਦ ਲੱਛਮੀ ਦਾਸਣ ਮੁੱਠੀ ਭਰ ਮਿੱਟੀ ਮਹੰਤ ਸਾਹਿਬ ਦੀ ਸਫ਼ੈਦ ਚਾਦਰ ਤੇ ਪਾ ਦਿੰਦੀ ਹੈ, ਫੇਰ ਫੁੱਲਾਂ ਦੀ ਮਾਲਾ । ਸਾਧੂ ਲੋਕ ਕੁਦਾਲ ਨਾਲ ਸਮਾਧੀ ਵਿਚ ਮਿੱਟੀ ਭਰਨ ਲਗਦੇ ਹਨ । ਚਰਨਦਾਸ ਕਹਿੰਦਾ ਹੈ, ,'ਮਹੰਤ ਸਾਹਿਬ ਸਮੇਤ ਦਸ ਮਹੰਤਾਂ ਨੂੰ ਮਿੱਟੀ ਦਿਤੀ ਹੈ। ਮਿੱਟੀ ਦੇਣਾ ਵੀ ਨਹੀਂ ਜਾਣਾਂਗੇ ?" ਪਿੰਡ ਦੇ ਕੀਰਤਨੀਏ ਲੋਕ ਸਮਦਾਉਣ ਸ਼ੁਰੂ ਕਰਦੇ ਹਨ ।

"...........ਹਾਂ ਰੇ, ਬੜਾ ਰੇ ਜਤਨ ਸੇ ਸੁਗਾ ਏਕ ਹੈ ਪੋਸਲ,
ਮਾਖਣ ਦੁਧਵਾ ਪਿਲਾਏ ।
ਹਾਂ ਰੇ ਸੇ ਹੋ ਰੇ ਸੁਗਨਾਂ ਬਿਰਛੀ ਚੜਿ ਬੈਠਲ
ਪਿੰਜੜਾ ਰੇ ਧਰਤੀ ਲੋਟਾਏ............।"

ਸਮਾਧੀ ਪੂਰਣ ਤੋਂ ਬਾਅਦ ਰਾਮਦਾਸ ਖੰਜੜੀ ਬਜਾ ਬਜਾ ਕੇ 'ਨਿਰਗੁਣ' ਗਾਉਂਦਾ ਹੈ ।

"ਕਹਿਵਾ ਸੇ ਹੰਸਾ ਆਉਣ, ਕਹਿਵੀ ਸਮ ਉਲ ਹੋ ਰਾਮ,
ਕਿ ਆਹੋ ਗਮਾ ਹੈ, ਕੌਸ ਗਢ ਕਾਇਲ ਮੋਕਾਮ ਕਵਨ
ਲਪਟਾਉਲ ਹੋ ਰਾਮ ।"
ਡਿਮ ਡਿਮਿਕ ਡਿਮਿਕ .....
'ਸੁਰ ਪੁਰ ਸੇ ਹੰਸ ਆਉਲ ਨਰ ਪੁਰ ਸਮਾਉਲ ਹੋ ਰਾਮ,
ਕਿ ਆਏ ਰਾਮਾਂ ਹੋ, ਕਾਇਆ ਗਢ ਕਾਇਲਾ ਮੋਕਾਮ,
ਮਾਇਹਿ ਲਪਟਾਉਲ ਹੋ ਰਾਮ ।"
"ਜੈ ਹੋ, ਸਤਿਗੁਰੂ ਦੀ ਜੈ । ਮਹੰਥ ਸਾਬ੍ਹ ਦੀ ਜੈ ਹੋਵੇ ।
"ਸਭ ਸੰਤਨ ਕੀ ਜੈ ਹੋਵੇ ।"

ਮੱਠ ਸੁੰਨਾਂ ਲਗਦਾ ਹੈ । ਜ਼ਿੰਦਗੀ ਵਿਚ ਅਜ ਪਹਿਲੀ ਵਾਰ ਲਛਮੀ ਮਹੰਤ ਸਾਹਿਬ ਦੀ ਕੀਮਤ ਨੂੰ ਸਮਝ ਰਹੀ ਹੈ । ।......... ਨੇਤਰਹੀਨ ਹੋ ਗਏ ਸਨ, ਕੁਝ ਦੇਖ ਨਹੀਂ ਸਨ ਸਕਦੇ, ਰਾਮਦਾਸ ਦੇ ਸਹਾਰੇ ਬਿਨਾਂ ਇਕ ਪੈਰ ਵੀ ਨਹੀਂ ਚਲ ਸਕਦੇ ਸਨ, ਪਰ ਇਸ ਤਰ੍ਹਾਂ ਲਗਦਾ ਸੀ ਕਿ ਮੱਠ ਭਰਿਆ ਭਰਿਆ ਹੈ । ਬਿਨਾਂ ਮਹੰਤ ਦੇ ਮੱਠ ਅਤੇ

ਬਿਨਾਂ ਪ੍ਰਾਣ ਦੇ ਕਾਇਆ ।

ਕੀ ਚੰਹਿ ਬੀਸ ਕੇ ਪਿੰਜੜਾ,
ਜਾ ਮੈਂ ਦਿਆਰੋਂ ਨਾਂ ਬਾਤੀ ਹੋ,
ਅਰੇ ਹੰਸਾ ਉਡਲ ਆਕਾਸ਼,
ਕੋਈ ਸੰਗੀ ਨਾ ਸਾਥੀ ਹੋ ।

........ਕੁਝ ਵੀ ਹੋਵੇ, ਸੰਸਾਰ ਵਿਚ ਸਭ ਤੋਂ ਵਧ ਕੇ ਲੱਛਮੀ ਨੂੰ ਹੀ ਪਿਆਰ ਕਰਦੇ ਸਨ । ਮਹੰਤ ਸਾਹਿਬ । ਚੜ੍ਹਦੀ ਜਵਾਨੀ ਵਿਚ, ਸਤਿਗੁਰੂ ਸਾਹਿਬ ਦੀ ਦਇਆ ਨਾਲ, ਮਾਇਆ ਨੂੰ ਜਿੱਤ ਕੇ ਬ੍ਰਹਮਚਾਰੀ ਰਹੇ । ਬੁਢਾਪੇ ਵਿਚ ਤਾਂ ਬੰਦੇ ਦੀਆਂ ਇੰਦਰੀਆਂ ਸਿਥਲ ਹੋ ਜਾਂਦੀਆਂ ਹਨ । ਮਾਇਆ ਪਰਬਲ ਵੇਗ ਨੂੰ ਨਹੀਂ ਸੰਭਾਲ ਸਕਦੀਆਂ। ਇਸੇ ਲਈ ਤਾਂ ਸਾਧੂ ਬ੍ਰਹਮਚਾਰੀ ਬੰਦੇ ਬੁਢਾਪੇ ਵਿਚ ਹੀ ਮਾਇਆ ਦੇ ਵਸ ਵਿਚ ਹੋ ਜਾਂਦੇ ਹਨ। ਇਹ ਤਾਂ ਮਹੰਤ ਸਾਬ੍ਹ ਦਾ ਦੋਸ਼ ਨਹੀਂ । ਉਹਦੇ ਭਾਗ ਹੀ ਖ਼ਰਾਬ ਹਨ । ਜੇਕਰ ਉਹ ਨਾ ਹੁੰਦੀ ਤਾਂ ਮਹੰਥ ਸਾਹਿਬ ਸਤਿਗੁਰੂ ਦੇ ਮਾਰਗ ਤੋਂ ਨਾ ਡਿਗਦੇ । ਇਹ ਧਰੁਵ ਵਾਂਗ ਸੱਚ ਹੈ । ਦੋਸ਼ ਤਾਂ ਲੱਛਮੀ ਦਾ ਹੀ ਹੈ । ਇਕ ਬ੍ਰਹਮਚਾਰੀ ਦਾ ਧਰਮ ਭ੍ਰਸ਼ਟ ਕਰਨ ਦਾ ਪਾਪ ਉਹਦੇ ਸਿਰ ਹੈ । ਹੁਣ ਉਹਦਾ ਆਪਣਾ ਕੌਣ ਹੈ ? ਕੋਈ ਨਹੀਂ । ......

" ਮਹੰਥ ਸਾਹਿਬ ! ਮਹੰਥ ਸਾਹਿਬ !! ਸਾਨੂੰ ਛੱਡ ਕੇ ਤੁਸੀਂ ਕਿਥੇ ਚਲੇ ਗਏ ? ਦਾਸੀ ਦੇ ਅਪਰਾਧ ਨੂੰ ਖਿਮਾ ਕਰਨਾ ਗੁਰੂ । ਜ਼ਿੰਦਗੀ ਵਿਚ ਤੁਹਾਡੀ ਕੋਈ ਸੇਵਾ ਸੁਖੀ ਮਨ ਨਾਲ ਨਹੀਂ ਕਰ ਸਕੀ । ਮਰਨ ਸਮੇਂ ਵੀ ਤੁਹਾਨੂੰ ਸੁਖ ਨਹੀਂ ਦੇ ਸਕੀ । ਪ੍ਰਭੂ ...... ਖਿਮਾਂ ਕਰੋ । "

ਜ਼ਿੰਦਗੀ ਭਰ ਦੇ ਰੁਕੇ ਹੋਏ ਅਥਰੂ ਅਜ ਨਿਕਲ ਜਾਣਾ ਚਾਹੁੰਦੇ ਹਨ । ਰੁਕਿਆਂ ਰੁਕਦੇ ਨਹੀਂ ।

" ਜੈ ਹਿੰਦ , ਕੋਠਾਰਨ ਜੀ । "

"ਦਇਆ ਸਤਿਗੁਰੂ ਦੀ । ਬਾਲਦੇਵ ਜੀ ਬੈਠੋ । "

ਬਾਲਦੇਵ ਜੀ ਸਭ ਕੁਝ ਭੁਲ ਗਏ ਹਨ । ਲੱਛਮੀ ਨੂੰ ਧਰਵਾਸ ਦੇਣ ਲਈ ਰਾਹ ਵਿਚ ਜਿੰਨੀਆਂ ਗੱਲਾਂ ਸੋਚੀਆਂ ਸਨ, ਦੋਹੇ, ਕਵਿਤਾ ਸਭ ਕੁਝ ਭੁੱਲ ਗਏ । ਉਹਨੂੰ ਮਾਏ ਜੀ ਵੀ ਯਾਦ ਆ ਜਾਂਦੀ ਹੈ । ਮਾਏ ਜੀ ਦਾ ਉਹ ਰੂਪ ...... "ਗੰਗਾ ਰੇ, ਜਮੁਨਵਾ ਕੀ ਧਾਰ, ਨੈਨਵਾ ਸੇ ਨੀਰ ਬਹੀ । "

ਬਾਲਦੇਵ ਜੀ ਦੀ ਧਰਵਾਸ ਦੀ ਬੰਨੀ ਇਸ ਤੇਜ਼ ਧਾਰ ਵਿਚ ਨਹੀਂ ਟਿਕ ਸਕੇਗੀ । ਬਾਲਦੇਵ ਜੀ ਦੀਆਂ ਅੱਖਾਂ ਵੀ ਛਲਕ ਜਾਂਦੀਆਂ ਹਨ । ਫਲਗੂ ਵਿਚ ਵੀ ਹੜ੍ਹ ਆਉਂਦਾ ਹੈ । ਉਹ ਦਿਲ ਨੂੰ ਮਜ਼ਬੂਤ ਕਰਕੇ ਕਹਿੰਦੇ ਹਨ, "ਕੋਠਾਰਨ ਜੀ ! ਸਭ ਪਰਮੇਸਰ ਦੀ

ਮਾਇਆ ਹੈ। ਹਾਨੀ-ਲਾਭ, ਜੀਵਨ ਮਰਣ,ਜਸ - ਅਪਜਸ, ਵਿਧਾਤਾ ਦੇ ਹੱਥ। ...... ਅਸੀਂ ਤਾਂ ਸੂਰਜ ਉਗਣ ਤੋਂ ਪਹਿਲਾਂ ਹੀ ਡਾਗਡਰ ਸਾਬ੍ਹ ਦੇ ਨਾਲ ਬਾਹਰ ਨਿਕਲ ਗਏ ਸਾਂ। ਡਾਕਟਰ ਸਾਹਿਬ ਨੂੰ ਪਿੰਡ ਦੇ ਬਸੀਮੇ ਦਖੌਣੇ ਸਨ। ਦੱਖਣ ਸੰਥਾਰ ਟੋਲੀ ਤੋਂ ਸ਼ੁਰੂ ਕਰਕੇ, ਦੁਸਾਧ ਟੋਲੀ ਤਕ ਗਲੀਆਂਣ ਕੂਚੇ, ਅੱਗੜਪਿੱਛੜ, ਦੇਖਦੇ ਦੇਖਦੇ ਦਸ ਵਜ ਗਏ। ਉਥੇ ਹੀ ਪਤਾ ਲਗਾ ਕਿ ਮਹੰਤ ਸਾਹਿਬ ਇੰਤਕਾਲ ਕਰ ਗਏ ਹਨ। ਡਾਗਡਰ ਸਾਬ੍ਹ ਦਾ ਮਨ ਵੀ ਉਦਾਸ ਹੋ ਗਿਆ। ਉਹ ਇਸਪਿਤਾਲ ਪਰਤ ਗਏ। ਬਾਕੀ ਟੋਲਿਆਂ ਨੂੰ ਕਲ੍ਹ ਦੇਖਣਗੇ। ...... ਅੱਜ ਰੌਤਹੱਟ ਮੰਡੀ ਵਿਚ ਡੌਂਡੀ ਵੀ ਪਿਟਵਾ ਦੇਣੀ ਹੈ— ਇਸਪਿਤਾਲ ਖੁਲ੍ਹ ਗਿਆ ਹੈ ਸ਼ੋਭਨ ਮੋਚੀ ਨੂੰ ਭੇਜ ਕੇ ਅਸੀਂ ਏਥੇ ਆਏ ਹਾਂ।''

ਲੱਛਮੀ ਦੇ ਅੱਥਰੂ ਰੁਕ ਚੁੱਕੇ ਸਨ। ਬਾਲਦੇਵ ਜੀ ਚੰਗੇ ਵੇਲੇ ਆ ਗਏ। ਮਹੰਤ ਸਾਬ੍ਹ ਬਾਲਦੇਵ ਜੀ ਨੂੰ ਬਹੁਤ ਪਿਆਰ ਕਰਨ ਲੱਗ ਪਏ ਸਨ। ਪੰਜ ਦਿਨਾਂ ਦੀ ਮੇਲ ਮੁਲਾਕਾਤ ਨਾਲ ਹੀ ਮਹੰਤ ਸਾਬ੍ਹ ਨੇ ਬਾਲਦੇਵ ਜੀ ਨੂੰ ਚੰਗੀ ਤਰ੍ਹਾਂ ਪਛਾਣ ਲਿਆ ਸੀ। ਰੁਪਏ ਨੂੰ ਟਣਕਾ ਕੇ ਦੇਖਿਆ ਜਾਂਦਾ ਹੈ, ਅਤੇ ਬੰਦੇ ਨੂੰ ਇਕੋ ਬੋਲ ਤੋਂ ਪਛਾਣਿਆ ਜਾਂਦਾ ਹੈ। ਮਹੰਤ ਸਾਬ੍ਹ ਕਹਿੰਦੇ ਸਨ, "ਸ਼ੁੱਧ ਵਿਚਾਰ ਦਾ ਆਦਮੀ ਹੈ। ਸੰਸਕਾਰ ਬਹੁਤ ਚੰਗੇ ਹਨ।'' ਇਸ ਤੋਂ ਪਹਿਲਾਂ ਮਹੰਤ ਸਾਬ੍ਹ ਨੇ ਕਿਸੇ ਤੇ ਏਨਾ ਵਿਸ਼ਵਾਸ ਨਹੀਂ ਸੀ ਕੀਤਾ। ਮੱਠ ਵਿਚ ਰੋਜ਼ ਭਾਂਤ-ਭਾਂਤ ਦੇ ਸਾਧੂ ਸੰਨਿਆਸੀ ਆਉਂਦੇ ਸਨ। ਮਹੰਤ ਸਾਬ੍ਹ ਰੋਜ਼ ਇਹ ਗੱਲ ਕਹਿਣੀ ਨਹੀਂ ਸਨ ਭੁਲਦੇ — "ਲੱਛਮੀ! ਇਨ੍ਹਾਂ ਲੋਕਾਂ ਦਾ ਕੋਈ ਵਿਸ਼ਵਾਸ ਨਹੀਂ। ਰਮਤੇ ਲੋਕ ਨੇ। ਇਨ੍ਹਾਂ ਲੋਕਾਂ ਨੂੰ ਬਹੁਤਾ ਮਿਲਣਾ ਗਿਲਣਾ ਠੀਕ ਨਹੀਂ।'' ਕੁਆਰੀ ਉਮਰ ਦੇ ਸਾਧੂਆਂ ਨੂੰ ਪੈਰ ਦੀ ਬਿੜਕ ਤੋਂ ਹੀ ਪਛਾਣ ਲੈਂਦੇ ਸਨ। ਉਹਨਾਂ ਦੇ ਅੰਤਰ ਦੀ ਦ੍ਰਿਸ਼ਟੀ ਬੜੀ ਤੇਜ਼ ਸੀ। ਪਿਛਲੇ ਵਰ੍ਹੇ ਇਕ ਦਿਨ ਸਤਿਸੰਗ ਵਿਚ ਇਕ ਨੌਜਵਾਨ ਸਾਧੂ ਆ ਬੈਠਾ। ਰਾਤ ਆਇਆ ਸੀ, ਬਰਾਹ ਛੱਤਰ (ਬਰਾਹ ਕਸ਼ੇਤਰ, ਇਕ ਤੀਰਥ ਸਥਾਨ) ਜਾ ਰਿਹਾ ਸੀ।...... ਉਹਦੇ ਨੈਨ ਬੜੇ ਚੰਚਲ। ਸਤਿਸੰਗ 'ਚ ਬੈਠਾ ਲੱਛਮੀ ਵਲ ਨਜ਼ਰਾਂ ਗੱਡ ਕੇ ਲਗਾਤਾਰ ਘੂਰਨ ਲੱਗਾ। ਮਹੰਥ ਸਾਬ੍ਹ 'ਸਾਹਿਬ ਬਚਨ' ਸੁਣਾ ਰਹੇ ਸਨ। ਆਖ਼ਰ (ਪੰਗਤੀ) ਕਹਿੰਦੇ ਕਹਿੰਦੇ ਅਚਾਨਕ ਰੁਕ ਗਏ। ਬੋਲੇ — "ਉਹ ਨੌਂਗੱਛੀਆਂ ਦੇ ਨੌਜਵਾਨ ਉਦਾਸੀ ਜੀ। ਓਏ, ਸਾਹਿਬ, ਬਚਨ ਵਲ ਧਿਆਨ ਦਿਓ ਜੀ। ਲੱਛਮੀ ਦੇ ਸਰੀਰ ਤੇ ਕੀ ਅੱਖਾਂ ਗੱਡੀਆਂ ਨੇ ? ਮਿੱਟੀ ਦਾ ਸਰੀਰ ਤਾਂ ਮਿਥਿਆ ਹੈ, ਸਾਹਿਬ ਬਚਨ ਸੱਤ।''...... ਵਿਚਾਰਾ ਬਿਨਾਂ 'ਬਾਲ ਭੋਗ' ਕੀਤੇ ਹੀ ਆਸਣ ਛੱਡ ਕੇ ਚਲਾ ਗਿਆ ਸੀ, ਪਰ ਬਾਲਦੇਵ ਜੀ ਤੇ ਉਹਨਾਂ ਨੂੰ ਬੜਾ ਵਿਸ਼ਵਾਸ ਸੀ। ਅਸਲੀ ਤਿਆਗੀ ਇਹੋ ਬੰਦੇ ਹਨ। ਲੱਛਮੀ।''

ਬਾਲਦੇਵ ਜੀ ਨੂੰ ਦੇਖਦਿਆਂ ਹੀ ਲੱਛਮੀ ਦਾ ਦੁੱਖ ਅੱਧਾ ਰਹਿ ਗਿਆ। ਬਾਲਦੇਵ

ਜੀ ਕਹਿੰਦੇ ਹਨ, "ਵੱਡੇ ਭਾਗਾਂ ਨਾਲ ਇਹੋ ਜਿਹੇ ਲੋਕਾਂ ਦਾ ਦਰਸ਼ਨ ਮਿਲਦਾ ਹੈ, ਸਾਨੂੰ ਦਰਸ਼ਨ ਤਾਂ ਮਿਲਿਆ, ਪਰ ਸੇਵਾ ਦਾ ਔਸਰ ਨਹੀਂ ਮਿਲਿਆ। ਸਾਡੇ ਦੁਰਭਾਗ ਹਨ......।"

"ਬਾਲਦੇਵ ਜੀ, ਤੁਸੀਂ ਤਾਂ ਦਾਸ ਹੋ ?"

"ਜੀ ਮੇਰੀ ਮਾਂ ਵੀ ਦਾਸ ਸੀ। ਮਾਸ, ਮੱਛੀ ਨੂੰ ਹੱਥ ਵੀ ਨਹੀਂ ਸੀ ਲਾਉਂਦੀ।"

"ਤਦ ਤੇ ਤੁਸੀਂ ਗਰਭਦਾਸ ਹੋ। ਫੇਰ ਕੰਠੀ ਕਿਉਂ ਨਹੀਂ ਲੈ ਲੈਂਦੇ ?"

ਬਾਲਦੇਵ ਜੀ ਬੁੱਲ੍ਹਾਂ ਵਿਚ ਹੱਸ ਕੇ ਕਹਿੰਦੇ ਹਨ, "ਕੋਠਾਰਨ ਜੀ! ਅਸਲ ਚੀਜ਼ ਤਾਂ ਮਨ ਹੈ। ਕੰਠੀ ਤਾਂ ਬਾਹਰ ਦੀ ਚੀਜ਼ ਹੈ।"

ਹੋਰ ਕੋਈ ਸਾਧੂ ਹੁੰਦਾ ਤਾਂ ਕੰਠੀ ਨੂੰ ਬਾਹਰ ਦੀ ਚੀਜ਼ ਕਹਿੰਦਿਆਂ ਸੁਣ ਕੇ ਗੁੱਸੇ ਹੋ ਜਾਂਦਾ। ਰਾਮਦੇਵ ਗੁਸਾਂਈ ਹੁੰਦੇ ਤਾਂ ਤੁਰਤ ਚਿਮਟਾ ਲੈ ਕੇ ਖੜੇ ਹੋ ਜਾਂਦੇ। ਗਾਲ੍ਹ-ਮੰਦਾ ਕਰਦੇ, ਪਰ ਲੱਛਮੀ ਸ਼ਾਂਤ ਹੋ ਕੇ ਕਹਿੰਦੀ ਹੈ, "ਕੰਠੀ ਬਾਹਰ ਦੀ ਚੀਜ਼ ਨਹੀਂ ਹੈ, ਬਾਲਦੇਵ ਜੀ। ਭੇਖ ਹੈ, ਇਹ। ਤੁਸੀਂ ਵਿਚਾਰ ਕੇ ਦੇਖੋ — ਜਿਵੇਂ ਕਿ ਤੁਹਾਡਾ ਇਹ ਖੱਦਰ ਕੱਪੜਾ ਹੈ। ਮਲਮਲ ਅਤੇ ਮਾਰਕੀਨ ਕੱਪੜਾ ਪਹਿਨਣ ਵਾਲੇ ਮਨੋ ਭਾਵੇਂ ਮਹਾਤਮਾ ਜੀ ਦੇ ਪੰਥ ਨੂੰ ਹੀ ਮੰਨਣ, ਪਰ ਤੁਸੀਂ ਉਹਨੂੰ ਸਰਾਜੀ ਤਾਂ ਨਹੀਂ ਕਹੋਗੇ ?"

ਲੱਛਮੀ ਦੀਆਂ ਗੱਲਾਂ ਦਾ ਜਵਾਬ ਦੇਣਾ ਸੌਖਾ ਨਹੀਂ। ਜਦੋਂ ਵੀ ਲੱਛਮੀ ਨਾਲ ਗੱਲਾ ਹੁੰਦੀਆਂ ਹਨ, ਬਾਲਦੇਵ ਜੀ ਨੂੰ ਨਵੀਆਂ ਨਵੀਆਂ ਗੱਲਾਂ ਦੀ ਵਾਕਫੀ ਹੁੰਦੀ ਹੈ।

"ਤੁਸੀਂ ਕਹਿੰਦੇ ਹੋ ਤਾਂ ਲੈ ਲੈਂਦੇ ਹਾਂ।"

"ਕਿਸ ਤੋਂ ਲਵੋਗੇ ?"

"ਤੁਸੀਂ ਹੀ ਦੇ ਦਿਓ।" ਲੱਛਮੀ ਹੱਸ ਪੈਂਦੀ ਹੈ। ਸੌਗੀ ਵਾਤਾਵਰਨ ਵਿਚ ਲੱਛਮੀ ਦੀ ਮੁਸਕੜੀ ਜਿੰਦ ਬੜਕਾ ਦਿੰਦੀ ਹੈ।... ਕਿੰਨੇ ਸੂਦੇ ਹਨ, ਬਾਲਦੇਵ ਜੀ! ਮੈਨੂੰ ਗੁਰੂ ਬਣਾਉਣਾ ਚਾਹੁੰਦੇ ਹਨ।

"ਨਹੀਂ ਬਾਲਦੇਵ ਜੀ, ਮੈਂ ਤੁਹਾਨੂੰ ਅਚਾਰਜ ਜੀ ਤੋਂ ਕੰਠੀ ਦੁਆਵਾਂਗੀ। ਅਚਾਰਜ ਜੀ ਕਾਂਸ਼ੀ ਜੀ ਵਿਚ ਰਹਿੰਦੇ ਹਨ। ਮੈਂ ਤੁਹਾਨੂੰ ਆਪਣਾ ਬੀਜ਼ਕ ਦੇਂਦੀ ਹਾਂ। ਇਹਦਾ ਰੋਜ਼ ਪਾਠ ਕਰੋ। ਬੀਜਕ ਪਾਠ ਨਾਲ ਮਨ ਨਿਰਮਲ ਹੁੰਦਾ ਹੈ। ਅੰਤਰ ਦੀ ਜੋਤ ਚਮਕਦੀ ਹੈ।"

......ਬੀਜਕ! ਇਕ ਛੋਟੀ ਜਿਹੀ ਪੋਥੀ। 'ਗਿਆਨ' ਦਾ ਭੰਡਾਰ। ਬਾਲਦੇਵ ਜੀ ਦਾ ਦਿਲ ਧਕ-ਧਕ ਕਰ ਰਿਹਾ ਹੈ। ਲੱਛਮੀ ਕਹਿੰਦੀ ਹੈ, — "ਸਾਰਾ ਹੱਥ ਦਾ ਲਿਖਿਆ ਹੋਇਆ ਹੈ। ਓਦੋਂ ਕਾਂਸ਼ੀ ਜੀ ਤੋਂ ਇਕ ਵਿਦਿਆਰਥੀ ਜੀ ਆਏ ਸਨ। ਬੜੇ ਯਤਨ ਨਾਲ ਲਿਖ ਦਿੱਤਾ ਸੀ ਮੋਤੀਆਂ ਵਰਗੇ ਅੱਖਰ ਹਨ।"

ਬੀਜ਼ਕ ਵਿਚੋਂ ਵੀ ਲੱਛਮੀ ਦੀ ਦੇਹ ਦੀ ਸੁਗੰਧੀ ਨਿਕਲਦੀ ਹੈ। ਇਸ ਸੁਗੰਧ ਵਿਚ

ਇਕ ਨਸ਼ਾ ਹੈ। ਇਸ ਪੋਥੀ ਦੇ ਹਰੇਕ ਪੰਨੇ ਨੂੰ ਲਛਮੀ ਦੀਆਂ ਉਂਗਲੀਆਂ ਨੇ ਸਪਰਸ਼ ਕੀਤਾ ਹੈ.........

"ਪੋਥੀ ਪੜ੍ਹਿ-ਪੜ੍ਹਿ ਜਗ, ਮੂਆ, ਪੰਡਿਤ ਭਿਆ ਨਾ ਕੋਇ,
ਢਾਈ ਆਖਰ ਪ੍ਰੇਮ ਦਾ ਪਢਾ ਸੋ ਪੰਡਿਤ ਹੋਇ।"

ਲੱਛਮੀ ਨੂੰ ਵੇਖਦਿਆਂ ਹੀ ਮਨ ਪਵਿੱਤਰ ਹੋ ਜਾਂਦਾ ਹੈ।

## ਅੱਠ

ਡਾਕਟਰ ਪ੍ਰਸ਼ਾਂਤ ਕੁਮਾਰ।

ਜਾਤ ?......

ਨਾਂ ਪੁੱਛਣ ਤੋਂ ਬਾਅਦ ਲੋਕ ਏਥੇ ਪੁੱਛਦੇ ਹਨ — ਜਾਤ ? ਜ਼ਿੰਦਗੀ ਵਿਚ ਬਹੁਤ ਘੱਟ ਲੋਕਾਂ ਨੇ ਪ੍ਰਸ਼ਾਂਤ ਤੋਂ ਉਹਦੀ ਜਾਤ ਬਾਰੇ ਪੁੱਛਿਆ, ਪਰ ਇਥੇ ਤਾਂ ਹਰ ਆਦਮੀ ਜਾਤ ਪੁੱਛਦਾ ਹੈ। ਪ੍ਰਸ਼ਾਂਤ ਹੱਸ ਕੇ ਕਦੀ ਕਹਿੰਦਾ ਹੈ — "ਜਾਤ ? ਡਾਕਟਰ।"

"ਡਾਕਟਰ ! ਜਾਤ ਡਾਕਟਰ। ਬੰਗਾਲੀ ਹੋ ਜਾਂ ਬਿਹਾਰੀ ?"

"ਹਿੰਦੁਸਤਾਨੀ" ਡਾਕਟਰ ਜਵਾਬ ਦੇ ਦਿੰਦਾ ਹੈ।

ਜਾਤ ਬਹੁਤ ਵੱਡੀ ਚੀਜ਼ ਹੁੰਦੀ ਹੈ। ਜਾਤ-ਪਾਤ ਨਾ ਮੰਨਣ ਵਾਲਿਆਂ ਦੀ ਵੀ ਜਾਤ ਹੁੰਦੀ ਹੈ। ਸਿਰਫ਼ ਹਿੰਦੂ ਕਹਿਣ ਨਾਲ ਹੀ ਖਹਿੜਾ ਨਹੀਂ ਛੁੱਟ ਜਾਂਦਾ ? ਬ੍ਰਾਹਮਣ ਹੋ ?.........ਕਿਹੜੇ ਬ੍ਰਾਹਮਣ ? ਗੋਤ ਕੀ ਹੈ ? ਅਸਲੀ ਕਿਹੜਾ ਹੈ ?.........ਸ਼ਹਿਰ ਵਿਚ ਕੋਈ ਕਿਸੇ ਤੋਂ ਜਾਤ ਨਹੀਂ ਪੁੱਛਦਾ। ਸ਼ਹਿਰ ਦੇ ਲੋਕਾਂ ਦੀਆਂ ਜਾਤਾਂ ਦਾ ਕੀ ਟਿਕਾਣਾ, ਪਰ ਪਿੰਡ ਵਿਚ ਤਾਂ ਬਿਨਾਂ ਜਾਤ ਦੇ ਤੁਹਾਡਾ ਪਾਣੀ ਵੀ ਨਹੀਂ ਟੁਰ ਸਕਦਾ।

ਪ੍ਰਸ਼ਾਂਤ ਆਪਣੀ ਜਾਤ ਲੁਕਾਉਂਦਾ ਹੈ। ਸੱਚੀ ਗੱਲ ਤਾਂ ਇਹ ਹੈ ਕਿ ਉਹ ਆਪਣੀ ਜਾਤ ਬਾਰੇ ਆਪ ਵੀ ਨਹੀਂ ਜਾਣਦਾ। ਜੇਕਰ ਉਹਨੂੰ ਆਪਣੀ ਜਾਤ ਦਾ ਪਤਾ ਹੁੰਦਾ ਤਾਂ ਸ਼ਾਇਦ ਉਹਨੂੰ ਦੱਸਣ 'ਚ ਕੋਈ ਝਿਜਕ ਨਾ ਹੁੰਦੀ। ਤਦ ਸ਼ਾਇਦ ਜਾਤ-ਪਾਤ ਦੇ ਭੇਦ ਭਾਵ ਤੋਂ ਉਹਦਾ ਵਿਸ਼ਵਾਸ ਪੂਰੀ ਤਰ੍ਹਾਂ ਨਾ ਹਟਦਾ ਤਦ ਸ਼ਾਇਦ ਬ੍ਰਾਹਮਣ ਕਹਿਣ ਵਿਚ ਉਹ ਘੁਮੰਡ ਮਹਿਸੂਸ ਕਰਦਾ।

ਹਿੰਦੂ ਵਿਸ਼ਵ ਵਿਦਿਆਲਾ ਵਿਚ ਨਾਵਾਂ ਲਿਖਾਉਣ ਦੇ ਦਿਨ ਵੀ ਪ੍ਰਸ਼ਾਂਤ ਨੂੰ ਕੁਝ ਇਹੋ ਜਿਹੀਆਂ ਹੀ ਸਮੱਸਿਆਵਾਂ ਦਾ ਸਾਹਮਣਾ ਕਰਨਾ ਪਿਆ ਸੀ। ਰਾਤ ਦਿਨ ਭਰ ਉਹ ਜਾਗਦਾ ਹੀ ਰਿਹਾ ਸੀ।......ਪ੍ਰਸ਼ਾਂਤ ਕੁਮਾਰ, ਪਿਤਾ ਦਾ ਨਾਂ ਅਨਿਲ ਕੁਮਾਰ। ਬੈਨਰਜੀ, ਹਿੰਦੂ, ਬ੍ਰਾਹਮਣ। ਸਭ ਝੂਠ। ਵਿਚਾਰਾ ਡਾਕਟਰ ਅਨਿਲ ਕੁਮਾਰ ਬੈਨਰਜੀ

ਨੇਪਾਲ ਦੀ ਤਰਾਈ ਦੇ ਕਿਸੇ ਪਿੰਡ ਵਿਚ ਆਪਣੇ ਪਰਿਵਾਰ ਨਾਲ ਸੁਖ ਦੀ ਨੀਂਦ ਸੌਂ ਰਿਹਾ ਹੋਵੇਗਾ। ਪ੍ਰਸ਼ਾਂਤ ਕੁਮਾਰ ਨਾਂ ਦਾ ਉਹਦਾ ਕੋਈ ਪੁੱਤਰ ਹਿੰਦੂ ਵਿਸ਼ਵ ਵਿਦਿਆਲਾ ਵਿਚ ਨਾਂ ਲਿਖਾ ਰਿਹਾ ਹੈ, ਇਹੋ ਜਿਹਾ ਉਹ ਸੁਪਨਾ ਵੀ ਨਹੀਂ ਦੇਖ ਸਕਦਾ।...... ਪਰ ਪ੍ਰਸ਼ਾਂਤ ਆਪਣੇ ਕਹੇ ਜਾਣ ਵਾਲੇ ਪਿਤਾ ਡਾਕਟਰ ਅਨਿਲ ਕੁਮਾਰ ਨੂੰ ਜਾਣਦਾ ਹੈ। ਮੈਟ੍ਰਿਕ ਪ੍ਰੀਖਿਆ ਲਈ ਫਾਰਮ ਭਰਨ ਦੇ ਦਿਨ ਡਾਕਟਰ ਅਨਿਲ ਉਹਦੇ ਪਿਤਾ ਦੇ ਖ ਲੀ ਰਖਨੇ ਵਿਚ ਆ ਬੈਠਾ ਸੀ।

ਬਚਪਨ ਤੋਂ ਹੀ ਉਹ ਆਪਣੇ ਜਨਮ ਦੀ ਕਹਾਣੀ ਸੁਣ ਰਿਹਾ ਹੈ। ਘਰ ਦੀ ਨੌਕਰਾਣੀ, ਬਾਗ ਦਾ ਮਾਲੀ, ਅਤੇ ਗੁਆਂਢ ਦਾ ਹਲਵਾਈ ਵੀ ਉਹਦੇ ਜਨਮ ਦੀ ਕਹਾਣੀ ਜਾਣਦਾ ਹੈ। ਲੋਕ ਝਟਪਟ ਉਹਦੇ ਵਲ ਉਂਗਲੀ ਕਰ ਕੇ ਕਹਿਣ ਲਗ ਪੈਂਦੇ ਸਨ — "ਐਸ ਮੁੰਡੇ ਨੂੰ ਦੇਖਦੇ ਹੋ ਨਾ ? ਉਹ ਉਪਾਧਿਆਏ ਜੀ ਨੂੰ ਕੋਸ਼ੀ ਨਦੀ ਵਿਚੋਂ ਲੱਭਿਆ ਸੀ। ਬੰਗਾਲਣ ਡਾਕਟਰਨੀ ਨੇ ਪਾਲ ਪੋਸ ਕੇ ਬੜਾ ਕੀਤਾ ਹੈ।" ਫੇਰ ਲੋਕਾਂ ਦੇ ਚਿਹਰਿਆਂ ਤੇ ਜਿਹੜੀ ਅਸਚਰਜ ਦੀ ਰੇਖਾ ਖਿੱਚੀ ਜਾਂਦੀ ਸੀ ਅਤੇ ਅੱਖਾਂ ਵਿਚ ਜਿਹੜੀ ਹਲਕੀ ਜਿਹੀ ਤਰਸ ਦੀ ਛਾਂ ਉਤਰ ਆਉਂਦੀ ਸੀ, ਉਹਨੂੰ ਪ੍ਰਸ਼ਾਂਤ ਨੇ ਸੈਂਕੜੇ ਵਾਰ ਦੇਖਿਆ ਹੈ।......ਇਕ ਲਾਵਾਰਿਸ ਲੋਥ ਨੂੰ ਵੀ ਲੋਕ ਉਸੇ ਤਰ੍ਹਾਂ ਦੀ ਨਜ਼ਰ ਨਾਲ ਵੇਖਦੇ ਹਨ।

ਪ੍ਰਸ਼ਾਂਤ ਅਗਿਆਤ ਕੁਲਸ਼ੀਲ ਹੈ। ਉਹਦੀ ਮਾਂ ਨੇ ਉਹਨੂੰ ਇਕ ਮਿੱਟੀ ਦੀ ਤੌੜੀ ਵਿਚ ਪਾ ਕੇ ਹੜ੍ਹ ਨਾਲ ਭਰੀ ਹੋਈ ਕੋਸੀ ਮਾਂ ਦੀ ਗੋਦ ਦੇ ਹਵਾਲੇ ਕਰ ਦਿੱਤਾ ਸੀ। ਨੇਪਾਲ ਦੇ ਪ੍ਰਸਿੱਧ ਉਪਾਧਿਆਏ ਪਰਿਵਾਰ ਨੇ ਨੇਪਾਲ ਸਰਕਾਰ ਦੁਆਰਾ ਦੇਸ ਨਿਕਾਲਾ ਦਿਤੇ ਜਾਣ ਤੇ ਉਹਨੀਂ ਦਿਨੀਂ ਸਹਿਰਸਾ ਅੰਚਲ ਵਿਚ ਆਦਰਸ਼ ਆਸ਼ਰਮ ਦੀ ਸਥਾਪਨਾ ਕੀਤੀ ਸੀ। ਇਕ ਦਿਨ ਉਪਾਧਿਆਏ ਜੀ ਹੜ੍ਹ ਪੀੜਤਾਂ ਦੀ ਸਹਾਇਤਾ ਲਈ 'ਰਿਲੀਫ' ਦੀ ਬੇੜੀ ਲੈ ਕੇ ਨਿਕਲੇ ਤਾਂ ਇਕ ਝਾੜੀ ਕੋਲ ਇਕ ਮਿੱਟੀ ਦੀ ਤੌੜੀ ਦੇਖੀ – ਨਵੀਂ ਤੌੜੀ ? ਉਹਨਾਂ ਦੀ ਇਸਤਰੀ ਨੂੰ ਉਤਸੁਕਤਾ ਹੋਈ — 'ਜ਼ਰਾ ਦੇਖੋ ਤਾਂ ਉਸ ਤੌੜੀ ਵਿਚ ਕੀ ਹੈ ?' ਬੇੜੀ ਝਾੜੀ ਕੋਲ ਪਹੁੰਚੀ, ਪਾਣੀ ਦੀਆਂ ਲਹਿਰਾਂ ਨਾਲ ਤੌੜੀ ਹਿੱਲੀ ਅਤੇ ਉਸ ਵਿਚੋਂ ਇਕ ਢੋਡਾ ਸੱਪ ਧੌਣ ਕੱਢ ਕੇ ਫੋਂ ਫੋਂ ਕਰਨ ਲੱਗਾ। ਸੱਪ ਹੌਲੀ ਹੌਲੀ ਪਾਣੀ ਵਿਚ ਉਤਰ ਗਿਆ ਅਤੇ ਤੌੜੀ ਵਿਚ ਨਵੇਂ ਜੰਮੇ ਬੱਚੇ ਦੇ ਰੋਣ ਦੀ ਆਵਾਜ਼ ਆਈ। ਜਿਵੇਂ ਮਾਂ ਨੇ ਥਾਪੜਨਾ ਬੰਦ ਕਰ ਦਿਤਾ ਹੋਵੇ। ......ਬਸ ਇਹੋ ਹੀ ਉਹਦੇ ਜਨਮ ਦੀ ਕਥਾ ਹੈ, ਜਿਹਨੂੰ ਹਰ ਆਦਮੀ ਆਪਣੇ ਆਪਣੇ ਢੰਗ ਨਾਲ ਸੁਣਾਉਂਦਾ ਹੈ।

ਆਦਰਸ਼ ਆਸ਼ਰਮ ਵਿਚ ਇਕ ਦੁਖਿਆਰੀ ਸੀ – ਸਨੇਹ ਮਈ। ਸਨੇਹ ਮਈ ਨੂੰ ਉਹਦੇ ਪਤੀ ਡਾਕਟਰ ਅਨਿਲ ਕੁਮਾਰ ਬੈਨਰਜੀ ਨੇ ਛੱਡ ਕੇ ਇਕ ਨਿਪਾਲਣ ਨਾਲ

ਵਿਆਹ ਕਰ ਲਿਆ ਸੀ। ਉਪਾਧਿਆਏ ਜੀ ਦੇ ਆਦਰਸ਼ ਆਸ਼ਰਮ ਦੇ ਬੱਚਿਆਂ ਤ ਆਪਣੇ ਸਨੇਹ ਦੀ ਵਰਖਾ ਕਰਦੀ ਰਹਿੰਦੀ ਸੀ । ਭਾਂਤ ਭਾਂਤ ਦੇ ਪਿੰਜਰਿਆਂ ਨੂੰ ਲੈ ਕੇ ਉਹ ਦਿਨ ਕੱਟ ਲੈਂਦੀ ਸੀ। ਉਸ ਦਿਨ ਜਦੋਂ ਉਪਾਧਿਆਏ — ਦੰਪਤੀ ਨੇ ਉਹਦੀ ਗੋਦ ਵਿਚ ਸੁੱਤਾ ਹੋਇਆ ਬੱਚਾ ਰੱਖਿਆ ਤਾਂ ਉਹ ਖੇੜੇ ਨਾਲ ਚੀਖ ਉੱਠੀ ਸੀ। ਪ੍ਰਸ਼ਾਂਤ !......'ਆਮਾਰ ਪ੍ਰਸ਼ਾਂਤ ।' ਉਸ ਦਿਨ ਤੋਂ ਪ੍ਰਸ਼ਾਂਤ ਸਨੇਹਮਈ ਦਾ ਇਕਲੌਤਾ ਪੁੱਤਰ ਬਣ ਗਿਆ । ਕੁਝ ਦਿਨਾਂ ਬਾਦ ਨੇਪਾਲ ਸਰਕਾਰ ਨੇ ਦੇਸ ਨਿਕਾਲੇ ਦੀ ਆਗਿਆ ਰੱਦ ਕਰ ਕੇ ਉਪਾਧਿਆਏ ਪਰਿਵਾਰ ਨੂੰ ਨੇਪਾਲ ਬੁਲਾ ਲਿਆ — ਆਦਰਸ਼ ਆਸ਼ਰਮ ਦੇ ਪਸ਼ੂ ਪੰਛੀਆਂ ਸਮੇਤ ਸਨੇਹਮਈ ਅਤੇ ਪ੍ਰਸ਼ਾਂਤ ਵੀ ਉਪਾਧਿਆਇ ਪਰਿਵਾਰ ਦੇ ਹੀ ਹਿੱਸੇਦਾਰ ਸਨ। ਉਪਾਧਿਆਇ ਜੀ ਨੇ ਨੇਪਾਲ ਦੀ ਤਰਾਈ ਦੇ ਵਿਰਾਟ ਨਗਰ ਵਿਚ ਆਦਰਸ਼ ਵਿਦਿਆਲਾ ਦੀ ਸਥਾਪਨਾ ਕੀਤੀ। ਸਨੇਹਮਈ ਉਸੇ ਸਕੂਲ ਵਿਚ ਸਲ ਈ ਕਟਾਈ ਦੀ ਮਾਸਟਰਨੀ ਨਿਯੁਕਤ ਹੋਈ। ਸਨੇਹਮਈ ਦੇ ਸਨੇਹ ਅੰਚਲ ਵਿਚ ਪਲਣ ਵਾਲੇ ਬਾਲੜੇ ਪ੍ਰਸ਼ਾਂਤ ਤੇ ਕਿਰਤੀ ਉਪਾਧਿਆਇ ਪਰਿਵਾਰ ਦੀ ਰੌਸ਼ਨੀ ਨਾ ਪੈਂਦੀ ਤਾਂ ਉਹ ਸਿਤਾਰ ਦੇ ਝਾਲਰ ਅਤੇ ਰਵਿੰਦਰ ਸੰਗੀਤ ਦੇ ਬਸੰਤ ਬਹਾਰ ਦੇ ਦਾਇਰੇ 'ਚੋਂ ਬਾਹਰ ਨਹੀਂ ਜਾ ਸਕਦਾ ਸੀ । ਉਪਾਧਿਆਇ ਜੀ ਦਾ ਵੱਡਾ ਪੁੱਤਰ ਬਿਹਾਰ ਵਿਦਿਆਪੀਠ ਦਾ ਸਨਾਤਕ ਸੀ ਅਤੇ ਵਿਚਕਾਰਲਾ ਡੇਹਰਾਦੂਨ ਦੇ ਇਕ ਪ੍ਰਸਿੱਧ ਅੰਗਰੇਜ਼ੀ ਸਕੂਲ ਦਾ ਵਿਦਿਆਰਥੀ, ਪੁੱਤਰੀ ਸ਼ਾਂਤੀ ਨਿਕੇਤਨ ਵਿਚ ਸਿੱਖਿਆ ਲੈ ਰਹੀ ਸੀ । ਛੁੱਟੀਆਂ ਵਿਚ ਜਦੋਂ ਉਹ ਇਕ ਥਾਂ ਕੱਠੇ ਹੁੰਦੇ ਤਾਂ ਸ਼ਾਂਤੀ ਨਿਕੇਤਨ ਵਿਚ ਸਿੱਖਿਆ ਲੈਣ ਵਾਲੀ ਭੈਣ ਚਰਖਾ ਚਲਾਉਣਾ ਸਿੱਖਦੀ, ਵਿਦਿਆਪੀਠ ਦੇ ਸਨਾਤਕ ਆਸ਼ਰਮ ਭਜਨਾਵਲੀ ਦੀਆਂ ਪੰਕਤੀਆਂ 'ਤੇ ਰਵਿੰਦਰਕ ਸੁਰ ਚੜ੍ਹਾਉਂਦੇ ਅਤੇ ਅੰਗਰੇਜ਼ੀ ਸਕੂਲ ਦਾ ਸਟੂਡੈਂਟ ਸੇਵਾ ਦਲ ਦੇ ਕਵਾਇਦਾਂ ਤੇ ਹਿੰਦੀ ਕਮਾਂਡ ਦੇ ਵਿਗਿਆਨਕ ਪਹਿਲੂ ਤੇ ਬਹਿਸ ਕਰਦਾ — "ਅਟੈਨਸ਼ਨ ਵਿਚ ਜਿਹੜੀ ਫੋਰਸ ਹੈ, ਉਹ 'ਸਾਵਧਾਨ' ਵਿਚ ਨਹੀਂ। ਅਟੈਨਸ਼ਨ ਸੁਣਦਿਆਂ ਹੀ ਜਾਪਦਾ ਹੈ, ਜਿਵੇਂ ਦਰਜਣਾਂ ਜੋੜੇ ਬੂਟ ਚਟਖ ਉੱਠਣ ।"

ਇਹੋ ਜਿਹੇ ਵਾਤਾਵਰਣ ਵਿਚ ਪ੍ਰਸ਼ਾਂਤ ਦੀ ਸ਼ਖ਼ਸੀਅਤ ਦਾ ਵਿਕਾਸ ਹੋਇਆ ।

ਹਿੰਦੂ ਵਿਸ਼ਵ ਵਿਦਿਆਲਾ ਤੋਂ ਆਈ. ਐਸ. ਸੀ. ਪਾਸ ਕਰਨ ਤੋਂ ਬਾਅਦ ਉਹ ਪਟਨਾ ਮੈਡੀਕਲ ਕਾਲਜ ਵਿਚ ਦਾਖ਼ਲ ਹੋਇਆ ਮਾਂ ਦੀ ਇੱਛਾ ਸੀ ਕਿ ਉਹ ਡਾਕਟਰ ਬਣੇ, ਪਰ ਆਪਣੇ ਪ੍ਰਸ਼ਾਂਤ ਨੂੰ ਉਹ ਡਾਕਟਰ ਦੇ ਰੂਪ ਵਿਚ ਨਹੀਂ ਦੇਖ ਸਕੀ। ਕਾਂਸ਼ੀ ਵਿਚ ਵਾਸਾ ਕਰਦਿਆਂ ਕਾਂਸ਼ੀ ਦੀ ਕਿਸੇ ਗਲੀ ਵਿਚ ਉਹ ਸਦਾ ਲਈ ਗੁਆਚ ਗਈ। ......ਇਕ ਵਾਰ ਲਾਹੌਰੋਂ ਪ੍ਰਸ਼ਾਂਤ ਦੇ ਨਾਂ ਇਕ ਮਨੀਆਰਡਰ ਆਇਆ ਸੀ – ਵਿਜਿਆ ਦਾ ਆਸ਼ੀਰਵਾਦ ਲੈ ਕੇ। ਭੇਜਣ ਵਾਲੀ ਸੀ – ਸ੍ਰੀਮਤੀ ਸਨੇਹਮਈ ਚੋਪੜਾ ।......

ਇਕ ਮਾਂ ਨੇ ਜਨਮ ਦਿੰਦਿਆਂ ਹੀ ਕੋਸੀ ਮਾਂ ਦੀ ਗੋਦ ਨੂੰ ਸੰਭਾਲ ਦਿੱਤਾ ਅਤੇ ਦੂਸਰੀ ਨੇ ਜਨ ਸਮੁੰਦਰ ਦੀਆਂ ਲਹਿਰਾਂ ਨੂੰ ਸਮਰਪਿਤ ਕਰ ਦਿੱਤਾ।

ਡਾਕਟਰੀ ਪਾਸ ਕਰਨ ਪਿੱਛੋਂ ਜਦੋਂ ਉਹ ਹਾਊਸ ਸਰਜਨ ਦਾ ਕੰਮ ਕਰ ਰਿਹਾ ਸੀ ਤਾਂ 1942 ਦਾ ਦੇਸ਼ ਵਿਆਪੀ ਅੰਦੋਲਨ ਛਿੜਿਆ। ਨੇਪਾਲ ਵਿਚ ਉਪਾਧਿਆਇ ਪਰਿਵਾਰ ਦਾ ਬੱਚਾ ਬੱਚਾ ਗ੍ਰਿਫ਼ਤਾਰ ਕੀਤਾ ਜਾ ਚੁੱਕਾ ਸੀ। ਅੰਗਰੇਜ਼ੀ ਸਰਕਾਰ ਨੂੰ ਪੂਰਾ ਪੂਰਾ ਪਤਾ ਸੀ ਕਿ ਉਪਾਧਿਆਇ ਪਰਿਵਾਰ ਹਿੰਦੁਸਤਾਨ ਦੇ ਫਰਾਰ ਨੇਤਾਵਾਂ ਦੀ ਸਿਰਫ਼ ਮਦਦ ਹੀ ਨਹੀਂ ਕਰਦੇ ਗੁਪਤ ਅੰਦੋਲਨ ਨੂੰ ਤੱਕੜਾਈ ਨਾਲ ਚਲਾ ਵੀ ਰਿਹਾ ਹੈ। ਵਿਚਕਾਰਲਾ ਪੁੱਤਰ ਬਿਹਾਰ ਦੀ ਸੋਸ਼ਲਿਸਟ ਪਾਰਟੀ ਦਾ ਕਾਰਜਕਰਤਾ ਸੀ। ਉਹ ਪਹਿਲਾਂ ਹੀ ਨਜ਼ਰਬੰਦ ਹੋ ਚੁੱਕਾ ਸੀ। ਪ੍ਰਸ਼ਾਂਤ ਵੀ ਤਾਂ ਉਪਾਧਿਆਇ ਪਰਿਵਾਰ ਵਿਚੋਂ ਹੀ ਸੀ, ਉਹ ਕਿਵੇਂ ਬੱਚ ਸਕਦਾ ਸੀ, ਉਹਨੂੰ ਨਜ਼ਰ ਬੰਦ ਕਰ ਲਿਆ ਗਿਆ। ਜੇਲ੍ਹ ਵਿਚ ਭਿੰਨ ਭਿੰਨ ਰਾਜਨੀਤਕ ਦਲਾਂ ਦੇ ਨੇਤਾ ਅਤੇ ਕਾਰਜਕਰਤਾ ਲੋਕਾਂ ਦੇ ਨੇੜੇ ਰਹਿਣ ਦਾ ਮੌਕਾ ਮਿਲਿਆ।......ਸਭ ਦਲਾਂ ਦੇ ਲੋਕ ਉਹਨੂੰ ਪਿਆਰ ਕਰਦੇ ਸਨ।

1942 ਵਿਚ ਜਦੋਂ ਕਾਂਗਰਸੀ ਮੰਤਰੀ ਮੰਡਲ ਬਣਿਆ ਤਾਂ ਇਕ ਦਿਨ ਹੈਲਥ ਮਨਿਸਟਰ ਦੇ ਬੰਗਲੇ ਤੇ ਹਾਜ਼ਰ ਹੋਇਆ। ਉਹ ਪੂਰਣੀਆਂ ਦੇ ਕਿਸੇ ਪਿੰਡ ਵਿਚ ਰਹਿ ਕੇ ਮਲੇਰੀਏ ਅਤੇ **ਕਾਲਾ ਆਜ਼ਾਰ** ਸਬੰਧੀ ਰਿਸਰਚ ਕਰਨਾ ਚਾਹੁੰਦਾ ਹੈ। ਉਹਨੂੰ ਸਰਕਾਰੀ ਸਹਾਇਤਾ ਦਿੱਤੀ ਜਾਵੇ। ਮਨਿਸਟਰ ਸਾਹਿਬ ਨੇ ਕਿਹਾ ਸੀ – ਪਰ ਸਰਕਾਰ ਤੈਨੂੰ ਵਿਦੇਸ਼ ਭੇਜ ਰਹੀ ਹੈ। ਸਕਾਲਰਸ਼ਿੱਪ......

"ਜੀ ਮੈਂ ਵਿਦੇਸ਼ ਨਹੀਂ ਜਾਊਂਗਾ" ਪੂਰਣੀਆਂ ਅਤੇ ਸਹਿਰਸਾਂ ਦੇ ਨਕਸ਼ੇ ਨੂੰ ਫੈਲਾਉਂਦਿਆਂ ਉਹਨੇ ਕਿਹਾ ਸੀ — "ਮੈਂ ਇਸੇ ਨਕਸ਼ੇ ਦੇ ਕਿਸੇ ਹਿੱਸੇ ਵਿਚ ਰਹਿਣਾ ਚਾਹੁੰਦਾ ਹਾਂ। ਇਹ ਦੇਖੋ, ਇਹ ਹੈ ਸਹਿਰਸਾ ਦਾ ਉਹ ਹਿੱਸਾ ਜਿਥੇ ਹਰ ਸਾਲ ਕੋਸੀ ਦਾ ਤਾਂਡਵ ਨਾਚ ਹੁੰਦਾ ਹੈ ਅਤੇ ਇਹ ਪੂਰਣੀਆਂ ਦਾ ਪੂਰਵੀ ਅੰਚਲ, ਜਿਥੇ ਮਲੇਰੀਆ ਅਤੇ ਕਾਲਾ ਆਜ਼ਾਰ ਹਰ ਸਾਲ ਮੌਤ ਦਾ ਹੜ੍ਹ ਲੈ ਆਉਂਦੇ ਹਨ।"

ਮਨਿਸਟਰ ਸਾਹਿਬ ਪ੍ਰਸ਼ਾਂਤ ਨੂੰ ਚੰਗੀ ਤਰ੍ਹਾਂ ਜਾਣਦੇ ਸਨ। ਇਸ ਵਿਸ਼ੇ ਤੇ ਪ੍ਰਸ਼ਾਂਤ ਨਾਲ ਬਹਿਸ ਵਿਚ ਜਿਤਣਾ ਮੁਸ਼ਕਲ ਹੈ, "ਪਰ ਸਵਾਲ ਇਹ ਹੈ ਕਿ......"

"ਸਵਾਲ ਜਵਾਬ ਕੁਝ ਨਹੀਂ.........ਮੈਨੂੰ ਕਿਸੇ ਮਲੇਰੀਆ ਸੈਂਟਰ ਵਿਚ ਹੀ ਭੇਜ ਦਿਓ।"

"ਮਲੇਰੀਆ ਸੈਂਟਰ ਵਿਚ ? ਪਰ ਤੁਸੀਂ ਐਮ. ਬੀ. ਬੀ. ਐਸ. ਹੋ ਅਤੇ ਮਲੇਰੀਆ ਕਾਲਾ ਆਜ਼ਾਰ ਸੈਂਟਰਾਂ ਵਿਚ ਐਲ. ਐਮ. ਪੀ. ਡਾਕਟਰ ਲਏ ਜਾਂਦੇ ਹਨ।"

"ਜਦੋਂ ਤਕ ਮੈਂ ਇਹ ਰਿਸਰਚ ਪੂਰੀ ਨਹੀਂ ਕਰ ਲੈਂਦਾ, ਮੈਂ ਕੁਝ ਵੀ ਨਹੀਂ

ਹਾਂ, ਮੇਰੀ ਡਿਗਰੀ ਕਿਸ ਕੰਮ ਦੀ ?"

ਬਹੁਤ ਮਿਹਨਤ ਨਾਲ ਨਵੀਆਂ ਪੁਰਾਣੀਆਂ ਫਾਈਲਾਂ ਨੂੰ ਉਲਟ ਕੇ ਅਤੇ ਪੁਰਾਣੀਆਂ ਡਿਸਟ੍ਰਿਕਟ ਬੋਰਡ ਦੇ ਚੇਅਰਮੈਨ ਨਾਲ ਲਿਖਾ-ਪੜ੍ਹੀ ਕਰ ਕੇ ਮਨਿਸਟਰ ਸਾਹਿਬ ਨੇ ਮਿਸਟਰ ਮਾਰਟਿਨ ਦੀ ਦਿੱਤੀ ਹੋਈ ਜ਼ਮੀਨ ਬਾਰੇ ਪਤਾ ਕੀਤਾ । ਵੀਹ-ਬਾਈ ਵਰ੍ਹੇ ਪਹਿਲਾਂ ਮਨਿਸਟਰ ਸਾਹਿਬ ਪੂਰਣੀਆਂ ਵਿਚ ਹੀ ਵਕਾਲਤ ਕਰਦੇ ਸਨ । ਪਗਲੇ ਮਾਰਟਿਨ ਨੂੰ ਉਹਨਾਂ ਨੇ ਵੇਖਿਆ ਸੀ ।

ਅੰਤ ਵਿਚ ਕੇਂਦਰੀ ਸਰਕਾਰ ਨਾਲ ਹੋਏ ਸਲਾਹ ਮਸ਼ਵਰੇ ਤੋਂ ਬਾਅਦ ਇਕ ਦਿਨ ਤ੍ਰੈਸ ਨੋਟ ਵਿਚ ਇਹ ਖਬਰ ਛਪੀ ਕਿ ਤੂਰਣੀਆਂ ਜ਼ਿਣ੍ਹੇ ਦੇ ਮੇਰੀਗੰਜ ਨਾਂ ਦੇ ਪਿੰਡ ਵਿਚ ਮਲੇਰੀਆ ਸਟੇਸ਼ਨ ਖੋਲ੍ਹਿਆ ਗਿਆ ਹੈ (......ਦੀ ਸਟੇਸ਼ਨ ਵਿਲ ਅੰਡਰਟੇਕ ਮਲੇਰੀਆ ਐਂਡ ਕਾਲਾ ਆਜਾਰ ਇਨਵਿਸਟੀਗੇਸ਼ਨ ਇਨ ਆਲ ਇਸਪਿਕਟਸ-ਪਰੀਵੇਂਟਿਵ ਐਂਡ ਇਕੋਨਾਮਿਕ) ।

ਪ੍ਰਸ਼ਾਂਤ ਦੇ ਇਸ ਫੈਸਲੇ ਨੂੰ ਸੁਣ ਕੇ ਮੈਡੀਕਲ ਕਾਲਜ ਦੇ ਅਧਿਕਾਰੀਆਂ, ਅਧਿਆਪਕਾਂ ਅਤੇ ਵਿਦਿਆਰਥੀਆਂ ਤੇ ਕਈ ਤਰ੍ਹਾਂ ਦੀ ਪ੍ਰਤਿਕ੍ਰਿਆ ਹੋਈ । ਮਸ਼ਹੂਰ ਸਰਜਨ ਡਾਰ ਪਟਵਰਧਨ ਨੇ ਕਿਹਾ — "ਬੇਵਕੂਫ਼ ਹੈ ।"

ਈ. ਐਨ. ਟੀ. ਦੇ ਪ੍ਰਧਾਨ ਡਾਕਟਰ ਨਾਇਕ ਬੋਲੇ – "ਪਿਛੋਂ ਅੱਖਾਂ ਖੁਲ੍ਹਣਗੀਆਂ ।"

ਮੈਡੀਸਨ ਦੇ ਡਾਕਟਰ ਦੀ ਰਾਇ ਸੀ, "ਭਾਵੁਕਤਾ ਦਾ ਦੌਰਾ ਵੀ ਇਕ ਖ਼ਤਰਨਾਕ ਰੋਗ ਹੈ । ਪਤਾ ?"

ਪਰ ਪ੍ਰਿੰਸੀਪਲ ਸਾਹਿਬ ਖ਼ੁਸ਼ ਸਨ, "ਤੈਥੋਂ ਇਹੋ ਉਮੀਦ ਸੀ । ਮੈਂ ਤੇਰੀ ਸਫ਼ਲਤਾ ਦੀ ਕਾਮਨਾ ਕਰਦਾ ਹਾਂ । ਜਦੋਂ ਕਦੀ ਤੈਨੂੰ ਕਿਸੇ ਸਹਾਇਤਾ ਦੀ ਲੋੜ ਹੋਈ ਸਾਨੂੰ ਲਿਖੀਂ ।"

ਪ੍ਰਸ਼ਾਂਤ ਦਾ ਗੱਚ ਭਰ ਆਇਆ ਸੀ ।

ਮਦਰਾਸ ਦੇ ਮੈਡੀਕਲ ਗਜ਼ਟ ਨੇ ਸੰਪਾਦਕੀ ਲਿਖ ਕੇ ਡਾਕਟਰ ਪ੍ਰਸ਼ਾਂਤ ਦਾ ਅਭਿਨੰਦਨ ਕੀਤਾ ।

......ਅਤੇ ਜਿਸ ਦਿਨ ਉਹ ਪੂਰਣੀਆਂ ਆ ਰਿਹਾ ਸੀ, ਸਟੀਮਰ ਚਲਣ ਵਿਚ ਸਿਰਫ਼ ਪੰਜ ਮਿੰਟ ਦੀ ਦੇਰ ਸੀ, ਉਹਨੇ ਦੇਖਿਆ ਇਕ ਮੁਟਿਆਰ ਪੌੜੀ ਤੋਂ ਛੇਤੀ ਛੇਤੀ ਉਤਰ ਰਹੀ ਹੈ । ਕੌਣ ਹੈ ? ਮਮਤਾ ! ਹਾਂ, ਮਮਤਾ ਹੀ ਸੀ ।

ਆਉਂਦਿਆਂ ਹੀ ਬੋਲੀ, "ਆਖ਼ਰ ਤੁਹਾਡਾ ਵੀ ਮੱਥਾ ਖ਼ਰਾਬ ਹੋ ਗਿਆ । ਤੁਸਾਂ ਤਾਂ ਕਦੀ ਦਸਿਆ ਹੀ ਨਹੀਂ । ਬਲਿਹਾਰ ਜਾਵਾਂ ਤੁਹਾਡੇ ।.........ਉਹ ਪ੍ਰਸ਼ਾਂਤ ਤੁਸੀਂ ਕਿੰਨੇ ਵੱਡੇ ਹੋ । ਕਿੰਨੇ ਮਹਾਨ ।......ਮੈਂ ਤਾਂ ਹੁਣੇ ਹੀ ਬਨਾਰਸੋਂ ਆ ਰਹੀ ਹਾਂ । ਔਂਦਿਆਂ ਹੀ ਚੁੰਨੀ ਨੇ ਤੁਹਾਡੀ ਚਿੱਠੀ ਦਿੱਤੀ । 'ਰੁਮਾਲ ਵਿਚੋਂ ਫੁੱਲ ਅਤੇ ਬੇਲ ਪੱਤਰ

ਕੱਢ ਕੇ ਪ੍ਰਸ਼ਾਂਤ ਦੇ ਸਿਰ ਨਾਲ ਛੁਹਾਂਦਿਆਂ ਹੋਇਆਂ ਮਮਤਾ ਨੇ ਕਿਹਾ ਸੀ ?" ਬਾਵਾ ਵਿਸ਼ਵਨਾਥ ਜੀ ਦਾ ਪ੍ਰਸਾਦ ਹੈ। ਬਾਬਾ ਵਿਸ਼ਵਨਾਥ ਤੁਹਾਡਾ ਮੰਗਲ ਕਰਨ । ਪਹੁੰਚਦਿਆਂ ਹੀ ਖਤ ਪਾਉਣਾ ।"

## ਦਸ

ਡਾਕਟਰ ਪੱਤਰ ਲਿਖ ਰਿਹਾ ਹੈ —

'ਮਮਤਾ'

"ਤੂੰ ਕਿਹਾ ਸੀ, ਪਹੁੰਚਦਿਆਂ ਹੀ ਖਤ ਪਾਵਾਂ, ਪਹੁੰਚਣ ਤੋਂ ਇਕ ਹਫ਼ਤਾ ਬਾਅਦ ਖਤ ਪਾ ਰਿਹਾਂ। ਤੁਹਾਡੇ ਬਾਬੇ ਵਿਸ਼ਵਨਾਥ ਨੇ ਮੇਰੇ ਆਉਣ ਤੋਂ ਪਹਿਲਾਂ ਹੀ ਆਪਣੇ ਇਕ ਦੂਤ ਨੂੰ ਭੇਜ ਦਿੱਤਾ ਹੈ। ਪਿਆਰੂ ਸੱਚਮੁਚ ਦੇਵਦੂਤ ਹੈ। ਇਸ ਲਈ ਤੈਨੂੰ ਚਿੰਤਾ ਕਰਨ ਦੀ ਜ਼ਰੂਰਤ ਨਹੀਂ । ਸੱਤ ਦਿਨਾਂ ਵਿਚ ਹੀ ਉਹ ਦੋ ਬਾਰ ਰੁੱਸ ਚੁੱਕਾ ਹੈ — "ਕਹਿਣ ਨੂੰ ਤਾਂ ਤੁਸੀਂ ਡਾਕਟਰ ਹੋ, ਪਰ ਵੇਲੇ ਸਿਰ ਨਾ ਖਾਣ-ਪੀਣ ਨਾਲ ਸਰੀਰ ਵਿਚ ਕਿੰਨਾ ਖ਼ਰਾਬ ਅਸਰ ਹੁੰਦਾ ਹੈ, ਨਹੀਂ ਜਾਣਦੇ ?" ਇਸ ਗੱਲ ਨਾਲ ਹੀ ਪਿਆਰੂ ਦਾ ਪੂਰਾ ਪਰਿਚਯ ਤੈਨੂੰ ਮਿਲ ਗਿਆ ਹੋਵੇਗਾ।"

"ਇਹ ਇਕ ਨਵੀਂ ਦੁਨੀਆਂ ਹੈ। ਇਹਨੂੰ ਬੱਜਰ ਦਿਹਾਤ ਕਹਿ ਸਕਦੀ ਏਂ। ਪਿੰਡ ਦਾ ਚੌਕੀਦਾਰ ਹਫਤੇ ਵਿਚ ਇਕ ਵਾਰ ਹਾਜ਼ਰੀ ਦੇਣ ਲਈ ਥਾਣੇ ਜਾਂਦਾ ਹੈ, ਉਹੋ ਹੀ ਮੇਰੀ ਡਾਕ ਲਿਆਏਗਾ ਤੇ ਲੈ ਜਾਏਗਾ।

"ਕੰਮ ਸ਼ੁਰੂ ਕਰ ਦਿੱਤਾ ਹੈ। ਸਵੇਰੇ ਸੱਤ ਵਜੇ ਹੀ ਰੋਗੀਆਂ ਦੀ ਭੀੜ ਲਗ ਜਾਂਦੀ ਹੈ। ਹਾਲੇ ਜਨਰਲ ਸਰਵੇ ਕਰ ਰਿਹਾ ਹਾਂ। ਖ਼ੂਨ ਲੈ ਕੇ ਨਿਰੀਖਣ ਕਰ ਰਿਹਾ ਹਾਂ। ਪਿਆਰੂ ਕਹਿੰਦਾ ਹੈ, ਇਥੇ ਕਾਵਾਂ ਨੂੰ ਵੀ ਮਲੇਰੀਆ ਹੁੰਦਾ ਹੈ।

"......ਇਥੇ ਛੱਪੜਾਂ ਤੇ ਤਲਾਵਾਂ ਵਿਚ ਕਮਲ ਦੇ ਪੱਤੇ ਭਰੇ ਰਹਿੰਦੇ ਹਨ। ਕਹਿੰਦੇ ਹਨ, ਫੁੱਲਾਂ ਦੇ ਮੌਸਮ ਵਿਚ ਛੋਟੀਆਂ ਛੋਟੀਆਂ ਛਪੜੀਆਂ ਵੀ ਭਾਂਤ ਭਾਂਤ ਦੇ ਕਮਲ ਅਤੇ ਕਮਲਨੀ ਨਾਲ ਭਰ ਜਾਂਦੀਆਂ ਹਨ।......ਪਰ ਇਥੋਂ ਦੇ ਲੋਕਾਂ ਨੂੰ ਤੂੰ ਲੋਟਸ ਈਟਰਸ ਨਹੀਂ ਕਹਿ ਸਕਦੀ। ਛੱਪੜਾਂ ਦੀ ਪ੍ਰੀਖਿਆ ਕਰ ਰਿਹਾ ਹਾਂ।...... ਇਥੋਂ ਦੀ ਧਰਤੀ ਬਾਰਾਂ ਮਹੀਨੇ ਭਿਜੀ ਰਹਿੰਦੀ ਹੈ, ਸ਼ਾਇਦ।

"ਪਿੰਡ ਦੇ ਲੋਕ ਬੜੇ ਸਿੱਧੜ ਸਿਧੇ ਹਨ; ਸਿੱਧੜ ਦਾ ਅਰਥ ਜੇ ਅਨਪੜ੍ਹ, ਅਗਿਆਨੀ ਅਤੇ ਅੰਧ-ਵਿਸ਼ਵਾਸੀ ਹੋਵੇ ਤਾਂ ਅਸਲ ਵਿਚ ਸਿੱਧੜ ਹੀ ਹਨ, ਉਹ। ਜਿਥੋਂ ਤਕ ਸੰਸਾਰਿਕ ਅਕਲ ਦਾ ਸਵਾਲ ਹੈ, ਉਹ ਸਾਡੇ ਤੇ ਤੁਹਾਡੇ ਜਿਹੇ ਲੋਕਾਂ ਨੂੰ

ਦਿਨ ਵਿਚ ਪੰਜ ਵਾਰ ਠਗ ਲੈਣਗੇ। ਅਤੇ ਤਾਰੀਫ਼ ਇਹ ਹੈ ਕਿ ਤੂੰ ਠਗ ਹੋ ਕੇ ਵੀ ਉਨ੍ਹਾਂ ਦੀ ਸਾਦਗੀ ਤੇ ਮੁਗਧ ਹੋਣ ਲਈ ਮਜਬੂਰ ਹੋ ਜਾਏਂਗੀ। ਇਹ ਮੇਰਾ ਸਿਰਫ਼ ਸੱਤ ਦਿਨਾਂ ਦਾ ਅਨੁਭਵ ਹੈ। ਸੰਭਵ ਹੈ, ਅਗੇ ਚਲ ਕੇ ਮੇਰੀ ਇਹ ਧਾਰਣਾਂ ਗ਼ਲਤ ਸਾਬਤ ਹੋਵੇ। ਮਿਥਿਲਾ ਅਤੇ ਬੰਗਾਲ ਦੇ ਵਿਚਕਾਰਲਾ ਇਹ ਹਿੱਸਾ ਸਹੀ ਅਰਥਾਂ ਵਿਚ ਮਨੋਹਰ ਹੈ। ਜ਼ਨਾਨੀਆਂ ਆਮ ਤੌਰ ਤੇ ਸੁੰਦਰ ਹੁੰਦੀਆਂ ਹਨ ਅਤੇ ਨਰੋਈਆਂ ਵੀ।"

"ਡਾਕਟਰ ਸਾਬ੍ਹ !"

"ਕੌਣ ?"

"ਵਿਸ਼ਵਨਾਥ ਪ੍ਰਸਾਦ।"

"ਆਓ ! ਦਸੋ ਕੀ ਗੱਲ ਹੈ ?"

"ਡਾਕਟਰ ਸਾਬ੍ਹ ਜ਼ਰਾ ਇਕ ਵਾਰ ਮੇਰੇ ਕੋਲ ਚਲੋ, ਮੇਰੀ ਲੜਕੀ ਬੇਹੋਸ਼ ਹੋ ਗਈ ਹੈ।"

"ਬੇਹੋਸ਼ ! ਕਿੰਨੀ ਉਮਰ ਹੈ ? ਇਸ ਤੋਂ ਪਹਿਲਾਂ ਵੀ ਕਦੀ ਬੇਹੋਸ਼ ਹੋਈ ਸੀ ?"

"ਜੀ ! ਦੋ ਤਿੰਨ ਵਾਰ ਇਸ ਤਰ੍ਹਾਂ ਹੀ ਹੋਇਆ ਸੀ, ਉਮਰ ? ਇਹੋ ਹੀ ਕੋਈ ਸੋਲਾਂ ਸਤਾਰਾਂ ਸਾਲ ਸਮਝ ਲਵੋ। ਜ਼ਰਾ ਛੇਤੀ......।"

"ਚਲੋ।"

ਬੰਦ ਕਮਰੇ ਵਿਚ ਇਕ ਮੰਜੀ ਉਪਰ, ਨੀਲੀ ਰਜ਼ਾਈ ਵਿਚ, ਲਿਪਟੀ ਹੋਈ ਮੁਟਿਆਰ ਦਾ ਗੋਰਾ ਮੁਖੜਾ ਹੈ। ਕੇਸ ਖੁਲ੍ਹੇ ਤੇ ਬਿਖਰੇ ਹੋਏ ਹਨ। ਅੱਖਾਂ ਬੰਦ ਹਨ। ਕੋਠੜੀ ਵਿਚ ਲਾਲਟੇਨ ਦੀ ਮੱਧਮ ਰੌਸ਼ਨੀ ਫੈਲ ਰਹੀ ਹੈ—ਰੌਸ਼ਨੀ ਘਟ ਤੇ ਧੂੰਆਂ ਜ਼ਿਆਦਾ।

ਡਾਕਟਰ ਖਿੜਕੀਆਂ ਖੋਲ੍ਹਣ ਲਈ ਕਹਿੰਦਾ ਹੈ ਅਤੇ ਜੇਬ ਵਿਚੋਂ ਟਾਰਚ ਕਢ ਕੇ ਮੁਟਿਆਰ ਦੇ ਚਿਹਰੇ ਤੇ ਰੌਸ਼ਨੀ ਕਰਦਾ ਹੈ।......ਚਿਹਰਾ ਠੀਕ ਹੈ। ਸਾਹ ?...... ਠੀਕ ਹੈ। ਨਾੜ ਵੀ ਦਰੁਸਤ ਹੈ।

ਡਾਕਟਰ ਅੱਖਾਂ ਦੀਆਂ ਪਲਕਾਂ ਨੂੰ ਉਲਟਦਾ ਹੈ, ਜਿਵੇਂ ਕਮਲ ਦੀਆਂ ਪੰਖੜੀਆਂ ਹੋਣ—ਬਰਾਈਟ......ਪੇਟ ? ਕਬਜ਼ ਤਾਂ ਨਹੀਂ ?

ਕੋਈ ਜਵਾਬ ਨਹੀਂ ਦਿੰਦਾ ਹੈ। ਘੁੰਡ ਕਢੀ ਖੜੀਆਂ ਜ਼ਨਾਨੀਆਂ ਤੇ ਘੁੰਡ ਆਪਸ ਵਿਚ ਮਿਲਦੇ ਹਨ। ਇਕ ਅਧਖੜ ਇਸਤਰੀ ਅਗੇ ਵਧਦੀ ਹੈ। ਮੁਟਿਆਰ ਦੀ ਮਾਂ ਹੈ।

"ਜੀ, ਕਬਜ਼ੀਅਤ ਨਹੀਂ ਹੈ।"

ਘਰ ਦੀ ਨੌਕਰਾਣੀ ਪਰਦਾ ਨਹੀਂ ਕਰਦੀ, ਕਹਿੰਦੀ ਹੈ, "ਡਾਗਡਰ ਬਾਬੂ ਜ਼ਰਾ ਲਰ ਲਾ ਕੇ ਦੇਖੋ ਨਾ।"

ਲਰ, ਅਰਥਾਤ ਸਟੈਥੋਸਕੋਪ। ਇਥੋਂ ਦੇ ਲੋਕਾਂ ਦਾ ਵਿਸ਼ਵਾਸ ਹੈ ਕਿ ਇਸ ਨਾਲ ਡਾਕਟਰ ਰੋਗੀ ਦੇ ਅੰਦਰ ਦੀਆਂ ਸਾਰੀਆਂ ਗੱਲਾਂ ਜਾਣ ਜਾਂਦਾ ਹੈ, ਕੀ ਖਾਧਾ ਹੈ ? ਪੇਟ ਵਿਚ ਪਚਿਆ ਹੈ ਜਾਂ ਨਹੀਂ, ਸਭ ਕੁਝ।

"ਸੂਈ ਲਾਉਗੇ ?"

"ਹਾਂ।"

ਡਾਕਟਰ ਸਰਿੰਜ ਠੀਕ ਕਰਦਾ ਹੈ। ਮੁਟਿਆਰ ਅੱਖਾਂ ਖੋਲ੍ਹ ਦਿੰਦੀ ਹੈ।

"ਸੂਈ ?......ਨਹੀਂ, ਸੂਈ ਨਹੀਂ। ਮਾਂ ! ਓਏ ਬਾਪੂ......।"

"ਚੰਗਾ ਸੂਈ ਨਹੀਂ ਲਾਵਾਂਗੇ। ਤਬੀਅਤ ਕਿਹੋ ਜਿਹੀ ਹੈ ?......ਚੰਗਾ। ਹੂੰ ! ਕੀ ਬੇਹੋਸ਼ ਹੋ ਗਈ ? ਹਾਂ, ਬੇਹੋਸ਼ੀ ਕਿਵੇਂ ਹੋਈ ? ਡਰ ਲਗਿਆ ਸੀ। ਹੂੰ। ਕਾਹਦਾ ਡਰ ਲਗਾ ਸੀ ?......ਫੇਰ ? ਉਸ ਤੋਂ ਬਾਦ ? ਸਰੀਰ ਘੁੰਮਣ ਲਗਾ। ਠੀਕ ਹੈ। ਹੁਣ ਕੀ ਹਾਲ ਹੈ ? ਡਰ ਤਾਂ ਨਹੀਂ ਲਗਦਾ ? ਦਵਾਈ ਭੇਜ ਦਿਆਂਗਾ. ਹੁਣ ਡਰ ਨਾ ਲਗੂ।......"

"ਦਵਾ ?......ਦਵਾ ਨਹੀਂ। ਮਾਂ, ਮੈਂ ਦਵਾ ਨਹੀਂ ਪੀਆਂਗੀ।"

"ਵਾਹ ਸੂਈ ਵੀ ਨਹੀਂ ਅਤੇ ਦਵਾਈ ਵੀ ਨਹੀਂ ?......ਮਿੱਠੀ ਦਵਾ ?"

ਸਾਰੇ ਹੀ ਹੱਸ ਪੈਂਦੇ ਹਨ। ਮੁਟਿਆਰ ਦੇ ਮੁਰਝਾਏ ਹੋਏ ਲਾਲ ਬੁਲ੍ਹਾਂ ਤੇ ਮੁਸਕਣੀ ਦੌੜ ਜਾਂਦੀ ਹੈ। ਅੱਖਾਂ ਦੀਆਂ ਪਲਕਾਂ ਜ਼ਰਾ ਉਠ ਕੇ ਜਿਵੇਂ ਡਾਕਟਰ ਨੂੰ ਡਾਂਟ ਦੇਂਦੀਆਂ ਹਨ—"ਹਟ ! ਦਵਾ ਵੀ ਕਦੀ ਮਿੱਠੀ ਹੁੰਦੀ ਹੈ।"

ਬਾਹਰ ਆ ਕੇ ਡਾਕਟਰ ਤਹਿਸੀਲਦਾਰ ਨੂੰ ਕਹਿੰਦਾ ਹੈ, "ਘਬਰਾਉਣ ਵਾਲੀ ਗੱਲ ਨਹੀਂ, ਦਵਾ ਭੇਜ ਦਿੰਦਾ ਹਾਂ। ਇਸਤੋਂ ਪਹਿਲਾਂ ਕਿੰਨੀ ਦੇਰ ਤਕ ਬੇਹੋਸ਼ ਰਹਿੰਦੀ ਸੀ?"

"ਤਕਰੀਬਨ ਇਕ ਘੰਟਾ। ਜੋਤਖੀ ਜੀ ਤੋਂ ਇਕ ਵਾਰ ਜੰਤਰ ਬਣਵਾ ਕੇ ਦਿੱਤਾ। ਝਾੜ ਫੂਕ ਵੀ ਕਰਵਾ ਕੇ ਦੇਖਿਆ। ਡਾਕਟਰ ਸਾਬ੍ਹ, ਬਸ ਇਹੋ ਮੇਰਾ ਬੇਟਾ, ਇਹੋ ਮੇਰੀ ਬੇਟੀ......ਸਭ ਕੁਝ ਇਹੋ ਹੀ ਹੈ।"

"ਠੀਕ ਹੋ ਜਾਏਗੀ।"

ਸੈਂਟਰ ਵਿਚ ਆ ਕੇ ਡਾਕਟਰ ਸੋਚਦਾ ਹੈ, ਕੀ ਦਿੱਤਾ ਜਾਵੇ। ਮਿੱਠੀ ਦਵਾ। ਕਾਰਮੀਨੇਟਿਵ ਮਿਕਸਚਰ ਜਾਂ ਬਰੋਮਾਈਟ !......"ਬਈ ਤੁਹਾਡਾ ਕੀ ਨਾਂ ਹੈ ?"

"ਮੇਰਾ ਨਾ ? ਜੀ, ਨਾਂ ਰਨਜੀਤ।"

"ਤਹਿਸੀਲਦਾਰ ਸਾਹਿਬ ਕੋਲ ਕਿੰਨੀ ਦੇਰ ਤੋਂ ਨੌਕਰੀ ਕਰ ਰਹੇ ਹੋ ?"

"ਬਹੁਤ ਦਿਨਾਂ ਤੋਂ। ਮੁੰਡੇ ਹੁੰਦਿਆਂ ਤੋਂ ਹੀ।......ਇਕ ਬੀੜੀ ਹੈ, ਤਾਂ ਦਿਓ, ਡਾਗਡਰ ਬਾਬੂ।"

"ਪਿਆਰੂ, ਰਨਜੀਤ ਨੂੰ ਬੀੜੀ ਪਿਲਾ।"

ਪਿਆਰੂ ਬੀੜੀ ਤੇ ਤੀਲਾਂ ਦੀ ਡੱਬੀ ਦੇ ਜਾਂਦਾ ਹੈ। ਬੀੜੀ ਲਾ ਕੇ ਰਨਜੀਤ ਆਪਣੇ ਆਪ ਹੀ ਕਹਿੰਦਾ ਹੈ।

"ਡਾਗਡਰ ਬਾਬੂ ! ਤਹਿਸੀਲਦਾਰ ਲਈ ਦੀਨ ਦੂਨੀਆਂ ਵਿਚ ਬਸ ਇਹੋ ਇਕ ਬੇਟੀ ਹੈ। ਕਿੰਨੀ ਮਨ ਮਨੌਤ ਤੋਂ ਬਾਦ ਕਮਲਾ ਮਾਂ ਨੇ ਮਿਹਰ ਵੀ ਕੀਤੀ ਤਾਂ ਬੇਟੀ ਹੀ ਹੋਈ। ਪਰ......।"

ਰਨਜੀਤ ਬੀੜੀ ਦੀ ਸੁਆਹ ਝਾੜ ਕੇ ਚੁਪ ਹੋ ਜਾਂਦਾ ਹੈ। ਡਾਕਟਰ ਨੇ ਸਮਝ ਲਿਆ ਹੈ, ਰਨਜੀਤ ਨੇ ਪਰ ਤੇ ਆ ਕੇ ਪੂਰਣ ਵਿਸਰਾਮ ਲਾ ਦਿੱਤਾ ਹੈ।

"ਪਰ ਕੀ ?"

"ਇਹੀ ਹੀ ਦੇਖੋ ਨਾ ! ਤਿੰਨ ਥਾਂ ਗੱਲ-ਬਾਤ ਹੋਈ, ਪਰ......ਪਹਿਲੀ ਥਾਵੇਂ ਤਾਂ ਪਾਨ ਦੇਣ ਦੀ ਗੱਲ ਪੱਕੀ ਹੋ ਗਈ ਸੀ। ਠੀਕ ਤਿਲਕ-ਪਾਨ ਦੇ ਦਿਨ ਲੜਕੇ ਦੀ ਮਾਂ ਮਰ ਗਈ। ਦੂਜੀ ਥਾਂ ਗੱਲ-ਬਾਤ ਠੀਕ ਹੋਈ ਤਾਂ ਉਹਦੇ ਘਰ ਅੱਗ ਲਗ ਗਈ। ਤੀਜੇ ਲੜਕੇ ਨੂੰ ਮਾਤਾ ਨਿਕਲ ਆਈ। ਇਨਤਕਾਲ ਹੋ ਗਿਆ। ਹੁਣ ਕੋਈ ਲੜਕੇ ਵਾਲਾ ਤਿਆਰ ਹੀ ਨਹੀਂ ਹੁੰਦਾ। ਇਕ ਹਜ਼ਾਰ, ਦੋ ਹਜ਼ਾਰ, ਪੰਜ ਹਜ਼ਾਰ ਰੁਪਏ ਦੇਣੇ ਵੀ ਕਬੂਲਦੇ ਹਨ, ਪਰ......। ਅਖ਼ੀਰ ਵਿਚ ਇਕ **ਪੱਛਵਰੀਆ ਕੈਥ** ਨੂੰ ਘਰ ਜੁਆਈ ਰਖਣ ਲਈ ਲਿਆਏ, ਬਸ ਉਸੇ ਦਿਨ ਤੋਂ ਕਮਲੀ ਨੂੰ ਮਿਰਗੀ ਪੈਣ ਲਗੀ। ਲੋਕ ਤਾਂ ਕਹਿੰਦੇ ਹਨ ਕਿ ਕਮਲਾ ਮਾਈ ਨਹੀਂ ਚਾਹੁੰਦੀ ਕਿ ਕਮਲੀ ਦੀ ਸ਼ਾਦੀ ਹੋਵੇ। ਕਮਲਾ ਮਾਈ ਵੀ ਕੁਮਾਰੀ ਹੀ ਸੀ ਨਾ। ਹੁਣ ਤੁਸੀਂ ਲਗੇ ਹੋ। ਕਿਸੇ ਤਰ੍ਹਾਂ ਕਮਲੀ ਦੀਦੀ ਨੂੰ ਆਰਾਮ ਕਰ ਦਿਓ। ਡਾਗਦਰ ਬਾਬੂ ! ਜੋ ਬਕਸੀਸ ਮੰਗੋਗੇ, ਤਹਿਸੀਲਦਾਰ ਦੇ ਦੇਣਗੇ।"

"ਦੇਖੋ ਰਨਜੀਤ, ਤਿੰਨ ਖ਼ੁਰਾਕਾਂ ਦਵਾ ਹੈ। ਮਿੱਠੀ ਦਵਾ। ਤੁਹਾਡੀ ਕਮਲੀ ਦੀਦੀ ਠੀਕ ਹੋ ਜਾਏਗੀ। ਕਲ੍ਹ ਸਵੇਰੇ ਇਕ ਵਾਰ ਫੇਰ ਖ਼ਬਰ ਦੇਣੀ। ਸਮਝੇ।"

"ਤਿੰਨ ਖ਼ੁਰਾਕਾਂ। ਖਾਵੇਗੀ ਕੀ ?"

"ਹਾਲੇ ? ਹਾਲੇ ਰੋਟੀ ਦੁੱਧ।"

"ਰਨਜੀਤ।" ਇਕ ਆਦਮੀ ਦੌੜਿਆ ਹੋਇਆ ਆਉਂਦਾ ਹੈ।

"ਕੌਣ ਰਾਮਦੇਲ, ਕੀ ਗੱਲ ਹੈ ?"

"ਕਮਲੀ ਦੀਦੀ ਫੇਰ ਬੇਹੋਸ਼ ਹੋ ਗਈ। ਤਹਿਸੀਲਦਾਰ ਸਾਬ੍ਹ ਨੇ ਕਿਹਾ ਹੈ ਕਿ ਡਾਗਦਰ ਬਾਬੂ ਫੇਰ ਇਕ ਵਾਰ ਜ਼ਰਾ ਤਕਲੀਫ ਕਰਨ।"

ਡਾਕਟਰ ਘੜੀ ਦੇਖਦਾ ਹੈ। ਨੌਂ ਵਜ ਕੇ ਦਸ ਮਿਨਟ। ਕੁਝ ਚਿਰ ਪਿਛੋਂ ਸਮਾਚਾਰ ਹੋਣਗੇ। ਡਾਕਟਰ ਕੁਝ ਸੋਚ ਕੇ ਕਹਿੰਦਾ ਹੈ, "ਰਨਜੀਤ ! ਔਹ ਬਕਸਾ ਚੁਕੋ।...... ਲੈ ਚਲੋ।"

"ਬੇਤਾਰ ਦਾ ਖਬਰ ?"

'ਹਾਂ ! ਤੁਹਾਡੀ ਕਮਲੀ ਦੀਦੀ ਦਾ ਇਲਾਜ ਬੇਤਾਰ ਨਾਲ ਹੀ ਹੋਵੇਗਾ ।"

ਕਮਲਾ ਫੇਰ ਪਹਿਲਾਂ ਵਾਂਗ ਹੀ ਬੇਹੋਸ਼ ਪਈ ਹੈ । ਉਹਦੀਆਂ ਅੱਖਾਂ ਬੰਦ ਹਨ । ਕੇਸ ਬਿਖਰੇ ਹੋਏ ਹਨ । ਡਾਕਟਰ ਨੂੰ ਰੋਗ ਦਾ ਇਲਾਜ ਲਭ ਪਿਆ ਹੈ । ਉਹ ਆਪਣੇ ਬੈਗ ਵਿਚੋਂ ਸ਼ੀਸ਼ੀ, ਸਰਿੰਜ ਵਗੈਰਾ ਕਢਦਾ ਹੈ ।

"ਸੂਈ ? ਸੂਈ ਨਹੀਂ ।" ਕਮਲਾ ਫੇਰ ਹੋਸ਼ ਵਿਚ ਆਉਂਦੀ ਹੈ ।

"ਬਗੈਰ ਸੂਈ ਤੇ ਤੁਹਾਡਾ ਰੋਗ ਠੀਕ ਨਹੀਂ ਹੋਵੇਗਾ ।" ਡਾਕਟਰ ਸਰਿੰਜ ਠੀਕ ਕਰਦਾ ਹੈ ।

"ਦਵਾ ਦਿਓ ਡਾਕਟਰ ਸਾਬ੍ਹ । ਮੈਂ ਸੂਈ ਨਹੀਂ ਲੁਔਣੀ ।

"ਫੇਰ ਡਰ ਲਗਾ ਸੀ ।"

"ਹਾਂ ।"

"ਰਨਜੀਤ, ਦਵਾ ਦੀ ਸ਼ੀਸ਼ੀ ਕਿਥੇ ਹੈ ? ਲਿਆਉ, ਬਕਸਾ ਇਥੇ ਲਿਆ ਕੇ ਰਖੋ... ਹਾਂ ਪੀ ਲਵੋ । ..... ਠੀਕ ਹੈ । ਦਵਾ ਕਿੱਦਾਂ ਦੀ ਹੈ ? ਮਿੱਠੀ ਹੈ ਨਾ ?"

ਡਾਕਟਰ ਪੋਰਟੇਬਲ ਰੇਡੀਓ ਨੂੰ ਖੋਲ੍ਹ ਕੇ ਮੀਟਰ ਠੀਕ ਕਰਦਾ ਹੈ — "ਯੇਹ ਆਲ ਇੰਡੀਆ ਰੇਡੀਓ ਹੈ, ਰਾਤ ਕੇ ਸਵਾ ਨੌ ਬਜੇ ਹੈਂ । ਅਬ ਆਪ ਹਿੰਦੀ ਮੇਂ ਸਮਾਚਾਰ ਸੁਨੀਏ... ।"

ਡਰ ਲਗਦਾ ਹੈ । ਮਾਂ......।"

"ਦੇਖੋ ਡਰਨ ਵਾਲੀ ਕੋਈ ਗੱਲ ਨਹੀਂ ਸੁਣੋ......।"

"ਮੈਨੂੰ ਉਠਾ ਦੇ ਮਾਂ ।"

"ਉਠੋ ਨਾ । ਪਈ ਰਹੋ ।

"...ਹੁਣ ਤੁਸੀਂ ਸਵਿਤਾ ਦੇਵੀ ਤੋਂ ਇਕ ਮੈਥਿਲੀ ਲੋਕ ਗੀਤ ਸੁਣੋ ।"

ਮਾਏ ਗੇ ਹਮ ਨਾਂ ਬਿਆਹੇਬ ਅਪਨਾਂ ਗੋਰਾ ਕੇ
ਜੋਂ ਗੁੜਵਾ ਹੋਇਤ ਜਮਾਏਗੇ । ਮਾਈ ।

"ਓ ਮਾਂ ।" ਕਮਲਾ ਖਿੜਖਿੜਾ ਕੇ ਹੱਸ ਪੈਂਦੀ ਹੈ ।" ਵਿਆਹ ਦਾ ਗੀਤ ਆ ਰਿਹਾ ਹੈ ।"

ਹਮ ਨਾਂ ਬਿਆਹੇਬ ਅਪਨਾਂ ਗੋਰਾ ਕੇ......

ਕੋਠੜੀ ਤੇ ਆਂਗਨ ਵਿਚ ਝੁੰਡ ਕਢੀ ਔਰਤਾਂ ਦੀ ਭੀੜ ਲਗ ਜਾਂਦੀ ਹੈ । ਕਮਲਾ ਤੇ ਬਰੋਮਾਈਟ ਦਾ ਅਸਰ ਹੋ ਰਿਹਾ ਹੈ । ਉਹਦੀਆਂ ਅੱਖਾਂ ਵਿਚ ਨੀਂਦ ਝਾਕ ਰਹੀ ਹੈ ।

ਡਾਕਟਰ ਪਰਤ ਕੇ ਖ਼ਤ ਪੂਰਾ ਕਰਨ ਲਈ ਬੈਠ ਜਾਂਦਾ ਹੈ । ਸਵੇਰੇ ਸੱਤ ਵਜੇ ਤੋਂ ਹੀ ਰੋਗੀਆਂ ਦੀ ਭੀੜ ਲਗ ਜਾਂਦੀ ਹੈ । ਅਗਮੂ ਚੌਕੀਦਾਰ ਕਲ੍ਹ ਹਾਜ਼ਰੀ ਦੇਣ ਲਈ

ਜਾਏਗਾ। ਪੰਜ ਵਜੇ ਪ੍ਰਭਾਤੇ ਹੀ ਆ ਕੇ ਉਹ ਆਵਾਜ਼ ਦੇਵੇਗਾ।

ਡਾਕਟਰ ਲਿਖਦਾ ਹੈ—

"ਖ਼ਤ ਅਧੂਰਾ ਛੱਡ ਕੇ ਇਕ ਕੇਸ ਵੇਖਣ ਗਿਆ ਸਾਂ। ਕੇਸ ਅਜੀਬ ਹੈ। ਕੇਸ ਹਿਸਟਰੀ ਹੋਰ ਵੀ ਦਿਲਚਸਪ ਹੈ। ਤੁਹਾਡੀ ਸ਼ੀਲਾ ਹੁਦੀ ਤਾਂ ਅੱਜ ਖ਼ੁਸ਼ੀ ਨਾਲ ਨੱਚਣ ਲਗਦੀ, ਹਿਸਟੀਰਿਆ, ਫੋਬੀਆ, ਕਾਮਵਿਕਰਿਤੀ ਅੱਤੇ ਹੱਠ ਪਰਵਿਰਤੀ ਵਰਗੇ ਸ਼ਬਦਾਂ ਦੀ ਝੜੀ ਲਾ ਦਿੰਦੀ। ਸ਼ੀਲਾ ਨਾਲ ਮੁਲਾਕਾਤ ਹੋਵੇ ਤਾਂ ਕਹਿਣਾ—ਮੈਂ ਆਪਣੇ ਪੋਰਟੇਬਲ ਰੇਡੀਓ ਨਾਲ਼ ਉਹਦੇ ਦਿਮਾਗ਼ ਨੂੰ ਝਟਕਾ ਦੇ ਕੇ ਦੂਜੇ ਪਾਸੇ ਕਰਨ ਦੀ ਕੋਸ਼ਿਸ਼ ਕੀਤੀ ਹੈ।......"

## ਗਿਆਰਾ

ਨਹੀਂ ਤੋਰਾ ਆਹੇ ਪਿਆਰੀ ਤੇਗ ਤਬਰਿਆ ਸੇ,
ਨਹੀਂ ਤੋਰਾ ਪਾਸ ਮੇਂ ਤੀਰ ਜੀ।......

ਇਕ ਸਖੀ ਨੇ ਪੁਛਿਆ ਕਿ ਹੇ ਸਖੀ, ਤੇਰੇ ਕੋਲ ਨਾ ਤੀਰ ਹੈ ਨਾ ਤਲਵਾਰ

......ਨਹੀਂ ਤੋਰਾ ਆਹੇ ਪਿਆਰੀ ਤੇਗ ਤਰਬਰਿਆ ਸੇ
ਕੋਨਹਿ ਚੀਜਵਾ ਸੇ ਮਾਰਲੂ ਬਟੋਹਿਆ ਕੇ
ਧਰਤੀ ਲੋਟਬੇਲਾ ਬੇਪੀਰ ਜੀ ਈ ਈ ਈ।......

ਇਹ ਸੁਣ ਕੇ ਜਿਹੜੇ ਜਨਾਨੀ ਸਦਾਬ੍ਰਿਜ ਤੇ ਮੋਹਿੰਤ ਸੀ, ਬੋਲੀ—

......ਸਾਸੂ ਮੋਰਾ ਮਰੇ ਹੋ, ਮਰੇ ਮੋਰਾ ਬਹਿਨੀ ਸੋ,
ਮਰੇ ਨਨਦ ਜੇਠ ਮੋਰ ਜੇ।
ਮਰੇ ਹਮਾਰ ਸਬ ਕੁਛ ਪਲਿਬਰਵਾ ਸੇ,
ਫਸੀ ਗਇਲੀ ਪਰੇਮ ਕੇ ਡੋਰ ਜੀ।.....

ਇੰਨਾ ਕਹਿ ਕੇ ਉਹ ਸਦਾਬ੍ਰਿਜ ਕੋਲ ਆਈ ਤੇ ਪਾਣੀ ਪਿਲਾ ਕੇ ਮੁਹੱਬਤ ਦੀਆਂ ਗੱਲਾਂ ਕਰਨ ਲਗੀ।

......ਆਜੁ ਕੀ ਰਤਿਆ ਹੋ ਪਿਆਰੇ, ਯਹੀਂ ਬਿਤਾਓ ਜੀ।

ਤੰਤਰਿਆ ਟੋਲੀ ਵਿਚ ਸੁਰੰਗਾ ਸਦਾਬ੍ਰਿਜ ਦੀ ਕਥਾ ਹੋ ਰਹੀ ਹੈ। ਮਹਿੰਗੂ ਦਾਸ ਦੇ ਅਹਾਤੇ ਕੋਲ ਲੋਕ ਕੱਠੇ ਹੋਏ ਹੋਏ ਹਨ। ਪੂਰਨਿਆਂ ਟੇਸਨ ਤੋਂ ਇਕ ਮਹਿਮਾਨ ਆਇਆ ਹੈ, ਰੇਲਵੇ ਵਿਚ ਕੰਮ ਕਰਦਾ ਹੈ। ਤੰਤਰਿਆ ਟੋਲੀ ਦੇ ਲੋਕ ਕਹਿੰਦੇ ਹਨ— ਖਲਾਸੀ ਜੀ! ਖਲਾਸੀ ਜੀ ਸਰਕਾਰੀ ਬੰਦੇ ਹਨ। ਖਲਾਸੀ ਜੀ ਜੇ ਲਾਲ ਪਟਕਾ

ਦਿਖਾ ਦੇਣ ਤਾਂ ਡਾਕ ਗੱਡੀ ਵੀ ਰੁਕ ਜਾਏ। ਰੁਕੇਗੀ ਨਹੀਂ ? ਲਾਲ ਪਟਕਾ ਦੇਖਦਿਆਂ ਹੀ ਰੇਲ ਗੱਡੀ ਰੁਕ ਜਾਂਦੀ ਹੈ। ਲਾਲ ਓਡਣ ਪਹਿਨ ਕੇ ਗੱਡੀ ਵਿਚ ਚੜ੍ਹਨ ਲਈ ਜਾਓ ਤਾਂ।......ਗੱਡੀ ਰੁਕ ਜਾਏਗੀ ਤੇ ਓਡਣ ਜ਼ਬਤ ਹੋ ਜਾਏਗਾ। ਖਲਾਸੀ ਜੀ ਬਹੁਤ ਗੁਣੀ ਆਦਮੀ ਹਨ। ਪੱਕੇ ਓਝਾ ਹਨ, ਚੱਕਰ ਪੂਜਦੇ ਹਨ, ਭੂਤ ਪ੍ਰੇਤ ਨੂੰ ਬਿਰਛ ਵਿਚ ਕਿੱਲ ਠੋਕ ਕੇ ਵਸ ਕਰਦੇ ਹਨ। ਬਾਂਝ ਨਿਪੁੱਤਰ ਨੂੰ ਤੁਕਤਾਕ (ਟੋਟਕਾ) ਕਰ ਦਿੰਦੇ ਹਨ। ਕੁਮਰ ਬਿਜੇ ਭਾਨ, ਲੋਰਿਕਾ ਅਤੇ ਸੁਰੰਗਾ ਸਦਾਬ੍ਰਿਜ ਦਾ ਗੀਤ ਜਾਣਦੇ ਹਨ। ਗਲਾ ਕਿੰਨਾ ਤੇਜ਼ ਹੈ......ਓਦੋਂ ਸੁਰਾਜੀ ਹੂਲਮਾਲ (ਅੰਦੋਲਨ) ਸਮੇਂ ਖਲਾਸੀ ਜੀ ਨੇ ਲਿਖ ਦਿੱਤਾ ਸੀ—ਬੈਂਗਨ ਬਾੜੀ ਦੇ ਜ਼ਮੀਨਦਾਰ ਦੇ ਮੁੰਡੇ ਨੇ ਰੇਲ ਦੀ ਲੈਨ ਉਖਾੜੀ ਹੈ।" ਬਸ, ਫਾਂਸੀ ਹੋ ਗਈ। ਹੈਕੋਰਟ ਅਤੇ ਨੰਦਨ (ਲੰਦਨ) ਤਕ ਫਾਂਸੀ ਬਹਾਲ ਰਹੀ।......ਪਰ ਮਹਿੰਗੂ ਦਾਸ ਨੂੰ ਕੌਣ ਸਮਝਾਵੇ ? ਵਿਚਾਰੇ ਖਲਾਸੀ ਜੀ ਇਕ ਸਾਲ ਤੋਂ ਦੌੜ ਭੱਜ ਕਰ ਰਹੇ ਹਨ। ਮਹਿੰਗੂ ਦਾਸ ਦੀ ਵਿਧਵਾ ਧੀ ਫੁਲਿਆ ਨਾਲ ਕੁੜਮਾਈ ਦੀ ਗੱਲ ਪੱਕੀ ਕਰਨ ਲਈ। ਹਰ ਵਾਰ ਖਲਾਸੀ ਜੀ ਝੋਲੇ ਵਿਚ ਮਰੰਗਿਆ (ਨੇਪਾਲੀ) ਗਾਂਜਾ ਲਿਆਉਂਦੇ ਹਨ, ਤੰਤਰਿਆ ਟੋਲੀ ਦੇ ਪੰਚਾਂ ਨੂੰ ਪਿਲਾਉਂਦੇ ਹਨ, ਸੁਰੰਗਾ ਸਦਾਬ੍ਰਿਜ ਗੋਂਦੇ ਹਨ, ਪਿੰਡ ਦੇ ਬਿਮਾਰ ਲੋਕਾਂ ਨੂੰ ਝਾੜ ਫੂਕ ਦਿੰਦੇ ਹਨ। ਉਦੋਂ ਉਚਿਤ ਦਾਸ ਦੀ ਘਰ ਵਾਲੀ ਨੂੰ ਤੁਕਤਾਕ ਕਰ ਦਿਤਾ, ਮਰਨ ਤੋਂ ਚਾਰ ਦਿਨ ਪਹਿਲਾਂ ਬੁੱਢਾ ਉਚਿਤ ਦਾਸ ਸੰਤਾਨ ਦਾ ਮੂੰਹ ਦੇਖ ਗਿਆ, ਪਰ ਮਹਿੰਗੂ ਦਾਸ ਨੂੰ ਕੌਣ ਸਮਝਾਵੇ ? ਫੇਰ ਖਲਾਸੀ ਜੀ ਦੇਣ ਲੈਣ ਦੀ ਗੱਲ ਵੀ ਕਰਦੇ ਹਨ। ਇਕ ਕੌਡੀ ਨਗਦ ਨਹੀਂ ਦੇਣਗੇ, ਜਾਤ ਬਰਾਦਰੀ ਨੂੰ ਇਕ ਸ਼ਾਮੀ ਭੋਜ ਕਬੂਲਦੇ ਹਨ। ਹੋਰ ਕੀ ਚਾਹੀਦਾ ਹੈ ? ਸਰਕਾਰੀ ਆਦਮੀ ਜੁਆਈ ਹੋਵੇਗਾ। ਕਦੀ ਤੀਰਥ ਤੇ ਗਏ ਤਾਂ ਰੇਲ ਵਿਚ ਟਿਕਸ ਵੀ ਨਹੀਂ ਲਗੇਗਾ।

ਰਮਜੂ ਦਾਸ ਦੀ ਇਸਤਰੀ ਤੰਤਰਿਮਾਂ ਟੋਲੀ ਦੀਆਂ ਔਰਤਾਂ ਦੀ ਸਰਦਾਰਨੀ ਹੈ। ਹਾਟ ਬਜ਼ਾਰ ਜਾਣ ਵੇਲੇ, ਮਾਲਕਾਂ ਦੇ ਖੇਤਾਂ ਵਿਚ ਧਾਨ ਲਾਉਣ ਤੇ ਕੱਟਣ ਵੇਲੇ ਅਤੇ ਪਿੰਡ ਵਿਚ ਵਿਆਹ ਸ਼ਾਦੀ ਵੇਲੇ ਸਾਰੇ ਟੋਲੇ ਦੀਆਂ ਔਰਤਾਂ ਉਹਦੀ ਸਰਦਾਰੀ ਵਿਚ ਰਹਿੰਦੀਆਂ ਹਨ। ਰਾਜਪੂਤ, ਬ੍ਰਾਹਮਣ ਅਤੇ ਮਾਲਕ ਟੋਲੇ ਦੇ ਸਾਰੇ ਬਾਬੂ ਬਾਬੂਆਣੀਆਂ ਨਾਲ ਖੁਲ੍ਹ ਕੇ ਗੱਲਾਂ ਕਰਦੀ ਹੈ, ਮਖੌਲ ਦਾ ਜਵਾਬ ਹੱਸ ਕੇ ਦਿੰਦੀ ਹੈ, ਅਤੇ ਮੌਕਾ ਬਣਨ ਤੇ ਹੱਥ ਬਾਹਾਂ ਫੈਲਾ ਕੇ ਝਗੜਾ ਵੀ ਕਰਦੀ ਹੈ। ਇਕ ਵਾਰ ਤਾਂ ਸਿੰਘ ਜੀ ਦੀ ਖ਼ਾਤਰ ਵੀ ਕਰ ਦਿਤੀ ਸੀ—'ਹੂੰ ਬੁੱਢਾ ਹੋ ਗਿਆ ਹੈ, ਚਾਟ ਲਗੀ ਹੋਈ ਹੈ, ਸਿਰ ਦੇ ਬਾਲ ਧੌਲੇ ਹੋ ਗਏ ਹਨ, ਮਨ ਦਾ ਰੰਗ ਨਹੀਂ ਉਤਰਿਆ।...ਸਾਡਾ ਮੂੰਹ ਨਾ ਖਲ੍ਹਵਾਓ ਸਿੰਘ ਜੀ।'...ਉਸ ਤੋਂ ਸਾਰੇ ਹੀ ਡਰਦੇ ਹਨ। ਪਤਾ ਨਹੀਂ ਕਦੋਂ ਕਿਸੇ ਦਾ ਭੇਤ ਖੋਲ੍ਹ ਦੇਵੇ। ਸਾਰੇ ਉਸ ਦੀ ਖ਼ੁਸ਼ਾਮਦ ਕਰਦੇ ਹਨ, ਸਾਰੇ ਟੋਲੇ ਦੀਆਂ ਮੁਟਿਆਰਾਂ

ਉਹਦੀ ਮੁੱਠ ਵਿਚ ਰਹਿੰਦੀਆਂ ਹਨ। ਉਸ ਤੋਂ ਕੋਈ ਬਾਹਰਾ ਨਹੀਂ। ਖਲਾਸੀ ਜੀ ਐਤਕੀਂ ਲਾਲ ਬਾਗ ਦੇ ਮੇਲੇ ਤੋਂ ਉਹਦੇ ਲਈ ਅਸਲੀ ਗਿਲਟ ਦਾ ਕੰਗਣ ਲਿਆਏ ਹਨ। ਚਾਂਦੀ ਵਾਂਗ ਚਮਕਦਾ ਹੈ।

"...ਮਾਸੀ, ਕਿਸੇ ਤਰ੍ਹਾਂ ਫੂਲਿਆ ਲਾਲ ਕੁੜਮਾਈ ਕਰਵਾ ਕੇ।"

ਅਰੇ ਸੂਤੇ ਲੇ ਦੇਬੋ ਹੋ ਪਿਆਰੇ ਲਾਲੀ ਪਲੰਗਿਆ ਸੇ...

ਖਾਏ ਲੇ ਗੁਆ ਖਿੱਲੀ ਪਾਨ ਜੀ।...

ਖਲਾਸੀ ਜੀ ਅੱਜ ਦਿਲ ਖੋਲ੍ਹ ਕੇ ਗਾ ਰਹੇ ਹਨ। ਅੱਜ ਉਹਨਾਂ ਨੂੰ ਇਸ ਤਰ੍ਹਾਂ ਲਗ ਰਿਹਾ ਹੈ, ਜਿਵੇਂ ਉਹ ਆਪ ਸਦਾਬ੍ਰਿਜ ਹੋਣ। ਪਰ ਨਾ ਤਾਂ ਉਸ ਦੀ ਫੂਲਿਆ ਉਹਨੂੰ ਰਹਿਣ ਲਈ ਬੇਨਤੀ ਕਰਦੀ ਹੈ, ਅਤੇ ਨਾ ਹੀ ਮਹਿੰਗੂ ਦਾਸ ਚੁਮੌਨਾਂ (ਕੁੜਮਾਈ) ਦੀ ਗੱਲ ਮੰਨਦਾ ਹੈ।......"ਅਰੇ ਸੂਤੇ ਲੇ ਦੇਬੋ ਹੋ ਪਿਆਰੇ ਲਾਲੀ ਪਲੰਗਿਆ ਸੇ...।"

ਫੂਲਿਆ ਕੀ ਕਰੇ ? ਮਾਪਿਆਂ ਦੇ ਹੁੰਦਿਆਂ ਉਹ ਕੀ ਕਹਿ ਸਕਦੀ ਹੈ। ਅੰਦਰ ਹੀ ਅੰਦਰ ਮਨ ਸੜ ਕੇ ਸੁਆਹ ਹੋ ਰਿਹਾ ਹੈ, ਪਰ ਮੂੰਹ ਨਹੀਂ ਖੋਲ੍ਹ ਸਕਦੀ। ਲੋਕ ਕੀ ਕਹਿਣਗੇ।......ਰਮਜੂ ਦਾਸ ਦੀ ਇਸਤਰੀ ਫੂਲਿਆ ਦੇ ਸੜਦੇ ਹੋਏ ਦਿਲ ਦੀ ਗੱਲ ਜਾਣਦੀ ਹੈ। ਉਸ ਦਿਨ ਫੂਲਿਆ ਕਹਿ ਰਹੀ ਸੀ—"ਮਾਸੀ ਕਾਲੀ ਕ੍ਰਿਆ ਕਿਸੇ ਨੂੰ ਕਹਿਣਾ ਨਹੀਂ। ਖਲਾਸੀ ਜੀ ਏਨੇ ਦਿਨਾਂ ਤੋਂ ਦੌੜ ਰਹੇ ਹਨ। ਬਾਪੂ ਕੋਈ ਗੱਲ ਸਾਫ ਸਾਫ ਨਹੀਂ ਕਹਿੰਦੇ। ਅਖੀਰ ਉਹ ਬਚਾਰਾ ਕਦੋਂ ਤਕ ਦੌੜੇਗਾ ? ਇਥੇ ਨਹੀਂ ਤਾਂ ਕਿਤੇ ਹੋਰ ਲਭੇਗਾ। ਦੁਨੀਆ ਵਿਚ ਕਿਤੇ ਹੋਰ ਤੰਤਰਿਮਾਂ ਦੀ ਧੀ ਨਹੀਂ ਹੈ ਕੀ ? ...ਜਦੋਂ ਇਕ ਦਿਨ ਕੁਝ ਹੋ ਜਾਊ ਤਾਂ ਸਹਿਦੇਵ ਮਿਸਰ ਮੂੰਹ ਤੇ ਮੱਖੀ ਵੀ ਨਹੀਂ ਬਹਿਣ ਦੇਵੇਗਾ। ਫੇਰ ਕਰੋ ਖੁਸ਼ਾਮਦ ਨਕਟੀ ਚਮਾਇਨ ਦੀ ਅਤੇ ਚਿਚਾਇ ਦੀ ਮਾਂ ਦੀ ਮੁਸੱਬਤ ਚਬੋ ਅਤੇ ਅੱਡੀਆਂ ਵਲੋਂ ਪੇਟ ਨੂੰ ਅੱਟੀ ਵਾਂਗ ਘੁਮਾਓ। ਉਸ ਵਾਰ ਜੋਤਖੀ ਜੀ ਦੇ ਬੇਟੇ ਨਾਮ ਲਰੈਨ ਨੇ ਕੀ ਦਿਤੀ। ਅੰਤ ਵਿਚ ਨਕਟੀ ਨੂੰ ਢਿੱਡਲ ਬਕਰੀ ਦੇ ਕੇ ਪਿੱਛਾ ਛੁਡਾਇਆ......।"

ਜਾਦ ਜੋ ਆਵੇ ਹੋ ਪਿਆਰੀ ਤੋਹਰੀ ਸੁਰਤਿਆ ਸੇ

ਸ਼ਾਲੇ ਕਰੇਜਵਾ ਮੇਂ ਤੀਰ ਜੀ...।

ਖਲਾਸੀ ਜੀ ਦਾ ਤੀਰ ਖਾਂਦਾ ਦਿਲ ਤੜਪ ਰਿਹਾ ਹੈ। ਫੂਲਿਆ ਕੀ ਕਰੇ ? ਪਰ ਰਮਜੂ ਦਾਸ ਦੀ ਇਸਤਰੀ ਦਾ ਮੂੰਹ ਕੌਣ ਬੰਦ ਕਰ ਸਕਦਾ ਹੈ ?..."ਨੀ ਫੂਲਿਆ ਦੀ ਮਾਂ ! ਤੁਹਾਨੂੰ ਲੋਕਾਂ ਨੂੰ ਨਾ ਤੇ ਸ਼ਰਮ ਹੈ, ਨਾ ਧਰਮ। ਕਦੋਂ ਤਕ ਧੀ ਦੀ ਕਮਾਈ ਨਾਲ ਲਾਲ ਕਿਨਾਰੀ ਵਾਲੀ ਸਾੜ੍ਹੀ ਚਮਕਾਏਂਗੀ ? ਅਖੀਰ ਇਕ ਹੱਦ ਹੁੰਦੀ ਹੈ ਕਿਸੇ ਗੱਲ ਦੀ। ਮੰਨਦੀ ਹਾਂ ਕਿ ਜਵਾਨ ਵਿਧਵਾ ਧੀ ਦੁਧਾਰੂ ਗਾਂ ਬਰਾਬਰ ਹੈ, ਪਰ ਏਨਾ ਨਾ ਚੋਵੇ ਕਿ ਦੇਹ ਦਾ ਖੂਨ ਵੀ ਸੁਕ ਜਾਏ।"

"ਨੀ ਹਾਂ ਹਾਂ, ਬੇਟਾ ਬੇਟੀ **ਕੇਕਰੋ, ਘੀ ਢਾਰੀ ਕਰੇ ਮੰਗਰੋ** ਛਾਨਣੀ ਕਹੇ ਸੂਈ ਨੂੰ ਕਿ ਤੇਰੀ ਪੇਦ ਵਿਚ ਛੇਕ ! ਹੱਥਾਂ 'ਚ ਕੰਗਣ ਤਾਂ ਲਿਸ਼ਕਾ ਰਹੀ ਏਂ, ਖਿਲਾਸੀ ਨੂੰ ਇਕ ਪੁੜੀ ਸਿੰਧੂਰ ਨਹੀਂ ਲੱਭਦਾ ?" ਫੁਲਿਆ ਦੀ ਮਾਂ ਨੇ ਜਦੋਂ ਤੋਂ ਰਮਜੂ ਦਾਸ ਦੀ ਇਸਤਰੀ ਦੇ ਹੱਥ ਕੰਗਣ ਦੇਖਿਆ ਹੈ, ਉਹਦਾ ਕਲੇਜਾ ਸੜ ਭੁਜ ਰਿਹਾ ਹੈ। ਮਹਿੰਗੂ ਦਾਸ ਤੇ ਗ਼ੁੱਸਾ ਕਰਨ ਤੇ ਕੋਈ ਫਾਇਦਾ ਨਹੀਂ। ਖਲਾਸੀ ਦੀ ਅਕਲ ਹੀ ਮਾਰੀ ਗਈ ਹੈ। ਰਮਜੂ ਦੀ ਇਸਤਰੀ ਨੂੰ **ਕੁਟਨੀ ਬਹਾਲ** ਕੀਤਾ ਹੈ, ਕੰਗਣ ਦਿਤਾ ਹੈ। ਰਮਜੂ ਦੀ ਇਸਤਰੀ ਕਾਲੀ ਮਾਈ ਹੈ, ਜੁ ਲੋਕ ਉਹਦੀ ਗੱਲ ਮੰਨ ਲੈਣ।

"ਮੂੰਹ ਸੰਭਾਲ ਕੇ ਗੱਲ ਕਰ ਨਿਖੱਤੀਏ ! ਗੱਲ ਬਿਗੜ ਜਾਊ। ਖਲਾਸੀ ਸਾਡਾ ਭੈਣ-ਭਰਾ ਹੈ। ਭੈਣ-ਭਰਾ ਲੱਗਣ ਵਾਲੇ ਨੂੰ ਗਾਲ੍ਹ ਕਢਦੀ ਏਂ ? ਇਹ ਗਾਲ੍ਹ ਸਾਡੀ ਦੇਹ ਨੂੰ ਨਹੀਂ ਲਗਣੀ। ਤੇਰੀ ਦੇਹ ਨੂੰ ਤਾਂ ਲੱਗੀ ਹੋਈ ਹੈ। ਆਪਣੇ ਖਾਸ ਭਤੀਜੇ ਤੇਤਰਾ ਨਾਲ ਤੂੰ ਨੱਸੀ ਤੇ ਗਾਲ੍ਹ ਕਢਦੀ ਏਂ ਸਾਨੂੰ ? ਸ਼ਰਮ ਨਹੀਂ ਆਉਂਦੀ ਤੈਨੂੰ ! ਬੇਸ਼ਰਮ, ਨਿਰਲੱਜ ! ਭਰੀ ਪੰਚਾਇਤ ਵਿਚ ਪਿੰਡੇ ਤੇ ਜਿਹੜੀ ਝਾੜੂਆਂ ਦੀ ਕੁੱਟ ਪਈ ਸੀ, ਉਹ ਭੁੱਲ ਗਈ ? ਗੁਆਰ ਟੋਲੀ ਦੇ ਕੱਲਰੂ ਨਾਲ ਰਾਤ ਭਰ ਮੱਝ ਉਤੇ ਜਿਹੜੀ ਰਾਸਲੀਲਾ ਕਰਦੀ ਸੀ, ਉਹ ਕੌਣ ਨਹੀਂ ਜਾਣਦਾ ? ਤੂੰ ਸਾਡੇ ਨਾਲ ਗੱਲ ਕਰਦੀ ਏਂ ?

"ਨੀ ਸਿੰਘਵੇ ਦੀਏ ਰਖੇਲੇ ! ਸਿੰਘਵੇ ਦੇ ਬਾਗ ਦਾ ਬੰਬਈ ਅੰਬ ਦਾ ਸੁਆਦ ਭੁਲ ਗਈ। ਤਰਬੰਨਾ ਵਿਚ ਰਾਤ ਰਾਤ ਭਰ ਲੁਕਣ ਮੀਚੀ ਮੈਂ ਖੇਲਦੀ ਸਾਂ ? ਕੁਰਖਾ ਬੱਚਾ ਜਦੋਂ ਹੋਇਆ ਸੀ ਤਾਂ ਕੁਰੱਖਾ ਸਿੰਘਵੇ ਤੋਂ ਮੂੰਹ ਦਖਾਵੇਂ ਵਿਚ ਬਾਛੀ ਮਿਲੀ ਸੀ, ਇਹ ਕੌਣ ਨਹੀਂ ਜਾਣਦਾ ?"

"...ਏਨੀ ਗੱਲ ਸੁਣਦਿਆਂ ਹੀ ਸਦਾਬ੍ਰਿਜ ਫੇਰ ਬੇਹੋਸ਼ ਹੋ ਕੇ ਧਰਤੀ ਤੇ ਡਿਗ ਪਿਆ...।"

ਮਹਿੰਗੂ ਦਾਸ ਦੇ ਅਹਾਤ ਕੋਲ ਹੋਣ ਵਾਲੀ ਸੁਰੰਗਾ ਸਦਾਬ੍ਰਿਜ ਦੀ ਕਥਾ ਵਿਚ ਜਨਾਨੀਆਂ ਦੇ ਝਗੜੇ ਨਾਲ ਕੋਈ ਰੁਕਾਵਟ ਨਹੀਂ ਪੈਂਦੀ। ਜਨਾਨੀਆਂ ਦੇ ਝਗੜੇ ਵਲ ਜੇ ਮਰਦ ਲੋਕ ਧਿਆਨ ਦੇਣ ਲਗਣ ਤਾਂ ਨਾ ! ਜਨਾਨੀਆਂ ਦੇ ਝਗੜੇ ਦਾ ਕੀ ਹੈ ? ਹੁਣੇ ਹੀ ਝਗੜਾ ਹੋਇਆ, ਇਕ ਦੂਜੀ ਨੂੰ ਗਾਲ੍ਹਾਂ ਕਢੀਆਂ, ਹੱਥ ਵਧਾ ਵਧਾ ਕੇ ਸੰਘ ਪਾੜ ਪਾੜ ਕੇ ਇਕ ਦੂਜੇ ਦੇ ਦੱਬੇ ਹੋਏ ਮੁਰਦੇ ਪੁਟੇ ਗਏ, ਜੀਭ ਦੀ ਧਾਰ ਨਾਲ ਧੀ ਪੁੱਤਰ ਦੀ ਗਰਦਨ ਕੱਟੀ ਗਈ, ਕਾਲੀ ਮਾਈ ਨੂੰ ਕਾਲਾ ਪਰੌਠਾ ਸੁਖਿਆ ਗਿਆ, ਹੱਥ-ਮੂੰਹ ਕੋਹੜ ਨਾਲ ਗਲਣ ਦੀ ਪ੍ਰਾਰਥਨਾ ਕੀਤੀ ਗਈ ਅਤੇ ਇਕ ਦੋ ਘੰਟਿਆਂ ਬਾਦ ਹੀ ਸਫਾਈ। ਮੇਲ ਮਿਲਾਪ ਹੋ ਗਿਆ। ਇਕ ਦੂਜੀ ਦੇ ਹੱਥੋਂ ਹੁੱਕੀ ਲੈ ਕੇ ਗੁੜ ਗੁੜ ਕਰਨ ਲਗੀਆਂ। ਸਾਗ ਮੰਗ ਕੇ ਲੈ ਗਈਆਂ ਅਤੇ ਵੱਟੇ ਵਿਚ ਸ਼ਕਰਕੰਦੀ

ਭੇਜ ਦਿਤੀ। ਕਲ੍ਹ ਸ਼ਾਮੀਂ ਮਾਲਕ ਦੇ ਖੇਤੋਂ ਹਨੇਰੇ 'ਚ ਪੁੱਟ ਲਿਆਂਦੀਆਂ ਸੀ ਮੁੰਡੇ ਨੇ। ਮਾਲਕ ਦੇਖਦਾ ਤਾਂ ਪਿੰਡੇ ਦੀ ਚਮੜੀ ਸੂਤ ਲੈਂਦਾ।"

ਪਹਿਲਾਂ ਝਗੜੇ ਦਾ ਸ੍ਰੀ ਗਣੇਸ਼ ਦੋ ਔਰਤਾਂ ਨਾਲ ਹੀ ਹੁੰਦਾ ਹੈ। ਝਗੜੇ ਦੇ ਸਿਲਸਿਲੇ ਵਿਚ ਵਾਰੋ ਵਾਰੀ ਆਂਢ ਗੁਆਂਢ ਦੀਆਂ ਜ਼ਨਾਨੀਆਂ ਦੇ ਪ੍ਰਸੰਗ ਆਉਂਦੇ ਜਾਂਦੇ ਹਨ, ਅਤੇ ਝਗੜਨ ਵਾਲੀਆਂ ਦੀ ਗਿਣਤੀ ਵਧਦੀ ਜਾਂਦੀ ਹੈ। ਝਗੜੇ ਨਾਲ ਉਨ੍ਹਾਂ ਦੇ ਕੰਮ ਕਾਜ ਵਿਚ ਕੋਈ ਰੁਕਾਵਟ ਨਹੀਂ ਪੈਂਦੀ। ਕੰਮ ਦੇ ਨਾਲ ਨਾਲ ਝਗੜਾ ਵੀ ਚਲ ਰਿਹਾ ਹੈ। ਜਦੋਂ ਸਾਰੇ ਪਿੰਡ ਦੀਆਂ ਜ਼ਨਾਨੀਆਂ ਝਗੜਨ ਲਗਦੀਆਂ ਹਨ ਤਾਂ ਕੋਈ ਕਿਸੇ ਦੀ ਗੱਲ ਨਹੀਂ ਸੁਣਦੀ, ਸਾਰੀਆਂ ਆਪਣਾ ਆਪਣਾ ਚਰਖਾ ਚੜ੍ਹਾਈ ਜਾਂਦੀਆਂ ਹਨ।...ਪਰ ਫੂਲਿਆ ਅੱਜ ਝਗੜੇ ਵਿਚ ਹਿੱਸਾ ਨਹੀਂ ਲੈ ਰਹੀ। ਉਹ ਪਰਦੇ ਦੀ ਓਟ ਵਿਚ ਖੜੋਤੀ ਸੁਰੰਗਾ ਸਦਾਬ੍ਰਿਜ ਦੀ ਕਥਾ ਸੁਣ ਰਹੀ ਹੈ।...ਖਲਾਸੀ ਜੀ ਦੇ ਗਲੇ ਵਿਚ ਜਾਦੂ ਹੈ। ਓਝਾ ਗੁਣੀ ਆਦਮੀ ਹੈ। ਕਥਾ ਤੋਂ ਗੀਤ ਵਿਚ ਫੂਲਿਆ ਇਹ ਵੀ ਭੁੱਲ ਜਾਂਦਾ ਹੈ ਕਿ ਸਹਿਦੇਵ ਮਿਸਰ ਸ਼ਾਮ ਤੋਂ ਕੁਟੀ ਦੇ ਬਗੀਚੇ ਵਿਚ ਉਹਦੀ ਉਡੀਕ ਕਰਦਾ ਹੋਇਆ ਮੱਛਰ ਲੜਵਾ ਰਿਹਾ ਹੈ।...ਖਲਾਸੀ ਦੇ ਗਲੇ ਵਿਚ ਜਾਦੂ ਹੈ।

"ਮਾਮੀ"

"ਕੀ ਆ ਨੀ ? ਬੋਲ ! ਸਹਿਦੇਵ ਮਿਸਰੇ ਕੋਲ ਜਾਏਂਗੀ ?"

"ਨਹੀਂ ਮਾਮੀ ਇਕ ਗੱਲ ਕਹਿਣ ਆਈ ਹਾਂ। ਕਾਲੀ ਕਿਰਿਆ, ਕਿਸੇ ਨੂੰ ਕਹੀਂ ਨਾ।...ਖਲਾਸੀ ਜੀ ਤਾਂ ਤੁਹਾਡੇ ਵਿਹੜੇ ਵਿਚ ਹੀ ਸੌਂਦੇ ਹਨ ਨਾ ? ਕਾਲੀ ਕਿਰਿਆ।"

ਸੁਰੰਗਾ ਸਦਾਬ੍ਰਿਜ ਦੀ ਕਥਾ ਸਮਾਪਤ ਹੋ ਗਈ ਹੈ। ਝਗੜਾ ਲੰਕਾਂ ਕਾਂਡ ਤਕ ਪਹੁੰਚ ਕੇ ਰਹਿ ਗਿਆ ਹੈ। ਸਹਿਦੇਵ ਮਿਸਰ ਮੱਛਰਾਂ ਤੋਂ ਕਦੋਂ ਤਕ ਦੇਹ ਦਾ ਖ਼ੂਨ ਚੁਸਵਾਵੇ।...ਸਾਲਾ ਖਲਾਸੀਆ ! ਸਾਲੀ ਹਰਾਮਜਾਦੀ।...ਅੱਛਾ ਕਲ੍ਹ ਦੇਖੂਗਾ।

ਪਿੰਡ ਵਿਚ ਚੁੱਪ ਫੈਲੀ ਹੋਈ ਹੈ, ਤੇ ਰਮਜੂਦੀ ਦਿਸਤਰੀ ਦੇ ਵਿਹੜੇ ਵਿਚ ਸਦਾਬ੍ਰਿਜ ਨੂੰ ਸੁਰੰਗਾ ਕਹਿ ਰਹੀ ਹੈ, "ਹਾਲੇ ਨਹੀਂ, ਜਦੋਂ ਬਾਪੂ ਚੁਮੌਨੇ ਲਈ ਨਹੀਂ ਮੰਨਣਗੇ, ਤਾਂ ਮੈਂ ਤੁਹਾਡੇ ਨਾਲ ਨੱਸ ਜਾਵਾਂਗੀ।"

"ਉਨ੍ਹਾਂ ਨੂੰ ਕਿਵੇਂ ਮਨਾਇਆ ਜਾਵੇ ? ਕਿਹੜਾ ਇਕ ਮਿਸਰ ਹੈ, ਸੁਣਿਆ ਹੈ...। ਸਦਾਬ੍ਰਿਜ ਵਿਚਾਰਾ ਕਹਿੰਦਾ ਹੈ।

"ਸਭ ਝੂਠੀਆਂ ਗੱਲਾਂ ਨੇਂ। ਤੁਸੀਂ ਬਾਲਦੇਵ ਜੀ ਨੂੰ ਕਹੋ।"

"ਕਿਹੜਾ ਬਾਲਦੇਵ ! ਪੁਰੈਨੀਆਂ ਆਸਰਮ ਵਾਲਾ ?"

"ਹਾਂ ! ਸਾਰੇ ਹੀ ਉਹਦੀ ਗੱਲ ਮੰਨਦੇ ਹਨ। ਬਾਬੂ ਬਾਬੂਆਣੀਆਂ ਵੀ ਉਸ ਤੋਂ ਬਾਹਰ ਨਹੀਂ। ਤੁਸੀਂ ਬੰਦਗੀ ਨਹੀਂ ਕਹਿਣਾ, ਜੈ ਹਿੰਦ ਕਹਿਣਾ।"

"ਪਰ ਉਹ ਤਾਂ ਸਾਡੇ ਨਾਲ ਬੜਾ ਨਰਾਜ ਹੈ। ਦੇਸ ਧਰੋਹੀਆਂ ਦੀ ਫ਼ਰਿਸਤ ਵਿਚ ਨਾਵਾਂ ਲਿਖਾ ਦਿਤਾ ਹੈ।"

"......ਮਾਂ ਲਈ ਨੱਕ ਦੀ ਇਕ ਬੁਲਾਕੀ ਲੈ ਆਉਣੀ। ਅਸਲੀ ਪਿੱਤਲ ਦੀ ਬੁਲਾਕੀ।"

## ਬਾਹਰਵਾਂ

ਮੱਠ ਵਿਚ ਆਚਾਰਜ ਗੁਰੂ ਆਉਣ ਵਾਲੇ ਹਨ। ਨਵੇਂ ਮਹੰਥ ਨੂੰ ਚਾਦਰ ਵਿਚ ਟਿੱਕਾ ਦੇਣ ਲਈ। ਮੁਜੱਫਰਪਰ ਜ਼ਿਲੇ ਦਾ ਇਕ ਮੁਰਤੀ ਆਇਆ ਹੈ।—ਲਰ ਸਿੰਘ ਦਾਸ। ਅਚਾਰਜ ਗੁਰੂ ਮੁਜੱਫਰਪੁਰ ਜ਼ਿਲੇ ਦੇ ਪੁਪੜੀ ਮੱਠ ਵਿਚ ਭੰਡਾਰੇ ਤੇ ਆਏ ਹਨ। ਲਰ ਸਿੰਘ ਦਾਸ ਖ਼ਬਰ ਲਿਆਇਆ ਹੈ......ਆਚਾਰਜ ਗੁਰੂ ਆ ਰਹੇ ਹਨ। ਮੱਠ ਦੇ ਸਾਰੇ ਸੇਵਕ ਸਤੀ, ਨੇੜੇ ਤੇੜੇ ਦੇ ਬਾਬੂ ਬਾਬੂਆਣ ਲੋਕਾਂ ਨੂੰ ਪਹਿਲਾਂ ਹੀ ਖ਼ਬਰ ਦੇ ਦਿਤੀ ਜਾਵੇ।

ਰਾਮ ਦਾਸ ਨੂੰ ਮਹੰਤੀ ਦਾ ਟਿੱਕਾ ਮਿਲੇਗਾ। ਮਹੰਥ ਸੇਵਾਦਾਰ ਦਾ ਉਹੋ ਹੀ ਇਕੋ ਇਕ ਚੇਲਾ ਹੈ।......ਰਾਮਦਾਸ ਸੋਚਦਾ ਹੈ, ਜੇ ਕਰ ਖੰਜੜੀ ਬਜਾਉਣੀ ਨਾ ਆਉਂਦੀ ਤਾਂ ਅਜ ਤਕ ਬੇਲਾਹੀ ਦੇ ਜਿਮੀਂਦਾਰ ਦੀ ਮੱਝ ਦੀ ਪੂਛ ਹੱਥੋਂ ਨਾ ਛੁਟਦੀ। ਮਹੰਤ ਸਾਹਿਬ ਉਹਦੀ ਖੰਜੜੀ ਸੁਣ ਕੇ ਮਸਤ ਹੋ ਗਏ ਅਤੇ ਉਹ ਰਾਤੋਂ ਹੀ ਮਹੰਤ ਸਾਬ੍ਹ ਨਾਲ ਦੌੜ ਕੇ ਮੇਰੀ ਗੰਜ ਮੱਠ ਵਿਚ ਪਹੁੰਚ ਗਿਆ।......ਪੰਦਰਾਂ ਸਾਲ ਪਹਿਲਾਂ ਦੀ ਗੱਲ। ਪੰਦਰਾਂ ਵਰ੍ਹਿਆਂ ਬਾਅਦ ਰਾਮਦਾਸ ਦੀ ਕਿਸਮਤ ਫਿਰੀ ਹੈ। "ਜੈ ਹੋ ਸਤਿਗੁਰੂ ਸਾਹਿਬ ਦੀ।"

ਨਿਯਮ ਅਨੁਸਾਰ ਸਾਰੇ ਪੰਚਾਂ ਦੀ ਹਾਜ਼ਰੀ ਵਿਚ ਨਵਾਂ ਮਹੰਥ ਇਕ ਇਕਰਾਰ ਨਾਵਾਂ ਲਿਖ ਦੇਵੇਗਾ। ਸਦਾ 'ਲੰਗੋਟਾਬੰਦ' ਰਹਿ ਕੇ ਸਤਿਗੁਰੂ ਦੇ ਸਥਾਨ ਦੀ ਰੱਖਿਆ ਕਰਾਂਗਾ। ਕਿਸੇ ਤਰ੍ਹਾਂ ਦਾ ਨਸ਼ਾ ਨਹੀਂ ਸੇਵਨ ਕਰਨਗੇ। ਦਾਸੀ ਰਖੇਲਨ ਨਹੀਂ ਰਖਣਗੇ। ਆਦਿ-ਆਦਿ। ਇਸ ਤੋਂ ਬਾਅਦ ਆਚਾਰਜ ਗੁਰੂ ਇਕ ਸੁਰਤਹਾਲ (ਮਹੰਤੀ ਦਾ ਦਸਤਾਵੇਜ਼) ਉਪਰ ਦਸਖਤ ਕਰਕੇ ਨਵੇਂ ਮਹੰਤ ਨੂੰ ਦੇਣਗੇ। ਫੇਰ ਚਾਦਰ ਟੀਕੇ ਦੀ ਵਿਧੀ...ਦਹੀਂ ਦਾ ਟਿੱਕਾ ਅਤੇ ਸਿਰ ਉਪਰ ਦੁੱਬਧਾਨ! ਬਸ, ਨਵੇਂ ਮਹੰਤ ਸਾਹਿਬ ਉਸ ਦਿਨ ਤੋਂ ਨੌਂ ਸੌ ਬਿੱਘੇ ਦੀ ਪਤਨੀ (ਛੋਟੀ ਜਿਮੀਂਦਾਰੀ) ਦੇ ਇਕੱਲੇ ਹੀ ਮਾਲਕ ਹੋ ਜਾਣਗੇ।

ਲਰ ਸਿੰਘ ਦਾਸ ਤਾਂ ਆਚਾਰਜ ਜੀ ਦਾ ਸੰਦੇਸਾ ਲੈ ਕੇ ਆਇਆ ਸੀ, ਪਰ ਮੇਰੀ ਗੰਜ ਮੱਠ ਵਿਚ ਇਕੋ ਰਾਤ ਰਹਿਣ ਤੋਂ ਬਾਅਦ ਉਹਦੇ ਮੱਥੇ ਤੇ ਮਹੰਥੀ ਦਾ ਮੋਹ ਸਵਾਰ ਹੋ

ਗਿਆ । ਨੌਂ ਸੌ ਬਿੱਘੇ ਦੀ ਖੇਤੀ । ਕਲਮੀ ਅੰਬਾਂ ਦਾ ਬਾਗ ! ਦਸ ਬਿੱਘਿਆਂ ਵਿਚ ਸਿਰਫ ਕੇਲਾ ਹੀ ਲੱਗਿਆ ਹੋਇਆ ਹੈ। ਇਕ ਇਕ ਘੌਰ ਵਿਚ ਹਜ਼ਾਰ ਕੇਲੇ ਫਲੇ ਹੋਏ ਹਨ । ਹਜ਼ਾਰੀਆ ਕੇਲਾ । ਦੋ ਕੋੜੀ ਗਾਵਾਂ, ਚਾਰ ਗੁਜਰਾਤੀ ਮੱਝਾਂ ਅਤੇ ਸਭ ਤੋਂ ਕੀਮਤੀ ਦੌਲਤ-ਅਮੁਲ ਧਨ-ਲੱਛਮੀ ਦਾਸਣ । ਲੱਛਮੀ ਦਾਸਣ ਕਹਿੰਦੀ ਹੈ, ਮਹੰਤ ਸਾਹਿਬ ਦਾ ਬਸ ਇਹੋ ਇਕ ਚੇਲਾ ਹੈ ਰਾਮ ਦਾਸ। ਤਾਂ ਕਾਨੂੰਨਨ ਰਾਮਦਾਸ ਹੀ ਹੋਣ ਵਾਲਾ ਅਧਿਕਾਰੀ ਮਹੰਤ ਹੈ, ਰਾਮਦਾਸ ! ਕਾਠ ਦਾ ਉੱਲੂ ਰਾਮਦਾਸ । ਸਤਿਗੁਰੂ ਜੀ । ਇਹ ਹਨੇਰ ਹੈ । ਰਾਮਦਾਸ ਮਹੰਥ ਨਹੀਂ ਹੋ ਸਕਦਾ । ਸ਼ਿੰਗੂਦਰ ਵਰਗੀ ਤਾਂ ਸੂਰਤ ਹੈ, ਉਹ ਮਹੰਤ ਬਣੇਗਾ ? ਨਹੀਂ ਹੋ ਸਕਦਾ, ਅਤੇ ਇਹ ਲੱਛਮੀ......? ਸਰਾਪ ਭ੍ਰਸ਼ਟਾ ਅਪਸਰਾ।

ਲੱਛਮੀ ਨੇ ਲਰ ਸਿੰਘ ਦਾਸ ਦੀਆਂ ਅੱਖਾਂ ਵਿਚ ਪਤਾ ਨਹੀਂ ਕੀ ਦੇਖਿਆ ਹੈ, ਉਹ ਉਹਦੀ ਛਾਂ ਤੋਂ ਵੀ ਬਚ ਕੇ ਚਲਦੀ ਹੈ, ਰਾਤੀਂ ਬੂਹੇ ਮਜ਼ਬੂਤੀ ਨਾਲ ਬੰਦ ਕਰਕੇ ਸੌਂਦੀ ਹੈ । ਬੂਹੇ ਦੀ ਚਿਟਕਣੀ ਲਾਉਣ ਪਿਛੋਂ ਇਕ ਉਖਲੀ ਬੂਹੇ ਨਾਲ ਰਖ ਦਿੰਦੀ ਹੈ ।... ...ਲਰ ਸਿੰਘ ਦਾਸ ਨੂੰ ਸ਼ਾਇਦ ਬਹੁਮੂਤਰ ਦੀ ਬੀਮਾਰੀ ਹੈ; ਰਾਤ ਵਿਚ ਦਸ ਬਾਰਾਂ ਵਾਰੀ ਪਿਸ਼ਾਬ ਕਰਨ ਲਈ ਉਠਦਾ ਹੈ । ਧੂਣੀ ਕੋਲ ਸੁੱਤਾ ਹੋਇਆ ਰਾਮਦਾਸ ਉਸ ਨੂੰ ਹਰ ਵਾਰ ਟੋਕਦਾ ਹੈ...ਕੌਣ ?'' ਲਰ ਸਿੰਘ ਦਾਸ ਕਦੀ ਜਵਾਬ ਨਹੀਂ ਦਿੰਦਾ । ਕਲ੍ਹ ਰਾਤੀਂ ਇਕ ਵਾਰ ਗੁੱਸੇ ਵਿਚ ਜਵਾਬ ਦਿਤਾ—''ਮਹੰਤ ਹੋਣ ਤੋਂ ਪਹਿਲਾਂ ਹੀ ਅੰਨ੍ਹੇ ਹੋ ਗਏ ਹੋ ? ਦੇਖਦੇ ਨਹੀਂ ?...ਜਿਦਾਂ ਦਾ ਗੁਰੂ ਉਦਾਂ ਦਾ ਚੇਲਾ ।'' ਰਾਮਦਾਸ ਜਲ ਭੁਜ ਕੇ ਰਹਿ ਗਿਆ ਸੀ। ਸਵੇਰੇ ਸਤਿਸੰਗ ਵੇਲੇ ਲੱਛਮੀ ਵਰ੍ਹ ਪਈ ਸੀ— ''ਕਿਉਂ ਤੁਸੀਂ ਉਹੋ ਜਿਹੀ ਭਾਖਾ ਬੋਲੇ ਸੀ ? ਮਹੰਤ ਹੋਣ ਤੋਂ ਪਹਿਲਾਂ ਹੀ ਅੰਨ੍ਹੇ ਹੋ ਗਏ । ਜਿਦਾਂ ਦਾ ਗੁਰੂ......। ਗੁਰੂ ਨਿੰਦਿਆ ਸੁਣਹਿ ਜੋ ਕਾ ਨਾ......। ਮੈਂ ਗੁਰੂ ਨਿੰਦਿਆ ਨਹੀਂ ਸੁਣ ਸਕਦੀ ? ਰਾਮਦਾਸ ਨੂੰ ਤੁਸੀਂ ਕੀ ਸਮਝਦੇ ਹੋ ? ਉਹ ਇਸ ਮੱਠ ਦਾ ਅਧਿਕਾਰੀ ਮਹੰਥ ਹੈ । ਤੁਹਾਡੇ ਜਿਹੇ ਇਕ ਕੋੜੀ ਬਿਲਟਾ (ਆਵਾਰਾ) ਸਾਧੂਆਂ ਨੂੰ ਉਹ ਰੋਜ਼ ਪ੍ਰਸ਼ਾਦ ਬਰਤਾਏਗਾ । ਗੱਲ ਕਰਨੀ ਵੀ ਨਹੀਂ ਜਾਣਦੇ ? ਆਉਣ ਦਿਓ ਆਚਾਰਜ ਜੀ ਨੂੰ ।''

ਰਾਮਦਾਸ ਵੀ ਸੁਣਾ ਦਿੰਦਾ ਹੈ—''ਰਾਤੀਂ ਅਸੀਂ ਛੱਡ ਦਿਤਾ, ਪਰ ਹੁਣ ਬੋਲੇਗਾ ਤਾਂ ਸਿੱਧਾ ਪੱਛੋਂ ਦਾ ਰਾਹ ਦਿਖਾ ਦਿਆਂਗੇ । ਹਾਂ ਸਮਝ ਲੈਣਾ ।''

ਭੰਡਾਰੀ ਤਾਂ ਨੰਬਰੀ ਸ਼ੈਤਾਨ ਹੈ । ਕਲ੍ਹ ਤੋਂ ਹੀ ਉਹਨੇ ਬਦਮਾਸ਼ੀ ਸ਼ੁਰੂ ਕੀਤੀ ਹੈ । ਦਾਲ ਦੀ ਕੌਲੀ ਵਿਚ ਸਿਰਫ ਪਾਣੀ ਹੀ ਹੁੰਦਾ ਹੈ । ਆਲੂ ਦੀ ਭੁਜਿਆ ਦੁਬਾਰਾ ਨਹੀਂ ਦਿੰਦਾ। ਘਿਉ ਮੰਗਣ ਤੇ ਕਹਿੰਦਾ ਹੈ—''ਦਾਲ ਘਿਓ ਤੋਂ ਬਘਾਰਲ ਹੈ ।'' ਕੇਲਾ ਵਿਕਣ ਲਈ ਮੰਡੀ ਭੇਜ ਦਿਤਾ ਜਾਂਦਾ ਹੈ । ਦੁੱਧ ਵਿਚ ਪਾਣੀ ਪਾ ਕੇ ਦਿੰਦਾ ਹੈ । ਬਾਲ ਭੋਗ ਵਿਚ ਪਹਿਲਾਂ ਦਹੀਂ ਚੂੜਾ ਦਿੰਦਾ ਸੀ, ਕਲ੍ਹ ਤੋਂ ਸਿਰਫ ਚੂੜਾ ਲਿਆ ਕੇ

ਰਖ ਦਿੰਦਾ ਹੈ।

ਬਿਲਟਾ ਸਾਧੂ ?......ਰੰਡੀ ਦੀ ਇਹ ਹਿੰਮਤ ! ਓਹਨੂੰ ਬਿਲਟਾ ਸਾਧੂ ਕਹਿੰਦੀ ਹੈ ? ਅੱਛਾ ! ਅੱਛਾ !

ਲੱਛਮੀ ਉਹਨੂੰ ਪਹਿਲਾਂ ਤੋਂ ਨਹੀਂ ਜਾਣਦੀ। ਕਿਵੇਂ ਜਾਣ ਸਕਦੀ ਹੈ ? ਉਹ ਕਦੀ ਪਹਿਲਾਂ ਇਥੇ ਆਇਆ ਨਹੀਂ। ਪੁਪੜੀ ਮੱਠ ਤੋਂ ਵੀ ਕਦੀ ਕੋਈ ਮੂਰਤੀ ਇਥੇ ਨਹੀਂ ਆਇਆ।..... ਸੋਨਮਤਿਆ ਕਹਾਰਨ ਵੀ ਤਾਂ ਨਹੀਂ ਆਈ ਏਥੇ। ਸੰਭਵ ਹੈ, ਉਦੋਂ ਆਪਣੀ ਧੀ ਰਧਿਆ ਨੂੰ ਲੱਭਣ ਲਈ ਏਥੇ ਪਹਿਲਾਂ ਵੀ ਪਹੁੰਚੀ ਹੋਵੇ। ਠੀਕ ਹੈ,......। ਰਧਿਆ। ਰਧਿਆ ਨੂੰ ਪਹਿਲੀ ਵਾਰ ਜਦੋਂ ਦੇਖਿਆ ਤਾਂ ਉਹਦੇ ਮਨ ਦੀ ਇਹੋ ਜਿਹੀ ਹੀ ਹਾਲਤ ਹੋਈ ਸੀ। ਪੁੜਪੁੜੀ ਸਦਾ ਗਰਮ ਰਹਿੰਦੀ ਸੀ, ਪਰ ਰਧਿਆ ਅਲ੍ਹੜ ਸੀ। ਇਕੋ ਚੱਕਰ ਵਿਚ ਜਾਲ 'ਚ ਆ ਗਈ ਸੀ। ਲੱਛਮੀ ਤਾਂ ਪੁਰਾਣੀ ਹੈ, ਖੇਖਨਹਾਰੀ ਹੈ। ਏਨ੍ਹੇ ਸੱਤਰ ਚੂਹੇ ਖਾਧੇ ਹੋਏ ਨੇ।......ਜੇ ਉਹ ਰਧਿਆ ਨੂੰ ਲੈ ਕੇ ਨੌਟੰਕੀ ਕੰਪਨੀ ਵਿਚ ਨਾ ਸ਼ਾਮਲ ਹੁੰਦਾ ਤਾਂ ਰਧਿਆ ਹਥੋਂ ਨਾਂ ਜਾਂਦੀ। ਨੌਟਕੀ ਕੰਪਨੀ ਦੇ ਮਾਲਕ ਦੀ ਹੀ ਗੱਲ ਹੁੰਦੀ ਤਾਂ ਸਹਿ ਸਕਦਾ ਸੀ, ਹਾਰਮੋਨਿਅਮ ਤੇ ਨਗਾਰੇ ਵਾਲੇ ਵੀ ਰਧਿਆ ਨੂੰ ਕਦੀ ਫ਼ੁਰਸਤ ਨਹੀਂ ਦਿੰਦੇ ਸਨ। ਕਦੀ ਤਾਲ ਦਾ ਰਿਹਸਲ ਕਰਨਾ ਹੈ, ਤੇ ਕਦੀ ਨਾਚ ਸਿਖਾਉਣਾ ਹੈ।......ਰਧਿਆ ਸਾਲੀ ਵੀ ਕੁੱਤੀ ਹੀ ਸੀ। ਉਹ ਵੀ ਤਾਂ ਬਦਲ ਗਈ ਸੀ।

ਲਰ ਸਿੰਘ ਦਾਸ ਆਪਣੇ ਸਿਰ ਦੇ ਦਾਗ਼ ਉਤੇ ਹੱਥ ਫੇਰ ਕੇ ਮਫਲਰ ਨਾਲ ਢਕ ਲੈਂਦਾ ਹੈ—ਸਾਲੇ ਨਗਾਰਚੀ ਨੇ ਬਿਲਕੁਲ ਸਾਹਮਣੇ ਮੱਥੇ ਉਤੇ ਡੰਡਾ ਮਾਰਿਆ ਸੀ।

......ਮੱਠ ਵਿਚ ਪਰਤਦਿਆਂ ਮਹੰਤ ਸਾਹਿਬ ਨੇ ਖੜਾਵਾਂ ਨਾਲ ਭੁਗਤ ਸੁਆਰੀ ਸੀ। ਪਰ ਸੱਤ ਦਿਨਾਂ ਦੇ ਭੁੱਖੇ ਸਰੀਰ ਵਿਚ ਦੌੜਨ ਜੋਗਾ ਸਾਹ ਸਤ ਕਿਥੇ ਸੀ। ਸਿਰ ਦਾ ਜ਼ਖ਼ਮ ਹਾਲੇ ਅੱਲਾ ਹੀ ਸੀ। ਮਹੰਤ ਸਾਹਿਬ ਦੀਆਂ ਖੜਾਵਾਂ ਗੁਰੂ ਦੀਆਂ ਖੜਾਵਾਂ ਸਨ। ਮਹੰਤ ਸਾਬ੍ਹ ਦੇ ਪੈਰਾਂ ਉਤੇ ਉਹ ਲੇਟਿਆ ਰਿਹਾ। ਉਹ ਬੜੇ ਦਿਆਲੂ ਪੁਰਸ਼ ਹਨ। ਲਰ ਸਿੰਘ ਦਾਸ ਉਨ੍ਹਾਂ ਦਾ ਇਕਲੌਤਾ ਚੇਲਾ ਸੀ। ਗੁਰੂ ਨੇ ਖਿਮਾਂ ਕਰ ਦਿਤਾ। ਮਹੰਤ ਸਾਹਬ ਦੇ ਸਰੀਰ ਤਿਆਗਣ ਤੋਂ ਬਾਅਦ ਪੁਪੜੀ ਮੱਠ ਦੀ ਮਹੰਤੀ ਉਹਨੂੰ ਹੀ ਮਿਲਦੀ, ਪਰ ਰਾਮਬਰਨ ਕੋਇਰੀ ਨੇ ਉਹਦੀ ਮੱਤ ਫੇਰ ਦਿਤੀ ਸੀ......"ਲਰ ਸਿੰਘ ਦਾਸ, ਨੇਪਾਲੀ ਗਾਂਜੇ ਤੋਂ ਬੜਾ ਨਫਾ ਹੁੰਦਾ ਹੈ। ਦਸ ਰੁਪਏ ਦਾ ਲਿਆਓ ਅਤੇ ਚਾਰ ਸੌ ਬਣਾਓ। ਨੇਪਾਲ ਵਿਚ ਚਾਰ ਆਨੇ ਸੇਰ ਗਾਂਜਾ ਮਿਲਦਾ ਹੈ। ਬਰਾਹ ਛੱਤਰ ਮੇਲੇ ਸਮੇਂ ਚਲੋ।"

ਮਹੰਤ ਸਾਹਬ ਨੇ ਜਦੋਂ ਸਰੀਰ ਤਿਆਗਿਆ ਤਾਂ ਉਹ ਜੇਲ ਵਿਚ ਸੀ। ਮਹੰਤ ਸਾਹਿਬ ਨੇ ਮਰਨ ਵੇਲੇ ਜਿਊਤ ਦਾਸ ਨੂੰ ਚੇਲਾ ਕਬੂਲ ਕੇ 'ਵਿਲ' ਲਿਖ ਦਿਤੀ।......ਨਹੀਂ ਤਾਂ

ਉਹ ਵੀ ਇਕ ਮੱਠ ਦਾ ਮਹੰਤ ਹੁੰਦਾ । ਫੇਰ ਲੱਛਮੀ ਉਹਨੂੰ ਬਿਲਟਾ ਸਾਧੂ ਨਹੀਂ ਸੀ ਕਹਿ ਸਕਦੀ। ਫੇਰ ਤਾਂ ਪੈਰ ਪਸਾਰ ਕੇ ਪੈਰਾਂ ਦੇ ਦਸਾਂ ਨੌਹਾਂ ਨੂੰ ਧੋ ਕੇ ਉਹ ਪ੍ਰੇਮ ਨਾਲ ਚਰਨੋਦਕ ਪੀਂਦੀ ।......ਪਰ ਉਹ ਲੱਛਮੀ ਨੂੰ ਚਰਨੋਦਕ ਪਿਆ ਕੇ ਛੱਡੇਗਾ।

"ਰਾਮਦਾਸ ।"

"ਕੀ ਹੈ ? ਰਾਮਦਾਸ ਮਤ ਬੋਲ, ਅਧਿਕਾਰੀ ਜੀ ਕਹਿ ।"

"ਕੁਠਾਰਨ ਨੂੰ ਕਹੋ ਕਿ ਲਰ ਸਿੰਘ ਦਾਸ ਅਜ ਜਾ ਰਹੇ ਹਨ ।"

"ਜਾ ਰਹੇ ਹਨ ਤਾਂ ਜਾਓ ।"

"ਤੂੰ ਕੁਠਾਰਨ ਨੂੰ ਕਹਿ......।"

"ਤੂੰ ਤੜਾਕ ਨਾ ਬੋਲ । ਕੁਠਾਰਨ ਜੀ ਨੂੰ ਕੀ ਕਹਾਂਗੇ, ਰਾਹ ਖ਼ਰਚ ਕਲ੍ਹ ਹੀ ਕੁਠਾਰਨ ਜੀ ਨੇ ਦਿਤਾ ਹੈ ।"

ਰਾਮਦਾਸ ਝੋਲੀ ਵਿਚੋਂ ਇਕ ਪੰਜ ਰੁਪਏ ਦਾ ਨੋਟ ਕਢ ਕੇ ਲਰ ਸਿੰਘ ਦਾਸ ਵਲ ਸੁੱਟ ਦਿੰਦਾ ਹੈ ।

"ਅਸੀਂ ਪੁਛਣਾ ਚਾਹੁੰਦੇ ਹਾਂ ਕਿ ਕਠਾਰਨ ਨੇ ਸਾਡਾ ਅਪਮਾਨ ਕਿਉਂ ਕੀਤਾ ? ਸਾਨੂੰ ਬਿਲਟਾ ਕਿਉਂ ਕਿਹਾ ? ਸਾਡੇ ਆਚਾਰਜ ਗੁਰੂ ਨੂੰ ਕਿਉਂ ਗਾਲ੍ਹ ਕੱਢੀ ?"

"ਆਚਾਰਜ ਗੁਰੂ ਨੂੰ ਕਦੋਂ ਗਾਲ੍ਹ ਕੱਢੀ ਹੈ ?"

"ਕੱਢੀ ਹੈ । ਬੋਲੀ ਨਹੀਂ ਸੀ......ਪੂਜਾ ਵਿਦਾਈ ਲੈਣ ਵੇਲੇ ਆਚਾਰਜ ਗੁਰੂ ਹਨ, ਬੇਰ ਬਖਤ ਪੈਣ ਤੇ ਸਿੱਧਾ ਜਵਾਬ ਮਿਲਦਾ ਹੈ, ਅਜ ਆਚਾਰਜ ਗੁਰੂ ਬਣੇ ਹਨ, ਕਲ੍ਹ ਤਕ ਤਾਂ ਗੁਰੂ ਭਾਈ ਸਨ। ਇਹ ਗਾਲ੍ਹ ਨਹੀਂ ਤਾਂ ਹੋਰ ਕੀ ਹੈ ?"

"ਸੰਸਾਰ ਵਿਚ ਸੱਤ ਦਾ ਵੀ ਲੇਸ ਮਾਤਰ ਰਹਿਣ ਦਿਓ, ਸਾਧੂ ਮਹਾਰਾਜ ।" ਲੱਛਮੀ ਅੰਦਰੋਂ ਨਿਕਲ ਕੇ ਕਹਿੰਦੀ ਹੈ, "ਸਾਧੂ ਦਾ ਕੰਮ ਝੂਠ ਬੋਲਣਾ ਨਹੀਂ ਹੈ । ਛੀ—ਛੀ ।"

"ਛੀ—ਛੀ ਕੀ ? ਸਾਨੂੰ ਬਿਲਟਾ ਨਹੀਂ ਕਿਹਾ ਹੈ......ਐ......ਐ......ਤੂੰ ?"

"ਰਾਮਦਾਸ" ਲੱਛਮੀ ਗਰਜਦੀ ਹੈ, "ਗਰਦਨ ਫੜ ਕੇ ਕਢ ਦੇ ਇਹਨੂੰ ਬਾਹਰ । ਇਹ ਸਾਧੂ ਨਹੀਂ । ਰਾਖਸ਼ਸ ਹੈ। ਇਹਦੇ ਸਿਰ ਮਾਇਆ ਸਵਾਰ ਹੈ। ਇਹਨੂੰ ਪੁੱਛ ਅਜ ਸਵੇਰੇ ਜਦੋਂ ਮੈਂ ਅਸ਼ਨਾਨ ਕਰ ਰਹੀ ਸਾਂ ਤਾਂ ਬਾਂਸ ਦੀ ਟੱਟੀ ਵਿਚ ਛੇਕ ਕਰਕੇ ਇਹ ਕੀ ਦੇਖਦਾ ਸੀ ? ਸ਼ੈਤਾਨ।"

ਲੱਛਮੀ ਫੁੰਕਾਰਦੀ ਹੋਈ ਅੰਦਰ ਚਲੀ ਜਾਂਦੀ ਹੈ ।

ਰਾਮਦਾਸ ਉਠ ਕੇ ਲਰ ਸਿੰਘ ਦਾਸ ਨੂੰ ਗਲੋਂ ਫੜ ਕੇ ਧੱਕਾ ਦਿਦਾ ਹੈ । ਲਰ ਸਿੰਘ ਦਾਸ ਪੌੜੀ ਵਿਚ ਡਿਗ ਪੈਂਦਾ ਹੈ, ਨੱਕ 'ਚੋਂ ਲਹੂ ਨਿਕਲ ਰਿਹਾ ਹੈ ।

"ਜੈ ਹਿੰਦ ਰਾਮਦਾਸ ਜੀ ! ਇਹ ਕੀ ? ਕੀ ਹੋਇਆ ?" ਬਲਦੇਵ ਜੀ ਲਹੂ ਦੇਖ ਕੇ ਘਬਰਾ ਜਾਂਦੇ ਹਨ ।

"ਕੁਛ ਨਹੀਂ **ਪੱਛਵਰਿਆ** ਸਾਧੂ ਹੈ। ਕਾਇਆ ਵਿਚ ਕਿਤੇ ਸਾਧੂ ਸੁਭਾ ਨਹੀਂ। ਕੁਠਾਰਨ ਜੀ ਨਾਲ ਤੂੰਤ ਤੜਾਕ ਕਰਦਾ ਸੀ।"

"ਤਾਂ ਮਾਰ ਕੁਟਾਈ ਕਿਉਂ ਹੋਈ ? ਸ਼ਾਂਤੀ ਨਾਲ ਕੰਮ ਕਰਨਾ ਚਾਹੀਦਾ ਹੈ। ਹਿੰਸਾਵਾਦ ਨਹੀਂ ਕਰਨਾ ਚਾਹੀਦਾ।"

"ਰਾਮਦਾਸ ! ਬਾਲਦੇਵ ਜੀ ਨੂੰ ਅੰਦਰ ਭੇਜ ਦਿਓ ।"

ਲਰ ਸਿੰਘ ਦਾਸ ਨੱਕ ਦਾ ਲਹੂ ਪੂੰਝਦਾ ਹੋਇਆ ਦੇਖਦਾ ਹੈ—ਬਲਦੇਵ ਨਾਂ ਦਾ ਇਹ ਖੱਦਰਧਾਰੀ ਬੰਦਾ ਅੰਦਰ ਜਾ ਰਿਹਾ ਹੈ—ਸਿੱਧਾ ਲੱਛਮੀ ਦੀ ਕੋਠੜੀ ਵਿਚ।......"ਜੈ ਹਿੰਦ ਬਲਦੇਵ ਜੀ।"

......ਸ਼ਾਇਦ ਇਹ ਖੱਦਰਧਾਰੀ ਅਤੇ ਲੱਛਮੀ ਇਕੋ ਆਸਣ ਤੇ ਬੈਠੇ ਹੋਏ ਹਨ, ਬਿਲਕੁਲ ਨਾਲੋ ਨਾਲ-ਦੇਹ ਨਾਲ ਦੇਹ ਜੋੜ ਕੇ......ਅੱਛਾ।

## ਤੇਰਾਂ

ਪਿੰਡ ਦੇ ਗ੍ਰਹਿ ਚੰਗੇ ਨਹੀਂ।

ਸਿਰਫ ਜੋਤਖੀ ਜੀ ਨਹੀਂ, ਪਿੰਡ ਦੇ ਸਾਰੇ ਮੁਹਤਬਰ ਲੋਕ ਮਨ ਹੀ ਮਨ ਸੋਚ ਵਿਚਾਰ ਕਰ ਰਹੇ ਹਨ—ਪਿੰਡ ਦੇ ਗ੍ਰਹਿ ਚੰਗੇ ਨਹੀਂ।

ਤਹਿਸੀਲਦਾਰ ਸਾਹਿਬ ਨੂੰ ਸਟੇਟ ਦੇ ਸਰਕਲ ਮੈਨੇਜਰ ਨੇ ਬੁਲਾ ਕੇ ਇਕਾਂਤ ਵਿਚ ਕਿਹਾ ਹੈ, "ਇਕ ਸਾਲ ਦਾ ਵੀ ਖ਼ਜ਼ਾਨਾ ਜਿਨ੍ਹਾਂ ਲੋਕਾਂ ਕੋਲ ਬਕਾਇਆ ਹੈ, ਉਨ੍ਹਾਂ ਤੇ ਚੁਪਚਾਪ ਨਾਲਿਸ਼ ਕਰ ਦਿਓ। ਮਿਲ ਮਿਲਾ ਕੇ ਨੋਟਸ 58 ਬੀ ਤਾਮੀਲ ਕਰਵਾ ਲਵੋ। ਕੁਰਕੀ ਅਤੇ ਇਸ਼ਤਿਹਾਰ ਜਾਰੀ ਕਰਕੇ ਸਰ ਜ਼ਮੀਨ ਤੇ ਚਪੜਾਸੀ ਨੂੰ ਲਿਜਾਣ ਦੀ ਜ਼ਰੂਰਤ ਨਹੀਂ। ਕਚਹਿਰੀ ਵਿਚ ਹੀ ਬੈਠ ਕੇ ਪਿੰਡ ਦੇ ਚਮਾਰ ਕੋਲੋਂ ਅੰਗੂਠੇ ਦਾ ਨਿਸ਼ਾਨ ਲੁਆ ਕੇ ਡੌਂਡੀ ਪਿਟਣ ਦੀ ਰਸੀਦ ਬਣਵਾ ਲਵੋ।......ਪਿੰਡ ਦੇ ਇਕ ਦੋ ਗੁਆਹਾਂ ਨੂੰ ਵੀ ਕਾਇਮ ਕਰ ਰਖੋ। ਸਟੇਟ ਕੋਲੋਂ ਉਨ੍ਹਾਂ ਨੂੰ ਭੱਤਾ ਮਿਲੇਗਾ। ਇਨ੍ਹਾਂ ਕਾਂਗਰਸੀਆਂ ਦਾ ਕੁਛ ਪਤਾ ਨਹੀਂ।"

ਸਿੰਘ ਜੀ ਯਾਦਵ ਟੋਲੇ ਦੇ ਨੁੜੇਲਾਂ (ਬਦਮਾਸ਼ਾਂ) ਦਾ ਸੀਨਾ ਤਾਣ ਕੇ ਚਲਣਾ ਬਰਦਾਸ਼ਤ ਨਹੀਂ ਕਰ ਸਕਦੇ। ਜੋਤਖੀ ਜੀ ਠੀਕ ਕਹਿੰਦੇ ਹਨ—ਬਾਰ ਬਾਰ ਲਾਠੀ ਭਾਲਾ ਦਿਖਾਉਂਦੇ ਹਨ। ਹੌਂਸਲਾ ਵਧ ਗਿਆ ਹੈ, ਹੁਣ ਤਾਂ ਰਾਹ ਚਲਦਿਆਂ ਦੁਆ ਸਲਾਮ ਵੀ ਨਹੀਂ ਕਰਦੇ। ਯਾਦਵ ਲੋਕ ! ਕੱਲਿਆਂ ਕਦੀ ਕਦੀ ਖਿਝਾਉਣ ਲਈ ਨਮਸਕਾਰ ਕਰਦਾ ਹੈ। ਸੁਣ ਕੇ ਦੇਹ 'ਚ ਅੱਗ ਲਗ ਜਾਂਦੀ ਹੈ। ਪਰ ਸਿੰਘ ਜੀ ਕੀ ਕਰਨ ?

ਰਾਜਪੂਤ ਟੋਲੀ ਦੇ ਨੌਜਵਾਨ ਵੀ ਹੌਲੀ ਹੌਲੀ ਗੁਆਲਿਆਂ ਦੇ ਦਲ ਵਿਚ ਰਲ ਰਹੇ ਹਨ। ਅਖਾੜੇ ਵਿਚ ਗੁਆਲਿਆਂ ਨਾਲ ਘੋਲ ਕਰਦੇ ਹਨ। ਰੋਜ਼ ਸ਼ਾਮੀ ਕੀਰਤਨ 'ਚ ਵੀ ਜਾਣ ਲਗ ਪਏ ਨੇ। ਹਰਗੌਰੀ ਠੀਕ ਕਹਿੰਦਾ ਸੀ—ਜੇ ਇਹੋ ਹਾਲਤ ਰਹੀ ਤਾਂ ਪੰਜ ਸੱਤ ਵਰ੍ਹਿਆਂ ਬਾਅਦ ਗਵਾਲੇ ਧੀਆਂ ਮੰਗਣਗੇ। ਤਦ ਕਾਲੀ ਕੁੜਤੀ ਵਾਲਿਆਂ ਬਾਰੇ ਹਰਗੌਰੀ ਜੋ ਕੁਝ ਕਹਿੰਦਾ ਸੀ, ਉਨ੍ਹਾਂ ਲੋਕਾਂ ਨੂੰ ਬੁਲਾ ਲਿਆ ਜਾਵੇ ? ਕਹਿੰਦਾ ਸੀ, ਲਾਠੀ ਭਾਲਾ ਸਿਖਾਉਣ ਵਾਲਾ ਮਾਸਟਰ ਆਏਗਾ। ਸੰਜੋਗਕ ਜੀ ਜਾਂ ਸੰਚਾਲਕ ਜੀ, ਕੀ ਕਹਿੰਦਾ ਸੀ ਕਿ ਆਉਣਗੇ। ਹਿੰਦੂ ਰਾਜ-ਮਹਾਰਾਣਾ ਪ੍ਰਤਾਪ ਅਤੇ ਸ਼ਿਵਾ ਜੀ ਦਾ ਰਾਜ ਹੋਵੇਗਾ। ਹਰਗੌਰੀ ਅਜ ਕਲ੍ਹ ਵੱਡੀਆਂ ਵੱਡੀਆਂ ਗੱਲਾਂ ਕਰਦਾ ਹੈ।

ਭੰਡਾਰੇ ਵਾਲੇ ਦਿਨ ਸਿੰਘ ਜੀ ਰੁੱਸੇ ਹੋਏ ਖਿਲਾਵਨ ਸਿੰਘ ਯਾਦਵ ਨੂੰ ਘਰੋਂ ਜ਼ਬਰ-ਦਸਤੀ ਖਿਚ ਲਿਆਏ ਸਨ, ਪਰ ਖਿਲਾਵਨ ਸਿੰਘ ਦਾ ਮਨ ਰੁਸਿਆ ਹੋਇਆ ਹੀ ਸੀ। ਜੋਤਖੀ ਚਾਚਾ ਰੋਜ਼ ਆਉਂਦੇ ਹਨ। ਉਹਨਾਂ ਨੇ ਕਿਹਾ ਹੈ, ਸਕਲਦੀਪ ਦਾ ਅਠਾਰ੍ਹਵੇਂ ਸਾਲ ਦੀ ਉਮਰ ਵਿਚ ਮਾਤਾ ਜਾਂ ਪਿਤਾ ਦਾ ਬਿਜੋਗ ਲਿਖਿਆ ਹੋਇਆ ਹੈ। ਸਕਲ-ਦੀਪ ਦਾ ਇਹ ਸਤਾਰ੍ਹਵਾਂ ਚਲ ਰਿਹਾ ਹੈ। ਸਕਲਦੀਪ ਦੀ ਮਾਂ ਬੇਟੇ ਦਾ ਮੁਕਲਾਵਾ ਲਿਆਉਣ ਲਈ ਰੋਜ਼ ਤਕਾਜ਼ਾ ਕਰਦੀ ਹੈ। ਬੇਟੇ ਨੂੰ ਵਕੀਲ ਬਣਾਨ ਦੀ ਇੱਛਾ ਸ਼ਾਇਦ ਕਾਲੀ ਮਾਈ ਪੂਰੀ ਨਹੀਂ ਹੋਣ ਦੇਵੇਗੀ। ਮੁਕਲਾਵੇ ਬਾਅਦ ਫੇਰ ਕੀ ਪੜ੍ਹੇਗਾ। ਮਾਤਾ ਪਿਤਾ ਦਾ ਬਿਜੋਗ ? ਬਲਦੇਵ ਨੂੰ ਸਾਰੀ ਦੁਨੀਆਂ ਦੀ ਭਲਾਈ ਤਾਂ ਸੁਝਦੀ ਹੈ ਪਰ, ਜਿਸ ਦਾ ਨਮਕ ਖਾਂਦਾ ਹੈ, ਉਹਦੇ ਲਈ ਇਕ ਤਿਨਕਾ ਵੀ ਤਾਂ ਸੋਚੇ। ਦਿਨ ਭਰ ਤਹਿਸੀਲਦਾਰ ਕੋਲ ਬੈਠਾ ਰਹਿੰਦਾ ਹੈ, ਅਤੇ ਸ਼ਾਮੀ ਕੀਰਤਨ ! ਕਮਲਾ ਕਿਨਾਰੇ ਵਾਲੇ ਇਕ ਜਮਾਂ ਵਿਚ ਕਲਰੂ ਪਾਸਵਾਨ ਦੇ ਦਾਦੇ ਦਾ ਨਾਂ ਕਾਇਮੀ ਬਟਾਈਦਾਰ ਦੀ ਹੈਸੀਅਤ ਵਿਚ ਦਰਜ ਹੈ। ਬਾਲਦੇਵ ਨੂੰ ਕਿਹਾ ਕਿ ਕਲਰੂ ਨੂੰ ਕਹਿ ਸੁਣ ਕੇ ਸੁਪੁਰਦੀ ਲਿਖਵਾ ਦਿਓ ਜਾਂ ਰਜਿਸਟਰੀ ਕਰਾ ਦਿਓ, ਤਾਂ ਗੌਲਿਆ ਹੀ ਨਹੀਂ। ਹਲਵਾਹਾ-ਗੋਨਾਏ ਤਤਮਾਂ ਕਲ੍ਹ ਤੋਂ ਹੀ ਹਲ ਵਾਹੁਣ ਨਹੀਂ ਆਉਂਦਾ, ਕਹਿੰਦਾ ਹੈ, "ਪਿਛਲੇ ਸਾਲ ਦੇ ਬਕਾਇਆ ਦਾ ਹਿਸਾਬ ਕਰ ਦਿਓ ਤਾਂ ਹਲ ਚੁਕਾਂਗੇ।" ਬਾਲਦੇਵ ਟੁਕਰ ਟੁਕਰ ਦੇਖਦਾ ਰਿਹਾ ਕੁੱਛ ਬੋਲਿਆ ਵੀ ਨਹੀਂ। ਉਲਟਾ ਸਾਡੇ ਨਾਲ ਬਹਿਸ ਕਰਨ ਲਗਾ...

"......ਗਰੀਬ ਲੋਕਾਂ ਦਾ ਦਰਮਾਹਾ (ਮਜੂਰੀ) ਨਹੀਂ ਰੋਕਣਾ ਚਾਹੀਦਾ ਭਰਾ ਜੀ।"

ਜੋਤਖੀ ਜੀ ਦੀ ਅਠਾਰਾਂ ਵਰ੍ਹਿਆਂ ਦੀ ਨਵੀਂ ਵਹੁਟੀ ਕੰਚੀਰਾਵਾਲੀ ਦੇ ਢਿਡ ਵਿਚ ਰੋਜ਼ ਖਾਣੇ ਤੋਂ ਬਾਅਦ ਦਰਦ ਹੁਦੀ ਹੈ। ਪਿਛਲੇ ਇਕ ਵਰ੍ਹੇ ਤੋਂ ਉਹ ਖਾਣੇ ਤੋਂ ਬਾਦ੍ਹ ਢਿਡ ਘੁਟ ਕੇ ਸੌਂ ਜਾਂਦੀ ਹੈ। ਇਸ ਸਾਲ ਤਾਂ ਹੋਰ ਵੀ ਦਰਦ ਵਧ ਗਈ ਹੈ।......ਡਾਗਟਰੀ ਦਵਾ ? ਨਹੀਂ, ਨਹੀਂ ਡਾਗਡਰ ਤਾਂ ਢਿਡ ਟੋਹੂਗਾ, ਜੀਭ ਦੇਖੂਗਾ ਅੱਖਾਂ ਦੀਆਂ ਪੁਤਲੀਆਂ ਉਲਟਾ ਕੇ ਦੇਖੂਗਾ, ਪੇਸ਼ਾਬ ਅਤੇ ਪਖਾਨੇ ਬਾਰੇ ਪੁੱਛੂਗਾ, ਸ਼ਾਇਦ ਲਹੂ ਦੀ

ਜਾਂਚ ਵੀ ਕਰੇ। ਏਧਰ ਉਹ ਰੋਜ਼ ਹੀ ਕਹਿੰਦੀ ਹੈ, ਡਾਗਡਰ ਬਾਬੂ ਨੇ ਪੋਥਰੀ ਟੋਲੇ ਦੀ ਛੋਟੀ ਚੰਪਾ ਨੂੰ ਇਕ ਜੇਕਸ਼ਨ ਨਾਲ ਹੀ ਆਰਾਮ ਕਰ ਦਿਤਾ ਹੈ। ਏਸੇ ਤਰ੍ਹਾਂ ਉਹਦੇ ਢਿਡ ਵਿਚ ਵੀ ਦਰਦ ਹੁੰਦੀ ਸੀ।......ਜਨਾਨੀ ਨੂੰ ਸਮਝਾਉਣਾ ਬੜਾ ਔਖਾ ਕੰਮ ਹੈ। ਸਾਰੀਆਂ ਜਨਾਨੀਆਂ ਇਕੋ ਜਿਹੀਆਂ। ਜਿਹੜੀ ਜ਼ਿਦ ਫੜਨਗੀਆਂ, ਫੜੀ ਰਖਣਗੀਆਂ। ਜੋਤਖੀ ਜੀ ਨੂੰ ਆਪਣੀਆਂ ਚਾਰ ਇਸਤਰੀਆਂ ਦਾ ਅਨੁਭਵ ਹੈ। ਪਹਿਲੀ ਵਿਚਾਰੀ ਨੂੰ ਤਾਂ ਸਿਰਫ ਮੇਲਾ ਮਸਾਵਾ ਦੇਖਣ ਦਾ ਰੋਗ ਸੀ। ਕੋਈ ਵੀ ਮੇਲਾ ਨਹੀਂ ਸੀ ਛੱਡਦੀ ਉਹ। ਜਦੋਂ ਮੇਲਾ ਆਇਆ ਕਿ ਜੋਤਖੀ ਜੀ ਦੇ ਤੀਹ ਦਿਨ ਪਰਮਾਨੰਦ ਝਾ ਦੀ ਖ਼ੁਸ਼ਾਮਦ ਕਰਦਿਆਂ ਹੀ ਲੰਘਦੇ ਸਨ। ਪਰਮਾਨੰਦ ਦੀ ਮ੍ਹੈਸ ਗੱਡੀ ਵਿਚ ਹੀ ਮੇਲੇ ਜਾਊਂਗੀ। ਪਰਮਾਨੰਦ ਵਿਚਾਰਾ ਆਪੇ ਗੱਡੀ ਹੱਕ ਕੇ ਮੇਲੇ ਲੈ ਜਾਂਦਾ ਸੀ, ਕਦੀ ਭਾੜਾ ਨਹੀਂ ਲਿਆ। ਅਖ਼ੀਰ ਵਿਚਾਰੀ ਦੀ ਮੌਤ ਵੀ ਮੇਲੇ ਵਿਚ ਹੀ ਹੋਈ। ਉਸ ਵਰ੍ਹੇ ਅਜਧੋਦੇ ਦੇ ਮੇਲੇ ਵਿਚ ਬੜੇ ਜ਼ੋਰਾਂ ਦਾ ਹੈਜ਼ਾ ਫੈਲਿਆ ਸੀ। ਦੂਸਰੀ ਨੂੰ ਹੁੱਕਾ ਪੀਣ ਦੀ ਆਦਤ ਸੀ। ਬ੍ਰਾਹਮਣ ਦਾ ਹੁੱਕਾ ਪੀਣਾ ? ਪਰ ਜੋਤਖੀ ਜੀ ਕੀ ਕਰਦੇ—ਜਨਾਨੀ ਦੀ ਹੱਠ ! ਹੁਣ ਜਦੋਂ ਉਹ ਬੀਮਾਰ ਹੁੰਦੀ ਸੀ ਤਾਂ ਕਈ ਵਾਰ ਜੋਤਖੀ ਜੀ ਨੂੰ ਹੀ ਹੁੱਕਾ ਤਿਆਰ ਕਰਕੇ ਦੇਣਾ ਪੈਂਦਾ ਸੀ।.......ਪੁਰਾਣੀ ਖੰਘ ਨਾਲ ਖਹੁੰ-ਖਹੁੰ ਕਰਦਿਆਂ ਉਹ ਵੀ ਮਰ ਗਈ। ......ਤੀਜੀ ਨੂੰ ਇਸ ਗੱਲ ਦੀ ਹੱਠ ਸੀ ਕਿ ਉਹ ਪਿੰਡ ਦੇ ਮੁੰਡਿਆਂ ਨਾਲ ਹੱਸਣਾ ਬੋਲਣਾ ਬੰਦ ਨਹੀਂ ਕਰੇਗੀ।... ..ਅਤੇ ਕੰਚੀਰਾਵਾਲੀ ਨੂੰ ਡਾਗਡਰੀ ਦਵਾ ਦੀ ਜਿਦ ਲਗੀ ਹੋਈ ਹੈ। ਇਕੋ ਇਕ ਪੁਤਰ ਰਾਮਨਰਾਇਣ ਤਾਂ ਕਪੁਤਰ ਨਿਕਲਿਆ। ਵਿਦਾ ਪੱਤ ਨਾਚ ਕਰਦਾ ਹੈ। ਤਤਮਾਂ ਪਾਸਵਾਨਾਂ ਨਾਲ ਰਹਿੰਦਾ ਹੈ। ਸਾਰੀ ਬ੍ਰਾਹਮਣ ਮੰਡਲੀ ਵਿਚ ਉਹਦੀ ਸ਼ਕਾਇਤ ਫੈਲੀ ਹੋਈ ਹੈ। ਕੋਈ ਧੀ ਹੀ ਨਹੀਂ ਦਿੰਦਾ। ਜੋਤਖੀ ਜੀ ਕੀ ਕਰਨ ? ਹੱਥ ਦੀ ਉਰਧਵ ਰੇਖਾ ਤਾਂ ਸਿੱਧੀ ਤਰਜਣੀ ਵਿਚ ਚਲੀ ਗਈ ਹੈ, ਪਰ ਕੁੰਡਲੀ ਦੇ ਦਸਵੇਂ ਘਰ ਵਿਚ ਸ਼ਨੀ ਹੈ। ਸਮਝਾ ਸਮਝਾ ਕੇ ਥੱਕ ਗਿਆ ਕਿ ਆਪਣਾ ਨਾਂ ਰਾਮਨਾਰਾਇਣ ਮਿਸ਼ਰ ਕਿਹਾ ਕਰ, ਪਰ ਉਹ ਵੀ ਗਵਾਰਾਂ ਵਾਂਗ ਨਾਮ ਤਰੇਮ ਹੀ ਕਹਿੰਦਾ ਹੈ।......ਰਾਮ ਨਾਰਾਇਣ ਨਾਲ ਕੰਚੀਰਾਵਾਲੀ ਨੂੰ ਇਕ ਦਿਨ ਇਸਪਿਤਾਲ ਭੇਜ ਦਈਏ ? ਘਰ ਬੁਲਾਣ ਤੇ ਤਾਂ ਡਾਗਡਰ ਫ਼ੀਸ ਲਵੇਗਾ।

ਲਰ ਸਿੰਘ ਦਾਸ ਪਿੰਡ ਦੇ ਘਰ ਘਰ ਜਾ ਕੇ ਪੰਚਾਂ ਨੂੰ ਕਹਿ ਰਿਹਾ ਹੈ—ਆਚਾਰਜ ਗੁਰੂ ਆ ਰਹੇ ਹਨ। ਮੱਠ ਦਾ ਅਧਿਕਾਰੀ ਮਹੰਥ ਉਹੋ ਹੈ। ਉਸੇ ਨੂੰ ਚਾਦਰ ਟੀਕਾ ਮਿਲਣਾ ਚਾਹੀਦਾ ਹੈ, ਮਹੰਥ ਦੀ ਰਖੇਲ ਜਾਂ ਦਾਸਣ ਨੂੰ ਮੱਠ ਦੇ ਮਾਮਲੇ ਵਿਚ ਕੁਝ ਬੋਲਣ ਦਾ ਅਧਿਕਾਰ ਨਹੀਂ। ਰਾਮਦਾਸ ਤਾਂ ਮੈਂਸੁਵਾਰ ਹੈ। ਇਡੇ ਵਡੇ ਮੱਠ ਨੂੰ ਚਲਾਉਣਾ ਮੂਰਖ ਆਦਮੀ ਦੇ ਵੱਸ ਦੀ ਗੱਲ ਨਹੀਂ। ਉਹ ਬੀ. ਏ. ਪਾਸ ਹੈ। ਅੰਗ੍ਰੇਜ਼ੀ ਵਿਚ ਹੀ ਬੀਜਕ ਵਾਚਦਾ ਹੈ। ਇਸੇ ਲਈ ਤਾਂ ਬਾਵੜੀ ਕੇਸ ਰਖਦਾ ਹੈ,

ਧੋਤੀ ਕੁਰਤਾ ਪਹਿਨਦਾ ਹੈ, ਤੇ ਅੱਧੀ ਮੁੱਛ ਕਟਦਾ ਹੈ......ਮੱਠ ਵਿਚ ਇਕ ਸਕੂਲ ਖੋਲ੍ਹਾਂਗੇ, ਪਿੰਡ ਵਾਲਿਆਂ ਦੀ ਭਲਾਈ ਕਰਾਂਗੇ। ਤੁਸੀਂ ਲੋਕ ਬੁਧੀਮਨ ਬੰਦੇ ਹੋ, ਖ਼ੁਦ ਵਿਚਾਰ ਕਰਕੇ ਦੇਖ ਸਕਦੇ ਹੋ, ਦਾਸਣ, ਰਖੇਲ, ਮੱਠ ਨੂੰ ਵਿਗਾੜ ਦੇਵੇਗੀ; ਸਾਧੂ ਧਰਮ ਨੂੰ ਭ੍ਰਸ਼ਟ ਕਰ ਦਿੰਦੀ ਹੈ, ਤੁਸੀਂ ਆਪ ਵਿਚਾਰ ਕੇ ਦੇਖ ਸਕਦੇ ਹੋ।

ਤੰਤਰਿਮਾਂ ਟੋਲੇ ਵਿਚ ਪੰਚਾਇਤ ਹੋਈ। ਰੋਕ ਲਗੀ ਹੈ—ਤੰਤਰਿਮਾਂ ਟੋਲੇ ਦੀ ਕੋਈ ਔਰਤ ਹੁਣ ਬਾਬੂ ਟੋਲੇ ਦੇ ਕਿਸੇ ਵਿਹੜੇ ਵਿਚ ਕੰਮ ਕਰਨ ਨਹੀਂ ਜਾਏਗੀ। ਬਾਬੂ-ਬਾਬੂਆਣ ਲੋਕ ਸ਼ਾਮੀ ਪਿੰਡ ਆਉਣ, ਕੋਈ ਹਰਜ ਨਹੀਂ, ਕਿਸੇ ਦੇ ਅੰਦਰ ਹਵੇਲੀ ਵਿਚ ਨਹੀਂ ਜਾ ਸਕਦੇ। ਮਜੂਰੀ ਵਿਚ ਜਿਹੜਾ ਇਕ ਅੱਧ ਸੇਰ ਮਿਲੇ, ਉਸੇ ਨਾਲ ਸਭ ਨੂੰ ਸੰਤੋਖ ਕਰਨਾ ਹੋਵੇਗਾ। ਬਲਾਈ ਆਮਦਨੀ ਵਿਚ ਕੋਈ ਬਰਕਤ ਨਹੀਂ। ਅਨੋਖੇ ਅਤੇ ਉਚਿਤ ਦਾਸ ਖੂੰਡੇ ਵਾਲੇ ਥਾਪੇ ਗਏ ਹਨ। ਜਿਸ ਨੂੰ ਚਾਲੋਂ ਬੇਚਾਲ ਦੇਖਣਗੇ, ਖੂੰਡੇ ਨਾਲ ਪਿੰਡੇ ਦੀ ਚਮੜੀ ਉਧੇੜ ਦੇਣਗੇ।

ਤੰਤਰਿਮਾਂ ਲੋਕਾਂ ਦੀ ਇਸ ਰੋਕ ਤੋਂ ਬਾਅਦ ਗਹਿਲੋਤ ਛੱਤਰੀ, ਕੁਰਮ ਛੱਤਰੀ, ਪੋਲਿਆ ਟੋਲੇ, ਧਨੁੱਖ ਧਾਰੀ ਅਤੇ ਕੁਸ਼ਵਾਹਾ ਛੱਤਰੀ ਟੋਲੇ ਦੇ ਪੰਚਾਂ ਨੇ ਵੀ ਇਹੋ ਜਿਹੀ ਵਿਵਸਥਾ ਕੀਤੀ ਹੈ।......ਸਿਰਫ਼ ਜਿਨੇਊ ਲੈਣ ਨਾਲ ਹੀ ਨਹੀਂ ਹੁੰਦਾ, ਕਰਮ ਵੀ ਕਰਨਾ ਹੋਵੇਗਾ। ਜਾਵੇ ਤਾਂ ਕੋਈ ਬਾਬੂ ਕਦੀ ਸੰਥਾਲ ਟੋਲੀ ਵਿਚ, ਸ਼ਾਮੀ ਜਾਂ ਰਾਤੀ। ਉਨ੍ਹਾਂ ਦੀਆਂ ਜਨਾਨੀਆਂ ਨਾਲ ਕੋਈ ਠੱਠਾ ਵੀ ਕਰ ਸਕਦਾ ਹੈ।......ਸੰਥਾਲਾਂ ਦੇ ਤੀਰ ਤੇ ਜਹਿਰ ਦਾ ਪਾਣੀ ਚੜ੍ਹਾਇਆ ਹੋਇਆ ਹੁੰਦਾ ਹੈ।

ਕੁਰਮ ਛੱਤਰੀ ਟੋਲੇ ਦੇ ਲੌਜਮਾਨਾਂ ਨੇ ਕਲ੍ਹ ਰਾਤੀਂ ਸ਼ਿਵ ਸ਼ੰਕਰ ਸਿੰਘ ਨੂੰ ਹਲਕਾ ਕਰ ਦਿਤਾ। ਝੁਗਰੀ ਮੱਸਮਾਤ ਦਾ ਘਰ ਤਾਂ ਟੋਲੇ ਦੇ ਇਕ ਸਿਰੇ ਤੇ ਹੈ ਨਾ, ਸਪਾਟਾ ਟੋਲੀ ਦੀ ਬਾਸ ਬਾੜੀ ਦੇ ਬਿਲਕੁਲ ਨਾਲ! ਪਰ ਸ਼ਿਵ ਸ਼ੰਕਰ ਸਿੰਘ ਨੂੰ ਕੀ ਪਤਾ ਕਿ ਬਾਂਸ ਦੀਆਂ ਝਾੜੀਆਂ ਵਿਚ ਛੋਕਰੇ ਪਹਿਲੋਂ ਹੀ ਲੁਕੇ ਹੋਏ ਹਨ।......ਝੁਗਰੀ ਮੱਸਮਾਤ ਨੂੰ ਦਸ ਰੁਪਏ ਜ਼ੁਰਿਮਾਨਾ ਹੋਇਆ ਹੈ। ਜਿਥੋਂ ਮਰਜੀ ਦੇਵੇ, ਦੇਣਾ ਹੀ ਪਉ, ਨਹੀਂ ਤਾਂ ਹੁੱਕਾ ਪਾਣੀ ਬੰਦ। ਸ਼ਿਵ ਸ਼ੰਕਰ ਸਿੰਘ ਕੋਲੋਂ ਰੁਪਏ ਲੈ ਦੇਵੇ। ਐਤਕੀਂ ਲਾਲ ਬਾਗ ਦੇ ਮੇਲੇ ਵਿਚੋਂ ਪੰਚਲੈਟ (ਪਿਟਰੋਮਕਸ) ਖ਼ਰੀਦਣਾ ਹੈ। ਬਿਨਾਂ ਪੰਚਲੈਟ ਵਾਲੀ ਪੰਚਾਇਤ ਦੀ ਕੀ ਕੀਮਤ? ਲੈਟ ਦੀ ਕੀਮਤ ਨਾਲੋਂ ਵੀਹ ਰੁਪਏ ਹੋਰ ਘਟ ਹਨ। ਇਕ ਦਿਨ ਫੇਰ ਬਾਂਸਵਾੜੀ ਵਿਚ ਇਕ ਘੰਟਾ ਮੱਛਰ ਲੜਾਉਣਾ ਪਊ, ਹੋਰ ਕੀ?

ਕਾਲੀ ਚਰਨ ਦਾ ਅਖਾੜਾ ਅਜਕਲ੍ਹ ਖ਼ੂਬ ਭਖਦਾ ਹੈ। ਸ਼ਾਮੀਂ ਕੀਰਤਨ ਵੀ ਖ਼ੂਬ ਮਚਦਾ ਹੈ। ਨਵਾਂ ਹਰਮੋਨੀਆ ਖਰੀਦਿਆ ਹੈ। ਗੰਗਾ ਜੀ ਦੇ ਮੇਲੇ ਤੋਂ ਗੰਗਤੀਰਿਆ ਢੋਲਕ ਵੀ ਲਿਆਂਦਾ ਹੋਇਆ ਹੈ। ਖ਼ੂਬ ਵਜਦਾ ਹੈ।

ਬਾਲਦੇਵ ਜੀ ਨੂੰ ਕੀਰਤਨ ਤਾਂ ਪਸੰਦ ਹੈ, ਪਰ ਅਖਾੜਾ ਤੇ ਕੁਸ਼ਤੀ ਨੂੰ ਉਹ ਖ਼ਰਾਬ

ਸਮਝਦੇ ਹਨ ।......ਸਰੀਰ ਵਿਚ ਜ਼ਿਆਦਾ ਤਾਕਤ ਹੋਣ ਨਾਲ ਹਿੰਸਾਬਾਦ ਕਰਨ ਦਾ ਖ਼ੌਫ ਰਹਿੰਦਾ ਹੈ । ਅਸਲ ਚੀਜ਼ ਹੈ, ਬੁੱਧੀ। ਬੁੱਧੀ ਦੇ ਬਲ ਨਾਲ ਹੀ ਗਾਂਧੀ ਮਹਾਤਮਾ ਜੀ ਨੇ ਅੰਗਰੇਜ਼ਾਂ ਨੂੰ ਹਰਾਇਆ ਹੈ। ਗਾਂਧੀ ਜੀ ਦੀ ਦੇਹ ਵਿਚ ਤਾਂ ਇਕ ਚਿੜੀ ਜਿੰਨਾ ਵੀ ਮਾਸ ਨਹੀਂ । ਕਾਂਗਰਸ ਦੇ ਹੋਰ ਲੀਡਰ ਵੀ ਮਾੜੂਏ ਹੀ ਹਨ ।

ਪਰ ਕਾਲੀਚਰਨ ਦਾ ਅਖਾੜਾ ਬੰਦ ਨਹੀਂ ਹੋ ਸਕਦਾ। ਢੋਲ ਦੀ ਆਵਾਜ਼ ਵਿਚ ਕੁਝ ਇਸ ਤਰ੍ਹਾਂ ਦੀ ਗੱਲ ਹੈ ਕਿ ਕੁਸ਼ਤੀ ਲੜਨ ਵਾਲੇ ਨੌਜਵਾਨਾਂ ਦੇ ਖ਼ੂਨ ਨੂੰ ਗਰਮ ਕਰ ਦਿੰਦੀ ਹੈ ।

ਢਾਕ-ਢਿਨਾਂ, ਢਾਕ ਢਿਨਾਂ ।

ਸ਼ੋਭਨ ਮੋਚੀ ਨੇ ਢੋਲ ਤੇ ਡਗੇ ਦੀ ਪਹਿਲੀ ਚੋਟ ਹੀ ਕੀਤੀ ਕਿ ਦੇਹ ਥਿਰਕਣ ਲਗਦੀ ਹੈ ।

ਢਿੱਨਾ ਢਿੱਨਾ, ਢਿੱਨਾਂ, ਢਿਨਾਂ.........।
ਅਰਥਾਤ ਆ ਜਾ, ਆਜਾ, ਆ ਜਾ, ਆ ਜਾ, ਆ ਜਾ ।

ਸਾਰੇ ਅਖਾੜੇ ਵਿਚ ਕੁੱਦ ਪਏ । ਕੱਛਿਆਂ—ਜਾਂਘੀਏ, ਚੜ੍ਹਾਏ, ਇਕ ਮੁੱਠ ਮਿੱਟੀ ਲੈ ਕੇ ਸਿਰ ਨੂੰ ਲਾਈ ਅਤੇ 'ਅੱਜਾ' ਕਹਿ ਕੇ ਮੈਦਾਨ ਵਿਚ ਨਿੱਤਰ ਪਏ। ਕਾਲੀਚਰਨ ਆ—ਆ—ਅਲੀ ਕਹਿ ਕੇ ਮੈਦਾਨ ਵਿਚ ਨਿੱਤਰਦਾ ਹੈ । ਚੰਪਾਵਤੀ ਮੇਲੇ ਵਿਚ ਪੰਜਾਬੀ ਭਲਵਾਨ ਮੁਸ਼ਤਾਕ ਏਸੇ ਤਰ੍ਹਾਂ 'ਆਲੀ' (ਜਾ ਅਲੀ) ਕਹਿ ਕੇ ਮੈਦਾਨ ਵਿਚ ਨਿੱਤਰਦਾ ਸੀ ।

ਤਦ ਸ਼ੋਭਨ ਤਾਲ ਬਦਲ ਦਿੰਦਾ ਹੈ—

ਚਟ ਧਾ ਗਿੜ ਧਾ, ਚਟ ਧਾ, ਗਿੜ ਧਾ ।
......ਆ ਜਾ ਭਿੜ ਜਾ, ਆ ਜਾ ਭਿੜ ਜਾ ।

ਅਖਾੜੇ ਵਿਚ ਭਲਵਾਨ ਪੈਂਤੜੇ ਬਦਲ ਰਹੇ ਹਨ। ਕੋਈ ਕਿਸੇ ਨੂੰ ਆਪਣਾ ਹੱਥ ਵੀ ਨਹੀਂ ਛੂਹਣ ਦਿੰਦਾ । ਪਹਿਲੀ ਪਕੜ ਦੀ ਤਾਕ ਵਿਚ ਹਨ—ਔਹ ਮਾਰਿਆ......

ਧਾਗਿੜਾਗਿ, ਧਾਗਿੜਾਗਿ, ਧਾਗਿੜਾਗੀ,
......ਕਸਕਰੇ ਪਕੜੋ, ਕਸ ਕੇ ਪਕੜੋ ।
ਚਟਾਕ ਚਟ ਧਾ, ਚਟਾਕ ਚਟ ਧਾ ।
......ਉਠਾ ਪਟਕ ਦੇ, ਉਠਾ ਪਟਕ ਦੇ ।
ਗਿੜ ਗਿੜ ਗਿੜ, ਧਾ ਗਿੜ ਧਾ, ਗਿੜ ਧਾ ।
......ਵਾਹ ਵਾਹ, ਵਾਹ ਵਾ, ਵਾਹ ਬਹਾਦੁਰ ।

ਪਟਕਾ ਤਾਂ ਦਿਤਾ, ਹੁਣ ਚਿੱਤ ਕਰਨਾ ਖੇਡ ਨਹੀਂ। ਮਿੱਟੀ ਫੜ ਲਈ ਹੈ। ਸਾਰੇ ਦਾਅ-ਪੇਚ ਅਤੇ ਕਾਟ ਉਹ ਜਾਣਦਾ ਹੈ ।

ਢਾਕ ਢਿੱਨਾ, ਤਿਰਕਿਟ ਢਿੰਨਾਂ ।
......ਦਾਓ ਕੱਟ, ਬਾਹਰ ਹੋ ਜਾ ।

ਵਾਹ ਬਹਾਦੁਰ ! ਦਾਅ ਕੱਟ ਕੇ ਬਾਹਰ ਨਿਕਲ ਆਇਆ । ਫੇਰ ਹਾ, ਚੱਟ ਗਿੜਧਾ, ਆ ਜਾ ਭਿੜ ਜਾ ।

ਢੋਲ ਦੇ ਹਰ ਤਾਲ ਨਾਲ ਪੈਂਤੜੇ, ਦਾਅ—ਪੇਚ, ਕਾਟ ਅਤੇ ਮਾਰ ਦੀ ਬੋਲੀ ਨਿਕਲਦੀ ਹੈ।

ਕਾਲੀ ਥਾਨ ਵਿਚ ਪੂਜਾ ਦੇ ਦਿਨ ਇਸੇ ਢੋਲ ਦੀ ਤਾਲ ਇਕ ਦਮ ਬਦਲ ਜਾਂਦੀ ਹੈ । ਆਵਾਜ਼ ਵੀ ਬਦਲ ਜਾਂਦੀ ਹੈ—ਧਾਗਿੜ, ਧਿੰਨਾ, ਧਾਗਿੜ, ਧਿੰਨਾ ।

..... ਜੈ ਜਗਦੰਬਾ ! ਜੈ ਜਗਦੰਬਾ ! !
ਪਿੰਡ ਦੀ ਰਕਸ਼ਾ ਕਰੋ ਮਾਂ ਜਗਦੰਬਾ ।

## ਚੌਂਦਾਂ

ਚੜ੍ਹਦੀ ਜਵਾਨੀ ਮੋਰਾ ਅੰਗ ਅੰਗ ਫੜਕੇ ਸੇ,
ਕਬ ਹੋਇ ਹੈ ਗਵਾਨਾਂ ਹਮਾਰ ਰੇ ਭਓਜੀਆ.........।

ਪੱਕੀ ਸੜਕ ਤੇ ਗੱਡੀ ਵਾਲਿਆਂ ਦਾ ਦਲ ਭਓਜੀਆ ਦਾ ਗੀਤ ਗੌਂਦਾ ਹੋਇਆ ਗੱਡੀ ਹੱਕ ਰਿਹਾ ਹੈ । 'ਹਾਂ—ਆਂ । ਚਲ ਵਧ ਕੇ ! ਖੱਬੇ......ਹਾਂ, ਹਾਂ ਘੋੜਾ ਦੇਖ ਕੇ ਵੀ ਭੜਕਦਾ ਏਂ ! ਸਾਲਾ......'

ਹਥਵਾ ਰੰਗਾਏ ਸਈਆਂ ਦੇ ਹਰੀ ਬੈਠਾਈ ਗਇਲੇ,
ਫਿਰਹੂ ਨਾਂ ਲਿਹਲੇ ਉਦੇਸ਼ ਰੇ ਭਓਜੀਆ.........

ਨਨਦੀਆ ਦੇ ਦਿਲ ਦੀ ਹੂਕ ਗੱਡੀ ਵਾਨਾਂ ਦੇ ਸੰਘ 'ਚੋਂ ਕੂਕ ਬਣ ਕੇ ਨਿਕਲ ਰਹੀ ਹੈ । ਭਓਜੀ—ਆ ?......ਕਮਲੀ ਦੀ ਕੋਈ ਭੋਜੀ ਨਹੀਂ, ਕਿਸ ਨਾਲ ਦਿਲ ਦੀ ਗੱਲ ਕਰੇ ? ਭਓਜੀਆ ਦੀ ਨੰਦੀਆ ਦੀ ਤਾਂ ਸ਼ਾਦੀ ਹੋ ਚੁਕੀ ਹੈ, ਕਮਲੀ ਦਾ ਤਾਂ ਹੱਥ ਵੀ ਪੀਲਾ ਨਹੀਂ ਹੋਇਆ ।

.........'ਪ੍ਰੇਮਸਾਗਰ' ਵਿਚ ਮਨ ਨਹੀਂ ਲਗਦਾ—ਸ੍ਰੀ ਸੁਕਦੇਵ ਜੀ ਬੋਲੇ ਕਿ ਹੇ ਰਾਜਾ, ਇਕ ਦਿਨ ਕ੍ਰਿਸ਼ਨ ਕਣਈਆ ਬੰਸ੍ਰੀ ਵਜੱਈਆ ਕਦਮ ਦੇ ਬਿਰਛ ਤੇ ਬੈਠ ਕੇ ਬੰਸਰੀ ਬਜਾ ਰਹੇ ਸਨ । 'ਚੀਰ ਹਿਰਣ' ਲੀਲਾ ਦੀ ਤਸਵੀਰ ਨੂੰ ਦੇਖ ਕੇ ਕਮਲੀ ਦਾ ਜੀ ਪਤਾ ਨਹੀਂ ਕਿਵੇਂ ਕਿਵੇਂ ਹੋਣ ਲਗ ਪੈਂਦਾ ਹੈ । ਉਹ 'ਪ੍ਰੇਮਸਾਗਰ' ਬੰਦ ਕਰ ਦਿੰਦੀ ਹੈ......ਸਵੇਰੇ ਪਿਆਰੂ ਆਇਆ ਸੀ । ਕਿੰਨਾ ਗਊ ਬੰਦਾ ਹੈ ਪਿਆਰੂ ! ਅਜ ਕੀ

ਬਣਿਆ ਸੀ ਪਿਆਰੂ ? ਡਾਕਟਰ ਸਾਹਿਬ ਨੇ ਅਜ ਠੀਕ ਸਮੇਂ ਸਿਰ ਖਾਧਾ ਸੀ ਜਾਂ ਕਿ ਸ਼ੀਸ਼ੀ ਬੋਤਲ ਲੈ ਕੇ ਪਏ ਸਨ ? ਪਿਆਰੂ ਹੱਸ ਕੇ ਸਦਾ ਵਾਂਗ ਜਵਾਬ ਦਿੰਦਾ ਹੈ—"ਊ ! ਕੀ ਪੁਛਦੀ ਏਂ ਦੀਦੀ ! ਇਸ ਬੰਦੇ ਦਾ ਸਾਨੂੰ ਕੋਈ ਥਹੁ ਪਤਾ ਨਹੀਂ ਲਗਦਾ। ਨਿਤ ਹੀ ਕਹਿਣਗੇ ਕਿ ਪਿਆਰੂ ਅਜ ਖਾਣਾ ਜ਼ਰਾ ਜਲਦੀ ਬਣਾ, ਖਾਂਦੇ ਫੇਰ ਵੀ ਉਹੋ ਹੀ ਰਾਤੀਂ ਗਿਆਰਾਂ ਵਜੇ ਤੇ ਦਿਨੇ ਦੋ ਵਜੇ। ਬੰਧਾ ਦਾ ਝੋਲ ਬਣਿਆ ਸੀ। ਝੋਲ ਕੀ ਖਾਣਗੇ ? ਮਿਰਚ ਮਸਾਲਾ ਛੂਹਦੇ ਵੀ ਨਹੀਂ। ਖਾਣ ਦਾ ਤਾਂ ਕੋਈ ਸ਼ੌਕ ਨਹੀਂ, ਜੋ ਕੁਝ ਬਣਾ ਦਿਓ ਖਾ ਲੈਣਗੇ।......ਅਤੇ ਸ਼ੀਸ਼ੀ ਬੋਤਲ ? ਕੀ ਪੁਛਦੀ ਏਂ ਦੀਦੀ ! ਕਲ੍ਹ ਤੋਂ ਮੱਛਰ, ਮਾਂਗਣੂੰ ਤੇ ਤਿਲ-ਚੱਟਿਆਂ ਪਿਛੇ ਪਏ ਹੋਏ ਨੇ। ਅਜ ਸੰਥਾਲ ਟੋਲੀ ਦੇ ਜੋਸੀਏ ਮਾਂਝੀ ਨੂੰ ਕਹਿ ਰਹੇ ਸਨ—"ਚਾਰ ਖ਼ਰਗੋਸ਼ ਤੇ ਇਕ ਦਰਜਨ ਚੂਹੇ ਫੜ ਕੇ ਦੇ ਜਾਵੀਂ। ਪੂਰਾ ਇਨਾਮ ਮਿਲੇਗਾ।"

ਪਿਆਰੂ ਨੂੰ ਸਾਰੇ ਪਿੰਡ ਦੀਆਂ ਜਨਾਨੀਆਂ ਪਿਆਰ ਕਰਦੀਆਂ ਹਨ। ਸਾਰੇ ਪਿੰਡ ਵਿਚ ਉਹਦੀ ਮਾਮੀ, ਮਾਸੀ ਨਾਨੀ, ਦਾਦੀ ਤੇ ਕਾਕੀ ਹੈ ਨੇ। ਸਾਰੀਆਂ ਮੁਟਿਆਰਾਂ ਨੂੰ ਉਹ ਦਈਆ (ਦੀਦੀ) ਕਹਿੰਦਾ ਹੈ।......ਡਾਕਟਰ ਦੀ ਮੁਸਕਣੀ ਬੜੀ ਜਾਨ ਲੇਵਾ ਹੈ। ਜਦੋਂ ਆਵੇਗਾ ਤਾਂ ਮੁਸਕਰਾਉਂਦਾ ਹੋਇਆ ਆਵੇਗਾ—ਡਰ ਲਗਦਾ ਹੈ ? ......ਹਾਂ, ਹਾਂ ਡਰ ਲਗਦਾ ਹੈ, ਤਾਂ ਤੈਨੂੰ ਕੀ ? ਤੈਨੂੰ ਤਾਂ ਮਜਾ ਆਉਂਦਾ ਹੈ ਨਾ। ਮੁਸਕਾਈ ਜਾ......ਗਲ ਵਿਚ ਟੂਟੀ ਲਟਕਾਈ ਫਿਰਦੇ ਨੇ ਬਾਬੂ ਸਾਹਿਬ ਛਾਤੀ ਤੇ ਪਿੰਡੇ ਤੇ ਲਾ ਕੇ ਲੋਕਾਂ ਦੇ ਦਿਲ ਦੀ ਬੀਮਾਰੀ ਦਾ ਪਤਾ ਲਾਉਂਦੇ ਹਨ। ਝੂਠ ! ਏਨੇ ਦਿਨ ਹੋ ਗਏ, ਮੇਰੇ ਦਿਲ ਦੀ ਗੱਲ ਮੇਰੀ ਬੀਮਾਰੀ ਨੂੰ ਕਿਥੇ ਜਾਣ ਸਕੇ। ਜਾਂ ਜਾਣ ਬੁੱਝ ਕੇ ਅਣਜਾਣ ਬਣਦੇ ਹੋ। ਡਾਕਟਰ ! ਤੁਹਾਡੀ ਮੁਸਕਣੀ ਤੋਂ ਤਾਂ ਉਹੋ ਹੀ ਪਤਾ ਲਗਦਾ ਹੈ।

......ਅੱਛਾ ਡਾਕਟਰ ! ਸਚ ਸਚ ਦਸਣਾ ਤੁਸੀਂ ਕਿਉਂ ਮੁਸਕਾਂਦੇ ਹੋ। ਤੁਸੀਂ ਮੈਨੂੰ ਸਾੜਨ ਲਈ ਇਸ ਪਿੰਡ ਵਿਚ ਕਿਉਂ ਆਏ ? ਨਹੀਂ, ਨਹੀਂ ਤੁਸੀਂ ਨਾ ਆਉਂਦੇ ਤਾਂ ਪਾਗਲ ਹੋ ਜਾਂਦੀ। ਨਿਤ ਹੀ ਸੁਪਨੇ ਵਿਚ ਕਮਲਾ ਨਦੀ ਦੇ ਹੜ੍ਹ ਵਿਚ ਰੁੜ੍ਹ ਜਾਂਦੀ ਸਾਂ। ਵੱਡੇ ਵੱਡੇ ਸੱਪ ! ਭਾਂਤ ਭਾਂਤ ਦੇ ਸੱਪ ਡਸਣ ਲਈ ਦੌੜਦੇ ਸਨ। ਤੁਸੀਂ ਆਏ ਮੈਂ ਡੁਬਦੀ ਡੁਬਦੀ ਬਚ ਗਈ।......ਮੇਰੀਆਂ ਅੱਖਾਂ ਦੀਆਂ ਪੁਤਲੀਆਂ ਉਲਟ ਕੇ ਤਕੋ' ਮੇਰੇ ਪਿੰਡੇ ਤੇ ਟੂਟੀ ਲਾ ਕੇ ਵੇਖੋ ! ਮੇਰੇ ਦਿਲ ਦੀ ਗੱਲ ਸੁਣੋ।......ਤੁਸੀਂ ਝਿੜਕਦੇ ਹੋ, ਬੜਾ ਚੰਗਾ ਲਗਦਾ ਹੈ। ਤੁਸੀਂ ਮੈਨੂੰ ਸੂਈ ਨਾਲ ਡਰਾਉਂਦੇ ਹੋ। ਖਿਝਾਉਂਦੇ ਹੋ। ਕਿੰਨਾ ਚੰਗਾ ਲਗਦਾ ਹੈ, ਮੈਨੂੰ ! ਫੇਰ ਮਿਠੀ ਦਵਾ ਭੇਜ ਦਿਆਂਗਾ ?......ਹਾਂ ਜੀ, ਭੇਜ ਦੇਣੀ, ਪੁੱਛਦੇ ਕੀ ਹੋ ? ਤੁਹਾਡੀ ਬੋਲੀ ਕੀ ਘਟ ਮਿੱਠੀ ਹੈ। ਪਰ ਤੁਸੀਂ ਇਕ ਵਾਰ ਜ਼ਰੂਰ ਆਇਆ ਕਰੋ। ਨਹੀਂ ਆਉਗੇ ਤਾਂ ਮੈਨੂੰ ਡਰ ਲਗੇਗਾ।......ਸਪਾਟਾ ਟੋਲੇ

ਦੀ ਕੁਸਮੀ ਕਹਿੰਦੀ ਸੀ, ਡਾਕਟਰ ਮੈਨੂੰ ਵੀ ਪੁਛਦਾ ਸੀ—ਮਿਠੀ ਦਵਾ ਚਾਹੀਦੀ ਹੈ ? ......ਮੈਂ ਨਹੀਂ ਵਿਸ਼ਵਾਸ਼ ਕਰਦੀ, ਡਾਕਟਰ ਏਦਾਂ ਦਾ ਨਹੀਂ ਹੈ । ਕੁਸਮੀ ਝੂਠ ਬੋਲਦੀ ਹੈ । ਮਿੱਠੀ ਦਵਾ ਹੋਰ ਕਿਸੇ ਨੂੰ ਮਿਲ ਹੀ ਨਹੀਂ ਸਕਦੀ । ਡਾਕਟਰ ਖ਼ਬਰਦਾਰ ਕੁਸਮੀ ਬੜੀ ਚਾਲਬਾਜ ਕੁੜੀ ਹੈ । ਉਹਨੇ ਬੜਿਆਂ ਨੂੰ ਬਦਨਾਮ ਕੀਤਾ ਹੈ । ਹਰ ਗੌਰੀ ਉਹਦਾ ਮਾਸੀ ਦਾ ਪੁੱਤ-ਭਰਾ ਹੈ,......ਪਰ......ਜਾਣ ਦਿਓ, ਕੀ ਕਰੋਗੇ ਸੁਣ ਕੇ ? ਉਹਦੇ ਸਹੁਰੇ ਫਾਰਬਿਸਗੰਜ ਵਿਚ ਹਨ । ਘਰ ਵਾਲਾ ਇਕ ਮਾਰਵਾੜੀ ਦਾ ਸਿਪਾਹੀ ਹੈ । ਰਾਤ ਭਰ ਸਿਪਾਹੀ ਪਹਿਰਾ ਦਿੰਦਾ ਹੈ, ਅਤੇ ਕੁਸਮੀ 'ਬੈਸਕੋਪ' ਦੇਖਣ ਜਾਂਦੀ ਹੈ ।

......ਸ੍ਰੀਸੁਕਦੇਵ ਜੀ ਬੋਲੇ ਕਿ ਹੇ ਰਾਜਾ ! ਇਕ ਦਿਨ ਯਸ਼ੂਮਤੀ ਸਭ ਗਵਾਲਣਾਂ ਨੂੰ ਬੁਲਾ ਕੇ......।

"ਕਮਲੀ ।"

"ਮਾਂ ।"

"ਪੜ੍ਹਨਾ ਬੰਦ ਕਰ ! ਡਾਕਟਰ ਬਾਬੂ ਨੇ ਮਨ੍ਹਾਂ ਕੀਤਾ ਹੈ, ਨਾ । ਦਵਾ ਪੀ ਲੈ । ਮੈਂ ਤੇਰੀ ਕਿਤਾਬ ਸੰਦੂਕ ਵਿਚ ਬੰਦ ਕਰਕੇ ਤਾਲਾ ਲਾ ਦਿਆਂਗੀ । ਹਾਂ, ਇਓਂ ਤੂੰ ਨਹੀਂ ਮੰਨੇਗੀ ।"

"ਪੜ੍ਹਨ ਨਾਲ ਕੀ ਹੋਵੇਗਾ ਮਾਂ ।"

"ਕੁੜੀ ਦੀ ਗੱਲ ਤਾਂ ਸੁਣੋ ਜਰਾ । ਪੜ੍ਹਨ ਨਾਲ ਕੀ ਹੋਵੇਗਾ, ਇਹ ਤਾਂ ਡਾਕਟਰ ਨੂੰ ਪੁਛਣਾ ।

"ਡਾਕਟਰ 'ਬਾਬੂ ਤੋਂ ?'......ਮਾਂ ਤੁਹਾਡਾ ਡਾਕਟਰ ਕੀ ਹੈ, ਜਾਣਦੀ ਏਂ ? ਮਿਟੀ ਦਾ ਮਹਾਂਦੇਵ ।"

ਮਾਂ ਜ਼ੋਰ ਨਾਲ ਹਸਦੀ ਹੈ । "ਤੂੰ ਗੱਲਾਂ ਬੜੀਆਂ ਪਟਾਖਟੀ ਏਂ । ਚੰਗਾ ਠਹਿਰ ਅਜ ਆਉਣ ਦੇ ਡਾਕਟਰ ਬਾਬੂ ਨੂੰ ।"

ਮਾਪਿਆਂ ਦੇ ਨੈਣਾਂ ਦੀ ਪੁਤਲੀ ਹੈ ਕਮਲਾ । ਤਹਿਸੀਲਦਾਰ ਸਾਹਿਬ ਧੀ ਦੀ ਇਛਾ ਦੇ ਖਿਲਾਫ਼ ਕੁਝ ਵੀ ਨਹੀਂ ਕਰ ਸਕਦੇ । ਮਾਂ ਕਮਲਾ ਦੀ ਹਰ ਲੋੜ ਨੂੰ ਮੂੰਹ ਖੋਲ੍ਹੇ ਬਿਨਾਂ ਹੀ ਪੂਰਾ ਕਰ ਦਿੰਦੀ ਹੈ । ਬਾਪੂ ਨੇ ਖ਼ੁਦ ਪੜ੍ਹਾਇਆ ਲਿਖਾਇਆ ਹੈ, ਰਮਾਇਣ, ਮਹਾਂਭਾਰਤ, ਨਲ ਦਮਿਅੰਤੀ, ਸਾਵਿਤਰੀ-ਸਤਿਆਵਾਨ, ਪਾਰਵਤੀ–ਮੰਗਲ ਅਤੇ ਸ਼ਿਵਪੁਰਾਣ । ਕਮਲਾ ਰੋਜ਼ ਸ਼ਿਵ ਪੂਜਦੀ ਹੈ—ਓਂ ਸ਼ਿਵ ਸ਼ੰਕਰ ਸੁਖਕ, ਨਾਥ ਬਰਦਾਇਕ ਮਹਾਂਦੇਵ ।......ਮਹਾਂਦੇਵ ! ਮਿਟੀ ਦਾ ਮਹਾਂਦੇਵ ।

"ਮਾਂ ਚੁਪ ਰਹੋ ।" ਕਮਲੀ ਮਾਂ ਨਾਲ ਚੁੰਬੜ ਕੇ ਮੂੰਹ ਬੰਦ ਕਰ ਦੇਂਦੀ ਹੈ ।

"ਪੁਛੋ ਨਾ ਆਪਣੇ ਡਾਕਟਰ ਨੂੰ, ਖ਼ਰਗੋਸ਼ ਪਾਲ ਕੇ ਕੀ ਕਰੇਗਾ ।"

ਡਾਕਟਰ ਕੋਈ ਜਵਾਬ ਨਹੀਂ ਦਿੰਦਾ ਸਿਰਫ ਮੁਸਕਾਂਦਾ ਹੈ । ਫੇਰ ਗੰਭੀਰ ਹੋ ਕੇ

ਕਹਿੰਦਾ ਹੈ, "ਅਜ ਤਾਂ ਸੂਈ ਲਾਉਣੀ ਹੀ ਪਵੇਗੀ, ਦਵਾ ਨਾਲ ਬੇਹੋਸ਼ੀ ਤਾਂ ਦੂਰ ਹੋ ਗਈ ਪਰ ਪਾਗਲਪਨ......।"

ਸਾਰੇ ਹੀ ਜ਼ੋਰ ਨਾਲ ਹੱਸ ਪੈਂਦੇ ਹਨ......ਤਹਿਸੀਲਦਾਰ, ਮਾਂ ਅਤੇ ਪਿਆਰੂ । ਕਮਲੀ ਦਾ ਚਿਹਰਾ ਲਾਲ ਹੋ ਜਾਂਦਾ ਹੈ। "ਮੈਂ ਅਜ ਲਹੂ ਦੇ ਦੌਰੇ ਦੀ ਜਾਂਚ ਨਹੀਂ ਕਰਾਵਾਂਗੀ। ਨਹੀਂ—ਨਹੀਂ, ਠੀਕ ਹੈ । ਹਾਂ ਮੈਂ ਪਗਲੀ ਹਾਂ ।'

"ਦੀਦੀ ।" ਤਹਿਸੀਲਦਾਰ ਸਾਹਿਬ ਧੀ ਨੂੰ ਦੀਦੀ ਕਹਿ ਕੇ ਬੁਲਾਉਂਦੇ ਹਨ, "ਆਓ ਡਾਕਟਰ ਸਾਹਿਬ ਨੂੰ ਦੇਰ ਹੋ ਰਹੀ ਹੈ।"

ਬਲੱਡ ਪ੍ਰੈਸ਼ਰ ਜਾਚਦੇ ਸਮੇਂ ਡਾਕਟਰ ਗੰਭੀਰ ਹੋ ਕੇ ਯੰਤਰ ਵਲ ਦੇਖਦਾ ਹੈ । ਕਮਲੀ ਤਿਰਛੀ ਨਿਗਾਹ ਨਾਲ ਚੋਰੀ ਚੋਰੀ ਡਾਕਟਰ ਨੂੰ ਦੇਖਦੀ ਹੈ,—"ਹਾਂ ਜੀ, ਮੈਨੂੰ ਪਗਲੀ ਕਹਿੰਦੇ ਹੋ। ਪਰ ਮੈਨੂੰ ਪਗਲੀ ਬਣਾ ਕੌਣ ਰਿਹਾ ਏ ?"

ਪਿੰਡ ਵਿਚ ਸਿਰਫ ਤਹਿਸੀਲਦਾਰ ਸਾਹਿਬ ਚਾਹ ਪੀਂਦੇ ਹਨ । ਵਧੀਆ ਚਾਹ ਦੀ ਪੱਤੀ ਦੀ ਵਰਤੋਂ ਕਰਦੇ ਹਨ । ਡਾਕਟਰ ਇਥੇ ਰੋਜ਼ ਸ਼ਾਮੀ ਚਾਹ ਪੀਣ ਆਉਂਦਾ ਹੈ। ਕਮਲਾ ਦੀ ਮਾਂ ਦਾ ਅਨੁਰੋਧ ਹੈ—ਰੋਜ਼ ਸ਼ਾਮੀ ਚਾਹ ਪੀ ਜਾਇਆ ਕਰੇ ।

ਤਹਿਸੀਲਦਾਰ ਸਾਹਿਬ ਕਹਿੰਦੇ ਹਨ, ਡਾਕਟਰ ਤਾਂ ਆਪਣੇ ਸਕਿਆਂ ਵਾਂਗ ਬਣ ਗਿਆ ਹੈ । ਡਾਕਟਰ ਨੂੰ ਵੀ ਤਹਿਸੀਲਦਾਰ ਨਾਲ ਗੂੜ੍ਹਾ ਹਿਤ ਹੋ ਗਿਆ ਹੈ.........। ਤਹਿਸੀਲਦਾਰ ਸਾਹਿਬ ਤੋਂ ਘਰ, ਪਿੰਡ ਤੇ ਜ਼ਿਲੇ ਦੀਆਂ ਬਹੁਤ ਸਾਰੀਆਂ ਨਵੀਆਂ ਪੁਰਾਣੀਆਂ ਗੱਲਾਂ ਸੁਣਨ ਨੂੰ ਮਿਲਦੀਆਂ ਹਨ ।......ਰਾਜ ਪਾਰ ਬੰਗਾ ਸਟੇਟ ਦੇ ਜਨਰਲ ਮੈਨੇਜਰ ਡਫ ਸਾਹਿਬ ਕਿਹੋ ਜਿਹੇ ਬੰਦੇ ਹਨ । ਅਜ ਕਲ੍ਹ ਇਕ ਦਮ ਹਿੰਦੁਸਤਾਨੀ ਬਣ ਗਿਆ ਹੈ । ਧੋਤੀ ਕੁਰਤਾ ਪਹਿਨਦਾ ਹੈ । ਕਦੀ ਕਦੀ ਰੋਰੀ ਦਾ ਟਿੱਕਾ ਵੀ ਲੀਉਂਦਾ ਹੈ । ਰਾਜ ਪਾਰਬੰਗਾ ਦੇ ਕੁਮਾਰ ਜੀ ਉਹਦੀ ਮੁੱਠੀ ਵਿਚ ਹਨ ।ਡਫ ਸਾਹਿਬ ਦੀ ਧੀ ਜਦੋਂ ਤਕ ਰਵ੍ਹੇਗੀ, ਕੁਮਾਰ ਜੀ ਡਫ ਸਾਹਿਬ ਨੂੰ ਨਹੀਂ ਹਟਾ ਸਕਦੇ ।...ਮਹਾਂ-ਰਾਣੀ ਚੰਪਾਵਤੀ ਜਾਤ ਦੀ ਮੁਸਹਰਨੀ ਸੀ ।......ਰਾਜਾ ਭੂਪਤ ਸਿੰਘ ਨੂੰ ਮੇਮਰਾਣੀ ਦੇ ਦੋ ਲੜਕੇ ਹਨ । ਵੱਡਾ ਅੱਯਾਸ਼ ਹੈ. ਰਾਜਾ ਭੂਪਤ ! ਪੋਲੋ ਦਾ ਜੱਬੜ ਖਿਡਾਰੀ ! ਦਾਰਜਿਲੰਗ ਰੇਸ ਵਿਚ ਹਰ ਸਾਲ ਉਹਦਾ ਘੋੜਾ ਜਿੱਤਦਾ ਹੈ । ਅਜ ਕਲ੍ਹ ਵੀ ਬਾਈ ਘੋੜੇ ਹਨ । ਬੜਾ ਅੱਯਾਸ਼ ! ਪੁਨਿਆਹ ਵਿਚ ਬਨਾਰਸ, ਇਲਾਹਾਬਾਦ ਅਤੇ ਲਖਨਊ ਤੋਂ ਏਨੀਆਂ ਬਾਈਜੀ ਆਉਂਦੀਆਂ ਹਨ ਕਿ ਤਿੰਨ ਦਿਨ ਤਿੰਨ ਰਾਤਾਂ ਮਹਿਫਲ ਜੰਮੀ ਰਹਿੰਦੀ ਹੈ, ਇਕ ਮਿੰਟ ਵੀ ਬੰਦ ਨਹੀਂ ਹੁੰਦੀ......ਪੈਰਿਸ ਦੀ ਸ਼ਰਾਬ ਪੀਂਦਾ ਹੈ, ਅਸਲੀ ਰਾਜਾ ਤਾਂ ਉਹੋ ਹੀ ਹੈ । ਰਾਜ ਪਾਰ ਬੰਗਾ ਵਾਲਾ ਤਾਂ ਮੱਖੀ ਚੂਸ ਹੈ ।......ਜ਼ਿਲੇ ਦਾ ਸਭ ਤੋਂ ਵਡਾ ਕਿਸਾਨ ਹੈ, ਭੋਲਾ ਬਾਬੂ । ਤੀਹ ਹਜ਼ਾਰ ਬਿਘੇ ਜ਼ਮੀਨ ਹੈ । ਰਹੁਆ ਇਸਟੇਟ ਦੇ ਗੁਰੂ ਬੰਸੀ ਬਾਬੂ ਵੀ ਕਿਸਾਨ ਹੀ ਹਨ । ਉਨ੍ਹਾਂ ਦੀ ਗੱਲ ਨਿਰਾਲੀ ਹੈ।

ਦਾਤਾ ਕਰਣ ਹਨ। 'ਵਾਰਫਨ' ਵਿਚ ਸਭ ਤੋਂ ਵੱਧ ਰੁਪਏ ਦਿਤੇ ਨੇ ਅਤੇ ਕਾਂਗਰੇਸ ਦੇ ਸਹਾਇਤਾ ਫ਼ੰਡ ਵਿਚ ਵੀ ਸਭ ਤੋਂ ਵੱਧ ਰੁਪਏ ਦਿਤੇ ਨੇ। ਇਸੇ ਨੂੰ ਕਹਿੰਦੇ ਨੇ ਦੁਨੀਆਂ ਦਾ ਇਨਸਾਫ਼। ਦਿਲ ਖੋਲ੍ਹ ਕੇ ਦਾਨ ਦੇਣ ਦਾ ਸੁਫਲ ਕੀ ਮਿਲਦਾ ਹੈ, ਜਾਣਦੇ ਹੋ? ਲੋਕਾਂ ਵਿਚ ਝੂਠਮੂਠ ਅਫਵਾਹ ਫੈਲਾ ਦਿਤੀ ਹੈ ਕਿ ਨੋਟ ਬਣਾਉਂਦਾ ਹੈ। ਓਏ ਭਰਾਵਾ! ਨੋਟ ਤਾਂ ਬਣਾਉਂਦੀ ਹੈ, ਉਹਦੀ ਕੋਸ਼ੀ ਗੰਗਾ ਕਿਨਾਰੇ ਦੀ ਹਜ਼ਾਰ ਬਿਘੇ ਜ਼ਮੀਨ, ਜਿਸ ਵਿਚ ਨਾ ਹਲ ਚਲਦਾ ਹੈ ਨਾ ਬਲਦ, ਨਾ ਮਿਹਨਤ ਨਾ ਮਜ਼ਦੂਰੀ! ਹੜ੍ਹ ਦਾ ਪਾਣੀ ਹਟਿਆ ਅਤੇ ਚਿਕੜ ਵਾਲੀ ਧਰਤੀ ਵਿਚ ਚਣੇ, ਖੇਸਾਰੀ, ਮਟਰ, ਸਰੋਂ, ਮਸਰ ਵਗ਼ੈਰਾ ਦਾ ਛਿੱਟਾ ਦੇ ਦਿਤਾ। ਬੱਸ ਛਿੱਟਾ ਦੇਣ ਵਿਚ ਜਿੰਨੀ ਮਿਹਨਤ ਲਗੇ। ਕੋਸ਼ੀ ਤੇ ਗੰਗਾ ਦੇ ਪਾਣੀ ਨਾਲ ਨਾਤੀ ਧੋਤੀ ਧਰਤੀ ਮਾਤਾ ਦਿਲ ਖੋਲ੍ਹ ਕੇ ਆਪਣਾ ਧਨ ਲੁਟਾ ਦੇਂਦੀ ਹੈ।......ਜ਼ਿਲਾ ਕਾਂਗਰਸ ਦੇ ਸਭ ਤੋਂ ਵੱਡੇ ਲੀਡਰ ਹਨ; ਸ਼ਿਵਨਾਥ ਚੌਧਰੀ ਜੀ। .....ਉਹ ਤੁਸੀਂ ਤਾਂ ਜਾਣਦੇ ਹੀ ਹੋ ਉਨ੍ਹਾਂ ਨੂੰ, ਉਹ ਵੀ ਵੱਡੇ ਕਿਸਾਨ ਹਨ। ......ਪੂਰਾਣੀਆਂ ਕਚਹਿਰੀ ਵਿਚ ਜਿਹੜੀ ਵਕਾਲਤ ਸੀਸੀ ਬਾਬੂ ਕਰ ਗਏ, ਉਹ ਹੁਣ ਕੋਈ ਹੋਰ ਵਕੀਲ ਕੀ ਕਰੇਗਾ। ਹਾਈ ਕੋਰਟ ਦੇ ਬਾਲਿਸਟਰ ਵੀ ਉਸ ਦੇ ਬਣਾਏ ਹੋਏ ਮਿਸਲ ਨੂੰ ਨਹੀਂ ਕਟ ਸਕਦਾ ਸੀ। ਪਰ ਫ਼ੌਜਦਾਰੀ ਕਚਹਿਰੀ ਵਿਚ ਕਦੀ ਪੈਰ ਨਹੀਂ ਸਨ ਰਖਦੇ। ਇਕ ਵਾਰ ਰਾਜਾ ਭੂਪਤ ਦਸ ਹਜ਼ਾਰ ਫ਼ੀਸ ਦੇਣ ਲਗਾ, ਖ਼ੂਨੀ ਕੇਸ ਸੀ ਸੀਸੀ ਬਾਬੂ ਨੇ ਆਪਣਾ ਪ੍ਰਣ ਨਹੀਂ ਤੋੜਿਆ, ਕਚਹਿਰੀ ਨਹੀਂ ਗਏ। ਕਾਗਜ਼ ਪੜ੍ਹ ਕੇ ਸਿਰਫ ਇਕ ਥਾਵੇਂ ਇਕ ਲਾਈਨ ਕੱਟ ਦਿਤੀ ਅਤੇ ਇਕ ਥਾਂ ਇਕ ਅਖਰ ਜੋੜ ਦਿਤਾ। ਰਾਜਾ ਭੂਪਤ ਬੇਦਾਗ ਛੁੱਟ ਗਿਆ। ......ਹੁਣ ਤਾਂ ਨਾ ਉਹ ਅਯੋਧਿਆ ਹੈ ਤੇ ਨਾ ਉਹ ਰਾਮ।......

"ਬਾਬਾ।"

"ਦੀਦੀ।"

"ਡਾਕਟਰ ਸਾਹਿਬ ਅਜ ਇਥੇ ਹੀ ਖਾਣਗੇ।"

"ਪਿਆਰੂ ਨਾਲ ਝਗੜਾ ਮੁਲ ਲੈਣਾ ਚਾਹੁੰਦੀ ਏਂ?"

"ਪਿਆਰੂ ਨੂੰ ਕਹਿ ਦਿਤਾ ਹੈ।"

"ਤਦ, ਡਾਕਟਰ ਸਾਹਿਬ! ਸਾਡੀ ਤਾਂ ਕਦੀ ਹਿੰਮਤ ਨਹੀਂ ਹੋਈ। ਦੀਦੀ ਕਹਿੰਦੀ ਹੈ, ਜੇਕਰ ਸ਼ਰਧਾ ਹੋਵੇ ਤਾਂ......"

'ਸ਼ਰਧਾ ਅਸ਼ਰਧਾ ਦੀ ਗੱਲ ਨਹੀਂ। ਗੱਲ ਇਹ ਹੈ ਕਿ ਮੈਂ......"

"ਮਿਰਚ ਮਸਾਲਾ ਨਹੀਂ ਖਾਂਦੇ।"ਕਮਲੀ ਵਿਚੋਂ ਹੀ ਬੋਲ ਪਈ—"ਉਬਲੀਆਂ ਹੋਈਆਂ ਚੀਜ਼ਾਂ ਖਾਉਗੇ, ਇਹੋ ਨਾ।"

ਡਾਕਟਰ ਸਮਝ ਰਿਹਾ ਹੈ—ਰੋਗ ਦਿਨ ਪ੍ਰਤਿ ਦਿਨ ਵਧਦਾ ਹੀ ਜਾ ਰਿਹਾ ਹੈ।......

ਸ਼ੀਲਾ ਹੁੰਦੀ ਤਾਂ ਤੁਰਤ ਕੁਝ ਕਹਿ ਦਿੰਦੀ। ਸ਼ਾਇਦ ਕਹਿੰਦੀ—ਭਾਵਾਤਮਕ ਸੰਕਰਮਣ! ਅਰਥਾਤ 'ਪ੍ਰਤਿਆਵਰਤਨ' ਦੇ ਮੋੜ ਤੇ ਰੋਗ ਪਹੁੰਚ ਗਿਆ ਹੈ।

## ਪੰਦਰਾਂ

ਸੁਮਰਿਤਦਾਸ ਨੂੰ ਲੋਕ ਲਵੜਾ ਆਦਮੀ ਸਮਝਦੇ ਹਨ, ਪਰ ਸਮਾਂ ਆਉਣ ਤੇ ਪੱਤੇ ਦੀਆਂ ਗੱਲਾਂ ਦਸ ਜਾਂਦਾ ਹੈ। ਅਜਕਲ ਉਹਦਾ ਨਾਂ ਪਿਆ ਹੈ—ਬੇਤਾਰ ਦੀ ਖ਼ਬਰ। ਸੰਖੇਪ ਵਿਚ 'ਬੇਤਾਰ'। ਗੱਲ ਛੋਟੀ ਹੋਵੇ ਜਾਂ ਵੱਡੀ, ਕੋਈ ਵੀ ਨਵੀਂ ਗੱਲ ਬੇਤਾਰ ਤੁਰਤ ਘਰ ਘਰ ਪਹੁੰਚਾ ਦਿੰਦਾ ਹੈ। ਤਹਿਸੀਲਦਾਰ ਦਾ ਉਹ ਰੋਟੀਆਂ ਗਵਾਹ (ਗਵਾਹੀ ਦੀ ਰੋਟੀ ਖਾਣ ਵਾਲਾ) ਗਵਾਹੀ ਦੇਂਦਿਆਂ ਬੁੱਢਾ ਹੋ ਗਿਆ ਹੈ; ਵਸੂਲ ਤਗਾਦਾ ਦੇ ਸਮੇਂ ਤਹਿਸੀਲਦਾਰ ਦੇ ਨਾਲ ਰਹਿੰਦਾ ਹੈ। ਕਿਸੇ ਨੇ ਦਾਖ਼ਿਲ ਖ਼ਾਰਜ ਕਰਵਾਣੀ ਹੈ, ਕਿਸੇ ਰਇਅਤ ਦੀ ਜ਼ਮੀਨ ਵਿਚ ਝੰਝਟ ਪੈ ਗਿਆ ਹੈ ਜਾਂ ਕਿਸੇ ਨੇ ਬੰਦੋਬਸਤੀ ਲੈਣੀ ਹੈ, ਤਹਿਸੀਲਦਾਰ ਤੋਂ ਪਹਿਲਾਂ ਸੁਮਰਿਤਦਾਸ ਨਾਲ ਗੱਲ ਕਰੇ। ਉਹ ਰਇਅਤਾਂ ਨੂੰ ਇਕਾਂਤ ਵਿਚ ਲਿਜਾ ਕੇ ਕਹੇਗਾ—ਤਹਿਸੀਲਦਾਰ ਤਾਂ ਸਾਡੀ ਮੁੱਠੀ ਵਿਚ ਹਨ। ਸਾਨੂੰ ਪਾਨ ਸੁਪਾਰੀ ਖਾਣ ਲਈ ਕੁਝ ਦਿਓ, ਜਾਂ ਨਾ ਦਿਓ ਤੁਹਾਡੀ ਮਰਜ਼ੀ, ਪਰ ਤਹਿਸੀਲ-ਦਾਰ ਸਾਹਿਬ ਨੂੰ ਤਾਂ......ਬਾਜਿਵ ਜੇਹੈ ਸੋ......।

ਰਇਅਤਾਂ ਤੋਂ ਛੋਟੀਆਂ ਛੋਟੀਆਂ ਚੀਜ਼ਾਂ ਤਹਿਸੀਲਦਾਰ ਸਾਹਿਬ ਆਪ ਕਿਵੇਂ ਮੰਗ ਸਕਦੇ ਹਨ। ਉਹ ਸੁਮਰਿਤਦਾਸ ਹੀ ਮੰਗਦਾ ਹੈ। ਕੱਦੂ, ਖੀਰਾ, ਬਤਾਊਂ, ਕਰੇਲਾ, ਕਬੂਤਰ, ਹਲਦੀ, ਮਿਰਚ, ਸਾਗ, ਮੂਲੀ ਅਤੇ ਸਰ੍ਹੋਂ ਦਾ ਤੇਲ। ਇਹ ਸਭ ਕੁਝ ਤਾਂ ਸੁਮਰਿਤਦਾਸ ਆਪਣੇ ਲਈ ਲੈਂਦਾ ਹੈ, ਪਰ ਚੀਜ਼ਾਂ ਲੈਣ ਵੇਲੇ ਸੁਮਰਿਤਦਾਸ ਰਇਅਤ ਨੂੰ ਏਕਾਂਤ ਵਿਚ ਕਹਿੰਦਾ ਹੈ, "ਓਏ ਭਰਾਵਾ ਇਹ ਸਭ ਚੀਜ਼ਾਂ ਲੈ ਕੇ ਮੈਂ ਕੀ ਕਰੂੰਗਾ? ਨਾ ਘਰ ਹੈ ਨਾ ਘਰਵਾਲੀ, ਨਾ ਚੁਲ੍ਹਾ ਹੈ, ਨਾ ਚੌਕਾ। ਇਕ ਢਿੱਡ ਲਈ ਮੰਗ ਕੇ ਕੀ ਕਰੂੰਗਾ? ਇਹ ਸਭ ਕੁਝ ਤਾਂ......।" ਕਦੀ ਇਕ ਪੈਸੇ ਦੀ ਸਬਜ਼ੀ ਵੀ ਤਹਿਸੀਲਦਾਰ ਦੇ ਘਰ ਨਹੀਂ ਖ਼ਰੀਦੀ ਜਾਂਦੀ। ਸੁਮਰਿਤਦਾਸ ਭਲਾ ਕੀ ਮੰਗੇਗਾ ਅਜ ਉਹਦੀ ਹਾਲਤ ਖ਼ਰਾਬ ਹੋ ਗਈ ਹੈ, ਤਾਂ ਕੀ ਹੋਇਆ, ਉਹ ਖ਼ਨਦਾਨ ਦੀ ਇੱਜ਼ਤ ਨੂੰ ਵੀ ਲੁਟਾ ਦੇਵੇ। ਉਹਦੇ ਪੜਦਾਦੇ ਦੇ ਦਰਵਾਜ਼ੇ ਅਗੇ ਹਾਥੀ ਝੂੰਮਦਾ ਸੀ। ਸਭ ਕਰਮਾਂ ਦਾ ਫੇਰ ਹੈ। ......ਸੁਮਰਿਤਦਾਸ ਦੇ ਢਿੱਡ ਵਿਚ ਕੋਈ ਗੱਲ ਨਹੀਂ ਪਚਦੀ। ਕਾਲੀਚਰਨ ਕਹਿੰਦਾ ਹੈ—ਮੂੰਹ ਵਿਚ ਦੰਦ ਹੈਨ ਨਹੀਂ, ਗੱਲ ਅਟਕੇ ਵੀ ਤਾਂ ਕਿਵੇਂ? ਬੇਤਾਰ।

ਬੇਤਾਰ ਨੂੰ ਬਹੁਤ ਸਾਰੀਆਂ ਗੱਲਾਂ ਲਭ ਪਈਆਂ ਹਨ। ਪਹਿਲੀ ਗੱਲ ਤਾਂ ਇਹ ਹੈ

ਕਿ ਪੱਛਮੋਂ ਮੱਠ ਵਿਚ ਆਚਾਰਜ ਗੁਰੂ ਆ ਰਹੇ ਹਨ, ਲਰ ਸਿੰਘ ਦਾਸ ਨੂੰ ਕੁਲਕਟਰ ਸਾਹਬ ਨੇ ਵੀ ਮਹੰਥ ਮੰਨ ਲਿਆ ਹੈ। ਦੂਜੀ ਗੱਲ ਇਹ ਕਿ ਕਲ੍ਹ ਤੋਂ ਖਮਹਾਰ (ਖਲੇਹਾਨ) ਖੁਲ੍ਹਣ ਵਾਲਾ ਹੈ, ਵਿਚ ਭਦਵਾ ਪੈ ਗਿਆ ਸੀ, ਤਹਿਸੀਲਦਾਰ ਸਾਹਿਬ ਨੇ ਕਿਹਾ ਹੈ—ਕਲ੍ਹ ਸ਼ੁਭ ਦਿਨ ਹੈ।

ਤਹਿਸੀਲਦਾਰ ਸਾਹਿਬ ਦੇ ਖਮਹਾਰ ਦੇ ਨਾਲ ਹੀ ਪਿੰਡ ਦੇ ਬਾਕੀ ਕਿਸਾਨਾਂ ਦਾ ਖਮਹਾਰ ਖੁਲ੍ਹਦਾ ਹੈ। ਤਹਿਸੀਲਦਾਰ ਸਾਹਿਬ ਦਾ ਖਮਹਾਰ ਵੱਡਾ ਖਮਹਾਰ ਕਹਾਉਂਦਾ ਹੈ। 'ਜੰਗੀਧਾੜ' ਤੋਂ ਬਚ ਕੇ ਵੀ ਦੋ ਹਜ਼ਾਰ ਮਣ ਧਾਨ ਹੁੰਦਾ ਹੈ।

......ਹਾਂ ਤੀਜੀ ਗੱਲ ਤਾਂ ਕਹਿਣਾ ਭੁੱਲ ਹੀ ਗਿਆ, ਬੇਤਾਰ! ਉਹ ਪਰਤ ਕੇ ਸੁਣਾ ਜਾਂਦਾ ਹੈ, ਕਪੜਾ ਤੇਲ ਅਤੇ ਚੀਨੀ ਦੀ ਪੁਰਜੀ ਵੰਡਣ ਦਾ ਕੰਮ ਬਾਲਦੇਵ ਨੂੰ ਮਿਲਿਆ ਹੈ। ਨਾ ਤਾਂ ਉਹਦੇ ਵਿਚ ਡਾਕਟਰ ਬਾਬੂ ਦਾ ਵੀ ਹੈ, ਪਰ ਡਾਕਟਰ ਬਾਬੂ ਕਹਿੰਦੇ ਹਨ—ਸਾਨੂੰ ਫੁਰਸਤ ਨਹੀਂ। ਸਾਨੂੰ ਕਹਿੰਦੇ ਸਨ ਕਿ ਸਾਡਾ ਕੰਮ ਤੁਸੀਂ ਹੀ ਕਰੋ ਦਾਸ ਜੀ। ਅਸੀਂ ਕਿਹਾ ਕਿ ਸਾਨੂੰ ਵੀ ਫ਼ੁਰਸਤ ਕਿਥੇ ਹੈ।

ਆਚਾਰਜ ਗੁਰੂ ਦੇ ਆਉਣ ਦੀ ਖ਼ਬਰ ਦਾ ਕੋਈ ਮੁੱਲ ਨਾ ਵੀ ਹੋਵੇ, ਬਾਕੀ ਦੋ ਗੱਲਾਂ ਜੇ ਸੱਚ ਹਨ ਤਾਂ ਅਸਲ ਵਿਚ ਕੀਮਤੀ ਹਨ।

ਗੱਲ ਸੱਚੀ ਹੈ। ਬਾਲਦੇਵ ਜੀ ਵੀ ਕਹਿੰਦੇ ਹਨ, ਗੱਲ ਠੀਕ ਹੈ।

ਖਮਹ ਰ। ਸਾਲ ਭਰ ਦੀ ਕਮਾਈ ਦਾ ਲੇਖਾ ਜੋਖਾ ਤਾਂ ਖਮਹਾਰ ਵਿਚ ਹੀ ਹੁੰਦਾ ਹੈ। ਦੋ ਮਹੀਨਿਆਂ ਦੀ ਕਟਾਈ, ਇਕ ਮਹੀਨੇ ਦੀ ਗਹਾਈ, ਫੇਰ ਸਾਲ ਭਰ ਦੀ ਖੱਟੀ ਦਵਾ ਕੇ ਤੇ ਗਾਹ ਕੇ ਜਮਾ ਕਰੋ, ਸਾਲ ਭਰ ਦੇ ਖਾਧੇ ਹੋਏ ਕਰਜ਼ ਦਾ ਹਿਸਾਬ ਕਰਕੇ ਚੁਕਾਓ। ਬਾਕੀ ਜੇ ਰਹਿ ਜਾਵੇ ਤਾਂ ਫੇਰ ਸਾਦਾ ਕਾਗਜ਼ ਤੇ ਅੰਗੂਠੇ ਦੀ ਮੋਹਰ ਲਾਓ। ਸਫਾਈ ਕਰਨੀ ਹੈ ਤਾਂ ਗਾਂ-ਬੋਲਦ ਭਰਨੇ ਰਖੋ ਜਾਂ ਹਲਵਾਹੇ ਤੇ ਚਰਵਾਹੇ ਦਿਓ, ਫੇਰ ਕਰਜ ਖਾਓ। ਖਮਹਾਰ ਦਾ ਚੱਕਰ ਚਲਦਾ ਰਹਿੰਦਾ ਹੈ। ਖਮਹਾਰ ਵਿਚ ਬਲਦਾਂ ਦੇ ਕੱਠ ਨਾਲ ਦਵਾਈ ਤੇ ਗਹਾਈ ਹੁੰਦੀ ਹੈ। ਬਲਦਾਂ ਦੇ ਮੂੰਹ ਵਿਚ ਜਾਲੀ ਦੀ ਛਿੱਕਲੀ ਲਾ ਦਿਤੀ ਜਾਂਦੀ ਹੈ। ਗਰੀਬ ਅਤੇ ਭੂਮੀਹੀਨ ਲੋਕਾਂ ਦੀ ਹਾਲਤ ਵੀ ਖਮਹਾਰ ਦੇ ਬਲਦਾਂ ਵਰਗੀ ਹੈ।..... ਮੂੰਹ ਉਤੇ ਜਾਲੀ ਦੀ ਛਿੱਕਲੀ।......ਪਰ ਖਮਹਾਰ ਦਾ ਮੋਹ! ਇਹ ਨਹੀਂ ਟੁੱਟ ਸਕਦਾ। ਸਰਘੀ ਉਗਦਿਆਂ ਹੀ ਖਮਹਾਰ ਜਾਗ ਜਾਂਦਾ ਹੈ। ਸੂਈ ਵਾਂਗ ਚੁਭਣ ਵਾਲੀ ਮਾਘ ਦੇ ਸਵੇਰ ਦੀ ਠੰਡੀ ਹਵਾ ਦਾ ਦੇਹ ਤੇ ਕੋਈ ਅਸਰ ਨਹੀਂ ਹੁੰਦਾ। ਤ੍ਰੇਲ ਅਤੇ ਪਾਲੇ ਨਾਲ ਤਾਂ ਦੇਹ ਸੁੰਨ ਹੋ ਜਾਂਦੀ ਹੈ। ਜਦੋਂ ਹੱਥ ਨਾਲ ਆਪਣੀ ਨੱਕ ਵੀ ਨਹੀਂ ਛੂਹ ਹੁੰਦੀ. ਤਦ ਘਰ ਵਿਚ ਮੁੜ ਕੇ ਸੁੱਕੇ ਟਾਂਡੇ ਪਾ ਕੇ ਨਵੀਂ ਅੱਗ ਬਣਾਈ ਜਾਂਦੀ ਹੈ। ਘੂਰ ਵਿਚ ਸ਼ਕਰਕੰਦੀ ਪਕਦੀ ਰਹਿੰਦੀ ਹੈ। ਘੂਰ ਕੋਲ ਦੇਹਨਿਕੀ ਕਰਨ ਦੀ ਜਿਸ ਦੀ ਬਾਰੀ ਹੁੰਦੀ ਹੈ. ਉਹ ਪ੍ਰਾਂਤਕੀ ਗੌਂਦਾ ਹੈ—'ਹਰ ਬਿਨੁ

ਕੇ ਪੂਰਿ ਹੈਂ ਮੋਰ ਸੁਆਰਥ, ਹਰਿ ਬਿਨੁ ਕੇ...ਅਥਵਾ ਨਿਰਬਲ ਕੇ ਬਲਰਾਮ ਹੋ ਸੰਤੋ, ਨਿਰਬਲ ਕੇ ਬਲਰਾਮ ।"

ਦਿਨ ਭਰ ਧਾਨ ਝਾੜ ਪਟਕ ਕੇ ਜਮਾਂ ਕੀਤਾ, ਫੇਰ ਧਾਨ ਦੇ ਢੇਰ ਪਾਸੇ ਕਰ ਦਿਤੇ ਅਤੇ ਸ਼ਾਮ ਤੋਂ ਦਵਾਈ ਗਹਾਈ ਫੇਰ ਸ਼ੁਰੂ ਹੋ ਗਈ । ਸ਼ਾਮੀ ਘੂਰ ਕੋਲ 'ਲੋਰਿਕ' ਜਾਂ 'ਕੁਮਰ' 'ਬਿਜੈ ਭਾਨ' ਦੀ ਗੀਤ ਕਥਾ ਹੁੰਦੀ ਹੈ ।

ਅਰੇ ਰਾਮ ਰਾਮ ਰੇ ਦੇਬਾ ਰੇ ਇਸ਼ਰ ਰੇ ਮਹਾਂਦੇਵ,
ਬਾਮੇ ਠਾਢੀ ਦੇਵੀ ਦੁਰਗਾ ਦਾਹਿਲ ਬੋਲੇ ਕਾਗ ।
ਆਪਣ ਮਨ ਮੇ ਸੋਚ ਕਰੈਏ, ਮਾਨਿਕ ਸਰਦਾਰ
ਬਾਦ ਸੇ ਨਾਈਂ ਮਾਨੇ ਵੀਰ ਕਨੌਜਿਆ ਗੁਆਰ......।

ਕਪੜਾ, ਤੇਲ ਅਤੇ ਚੀਨੀ ਦੀ ਪੁਰਜੀ ਕਮਲਦਾਹਾ ਦੇ ਕਮਰੁੱਦੀ ਬਾਬੂ ਵੰਡਦੇ ਸਨ । ਮੇਰੀ ਗੰਜ ਤੋਂ ਕਮਲਦਾਹਾ ਦਸ ਕੋਹ ਹੈ । ਦਸ ਕੋਹ ਤਕ ਜਾਣਾ ਤਾਂ ਕੋਈ ਵੱਡੀ ਗੱਲ ਨਹੀਂ ਪਰ ਪੁਰਜੀ ਲੈਣੀ ਵੱਡੇ ਭਾਗਾਂ ਦੀ ਗੱਲ ਸਮਝੀ ਜਾਂਦੀ ਹੈ । ਕਮਰੁੱਦੀ ਬਾਬੂ ਹਨ; ਕੰਜੜਾ ਬਤਾਊਆਂ ਦੀ ਬਿਕਰੀ ਤੋਂ ਹੀ ਜ਼ਿਮੀਂਦਾਰ ਬਣੇ ਹਨ, ਮੁਸਲੀਗ ਦੇ ਲੀਡਰ ਹਨ । ਕਟੀਹਾਰ ਪੂਰਣੀਆਂ ਮੋਟਰ ਰੋਡ ਦੇ ਕਿਨਾਰੇ ਤੇ ਹੀ ਘਰ ਹੈ । ਸਦਾ ਹਾਕਿਮ-ਹੁਕਾਮ ਉਹਨਾਂ ਦੇ ਆਉਂਦੇ ਰਹਿੰਦੇ ਹਨ । ਮਹੀਨੇ ਵਿਚ ਸੱਠ ਮੁਰਗੀਆਂ ਦਾ ਖ਼ਰਚ ਹੈ । ਲੋਕ ਕਹਿੰਦੇ ਹਨ ਕਿ ਨਵੇਂ ਇਸਡੀਓ ਜਦੋਂ ਆਏ ਤਾਂ ਸਾਰੇ ਇਲਾਕੇ ਵਿਚ ਇਹ ਗੱਲ ਮਸ਼ਹੂਰ ਹੋ ਗਈ ਕਿ ਬੜੇ ਸਖਤ ਹਾਕਿਮ ਹਨ; ਕਿਸੇ ਦੇ ਘਰ ਨਾ ਜਾਂਦੇ ਹਨ ਅਤੇ ਨਾ ਕਿਸੇ ਦਾ ਪਾਨ ਹੀ ਖਾਂਦੇ ਹਨ, ਪਰ ਕਮਰੁੱਦੀ ਬਾਬੂ ਵੀ ਖਹਿੜਾ ਛੱਡਣ ਵਾਲੇ ਬੰਦੇ ਨਹੀਂ । ਇਸਡੀਓ ਦਾ ਡਲੇਵਰ ਮੁਸਲਮਾਨ ਹੈ । ਉਹਨੂੰ ਕੁਰਾਨ ਦੀ ਸੌਂਹ ਖੁਆ ਕੇ ਪਾਨ ਸੁਪਾਰੀ ਖਾਣ ਲਈ ਦਿਤਾ । ਬਸ ਇਕ ਵਾਰ ਕਟੀਹਾਰ ਤੋਂ ਪਰਤ ਰਹੇ ਸਨ ਇਸਡੀਓ ਸਾਬ੍ਹ; ਬਿਲਕੁਲ ਕਮਰੁੱਦੀ ਬਾਬੂ ਦੇ ਘਰ ਸਾਹਮਣੇ ਆ ਕੇ ਮੋਟਰ ਗੱਡੀ ਖ਼ਰਾਬ ਹੋ ਗਈ । ਦਸ ਵਜੇ ਰਾਤੀਂ ਇਸਡੀਓ ਸਾਬ੍ਹ ਹੋਰ ਕਿਥੇ ਜਾਂਦੇ ?...ਉਦੋਂ ਤੋਂ ਲੈ ਕੇ ਕਮਰੂਦੀ ਬਾਬੂ ਅੱਖਾਂ ਮੀਟ ਕੇ ਬਲੈਕ ਕਰਨ ਲਗੇ । ਇਕ ਵਾਰ ਪੂਰੇਨੀਆਂ ਮਿਟਨ ਵਿਚ ਕੰਗਰੇਸੀ ਖੁਸ਼ਾਏ ਬਾਬੂ ਨੇ ਹਾਕਿਮ ਨੂੰ ਕਿਹਾ—ਪਬਲਿਕ ਬਹੁਤ ਸ਼ਿਕਾਇਤ ਕਰਦੀ ਹੈ । ਕਮਰੁੱਦੀ ਬਾਬੂ ਨੇ ਹੱਸਦਿਆਂ ਪੁੱਛਿਆ, "ਹਿੰਦੂ ਪਬਲਿਕ ਜਾਂ ਮੁਸਲਮਾਨ ?" ਹਾਕਿਮ ਵੀ ਸਮਝ ਗਏ—ਕਮਰੂੱਦੀ ਬਾਬੂ ਲੀਗੀ ਹਨ, ਇਸ ਲਈ ਲੋਕ ਝੂਠਮੂਠ ਦੋਸ਼ ਮੜ੍ਹ ਰਹੇਹਨ । ...ਹੁਣ ਤਾਂ ਬਾਲਦੇਵ ਜੀ ਪੁਰਜੀ ਦੇਣਗੇ । ਬਾਲਦੇਵ ਜੀ ਨੂੰ ਬਲੈਕੀ ਕਪੜੇ ਦੀ ਕੀ ਜ਼ਰੂਰਤ ? ਖੱਦਰ ਨੂੰ ਛੱਡ ਕੇ ਦੂਜੇ ਕਪੜੇ ਨੂੰ ਛੋਂਹਦੇ ਵੀ ਨਹੀਂ । ...ਛੂੰਹਦੇ ਹਨ ? ਛੂਹਣ ਵਿਚ ਹਰਜ ਨਹੀਂ ।...

'ਜੈ ਹੋਵੇ, ਗਾਂਧੀ ਮਹਾਤਮਾ ਦੀ ਜੈ ਹੋਵੇ ।'...ਕਲ੍ਹ ਨੂੰ ਖਮਹਾਰ ਖੁਲ੍ਹੇਗਾ, ਪਿਛਲੇ

ਸਾਲ ਤਾਂ ਖ਼ਮਹਾਰ ਖੁਲ੍ਹਣ ਵਾਲੇ ਦਿਨ ਜਾਲਿਮ ਸਿੰਘ ਦਾ ਨਾਚ ਹੋਇਆ ਸੀ। ਜਾਲਮ ਸਿੰਘ ਸਪਾਟੇ ਨੇ ਇਕ ਡੋਮਣ ਨਾਲ ਸ਼ਾਦੀ ਕਰ ਲਈ ਸੀ...ਪਰ ਐਤਕੀਂ ਕੀਰਤਨ ਹੋਣਾ ਚਾਹੀਦਾ ਹੈ । ਸੁਰਾਜੀ ਕੀਰਤਨ ! ਬੇਤਾਰ ਕਹਿੰਦਾ ਹੈ—ਐਤਕੀਂ ਬਿੰਦਾਪਤ ਨਾਚ ਹੋਵੇਗਾ। ਡਾਗਡਰ ਬਾਬੂ ਬਿੰਦ ਪਤ ਨਾਚ ਦੇਖਣਗੇ। ...ਤਹਿਸੀਲ-ਦਾਰ ਸਾਬ੍ਹ ਤਾਂ ਹੱਸਦੇ ਹੱਸਦੇ ਲੋਟ ਪੋਟ ਹੋ ਗਏ, ਕਿੰਨਾ ਸਮਝਾਇਆ ਕਿ ਡਾਗਡਰ ਬਾਬੂ ਉਹ ਤਾਂ ਬਹੁਤ ਪੁਰਾਣਾ ਨਾਚ ਹੈ, ਖ਼ਾਲੀ ਵਿਕੇਟ (ਹਾਸਾ-ਠੱਠਾ) ਹੁੰਦਾ ਹੈ। ਡਾਗਡਰ ਬਾਬੂ ਕਹਿਣ ਲਗੇ—'ਬਿੱਦਾਪਤ ਹੀ ਕਰਵਾਓ। ਪਾਸਵਾਨ ਟੋਲੀ ਦੇ ਲਿਬੜੂਪਾਸਵਾਨ ਨੂੰ ਖ਼ਬਰ ਭੇਜ ਦਿਤੀ ਗਈ ਹੈ। ਲਿਬੜੂ ਨਾਚ ਦਾ ਮੂਲ ਗੇਨ ਹੈ। ਮੂਲ ਗੇਨ, ਅਰਥਾਤ ਮਿਊਜ਼ਿਕ ਡਾਇਰੈਕਟਰ ! ਕਾਲੀਚਰਨ ਦਾ ਕੀਰਤਨ ਨਹੀਂ ਹੋਵੇਗਾ ? ਚੰਗਾ ਕੋਈ ਗੱਲ ਨਹੀਂ, ਡਾਕਟਰ ਸਾਬ੍ਹ ਨੂੰ ਇਕ ਦਿਨ ਕੀਰਤਨ ਸੁਣਾ ਦਿਆਂਗੇ।

ਬਾਲਦੇਵ ਜੀ ਨੂੰ ਡਾਕਡਰ ਬਾਬੂ ਦੀ ਬੁੱਧੀ ਤੇ ਆਚਰਜ ਹੁੰਦਾ ਹੈ—ਬਿੱਦਾਪਤ ਨਾਚ ਕੀ ਦੇਖਣਗੇ ? ਬੜਾ ਖ਼ਰਾਬ ਨਾਚ ਹੈ, ਕੋਈ ਭਲਾ ਆਦਮੀ ਨਹੀਂ ਦੇਖਦਾ। ਖਰਾਬ ਖਰਾਬ ਗੀਤ ਗੌਂਦੇ ਹਨ। ਨਾਚ ਹੀ ਦੇਖਣ ਦਾ ਮਨ ਸੀ ਤਾਂ ਤਹਿਸੀਲਦਾਰ ਨੂੰ ਕਹਿ ਕੇ ਸਿਮਰਬਨੀ ਪਿੰਡ ਦੀ ਠੇਠਰ ਕੰਪਨੀ ਨੂੰ ਬੁਲਾ ਲੈਂਦੇ। ਆਉਣ ਜਾਣ ਅਤੇ ਪੰਜੀ ਬੰਦਿਆਂ ਦੇ ਖਾਣ ਦਾ ਖ਼ਰਚਾ ਕੀ ਤਹਿਸੀਲਦਾਰ ਸਾਬ੍ਹ ਨਹੀਂ ਦੇ ਸਕਦੇ ਸਨ ? ...ਪਿੰਡ ਵਾਲੇ ਦੇਖਦੇ ਤਾਂ ਅੱਖਾਂ ਖੁਲ੍ਹਦੀਆਂ। ਸਿਮਰਬਨੀ ਦੀ ਠੇਠਰ ਕੰਪਨੀ ਮਸ਼ਹੂਰ ਹੈ, ਮਹਾਂਵੀਰ ਜਦੋਂ ਜੋਰਜੋਧਨ ਦਾ ਪਠਾ ਲੈ ਕੇ ਤੇ ਹੱਥ ਵਿਚ ਤਲਵਾਰ ਫੜ ਕੇ ਗਰਜਦਿਆਂ ਹੋਇਆ ਨਿਕਲਦਾ ਹੈ ਤਾਂ ਇਕ ਕੋਹ ਤਕ ਉਹਦੀ ਆਵਾਜ਼ ਸਾਫ਼ ਸੁਣਾਈ ਦਿੰਦੀ ਹੈ— "ਬਸ ਬੰਦ ਕਰਾ ਦਿਓ ਇਹ ਮਿਰਦੰਗ ਬਾਜਾ, ਸਾਨੂੰ ਚੰਗਾ ਨਹੀਂ ਲਗਦਾ।"

ਧਿਨਾ, ਧਿਨਾਂ ਧਿਨਾਂ, ਨਿਨਾਂ ਨਿਨਾਂ।
ਧਿਨ ਤਕ ਧਿਨਾਂ, ਧਿਨ ਤਕ ਧਿਨਾਂ।

ਬਿਦਾਪਤ ਨਾਚ ਦਾ ਮਿਰਦੰਗ 'ਜਮੀਨਕਾ' ਦੇ ਰਿਹਾ ਹੈ—ਚਲੋ ! ਚਲੋ ! ! ਚਲੋ ! ! !

ਧਿਨਿਕ ਧਿਨਿਕ ਧਾ ਚਿਰਕਿਟ ਧਿੱਨਾ,
ਧਿਨਕ ਧਿਨਕ ਧਾ ਤਿਰਕਿਟ ਧਿੱਨਾ।

ਸਾਰੇ ਪਿੰਡ ਦੇ ਲੋਕ ਤਹਿਸੀਲਦਾਰ ਸਾਬ੍ਹ ਦੇ ਖਮਹਾਰ ਵਿਚ ਕੱਠੇ ਹੋਏ ਹਨ, ਸ਼ਾਮਿਆਨਾਂ ਤਾਣ ਦਿਤਾ ਗਿਆ ਹੈ। ਸ਼ਾਮਿਆਨਾਂ ਖਚਮ ਖੱਚ ਹੈ। ਡਾਕਟਰ ਬਾਬੂ, ਸਿੰਘ ਜੀ ਅਤੇ ਖਿਲਾਵਨ ਸਿੰਘ ਯਾਦਵ, ਕੁਰਸੀ ਤੇ ਬੈਠੇ ਹਨ, ਕਾਲੀਚਰਨ ਆਪਣੇ ਦਲ ਦੇ ਨਾਲ ਹਨ। ਜੋਤਖੀ ਜੀ ਨਹੀਂ ਆਏ। ਸਿੰਘ ਜੀ ਨੇ ਕਿਹਾ—"ਅਜ ਵੀ ਉਹਨਾਂ ਦੇ ਦੰਦ ਵਿਚ ਦਰਦ ਹੈ, ਭਰਾਵੋ" ਸਾਰੇ ਜ਼ੋਰ ਨਾਲ ਹਸਦੇ ਹਨ। ਸਾਰੇ ਹੀ

ਜੋਤਖੀ ਜੀ ਦੇ ਨਾ ਆਉਣ ਦਾ ਕਾਰਨ ਜਾਣਦੇ ਹਨ,...ਉਹਨਾਂ ਦਾ ਬੇਟਾ ਨਾਮ ਲਰੈਨ ਵੀ ਬਿੱਦਾਪਤ ਨਾਚ ਦਾ ਸਮਾਜੀ ਹੈ ।—ਬਾਹਮਣ ਨੱਚੇ ਤੇਲੀ ਤਮਾਸ਼ਾ ਦੇਖੇ। ਕਪੁੱਤਰ ਨਿਕਲਿਆਂ ਰਾਮ-ਨਾਰਾਇਣ ! ਸ਼ਿਵ ਹੋ...ਬਲਦੇਵ ਜੀ ਨਹੀਂ ਆਏ ਹਨ ਕੋਈ ਭਲਾ ਆਦਮੀ ਨਹੀਂ ਦੇਖਦਾ ਬਿੱਦਾਪਤ ਨਾਚ ! ਹੁਣ ਮਿਰਦੰਗ ਤੇ 'ਚਲੰਤੀ ਬੱਜ ਰਿਹਾ ਹੈ...

ਤਿਰਕਿਟ ਧਿੱਨਾ, ਤਿਰਕਿਟ ਧਿੱਨਾ ।
ਧਿੱਨ ਤਕ ਧਿੱਨਾ, ਧਿਨ ਤਕ ਧਿੱਨਾ ।
ਧਿਨਕ ਧਿਨਕ ਧਾ,
ਧਰਿਕ ਧਰਿਕ ਤਿੱਨਾ ।

"ਓ......ਓ ਹੇ ਹੋ । ਨਾਇਕ ਜੀ ।" ਵਿਕਟਾ (ਵਿਦੂਸ਼ਕ) ਆਇਆ । "ਭੀੜ ਵਿਚ" ਹਾਸੇ ਦੀ ਪਹਿਲੀ ਲਹਿਰ ਝੂਮ ਗਈ। ਸੈਂਕੜੇ ਮੁਕਤ ਹਿਰਦਿਆਂ ਦਾ ਹਾਸਾ ।...ਪਾਇਲ ਦੀ ਝਲਕਾਰ ।

ਮੂੰਹ ਤੇ ਕਾਲਿਖ ਚੂਨਾ ਮਲ ਕੇ, ਖੁੱਖੜ ਪਜਾਮਾਂ ਪਹਿਨ ਕੇ ਲੌਕਾਏ ਦਾਸ ਵਿਕਟਾ (ਵਿਦੂਸ਼ਕ) ਬਣ ਗਿਆ ਹੈ । ਉਹ ਜਨਮ ਤੋਂ ਹੀ ਵਿਕਟਾ ਹੈ । ਭਗਵਾਨ ਨੇ ਉਹਨੂੰ ਵਿਕਟਾ ਹੀ ਬਣਾ ਕੇ ਭੇਜਿਆ ਹੈ। ਉਪਰ ਦਾ ਬੁੱਲ੍ਹ ਤ੍ਰਿਭੁਜ ਅਕਾਰ ਕਟਿਆ ਹੋਇਆ ਹੈ। ਸਾਹਮਣੇ ਦੇ ਦੰਦ ਸਦਾ ਬਾਹਰ ਨਿਕਲੇ ਰਹਿੰਦੇ ਹਨ ਅਤੇ ਸ਼ੀਤਲਾ ਮਾਤਾ ਨੇ ਇਕ ਅੱਖ ਵੀ ਲੈ ਲਈ ਹੈ । ਗੱਲ ਘੜਨ ਵਿਚ ਉਸਤਾਦ ਹੈ ।

"ਓ ! ਹੇ ! ਹੋ ਨਾਇਕ ਜੀ ।"

"ਕੀ ਹੈ ਓਏ ?"

"ਓਏ ਇਹ ਫਤੰਗ ਫ਼ਤੰਗ ਕੀ ਬਜਾ ਰਹੇ ਹੋ ?"

"ਓਏ ਮਿਰਦੰਗ ਵਜ ਰਿਹਾ ਹੈ । ਇਹ ਖੜਤਾਲ ਹੈ, ਇਹ ਝਾਲ ਹੈ ।"

ਇਹ ਤਾਂ ਸਮਝ ਲਿਆ, ਇਹ ਧੜਿੰਗ ,ਧੜਿੰਗ, ਗਨਪਤ ਗੰਗਾ ਕੀ ਬਜਾਉ

"ਨਾਚ ਹੋਵੇਗਾ, ਨਾਚ ਵਿਦਿਆਪਤੀ ਨਾਚ ।"

"ਓਏ, ਅਸੀਂ ਸਂਸਮਝੇ ਕਿ ਲਿਲਾਮੀ ਦਾ ਢੋਲ ਵਜ ਰਿਹਾ ਹੈ ।"

...ਧਿਨ ਤਾਕ ਧਿੰਨਾਂ, ਧਿੰਨ ਤਾਕ ਧਿੱਨਾ ।

ਆਏ ! ਉਤੱਰਹੀ ਰਾਜ ਸੇ ਆਏਲ ਹੇ ਨਕ ਨਟੁਕਵਾ ਕਿ ਆਏ ਮਾਇਆ
ਕਿ ਆਹੇ ਮਾਇਆ ਸਰੋਸਤੀ ਹੈ ਪਰਥਮੇ ਬਨੌਨੀ ਹੇ ਤੋਹਾਰ ।
...ਹੁਮਹੂ ਮੂਰਖ ਗੰਵਾਰ ਕਿ ਆਏ ਮਾਇਆ,
ਸਰੋਸਤੀ, ਭੂਲਾਲ ਆਖਰ ਜੋੜਿਕੇ ਆਹੇ ਮਾਇਆ,
ਕੰਠੇ ਲੀਹੈ ਹੇ ਬਾਸ ।

"ਓ......ਓ......ਹੋ ਨਾਇਕ ਜੀ।" ਵਿਕਟਾ ਜੋਰ ਨਾਲ ਚੀਕਦਾ ਹੈ। ਤਾਲ ਵੀ ਕਟ ਚੁਕਿਆ ਹੈ। ਠੀਕ ਤਾਲ ਕਟਣ ਸਮੇਂ ਵਿਕਟੇ ਨੂੰ ਚੀਕਣਾ ਚਾਹੀਦਾ ਹੈ, ਇਸ ਲਈ ਮਿਰਦੰਗ ਦੇ ਤਾਲ ਦਾ ਗਿਆਨ ਵਿਕਟੇ ਨੂੰ ਹੋਣਾ ਹੀ ਚਾਹੀਦਾ ਹੈ।

"ਤੁਸੀਂ ਬੜੇ ਬੇਵਕੂਫ ਹੋ ਜੀ।"

"ਓਹੋ ਨਾਇਕ ਜੀ ! ਇਹ ਤੁਸੀਂ ਲੋਕ ਕਿਸ ਦੀ ਵੰਦਨਾ ਕਰ ਰਹੇ ਹੋ ?"

......ਹਾ—ਹਾ ! ਹਾ—ਹਾ—ਹਾ—!......ਹਾਸੇ ਦੀ ਫੁਆਰ ਪਰ ਹਲਕੀ ਲਹਿਰ ।

"ਬੇਕੂਫ ! ਸੁਣਦਾ ਨਹੀਂ, ਸਰੋਸਤੀ ਮਾਤਾ ਦਾ ਬੰਦਨਾ ਹੈ।"

"ਇਹ ਸੁਰਸੂ ਸੂਰਤੀ...ਸੁਰ...ਸੁਰੱਸਤੀ ਮਾਤਾ ਨੂੰ ਤੁਸਾਂ ਦੇਖਿਆ ਹੈ ? ...ਸਾਨੂੰ ਤੁਸੀਂ ਬੇਕੂਫ ਕਹਿੰਦੇ ਹੋ ? ਬੇਕੂਫ ਤਾਂ ਤੁਸੀਂ ਖ਼ੁਦ ਹੋ। ਓਏ, ਸੁਰੱਸਤੀ ਦਾ ਬੰਦਨਾਂ ਤਾਂ ਪੜ੍ਹਾਕੂ ਪੰਨਿਤ ਲੋਕ ਕਰਦੇ ਨੇ ।"

......ਹਾ। ਹਾ। ਹਾ ਹਾ।...ਭੀੜ ਵਿਚ ਖਿੜਖਿੜਾਹਟ।

"ਤਾਂ ਅਸੀਂ ਕਿਸ ਨੂੰ ਬੰਦਾਂਗੇ ?"

"ਊਹੂੰ, ਤੁਸੀਂ ਖਾਂਟੀ ਚਲਾਣੀ ਘੀ ਹੋ। ਜਿਸ ਚਲਾਨੀ ਘਿਓ ਦੀ ਪੂਰੀ ਭੰਡਾਰੇ ਵਿਚ ਹੋਈ ਸੀ। ਜਿਸ ਨੂੰ ਖਾ ਕੇ ਸਾਡਾ ਪੇਟ ਦਸ ਦਿਨ ਖਰਾਬ ਰਿਹਾ ਸੀ।...ਬਿਨਾਂ ਕਿਸੇ ਮਿਲਾਵਟ ਦੇ ਤੁਸੀਂ ਵੀ ਖਾਟੀ ਬੇਕੂਫ ਮਲੂਮ ਹੁੰਦੇ ਹੋ। ਏਨਾ ਵੀ ਨਹੀਂ ਜਾਣਦੇ ? ਸੁਣੋ ! ਜ਼ਰਾ ਬਜਾ ਕੇ ਕਹੋ–ਧਿਨਕ ਧਿੰਨਾ ਤਿਰਕਿਟ ਧਿੰਨਾ ।"

"ਅਰੇ ਦਾਲ ਬੰਦੋ, ਭਾਤ ਬੰਦੋ, ਸਾਗ ਬੰਦੋ ਬਥੂਆ,
"ਇਹ ਤਾਂ ਹੋਈ ਕੱਚੀ ਸਰਕਾਰ ! ਹੁਣ ਜਰਾ ਪੱਕੀ ਸੁਣੋ-
"ਅਰੇ ਚੂੜਾ ਬੰਦੋ, ਭੂਜਾ ਬੰਦੋ, ਰੋਟੀ ਬੰਦੋ ਮੁੜਆ।"
......ਹਾ। ਹਾ। ਹਾ।......ਹਾ। ਹਾ। ਹਾ......
"ਹੁਣ ਫਲ ਮੇਵਾ ਸਰਕਾਰ ।"
"ਅਰੇ ਗੂਲਰ ਬੰਦੋ, ਡੁਮਰ ਬੰਦੋ ਔਰ ਬੰਦੋ ਅਲਹੂਆ।'
.....ਹਾ...ਹਾ...ਹਾ।...ਸੈਂਕੜੇ ਖਿੜਖਿੜਾਹਟਾਂ,
"ਹਲ ਬੰਦੋ, ਬੈਲਬੰਦੋ ਔਰ ਬੰਦੋ ਗਇਆ।"
"ਅਬ ਸਭ ਸੇ ਬੜਾ ਭਗਵਾਨ।"

ਵਿਕਟਾ ਮੂੰਹ ਬੜਾਉਂਦਾ ਹੈ।

"ਚਟਾਕ ਪਟਪਟ ਦੜਤ ਸਿਰ ਪਰ ਭਾਗਤ ਬਾਪ ਕੇ ਭੂਤਵਾ।
ਸਬਸੇ ਬਢਿ ਕੇ ਤੋਹਰੇ ਬੰਦੋ ਮਾਲਿਕ ਬਾਬੂਕ ਜੂਤਵਾ।"

ਵਿਕਟਾ ਖਿਲਾਵਨ ਦੇ ਪੈਰ ਦੇ ਸਲਮਸਾਹੀ ਜੋੜੇ ਨੂੰ ਪ੍ਰਣਾਮ ਕਰਦਾ ਹੈ।

ਡਾਕਟਰ ਸਾਹਿਬ ਤਾਂ ਅਸਚਰਜਤਾ ਵਿਚ ਗੁੰਮ ਹੋ ਗਏ ਹਨ, ਇਕ ਦਮ ਗੁਆਚ ਗਏ ਹਨ ਨਾਚ ਵਿਚ। ...—ਐਤਕੀਂ ਨਾਚ ਜੰਮੇਗਾ। ਆਖਰ ਇਹ ਸਭ ਪੁਰਾਣੀ ਚੀਜ਼ ਹੈ, ਕਿਉਂ ਭਰਾਵਾ। ......ਸਾਰੀਆਂ ਗੱਲਾਂ ਤਾਂ ਠੀਕ ਹੀ ਕਹਿੰਦਾ ਹੈ।

......ਧਿੱਨਾ ਧਿੱਨਾਂ. ਧਿੱਨਾ ਤਿੰਨਾਂ। ਸਮਾਜੀ ਲੋਕਾਂ ਨੇ ਸ਼ੁਰੂ ਕੀਤੀ।

ਆਹੇ ਲੇਲ ਪਰਵੇਸ ਪਰਮ ਸੁਕੁਮਾਰੀ ਹੈ,
ਹੰਸ ਗਮਨ ਬਿਰਖਾਮਾਨ ਦੁਲਾਰੀ ਹੈ।

ਮਿਰਦੰਗ ਦੇ ਤਾਲ ਤੇ ਦਬੇ ਪੈਰੀਂ ਨੱਟ ਆਉਂਦਾ ਹੈ। ਤਾਲ ਤੇ ਹੀ ਚਲ ਕੇ ਸਭ ਤੋਂ ਪਹਿਲਾਂ ਮਿਰਦੰਗ ਨੂੰ ਪ੍ਰਣਾਮ ਕਰਦਾ ਹੈ, ਫੇਰ ਝਾਲ ਖੜਤਾਲ ਨੂੰ ਅੰਤ ਵਿਚ ਮੂਲ-ਗੈਨ ਲਿਬੜੂ ਪਾਸਵਾਨ ਦਾ ਪੈਰ ਛੋਹ ਕੇ ਪ੍ਰਣਾਮ ਕਰਦਾ ਹੈ। ਪੋਲਿਆ ਟੋਲੀ ਦੇ ਛੀਤਲ ਦਾਸ ਦਾ ਬੇਟਾ ਚਲਿਤੱਗ ਕੁੜੀਆਂ ਵਾਂਗ ਲੰਮੇ ਬਾਲ ਰਖਦਾ ਹੈ। ਨੱਕ ਵਿਚ ਨੱਥ ਵੀ ਸਦਾ ਪਾ ਕੇ ਰਖਦਾ ਹੈ। ਉਹ ਨਟ ਹੈ।ਹਾਲੇ ਸਾਜ ਪੁਸ਼ਾਕ ਪਹਿਨ ਕੇ ਬਾਤਿਣ ਵਾਂਗ ਲਗਦਾ ਹੈ। ਛੋਂਡਾ। ......ਕੰਨ ਵਿਚ ਕਨਫੁੱਲ ਕਿਸ ਦਾ ਹੈ ਕਮਲੀ ਦੀਦੀ ਦਾ ? ..ਵਾਹ ਓਏ ਛੋਂਡੇ, ਅਜ ਜੇ ਇਹ ਕਨਫੁੱਲ ਬਕਸੀਸ ਵਿਚ ਜਿੱਤ ਲਵੇਂ ਤਾਂ ਸਮਝੀਏ ਕਿ ਅਸਲ ਬਿਦਪਤੀਏ ਦਾ ਚੇਲਾ ਏਂ। ...ਮਿਰਦੰਗ ਬਜਾਉਂਦਾ ਹੈ, ਉਚਿਤ ਦਾਸ ਕੀ ਕਿਹਾ—ਅਸਲ ਬਿਦਪਤੀਆ...ਅਸੀਂ ਸਹਿਰਸਾ ਦੇ ਗੈਨੂੰ ਮਿਰਦੰਗੀਏ ਦੇ ਚੇਲੇ ਹਾਂ। ...ਜਾਣਦੇ ਨਹੀਂ, ਗੈਨੂੰ ਮਿਰਦੰਗੀਆ ਇਕ ਵਾਰ ਆਪਣੇ ਸਮਾਜੀ ਨਾਲ ਕਿਤਿਓਂ ਨੱਚ ਕੇ ਆ ਰਿਹਾ ਸੀ। ਚੋਰ ਜਾਣਦੇ ਸਨ ਕਿ ਗੈਨੂੰ ਮਿਰਦੰਗੀਏ ਦਾ ਸਮਾਜੀ ਇਕ ਇਕ ਸੌ ਰੁਪਏ ਨਗਦ, ਧੋਤੀ, ਕੁਰਤਾ, ਪਟਕਾ, ਵਗੈਰਾ ਲੈ ਕੇ ਘਰ ਪਰਤਦਾ ਹੈ। ਬਸ, ਠੁੱਠੀ ਪਾਖਰ ਦੇ ਬਿਰਛ ਕੋਲ ਚੋਰਾਂ ਨੇ ਘੇਰ ਲਿਆ। ਗੈਨੂੰ ਮਿਰਦੰਗੀਏ ਨੂੰ। ਉਹ ਪਿਛੇ ਪੈ ਗਿਆ ਸੀ—ਦਿਸ਼ਾ ਮੈਦਾਨ ਲਈ ਸ਼ਾਇਦ। ਗੈਨੂੰ ਮਿਰਦੰਗੀਏ ਨੇ ਕੀ ਕੀਤਾ ? ਦਸੋ ਤਾਂ। ਨਹੀਂ ਜਾਣਦੇ ? ਹਾ—ਹਾ। ਮਿਰਦੰਗ ਤੇ ਥਾਪ ਦਿਤੀ। ਖੱਬੇ ਪੂਰੇ ਤੇ ਉਂਗਲੀਆਂ ਫਿਰਕੀਆਂ ਵਾਂਗ ਨੱਚਣ ਲਗੀਆਂ—ਧਰੀਕਿਟ ਧਿੱਨਾ ਨਾ ਨਿੱਨਾ ਨਾਂ ਨਿੱਨਾ ਨਾਂ ਨਾਂ। ਮਿਰਦੰਗ ਦੇ ਪੂਰੇ ਦੀ ਸੁੱਕੀ ਚਮੜੀ ਜਿਵੇਂ ਜੀਂਦੀ ਹੋ ਗਈ; ਸਾਫ ਆਦਮੀ ਵਰਗੀ ਬੋਲੀ ਨਿਕਲੀ—'ਠੁੱਠੀ ਪਾਖੇਰ ਤਕ ਚੋਰ ਘੇਰ ਲਕ ਹੋ, ਚੋਰ ਘੇਰ ਲਕ।'...ਲਿਬੜੂ ਦਾਸ ਦਾ ਸਮਾਜੀ ਹੈ, ਖੇਡ ਨਹੀਂ। ਨੱਚ ਪੁੱਤਰਾ।

ਧਿਰਿਨਾਗਿ ਧਿਰਿਨਾਗੀ ਧਿਰਿਨਾਗੀ ਧਿਨਤਾ।

ਆਹੇ ਤਨ ਮਨ ਬਦਨ ਸਹਿਜੋਰ ਹੇ,
ਆਹੇ ਦਾਮਿਨੀ ਉਪਰ......

'ਹਾਏ ਓਏ ! ਹਾ ਇ ਓਏ ! ਹਾਏ ਓਏ।' ਬਿਕਟਾ ਕਲੇਜਾ ਫੜ ਕੇ ਮੂੰਹ ਬਣਾਉਂਦਾ ਹੈ।

......ਧਿਨਤ ਧਿਨਕ ਤਾਂ, ਧਿਨਕ ਧਿਨਕ ਤਾਂ......

ਆਹੇ ਦਾਮਿਨੀ ਉਪਰ ਉਗਲਾਇ ਚਾਨ ਹੈ ।

ਵਿਕਟਾ ਬੇਹੋਸ਼ ਹੋ ਕੇ ਡਿਗ ਪੈਂਦਾ ਹੈ—"ਹਾਇ ਬਾਪੂ ।"

"ਓਏ ਕੀ ਹੋਇਆ ?"

"ਹਾਇ ਬਾਪੂ ।"

"ਓਏ ! ਬੋਲ ਭੀ ? ਕੀ ਹੋਇਆ ?"

"ਚੰਗਾ ਨਾਇਕ ਜੀ । ਇਕ ਗੱਲ ਦਸੋ । ਜਲਦੀ ਦਸੋ ਅਸਮਾਨ ਦਾ ਚੰਨ ਜੇ ਧਰਤੀ ਤੇ ਉਤਰ ਆਇਆ ਹੈ ਤਾਂ ਧਰਤੀ ਦੇ ਚੰਨ ਨੂੰ ਉਪਰ ਜਾਣਾ ਪਵੇਗਾ ?"

"ਓਏ ਧਰਤੀ ਤੇ ਵੀ ਕਿਤੇ ਚੰਨ ਹੁੰਦਾ ਹੈ ?"

"ਸੁਣੋ ਜਰਾ ਇਹਦੀ ਬੋਲੀ ! ਇਸੇ ਲਈ ਤਾਂ ਕਿਹਾ ਸੀ ਕਿ ਖਾਂਟੀ ਚਲਾਨੀ ਘੀ ਹੋ । ਓਏ ਸਾਡੀ ਇਕੋ ਬਿਜਲੀ ਬੱਤੀ ਖਰਾਬ ਹੈ, ਤੁਹਾਡੀਆਂ ਕੀ ਦੋਵੇਂ ਖਰਾਬ ਹਨ ? ......ਅਜਕਲ ਸੁਣਦੇ ਹਾਂ ਕਿ ਰੇਲਗੱਡੀ ਵਿਚ ਬੱਤੀ ਨਹੀਂ ਜਗਦੀ । ਪਹਿਲਾਂ ਬਲੈਕੋਟ ਤੇ ਫੇਰ ਬਲੈਕ ਮਾਰਕੀਟ ।" ......ਹਾ । ਹਾ ਹਾ । ਹਾ ।......ਸਾਲਾ ਕਟੀਹਾਰ ਨਾਨੀ ਕੋਲ ਲਗਾਤਾਰ ਜਾਂਦਾ ਹੈ । ਰੇਲ ਗੱਡੀ ਦੀ ਵੀ ਗਲਤੀ ਕਢਦਾ ਹੈ । —ਟੁੱਟਾ ਭੱਜਾ ਆਦਮੀ ਸਾਰੀ ਦੁਨੀਆਂ ਨੂੰ ਟੁੱਟੀ ਭੱਜੀ ਦੇਖਦਾ ਹੈ । ਸੁਣੋ ਕੀ ਕਹਿੰਦਾ ਹੈ, ਧਰਤੀ ਦਾ ਚੰਨ ਕਿਸ ਨੂੰ ਬਣੌਂਦਾ ਹੈ ?

"ਓਏ ਭਕੂਆ ਨਾਇਕ ਜੀ ! ਧਰਤੀ ਦਾ ਚੰਨ ਆਪਣੀ ਛੱਤੀ ਸੋ ਕਲਾ ਦੇ ਨਾਲ ਤੁਹਾਡੇ ਸਾਹਮਣੇ ਖੜਾ ਹੈ । ਕੀ ਚੁੰਧਿਆ ਗਏ ਹੋ ? ਜਰਾ ਛੱਟਮ ਲੈਟ ਜਲਾ ਕੇ ਦੇਖੋ ।"

......ਹਾ । ਹਾ ।। ਹਾ ।।। ਹਾ ।।।।......ਸਾਲਾ ਅਨੋਖੀ ਗੱਲ ਬਣਾਉਂਦਾ ਹੈ ।

"ਛਟਮ ਲੈਟ ਨਹੀਂ ਜਾਣਦੇ ? ਦੇਖੋ ਪੰਚਮ ਲੈਟ ਤਾਂ ਇਹੋ ਹੀ ਹੈ ਜੋ ਹਾਲੇ ਪੰਚ ਪਰਮੇਸਰ ਦੇ ਵਿਚ ਜਗ ਰਿਹਾ ਹੈ ।" ...ਛੱਟਮ ਲੈਟ ਅਜਕਲ ਤੁਹਾਡੇ ਘਰ ਜਗਦਾ ਹੈ । ਤੇਲ ਮਿਲਦਾ ਹੀ ਨਹੀਂ—ਇਕ ਪਟੂਆ ਦੇ ਸਠੀ ਦੇ ਵਿਚ ਅੱਗ ਬਾਲ ਕੇ ਹੱਥ ਵਿਚ ਲੈ ਕੇ ਖੜੇ ਰਹੋ, ਭਕ ਭਕ ਗੈਸ ਬੱਤੀ ਵਰਗੀ ਰੋਸ਼ਨੀ ਹੋਣ ਲਗੇਗੀ । ਅਸੀਂ ਅਜਕਲ ਏਦਾਂ ਹੀ ਕਰਦੇ ਹਾਂ...ਚੰਗਾ ਤੁਸੀਂ ਹੀ ਦੇਖੋ ਪੰਚ ਪਰਮੇਸਰ, ਸਾਤੋਂ ਵੱਧ ਕੇ ਸੋਹਣਾ ਇਥੇ ਹੈ ਕੋਈ ?

"ਨਹੀਂ ਨਹੀਂ, ਤੁਸੀਂ ਤਾਂ ਕਾਮਦੇਵ ਦੇ ਔਤਾਰ ਹੋ ।" ਸਿੰਘ ਜੀ ਕਹਿੰਦੇ ਹਨ......

......ਹਾ । ਹਾਂ । ਹਾ । ਹਾ । ਹਾ । ਹਾ । ਸੱਚ ਓਏ ਚਲਿੱਤਰੇ !

ਅਜ ਮੋਰਚਾ ਲੱਗਾ ਹੈ । ਜੀ ਖੋਲ੍ਹ ਕੇ ਨੱਚ ਪੁੱਤਰਾ ।

ਧਰਿਨਾਗੀ, ਧਿੱਨਾ, ਤਿਰਨਾਗੀ ਤਿੱਨਾਂ ।
ਧਿਨਕ ਧਿਨਤਾ ਤਿਟਕਤ ਗ-ਦ-ਧਾ ।......
ਆਹੇ ਚਲਹੂ ਸਖੀ ਸੁਖਧਾਮ ਚਲਹੂ ।

ਆਹੇ ਕਨਹੈਇਆ ਜਹਾਂ ਸਖੀ ਹੇ,
ਰਾਸ ਰਚਾਉਲ ਹੇ। ਚਲਹੂ ਹੈ ਚਲਹੂ।
......ਧਿੰਨਾਂ ਤਿੰਨਾ ਨਾ ਧੀ ਧਿੰਨਾਂ।
ਆਹੇ ਸਿਰ ਬਿਰਨਾਬਨ ਕੁੰਜ ਗਲਿਨ ਮੇ
ਕਾਨਹੂ ਚਰਾਵਤ ਧੇਨੂ,
ਆਹੇ ਮੁੰਡਲੀ ਜੇ ਟੇਡੇ ਬਿਰੀਛੀ ਕੇ ਓਏ;
ਆਹੇ ਅਬ ਗ੍ਰਿਹੇ .....
......ਧਿਰਿਨਾਗੀ ਧਿਰਿਨਾਗੀ ਧਿਰਿਨਾਗੀ......
ਆਹੇ ਅਬ ਗ੍ਰਿਹੇ ਰਹਿਲੋ ਨੀ ਜਾਏ, ਚਲਹੂ ਹੇ ਚਲਹੂ।

ਤਤਮਾਂ ਟੋਲੀ ਦੀਆਂ ਜਨਾਨੀਆਂ ਦੀ ਢਾਣੀ ਵਿਚ ਬੈਠੀ ਫੁਲਿਆ ਦਾ ਜੀ ਘਬਰਾ ਰਿਹਾ ਹੈ......ਅਬ ਗ੍ਰਿਹੇ ਰਹਿਲੋ ਨੀ ਜਾਏ।

ਤਹਿਸੀਲਦਾਰ ਸਾਹਿਬ ਦੀ ਹਵੇਲੀ ਦੀ ਸਾਹਮਣੇ ਵਾਲੀ ਖਿੜਕੀ ਖੁਲ੍ਹੀ ਹੋਈ ਹੈ। ਕਮਲੀ ਦੀਦੀ ਵੀ ਦੇਖ ਰਹੀ ਹੈ, ਨਹੀਂ ਦੇਖੇਗੀ ਤਾਂ ਬਕਸੀਸ ਕਿਵੇਂ ਦੇਵੇਗੀ ?

"ਦੇਖ ਪੁਤਰਾ ! ਫਿਰਕੀ ਵਾਂਗ ਨੱਚ । ਪੂਰਿਅਨ ਦੇ ਫੁੱਲ ਵਾਂਗ ਘਾਂਗਰੀ ਖਿੜ ਜਾਵੇ ।"

"ਓਏ ਜੀ, ਨਾਇਕ ਜੀ ! ਇਕ ਗੱਲ ਤਾਂ ਦਸੋ ! ਉਹ ਸਾਨੂੰ ਛੱਡ ਕੇ ਕਿਥੇ ਜਾ ਰਹੀ ਹੈ ? ਚਲਹੂ ਚਲਹੂ—ਕਿਤੇ ਮੇਲਾ ਤਮਾਸ਼ਾ ਹੈ, ਜਾਂ ਭੋਜ ਹੈ ? ਜਾਂ ਕਪੜਿਆਂ ਦੀ ਪੁਰਜੀ ਵੰਡੀ ਜਾ ਰਹੀ ਹੈ ?"

"ਓਏ ਉਹ ਤੁਹਾਡੇ ਕੋਲ ਹੀ ਜਾ ਰਹੀ ਹੈ। ਤੁਸੀਂ ਕਿ ਮੂਲ ਕਨਹਿਆ ਹੋ ਨਾ। ਤੁਹਾਡੇ ਰੂਪ ਤੇ ਮੋਹਿਤ ਹੋ ਗਈ ਹੈ।"

"ਓ...ਇਹੋ ਤਾਂ ਅਸੀਂ ਵੀ ਕਹਿੰਦੇ ਸਾਂ ਕਿ ਸਾਨੂੰ ਛੱਡ ਕੇ ਕਿਥੇ ਜਾ ਰਹੀ ਹੈ। ਅਸੀਂ ਕਨਹਿਆ ਹਾਂ, ਪਰ ਕਨਹਿਆ ਦੇ ਬਾਪ ਦਾ ਨਾਂ ਤਾਂ ਨੰਦ ਸੀ ਅਤੇ ਸਾਡੇ ਪਿਓ ਦਾ ਨਾਂ ਉਜਾੜੂ ਦਾਸ ਹੈ।"

......ਹਾ, ਹਾ। ਹਾ—ਹਾ। ਹਾ—ਹਾ।

"ਓਏ ਉੱਲੂ ! ਤੁਹਾਡੇ ਪਿਓ ਦਾ ਨਾਂ ਉਜਾਗਰ ਦਾਸ ਸੀ। ਤੁਸੀਂ ਇਹਨੂੰ ਬਿਗਾੜ ਕੇ ਕਿਓਂ ਬੋਲਦੇ ਹੋ ?"

"ਉਜਾਗਰ ਦਾਸ ਤੇ ਮਾਈ-ਬਾਪ ਨੇ ਰਖ ਦਿਤਾ ਸੀ, ਪਰ ਜਿਸ ਮਾਲਕ ਕੋਲ ਗਾਂ-ਮੈਂਸ ਚਰੋਣ ਲਈ ਭਰਤੀ ਹੁੰਦੇ ਸੀ, ਉਹ ਉਨ੍ਹਾਂ ਨੂੰ ਕੁੱਛ ਦਿਨਾਂ ਬਾਦ ਮਾਰ ਕੁੱਟ ਕੇ ਦੌੜਾ ਦਿੰਦਾ ਸੀ। ਮੇਰੇ ਬਾਪੂ ਜੀ ਗਾਂ-ਮੈਂਸ ਲੈ ਕੇ ਜਾਂਦੇ ਸਨ ਤੇ ਮਾਲਕ ਦੇ ਹੀ ਹਰੇ ਭਰੇ ਖੇਤਾਂ ਵਿਚ ਛੱਡ ਕੇ ਸੌਂ ਜਾਂਦੇ ਸਨ—

ਮਾਲਕ ਲੋਕ ਦੁੱਧ ਘਿਓ ਖਾ ਖਾ ਕੇ ਜਿਸ ਮੈ੍ਂਸ ਦੇ ਦੁੱਧ ਨਾਲ ਫਿਟ ਗਏ ਨੇ, ਉਹਦੀ ਉਪਜ ਵਿਚ ਤਾਂ ਇਨ੍ਹਾਂ ਦਾ ਵੀ ਹਿੱਸਾ ਹੈ। ਖਾਓ ਲੱਛਮੀ। ......ਇਸੇ ਲਈ ਲੋਕਾਂ ਨੇ ਉਨ੍ਹਾਂ ਦਾ ਨਾਂ ਉਜਾੜੂ ਦਾਸ ਰਖ ਦਿਤਾ।"

ਨਟ ਹੁਣ ਗਾਂਜੇ ਨਾਲ ਦਮ ਮਾਰ ਆਇਆ ਹੈ। ਹੁਣ ਤਕਣਾਂ—ਨਾਚ ਜਮਾਏਗਾ, ਛੋਕਰਾ ਅਜ।

ਧਿਰਨਾਗੀ ਧਿੱਨਾ......

ਆਹੇ ਕੁੰਜ ਭਵਨ ਤੇ ਨਿਕਲਲ ਹੋ,
ਆਹੇ ਸੁਖੀ ਰੋਕਲ ਗਿਰਧਾਰੀ।

'ਹਾਂ ਚੋਰੀ ਚੋਰੀ ਘਰੋਂ ਨਿਕਲ ਕੇ ਕੋਠੀ ਦੇ ਬਗੀਚੇ ਵਿਚ ਜਾਵੇਗੀ, ਰਸ ਲੀਲਾ ਕਰਨ, ਤਾਂ ਰੋਕੇਗਾ ਨਹੀਂ ? ਚੰਗਾ ਕੀਤਾ ਹੈ।' ਬਿਕਟਾ ਆਪਣੇ ਆਪ ਬੁੜਬੜਾਂਦਾ ਹੈ।

ਨਟ ਦੋਵੇਂ ਹੱਥ ਜੋੜ ਕੇ ਕਣਕ ਵੰਨੇ ਸੱਪ ਦੇ ਫਨ ਵਾਂਗ ਥਿਰਕਦਾ ਹੈ, ਤੇ ਫੇਰ ਲੱਕ ਦੇ ਸਹਾਰੇ ਬੈਠ ਜਾਂਦਾ ਹੈ। ਧਰਤੀ ਉਪਰ ਘਾਂਘਰੀ, ਪੁਰੈਨ ਦੇ ਪੱਤੇ ਵਾਂਗ ਵਿਛੀ ਹੋਈ ਹੈ। ...ਮਿਣਤੀ ਕਰਦੀ ਹੈ। ਹੈਂ...ਹੈਂ...ਵਾਹ ਓਏ ਛੋਕਰਿਆ! ਨਾਂ ਰਖ ਲਿਆ ਪਿੰਡ ਦਾ।

ਆਹੇ, ਏਕਹਿ ਨ-ਗ-ਰ ਬਸੂ ਮਾਧਵ ਹੋ,
ਆਹੇ ਜਨਿ ਕਰੂ ਬਟਵਾ-ਵਾ-ਰੀ,
ਆਹੇ ਛੋੜੂ ਛੋੜੂ ਜਦੂਪਤਿ ਆਂਚਾਰ ਹੋ,
ਹੋ ਭਾਂਗਤ ਨ-ਬਸਾਰੋ।

"ਹਾਂ ਭਰਾਵਾ। ਕੋਟਾ-ਕੰਟਰੋਲ ਦਾ ਜਮਾਨਾ ਹੈ। ਕਪੜਾ ਨਹੀਂ ਮਿਲਦਾ। ਜਰਾ ਹੁਸ਼ਿਆਰੀ ਨਾਲ।"

ਅਰੇ ਅਪਜਸ ਹੋਇਤ ਜਗਤਰ ਭਰਿ ਹੋ।

"ਓਹੋ! ਬੜੀ ਕੁਲਮੰਤੀ ਬਣੀ ਐ। ਲਛ ਲਛ ਕਿਰਿਆ ਖਾਏ ਕੁਲਮੰਤੀ, ਮੋਰਮਨ ਨਹਿ ਪਤਿਆਏ।" ਬਿਕਟਾ ਵਿਚ-ਵਿਚ ਟੋਕੀ ਜਾਂਦੀ ਹੈ।

ਆਜੁ ਪਰੇਮਰਖ ਲਯ ਲੀਹ ਹੋ,
ਆਹੋ ਪੰਥ ਛਾੜੂ ਝਟ ਕਾਰੀ।

"ਸਭ ਦਹੀਂ ਜੁਠੇਲਕ ਓਏ ਕਿਸਨਾਂ। ਹਾਏ ਓਏ ਬਾਪੂ!' ਬਿਕਟਾ ਚੀਕਦਾ ਹੈ।

ਆਹੇ ਸੰਗ ਕੇ ਸਖਿ ਅਗੁਆਇਲ ਹੋ,
ਆਹੋ ਕਾਨ੍ਹਾ, ਹ-ਮ-ਹੂ ਏਕਸਰਿਨਾਰੀ।

"ਹਾਏ ਓਏ! ਹਾਏ ਓਏ! ਏਕਸਰਿਨਾਰੀ ਰੇ।"

ਭਨਹਿੱ ਵਿਦਿਆ ਪਤਿ ਗਾਊਲ ਹੋ, ਸਨੂ ਕੁਲਮੰਤੀ ਨਾਰੀ,

ਹਰਿ ਕੇ ਸੰਗ ਕਿਛੁ ਡਰ ਨਾਹਿ ਹੈ......।

ਹਾਂ ਹਰਿ ਦੇ ਸੰਗ ਕਾਹੇ ਦੋਸ ਹੋਵੇਗਾ। ਜਿੰਨਾਂ ਦੋਸ ਸਾਡੇ ਸਰਿਆਂ ਨਾਲ। ਆਪਨੇ ਖੇਲੇ ਰਸਲੀਲਾ, ਹਮਰੇ ਬੇਲਾ ਮੇਂ, ਪੰਚਾਇਤ ਕਾ ਝਾੜੂ ਔਰ ਜੂਤਾ।''

''ਕੀ ਗੱਲ ਹੈ ? ਕੀ ਹੋਇਆ...ਡਾਗਡਰ ਸਾਹਿਬ ਦਾ। ਨੜਾ ਨੌਕਰ ਆ ਕੇ ਕੀ ਕਹਿੰਦਾ ਹੈ ?...ਕਮਲੀ ਦੀਦੀ ਨੇ ਕਨਫੁੱਲ ਦੇ ਦਿੱਤਾ ? ...ਓਏ ?...ਵਾਹ ਓਏ ਛੋਕਰੇ। ਨਾਂ ਕਰ ਦਿੱਤਾ।...ਜੀਉ ਓਏ ਚਲਿਤਰੇ। ਜੀਉ।''

ਬਿਕਟਾ ਵੀ ਕਿਉਂ ਪਿਛੇ ਰਵੇ ? ਉਹ ਵੀ ਅੱਜ ਥੈਂ-ਥੈਂ ਕਰ ਦੇਵੇਗਾ। ਨਾਚ ਜੰਮਿਆਂ ਹੈ, ਅਜ, ''ਤ੍ਰੇਏ ਨਾਇਕ ਜੀ ! ਸਾਡੇ ਦੁਖ ਨੂੰ ਦੇਖਣ ਵਾਲਾ, ਸੁਣਨ ਵਾਲਾ ਕੋਈ ਨਹੀਂ।''

''ਕੀ ਹੋਇਆ ?''

''ਪਰ ਕਹੀਏ ਕਿਵੇ ?'' ਬਿਕਟਾ ਤਹਿਸੀਲਦਾਰ ਵਲ ਉਂਗਲੀ ਕਰਕੇ ਡਰਨ ਦੀ ਮੁਦਰਾ ਬਣਾਉਂਦਾ ਹੈ।

''ਓਏ ਅਸੀਂ ਸਮਝ ਗਏ ! ਕਹਿ ਦੇ ਭਰਾਵਾ।''

ਤਹਿਸੀਲਦਾਰ ਸਮਝ ਜਾਂਦੇ ਹਨ।

''ਦੁਨੀਆਂ ਵਿਚ ਸਿਰਫ ਅਸੀਂ ਹੀ ਕੋਈ ਤਹਿਸੀਲਦਾਰ-ਪਟਵਾਰੀ ਹਾਂ ? ਗੱਲ ਤਾਂ ਠੀਕ ਹੀ ਕਹੋਗੇ। ਸੁਣਦੇ ਹੋ ਡਾਕਟਰ ਸਾਹਿਬ ! ਹੁਣ ਇਹ ਤਹਿਸੀਲਦਾਰ ਦਾ ਬਿਕਟੇ ਕਰੂਗਾ।''

''ਨਾਇਕ ਜੀ ! ਸਾਨੂੰ ਹੌਸਲਾ ਦੇਣ ਵਾਲਾ ਕੋਈ ਨਹੀਂ। ਸੁਣਦੇ ਹਾਂ ਕਿ ਬਰਾਹ-ਛਤਰ ਵਿਚ ਸਰਕਾਰ ਬਹਾਦਰ ਕੋਸੀ ਮਾਂ ਨੂੰ ਬੰਨ੍ਹ ਰਿਹਾ ਹੈ, ਪਰ ਸਾਡੇ ਦਿਲ ਨੂੰ ਬੰਨ੍ਹਣ ਵਾਲਾ ਕੋਈ ਨਹੀਂ।''

''ਓਏ ਕਹਿ ਵੀ ਦੇ।''

''ਚੰਗਾ ਤਾਂ ਸੁਣੋ ! ਪੰਜਾਹ ਵਰੇ ਪਹਿਲਾਂ ਤੋਂ ਸੁਰੂ ਕਰਦੇ ਹਾਂ। ਸਰਵੇ ਸਿਤਲਮੰਟੀ (ਸਰਵੇ ਸੈਟਲਮੈਂਟ) ਦੇ ਵਰ੍ਹੇ ਤੋਂ।''

......ਸੁਣੋ ! ਸੁਣੋ ! ਜ਼ਰੂਰ ਕੋਈ ਗੱਲ ਜੋੜੀ ਹੈ। ਇਹ ਵੀ ਬਕਸੀਸ ਵਸੂਲ ਕਰੇਗਾ।

''ਬਜਾ ਕੇ ਕਹੋ—ਤਾਕਧਿਨ—ਤਾਕਧਿਨ।''

ਅਰੇ ਕੇਨਾ ਕੇ ਬਾਂਧਵੇ ਰੇ ਧੀਰਜਾ, ਕੇਨਾ ਕੇ ਬਾਂਧਵੇ ਰੇ,
ਅਰੇ ਮੁਦੱਈ ਭੇਲ ਪਟਵਾਰੀ ਰੇ ਧੀਰਜਾ ਕੇਨਾ ਕੇ ਬਾਂਧਵੇ ਰੇ।

''ਸਰਵੇ ਜਦੋਂ ਹੋਣ ਲਗਾ।''

ਦਸ ਹਾਥ ਕੇ ਲਗਾ ਬਨੇਲ ਕੇ,
ਪਾਂਚ ਹਾਥ ਨਪਾਈ,

ਪਾਂਚ ਹਾਥ ਪਾਰ ? ਹਾ...ਹਾ...।......
ਗੱਲੀ-ਕੂਚੀ ਸੋਹੇ ਨਪਲ ਕੇ,
ਢੀਪ-ਢਾਪ ਸੋਹੇ ਨਪਲ ਕੇ,
ਘਾਟ-ਬਾਟ ਸੋਹੋ ਨਪਲ ਕੇ,
ਡਗਰ-ਪੋਖਰ ਸੋਹੋ ਨਵਲ ਕੇ,

"ਫੇਰ ?"

ਹਾਥੀ ਜਸ ਭਲ ਵੇਸਨ ਬੈਠਲ ਕੇ,
ਜੱਮਾਂ ਭੇਲੈ ਭਾਰੀ ਰੇ ਧੀਰਜਾ ਕੇ ਬਾਂਧਵੇ ਰੇ ।

"ਏਧਰ ਜਮੀਂਦਾਰੀ ਸਿੱਧਾ ਹੀ ਛਪਰ ਉਪਰ ਦਾ ਕੱਦੂ, ਲੱਤਰ ਦਾ ਖੀਰਾ, ਬਕਰੀ ਦਾ ਪਾਠਾ ਅਤੇ ਚਾਰ ਜੋੜੇ ਕਬੂਤਰ ਸਿਰਫ ਤਲਬਾਨੇ ਵਿਚ ਹੀ ਸਾਫ ਕਰ ਗਿਆ।"

"ਫੇਰ ?"

ਬਾਰੀ ਬੈਂਚ ਪਟਵਾਰੀ ਕੇ ਦੇਲੀਐ,
ਲੋਟਾ ਬੈਂਚ ਚੌਂਕੀਦਾਰੀ।
ਬਾਕੀ ਬੋੜੇਕ ਲਿਖਾਈ ਜੇ ਰਹਲੈ,
ਕਲਮ ਦੇਲਕ ਘੁਰਾਈ ਰੇ ਧਿਰਜਾ

"ਅਖੀਰ 'ਚ ?"

ਕਹੇ ਕਬੀਰ ਸੁਨੋ ਭਾਈ ਸਾਧੋ
ਸਬ ਦਿਨ ਕਰੀ ਬੇਗਾਰੀ,
ਖੰਜੜੀ ਬਜਾਕੇ ਗੀਤ ਗਵੈਛੀ,
ਫਟਕਨਾਥ ਗਿਰਧਾਰੀ ਰੇ ਧਿਰਜਾ।

ਓ-ਹੋ-ਹਾ-ਹਾ-ਖੀ-ਖੀ-ਖੀ-ਖੀ...ਹਾ...ਹਾ। ......ਸ਼ਾਮਿਆਨਾ ਪਾਟ ਜਾਵੇਗਾ। ਕਮਾਲ ਕਰ ਦਿਤਾ ਸਾਲੇ ਨੇ! ਅਨੋਖੀ ਗੱਲ ਜੋੜੀ ਐ। ਵਾਹ ਓਏ ਲੋਕਾਏ ਦਾਸ।

ਡਾਕਟਰ ਤਹਿਸੀਲਦਾਰ ਨੂੰ ਪੁੱਛਦਾ ਹੈ, "ਗੀਤ ਤਾਂ ਵਿਦਿਆਪਤੀ ਦਾ ਗੌਂਦਾ ਹੈ। ਬਿਕਟਾ ਦੀ ਰਚਨਾ ਕਿਸ ਨੇ ਕੀਤੀ ਹੈ ?"

"ਤੁਸੀਂ ਵੀ ਡਾਕਟਰ ਬਾਬੂ ਕੀ ਪੁੱਛਦੇ ਹੋ" ਤਹਿਸੀਲਦਾਰ ਸਾਹਿਬ ਹੱਸਦੇ ਹਨ— ਇਨ੍ਹਾਂ ਦੀ ਰਚਨਾ ਲਈ ਵੀ ਕਿਸੇ ਤੁਲਸੀ ਦਾਸ ਜਾਂ ਬਾਲਮੀਕ ਦੀ ਲੋੜ ਹੈ ? ਖੇਤਾਂ ਵਿਚ ਕੰਮ ਕਰਦੇ-ਕਰਦੇ ਤੁਕ ਨਾਲ ਤੁਕ ਜੋੜ ਕੇ ਘੜ ਲੈਂਦੇ ਹਨ।"

......ਡਾਕਟਰ ਸਾਹਿਬ ਨੇ ਬਿਕਟੇ ਨੂੰ ਕੀ ਦਿੱਤਾ ?......ਪੰਜ ਰੁਪਏ ਦਾ ਲੋਟ ? ਬਾਜ਼ੀ ਮਾਰ ਲਈ ਬਿਕਟੇ ਨੇ ਵੀ ?

ਆਹੇ ਪਰਥਮ ਸਮਾਗਮ ਪਹੁਸੰਗ ਹੈ......

—ਧਿਰਨਾਗਿ ਧਿਰਨਾਗਿ ।

ਸਰਘੀ ਉਗਣ ਤੋਂ ਬਾਦ ਨਾਚ ਖ਼ਤਮ ਹੋਇਆ। ਖ਼ੂਬ ਜੰਮਿਆਂ।...ਹੁਣ ਖੁਲ੍ਹੇਗਾ ਖਮਹਾਰ ।

ਬਿਸਤਰੇ ਤੇ ਲੇਟ ਕੇ ਡਾਕਟਰ ਸੋਚਦਾ ਹੈ—ਕੋਮਲ ਗੀਤਾਂ ਦੀਆਂ ਪੰਕਤੀਆਂ। ਅਪਭਰੰਸ ਸ਼ਬਦ ਵੀ ਕਿੰਨੇ ਮਧੁਰ ਲਗਦੇ ਹਨ ।......

ਪੀਆ ਭਇਲੇ ਡ੍ਰਮਰੀ ਕੇ ਫੂਲ ਕੇ ਪਿਯਵਾ ਭਇਲੇ ।

......ਚਾਂਦ ਬਯਰਿ ਭੇਲ ਬਾਦਲ, ਮਛਲੀ ਬਯਰਿ ਮਹਾਜਾਲ, ਤਿਰੀਆ ਬਯਰਿ ਢੂਹੁ ਲੋਚਨ-ਰਿਦਯੇ ਕੇ ਭੇਦ ਬਤਾਏਂ । ......ਭੋਮਰਾ-ਭੋਮਰੀ...ਰੋਈ-ਰੋਈ ਕਜਰਾ ਦਹਾਯਲ, ਘਾਮੇਂ ਤਿਲਕ ਬਹਿ ਗੇਲ। ......ਚਾਨ ਕੇ ਉਗਯਤ ਦੇਖਲ ਸਜਨਿਗੇ... ਲਟ ਧੋਏ ਗਇਲੀ ਹਮ ਬਾਬਾ ਕੀ ਪੋਖਰੀਆ...ਪੋਖਿਰਿ ਮੇਂ ਚਾਨ ਕੇਲਿ ਕਰੇ।

ਡਾਕਟਰ ਸੋਚਦਾ ਹੈ—ਵਿਦਿਆਪਤੀ ਦੀ ਚਰਚਾ ਹੁੰਦਿਆਂ ਹੀ ਕਵਿਵਰ 'ਦਿਨਕਰ' ਦਾ ਇਕ ਪ੍ਰਸ਼ਨ ਅਚਾਨਕ ਸਾਹਮਣੇ ਆ ਖਲੋਂਦਾ ਸੀ—ਵਿਦਿਆਪਤੀ ਕਵੀ ਦੇ ਗੌਣ ਕਿਥੋਂ ? ਬਹੁਤ ਦਿਨਾਂ ਬਾਦ ਮਨ ਵਿਚ ਉਲਝੇ ਹੋਏ ਉਸ ਪ੍ਰਸ਼ਨ ਦਾ ਜਵਾਬ ਦਿਤਾ— ਜ਼ਿੰਦਗੀ ਭਰ ਬੇਗਾਰੀ ਖਟਣ ਵਾਲੇ ਅਨਪੜ੍ਹ ਗੰਵਾਰ ਅਤੇ ਅਰਧ ਨਗਨਾਂ ਦੇ ਕਵੀ ; ਤੁਹਾਡੇ ਵਿਦਿਆਪਤੀ ਦੇ ਗੌਣ ਸਾਡੀਆਂ ਟੁਟੀਆਂ ਝੁੱਗੀਆਂ ਵਿਚ ਜ਼ਿੰਦਗੀ ਦੇ ਮਧਰਰਸ ਬਰਸਾ ਰਹੇ ਹਨ । ...ਓ ਕਵੀ।...ਤੁਹਾਡੀ ਕਵਿਤਾ ਨੇ ਮਚਲ ਕੇ ਇਕ ਦਿਨ ਕਿਹਾ ਸੀ—ਚਲੋ ਕਵੀ, ਬਨਫੁੱਲਾਂ ਵਲ ।

......ਬਨ ਫੁੱਲਾਂ ਦੀਆਂ ਕਲੀਆਂ ਤੁਹਾਡਾ ਰਾਹ ਵੇਖਦੀਆਂ ਹਨ ।

## ਸੋਹਲਵਾਂ

ਮੁਸੱਮਾਤ ਸੁਨਰੀ ।
ਟੱਕਾ ਕਟ ਪੀਸ-ਇਕ ਗਜ਼ ।
ਛੀਂਟ— ਡੇਢ ਗਜ਼ ।
ਮਲੇਛੀਆਂ ਸਾਟਿਨ—ਇਕ ਗਜ਼ ।
ਸਾੜ੍ਹੀ—ਇਕ ਨਗ ।

ਬਲਦੇਵ ਜੀ ਕਪੜੇ ਦੀ ਪੁਰਜੀ ਵੰਡ ਰਹੇ ਹਨ । ਰੌਤਹੱਟ ਟੇਸ਼ਨ ਦੇ ਹੰਸ ਰਾਜ ਮਾਰਵਾੜੀ ਕੋਲੋਂ ਕਪੜਾ ਮਿਲੇਗਾ ।

ਖਿਲਾਵਨ ਯਾਦਵ ਦੇ ਦਰਵਾਜ਼ੇ ਤੇ ਖੜੇ ਹੋਣ ਜੋਗੀ ਵੀ ਥਾਂ ਨਹੀਂ । ਸਵੇਰ ਤੋਂ ਪੁਰਜੀ

ਵੰਡ ਰਹੇ ਹਨ, ਦੁਪਹਿਰ ਹੋ ਗਈ। ...ਸਾੜ੍ਹੀ ਨਹੀਂ ਹੈ। ......ਨਹੀਂ ?...ਬਲਦੇਵ ਜੀ ! ਸਾਡੇ ਲਈ ਇਕ ਸਾੜ੍ਹੀ......ਰੌਂਫਾ ਦੀ ਮਾਈ ਇਕ ਦਮ ਨਗਨ ਹੋ ਗਈ ਹੈ, ਬਲਦੇਵ ਜੀ।

ਬਲਦੇਵ ਜੀ ਕਹਿੰਦੇ ਹਨ, "ਦੇਖੋ ! ਮੌਜੇ ਭਰ ਸਿਰਫ ਸੱਤ ਸਾੜ੍ਹੀਆਂ ਦਿਤੀਆਂ ਗਈਆਂ ਸਨ,—ਚਾਰ ਛਰਦੀ ਹਨ, ਉਹ ਤਾਂ ਮਾਲਕ ਲੋਕਾਂ ਦੇ ਘਰ ਵਿਚ ਪਹਿਨਣ ਦੀ ਚੀਜ਼ ਹੈ......ਚੌਦਾਂ ਰੁਪਏ ਜੋੜੀ। ਬਾਕੀ ਤਿੰਨ ਸਾੜ੍ਹੀਆਂ ਦੀ ਅਸਾਂ ਇਸ ਤਰ੍ਹਾਂ ਵੰਡ ਕੀਤੀ ਹੈ, ਇਹੋ ਜਿਹੇ ਲੋਕਾਂ ਨੂੰ ਦਿਤੀਆਂ ਹਨ, ਜਿਹੜੇ ਇਕ ਦਮ ਬੇਪਰਦੇ... .."

"ਬੇਪਰਦੇ ਤਾਂ ਸਾਰਾ ਪਿੰਡ ਹੈ ਬਲਦੇਵ ਜੀ।"

ਖਿਲਾਵਨ ਯਾਦਵ ਕਹਿੰਦੇ ਹਨ—ਏਨੀ ਦੇਰ ਤੋਂ ਜਦੋਂ ਕਮਰੁੱਦੀ ਬਾਬੂ ਪੁਰਜੀ ਵੰਡਦੇ ਸਨ, ਉਸ ਵੇਲੇ ਪਿੰਡ ਦੀਆਂ ਔਰਤਾਂ ਬੇਪਰਦੇ ਤੇ ਨਗਨ ਨਹੀਂ ਸਨ ਕੀ ? ਭਰਾਵੋ, ਜਿੰਨਾਂ ਕੁਝ ਹੈ, ਉਸੇ ਨੂੰ ਇਨਸਾਫ ਨਾਲ ਵੰਡ ਲਵੋ।"

ਕਾਲੀਚਰਨ ਜਿਦ ਕਰ ਰਿਹਾ ਹੈ, ਪੁਰਜੀ ਤੇ ਦੋ ਗਜ਼ ਛੀਂਟ ਹੋਰ ਲਿਖ ਦਿਓ, ਹਰਮੂਨਿਏ ਦਾ ਖੋਲ ਬਣਵਾਵਾਂਗੇ। ਬਲਦੇਵ ਜੀ ਨਹੀਂ ਮੰਨਦੇ ।......ਬੰਦੇ ਦੇ ਪਹਿਨਣ ਲਈ ਕਪੜਾ ਨਹੀਂ, ਹਰਮੂਨੀਏ, ਢੋਲਕ ਨੂੰ ਚਪਕਨ ਖਿਲਾ ਕੇ ਪਹਿਨਾਵੇਗਾ ? ..ਤਕੋ ਤਾਂ ਭਲਾ।

ਬਲਦੇਵ ਜੀ ਲਈ ਚਾਹ ਚਲਣਾਂ ਔਖਾ ਹੋ ਗਿਆ ਹੈ। ਕਪੜੇ ਦੀ ਮੈਂਬਰੀ ਮਿਲੀ ਹੈ ਕਿ ਬਲਾ ਹੈ। ਜੰਗਲ ਪਾਣੀ ਜਾਣ ਵੇਲੇ ਵੀ ਲੋਕ ਖਹਿੜਾ ਨਹੀਂ ਛਡਦੇ। ...ਜੈ ਹਿੰਦ ਬਾਲਦੇਵ ਜੀ। ਆਏ ਤਾਂ ਸੀ, ਤੁਹਾਡੇ ਕੋਲ ਹੀ। ਦੁਲਾਰੀ ਦਾ ਮੁਕਲਾਵਾ ਹੈ।...ਚੰਗਾ ਚੰਗਾ ਚਲੋ ਅਸੀਂ ਜੰਗਲ ਪਾਣੀ ਤੋਂ ਆਉਂਦੇ ਹਾਂ। ''ਕਪੜਾ ਹੁਣ ਕਿਥੇ ਹੈ ? ਰਜ਼ਰਵ ਵਿਚ ਵੀ ਨਹੀਂ ਹੈ। ਸਿਰਫ ਕਫ਼ਨ ਅਤੇ ਸਰਾਧ ਦਾ ਕਪੜਾ ਹੈ।'' ਉਸੇ ਵਿਚੋਂ ? ਕਿਵੇਂ ਦਿਓਗੇ ? ਕਫਨ ਤੇ ਸਰਾਧ ਦਾ ਕਪੜਾ ਮੁਕਲਾਵੇ ਵਿਚ ?

ਬਾਲਦੇਵ ਜੀ ਨੂੰ ਕੀ ਪਤਾ ਕਿ ਦੁਲਾਰੀ ਦਾ ਮੁਕਲਾਵਾ ਪੰਜ ਸਾਲ ਪਹਿਲਾਂ ਹੋ ਗਿਆ ਹੈ ਅਤੇ ਉਹਦੇ ਤਿੰਨ ਬੱਚੇ ਵੀ ਹਨ।

ਲੱਛਮੀ ਦਾਸਣ ਦੇ ਰਾਮਦਾਸ ਨੂੰ ਭੇਜਿਆ ਸੀ, "ਆਚਾਰਜ ਜੀ ਆ ਰਹੇ ਹਨ, ਤੁਹਾਨੂੰ ਤਾਂ ਅੱਜ ਕੱਲ ਛੁੱਟੀ ਹੀ ਨਹੀਂ ਹੁੰਦੀ। ਉਧਰ ਜਾਂਦੇ ਵੀ ਨਹੀਂ, ਕੰਠੀ ਲੈਣ ਦੀ ਗੱਲ ਚਲੀ ਸੀ ?...ਸੋ ਤੁਹਾਡੀ ਕੀ ਰਾਇ ਹੈ ? ਆਚਾਰਜ ਜੀ ਆ ਰਹੇ ਹਨ। ਚਾਦਰ—ਟਿੱਕੇ ਲਈ ਚਾਦਰ ਦੇ ਇਲਾਵਾ ਪੂਜਾ ਵਿਦਾਇਗੀ ਲਈ ਵੀ ਧੋਤੀਆਂ ਦਾ ਜੋੜਾ ਚਾਹੀਦਾ ਹੈ — ਬਿਨਾਂ ਕੋਰ ਤੋਂ, ਮਹੀਨ ਮਾਰਕੀਨ ਦੀ ਜਾਂ ਨਨ-ਕਿਲਾਠ ਦੀ ਧੋਤੀ।...ਅਤੇ ਕੁਠਾਰਨ ਜੀ ਕੋਲ ਵੀ ਕਪੜਾ ਨਹੀਂ ਹੈ।"

ਬੜੀ ਔਖ ਹੈ। ਰਿਜ਼ਰਵ ਵਿਚ ਥੋੜਾ ਕਪੜਾ ਹੈ, ਉਹ ਵੀ ਸ਼ਾਦੀ ਵਿਆਹ ਅਤੇ ਸਰਾਧ ਲਈ। ਕਿਵੇਂ ਦਿਤਾ ਜਾਵੇ ? ਉਹ ! ਆਚਾਰਾਜ ਜੀ ਮਹੰਤ ਸਾਬ੍ਹ ਦੇ ਸਰਾਧ ਵਿਚ ਹੀ ਆਏ ਹਨ। ਠੀਕ ਹੈ।...ਸਿਰਿਮਤੀ...ਨਹੀਂ, ਸਿਰੀਮਤੀ ਨਹੀਂ। ਦਾਸਣ ਲੱਛਮੀ ਕੁਠਾਰਨ – ਨਨਕਿਲਾਟ, ਦਸ ਗਜ਼ ! ਫੈਨ ਮਾਰਕੀਨ ਦਸ ਗਜ਼। ਚੱਦਰ ਇਕ।

ਰਾਮਦਾਸ ਯਾਦ ਕਰਾ ਦਿੰਦਾ ਹੈ, "ਲੰਗੋਟਾ – ਕੋਪੀਨ ਲਈ ਵੀ ਇਕ ਗਜ਼।"

ਬੜੀ ਮੁਸ਼ਕਿਲ ਹੈ। ਬਾਲਦੇਵ ਜੀ ਨੂੰ ਹੁਣ ਰੋਜ਼ ਦਸ ਪੰਦਰਾਂ ਵਾਰੀ ਤੋਂ ਵੱਧ ਝੂਠ ਬੋਲਣਾ ਪੈਂਦਾ ਹੈ। ਕੀ ਕੀਤਾ ਜਾਵੇ ? ਬੜੇ ਸੰਕਟ ਦਾ ਕੰਮ ਹੈ।...ਏਧਰ ਜਿਲਾ ਕਾਂਗਰਸ ਦੀ ਮਿਟਨ ਵੀ ਹੈ। ਮਿਨਿਸਟਰ ਸਾਬ੍ਹ ਆ ਰਹੇ ਹਨ। ਪਿੰਡੋਂ ਝੰਟਾ — ਪਟਕਾ ਤੇ ਜਥਾ ਵੀ ਲਿਜਾਣਾ ਹੋਵੇਗਾ। ਜਿਲਾ ਸਕੱਤਰ ਗੰਗੂਲੀ ਜੀ ਨੇ ਚਿੱਠੀ ਦਿਤੀ ਹੈ। ਪਰਚਾ, ਵੀ ਆਇਆ ਹੈ...।

ਚਲੋ ! ਚਲੋ ! ਪੂਰੈਨਿਆਂ ਚਲੋ। ਮਨਿਸਟਰ ਸਾਬ੍ਹ ਆ ਰਹੇ ਹਨ। ਔਰਤ ਮਰਦ, ਬਾਲ-ਬੱਚੇ ਝੰਡਾ-ਪਟਕਾ ਅਤੇ ਇਨਕਿਲਾਸ ਜਿੰਦਾਬਾਦ ਕਰਦੇ ਹੋਏ ਪੂਰੈਨਿਆਂ ਚਲੋ।...ਰੇਲਗੱਡੀ ਦਾ ਟਿਕਟ ?...ਕਿਹਾ ਬੇਕੂਫ ਹੈ। ਮਨਿਸਟਰ ਸਾਬ੍ਹ ਆ ਰਹੇ ਹਨ, ਅਤੇ ਗੱਡੀ ਦਾ ਟਿਕਸ ਲਗੇਗਾ ? ਬਾਲਦੇਵ ਜੀ ਕਹਿੰਦੇ ਹਨ। ਮਨਿਸਟਰ ਸਾਬ੍ਹ ਨੂੰ ਕਹਿਣਾ ਪਵੇਗਾ, ਕੋਟੇ ਵਿਚ ਬਹੁਤ ਘੱਟ ਕੱਪੜਾ ਮਿਲਦਾ ਹੈ। ...ਚਲੋ-ਚਲੋ, ਪੂਰੈਨਿਆਂ ਚਲੋ। ਸਰਘੀ ਉਗਦਿਆਂ ਹੀ ਕਾਲੀਥਾਨ ਦੇ ਕੋਲ ਜਮਾਂ ਹੋ ਕੇ ਜਲੂਸ ਬਣਾ ਕੇ ਚਲੋ।

"ਬੋਲੋ ਇਕ ਵਾਰ ਕਾਲੀ ਮਾਈ ਦੀ ਜੈ।"

"ਜੈ ! ਜੈ !!

"ਬੋਲੋ ਇਕ ਵਾਰ ਪ੍ਰੇਮ ਨਾਲ — ਗਾਂਧੀ ਮਹਾਤਮਾਂ ਦੀ ਜੈ।"

"ਜੈ ! ਜੈ !!

ਫਰਰ...ਰ...ਰ...ਰ, ਬਿਰਛ ਉਤੇ ਆਲ੍ਹਣਿਆਂ ਵਿਚ ਸੁੱਤੇ ਹੋਏ ਪੰਛੀ ਖੰਭ ਫੜਫੜਾ ਕੇ ਉੜੇ। ਕਾਲੀਚਰਨ ਕਹਿੰਦੇ ਹੈ, ਜੇਕਰ ਗੁਲੇਲਾ ਹੁੰਦਾ ਤਾਂ ਹਨੇਰੇ ਵਿਚ ਵੀ ਹਾਲੇ ਇਕ ਦੋ ਹਰਿਅਲ ਮਾਰ ਕੇ ਸੁਟ ਦਿੰਦੇ। ਬਾਸੂਦੇਬ ਕਹਿੰਦਾ ਹੈ ਚੁਪ ਰਹੋ। ਬਾਲਦੇਵ ਜੀ ਨੇ ਨਹੀਂ ਸੁਣਿਆਂ, ਨਹੀਂ ਤਾ ਹੁਣੇ ਫੇਰ ਅਨਸਨ...।

ਗਿਣਤੀ ਕਰੋ। ਕਿੰਨੀਆਂ ਔਰਤਾਂ, ਕਿੰਨੇ ਮਰਦ ? ਹਾਲੇ ਬੱਚਿਆਂ ਨੂੰ ਨਾ ਲਵੋ, ਝੰਝਟ ਪਵੇਗਾ। ਕਾਲੀਚਰਨ ਅਤੇ ਗੂਦਰ ਸਾਰੀਆਂ ਦੀ ਦੇਹ ਛੋਹ ਛੋਹ ਕੇ ਗਿਣਦੇ ਹਨ। ਕਾਲੀਚਰਨ ਕਹਿੰਦਾ ਹੈ — ਪੰਜ ਕੋੜੀ ਚਾਰ ਔਰਤਾਂ। ਗੂਦਰ ਹਿਸਾਬ ਕਰਦਾ ਹੈ — ਚਾਰ ਕੋੜੀ ਦਸ ਮਰਦ।...ਮੋਤਵਰ ਲੋਕ ਕਿਉਂ ਜਾਣਗੇ ? ਮੋਤਵਰ ਲੋਕ

ਤਾਂ ਸਦਾ ਗੱਦਾਰੀ ਕਰਦੇ ਹਨ। ..ਬਾਲਦੇਵ ਜੀ ਨੇ ਅੱਜ ਫੇਰ ਇਕ ਨਵੀਂ ਗੱਲ ਕਹੀ — ਗੱਦਾਰੀ! ਗੱਦਾਰ!...ਗੱਦਾਰੀ?

ਜਲੂਸ ਵਿਚ ਗੌਣ ਲਈ ਬਲਦੇਵ ਜੀ ਨੂੰ ਦੋ ਗੀਤ ਹੀ ਯਾਦ ਹਨ। ਇਕ ਨਿਮਕ ਕਾਨੂੰਨ ਵੇਲੇ ਦਾ ਸਿਖਿਆ ਹੋਇਆ। "ਆਓ ਬੀਰੋ, ਮਰਦ ਬਨੋਂ। ਅਬ ਜੇਲ ਤੁਮਹੇਂ ਭਰਨਾਂ ਹੋਗਾ।" ਦੂਸਰਾ ਬਤਾਲੀ ਮੋਮਿੰਟ ਸਮੇਂ ਜੇਲ ਵਿਚ ਸੁਣਿਆ ਸੀ — "ਜ਼ਿੰਦਗੀ ਹੈ, ਕਿਰਾਂਤੀ ਕੀ, ਕਿਰਾਂਤੀ ਮੈਂ ਲੁਟਾਏ ਜਾ।" ਪਰ ਇਹ ਤਾਂ ਸੋਸ਼ਲਿਟ ਪਾਰਟੀ ਵਾਲੇ ਗੌਂਦੇ ਹਨ।...ਪੁਰਾਣਾ ਹੀ ਠੀਕ ਹੈ — ਆਉ ਬੀਰੋ ਮਰਦ ਬਨੋ।...ਅੱਜ ਬਲਦੇਵ ਜੀ ਆਪ ਗਾਉਂਦੇ ਹਨ ਸੁਨਰਾ ਵੀ ਗੀਤ ਦਾ ਅੱਖਰ ਧਰਦਾ ਹੈ।"

ਤੰਤਰਿਮਾਂ ਟੋਲੀ ਦੇ ਮੰਗਲੂ ਤਤਮਾਂ ਨੂੰ ਝੁਣਝੁਣੀ ਛਿੜ ਜਾਂਦੀ ਹੈ। ਜੇਲ੍ਹ! ਹਾਏ ਬਾਪੂ।...ਇਹ ਲੋਕ ਜੇਲ੍ਹ 'ਚ ਲਿਜਾ ਰਹੇ ਹਨ। ਪੰਦਰਾਂ ਵਰ੍ਹੇ ਪਹਿਲਾਂ ਉਹਨੂੰ ਚੋਰੀ ਦੇ ਕੇਸ ਵਿਚ ਸਜ਼ਾ ਹੋਈ ਸੀ। ਜੇਲ੍ਹ ਦੇ ਜਮਾਂਦਾਰ ਦੀ ਪੇਟੀ ਦੀ ਕੁਟ ਨੂੰ ਉਹ ਅੱਜ ਵੀ ਨਹੀਂ ਭੁੱਲਿਆ। ਚਾਰ ਹੌਦੇ (ਹੌਜ਼) ਪਾਣੀ ਰੋਜ਼ ਭਰਨਾ ਪੈਂਦਾ ਸੀ। ਨਹੀਂ।...ਉਹ ਪਿਸ਼ਾਬ ਕਰਨ ਦੇ ਬਹਾਨੇ ਪਿਛੇ ਰਹਿ ਜਾਂਦਾ ਹੈ, ਅਤੇ ਅੱਖ ਬਚਾਕੇ ਘਰ ਵੱਲ ਦੌੜਦਾ ਹੈ। ਸਾਰੇ ਪਾਗਲ ਹੋ ਗਏ ਨੇ।

ਸ਼ੈਰ੍ਹ ਪੂਰੈਨੀਆਂ। ..ਇਹੋ ਹੈ, ਸ਼ੈਰ੍ਹ ਪੂਰੈਨੀਆਂ ਪਕੀਸ ੜਕ ਹਵਾ ਗੱਡੀ ਘੋੜਾ ਗੱਡੀ ਅਤੇ ਪੱਕੇ ਮਕਾਨ।...'ਏਕ ਰੱਤੀ ਚਿਨਗੀ ਚਿਨਗਲ ਜਾਏ, ਸਹਰ ਪੂਰੈਨੀਆਂ ਲੁਟ ਲਜਾਏ?...ਕੀ ਹੈ, ਦਸੋ ਤਾਂ?.. ਅੱਗ।—ਪਿੰਡ ਦੇ ਬੱਚੇ ਅੱਜ ਵੀ ਬੁਝਾਰਤ ਪਾ ਕੇ ਸ਼ਹਿਰ ਪੂਰੈਨੀਆਂ ਦਾ ਨਾਂ ਲੈਂਦੇ ਹਨ। ਮੇਰੀਗੰਜ ਦੇ ਇਸ ਜਲੂਸ ਵਿਚ ਚਾਰ ਆਦਮੀ ਇਹੋ ਜਿਹੇ ਵੀ ਹਨ, ਜਿਹੜੇ ਪਹਿਲਾਂ ਵੀ ਪੂਰੈਨੀਆਂ ਸ਼ਹਿਰ 'ਚ ਆਏ ਹਨ। ਬਹੁਤੇ ਤਾਂ ਅੱਜ ਹੀ ਪਹਿਲੀ ਵਾਰ ਰੇਲ ਗੱਡੀ ਵਿਚ ਚੜ੍ਹੇ ਹਨ। ਕਲੇਜਾ ਧਕਧਕ ਕਰਦਾ ਹੈ। ਜਿਸ ਦੇ ਹੱਥ ਵਿਚ ਗਾਂਧੀ ਮਹਾਤਮਾ ਦਾ ਝੰਡਾ ਹੁੰਦਾ ਹੈ, ਉਸ ਤੋਂ ਗਾਡਬਾਬੂ ਚਿਕਰ ਬਾਬੂ, ਟਿਕਟ ਨਹੀਂ ਮੰਗਦੇ।—ਸੱਚੀ ਮੁੱਚੀਂ ਰੇਲਗਡੀ 'ਜੈ ਜੈ ਕਾਲੀ ਛੈ ਛੈ ਪੈਸਾ' ਕਹਿੰਦੀ ਹੋਈ ਦੌੜਦੀ ਹੈ। ਜੈ ਜੈ ਕਾਲੀ? ...ਇਹੋ ਹੀ ਹੈ ਕਾਲੀ ਪੁਲ। ਬਲਦੇਵ ਜੀ ਦਿਖਾਉਂਦੇ ਹਨ — ਇਹੋ ਕਾਲੀ ਪੁਲ ਹੈ। ਪੁਲ ਬੰਨ੍ਹਣ ਵੇਲੇ ਪੰਜ ਬੰਦਿਆਂ ਦੀ ਬਲੀ ਦਿਤੀ ਗਈ ਸੀ।...ਹਾਏ ਬਾਪੂ। ਪੰਜ?...ਜੈਕਾਲੀ। ਨਿਮਕ ਕਾਨੂੰਨ ਵੇਲੇ ਇਸੇ ਪੁਲ ਥੱਲੇ ਪੁਲਿਸ ਦੇ ਸਪਾਹੀ ਨੇ ਪਾਲੇ ਦੀ ਰਾਤ ਨੂੰ ਭੋਲਟਿਅਰਾਂ (ਵਲੰਟਿਅਰਾਂ) ਨੂੰ ਲਿਆ ਕੇ ਪਾਣੀ ਵਿਚ ਭਿਓਂ ਭਿਓਂ ਕੇ ਕੁਟਿਆ ਸੀ। ਪਾਣੀ ਵਿਚ ਡੁਬਾ ਦੇਂਦੇ ਸਨ। ਸਿਰ ਨੂੰ ਹੱਥਾਂ ਨਾਲ ਗੋਤੇ ਦੇਂਦੇ ਸਨ। ਸਾਹ ਫੁਲਣ ਲਗਦਾ ਸੀ, ਨੱਕ ਵਿਚ ਪਾਣੀ ਚਲਾ ਜਾਦਾ ਸੀ।

...ਇਹ ਹੈ ਇਸਪਿਤਾਲ। ਆਪਣੇ ਪਿੰਡ ਦਾ ਇਸਪਿਤਾਲ ਤਾਂ ਇਹਦੇ ਸਾਹਮਣੇ ਬਚੜਾ (ਬੁਤਰੂ) ਹੈ। ..ਜੇਲ੍ਹ ? ਇਹ ਹੈ ਜੇਲ੍ਹ ਜੇਲ੍ਹ ਨਹੀਂ ਸੁਸਰਾਲ ਯਾਰ ਹਮ ਬਿਹਾ ਕਰਨ ਕੋ ਜਾਏਂਗੇ...ਆਓ ਬੀਰੋ ਜੇਲ੍ਹ ਭਰੋ।...ਫੁਲੀਆ ਪੁਰੈਨੀਆਂ ਟੈਸਨ ਤੋਂ ਹੀ ਕੁਝ ਲਭ ਰਹੀ ਹੈ।...ਖਲਾਸੀ ਜੀ ਤਾਂ ਕਾਲਾ ਕੁਰਤਾ ਪਾਉਂਦਾ ਹੈ। ...ਇਹ ਹੈ ਕਚਹਿਰੀ। ਇਸੇ ਕੜੀ ਕਚਹਿਰੀ ਵਿਚ ਲੋਕ ਮੜੇ ਮੁਕਦਮੇ ਕਰਨ ਆਉਂਦੇ ਹਨ। ਏਸੇ ਤਰ੍ਹਾਂ ਉਪਸਰਗ ਲਾ ਕੇ ਸਾਰੇ ਬੋਲਦੇ ਨੇ-ਕੜੀ ਕਚਹਿਰੀ, ਖੜਾ ਖਜ਼ਾਨਾਂ, ਗਰ-ਗਰਾਮਿਤ, ਘਰ-ਘਰਹੱਟ, ਚਰ-ਚੁਮੌਨਾ, ਜਰ-ਜਮੀਨ, ਪਰ-ਪੰਚਾਇਤ, ਫੜੀ-ਫੌਜਦਾਰੀ, ਬੜੀ-ਬਰਾਤ, ਮੜਾ-ਮੁਕੱਦਮਾਂ ਜਾਂ ਮਰ-ਮਹਾਜਨ।

ਸ਼ਹਿਰ ਦੇ ਲੋਕ ਵੀ ਹੈਰਾਨੀ ਨਾਲ ਇਸ ਜਲੂਸ ਨੂੰ ਵੇਖ ਰਹੇ ਹਨ। ਇਨਕਿਲਸ ...ਜ਼ਿੰਦਾਬਾਘ।...ਕਚਹਿਰੀ ਦੇ ਮੋੜ ਤੇ, ਫਲਾਂ ਦੀ ਦੁਕਾਨ ਤੇ ਬੈਠੇ ਹੋਏ ਮੌਲਵੀ ਸਾਹਿਬ ਹੱਸਦੇ ਹਨ — "ਸਾਰੇ ਕਪੜਾ ਲੈਣ ਆਏ ਨੇ। ਜਾਉ-ਜਾਉ ਮਿਲੂਗਾ, ਕਪੜਾ ਇਨਕਿਲਾਬ ਬੋਲਦੇ ਹੋ ! ਮਤਲਬ ਵੀ ਸਮਝਦੇ ਹੋ ਜਾਂ...।"

ਝੰਡਾ ? ਬੜਾ ਵੱਡਾ ਝੰਡਾ ਆਸਮਾਨ ਵਿਚ ਝੂਲ ਰਿਹਾ ਹੈ। ਉਹੋ ਹੀ ਹੈ ਰਾਮਕਿਸ਼ਨ ਆਸਰਮ। ਹੈਂ ! ਇਥੇ ਸਾਰੇ ਹੀ ਖਲੋ ਜਾਵੋ। ਕਪੜੇ ਠੀਕ ਕਰ ਲਵੋ ! ਔਸ ਮਸ਼ੀਨ ਕੋਲ ਜਾ ਕੇ ਮੂੰਹ ਧੋ ਲਵੋ। ਡਰਦੇ ਕਿਉਂ ਹੋ ? ਬਲਦੇਵ ਜੀ ਹਨ। ਇਥੋਂ ਸੱਤਰਬੰਦੀ (ਪਾਲਾਂ ਵਿਚ) ਹੋ ਕੇ ਟੁਰਨਾਂ ਹੋਵੇਗਾ। ਬਲਦੇਵ ਜੀ ਸਭ ਤੋਂ ਅਗੇ ਰਹਿਣਗੇ। ਸਭ ਤੋਂ ਪਹਿਲਾਂ ਕਾਲੀਚਰਨ ਨਾਰ੍ਹਾ ਲਗਾਏਗਾ — ਇਨਕਿਲਾਬ; ਉਦੋਂ ਤੁਸੀਂ ਸਾਰਿਆਂ ਨੇ ਕੱਠੇ ਬੋਲਣਾ ਜ਼ਿੰਦਾਬਾਘ। ਉਂਜ ਗੜਬੜਾ ਜਾਂਦਾ ਹੈ। ਕਾਲੀਚਰਨ ਕਹਿਣਗੇ — ਅੰਗਰੇਜ਼ ਰਾਜ, ਤੁਸੀਂ ਕਹਿਣਾ — ਨਾਸ ਹੋਵੇ, ਲਾਉ ਨਾਰ੍ਹਾ ਕਾਲੀਚਰਨ ! ਕਾਲੀਚਰਨ ਛਾਤੀ ਦਾ ਜੋਰ ਲਾ ਕੇ ਚੀਕਦਾ ਹੈ — 'ਇਨਕਿਲਾਬ !' ਨਾਸ ਹੋਵੇ, ਜਿੰਦਾ...ਨਾਸ।"

ਹੈਂ ! ਠਹਿਰੋ, ਨਹੀਂ ਹੋਇਆ।'

ਸ਼ਿਵ ਨਾਥ ਚੌਧਰੀ ਜੀ, ਗੰਗੁਲੀਜੀ, ਸੰਸ਼ਾਕਜੀ, ਨਾਥ ਬਾਬੂ, ਸਾਰੇ ਹੀ ਹੈਰਾਨੀ ਨਾਲ ਦੇਖਦੇ ਹਨ। ਚੌਧਰੀ ਜੀ ਬਲਦੇਵ ਤੇ ਬੜੇ ਖੁਸ਼ ਹਨ। ਨਾਥ ਬਾਬੂ ਕਹਿੰਦੇ ਹਨ, ਏਸੇ ਤਰ੍ਹਾਂ ਹੀ ਸਾਰੇ ਵਰਕਰ ਆਪਣੇ ਫੀਲਡ ਵਿਚ ਵਰਕ ਕਰਨ ਤਾਂ ਤੇ ? ਦੋ ਮਹੀਨਿਆਂ ਵਿਚ ਏਡੇ ਪਿੰਡ ਨੂੰ ਇਕੱਲਿਆਂ ਹੀ ਆਰਗੇਨਾਈਜ਼ ਕਰ ਲਿਆ ਹੈ। ਚੁਆਨੀਆਂ ਮੈਂਬਰ ਕਿੰਨੇ ਬਣਾਏ ? ਪੰਜ ਸੌ ? ਤਾਂ ਤੇ ਤੁਸੀਂ...ਆਪ ਜ਼ਿਲਾ ਕਮੇਟੀ ਦੇ ਮੈਂਬਰ ਹੋ ਗਏ। ਗੰਗੁਲੀਜੀ ਤਾਂ ਬਲਦੇਵ ਨੂੰ ਪਹਿਲਾਂ ਤੋਂ ਹੀ ਆਪ ਕਹਿੰਦੇ ਹਨ, ਯੱਜ ਨਾਥ ਬਾਬੂ ਵੀ ਆਪ ਕਹਿੰਦੇ ਹਨ।

ਚੌਧਰੀ ਜੀ ਕਹਿੰਦੇ ਹਨ, "ਬਲਦੇਵ ਜੀ, ਚਰਖਾ ਸੈਂਟਰ ਖੁਲ੍ਹਵਾਓ। ਰਚਨਾਤਮਕ

ਕੰਮ ਕੁਝ ਹੁੰਦਾ ਹੈ ਜਾਂ ਨਹੀਂ ?''

ਖਾਦੀ ਭੰਡਾਰ ਵਾਲੇ ਛੱਤੀਸ ਬਾਬੂ ਕਹਿੰਦੇ ਹਨ "ਖਾਦੀ ਭੰਡਾਰ ਵਿਚ ਖਾਂਟੀ ਗਊ ਦਾ ਘਿਓ ਭੇਜੋ ਦਿਹਾਤ ਤੋਂ ਬਲਦੇਵ।''

ਸਚਮੁਚ ਬਲਦੇਵ ਜੀ ਗਿਆਨੀ ਆਦਮੀ ਹਨ, ਵੱਡੇ ਆਦਮੀ ਹਨ। ਜਿਸ ਪੌੜੀਵਾਲੀ ਚੌਕੀ ਤੇ ਬਾਬੂ-ਬਬੂਆਨ ਲੋਕ ਟੋਪੀ ਪਾ ਕੇ ਬੈਠੇ ਨੇ, ਉਸੇ ਉਪਰ ਬਲਦੇਵ ਜੀ ਵੀ ਬੈਠੇ ਨੇ।...ਹੈਂ, ਔਹ ਕੌਣ ਹੈ? ਬੌਨਾਂ? ਡੇਢ ਹੱਥ ਦਾ ਆਦਮੀ? ਦੇਖਣ ਨੂੰ ਚਹੁੰ ਸਾਲਾਂ ਦੇ ਬੱਚੇ ਜਿਡਾ ਲਗਦਾ ਹੈ। ਦਾੜ੍ਹੀ-ਮੁੱਛ ਤੱਕੋ। ਆਵਾਜ਼ ਕਿੰਨੀ ਭਾਰੀ ਹੈ। ਧੁਰਤਰੂ (ਲਾਊਡਸਪੀਕਰ) ਵਿਚ ਤਾਂ ਸਾਰਿਆਂ ਦੀ ਆਵਾਜ਼ ਭਾਰੀ ਜਾਪਦੀ ਹੈ। ਕਿਸੇ ਦੀ ਆਵਾਜ਼ ਸਮਝ ਨਹੀਂ ਆਉਂਦੀ। ਪਤਾ ਨਹੀਂ ਕਿਸ ਦੇਸ ਦੀ ਬੋਲੀ ਬੋਲਦਾ ਹੈ — ਹਿੰਦੁਸਤਾਨ, ਆਜ਼ਾਦੀ ਅਤੇ ਗਾਂਧੀ ਜੀ ਨੂੰ ਛੱਡ ਕੇ ਹੋਰ ਕੋਈ ਗੱਲ ਨਹੀਂ ਬੁਝ ਹੁੰਦੀ।...ਤਾੜੀ ਕਿਉਂ ਵਜਾਈ? ਬੱਸ, ਸਭ ਖ਼ਤਮ? ਮਨਿਸਟਰ ਸਾਹਿਬ ਕਿਥੇ ਨੇ? ਕੌਣ? ਉਹੋ ਹੀ ਮਾੜੂਆ ਜਿਹਾ ਵੱਡੀਆਂ-ਵੱਡੀਆਂ ਮੁੱਛਾਂ ਵਾਲਾ ਆਦਮੀ? ਬੋਲਦਾ ਸੀ ਇਕ ਦਮ ਪ੍ਰੇਮ ਨਾਲ...ਹੌਲੀ-ਹੌਲੀ ਮੱਥੇ ਦੀ ਟੋਪੀ ਵੀ ਲਬੜ-ਝਬੜ। ਉਦੋਂ ਪਿੰਡ ਵਿਚ ਦਰੋਗਾ ਸਾਹਿਬ ਆਏ ਸਨ, ਦੇਖਿਆ ਸੀ? ਸਾਰੇ ਸਰੀਰ 'ਚ ਲਪੇਟੀ ਹੋਈ ਸੀ। ਮਨਿਸਟਰ ਸਾਹਿਬ ਏਸੇ ਤਰ੍ਹਾਂ ਦੇ ਹੀ ਨੇ? ਇਹ ਕਿਹਾ ਹਾਕਿਮ।

ਕਾਲੀਚਰਨ ਕਹਿੰਦਾ, "ਮਨਿਸਟਰ ਸਾਹਿਬ ਨਹੀਂ, ਇਹ ਰਜਿਨਰ ਬਾਬੂ ਸਨ। ਸੁਰਾਜੀ ਕੀਰਤਨ 'ਚ ਰੋਜ਼ ਸੁਣਦੇ ਨਹੀਂ ਹੋ......ਦੇਸਵਾ ਕੇ ਖ਼ਾਤਿਰ ਮਜਰੂਲ ਹਕ ਭਇਲੇ ਫਕਿਰਵਾ ਹੋ, ਦੀਨ ਭੇਲੈ ਰਜਿਨਰ ਪਰਸਾਦ ਦੇਸ ਵਾਸੀਓ।.. ਦੇਸ ਦੀ ਖਾਤਰ ਆਪਣਾ ਸਭ ਹੱਕ-ਹਿੱਸਾ, ਜਗਾ ਜਮੀਨ, ਮਾਲ ਮਵੇਸੀ, ਗੁਆ ਕੇ ਫ਼ਕੀਰ ਹੋ ਗਏ। ......ਆ ਹਾ ਹਾ! ......ਹੂੰ। ਅਜ ਕਲ ਮਨਿਸਟਰ ਤੋਂ ਵੀ ਜਿਆਦਾ ਪਾਵਰ ਵਾਲਾ ਆਦਮੀ ਹੈਨ। ਠੀਕ ਹੈ, ਹੋਵੇਗਾ ਨਹੀਂ? ਦੇਸ਼ ਦੀ ਖ਼ਾਤਰ ਆਪਣਾ ਮਜਰੂਲ ਹਕ ਮਾਨੇ ਬਿਲਕੁਲ ਖ਼ਤਮ ਕਰ ਦਿਤਾ........." ਚੌਧਰੀ ਜੀ ਨੇ ਬਲਦੇਵ ਨੂੰ ਦਸ ਰੁਪਏ ਦਾ ਨੋਟ ਦਿਤਾ ਹੈ—"ਸਾਰਿਆਂ ਨੂੰ ਚਾਹ ਪਾਣੀ ਪਿਆ ਦਿਓ।" ਜੈ, ਜੈ! ਚਲੋ! ਚਲੋ!

ਕਾਲੀਚਰਨ ਕਿਥੇ ਹੈ? ਬਾਸੁਦੇਵ ਵੀ ਨਹੀਂ ਹੈ। ਨਹੀਂ, ਨਹੀਂ, ਮੁੜਨ ਵੇਲੇ ਲਾਰਾ ਲਾਉਣ ਦੀ ਜ਼ਰੂਰਤ ਨਹੀਂ। ਪਰ ਕਾਲੀਚਰਨ ਤੇ ਬਾਸੁਦੇਵ ਕਿਥੇ ਰਹਿ ਗਏ? ਭੀੜ ਵਿਚੋਂ ਕਿਸੇ ਨੇ ਕਿਹਾ — ਉਹ ਦੋਵੇਂ ਇਕ ਪਜਾਮੇ ਵਾਲੇ ਸੁਰਾਜੀ ਬਾਬੂ ਨਾਲ ਪਤਾ ਨਹੀਂ ਕਿਥੇ ਜਾ ਰਹੇ ਸਨ। ਬੋਲੇ, ਕਲ੍ਹ ਜਾਵਾਂਗੇ। ...ਪਜਾਮੇ ਵਾਲਾ ਸੁਰਾਜੀ ਬਾਬੂ? ...ਪਰ ਪਛੇ ਬਿਨਾਂ ਕਿਉਂ ਗਏ? ਸ਼ੈਰੂ ਦਾ ਮਾਮਲਾ ਹੈ। ਬਲਦੇਵ

ਜੀ ਕਾਲੀਚਰਨ ਤੇ ਅੱਜ ਕੱਲ ਖ਼ੁਸ਼ ਨਹੀਂ, ਕਾਲੀਚਰਨ ਵੀ ਅੱਜ ਕੱਲ ਬਾਲਦੇਵ ਤੋਂ ਅੜਰਾ-ਅੜਰਾ ਰਹਿੰਦਾ "ਕਾਲੀਚਰਨ ਨਹੀਂ, ਕਾਮਰੇਡ ਕਾਲੀਚਰਨ, ਕਾਮਰੇਡ ਮਾਨੇ ਸਾਥੀ। ਅਸੀਂ ਸਾਰੇ ਸਾਥੀ, ਆਪ ਵੀ ਸਾਥੀ। ਇਥੇ ਕੋਈ ਲੀਡਰ ਨਹੀਂ। ਸਾਰੇ ਹੀ ਲੀਡਰ, ਸਾਰੇ ਸਾਥੀ ਹਨ। ...ਚੰਗਾ ਕਾਮਰੇਡ, ਤੁਹਾਡੇ ਪਿੰਡ ਵਿਚ ਸਭ ਤੋਂ ਜ਼ਾਦੇ ਕਿਸ ਜ਼ਾਤ ਦੇ ਲੋਕ ਨੇ ? . ਯਾਦਵ ! ਠੀਕ ਹੈ। .. ਭੂਮੀਹਾਰ ? ਇਕ ਘਰ ਦੀ ਵੀ ਨਹੀਂ ? ਗੁਡ। ਜਲੂਸ ਵਿਚ ਜਿੰਨੇ ਆਦਮੀ ਸਨ, ਸਾਰੇ ਕੀ ਬਾਲਦੇਵ ਜੀ ਤੋਂ ਪ੍ਰਭਾਵਿਤ ਹਨ ? ਮਾਨੇ ਬਲਾਂਇੰਡ ਫੋਲੋਅਰ ...ਯਾਨੀ ਅੱਖ ਮੀਟ ਕੇ ਵਿਸ਼ਵਾਸ਼ ਕਰਨ ਵਾਲੇ ਤਾਂ ਨਹੀਂ ? ਅੰਨ੍ਹੇ ਭਗਤ ਤਾਂ ਨਹੀਂ ?"

"ਜੀ, ਅੰਨ੍ਹਾ ਭਗਤ ਤਾਂ ਮਹੰਥ ਸੇਵਾ ਦਾਸ ਸੀ, ਉਹ ਮਰ ਗਿਆ। ਉਹਦੀ ਕੋਠਾਰਨ ਤਾਂ...।"

"ਠੀਕ ਹੈ। ਚੰਗੀ ਗੱਲ ਹੈ। ਤੁਸੀਂ ਸਾਰੀਆਂ ਗਲਾਂ ਸਮਝ ਲਈਆਂ ਨੇ। ਮੈਂਬਰੀ ਦੀ ਕਾਪੀ ਲੈ ਜਾਵੋ। ਕੁਛ ਲਿਟਰੇਚਰ ਦੇ ਦਿਓ ਇਨ੍ਹਾਂ ਨੂੰ ਰਾਜ ਬੱਲੀ। ਜਰਾ ਕਾਮਰੇਡ ਸੈਨਿਕ ਜੀ ਨੂੰ ਇਧਰ ਭਜ ਦਿਓ। ...ਇਹ ਹਨ ਕਾਮਰੇਡ ਗੰਗਾ ਪ੍ਰਸ਼ਾਦ ਸਿੰਘ ਯਾਦਵ, ਸੈਨਿਕ ਜੀ, ਅਤੇ ਇਹ ਜੋ ਬੰਦੇ ਹਨ, ਕਾਮਰੇਡ ਕ਼ਾਲੀਚਰਨ ਅਤੇ ...ਕੀ ਨਾਂ ? ਹਾਂ, ਬਾਸੁਦੇਵ ਜੀ। ਅੱਜ ਮੇਰੀ ਗੰਜ ਤੋਂ ਰਾਮਕ੍ਰਿਸ਼ਣ ਆਸਰਮ ਵਿਚ ਜਿਹੜਾ ਜਲੂਸ ਆਇਆ ਸੀ, ਇਨ੍ਹਾਂ ਲੋਕਾਂ ਦੀ ਸਰਦਾਰੀ ਵਿਚ ਹੀ। ਪਾਰਟੀ ਪਲੈਂਜ ਤੇ ਸਾਈਨ ਕਰ ਦਿਤਾ ਹੈ। ਮੇਰੀ ਗੰਜ ਵਿਚ ਸਭ ਤੋਂ ਜ਼ਿਆਦਾ ਯਾਦਵਾਂ ਦੀ ਆਬਾਦੀ ਹੈ। ਉਥੇ ਤੁਹਾਡਾ ਜਾਣਾ ਹੀ ਠੀਕ ਹੋਵੇਗਾ। ਉਥੇ ਆਰਗੇਨਾਈਜ਼ ਕਰਨ ਵਿਚ ਦਿੱਕਤ ਨਹੀਂ ਹੋਵੇਗੀ। ...ਉਹੋ ਹੀ, ਬੱਸ ਬਾਲਦੇਵ ਹੈ ਇਕੋ। ...ਚੰਗਾ ਕਾਮਰੇਡ ਕਾਲੀਚਰਨ ! ਤੁਸਾਂ ਹੋਰ ਵੀ ਕੁਝ ਪੁਛਣਾ ਹੈ ?" ਸੋਸ਼ਲਿਸਟ ਪਾਰਟੀ ਦੇ ਜ਼ਿਲਾ-ਮੰਤਰੀ ਜੀ ਪੁਛਦੇ ਹਨ। "ਜੀ, ਜੇ ਅਸੀਂ ਕੋਈ ਕੰਮ ਕਰਨ ਲਗੀਏ, ਪਬਲਿਕ ਦੇ ਭਲੇ ਦਾ ਕੰਮ, ਅਤੇ ਉਹਨੂੰ ਕੋਈ ਹਿੰਸਾਬਾਦ ਕਹਿਕੇ ਰੋਕੇ ਤਾਂ ਅਸੀਂ ਕੀ ਕਰਾਂਗੇ ?" ਕਾਲੀਚਰਨ ਨੇ ਬੱਸ ਇਹੋ ਹੀ ਪੁਛਣਾ ਹੈ।

ਜ਼ਿਲਾ-ਮੰਤਰੀ ਕੁਝ ਸੋਚਣ ਲਗਦੇ ਨੇ। ਪਰ ਕਾਮਰੇਡ ਰਾਜਬੱਲੀ ਜੀ ਨੂੰ ਕੁਝ ਸੋਚਣ ਵਿਚ ਸਮਾਂ ਨਹੀਂ ਲਗਦਾ, ਬੱਸ ਥਥਲੋਣ ਵਿਚ ਕੁਝ ਦੇਰ ਲਗੇ ਤਾਂ ਲਗੇ...

"ਅ-ਅ-ਅਰੇ ! ਕਾਮ-ਕਾਮ-ਰੇਡ, ਉਸ ਨੂੰ ਸਾਫ਼ ਲ-ਪ-ਲਪ-ਲਫ਼ਜ਼ਾਂ ਵਿਚ ਕਹਿ ਦਿਓ ਕਿ ਫੋ-ਫੋ-ਫੋ ਟਟੀ-ਟੀ-ਥ੍ਰ ਟ੍ਰ ਦੇ ਮੂਭਮੈਂਟ ਵਿਚ ਅਹਿੰਸਾ ਦੇ ਭਰੋਸੇ ਰਹਿ ਕੇ ਤਾਂ ਅ-ਅ-ਅ-ਜਗ-ਗੱ-ਦੀ ਨਸੀਬ ਨਾ ਹੁੰਦੀ। ਉਸ ਨੂੰ ਸਾਫ਼ ਲਪ-ਲਪ ਲਫ਼ਜ਼ਾਂ ਵਿਚ ਕਹਿ ਦਿਓ ਕਿ ਤੁਸੀਂ ਰਿ ਰਿ ਰਿ ਰਿਐਕਸ਼ਨਰੀ ਹੋ। ਡਿ-ਡਿ-ਡਿ-ਡਿਮ ਡਿਮੋਰਲਾਈਜ਼ਡ ਹੋ। ਇਹ ਲੈ ਜਾਵੋ, ਸ-ਸ ਸਮਾਜਵਾਦੀ ਹੀ ਕਿਉਂ, ਦੋ ਕਿਤਾਬਾਂ।

'ਇਹਦੇ ਵਿਚ ਸਭ ਕੁਝ ਲਿਖਿਆ ਹੋਇਆ ਹੈ। 'ਲਾਲ ਪ-ਪ ਪਤਾਕਾ' ਦੀ ਇਕ ਕਾਪੀ ਲੈ ਜਾਵੋ। ਇਸ ਦੇ ਗ੍ਰਾਹ-ਆ-ਹ — ਗ੍ਰਾਹਕ ਬਣਾਉ। ਲਾਲ ਝੰਡਾ ਲੈ ਲਿਆ ਹੈ ਨਾਂ ?''

ਲਾਲ ਝੰਡਾ।
ਉਹ ਮੇਹਨਤਕਸ਼ ਅਬ ਹੋਸ਼ ਮੇਂ ਆ,
ਹਾਥ ਮੇਂ ਝੰਡਾ ਲਾਲ ਉਠਾ,
ਜ਼ੁਲਮ ਦਾ ਨਾਮੋ ਨਿਸ਼ਾਨ ਮਿਟਾ,
ਉਠ ਹੋਸ਼ ਮੇ ਆ ਬੇਦਾਰ ਹੋ ਜਾ।

ਕਾਮਰੇਡ ਕਾਲੀਚਰਨ ਅਤੇ ਕਾਮਰੇਡ ਬਾਸੂਦੇਵ। ...ਸੁਸ਼ਲਿੰਗ ਪਾਟੀ। ...ਰਾਹ ਵਿਚ ਕਾਲੀਚਰਨ ਬਾਸੂਦੇਵ ਨੂੰ ਸਮਝੌਂਦਾ ਹੈ, "ਇਹੋ ਪਾਟੀ ਅਸਲ ਪਾਟੀ ਹੈ। ਗਰਮ ਪਾਟੀ ਹੈ। 'ਕਿਰਾਂਤੀ ਦਲ' ਦਾ ਨਾਂ ਨਹੀਂ ਸੁਣਿਆ ਸੀ ? ...'ਬੱਸ ਫੋੜ ਦੀਆਂ ਫਟਾਕ ਸੇ ਮਸਤਾਨਾਂ ਭਗਤ ਸਿੰਘ,' ਇਹ ਗੌਣ ਨਹੀਂ ਸੁਣਦੇ ? ਉਹੋ ਹੀ ਪਾਟੀ ਹੈ। ਇਸ ਵਿਚ ਕੋਈ ਲੀਟਰ ਨਹੀਂ। ਸਾਰੇ ਸਾਥੀ ਨੇ। ਸਾਰੇ ਲੀਡਰ ਨੇ। ਸੁਣਿਆ ਨਹੀਂ। ਹਿੰਸਾਬਾਦ ਤਾਂ ਬੁਰਜੁਆ ਲੋਕ ਬੋਲਦੇ ਹਨ। ਬਾਲਦੇਵ ਜੀ ਤਾਂ ਬੁਰਜੁਆ ਹੈ, ਪੂੰਜੀਵਾਦ ਹੈ। ...ਇਸ ਕਿਤਾਬ ਵਿਚ ਸਭ ਕੁਝ ਲਿਖਿਆ ਹੋਇਆ ਹੈ। ਬੁਰਜੁਆ, ਪੇਟੀ ਬੁਰਜੁਆ, ਪੂੰਜੀਵਾਦ, ਪੂੰਜੀਪਤੀ, ਜਾਲਿਮ ਜਮੀਂਦਾਰ, ਕਮਾਉਣ ਵਾਲਾ ਖਾਵੇਗਾ, ਇਹਦੇ ਚਲਦਿਆਂ ਜੋ ਕੁਝ ਵੀ ਹੋਵੇ। ...ਹੁਣ ਬਾਲਦੇਵ ਜੀ ਦੀ ਲੀਟਰੀ ਨਹੀਂ ਚਲੇਗੀ। ਹਰ ਵੇਲੇ ਹਿੰਸਾਬਾਦ, ਕੁਝ ਕਰੋ, ਤਾਂ ਬੱਸ ਅਨਸਨ। ...ਕਪੜੇ ਦੀ ਮੈਂਬਰੀ ਕਿਸੇ ਤਰ੍ਹਾਂ ਮਿਲ ਜਾਵੇ, ਫੇਰ ਵੇਖਣਾ।''

ਸਟੇਸ਼ਨ ਤੇ ਬਾਸੂਦੇਵ ਜੀ ਨੇ ਵੀ ਇਕ ਕਿਤਾਬ ਖ਼ਰੀਦੀ, ਸਿਰਫ਼ ਇਕ ਆਨੇ ਵਿਚ। 'ਲਾਲ ਕਿਤਾਬ।' ਇਕ ਬੰਦਾ ਝੋਲੇ ਵਿਚ ਪਾਈ ਵੇਚ ਰਿਹਾ ਸੀ — ਈਸੂ ਸੰਦੇਸ਼।

ਦੋ ਕਿਤਾਬਾਂ ਹੋਈਆਂ ਹੁਣ — ਈਸੂ ਸੰਦੇਸ਼ ਅਤੇ 'ਦਵੰਦਾਤਮਕ ਭੌਤਿਕਵਾਦ।'

## ਸਤਾਰਾਂ

ਆਚਾਰਜ ਗੁਰੂ ਕਾਂਸੀ ਤੋਂ ਆਏ ਹਨ।

ਸਾਰੇ ਮੱਠਾਂ ਦੇ ਜਿਮੀਂਦਾਰ ਹਨ, ਆਚਾਰਜ ਗੁਰੂ। ਉਨ੍ਹਾਂ ਦੇ ਨਾਲ ਤੀਹ ਮੂਰਤੀ ਵੀ ਆਏ ਹਨ — ਭੰਡਾਰੀ, ਅਧਿਕਾਰੀ, ਸੇਵਕ, ਖ਼ਵਾਸ, ਚਿਲਮਚੀ, ਅਮੀਨ,

ਮੁਨਸ਼ੀ ਅਤੇ ਗਵੱਈਏ। ਸਾਧੂਆਂ ਦੇ ਦਲ ਵਿਚ ਇਕ ਨਾਂਗਾ ਸਾਧੂ ਵੀ ਹੈ। ਭਾਵੇਂ ਉਹ ਦੂਸਰੇ ਮੱਤ ਨੂੰ ਮੰਨਣ ਵਾਲਾ ਹੈ, ਫੇਰ ਵੀ ਆਚਾਰਜ ਜੀ ਉਹਨੂੰ ਨਾਲ ਹੀ ਰੱਖਦੇ ਹਨ। ਬੜਾ ਕਰੋਧੀ ਮੂਰਤੀ ਹੈ, ਹੱਥ ਵਿਚ ਛੋਟਾ ਜਿਹਾ ਕੁਹਾੜਾ ਰਖਦਾ ਹੈ, ਲੰਬੀ ਦਾੜ੍ਹੀ, ਜੱਟਾਂ ਧਾਰੀ ਦੇਹ ਵਿਚ ਭੂਤ ਅਤੇ ਕਮਰ ਵਿਚ ਸਿਰਫ਼ ਚਾਂਦੀ ਦੀ ਤੜਾਗੀ। ਨੰਗਾ ਰਹਿੰਦਾ ਹੈ। ਮਹੰਤ ਸਾਹਿਬ ਦੇ ਨਾਲ ਉਹ ਜਿਸ ਮੱਠ ਵਿਚ ਜਾਂਦਾ ਹੈ, ਉਥੋਂ ਦੇ ਮਹੰਤ ਸਾਹਿਬ ਅਤੇ ਅਧਿਕਾਰੀ ਨੂੰ ਛਟੀ ਦਾ ਦੁੱਧ ਯਾਦ ਕਰਾ ਦਿੰਦਾ ਹੈ। ਕੀ ਮਜਾਲ ਕਿ ਸੇਵਾ ਵਿਚ ਕਿਸੇ ਕਿਸਮ ਦੀ ਤਰੁਟੀ ਹੋਵੇ, ਇਸ ਲਈ ਆਚਾਰਜ ਗੁਰੂ ਉਹਨੂੰ ਨਾਲ ਰਖਦੇ ਹਨ।

ਨਾਂਗਾ ਬਾਬਾ ਜਦੋਂ ਗੁੱਸੇ ਹੁੰਦੇ ਹਨ ਤਾਂ ਮੂੰਹ 'ਚੋਂ ਅਸ਼ਲੀਲ ਤੋਂ ਅਸ਼ਲੀਲ ਗਾਲ੍ਹਾਂ ਦੀ ਝੜੀ ਲਗ ਜਾਂਦੀ ਹੈ। ਆਉਂਦੇ ਹੀ ਲੱਛਮੀ ਦਾਸਣ ਤੇ ਵਰ੍ਹ ਪਏ — "ਤੇਰੀ ਜਾਤ ਨੂੰ ਮੱਛਰ ਕਟੇ! ਹਰਾਮਜਾਦੀ! ਰੰਡੀ! ਤੂੰ ਸਮਝਦੀ ਕੀ ਏਂ ਨੀ? ਹੈਂ, ਦੁਨੀਆਂ ਨੂੰ ਤੂੰ ਅੰਨ੍ਹਾ ਸਮਝਦੀ ਏਂ? ਬੋਲ...ਲਾਲ ਮਿਰਚਾਂ ਦੀ ਧੂੰਨ ਪਾ ਦਿਊਂ ਛਿਨਾਲ। ਤੂੰ ਆਚਾਰਜ ਗੁਰੂ ਨੂੰ ਗਾਲ੍ਹ ਕਢਦੀ ਏਂ? ਤੇਰੇ ਮੂੰਹ ਵਿਚ ਕੁਹਾੜੇ ਦਾ ਡੰਡਾ ਪਾ ਦਊਂ, ਬੋਲ। ਸਾਲੀ ਕੁੱਤੀ! ਸਾਧੂ ਦਾ ਰਕਤ ਬਹਾਉਂਦੀ ਹੈ ਅਤੇ ਬਾਬੂ ਲੋਕਾਂ ਤੋਂ ਮੂੰਹ ਚਟਵਾਉਂਦੀ ਹੈ। ਲਾਵਾਂ ਹੁਣੇ ਤੇਰੇ ਬੂਥਾੜੇ ਚਾਂਟਾ ਹਟ ਜਾ ਇਥੋਂ, ਕੱਤਕ ਦੀ ਕੁੱਤੀਏ।"

ਲੱਛਮੀ ਹੱਥ ਜੋੜ ਕੇ ਬੈਠੀ ਰਹਿੰਦੀ ਹੈ। ਨਾਂਗੇ ਸਾਧੂ ਦੀਆਂ ਗਾਲ੍ਹਾਂ ਵੱਲ ਲੋਕ ਧਿਆਨ ਨਹੀਂ ਦਿੰਦੇ। ਬੁਰਾ ਨਹੀਂ ਮੰਨਦੇ। ਇਹ ਤਾਂ ਅਸ਼ੀਰਵਾਦ ਹੈ। ਉਹ ਨਾਂਗਾ ਬਾਬਾ ਦੇ ਪੈਰ ਫੜ ਕੇ ਕਹਿੰਦੀ ਹੈ, "ਖਿਮਾਂ ਕਰੋ ਪਰਭੂ ਦਾਸਣ ਦਾ ਅਪਰਾਧ।"

ਰਾਮਦਾਸ ਦੀ ਤਾਂ ਖੜਾਵਾਂ ਨਾਲ ਕੁਟਦਿਆਂ ਕੁਟਦਿਆਂ ਦੇਹ ਦੀ ਚਮੜੀ ਉਧੇੜ ਦਿਤੀ ਹੈ, ਨਾਂਗਾ ਬਾਬਾ ਨੇ — "ਸੂਰ ਦੇ ਬੱਚੇ, ਕੁੱਤੇ ਦੇ ਕਤੂਰੇ! ਤੂੰ ਮਹੰਤ ਬਣੇਂਗਾ ਓਏ। ਤੇਰੀ ਭੈਣ ਨੂੰ (ਖੜਾਕ ਖੜਾਂਵ ਪਈ) ਤੇਰੀ ਮਾਂ ਨੂੰ! (ਖੜਾਕ) ਘਸਿਆਰੇ ਦਾ ਬੱਚਾ! ਜਾ ਲੱਕੜ ਲਿਆ ਕੇ ਧੂਣੀ ਵਿਚ ਸੁੱਟ।"

ਲਰ ਸਿੰਘ ਦਾਸ ਖ਼ੁਸ਼ ਹੈ, ਇਸੇ ਲਈ ਤਾਂ ਉਹ ਅਗਵਾਈ ਲਈ ਸਟੇਸ਼ਨ ਤਕ ਗਿਆ ਸੀ। ਸਾਰੀਆਂ ਗੱਲਾਂ ਸੁਣ ਕੇ ਆਚਾਰਜ ਜੀ ਵੀ ਕ੍ਰੋਧ ਨਾਲ ਲਾਲ ਹੋ ਗਏ ਸਨ।...ਦਾਸਣ ਨੂੰ ਮੱਠ 'ਚੋਂ ਕੱਢਣਾਂ ਪਵੇਗਾ। ਨਾਂਗਾ ਬਾਬਾ ਨੂੰ ਪੰਜ ਵਾਰ ਭਰਵਾਂ ਗਾਂਜਾ ਦਿਤਾ ਹੈ, ਲਰ ਸਿੰਘ ਦਾਸ ਨੇ। ਅਧਿਕਾਰੀ ਜੀ ਨੂੰ ਇਕ ਸੌ ਰੁਪਿਆ ਕਬੂਲਿਆ ਹੈ।...ਮਹੰਤੀ ਤਾਂ ਧਰੀ ਹੋਈ ਹੈ, ਸਤਿਗੁਰੂ ਦੀ ਦਇਆ ਹੈ।

ਆਚਾਰਜ ਗੁਰੂ ਨੇ ਲੱਛਮੀ ਨੂੰ ਸਪੱਸ਼ਟ ਕਹਿ ਦਿਤਾ ਹੈ — "ਰਾਮਦਾਸ ਨੂੰ ਮਹੰਥੀ ਦਾ ਟਿੱਕਾ ਨਹੀਂ ਮਿਲ ਸਕਦਾ। ਕੀ ਸਬੂਤ ਹੈ ਕਿ ਉਹ ਮਹੰਥ ਸੇਵਾ ਦਾਸ

ਦਾ ਚੇਲਾ ਹੈ ? ਤੇ ਕਿਤੇ ਲਿਖਿਆ ਹੋਇਆ ? ਕੋਈ ਵੀਲ ਹੈ ? ਪੰਥ ਦੇ ਨਿਯਮ ਅਨੁਸਾਰ ਚੇਲਾ ਹੀਣ ਮੱਠ ਦਾ ਮਹੰਤ ਆਚਾਰਜ ਬਹਾਲ ਕਰ ਸਕਦਾ ਹੈ। ਤੂੰ ਮੱਠ ਵਿਚ ਨਹੀਂ ਰਹਿ ਸਕਦੀ। ਸੇਵਾ ਦਾਸ ਨੇ ਤੈਨੂੰ ਰਖੇਲ ਬਣਾਇਆ ਸੀ। ਸੇਵਾ ਦਾਸ ਨਹੀਂ ਹੈ, ਹੁਣ ਤੂੰ ਆਪਣਾ ਰਾਹ ਲੈ।"

"ਸਾਹਿਬ ਦੀ ਜੋ ਮਰਜ਼ੀ।"

"ਸਾਬੂ ਦੀ ਮਰਜ਼ੀ। ...ਨਾਂਗਾ ਬਾਬਾ ਦੀ ਜੋ ਮਰਜ਼ੀ।"

ਨਾਂਗਾ ਬਾਬਾ ਰਾਤ ਉਠ ਕੇ ਇਕ ਵਾਰ ਚਹੁੰ ਪਾਸੀਂ ਦੇਖਦੇ ਹਨ, ਫੇਰ ਲੱਛਮੀ ਦੀ ਕੋਠੜੀ ਵੱਲ ਜਾਂਦੇ ਹਨ, ਨੰਗੇ ਪੈਰੀਂ। ਖੜਾਵਾਂ ਤਾਂ ਖੱਟਪੱਟ ਕਰਨਗੀਆਂ।

"'ਹਰਾਮਜ਼ਾਦੀ ਕਿਵਾੜ ਬੰਦ ਕਰ ਕੇ ਸੌਂਦੀ ਹੈ। ਇਥੇ ਕੌਣ ਸੁੱਤਾ ਹੈ ? ਉਹੋ ਹੀ ਕਤੂਰਾ ਰਾਮਦਾਸੂਆ।..."ਓਏ ਉਠ ! ਤੇਰੀ ਜ਼ਾਤ ਨੂੰ ਮੱਛਰ ਕੱਟੇ ! ਦਾਸਣ ਨੂੰ ਜਗਾ। ਬਾਬਾ ਦਾ ਗਾਂਜਾ ਮਾਰ ਕੇ ਸੇਜ ਤੇ ਸੁੱਤੀ ਹੋਈ ਹੈ। ਕਿਥੇ ਹੈ ਮੇਰਾ ਗਾਂਜਾ ? ਜਾਣਦਾ ਨਹੀਂ ? ਤਿੰਨ ਵਾਰ ਰੋਜ਼ ਭਰਨ ਜੋਗੀ ਖ਼ੁਰਾਕ ਹੈ। ਕਿਥੇ ਹੈ ?"

"ਸਰਕਾਰ ! ਅੱਧੀ ਰਾਤੀਂ ਗਾਂਜਾ...।"

"ਚੁੱਪ ਹਰਾਮਜ਼ਾਦੇ। ਦਾਸਣ ਨੂੰ ਜਗਾ।"

"ਆਗਿਆ ਪ੍ਰਭੂ।" ਲੱਛਮੀ ਕਿਵਾੜ ਖੋਲ੍ਹ ਕੇ ਨਿਕਲੀ ਹੈ।

"ਗਾਂਜਾ ਕਿਥੇ ਹੈ ?"

"ਹਾਜ਼ਰ ਹੈ, ਸਰਕਾਰ।" ਲੱਛਮੀ ਇਕ ਵੱਡੀ ਸਾਰੀ ਪੁੜੀ ਨਾਂਗੇ ਦੇ ਹੱਥ ਫੜਾ ਦਿੰਦੀ ਹੈ।

...ਓਏ ! ਹਰਾਮਜ਼ਾਦੀ ਕੋਲ ਏਨਾ ਗਾਂਜਾ ਕਿਥੋਂ ਆਇਆ ਪੂਰਾ ਤਿੰਨ ਵਾਰ ਭਰਨ ਜੋਗਾ ਲਗਦਾ ਹੈ। ...ਇਹ ਸਾਲਾ ਰਾਮ ਦਸੂਆ, ਕੋਹੜੀ ਦਾ ਬੱਚਾ ਇਥੇ ਖਲੋਤਾ ਕੀ ਕਰਦਾ ਹੈ ?......

"ਓਏ ਸੂਰ ਦੇ ਬੱਚੇ, ਤੂੰ ਇਥੇ ਖੜਾ ਕੀ ਕਰਦਾ ਏਂ ?" ..ਖੱਟ ਖੜਾਕ ! ਲੱਛਮੀ ਜਲਦੀ ਨਾਲ ਕਿਵਾੜ ਬੰਦ ਕਰ ਲੈਂਦੀ ਹੈ।

"ਚੰਗਾ ਕਲ੍ਹ ਦੇਖੀਂ ਤੈਨੂੰ ਬਾਲ ਫੜ ਕੇ ਮੱਠ 'ਚੋਂ ਘਸੀਟ ਕੇ ਨਾ ਕੱਢਿਆ ਤਾਂ ਕਸਮ ਗੁਰੂ ਮਚਿੰਦਰ ਨਾਥ ਦੀ।"

ਲਰ ਸਿੰਘ ਦਾਸ ਇਕਾਂਤ ਵਿਚ ਇਕ ਵਾਰ ਲੱਛਮੀ ਨੂੰ ਕਹਿਣਾ ਚਾਹੁੰਦਾ ਹੈ – 'ਤੂੰ ਘਬਰਾ ਨਹੀਂ ਲੱਛਮੀ ! ਮਹੰਤ ਤਾਂ ਮੈਂ ਹੀ ਬਣੂੰਗਾ, ਤੂੰ ਮੱਠ ਵਿਚ ਹੀ ਰਹੇਂਗੀ। ਤੈਨੂੰ ਮੱਠ ਵਿਚੋਂ ਕੋਈ ਨਹੀਂ ਕੱਢ ਸਕਦਾ, ਤੂੰ ਨਿਰਾਸ਼ ਨਾ ਹੋ।" ਪਰ ਮੌਕਾ ਹੀ ਨਹੀਂ ਮਿਲਦਾ। ਸ਼ਾਇਦ ਸਵੇਰੇ ਹੀ ਲੱਛਮੀ ਕਿਤੇ ਚਲੀ ਨਾ ਜਾਵੇ।

ਆਚਾਰਜ ਗੁਰੂ ਦੇ ਜਵਾਨ ਅਧਿਕਾਰੀ ਨੂੰ ਵੀ ਰਾਤ ਭਰ ਨੀਂਦ ਨਹੀਂ ਆਈ

"ਪੁਰੈਨੀਆਂ ਜ਼ਿਲੇ ਵਿਚ ਕੰਬਲ ਥੱਲੇ ਵੜ ਕੇ ਵੀ ਸੌਹਰੇ ਮੱਛਰ ਕੱਟ ਖਾਂਦੇ ਨੇ।"

ਸਵੇਰੇ ਲੱਛਮੀ ਬਾਲਦੇਵ ਕੋਲ ਜਾਂਦੀ ਹੈ। ਬਲਦੇਵ ਜੀ ਪੂਰਜੀ ਵੰਡ ਰਹੇ ਸਨ। ਸਾਰੀਆਂ ਗੱਲਾਂ ਸੁਣ ਕੇ ਬੋਲੇ — "ਕੁਠਾਰਨ ਜੀ! ਆਚਾਰਜ ਗੁਰੂ ਤਾਂ ਸਾਰੇ ਮੱਠਾਂ ਦੇ ਨੇਤਾ ਹਨ। ਉਹ ਜੋ ਕਰਨਗੇ, ਉਹੋ ਹੋਵੇਗਾ। ਇਹਦੇ ਵਿਚ ਅਸੀਂ ਕੀ ਕਰ ਸਕਦੇ ਹਾਂ? ਬੜਾ ਧਰਮ ਸੰਕਟ ਹੈ। ਕਿਸੇ ਦੇ ਧਰਮ ਵਿਚ ਨੱਕ ਘੁਸੇੜਨਾ ਚੰਗਾ ਨਹੀਂ ਹੈ।...ਤੀਜੇ ਪਹਿਰ ਟਿੱਕਾ ਹੋਵੇਗਾ? ਅਸੀਂ ਆਵਾਂਗੇ।"

ਲੱਛਮੀ ਦਾਸਣ ਨੂੰ ਬਾਲਦੇਵ ਜੀ ਤੇ ਪੂਰਾ ਭਰੋਸਾ ਸੀ। ਤਹਿਸੀਲਦਾਰ ਸਾਬ੍ਹ ਘਰ ਵਿਚ ਨਹੀਂ ਹਨ। ਡਾਕਟਰ ਸਾਬ੍ਹ ਪਰਾਈ ਪੰਚਾਇਤ ਵਿਚ ਨਹੀਂ ਜਾਂਦੇ। ਸਿੰਘ ਜੀ ਸੁਣ ਕੇ ਗੁੰਮ ਹੋ ਗਏ। ਖਿਲਵਨ ਜੀ ਨੇ ਬਲਦੇਵ ਤੇ ਹੀ ਗੱਲ ਸੁਟ ਦਿਤੀ — ਜਾਣੇ ਬਲਦੇਵ।...ਸਤਿਗੁਰੂ ਹੋ! ਕੋਈ ਉਪਾਅ ਨਹੀਂ।

"ਸਾਹਿਬ ਬੰਦਗੀ ਕੁਠਾਰਿਨ ਜੀ।"

"ਕੌਣ! ਕਾਲੀਚਰਨ ਬਬੂਆ। ਦਇਆ ਸਤਿਗੁਰੂ ਦੀ।"

"ਹਾਂ, ਟਿੱਕਾ ਕਦੋਂ ਹੋਵੇਗਾ? ਕੀਰਤਨ ਨਹੀਂ ਕਰਵਾਉਣਗੇ?"

ਲੱਛਮੀ ਦਾਸਣ ਕਾਲੀਚਰਨ ਨੂੰ ਰੋ-ਰੋ ਕੇ ਸੁਣੌਂਦੀ ਹੈ — "ਕਾਲੀ ਬਾਬੂ! ਏਦਾਂ ਦੀਆਂ ਖ਼ਰਾਬ ਖ਼ਰਾਬ ਗਾਲ੍ਹਾਂ! ਉਫ! ਸਤਿਗੁਰੂ ਹੋ।...ਮੈਂ ਹੁਣ ਕਿਥੇ ਜਾਊਂਗੀ? ਕਿਹੜਾ ਸਹਾਰਾ ਹੈ ਮੇਰਾ?"

"ਚੰਗੀ ਗੱਲ ਹੈ। ਆਪ ਕੋਈ ਚਿੰਤਾ ਨਾ ਕਰੋ।...ਬਾਲਦੇਵ ਜੀ ਕੀ ਕਰਨਗੇ, ਉਹ ਤਾਂ ਬਰੁਜਵਾ ਹੈ। ਰੋਵੋ ਨਾ।"

ਲੱਛਮੀ ਦੇਖਦੀ ਹੈ ਕਿ ਕਾਲੀਚਰਨ ਨੂੰ।...ਉਦੋਂ ਪਰਿਆਗ ਜੀ ਦੇ ਜਾਦੂ ਘਰ ਵਿਚ ਇਕ ਆਵਲੂਸ ਦੀ ਮੂਰਤੀ ਦੇਖੀ ਸੀ, ਬਿਲਕੁਲ ਇਸ ਤਰ੍ਹਾਂ ਦੀ।

ਮੱਠ ਵਿਚ ਸਾਰੇ ਸਾਧੂ-ਸਤੀ, ਬਾਬੂ-ਬਬੂਆਨ, ਦਾਸ-ਸੇਵਕਾਨ, ਸ਼ਾਮਿਆਨੇ ਵਿਚ ਬੈਠੇ ਹਨ। ਲਰ ਸਿੰਘ ਦਾਸ ਨੇ ਸਿਰ ਦੀਆਂ ਜੁਲਫ਼ਾਂ ਛਿਲਵਾ ਲਈਆਂ ਹਨ। ਅੱਧ-ਕੱਟੀਆਂ ਮੁੱਛਾਂ ਨੂੰ ਵੀ ਮੁਨਵਾ ਲਿਆ ਹੈ। ਸਾਧੂਆਂ ਦੀ ਭਾਸ਼ਾ ਵਿਚ ਕਹਿੰਦੇ ਹਨ — ਮੁੱਛ ਭਦਰਾ। ਸਫੇਦ ਮਲਮਲ ਦੀ ਨਵੀਂ ਲੰਗੋਟੀ ਅਤੇ ਕੋਪੀਨ, ਦੇਹ ਤੇ ਚਾਦਰ ਨਹੀਂ ਹੈ।...ਚਾਦਰ ਤਾਂ ਅਚਾਰਜ ਗੁਰੂ ਦੇਣਗੇ। ਅਚਾਰਜ ਗੁਰੂ ਦਾ ਮੁਨਸ਼ੀ ਇਕਰਾਰਨਾਵਾਂ ਅਤੇ ਸੂਰਤ ਹਾਲ ਲਿਖ ਰਿਹਾ ਹੈ। ਲੱਛਮੀ ਇਕ ਕਿਨਾਰੇ ਚਪਚਾਪ ਬੈਠੀ ਹੈ ਜਮੀਨ ਤੇ। ਰਾਮਦਾਸ ਦੀ ਸਾਰੀ ਦੇਹ ਵਿਚ ਹਲਦੀ ਚੂਨਾ ਲਗਾ ਹੋਇਆ ਹੈ। ਬਾਲਦੇਵ ਜੀ ਨੂੰ ਲੱਛਮੀ ਤੇ ਬੜੀ ਦਇਆ ਆ ਰਹੀ ਹੈ।

"ਸਾਰੇ ਸਾਧੂ ਸਤੀ, ਸੇਵਕ ਸਵਕਾਨ ਸੁਣ ਲਵੋ।" ਆਚਾਰਜ ਜੀ ਦਾ ਮੁਨਸ਼ੀ ਦਲੀਲ ਪੜ੍ਹਦਾ ਹੈ, ਲਿਖਤਮ ਲਰ ਸਿੰਘ ਦਾਸ ਚੇਲੇ ਗੋਵਰਧਨ ਦਾਸ, ਮੌਤਫ਼ਾ

ਜਾਤ ਵੈਰਾਗੀ ਵਿਰੇਕ...ਹੁਣ ਤੁਸੀਂ ਇਸ ਤੇ ਦਸਖ਼ਤ ਕਰ ਦਿਓ।" ...ਲੱਛਮੀ ਫੁਟ ਫੁਟ ਕੇ ਰੋ ਪੈਂਦੀ ਹੈ। ਸਤਿਗੁਰੂ ਹੋ।

"ਤੂੰ ਚੁਪ ਰਹਿ ਹਰਾਮਜ਼ਾਦੀ! ਚੁਪ ਰਹਿ, ਚੁਪ ਕਰਦੀਏਂ ਜਾਂ ਲਾਵਾਂ ਡੰਡਾ।" ਨਾਂਗਾਂ ਬਾਬਾ ਚੀਕਦੇ ਹਨ, "ਤੂੰ ਚੁਪ।"

ਜਿਹੜੇ ਦਸਖ਼ਤ ਕਰਨਾ ਜਾਣਦੇ ਹਨ, ਦਸਖ਼ਤ ਕਰ ਰਹੇ ਹਨ। ਬਾਲਦੇਵ ਜੀ ਨੇ ਵੀ ਦਸਖ਼ਤ ਕਰ ਦਿਤੇ। ਉਹਨਾਂ ਦਾ ਹੱਥ ਬਿਲਕੁਲ ਨਹੀਂ ਕੰਬਿਆ।... ਕਾਲੀਚਰਨ ਦਲੀਲ ਹੱਥ ਵਿਚ ਲੈ ਕੇ ਉਠਦਾ ਹੈ। "— ਆਚਾਰਜ ਜੀ! ਤੁਸੀਂ ਕਹਿੰਦੇ ਹੋ, ਮਹੰਤ ਸੇਵਾਦਾਸ ਬਿਨਾਂ ਚੇਲੇ ਦੇ ਮਰਿਆ ਹੈ, ਆਪ ਕੀ ਪਿੰਡ ਦੇ ਸਾਰੇ ਲੋਕਾਂ ਨੂੰ ਉੱਲੂ ਹੀ ਸਮਝਦੇ ਹੋ?"

"ਕਾਲੀਚਰਨ!" ਬਾਲਦੇਵ ਜੀ ਮਨਾਂ ਕਰਦੇ ਹਨ, "ਬੈਠ ਜਾਓ।"

"ਕਾਲੀਚਰਨ।" ਖਿਲਾਵਨ ਯਾਦਵ ਡਾਂਟਦੇ ਹਨ। ਪਰ ਕਾਲੀਚਰਨ ਅੱਜ ਨਹੀਂ ਰੁਕੇਗਾ। ਕੋਈ ਹਿੰਸਾਵਾਦ ਕਹੇ ਜਾਂ ਅਨਸਨ ਕਰੇ। ਉਹ ਵੀ ਭਾਖਨ ਦੇ ਸਕਦਾ ਹੈ।

"...ਅਸੀਂ ਜਾਣਦੇ ਹਾਂ ਤੇ ਚੰਗੀ ਤਰ੍ਹਾਂ ਜਾਣਦੇ ਹਾਂ ਕਿ ਰਾਮਦਾਸ ਇਸ ਮੱਠ ਦਾ ਚੇਲਾ ਹੈ, ਮਹੰਥ ਸੇਵਾਦਾਸ ਦਾ ਚੇਲਾ ਹੈ। ਉਹਨੂੰ ਮਹੰਤੀ ਦਾ ਟਿੱਕਾ ਨਾ ਦੇ ਕੇ ਆਪ ਇਕ ਨੰਬਰੀ ਬਦਮਾਸ਼ ਨੂੰ ਮਹੰਤ ਬਣਾ ਰਹੇ ਹੋ...ਮੱਠ ਨੂੰ ਅਸਾਂ ਲੋਕਾਂ ਦੇ ਪਿਓ ਦਾਦੇ ਨੇ ਜ਼ਮੀਨ ਦਾਨ ਦਿਤੀ ਹੈ, ਇਹ ਕਿਸੇ ਦੀ ਜੱਦੀ ਜਾਇਦਾਦ ਨਹੀਂ... ।"

"ਤੇਰੀ ਜਾਤ ਨੂੰ ਮੱਛਰ ਕਟੇ, ਚੁਪ ਸਾਲੇ! ਕੁੱਤੇ ਦੇ ਬੱਚੇ ਹੁਣੇ ਕੁਹਾੜੇ ਨਾਲ ਤੇਰਾ...। ਤੇਰੀ ਮਾਂ ਨੂੰ...।"

"ਚੁਪ ਰਹਿ ਬਦਮਾਸ਼।" ਕਾਮਰੇਡ ਵਾਸੁਦੇਵ ਉੱਛਲ ਕੇ ਖੜਾ ਹੋ ਜਾਂਦਾ ਹੈ।

"ਫੜੋ ਸ਼ੈਤਾਨ ਨੂੰ।" ਕਾਮਰੇਡ ਸੁੰਦਰ ਲਲਕਾਰਦਾ ਹੈ।

"ਦੌੜ ਨਾ ਜਾਵੇ।"

"ਮਾਰੋ।"

"···ਲਾਓ! ਫੜੋ-ਫੜੋ। ਮਾਰੋ — ਹੋ-ਹੋ।...ਰੁਕੋ ਓਏ ਵਾਸੁਦੇਵ ਉਏ ਸੁੰਦਰ। ਓਏ......"

ਨਾਂਗਾ ਬਾਬਾ ਦਾੜ੍ਹੀ ਛਡੌਂਦੇ ਹਨ, ਜੱਟਾਂ ਛਡੌਂਦੇ ਹਨ। ਥੱਪੜਾਂ ਦੀ ਕੁੱਟ ਨਾਲ ਅੱਖਾਂ ਅਗੇ ਜੁਗਨੂੰ ਉੜਦੇ ਨਜ਼ਰ ਆ ਰਹੇ ਹਨ। ਗਾਂਜੇ ਦਾ ਨਸ਼ਾ ਉਤਰ ਗਿਆ ਹੈ। ···ਅਖੀਰ ਦਾੜ੍ਹੀ ਤੇ ਜੱਟਾਂ ਖੁਹਾ ਕੇ, ਕੁਹਾੜਾ ਛੱਡ ਕੇ ਹੀ ਦੌੜਦੇ ਹਨ। ...ਫੜੋ, ਫੜੋ। ਛੱਡ ਦਿਓ, ਛੱਡ ਦਿਓ, ਹੁਣ ਨਾ ਮਾਰੋ?" ਨਾਂਗਾ ਬਾਬਾ ਭੱਜੇ ਜਾ ਰਹੇ ਹਨ। ਭਭੂਤ ਮਲਿਆ ਹੋਇਆ ਨੰਗ ਧੜੰਗਾ ਸਰੀਰ, ਖਿੰਡੀਆਂ ਹੋਈਆਂ ਜੱਟਾਂ। ਦੌੜਨ ਵੇਲੇ ਉਨ੍ਹਾਂ ਦੀ ਸੂਰਤ ਹੋਰ ਵੀ ਡਰਾਉਣੀ ਜਾਪਦੀ ਹੈ। ਪਿੰਡ ਦੇ ਕੁੱਤੇ

ਪਾਗਲ ਹੋ ਜਾਂਦੇ ਹਨ। ਭੌਂ। ਭੌਂ...ਨਾਂਗਾ ਬਾਬਾ ਪਿਛੇ ਦਰਜਨਾਂ ਗਵਾਰ ਕੁੱਤੇ ਦੌੜ ਰਹੇ ਹਨ। ਅਧਿਕਾਰੀ ਮਹੰਤ ਲਰ.ਸਿੰਘ ਦਾਸ ਤਾਂ ਚਾਰ ਥੱਪੜਾਂ ਨਾਲ. ਹੀ ਚੀਂ ਬੋਲ ਜਾਂਦੇ ਹਨ — "ਨਹੀਂ ਲਵਾਂਗੇ ਮਹੰਥੀ ਛੱਡ ਦਿਓ ਸਾਨੂੰ।"

"ਛੱਡ ਦਿਓ। ਛੱਡ ਦਿਓ।" ਕਾਲੀਚਰਨ ਹੁਕਮ ਦਿੰਦਾ ਹੈ। ਲਰ ਸਿੰਘ ਦਾਸ ਵੀ ਭੱਜਦੇ ਹਨ।

ਪੰਚਾਂ ਨੂੰ ਲਕਵਾ ਹੋ ਗਿਆ ਹੈ; ਸਾਧੂਆਂ ਦੀ ਹਾਲਤ ਖ਼ਰਾਬ ਹੈ। ਪੰਚਾਂ ਦੇ ਮੂੰਹ ਤੇ ਹਵਾਈਆਂ ਉਡ ਰਹੀਆਂ ਹਨ। ਹੋਰ ਸਾਰਿਆਂ ਦੇ ਵਿਚਕਾਰ, ਕਾਲੀਚਰਨ ਹੱਥ ਵਿਚ ਦਲੀਲ ਲੈ ਕੇ ਸਿਕੰਦਰ ਸ਼ਾਹ ਬਾਦਸ਼ਾਹ ਵਾਂਗ ਖੜੋਤਾ ਹੈ। ਪਲਕ ਝਪਕਦਿਆਂ ਹੀ ਕੀ ਤੋਂ ਕੀ ਹੋ ਗਿਆ।... ਜਿਵੇਂ ਰਾਮਲੀਲਾ ਦਾ ਧਨੁਸ਼ — ਜੱਗ ਹੋ ਗਿਆ।...

"ਹੁਣ ਆਚਾਰਜ ਜੀ ਆਪ ਨੂੰ ਅਸੀਂ ਅਰਜ ਕਰਦੇ ਹਾਂ ਕਿ ਸੂਰਤ ਹਾਲ ਤੇ ਰਾਮਦਾਸ ਜੀ ਦਾ ਨਾਂ ਚੜ੍ਹਾ ਕੇ ਮਹੰਥੀ ਦਾ ਟਿੱਕਾ ਦੇ ਦਿਉ।"

ਆਚਾਰਜ ਗੁਰੂ ਕੰਬਦੇ ਹੋਏ ਕਹਿੰਦੇ ਹਨ, "ਬਾਬੂਆਂ! ਅਸੀਂ ਤਾਂ ਸਤਿਗੁਰੂ ਦੀ ਦਇਆ ਨਾਲ...ਸਾਨੂੰ ਤਾਂ ਲੋਕਾਂ ਨੇ ਕਿਹਾ ਕਿ ਸੇਵਾ ਦਾਸ ਦਾ ਕੋਈ ਚੇਲਾ ਹੀ ਨਹੀਂ ਸੀ। ਜਦੋਂ ਰਾਮਦਾਸ ਉਸ ਦਾ ਚੇਲਾ ਹੈ, ਤਾਂ ਉਹੋ ਮਹੰਥ ਹੋਵੇਗਾ। ...ਮੁਨਸ਼ੀ ਜੀ ਲਿਖੋ ਸੂਰਤਹਾਲ ਲੈ ਜਾਓ, ਚਾਦਰ ਦਹੀਂ ਦਾ ਬਰਤਨ।"

ਰਾਮਦਾਸ ਨ੍ਹਾ ਧੋ ਕੇ ਦੇਹ ਦੇ ਹਲਦੀ ਚੂਨੇ ਦੇ ਦਾਗ ਮਿਟਾ ਆਇਆ ਹੈ। ਦਹੀਂ ਦਾ ਟਿੱਕਾ ਮਸਤਕ ਤੇਂ ਪੈਂਦਿਆਂ ਹੀ ਸਾਰੀ ਦੇਹ ਦੀ ਜਲਨ ਮਿਟ ਗਈ। ...ਸਤਿਗੁਰੂ ਹੋ! ਸਤਿਗੁਰੂ ਹੋ!

ਪੂਜਾ-ਵਿਦਾਇਗੀ ਲਏ ਬਿਨਾਂ ਹੀ ਆਚਾਰਜ ਜੀ ਆਸਣ ਤੋੜ ਰਹੇ ਹਨ। ਪੰਚਾਇਤ ਦੇ ਲੋਕ ਵੀ ਚੁਪਚਾਪ ਆਪਣੇ ਆਪਣੇ ਘਰਾਂ ਵੱਲ ਵਾਪਸ ਪਰਤਦੇ ਹਨ। ਲੱਛਮੀ ਹੱਥ ਵਿਚ ਪੂਜਾ ਵਿਦਾਇਗੀ ਦੀ ਥਾਲੀ ਲੈ ਕੇ ਖੜੋਂਦੀ ਹੈ — "ਕਬੂਲ ਹੋ ਪ੍ਰਭੂ! ਦਾਸਣ ਦਾ ਅਪਰਾਧ ਖਿਮਾਂ ਕਰੋ ਪ੍ਰਭੂ।"

"ਕਾਲੀ ਬਾਬੂ।"

ਬਾਲਦੇਵ ਜੀ ਪਰਤ ਕੇ ਦੇਖਦੇ ਹਨ। ਲੱਛਮੀ ਕਾਲੀਚਰਨ ਨੂੰ ਬੁਲਾ ਕੇ ਅੰਦਰ ਲਿਜਾ ਰਹੀ ਹੈ। ...ਕਾਲੀਚਰਨ ਨੇ ਅਨਿਆਂ ਕੀਤਾ ਹੈ, ਘੋਰ ਅਨਿਆਂ ਕੀਤਾ ਹੈ, ਹਿੰਸਾਵਾਦ ਕੀਤਾ ਹੈ। ਐਤਕੀਂ ਦੋ ਦਿਨਾਂ ਦਾ ਅਨਸ਼ਨ ਕਰਨਾ ਪਵੇਗਾ।

ਖਿਲਾਵਨ ਜੀ ਜਾਤ ਬਰਾਦਰੀ ਦੀ ਪੰਚਾਇਤ ਬੁਲਾ ਕੇ ਸਭ ਬਦਮਾਸ਼ਾਂ ਨੂੰ ਠੀਕ ਕਰਨਗੇ। ਹੇ ਭਗਵਾਨ! ਸਾਧੂਆਂ ਦੇ ਸ਼ਰੀਰ ਤੇ ਹੱਥ ਚੁਕਣਾ।......

"ਕਾਲੀ ਬਾਬੂ, ਤੁਸੀਂ ਦੇਵਤਾ ਹੋ।"

ਕਾਲੀਚਰਨ ਕੁਸ਼ਤੀ ਲੜਦਾ ਹੈ। ਉਸਤਾਦ ਨੇ ਕਿਹਾ ਹੈ, ਕੁਸ਼ਤੀ ਲੜਨ

ਵਾਲਿਆਂ ਨੂੰ ਔਰਤਾਂ ਤੋਂ ਪੰਜ ਹੱਥ ਦੂਰ ਰਹਿਣਾ ਚਾਹੀਦਾ ਹੈ। ਉਹ ਪੰਜ ਹੱਥਾਂ ਤੋਂ ਜ਼ਿਆਦਾ ਦੂਰੀ ਤੇ ਖਲੋਤਾ ਹੈ।

## ਅਠਾਰਾਂ

"ਕੀ ਨਾਂ ?"

"ਸਨਿੱਚਰ ਮਹਿਤੋ।"

"ਕਿੰਨੇ ਦਿਨਾਂ ਤੋਂ ਖੰਘ ਔਂਦੀ ਹੈ। ਕੋਈ ਦੁਆ ਖਾਧੀ ਸੀ ਜਾਂ ਨਹੀਂ ? ...ਕੀ ਥੁੱਕ ਵਿਚ ਲਹੂ ਔਂਦਾ ਹੈ ? ਕਦੋਂ ਤੋਂ ? ...ਕਦੀ ਕਦੀ ? ਹੂੰ। ...ਇਕ ਸਾਫ਼ ਡੱਬੇ ਵਿਚ ਰਾਤ ਭਰ ਦਾ ਥੁੱਕ ਕੱਠਾ ਕਰ ਕੇ ਲੈ ਆਉਣਾ। ...ਏਧਰ ਆਓ। ...ਜੋਰ ਨਾਲ ਖੰਘ ਲਵੋ। ...ਇਕ-ਦੋ-ਤਿੰਨ ਬੋਲੋ। ...ਜੋਰ ਨਾਲ। ਹਾਂ, ਠੀਕ ਹੈ।"

"ਕੀ ਨਾਂ ?"

"ਦਾਸੂ ਗੋਪ।"

"ਪੇਟ ਦੇਖੀਏ। ...ਹੂੰ। ...ਪਿੱਲ੍ਹੀ ਹੈ। ਸੂਈ ਲਗੇਗੀ। ਸੂਈ ਵਾਲੇ ਦਿਨ ਪਰਚੀ ਲੈ ਕੇ ਆਉਣਾ। ਕਲ੍ਹ ਖ਼ੂਨ ਦੇਣ ਲਈ ਸਵੇਰੇ ਹੀ ਆ ਜਾਣਾ ! ਸਮਝੇ।"

"ਕੀ ਨਾਂ ?"

"ਨਿਰਮਲਾ।"

"ਡਾਗਡਰ ਬਾਬੂ।" ਇਕ ਬੁੱਢਾ ਹੱਥ ਜੋੜ ਕੇ ਅਗੇ ਵੱਧ ਆਉਂਦਾ ਹੈ। ਗਿੜਗਿੜਾਉਂਦਾ ਹੈ। —"ਸਾਡੀ ਬੇਟੀ ਹੈ। ਅੱਜ ਤੋਂ ਤਕਰੀਬਨ ਇਕ ਸਾਲ ਪਹਿਲਾਂ ਭੌਮਰੇ ਨੇ ਇਕ ਅੱਖ ਵਿਚ ਡੰਗ ਮਾਰਿਆ। ਇਸ ਤੋਂ ਬਾਦ ਦੋਵੇਂ ਅੱਖਾਂ ਆ ਗਈਆਂ। ਕਈ ਕਿਸਮ ਦੀ ਜੰਗਲੀ ਦਵਾ ਕਰਵਾਈ, ਪਰ ਕੋਈ ਫ਼ਾਇਦਾ ਨਹੀਂ ਹੋਇਆ। ਹੁਣ ਤਾਂ ਬਿਲਕੁਲ ਨਹੀਂ ਦਿਸਦਾ।"

"ਅੰਤਾਂ ਦੀ ਖ਼ੂਬਸੂਰਤ ਹੈ, ਇਹ ਬੰਗਲਾ। ਦੁੱਧ ਵਰਗਾ ਰੰਗ ਹੈ। ਚਿਹਰੇ ਦਾ। ...ਖਾਲਿਸ ਮਿਥਿਲਾ ਦੀ ਸੁੰਦਰਤਾ। ਭੌਰੇ ਨੇ ਗ਼ਲਤੀ ਨਹੀਂ ਸੀ ਕੀਤੀ। ਅੱਖ ਦੇਖਾਂ। ...ਹੋਰ ਅਗੇ ਆ ਜਾ। ...ਆਹ। ...ਇਕ ਬੂੰਦ ਆਈ ਡਰਾਪ ਦੇ ਬਗ਼ੈਰ ਦੋ ਸੁੰਦਰ ਅੱਖਾਂ ਸਦਾ ਲਈ ਜੋਤਹੀਨ ਹੋ ਗਈਆਂ। ...ਹੁਣ ਤਾਂ ਇਲਾਜ ਤੋਂ ਪਰੇ ਹੈ।

ਡਾਕਟਰ ਨੇ ਅੱਖਾਂ ਦੀਆਂ ਪੁਤਲੀਆਂ ਉਲਟ ਕੇ ਰੋਸ਼ਨੀ ਦੀ ਹਲਕੀ ਰੇਖਾ ਨੂੰ

ਲੱਭਣ ਦੀ ਕੋਸ਼ਿਸ਼ ਕੀਤੀ। —ਊਂ-ਹੂੰ। ਪੁਤਲੀਆਂ ਕਫ਼ਨ ਵਾਂਗ ਸਫੇਦ ਹੋ ਗਈਆਂ ਹਨ। ਉਹ ਸੋਚਦਾ ਹੈ, ਜੇਕਰ ਬੁਰਛ ਨਾਲ ਇਨ੍ਹਾਂ ਪੁਤਲੀਆਂ ਵਿਚ ਰੰਗ ਭਰਿਆ ਜਾ ਸਕਦਾ, ਹਾਂ ਕੋਈ ਚਿੱਤਰਕਾਰ ਹੀ ਹੁਣ ਇਨ੍ਹਾਂ ਅੱਖਾਂ ਨੂੰ ਸੁੰਦਰ ਬਣਾ ਸਕਦਾ ਹੈ, ਜੋਤ ਦੇ ਸਕਦਾ ਹੈ।

"ਡਾਗਡਰ ਬਾਬੂ," ਰੋਗਣ ਕਹਿੰਦੀ ਹੈ। ਆਵਾਜ਼ ਵਿਚ ਕਿੰਨੀ ਮਿੱਠਤ ਹੈ। "ਬੜਾ ਨਾਂ ਸੁਣ ਕੇ ਆਈ ਹਾਂ। ਬੜੀ ਉਮੀਦ ਲੈ ਕੇ ਆਈ ਹਾਂ। ਬਾਈ ਕੋਹਾਂ ਤੋਂ। ਭਗਵਾਨ ਤੁਹਾਨੂੰ ਜੱਸ ਦੇਵੇ।"

ਚਾਨਣ ਦਿਓ! ਚਾਨਣ ਦਿਓ! ਹਨੇਰੇ ਵਿਚ ਘੁਟਦਾ ਹੋਇਆ ਪ੍ਰਾਣੀ ਵਿਲਕ ਰਿਹਾ ਹੈ, ਆਤਮਾਂ ਦੁਖੀ ਹੈ — ਚਾਨਣ ਦਿਓ! ਡਾਕਟਰ ਕੀ ਕਰੇ? ...ਡਾਕਟਰ ਨੂੰ ਭਾਵੁਕ ਨਹੀਂ ਹੋਣਾਂ ਚਾਹੀਦਾ।

"ਘਬਰਾਉ ਨਾਂ ਦਵਾ ਦੇ ਰਿਹਾ ਹਾਂ। ਇਥੇ ਠੀਕ ਨਾ ਹੋਈ ਤਾਂ ਪਟਨੇ ਜਾਣਾਂ ਪਊ।"

"ਹਾਂ ਦੂਸਰਾ ਰੋਗੀ। ...ਕੀ ਨਾਂ ਹੈ?

"ਰਾਮਚਲਿੱਤਰ ਸ਼ਾਹ :"

"ਕੀ ਗੱਲ ਹੈ?"

"ਜੀ ਖਾਂਦਿਆਂ ਹੀ ਉਲਟੀ ਆ ਜਾਂਦੀ ਹੈ। ਪਾਣੀ ਭੀ..."

"ਕਦੋਂ ਤੋਂ?"

"ਸੱਤ ਦਿਨਾਂ ਤੋਂ।"

"ਓਏ! ਸੱਤ ਦਿਨ। ...ਜ਼ਰਾ ਏਧਰ ਆ।"

"ਜੀ? ਬੀਮਾਰ ਤਾਂ ਘਰ ਹੈ।"

"ਘਰ ਕਿੱਥੇ?"

"ਜੀ ਸਰਸੌਨੀ ਬਿਜਲਿਆ। ਇਥੋਂ ਦੱਸ ਕੁ ਕੋਹ ਹੈ।"

ਅਚਾਨਕ ਸਾਰੇ ਰੋਗੀ ਇਕ ਪਾਸੇ ਹੱਟ ਜਾਂਦੇ ਹਨ, ਖ਼ੂਨਖਾਰ ਜਾਨਵਰ ਨੂੰ ਦੇਖ ਕੇ ਜਿਸ ਤਰ੍ਹਾਂ ਗਊ ਬਲਦਾਂ ਦਾ ਝੁੰਡ ਭੜਕ ਉਠਦਾ ਹੈ; ਸਭ ਦੇ ਚਿਹਰੇ ਦਾ ਰੰਗ ਉਤਰ ਜਾਂਦਾ ਹੈ। ਜ਼ਨਾਨੀਆਂ ਆਪਣੇ ਬੱਚਿਆਂ ਨੂੰ ਪੱਲੇ ਵਿਚ ਲੁਕਾ ਲੈਂਦੀਆਂ ਹਨ। ਸਭ ਦੀ ਡਰੀ ਹੋਈ ਨਿਗਾਹ ਇਕੋ ਪਾਸੇ ਹੀ ਲਗੀ ਹੋਈ ਹੈ।

ਡਾਕਟਰ ਉਲਟ ਕੇ ਦੇਖਦਾ ਹੈ — ਇਕ ਅਧਖੜ ਇਸਤਰੀ। ...ਸੁਆਣੀ।

"ਦਸੋ, ਕੀ ਹੈ?"

"ਡਾਗਡਰ ਬਾਬੂ! ਇਹ ਮੇਰਾ ਦੋਹਤਾ ਹੈ, ਬੱਸ ਇਕੋ ਦੋਹਤਾ। ਮੇਰੀਆਂ ਅੱਖਾਂ ਦੀ ਜੋਤ ਹੈ, ਇਹ। ਇਕ ਸਾਲ ਤੋਂ ਪਖਾਨੇ ਵਿਚ ਖ਼ੂਨ ਔਂਦਾ ਹੈ। ਇਹਨੂੰ ਬਚਾ

ਦਿਓ। ਡਾਗਡਰ ਬਾਬੂ। ...ਇਹਨੇ ਨਹੀਂ ਬਚਣਾਂ।"

"ਘਬਰਾਓ ਨਾ। ...ਏਧਰ ਆ ਤਾਂ ਬਾਬੂ। ਕੀ ਨਾਂ ਹੈ ? ... ਗਨੇਸ਼ ਵਾਹ ! ਜ਼ਰਾ ਪੇਟ ਤਾਂ ਦਿਖਾਓ ਗਨੇਸ਼ ਜੀ।"

ਗਨੇਸ਼ ਦੀ ਨਾਨੀ ਦਵਾ ਲੈ ਕੇ ਚਲੀ ਜਾਂਦੀ ਹੈ। ਰੋਗੀਆਂ ਦਾ ਝੁੰਡ ਫੇਰ ਡਾਕਟਰ ਦੇ ਟੇਬਲ ਨੂੰ ਘੇਰ ਲੈਂਦਾ ਹੈ।

ਚਿਚਾਏ ਦੀ ਮਾਂ ਕਹਿੰਦੀ ਹੈ, "ਪਾਰਵਤੀ ਦੀ ਮਾਂ ਸੀ, ਡੈਣ ਹੈ। ਤਿੰਨ ਕੁੱਲਾਂ 'ਚੋਂ ਇਕ ਨੂੰ ਵੀ ਨਹੀਂ ਛੱਡਿਆ। ਸਾਰਿਆਂ ਨੂੰ ਖਾ ਗਈ। ਪਹਿਲਾਂ ਭਤਾਰ ਨੂੰ, ਉਸ ਤੋਂ ਬਾਦ ਦਿਓਰ, ਦਰਾਣੀ, ਧੀ-ਪੁੱਤਰ ਸਭ ਨੂੰ ਖਾ ਗਈ। ਹੁਣ ਦੋਹਤਾ ਹੈ, ਉਹਨੂੰ ਵੀ ਚੱਬ ਰਹੀ ਹੈ।"

ਚਿਚਾਏ ਦੀ ਮਾਂ ਨੇ ਏਦਾਂ ਮੂੰਹ ਬਣਾਇਆ ਜਿਵੇਂ ਉਹ ਵੀ ਕੁਛ ਚੱਬ ਰਹੀ ਹੋਵੇ...ਡਾਕਟਰ ਚਿਚਾਏ ਦੀ ਮਾਂ ਨੂੰ ਦੇਖਦਾ ਹੈ। ...ਕਾਲੀ, ਮੋਟੀ ਗੰਦੀ, ਅਤੇ ਝਗੜਾਲੂ, ਇਹ ਬੁੱਢੀ ਚਿਚਾਏ ਦੀ ਮਾਂ — ਜਿਹੜੀ ਬੇਵਜਾਹ ਬਕਦੀ ਰਹਿੰਦੀ ਹੈ। ...ਇਹ ਡੈਣ ਨਹੀਂ ? ਸੁਮਰਿਤਦਾਸ ਉਸ ਦਿਨ ਕਹਿੰਦਾ ਸੀ — 'ਚਿਚਾਏ ਦੀ ਮਾਂ ਤਾਂ ਜਨਾਨਾ ਡਾਗਡਰ ਹੈ। ਪੰਜ ਮਹੀਨੇ ਦੇ ਪੇਟ ਨੂੰ ਵੀ ਏਨੀ ਸਫ਼ਾਈ ਨਾਲ ਗਿਰਾ ਦਿੰਦੀ ਹੈ ਕਿ ਕਿਸੇ ਨੂੰ ਕੁਛ ਪਤਾ ਹੀ ਨਹੀਂ ਹੁੰਦਾ।" ਇਹ ਡਾਇਣ ਨਹੀਂ ਅਤੇ ਗਨੇਸ਼ ਦੀ ਨਾਨੀ ਡਾਇਣ ਹੈ ? ਹੈਰਾਨੀ।

"...ਗਨੇਸ਼ ਦੀ ਨਾਨੀ। ਬੁਢਾਪੇ ਵਿਚ ਵੀ ਜਿਸ ਦੀ ਸੁੰਦਰਤਾ ਨਸ਼ਟ ਨਹੀਂ ਹੋਈ। ਜਿਸ ਦੇ ਚਿਹਰੇ ਦੀਆਂ ਝੁਰੜੀਆਂ ਨੇ ਨਵੀਂ ਖ਼ੂਬਸੂਰਤੀ ਲੈ ਆਂਦੀ। ਸਿਰ ਦੇ ਧੌਲਿਆਂ ਦੇ ਘੁੰਘਰਾਲੇ ਲਟ। ਬੁੱਲ੍ਹਾਂ ਦੀ ਲਾਲੀ ਓਵੇਂ ਜਿਵੇਂ ਹੀ ਹੈ। ਠੋਡੀ ਵਿਚ ਇਕ ਛੋਟਾ ਜਿਹਾ ਡੂੰਘ ਹੈ। ਅਤੇ ਨੱਕ ਦੀ ਬਗਲ ਵਿਚ ਇਕ ਰੇਖਾ ਨਿਕਲ ਕੇ ਥੱਲੇ ਠੋਡੀ ਨੂੰ ਛੋਹ ਰਹੀ ਹੈ। ਸੁੰਦਰ ਦੰਦਾਂ ਦੀਆਂ ਲੜੀਆਂ। ...ਜਵਾਨੀ ਦੀ ਸੁੰਦਰਤਾ ਅੱਗ ਲਾਉਂਦੀ ਹੈ ਅਤੇ ਬੁਢੇਪੇ ਦੀ ਸੁੰਦਰਤਾ ਸਨੇਹ ਬਰਸਾਉਂਦੀ ਹੈ। ਪਰ ਲੋਕ ਇਹਨੂੰ ਡਾਇਣ ਕਹਿੰਦੇ ਹਨ। ਹੈਰਾਨੀ।

"ਕਿਥੇ ਰਹਿੰਦੀ ਹੈ ?"

"ਇਸੇ ਪਿੰਡ ਵਿਚ। ਕਾਲੀਚਰਨ ਦਾ ਘਰ ਦੇਖਿਆ ਹੈ, ਉਹਦੇ ਕੋਲ ਹੀ। ਬੰਸ ਬਾਣੀਆਂ ਹਨ। ...ਕਿੰਨੇ ਓਝੇ ਗੁਣੀ ਥੱਕ ਗਏ, ਇਹਨੂੰ ਬੱਸ ਨਹੀਂ ਕਰ ਸਕੇ। ਜਿਤਿਆ ਪਰਵ (ਜੀਤ ਆਸ਼ਟਮੀ) ਦੀ ਰਾਤ ਨੂੰ ਕਿੰਨੀ ਵਾਰ ਲੋਕਾਂ ਨੇ ਇਹਨੂੰ ਕੋਠੀ ਦੇ ਜੰਗਲ ਕੋਲ ਗੋਦੀ ਵਿਚ ਬੱਚਾ ਲੈ ਕੇ ਨੰਗਾ ਨੱਚਦਿਆਂ ਦੇਖਿਆ ਹੈ। ਗੈਨੂੰ ਪਾਲੀ ਨੇ ਇਕ ਵਾਰ ਫੜਨ ਦੀ ਕੋਸ਼ਿਸ ਕੀਤੀ ਸੀ। ਐਸਾ ਅਗਨ ਬਾਨ ਮਾਰਿਆ ਕਿ ਗੈਨੂੰ ਦੀ ਸਾਰੀ ਦੇਹ ਵਿਚ ਛਾਲੇ ਨਿਕਲ ਆਏ। ਦੂਜੇ ਦਿਨ ਹੀ ਗੈਨੂੰ

ਮਰ ਗਈ ।..."

ਰੋਜ਼ ਰਾਤ ਵੇਲੇ ਡਾਕਟਰ ਕੇਸ ਹਿਸਟਰੀ ਲਿਖਣ ਬੈਠਦਾ ਹੈ। ...ਹਾਲੇ ਉਹਦੇ ਹੱਥ ਵਿਚ ਕਾਲਾ ਆਜਾਰ ਦੇ ਪੰਜਾਹ ਇਹੋ ਜਿਹੇ ਰੋਗੀ ਹਨ, ਜਿਨ੍ਹਾਂ ਦੇ ਲੱਛਣ ਕਾਲਾ ਆਜਾਰ ਦੇ ਨਿਦਾਨ ਨੂੰ ਭਟਕੌਣ ਵਾਲੇ ਸਾਬਤ ਹੋ ਸਕਦੇ ਹਨ ।

ਇਕ : (ਕ) ਸੋਬੀ ਮੰਡਲ, ਉਮਰ ਪੈਂਤੀ, ਹਿੰਦੂ (ਮਰਦ), ਪਿੰਡ ਮੇਰੀ ਗੰਜ, ਪੋਲੀਆ ਟੋਲੀ। ਤਕਲੀਫ਼ : ਦੰਦ ਤੇ ਮਸੂੜ੍ਹੇ ਵਿਚ ਦਰਦ । ਦਾਤਣ ਕਰਨ ਵੇਲੇ ਖ਼ੂਨ ਨਿਕਲਣਾ, ਮੂੰਹ ਦਾ ਮਹਿਕਣਾਂ। ਸਰੀਰ ਵਿਚ ਖ਼ੁਰਾਕ: ਭੁੱਖ ਦੀ ਘਾਟ। ਬੁਖ਼ਾਰ : ਨਹੀਂ । ਨਿਦਾਨ : ਪਾਉਰਿਆਂ। ਦਵਾ ਕਾਰਬੋਲਿਕ ਦੇ ਗਰਾਰੇ । ਵਿਟਾਮਨ ਸੀ ਦਾ ਇੰਜੈਕਸ਼ਨ ।

(ਖ) ਪੰਦਰਾਂ ਦਿਨਾਂ ਬਾਦ : ਸ਼ਾਮ ਨੂੰ ਸਿਰ ਦਰਦ ਦੀ ਸ਼ਿਕਾਇਤ। ਬੁਖ਼ਾਰ 99.5 ਰਾਤ ਨੂੰ ਪਸੀਨਾ। ...ਕੈਲਸ਼ੀਅਮ ਪਾਉਡਰ।

(ਗ) ਪੰਜ ਦਿਨਾਂ ਬਾਦ ਪੇਟ ਖ਼ਰਾਬ ਹੋ ਗਿਆ ਹੈ। ਬੁਖ਼ਾਰ 100. ਕਾਰਮਿਨੇਟਿਵ ਮਿਕਸਚਰ, ਕਾਲਾ ਆਜ਼ਾਰ ਲਈ ਖ਼ੂਨ ਲਿਆ ਗਿਆ ਹੈ।

(ਘ) ਅਲਡੇਹਾਇਟ ਟੈਸਟ ਦਾ ਨਤੀਜਾ (+ +) ਕਾਲਾ ਆਜ਼ਾਰ। ਇਲਾਜ ਨਿਉਸਟਬੋਸਨ ਦਾ ਇੰਜੈਕਸ਼ਨ।

ਦੋ : (ਕ) ਤੇਤਰੀ, ਉਮਰ : 17, ਹਿੰਦੂ (ਔਰਤ) ਪਿੰਡ ਪਾਸਵਾਨ ਟੋਲੀ, ਮੇਰੀ ਗੰਜ, ਤਕਲੀਫ਼ : ਹੱਡੀਆਂ ਦੇ ਹਰੇਕ ਜੋੜ ਵਿਚ ਦਰਦ, ਕਦੀ ਕਦੀ ਨੱਕ 'ਚੋਂ ਖ਼ੂਨ ਵਗਦਾ ਹੈ। ਬੁਖ਼ਾਰ : ਨਹੀਂ। (ਥਰਮਾਮੀਟਰ ਨਾਲ ਦੇਖਿਆ 99.5) ਭੁੱਖ ਨਹੀਂ। ਰੋਗ ਅਨੁਮਾਨ : ਗਠੀਆ, ਵਾਤ।

ਦਵਾ :- ਵਿਟਾਮਿਨ ਬੀ ਦਾ ਇੰਜੈਕਸ਼ਨ। ਮਾਲਿਸ ਦਾ ਤੇਲ। ਡਬਲਯੂ. ਆਰ. ਲਈ ਖ਼ੂਨ ਲਿਆ।

(ਖ) ਡਬਲਯੂ. ਆਰ (ਗਰਮੀ) ( – ) ਗਰਮੀ ਨਹੀਂ।

(ਗ) ਇਕ ਹਫ਼ਤੇ ਪਿਛੋਂ ਨੱਕ ਚੋਂ ਲਹੂ ਵਗਿਆ। ...ਪੇਟ ਖ਼ਰਾਬ ਹੋਇਆ। ਕਾਲਾ ਆਜ਼ਾਰ ਲਈ ਖ਼ੂਨ ਲਿਆ ਗਿਆ।

(ਘ) ਅਲਡੇਹਾਇਟ ਦਾ ਨਤੀਜਾ : ਸ਼ੱਕੀ। ਫੇਰ ਖ਼ੂਨ ਲਿਆ।

(ਙ) ਬ੍ਰਹਮਚਾਰੀ-ਟੈਸਟ ਦਾ ਨਤੀਜਾ ( + )।

ਇਲਾਜ : ਯੂਰੀਆ ਸਟਿਬਾਮਾਇਨ (ਬ੍ਰਹਮਚਾਰੀ)

ਤਿੰਨ : (ਕ) ਰਾਮੇਸ਼ਰ ਦਾ ਬੱਚਾ : ਉਮਰ 2 ਮਹੀਨੇ। ਧੁੰਨੀ ਵਿਚ ਜ਼ਖ਼ਮ। ਰਾਤ

ਨੂੰ ਰੋਂਦਾ ਹੈ, ਦੁੱਧ ਸੁਟਦਾ ਹੈ। ...ਮਾਂ ਲਈ ਕੈਲਸ਼ੀਅਮ ਪਾਊਡਰ।
(ਖ) ਇਕ ਹਫ਼ਤੇ ਬਾਦ ਸਾਰੀ ਦੇਹ ਵਿਚ ਧਫੜ। ਅਨੁਮਾਨ ਇਲਰਜਿਕ।
(ਗ) ਚਾਰ ਦਿਨਾਂ ਬਾਦ : ਧਫੜਾਂ ਵਿਚ ਪਾਣੀ ਭਰ ਆਇਆ। ਡਬਲਯੂ. ਆਰ. ਲਈ ਮਾਂ ਦਾ ਖ਼ੂਨ ਲਿਆ। ਨਤੀਜਾ ( – ) ਨਹੀਂ।
(ਘ) ਕਾਲਾ ਆਜ਼ਾਰ ਲਈ ਮਾਂ ਦਾ ਖ਼ੂਨ ਲਿਆ। ਨਤੀਜਾ ( –) ਨਹੀਂ। ਕਾਲਾ ਆਜ਼ਾਰ ਲਈ ਬੱਚੇ ਦਾ ਖ਼ੂਨ ਲਿਆ। ਨਤੀਜਾ ( + + + ) ਕਾਲਾ ਆਜ਼ਾਰ।

ਅਤੇ ਇਸ ਬੱਚੇ ਦੀ ਜੇ ਮੌਤ ਹੋ ਗਈ ਤਾਂ ਜ਼ਰੂਰ ਕਿਸੇ ਡਾਇਣ ਦੇ ਸਿਰ ਦੋਸ਼ ਮੜ੍ਹਿਆ ਜਾਵੇਗਾ। ਦੇਹ ਵਿਚ ਛਾਲੇ! ਗਨੇਸ਼ ਦੀ ਨਾਨੀ ਤੇ ਹੀ ਸ਼ੱਕ ਕੀਤਾ ਜਾਵੇਗਾ। ਗਨੇਸ਼ ਦੀ ਨਾਨੀ, ਪਤਾ ਨਹੀਂ ਕਿਉਂ ਉਹ ਗਨੇਸ ਦੀ ਨਾਨੀ ਨਾਲ ਕੋਈ ਪਿਆਰ ਜਿਹਾ ਸੰਬੰਧ ਬਨਾਣ ਲਈ ਬੇਚੈਨ ਹੋ ਗਿਆ ਹੈ। ਕਮਲੀ ਕਹਿੰਦੀ ਹੈ, "ਮਾਸੀ! ਮਾਸੀ ਵਿਚ ਬੜੇ ਗੁਣ ਹਨ। ਸੀਖ਼ਾਂ ਨਾਲ ਬੜੀਆਂ ਵਧੀਆ ਚੀਜ਼ਾਂ ਬਣੌਂਦੀ ਹੈ — ਫੁਲਦਾਨੀ, ਡਾਲੀ, ਪੱਖੇ। ਕਸੀਦਾ ਕਿੰਨਾ ਵਧੀਆ ਕੱਢਦੀ ਹੈ। ਪਰਵ-ਤਿਹਾਰ ਤੇ ਸ਼ਾਦੀ ਬਿਆਹ ਸਮੇਂ ਕੰਧ ਵਿਚ ਕਿੰਨੇ ਸੁੰਦਰ ਚਿੱਤਰ ਬਣੌਂਦੀ ਹੈ। ਕਮਲ ਦੇ ਫੁੱਲ, ਪੱਤੇ ਤੇ ਮੋਰ। ਕਿੰਨਾ ਸੁੰਦਰ ਚੌਕ ਪੂਰਦੀ ਲਗਦੀ ਹੈ।"...

ਉਹ ਵੀ ਉਹਨੂੰ ਮਾਸੀ ਕਹੇਗਾ।

"ਮਾਸੀ।"

"ਕੌਣ?"

"ਮੈਂ ਹਾਂ। ਡਾਕਟਰ। ਗਨੇਸ਼ ਕਿਥੇ ਹੈ?"

"ਡਾਗਡਰ ਬਾਬੂ। ਆਪ! ਆਓ, ਬੈਠੋ, ਗਨੇਸ਼ ਸੌਂ ਰਿਹਾ ਹੈ। ...ਮੈਂ ਤਾਂ ਭਮਤਰ ਗਈ, ਕਿੰਨੇ ਮਾਸੀ ਕਹਿ ਕੇ ਬੁਲਾਇਆ।" ਬੁੱਢੀ ਦੀਆਂ ਅੱਖਾਂ ਛਲਕ ਪੈਂਦੀਆਂ ਨੇ।

"ਮਾਸੀ। ਸੁਣਿਆ ਤੁਸੀਂ ਇਕ ਖਾਸ ਕਿਸਮ ਦਾ ਹਲਵਾ ਬਣੌਂਦੇ ਹੋ?" ਮਾਸੀ ਹੱਸ ਪੈਂਦੀ ਹੈ — "ਉਏ ਜਾਹ। ਕ੍ਰਿਨੇ ਕਿਹਾ ਤੈਨੂੰ? ਪਗਲੀ ਕਮਲੀ ਨੇ ਕਿਹਾ ਹੋਵੇਗਾ ਜ਼ਰੂਰ...। ਕਮਲੀ ਕਿਵੇਂ ਆਂ ਹੁਣ? ਏਧਰ ਤਾਂ ਕਈ ਦਿਨਾਂ ਤੋਂ ਆਈ ਹੀ ਨਹੀਂ। ਪਹਿਲਾਂ ਤਾਂ ਨਿਤ ਆਉਂਦੀ ਸੀ।"

"ਚੰਗੀ ਹੈ। ...ਚੰਗੀ ਹੋ ਜਾਵੇਗੀ। ਮਾਸੀ! ਇਕ ਗੱਲ ਪੁੱਛਾਂ? ...ਤੁਹਾਡੀ ਕੋਈ ਭੈਣ, ਮਾਂ, ਧੀ ਜਾਂ ਹੋਰ ਕੋਈ...ਸਹਰਸਾ ਇਲਾਕੇ ਵਿਚ, ਹਨੂਮਾਨ ਗੰਜ ਦੇ ਨੇੜੇ ਕਦੀ ਰਹਿੰਦੀ ਸੀ?"

ਡਾਕਟਰ ਆਪਣੇ ਬੇਤੁਕੇ ਸਵਾਲ ਤੇ ਆਪੇ ਹੀ ਹਸਦਾ ਹੈ।

"ਸਹਰਸਾ ਇਲਾਕੇ ਵਿਚ ਹਨੂਮਾਨ ਗੰਜ ਕੋਲ ? ...ਠਹਿਰੋ ਯਾਦ ਕਰਨ ਦਿਉ। ...ਨਹੀਂ ਤਾਂ ? ਕਿਉਂ ? ਕੀ ਗੱਲ ਐ ?"

"ਐਵੇਂ ਹੀ ਪੁਛਦਾ ਹਾਂ। ਬਿਲਕੁਲ ਤੁਹਾਡੇ ਵਰਗੀ ਹੀ ਮੇਰੀ ਇਕ ਮਾਸੀ ਉਥੇ ਵੀ ਹੈ।" ਗੱਲ ਬਦਲ ਕੇ ਡਾਕਟਰ ਕਹਿੰਦਾ ਹੈ, "ਮੈਨੂੰ ਇਕ ਫੁੱਲ ਦੀ ਡਾਲੀ ਦੇ ਦਿਓ ਨਾ ਮਾਸੀ।"

"ਉਫ ? ...ਸਚਮੁੱਚ ਡਾਇਣ ਹੈ, ਇਹ ਬੁੱਢੀ। ਇਹਦੀ ਮੁਸਕਣੀ ਵਿਚ ਜਾਦੂ ਹੈ। ਸਨੇਹ ਦੀ ਵਰਖਾ ਕਰਦੀ ਹੈ। ਏਨੀ ਦਿਲਕਸ਼ ਮੁਸਕਣੀ ?

ਗਨੇਸ਼ ਬੜਾ ਭੋਲਾ ਭਾਲਾ ਮੁੰਡਾ ਹੈ ? ਬੜਾ ਖ਼ੂਬਸੂਰਤ ? ਗੋਰਾ ਰੰਗ, ਲਾਲ ਬੁੱਲ੍ਹ ਅਤੇ ਘੁੰਗਰਾਲੇ ਵਾਲ, ਉਹਨੂੰ ਨਾਨੀ ਕੋਲੋਂ ਹੀ ਮਿਲੇ ਹਨ। ...ਬੜਾ ਇਕੱਲਾ ਜਾਪਦਾ ਹੈ। ਮਾਸੀ ਕਹਿੰਦੀ ਹੈ — "ਕਿਦ੍ਹੇ ਨਾਲ ਖੇਡੇ ? ਪਿੰਡ ਦੇ ਨਿਆਣੇ ਆਪਣੇ ਨਾਲ ਖੇਡਣ ਨਹੀਂ ਦਿੰਦੇ। ...ਮੇਰੇ ਨਾਲ ਹੀ ਖੇਡਦਾ ਹੈ।"

"ਗਨੇਸ਼ ਜੀ ! ਜ਼ਰਾ ਪੇਟ ਤਾਂ ਦਿਖਾਓ। ...ਮਾਸੀ। ਕੱਲ ਇਹਨੂੰ ਸਵੇਰੇ ਲੈ ਆਵਿਓ। ਖ਼ੂਨ ਲਵਾਂਗਾ। ਬੁੱਲ੍ਹ ਮੁਰਝਾਏ ਰਹਿੰਦੇ ਨੇ।"

ਗਨੇਸ਼ ਨੂੰ ਹੁਣ ਇਕ ਮਾਮਾ ਮਿਲ ਗਿਆ ਹੈ।

"ਸੱਚਮੁੱਚ ਇਹੋ ਜਿਹਾ ਹਲਵਾ ਕਦੀ ਨਹੀਂ ਖਾਧਾ ਮਾਸੀ। ...ਵਿਸਵਾਸ਼ ਕਰੋ। ...ਗਨੇਸ਼ ਨੂੰ ਵੀ ਦਿਓ। ਕੋਈ ਹਰਜ ਨਹੀਂ।"

"ਮਾਮਾ ਦੇਖੋ" ਗਨੇਸ਼ ਗਲ ਵਿਚ ਸਟੈਥੋਸਕੋਪ ਲਟਕਾ ਕੇ ਹੱਸਦਾ ਹੈ।

"ਵਾਹ ! ਮੇਰਾ ਭਾਣਜਾ ਡਾਕਟਰ ਬਣੇਗਾ।"

ਡਾਕਟਰ ਜਦੋਂ ਮਾਸੀ ਦੇ ਘਰੋਂ ਨਿਕਲਿਆ ਤਾਂ ਉਹਨੇ ਤਾੜਿਆ, ਕਾਲੀਚਰਨ ਦੇ ਖੂਹ ਤੇ ਪਾਣੀ ਭਰਨ ਵਾਲੀਆਂ ਇਸਤਰੀਆਂ ਦੀ ਭੀੜ ਲਗ ਗਈ ਹੈ, ਸਾਰੀਆਂ ਹੀ ਅੱਖਾਂ ਪਾੜੀ, ਮੂੰਹ ਖੋਲ੍ਹੀ ਹੈਰਾਨੀ ਨਾਲ ਡਾਕਟਰ ਨੂੰ ਦੇਖਦੀਆਂ ਹਨ — "ਇਸ ਡਾਕਟਰ ਨੂੰ ਕਾਲ ਨੇ ਘੇਰਿਆ ਹੈ ਸ਼ਾਇਦ।" "ਲਾਲ ਸਲਾਮ।" ਕਾਲੀਚਰਨ ਮੁੱਠ ਮੀਟ ਕੇ ਸਲਾਮ ਕਰਦਾ ਹੈ, ਅਤੇ ਡਾਕਟਰ ਨੂੰ ਇਕ ਲਾਲ ਪਰਚਾ ਦੇਂਦਿਆਂ ਹੋਇਆ ਕਹਿੰਦਾ ਹੈ, "ਕਾਮਰੇਡ ਮੰਤਰੀ ਜੀ ਆਪ ਨੂੰ ਪਛਾਣਦੇ ਹਨ, ਡਾਕਟਰ ਸਾਹਿਬ। ...ਹਾਂ ਕ੍ਰਿਸਣ ਕਾਂਤ ਮਿਸ਼ਰ ਜੀ।"

ਆਉ। ਆਉ। ਜ਼ਰੂਰ ਆਉ।
ਕਮੌਣ ਵਾਲਾ ਖਾਵੇਗਾ, ਇਹਦੇ ਚਲਦਿਆਂ ਜੋ ਕੁਝ ਹੋਵੇ।
ਕਿਸਾਨ ਰਾਜ ਕਾਇਮ ਹੋਵੇ।
ਮਜ਼ਦੂਰ ਰਾਜ : ਕਾਇਮ ਹੋਵੇ।

ਪਿਆਰੇ ਭਰਾਵੇ, ਤਾਰ...ਨੂੰ ਮੇਰੀ ਗੰਜ ਕੋਠੀ ਦੇ ਬਗੀਚੇ ਵਿਚ ਕਿਸਾਨਾਂ ਦੀ

ਇਕ ਵਿਸ਼ਾਲ ਸਭਾ ਹੋਵੇਗੀ। ਸੋਸ਼ਲਿਸਟ ਪਾਰਟੀ ਪੂਰਨੀਆਂ ਦੇ ਸਹਾਇਕ ਮੰਤਰੀ ਸਾਥੀ ਗੰਗਾ ਪ੍ਰਸ਼ਾਦ ਸਿੰਘ ਯਾਦਵ ਸੈਨਿਕ ਜੀ .

"ਪਰਸੋਂ ਸਭਾ ਹੈ। ਆਉਣਾ। ...ਲਾਲ ਸਲਾਮ।"

## ਉਨ੍ਹੀ

ਚਲੋ! ਚਲੋ! ਸਭਾ ਦੇਖਣ ਚਲੋ।

ਸੋਸ਼ਲਿਸਟ ਪਾਰਟੀ ਦੀ ਸਭਾ ਦੀ ਖ਼ਬਰ ਨੇ ਸੰਥਾਲ ਟੋਲੀ ਨੂੰ ਵਿਸ਼ੇਸ਼ ਰੂਪ ਵਿਚ ਉਤਸ਼ਾਹ ਦਿਤਾ। ਪਿੰਡ ਵਿਚ ਹਸਪਤਾਲ ਖੁਲ੍ਹਣ ਦੀ ਖ਼ੁਸ਼ਖ਼ਬਰੀ ਦੀ ਕੋਈ ਖ਼ਾਸ ਪ੍ਰਤੀਕ੍ਰਿਆ ਸੰਥਾਲਾ ਤੇ ਨਹੀਂ ਸੀ ਹੋਈ। ਪਿੰਡ ਦੇ ਲੜਾਈ ਝਗੜੇ ਤੇ ਮੇਲ ਮਿਲਾਪ ਤੋਂ ਵੀ ਉਨ੍ਹਾਂ ਨੇ ਕੁਝ ਨਹੀਂ ਲੈਣਾ ਦੇਣਾ। ਪਰ ਇਹ ਸਭਾ ? ਜ਼ਮੀਨ ਵਾਹੁਣ ਵਾਲਿਆਂ ਦੀ ? ਫ਼ਰਜ਼ ਨਿਭਾਉਣ ਵਾਲੇ ਅਤੇ ਮਿਹਨਤੀ ਸੰਥਾਲ ਕਿਸਾਨਾਂ ਦੇ ਦਿਮਾਗ਼ ਦੀ ਚਿਰਾਂ ਤੋਂ ਉਲਝੀ ਹੋਈ ਬੁਝਾਰਤ ਦਾ ਸਹੀ ਹੱਲ। ਜ਼ਮੀਨ ਵਾਹੁਣ ਵਾਲਿਆਂ ਦੀ ਸਭਾ।

'ਜ਼ਮੀਨ ਕਿਸ ਦੀ ? ਵਾਹੁਣ ਵਾਲਿਆਂ ਦੀ। ਜਿਹੜਾ ਵਾਹੇਗਾ, ਉਹੀ ਬੀਜੇਗਾ, ਜਿਹੜਾ ਬੀਜੇਗਾ, ਉਹੋ ਹੀ ਕਟੇਗਾ। ਕਮਾਉਣ ਵਾਲਾ ਖਾਏਗਾ, ਇਹਦੇ ਚਲਦਿਆਂ ਭਾਵੇਂ ਕੁਝ ਹੋਵੇ।" ਕਾਲੀਚਰਨ ਸਮਝਾ ਰਿਹਾ ਹੈ।

ਚਹੁੰ ਪਾਸੀਂ ਸਿਹਤਮੰਦ, ਸੁਡੋਲ ਤੇ ਸੁਵੱਛ ਅਤੇ ਸਰਲ ਇਨਸਾਨਾਂ ਦੀ ਭੀੜ, ਸ਼ਿਆਮ ਮੁਖੜਿਆਂ ਤੇ ਸਫੇਦ ਮੁਸਕਰਾਹਟ, ਜਿਵੇਂ ਕਾਲੇ ਬੱਦਲਾਂ ਵਿਚ ਤੀਜ ਦੇ ਚੰਦ ਦੇ ਸੈਂਕੜੇ ਟੁਕੜੇ। ਬਿਰਸਾ ਮਾਂਝੀ ਦਾ ਜਵਾਨ ਪੁੱਤਰ ਮੰਗਲ ਮਾਂਝੀ ਕਾਲੀਚਰਨ ਦੇ ਵਾਕਾਂ ਨੂੰ ਗੀਤਾਂ ਦੀ ਲੜੀ ਵਿਚ ਜੋੜਨ ਦੀ ਕੋਸ਼ਿਸ਼ ਕਰਦਾ ਹੈ—

ਜੋ ਹਿਰੇ ਜੋਤਬੇ ਸੋਹਿਰ ਬੋਇਬੇ......

ਸਨਿਆ ਮੁਰਮੂ ਕਾਲੀਚਰਨ ਦੀ ਹਰ ਗੱਲ ਤੇ ਖਿੜ ਖਿੜ ਕਰਕੇ ਹੱਸਦੀ ਹੈ। ਹਾ-ਹਾ-ਹਹ-ਹਾ-ਹਾ-ਹਾ-ਹਾ-ਹਾ। ਸਰਗਮ ਦੇ ਸੁਰ ਵਿਚ ਹੱਸਦੀ ਹੈ, ਸਨਿਆ। ਤਿੱਤਰ ਦੀ ਆਵਾਜ਼ ਵਾਂਗ ਹਾ ਹਾ ਹਾ ਦਾ ਹਾ। ਪਿਛਲੇ ਪਾਸੇ ਝੂਲਦਾ ਰੰਗੀਨ ਦੁਪੱਟਾ ਹਰ ਵਾਰ ਹੀ ਚੰਚਲ ਹੋ ਜਾਂਦਾ ਹੈ, ਜਿਵੇਂ ਨੱਚਣ ਲਈ ਮਰਨੀ ਖੰਭ ਪਸਾਰ ਰਹੀ ਹੋਵੇ। ਉਹਦੇ ਪੈਰ ਥਿਰਕਣ ਲਈ ਕਾਹਲੇ ਪੈ ਗਏ ਹਨ।

ਮਾਨਰ ਮੰਦ ਆਵਾਜ਼...ਰਿੰਗ ਰਿੰਗ ਤਾ ਧਿਨ ਤਾ :
ਡਿਗਾ ਕੀ ਅਟੁਟ ਤਾਲ...ਡਾ ਡਿੱਗਾ ਡਾ ਡਿੱਗਾ।

ਉਨਮੁਕਤ ਸਵਰ ਲਹਿਰੀ ..ਜੋਹਿਰੈ ਜੋਤਥੇ ਸੋਹਿਰੈ ਬੋਇਥੇ,
ਮੁਰਲੀ ਕੀ ਲਇ ਪਰ ਪਾਯਲੋਂ ਦਾ ਛੁਮ ਛੁਮ, ਛੱਨਛੱਨ।
ਡਾ ਡਿੱਗਾ, ਡਾ ਡਿੱਗਾ।
ਰਿੰਗ, ਰਿੰਗ ਤਾਂ ਧਿਨ ਤਾ।
ਚੱਲ ਚੱਲ ਰੇ ਸਭਾ ਦੇਖੇ ਲਾ।...

ਚਾਰ ਪੁਸ਼ਤਾਂ ਪਹਿਲਾਂ ਦੀ ਗੱਲ। ਸੰਥਾਲ ਪਰਗਨੇ ਦੇ ਤਿੰਨ ਪਹਾੜੀ ਅੰਚਲ ਦੀ ਪਥਰੀਲੀ ਮਿੱਟੀ ਦਾ ਮੋਹ ਤੋੜ ਕੇ, ਊਬੜ ਖਾਬੜ ਪਹਾੜੀ ਰਾਹ ਨੂੰ ਪਾਰ ਕਰ ਕੇ ਜਦੋਂ ਇਨ੍ਹਾਂ ਦੇ ਬਜ਼ੁਰਗ ਇਸ ਪਿੰਡ ਦੀ ਨਰਮ ਮਿੱਟੀ ਤੇ ਵਸੇ ਸਨ, ਪਿੰਡ ਵਾਲਿਆਂ ਨੇ ਜ਼ਿਮੀਂਦਾਰ ਕੋਲ ਜਾ ਕੇ ਫ਼ਰਿਆਦ ਕੀਤੀ ਸੀ, "ਹਜ਼ੂਰ! ਮਾਪਿਓ! ਜੰਗਲੀ ਲੋਕ ਹਨ। ਸੁਣਦੇ ਹਾਂ ਕਿ ਤੀਰ ਧਨੁਖ ਨਾਲ ਜਾਨ ਕੱਢ ਦੇਣ ਤੇ ਵੀ ਸਰਕਾਰ ਬਹਾਦੁਰ ਇਨ੍ਹਾਂ ਦਾ ਕੁੱਛ ਨਹੀਂ ਕਰ ਸਕਦਾ। ਇਨ੍ਹਾਂ ਨੂੰ ਬਿਲਕੁਲ ਨਾ ਵਸਾਇਆ ਜਾਵੇ ਹਜ਼ੂਰ।"

ਪਰ ਜ਼ਿਮੀਂਦਾਰ ਨੇ ਸਮਝਾ ਕੇ ਕਿਹਾ ਸੀ, "ਇਹੋ ਜਿਹੀ ਕੋਈ ਗੱਲ ਨਹੀਂ। ਇਹ ਬੜੇ ਮਿਹਨਤੀ ਹੁੰਦੇ ਹਨ. ਧਰਮ ਪੁਰ ਦੇ ਇਲਾਕੇ 'ਚ ਜਾ ਕੇ ਦੇਖੋ, ਰਾਜਾ ਲੱਛਮੀ ਨਾਥ ਸਿੰਘ ਨੇ ਇਨ੍ਹਾਂ ਤੋਂ ਹਜ਼ਾਰਾਂ ਬਿੱਘੇ ਬੰਜਰ ਜ਼ਮੀਨ ਆਬਾਦ ਕਰਵਾ ਲਈ ਹੈ, ਪਰਤੀ ਅਤੇ ਭੀਲ, ਜ਼ਮੀਨ ਤੋਂ ਹੀ ਤੇਜੂ ਬਾਬੂ ਨੂੰ ਦੋ ਹਜ਼ਾਰ ਮਣ ਗੇਹੂੰ ਉਪਜਾ ਕੇ ਸੰਥਾਲਾਂ ਨੇ ਦਿਤਾ ਹੈ। ਪਤਾ?"

ਜ਼ਿਮੀਦਾਰ ਨੇ ਪਿੰਡ ਵਾਲਿਆਂ ਨੂੰ ਵਿਸ਼ਵਾਸ਼ ਦਵਾਇਆ ਸੀ ਕਿ ਇਨ੍ਹਾਂ ਨੂੰ ਪਿੰਡ ਤੋਂ ਅਲੱਗ ਹੀ ਵਸਾਵਾਂਗੇ। ਸਾਰੇ ਜ਼ਿਮੀਦਾਰਾ ਨੇ ਇਨ੍ਹਾਂ ਨੂੰ ਜੰਗਲਾਂ ਵਿਚ ਹੀ ਵਸਾਇਆ ਹੈ।

ਉਸ ਤੋਂ ਬਾਦ ਕਿੱਕਰ, ਬੇਰੀਆਂ ਅਤੇ ਫਲਾਹੀਆਂ ਦੇ ਬਿਰਛਾਂ ਨਾਲ ਭਰੇ ਹੋਏ ਜੰਗਲ ਹਰ ਸਾਲ ਸਾਫ਼ ਹੋ ਕੇ ਆਬਾਦ ਹੁੰਦੇ ਗਏ। ਅੱਜ ਜਿੱਥੇ ਸੈਂਕੜੇ ਬਿੱਘੇ ਜ਼ਮੀਨ ਵਿਚ ਮੋਤੀ ਦੇ ਦਾਣਿਆਂ ਨਾਲ ਭਰੀਆਂ ਹੋਈਆਂ ਕਣਕ ਦੀਆਂ ਬੱਲੀਆਂ ਪੂਰੇ ਨਾਲ ਝੂਲ ਰਹੀਆਂ ਹਨ, ਧਰਤੀ ਦਾ ਉਹ ਟੁਕੜਾ ਸਰਵੇ ਦੇ ਕਾਗਜ਼ਾਤ ਅਤੇ ਨਕਸ਼ੇ ਵਿਚ ਜੰਗਲ ਦੇ ਨਾਂ ਨਾਲ ਦਰਜ ਹੈ, ਜਿਸ ਜੰਗਲ ਵਿਚ ਬਘਿਆੜ ਦਾ ਸ਼ਿਕਾਰ ਖੇਡਣ ਲਈ ਸਾਰੇ ਜ਼ਿਲ੍ਹੇ ਦੇ ਰਾਜੇ ਅਤੇ ਜ਼ਿਮੀਂਦਾਰ ਕੱਠੇ ਹੁੰਦੇ ਸਨ। ਪਿੰਡ ਦੇ ਨਵੀਂ ਉਮਰ ਦੇ ਮੁੰਡੇ ਤਾਂ ਵਿਸ਼ਵਾਸ਼ ਨਹੀਂ ਕਰਦੇ।

ਨੀਲੇ ਸਾਹਿਬਾਂ ਦੇ ਨੀਲ ਦੇ ਹੌਜ਼ ਬਹੁਤਾ ਕਰ ਕੇ ਇਨ੍ਹਾਂ ਮੂਕ ਇਨਸਾਨਾਂ ਦੇ ਕਾਲੇ ਸ਼ਰੀਰਾਂ ਦੇ ਪਸੀਨੇ ਨਾਲ ਭਰੇ ਰਹਿੰਦੇ ਸਨ।

ਸਾਹਿਬਾਂ ਦੇ ਕੋਰੜਿਆਂ ਦੀ ਮਾਰ ਖਾ ਕੇ ਜ਼ਿਮੀਂਦਾਰਾਂ ਦੀ ਕਚਹਿਰੀ ਵਿਚ ਦਿਨ

ਭਰ ਮੋਗਲਿਆ ਬਾਂਧੀ (ਇਕ ਸਖ਼ਤ ਸਜ਼ਾ) ਦੀ ਸਜ਼ਾ ਭੁਗਤਣ ਤੋਂ ਬਾਦ ਸ਼ਾਮੀ ਮੋਹਨ ਦੀ ਜਾਦੂ ਭਰੀ ਬੰਜਰੀ ਬਜੀ ਤੇ ਸਾਰੇ ਦੁਖ ਦੂਰ ਹੋ ਗਏ।

ਰਿੰਗ ਰਿੰਗ ਤਾ ਧਿਨ ਤਾ,
ਡਾ ਡਿੱਗਾ ਡਾ ਡਿੱਗਾ।...

ਸੋਨੇ ਦੇ ਆਨਾਜ ਨਾਲ ਭਰੇ ਹੋਏ, ਧਰਤੀ ਦੇ ਗੁਪਤ ਭੰਡਾਰ ਦਾ ਉਦਘਾਟਨ ਕਰਨ ਵਾਲਿਆਂ ਤੇ ਧਰਤੀ ਮਾਤਾ ਦੀ ਕਰੋਪੀ ਸੁਭਾਵਿਕ ਹੈ, ਇਹੋ ਕਾਰਣ ਹੈ ਕਿ ਅੱਜ ਜ਼ਮੀਨ ਦੇ ਮਾਲਕਾਂ ਨੇ ਜ਼ਮੀਨ ਦੇ ਪ੍ਰਬੰਧਕਾਂ ਨੇ ਅਤੇ ਧਰਤੀ ਦੇ ਇਨਸਾਫ਼ ਨੇ ਧਰਤੀ ਤੇ ਇਨ੍ਹਾਂ ਦਾ ਕਿਸੇ ਕਿਸਮ ਦਾ ਹੱਕ ਨਹੀਂ ਬਣਨ ਦਿਤਾ। ਜਿਸ ਧਰਤੀ ਉਤੇ ਇਨ੍ਹਾਂ ਦੀਆਂ ਝੁੱਗੀਆਂ ਨੇ ਉਹ ਵੀ ਇਨ੍ਹਾਂ ਦੀ ਨਹੀਂ। ਹੱਲ ਵਿਚ ਜੁੜਿਆ ਹੋਇਆ ਬਲਦ ਦਿਨ ਭਰ ਖੇਤ ਵਾਹੁੰਦਾ ਹੈ, ਇਸ ਲਈ ਬਲਦਾਂ ਨੂੰ ਵੀ ਧਰਤੀ ਦਾ ਹੱਕਦਾਰ ਕਬੂਲ ਕੀਤਾ ਜਾਵੇ ? ਇਹ ਕੀ ਗੱਲ ਹੋਈ ?

1947 ਦੇ ਕਾਂਗਰਸੀ ਮੰਤਰੀ ਮੰਡਲ ਵੇਲੇ ਇਸ ਜ਼ਿਲੇ ਵਿਚ ਇਕ ਅੰਗ੍ਰੇਜ਼ ਕਲੱਕਟਰ ਆਇਆ ਸੀ। ਉਹਨੇ ਇਸ ਤਰੀਕੇ ਨੂੰ ਬੇਇਨਸਾਫ਼ੀ ਸਮਝ ਕੇ ਸੁਧਾਰਨ ਦਾ ਜਤਨ ਕੀਤਾ ਸੀ। ਸਾਰੇ ਜ਼ਿਲ੍ਹੇ ਦੇ ਭੂਮੀਏ ਜ਼ਿਮੀਂਦਾਰ ਅਤੇ ਰਾਜੇ ਘਬਰਾ ਗਏ ਸਨ। ਜ਼ਿਲੇ ਦੇ ਬਹੁਤੇ ਨੇਤਾ ਭੂਮੀਏ ਅਤੇ ਨੇਤਾ ਸਨ। ਅੰਗਰੇਜ਼ ਕਲੱਕਟਰ ਤੇ ਦੋਸ਼ ਮੜ੍ਹਿਆ ਗਿਆ — "ਸੰਥਾਲਾਂ ਨੂੰ ਭੜਕਾ ਕੇ ਜ਼ਿਲੇ ਵਿਚ ਬਦਅਮਨੀ ਫੈਲਾ ਕੇ ਕਾਂਗਰਸੀ ਮੰਤਰੀ ਮੰਡਲ ਨੂੰ ਅਸਫਲ ਬਨਾਣ ਦੀ ਸਾਜ਼ਿਸ ਕਰਦਾ ਹੈ। 'ਕਾਂਗਰਸ ਸੰਦੇਸ਼' ਦੇ ਸੰਪਾਦਕੀ ਵਿਚ ਸੰਥਾਲਾਂ ਪ੍ਰਤੀ ਕੁਝ ਸੰਵੇਦਨਾਂ ਪ੍ਰਗਟ ਕੀਤੀ ਸੀ। ਵਿਚਾਰੇ ਵਿਦਿਆਲੰਕਾਰ ਸੰਪਾਦਕ ਨੂੰ ਉਸੇ ਦਿਨ ਪਤਾ ਲਗਾ ਸੀ ਕਿ ਵਿਦਿਆ ਦਾ ਅਲੰਕਾਰ ਕਿੰਨਾ ਨਿਰਰਥਕ ਹੈ। ਜ਼ਿਲਾ ਮੰਤਰੀ ਨੇ ਅੱਖਾਂ ਲਾਲ ਕਰ ਕੇ ਕਿਹਾ ਸੀ — "ਵਿਦਿਆ ਪੀਠ ਦਾ ਸ਼ਾਸਤਰ ਇਥੇ ਕੰਮ ਨਹੀਂ ਕਰੇਗਾ। ਵਿਦਿਆ ਪੀਠ ਵਿਚ ਗਧੇ ਦੇ ਸਿਰ ਤੇ ਸਿੰਗ ਤਾਂ ਨਹੀਂ ਉਗ ਸਕਦੇ।" ..

ਜ਼ਿਮੀਦਾਰਾਂ ਨੇ ਆਪਣੇ ਭਾੜੇ ਦੇ ਲਾਠੀਬਾਜ਼ਾਂ ਨੂੰ ਥਾਂ ਥਾਂ ਸੰਥਾਲਾਂ ਦੀਆਂ ਝੂਲਦੀਆਂ ਫ਼ਸਲਾ ਤੇ ਹਮਲਾ ਕਰਵਾ ਕੇ ਸੰਥਾਲ ਟੋਲੀ ਤੇ ਚੜ੍ਹਾਈ ਕਰਵਾ ਕੇ ਰੁਪਏ ਲਾਠੀ ਦੇ ਹਿਸਾਬ ਨਾਲ ਕੱਠੇ ਕੀਤੇ ਹੋਏ ਲਾਠੀਬਾਜ਼ਾਂ ਨੂੰ ਸੰਥਾਲਾਂ ਦੇ ਤੀਰਾਂ ਨਾਲ ਜ਼ਖਮੀ ਕਰਵਾ ਕੇ ਬੜਾ ਤਕੜਾ ਸਬੂਤ ਪੇਸ਼ ਕਰ ਦਿਤਾ ਸੀ —ਸੰਥਾਲਾਂ ਦੇ ਜ਼ੋਰ ਜ਼ੁਲਮ ਦਾ ਮੁੱਖ ਕਾਰਣ ਇਹ ਅੰਗ੍ਰੇਜ਼ ਕਲਕਟਰ । ਇਹ ਦੀ ਸ਼ਹਿ ਤੇ ਹੀ ਉਹ ਕੁੱਦ ਰਹੇ ਹਨ।

ਅੰਗਰੇਜ਼ ਕਲੱਕਟਰ ਦੀ ਤੁਰਤ ਬਦਲੀ ਹੋ ਗਈ । ਬਹੁਤ ਸਾਰੇ ਸੰਥਾਲ ਸਰਕਾਰੀ ਗੋਲੀ ਨਾਲ ਜ਼ਖਮੀ ਹੋਏ ਅਤੇ ਸੈਂਕੜਿਆਂ ਨੇ ਬਿਹਾਰ ਦੀਆਂ ਵਖ-ਵਖ ਜੇਲਾਂ ਵਿਚ ਸਫ਼ਇਆ ਕਮਾਨ (ਭੰਗੀ ਕਮਾਂਡ) ਵਿਚ ਕੰਮ ਕਰਦਿਆਂ ਕਰਦਿਆਂ ਸਾਰੀ ਉਮਰ ਬਿਤਾ

ਦਿਤੀ । ਉਸ ਪਿਛੋਂ ਫੇਰ ਕੌਣ ਬੋਲਦਾ ! ਪਰ ਮਾਨਰ ਅਤੇ ਡਿੱਗਾ ਦੀ ਆਵਾਜ਼ ਕਦੀ ਮੱਠੀ ਨਹੀਂ ਹੋਈ, ਬੰਸਰੀ ਕਦੀ ਹੌਲੀ ਹੌਲੀ ਨਹੀਂ ਬਜੀ ਅਤੇ ਨਾ ਹੀ ਉਨ੍ਹਾਂ ਦੇ ਤੀਰਾਂ ਨੂੰ ਜ਼ੰਗਾਲ ਲਗਿਆ । ਅਜ ਵੀ ਕਦੀ ਕਦੀ ਜੰਗਲੀ ਜਾਨਵਰਾਂ ਦੇ ਸ਼ਿਕਾਰ ਵੇਲੇ, ਸੂਰਜ ਦੀਆਂ ਕਿਰਨਾਂ ਵਿਚ ਚਮਕਦਾਰ ਚਕਾਚੌਂਧ ਪੈਦਾ ਕਰ ਦਿੰਦੇ ਹਨ, ਇਨ੍ਹਾਂ ਦੇ ਤੀਰ । ਮਲੇਰੀਏ ਅਤੇ ਕਾਲਾ ਅਜ਼ਾਰ ਦੇ ਖੇਡ ਮੈਦਾਨ ਵਿਚ ਇਹ ਬਲਵਾਨ ਤੇ ਤੰਦਰੁਸਤ ਰਹਿ ਕੇ ਖੇਡਦੇ ਹਨ । ਹੱਡੀਆਂ ਤੇ ਕਲਾਪੂਰਣ ਢੰਗ ਨਾਲ ਤਰਾਸ਼ ਕੇ ਬਿਠਾਇਆ ਹੋਇਆ ਲਗਦਾ ਮਾਸ ਦਾ ਉਭਾਰ ਕਦੀ ਸੁੱਕਾ ਨਹੀਂ, ਸੱਜਰੇ ਫੁੱਲਾਂ ਦੀਆਂ ਪੰਖੜੀਆਂ ਵਰਗੇ ਉਨ੍ਹਾਂ ਦੇ ਬੁੱਲ੍ਹ ਕਦੀ ਪੀਲੇ ਨਹੀਂ ਪਏ । ਅਤੇ ਨਾ ਹੀ ਕਿਸੇ ਸੰਥਾਲ ਦੇ ਪੇਟ ਵਿਚ ਕਦੀ ਪਿੱਲ੍ਹੀ ਵਧ ਜਾਣ ਦੀ ਗੱਲ ਹੀ ਸੁਣੀ ਗਈ ਹੈ। ਹਸਪਤਾਲ ਖੁਲ੍ਹਣ ਨਾਲ ਉਨ੍ਹਾਂ ਦਾ ਕੀ ਫ਼ਾਇਦਾ ਹੋਵੇਗਾ ? ਪਰ ਜ਼ਮੀਨ ।...ਵਾਹੁਣ ਵਾਲਿਆਂ ਦੀ ? .....

"ਚਲੋ ! ਚਲੋ ! ਸਭਾ ਦੇਖਣ ਚਲੋ ।"
ਕਿਸਾਨ ਰਾਜ ਕਾਇਮ ਹੋਵੇ ।
ਮਜ਼ਦੂਰ ਰਾਜ ਕਾਇਮ ਹੋਵੇ ।
ਗਰੀਬਾਂ ਦੀ ਪਾਰਟੀ ਸੋਸ਼ਲਿਸਟ ਪਾਰਟੀ,
ਸੋਸ਼ਲਿਸਟ ਪਾਰਟੀ ਜ਼ਿੰਦਾਬਾਦ ।

"......ਇਹ ਜਿਹੜਾ ਲਾਲ ਝੰਡਾ ਹੈ, ਤੁਹਾਡਾ ਝੰਡਾ ਹੈ, ਜਨਤਾ ਦਾ ਝੰਡਾ, ਆਵਾਮ ਦਾ ਝੰਡਾ ਹੈ, ਇਨਕਲਾਬ ਦਾ ਝੰਡਾ ਹੈ । ਇਸ ਦੀ ਲਾਲੀ ਚੜ੍ਹਦੇ ਹੋਏ ਆਫਤਾਬ ਦੀ ਲਾਲੀ ਹੈ, ਇਹ ਖ਼ੁਦ ਆਫ਼ਤਾਬ ਹੈ । ਇਹਦੀ ਲਾਲੀ ਇਹਦਾ ਲਾਲ ਰੰਗ ਕੀ ਹੈ ? ...ਰੰਗ ਨਹੀਂ ! ਇਹ ਗ਼ਰੀਬਾਂ ਮਹਿਰੂਮਾਂ, ਮਜ਼ਲੂਮਾਂ, ਮਜ਼ਦੂਰਾਂ ਦੇ ਖ਼ੂਨ ਵਿਚ ਰੰਗਿਆ ਹੋਇਆ ਝੰਡਾ ਹੈ ।"

ਕਾਮਰੇਡ ਸੈਨਿਕ ਜੀ ਭਾਸ਼ਣ ਦੇ ਰਹੇ ਹਨ ।

"ਹੈਂ ! ਖ਼ੂਨ ਵਿਚ ਰੰਗਿਆ ਹੋਇਆ ਝੰਡਾ । "ਬਾਦਰ ਦਾਸ ਨੇ ਕਾਲੀਚਰਨ ਦੇ ਕਹਿਣ ਤੇ ਝੰਡਾ ਹੱਥ 'ਚ ਫੜਿਆ ਸੀ । ਬਾਦਰ ਦਾਸ ਵੈਸ਼ਨੋ ਹੈ, ਮਾਸ ਹੱਡੀ ਛੋਂਹਦਾ ਵੀ ਨਹੀਂ, ਅਤੇ ਇਹ ਬੰਦੇ ਦੇ ਖ਼ੂਨ ਵਿਚ ਰੰਗਿਆ ਹੋਇਆ ਝੰਡਾ ? ਉਹਦਾ ਧਰਮ ਭ੍ਰਿਸ਼ਟ ਕਰ ਦਿਤਾ ਕਲਿਏ ਨੇ । ਛੀ...ਛੀ ! ਉਹ ਹੱਥ ਵਿਚ ਝੰਡੇ ਦਾ ਬਾਂਸ ਫੜੀ ਖੜੋਤਾ ਹੈ । ...ਉਹ ਅਚਾਨਕ ਹੀ ਝੰਡੇ ਦੇ ਬਾਂਸ ਨੂੰ ਛੱਡ ਦਿੰਦਾ ਹੈ । ...ਬੰਦੇ ਦੇ ਖ਼ੂਨ ਵਿਚ ਰੰਗਿਆ ਹੋਇਆ ਝੰਡਾ ।

ਜੋਤਖੀ ਚਾਚਾ ਕਹਿੰਦੇ ਨੇ, "ਖਤਾਖਾ ਪਤਨ, ਅਸੁਭ, ਅਮੰਗਲ ਅਤੇ ਅਨਿਸ਼ਟ ਦੀ ਸੂਚਨਾ ਹੈ ।"

ਸੈਨਿਕ ਜੀ ਆਪਣਾ ਭਾਸ਼ਣ ਜਾਰੀ ਰਖਦੇ ਹਨ। ਭਾਸ਼ਣ ਵਿਚੋਂ ਰੁਕਣ ਕਰਕੇ ਫੇਰ ਸ਼ੁਰੂ ਤੋਂ ਯਾਦ ਕਰਨਾ ਪੈਂਦਾ ਹੈ—"ਜਿਸ ਤਰ੍ਹਾਂ ਸੂਰਜ ਦਾ ਡੁੱਬਣਾ ਇਕ ਮਹਾਨ ਸੱਚ ਹੈ, ਪੂੰਜੀਵਾਦ ਦਾ ਨਾਸ ਹੋਣਾ ਵੀ ਉਨ੍ਹਾਂ ਹੀ ਸੱਚ ਹੈ। ਮਿੱਲਾਂ ਦੀਆਂ ਚਿਮਨੀਆਂ ਅੱਗ ਉਗਲਣਗੀਆਂ ਅਤੇ ਉਨ੍ਹਾਂ ਤੇ ਮਜ਼ਦੂਰਾਂ ਦਾ ਕਬਜ਼ਾ ਹੋਵੇਗਾ। ਜ਼ਮੀਨਾਂ ਤੇ ਕਿਸਾਨਾਂ ਦਾ ਕਬਜ਼ਾ ਹੋਵੇਗਾ। ਚਹੁੰ ਪਾਸੀਂ ਲਾਲ ਧੂੰਆਂ ਚੱਕਰ ਲਾ ਰਿਹਾ ਹੈ। ਉਠੋ, ਕਿਸਾਨਾਂ ਦੇ ਸੱਚੇ ਸਪੂਤੋ ! ਧਰਤੀ ਦੇ ਸੱਚੇ ਮਾਲਕੋ, ਉਠੋ ! ਕ੍ਰਾਂਤੀ ਦਾ ਮਸ਼ਾਲ ਲੈ ਕੇ ਅਗੇ ਵਧੋ।

"ਬੋਲੋ ਇਕ ਵਾਰ ਪ੍ਰੇਮ ਨਾਲ—ਸੋਸ਼ਲਿਸਟ ਪਾਰਟੀ ਦੀ ਜੈ।" ਇਹੋ ਪਾਰਟੀ ਅਸਲੀ ਹੈ। ਕਿਸਾਨਾਂ ਦੀ ਪਾਰਟੀ, ਗ਼ਰੀਬਾਂ ਦੀ ਪਾਰਟੀ। ਸਭਾ ਸਥਾਨ ਤੇ ਹੀ ਤਿੰਨ ਸੌ ਮੈਂਬਰ ਬਣ ਗਏ। ਸੰਥਾਲ ਟੋਲੀ ਦਾ ਇਕ ਬੰਦਾ ਵੀ ਗ਼ੈਰ ਮੈਂਬਰ ਨਹੀਂ ਰਿਹਾ। ਸਭ ਲਾਲ। ਸਿਰਫ਼ ਸਰਕਾਰ ਟੱਡੂ ਦਾ ਤੇਰ੍ਹਾਂ ਵਰਿਆਂ ਦਾ ਮੁੰਡਾ ਰਹਿ ਗਿਆ ਹੈ। ਉਹ ਰੋਂਦਾ ਹੈ। ਸਰਦਾਰ ਟੱਡੂ ਸੈਨਿਕ ਜੀ ਕੋਲ ਜਾ ਕੇ ਅਪੀਲ ਕਰਦਾ ਹੈ, "ਇਸ ਦਾ ਨਾਂ ਲੈਂਬਰੀ ਵਿਚ ਨਹੀਂ ਲਿਖਿਆ ਜਾਵੇਗਾ ? ਕਿਉਂ ? ਉਮਰ ਕਮ ਨਹੀਂ, ਦੇਖੋ, ਇਸ ਦੇ ਮੁੱਛ ਦੀ ਰੇਖ ਬਣ ਰਹੀ ਹੈ।"

ਬਾਲਦੇਵ ਜੀ ਕੁਝ ਬੋਲਣ ਲਈ ਖੜੇ ਹੁੰਦੇ ਹਨ, ਵਾਸੂਦੇਵ ਤੁਰਤ ਉਠ ਕੇ ਕਹਿੰਦਾ ਹੈ, "ਬਾਲਦੇਵ ਜੀ ! ਤੁਹਾਡਾ ਵਿਖਿਆਨ ਅਸੀਂ ਬਹੁਤ ਸੁਣ ਚੁਕੇ ਹਾਂ। ਤੁਸੀਂ ਪੂੰਜੀ-ਵਾਦ ਹੋ, ਇਸ ਸਭਾ ਵਿਚ ਨਹੀਂ ਬੋਲ ਸਕਦੇ।"

ਜਨਤਾ ਨੇ ਵੀ ਵਿਰੋਧ ਕੀਤਾ, "ਬੈਠ ਜਾਓ ! ਬੈਠ ਜਾਓ, ਕਪੜੇ ਦੀ ਪੁਰਜੀ ਵੰਡੋ, ਚੀਨੀ ਬਲੈਕ ਕਰੋ।"

......ਹਾਇ ਬਾਪੂ ! ਕਿੰਨਾਂ ਟੀਨ ਸ਼ੋਆ ਕਿਹਾ ਨੇਤਾ ਜੀ ਨੇ। ਇਕ ਹਜ਼ਾਰ ਟੀਨ ਸ਼ੋਆ ਬਲੈਕ ਕਰ ਦਿਤਾ ਮਨਿਸਟਰ ਕਾਂਗਰਸੀ ਨੇ। ਇਸੇ ਲਈ ਤਾਂ ਦੇਹਾਤ 'ਚੋਂ ਹੁੱਕਾ ਉਟ ਰਿਹਾ ਹੈ। ਹੁਣ ਲੋਕ ਬੀੜੀ ਨਾ ਪੀਣ ਤਾਂ ਕੀ ਕਰਨ। ਹੁੱਕੇ ਦੇ ਤਮਾਕੂ ਲਈ ਛੋਆ ਗੁੜ ਕਿਥੋਂ ਆਊਗਾ। ਸਭ ਬਲੈਕ ਹੋ ਗਿਆ। ਅਨਿਆਂ ਹੈ। ਤਹਿਸੀਲ-ਦਾਰ ਸਾਹਿਬ ਨੂੰ ਤਾਂ ਨੇਤਾ ਜੀ ਨੇ ਭਰੀ ਸਭਾ ਵਿਚ ਬੇਜ਼ੱਤ ਕਰ ਦਿਤਾ। ਵਧ ਚੜ੍ਹ ਕੇ ਗਾਲ੍ਹਾਂ ਕਢਦੇ ਹਨ ਨੇਤਾ ਜੀ।" ......ਜਿਮੀਦਾਰ ਦੀ ਦੁੱਮ ਇਹ ਤਹਿਸੀਲਦਾਰ ! ਮੁਖ਼ਤਖ਼ੋਰ !

ਪਰ ਤਹਿਸੀਲਦਾਰ ਸਾਹਿਬ ਹਸਦੇ ਹੀ ਰਹੇ ਸਨ। ਉਸ ਰਾਤੀਂ ਬਿਦਾਪੱਤ ਨਾਚ ਦੇ ਵਿਕਟਾ ਦੀ ਭੰਡੀ ਸੁਣਨ ਵੇਲੇ ਜਿਦਾਂ ਦੀ ਮੰਦ ਮੁਸਕਣੀ ਉਨ੍ਹਾਂ ਦੇ ਚਿਹਰੇ ਤੇ ਸੀ, ਅਜ ਵੀ ਹੈ।

ਕਾਲੀਚਰਨ ਹੁਣ ਖਿਲਾਵਨ ਸਿੰਘ ਦੇ ਵੱਸ ਤੋਂ ਬਾਹਰ ਹੈ। ਕਾਲੀਚਰਨ ਯਾਦਵ ਕੁਲ-ਕਲੰਕ ਹੈ। ਬੁੱਢਾ ਕੁਕਰੂ ਬੁਢਾਪੇ ਤਕ ਖਿਲਾਵਨ ਦੇ ਬਲਦ ਚਰਾਉਂਦਾ ਸੀ। ਅਤੇ

ਉਹਦਾ ਪੁੱਤਰ ਲੀਡਰ ਹੋ ਗਿਆ। ਸੋਸ਼ਲਿਸਟ ਲੀਡਰ। ਇਹਨੂੰ ਕਾਬੂ ਵਿਚ ਰਖਣ ਦਾ ਕੋਈ ਹਥਿਆਰ ਵੀ ਨਹੀਂ। ਅੰਗੂਠੇ ਦੀ ਮੋਹਰ ਵੀ ਨਹੀਂ ਕਦੀ ਲੁਆਈ ਇਹਦੇ ਕੋਲੋਂ।

ਸਪਾਟਾ ਟੋਲੇ ਦਾ ਇਕ ਬੱਚਾ ਵੀ ਇਸ ਸਭਾ ਵਿਚ ਨਹੀਂ ਸੀ। ਉਨ੍ਹਾਂ ਦੇ ਟੋਲੇ ਵਿਚ ਕਟੀਹਾਰ ਤੋਂ ਕਾਲੀ ਟੋਪੀ ਵਾਲੇ ਦਲ ਦੇ ਸੰਯੋਜਕ ਜੀ ਆਏ ਹਨ। ਲਾਠੀ-ਭਾਲੇ ਦੀ ਸਖਾਈ ਕਰਾਉਂਦੇ ਹਨ। ਛੋਟੀ ਜਾਤ ਦੇ ਲੋਕਾਂ ਦੀ ਸਭਾ ਵਿਚ ਉਹ ਨਹੀਂ ਜਾ ਸਕਦੇ।

ਕਾਲੀਚਰਨ ਨੇ ਸੈਨਿਕ ਜੀ ਦੇ ਰਹਿਣ ਦਾ ਪ੍ਰਬੰਧ ਮੱਠ ਵਿਚ ਕੀਤਾ ਹੈ। ਮਹੰਥ ਰਾਮਦਾਸ ਜੀ ਤਾਂ ਨਾਂ ਦੇ ਮਹੰਥ ਹਨ, ਮੱਠ ਦੀ ਅਸਲ ਮਾਲਕਿਨ ਤਾਂ ਲੱਛਮੀ ਹੈ। ...ਪੰਦਰਾਂ ਸੇਰ ਦੁੱਧ ਨੂੰ ਕਾੜ੍ਹ ਕੇ ਖੋਇਆ ਬਣਾਇਆ ਹੈ, ਮਾਲ੍ਹ ਪੂੜੇ ਦੀ ਸੋਂਧੀ ਸੁਗੰਧ ਹਵਾ ਵਿਚ ਫੈਲ ਰਹੀ ਹੈ।

ਲੱਛਮੀ ਪੁੱਛਦੀ ਹੈ, "ਕਾਲੀ ਬਾਬੂ, ਨੇਤਾ ਜੀ ਜੰਗਲ ਪਾਣੀ ਤੋਂ ਮੁੜ ਕੇ ਅਸ਼ਨਾਨ ਨਹੀਂ ਕਰਨਗੇ?"

ਸੈਨਿਕ ਜੀ ਦੇ ਨਾਲ 'ਲਾਲ ਪਤਾਕਾ' ਸਪਤਾਹਿਕ ਪੱਤਰ ਦੇ ਸੰਪਾਦਕ ਸ੍ਰੀ ਚਿੰਗਾੜੀ ਜੀ ਵੀ ਆਏ ਹਨ। ਮਾੜੂਏ ਜਿਹੇ, ਸਾਰਾ ਦਿਨ ਖੰਘਦੇ ਰਹਿੰਦੇ ਹਨ, ਅੱਖਾਂ ਤੇ ਬਿਨਾਂ ਫਰੇਮ ਵਾਲੀ ਐਨਕ ਲਾਉਂਦੇ ਹਨ, ਦਿਨ ਭਰ ਸਿਗਰੇਟ ਪੀਂਦੇ ਹਨ, ਸ਼ਾਇਦ ਇਸੇ ਲਈ ਚਿੰਗਾੜੀ ਜੀ ਨਾ ਪਿਆ ਹੈ। ਡਾਕਟਰ ਨੇ ਆਂਡੇ ਖਾਣ ਲਈ ਕਿਹਾ ਹੈ। ਬਿਨਾਂ ਆਂਡੇ ਖਾਧਿਆਂ ਏਨਾਂ ਗਰਮ ਅਖਬਾਰ ਕੋਈ ਕਿਵੇਂ ਕੱਢ ਸਕਦਾ ਹੈ? ਪਰ ਮੱਠ ਵਿਚ ਆਂਡਿਆਂ ਦਾ ਪ੍ਰਬੰਧ ਕਿਵੇਂ ਹੋ ਸਕਦਾ ਹੈ?

ਲੱਛਮੀ ਦੀ ਪ੍ਰਾਹੁਣਚਾਰੀ ਨੂੰ ਭੁੱਲਣਾ ਔਖਾ ਹੈ। ਚਿੰਗਾੜੀ ਜੀ ਰਾਤੀਂ ਸੌਂਣ ਵੇਲੇ ਸੈਨਿਕ ਜੀ ਨੂੰ ਕਹਿੰਦੇ ਹਨ, "ਮੈਂ ਲੱਛਮੀ ਜੀ ਤੇ ਇਕ ਮੁਕਤ ਬੰਦ ਲਿਖਣਾ ਚਾਹੁੰਦਾ ਹਾਂ......

"... ..ਓ ਮਹਾਨ ਸਤਿਗੁਰੂ ਦੀ ਸੇਵਿਕਾ,
"ਗਾਇਕਾ ਪਵਿੱਤਰ ਧਰਮ ਗ੍ਰੰਥ ਦੀ,
ਓ*ਮਹਾਨ ਮਾਰਕਸ ਦੇ ਦਰਸ਼ਨ ਦੀ ਦਰਸ਼ਿਕਾ,
ਸੁਦਰਸ਼ਨੇ, ਪ੍ਰਿਯਦਰਸ਼ਨੀ,
ਤੂੰ ਖ਼ੁਦ ਦਵੰਦਯੁਕਤ ਭੌਤਿਕਵਾਦ ਦੀ
ਸਿਨਥਿਸਸ ਏਂ।"

ਕਮਲੀ ਡਾਕਟਰ ਨੂੰ ਖਤ ਲਿਖਦੀ ਹੈ—

'ਪ੍ਰਾਣ ਨਾਥ! ਤੁਸੀਂ ਕਲ੍ਹ ਨਹੀਂ ਆਏ। ਕਿਉਂ ਨਹੀਂ ਆਏ? ਸੁਣਿਆ ਕਿ ਰਾਤੀਂ...... ।'

ਕਮਲੀ ਡਾਕਟਰ ਨੂੰ ਰੋਜ਼ ਖ਼ਤ ਲਿਖਦੀ ਹੈ। ਲਿਖ ਕੇ ਪੰਜ ਸੱਤ ਵਾਰ ਪੜ੍ਹਦੀ ਹੈ, ਫੇਰ ਪਾੜ ਸੁਟਦੀ ਹੈ। ਉਹਦੀ ਅਲਮਾਰੀ ਦੇ ਇਕ ਕੋਨੇ ਵਿਚ ਫਟੀਆਂ ਹੋਈਆਂ ਚਿੱਠੀਆਂ ਦਾ ਢੇਰ ਲਗਿਆ ਹੋਇਆ ਹੈ। ਖ਼ਤ ਲਿਖਣ ਤੇ ਲਿਖਣ ਤੋਂ ਬਾਅਦ ਉਹਨੂੰ ਪੜ੍ਹ ਕੇ ਉਹਨੂੰ ਬੜਾ ਸੁਖ ਮਿਲਦਾ ਹੈ। ਜੀ ਹਲਕਾ ਹੋ ਗਿਆ ਲਗਦਾ ਹੈ, ਅਤੇ ਨੀਂਦ ਵੀ ਚੰਗੀ ਆਉਂਦੀ ਹੈ।

"ਸੁੱਤਿਆਂ ਰਾਤੀਂ ਤੁਸੀਂ ਕਣਕ-ਵੰਨੇ ਸੱਪ ਤੋਂ ਬਾਲ-ਬਾਲ ਬਚ ਗਏ। ਕਣਕ ਵੰਨਾਂ ਨਹੀਂ, ਘੋੜ ਕਰੈਤ। ਕਣਕ ਵੰਨੇ ਤੇ ਕਰੈਤ ਦਾ ਦੋਗਲਾ। ਘੋੜੇ ਤੋਂ ਵਧ ਕੇ ਤੇਜ਼ ਦੌੜ ਸਕਦਾ ਹੈ। ਘੋੜ-ਕਰੈਤ ਦਾ ਡਸਿਆ ਹੋਇਆ ਬੰਦਾ ਓਝੇ ਗੁਣੀ ਦਾ ਦਰ ਵੀ ਨਹੀਂ ਦੇਖ ਸਕਦਾ। ਅੱਧੀ ਰਾਤੀਂ ਖ਼ਰਗੋਸ਼ ਅਤੇ ਚੂਹੇ ਆਪਣੇ ਆਪਣੇ ਪਿੰਜਰਿਆਂ ਵਿਚ ਘਬਰਾ ਕੇ ਦੌੜ-ਭੱਜ ਕਰਨ ਲਗੇ। ਡਾਕਟਰ ਸਾਹਿਬ ਨੇ ਪਿਆਰੂ ਨੂੰ ਬੁਲਾਇਆ, ਪਰ ਪਿਆਰੂ ਦੀ ਨੀਂਦ ਨਹੀਂ ਖੁਲ੍ਹੀ। ਜਾਨਵਰਾਂ ਦੇ ਕਮਰੇ ਦਾ ਦਰਵਾਜ਼ਾ ਖੋਲ੍ਹ ਕੇ ਟਾਰਚ ਕਰਦਿਆਂ ਹੀ ਡਾਕਟਰ ਤੜਫ ਕੇ ਪਿਛੇ ਹੱਟ ਗਏ—ਸੱਪ ਬਿਲਕੁਲ ਕੁਆੜ ਕੋਲ ਆਪਣੀ ਪੂਛ ਤੇ ਸਾਰੇ ਧੜ ਨੂੰ ਖੜਾ ਕਰਕੇ ਫੁੰਕਾਰ ਰਿਹਾ ਸੀ। ਉਦੋਂ ਤਕ ਪਿਆਰੂ ਵੀ ਜਾਗ ਪਿਆ ਸੀ। ਉਠਦਿਆਂ ਹੀ ਉਹਨੇ ਖੱਬੇ ਹੱਥ ਨਾਲ ਏਦਾਂ ਡਾਂਗ ਵਰ੍ਹਾਈ ਕਿ ਸੱਪ ਉਥੇ ਹੀ ਢੇਰ ਹੋ ਗਿਆ। ਢਾਈ ਹੱਥਾਂ ਜਿਡਾ ਸੱਪ। ਡਾਇਣ ਦਾ ਮੰਤਰ ਢਾਈ ਅੱਖਰਾਂ ਦਾ ਹੁੰਦਾ ਹੈ, ਅਤੇ ਡਾਇਣ ਦਾ ਭੇਜਿਆ ਹੋਇਆ ਸੱਪ ਢਾਈ ਹੱਥਾਂ ਜਿਡਾ।

ਸਵੇਰੇ ਜਿਨ੍ਹੇ ਵੀ ਇਹ ਗੱਲ ਸੁਣੀ, ਬਸ ਇਕੋ ਰਾਇ ਬਣਾਈ—ਇਹ ਤਾਂ ਪਹਿਲਾਂ ਹੀ ਪਤਾ ਸੀ। ਡਾਕਟਰ ਬਾਬੂ ਨੂੰ ਏਨਾਂ ਸਮਝਾਇਆ—ਬੁਝਾਇਆ ਕਿ ਪ ਰਬਤੀ ਦੀ ਮਾਂ ਨਾਲ ਏਨਾਂ ਹੇਲ ਮੇਲ ਨਾ ਹੋਵੇ। ਨਹੀਂ ਮੰਨੇ, ਹੁਣ ਜਾਨਣ। ਉਹ ਰਾਖਸ਼ਣੀ ਕਿਸੇ ਨੂੰ ਛੱਡੂਗੀ ? ਜਿਸ ਨੂੰ ਪਿਆਰ ਕੀਤਾ, ਉਹਨੂੰ ਜਰੂਰ ਖਾਊਗੀ। ਡਾਕਟਰ ਵਿਚਾਰਾ ਕੀ ਕਰੇ। ਉਹ ਆਪਣੇ ਮਨ ਨਾਲ ਤਾਂ ਕੁਝ ਨਹੀਂ ਕਰਦਾ। ਉਹਦੇ ਤੇ ਤਾਂ ਪਾਰਬਤੀ ਦੀ ਮਾਂ ਨੇ ਜਾਦੂ ਕਰ ਦਿਤਾ ਹੈ, ਉਹ ਆਪਣੇ ਵਸ ਵਿਚ ਨਹੀਂ। ਮੁਫ਼ਤ 'ਚ ਵਿਚਾਰੇ ਦੀ ਜਾਨ ਚਲੀ ਜਾਊ ਇਕ ਦਿਨ ਚ : ਚ।

ਕਮਲੀ ਨੂੰ ਡਾਇਣ, ਭੂਤ ਤੇ ਪ੍ਰੇਤਣੀ ਤੇ ਵਿਸ਼ਵਾਸ ਨਹੀਂ। ਤਹਿਸੀਲਦਾਰ ਸਾਹਿਬ ਵੀ ਇਹਨੂੰ ਮੂਰਖਤਾ ਸਮਝਦੇ ਹਨ। ਕਾਲੀਚਰਨ ਤਾਂ ਆਦਮੀ ਤੋਂ ਵਧ ਕੇ ਬਲਵਾਨ ਕਿਸੇ ਦੇਵਤੇ ਨੂੰ ਵੀ ਨਹੀਂ ਸਮਝਦਾ, ਫੇਰ ਡਾਇਣ-ਭੂਤ, ਓਝਾ-ਗੁਣੀ ਕਿਸ ਖੇਤ ਦੀ ਮੂਲੀ ਹਨ। ਇਨ੍ਹਾਂ ਨੂੰ ਛੱਡ ਕੇ ਪਿੰਡ ਦੇ ਬਾਕੀ ਸਾਰੇ ਲੋਕ ਡਾਇਣ ਬਾਰੇ ਇਕਮਤ ਹਨ। ਬਾਲਦੇਵ ਜੀ ਨੇ ਤਾਂ ਕਈ ਵਾਰ ਭੂਤ ਨੂੰ ਆਪਣੀ ਅੱਖੀਂ ਦੇਖਿਆ ਹੈ। ਮੂੰਸ ਦੇ ਪਿਛੇ ਪਿਛੇ ਖੈਨੀ-ਤਮਾਖੂ ਮੰਗਦਾ ਹੈ ਭੂਤ। ਪ੍ਰੇਤਣੀ ਦੇ ਪੈਰ ਪੁੱਠੇ ਹੁੰਦੇ ਹਨ ਅਤੇ ਉਹ ਬਿਰਛ ਦੀ ਡਾਲੀ ਨਾਲ ਲਟਕ ਕੇ ਝੂਲਦੀ ਹੈ। ਭੂਤ ਪ੍ਰੇਤ ਝੂਠ ਹੈ ? ਤਦ ਕਮਲਾ

ਕੰਢੇ, ਕੋਠੀ ਦੇ ਜੰਗਲ ਕੋਲ ਰਾਤੀਂ ਭੱਕ ਕਰਕੇ ਜਿਹੜਾ ਰਾਖਸ਼ ਸੜਨ ਲਗਦਾ ਹੈ, ਦੌੜਦਾ ਹੈ ਤੇ ਦੇਖਦਿਆਂ ਹੀ ਦੇਖਦਿਆਂ ਇਕ ਤੋਂ ਦਸ ਹੋ ਜਾਂਦਾ ਹੈ, ਉਹ ਕੀ ਹੈ ?

"ਡਾਕਟਰ ਸਾਹਿਬ ਹੁਣ ਨਿੱਤ ਹੀ ਮਾਸੀ ਦੇ ਘਰ ਜਾਂਦੇ ਹਨ। ਮਾਸੀ ਕੋਲ ਇਕ ਵਾਰ ਗਏ ਬਿਨਾਂ ਉਨ੍ਹਾਂ ਨੂੰ ਚੈਨ ਨਹੀਂ" ਪਿਆਰੂ ਕਹਿੰਦਾ ਹੈ। ਕਮਲੀ ਸੁਣਦੀ ਹੈ ਤੇ ਹਸਦੀ ਹੈ।

"ਡਾਕਟਰ ਸਾਹਿਬ ਗਨੇਸ਼ ਨੂੰ ਦੇਖਣ ਜਾਂਦੇ ਹਨ ਪਿਆਰੂ ।" "ਉਹ ਮੁੰਡਾ ਤਾਂ ਰਾਜ਼ੀ ਹੋ ਗਿਆ ਹੈ। ਮੋਟਾ ਹੋ ਕੇ ਕੋਲ੍ਹੂ ਬਣਦਾ ਜਾ ਰਿਹਾ ਹੈ। ਉਹਨੂੰ ਕੀ ਦੇਖਣ ਜਾਂਦੇ ਨੇ।"

"ਚੰਗਾ ਪਿਆਰੂ, ਡਾਕਟਰ ਸਾਹਿਬ ਤਾਂ ਸਾਡੇ ਵੀ ਰੋਜ਼ ਆਉਂਦੇ ਨੇ।"

"ਤੁਹਾਡੇ ਆਉਣ ਦੀ ਗੱਲ ਹੋਰ ਹੈ ਦੀਦੀ।"

"ਕਿਉਂ ? ਦੂਜੀ ਗੱਲ ਕਿਉਂ ਹੈ ?"

ਡਾਕਟਰ ਸਾਹਿਬ ਹਸਦੇ ਹੋਏ ਆਉਂਦੇ ਹਨ, "ਚੰਗਾ ! ਤਾਂ ਪਿਆਰੂ ਜੀ ਇਥੇ ਦਰਬਾਰ ਲਾਈ ਬੈਠੇ ਨੇ। ਉਹ ਬੁਖ਼ਾਰ ਵਾਲਾ ਖ਼ਰਗੋਸ਼ ਕਿਵੇਂ ਨੱਸ ਗਿਆ ?"

"ਜੀ ਅਸੀਂ ਦੁਪਹਿਰ ਦਾ ਦਾਣਾ ਦੇਣ ਗਏ ਤਾਂ ਦੇਖਿਆ ਕਿ ਪਿੰਜਰਾ ਖ਼ਾਲੀ।"

"ਸਵੇਰੇ ਸੂਈ ਲਾਉਣ ਪਿਛੋਂ ਤਾਂ ਮੈਂ ਪਿੰਜਰਾ ਬੰਦ ਕਰ ਦਿਤਾ ਸੀ । ਤੂੰ ਪਾਣੀ ਪਿਆ ਕੇ ਪਿੰਜਰਾ ਬੰਦ ਨਹੀਂ ਕੀਤਾ ਹੋਵੇਗਾ । ਮਹੀਨੇ ਭਰ ਦੀ ਮਿਹਨਤ ਅਜਾਈਂ ਗਈ।'

ਪਿਆਰੂ ਨੂੰ ਇਨ੍ਹਾਂ ਚੂਹਿਆਂ ਤੇ ਖ਼ਰਗੋਸ਼ਾਂ ਨਾਲ ਅੰਤਾਂ ਦੀ ਨਫ਼ਰਤ ਹੈ। ...ਬੰਦੇ ਦੇ ਇਲਾਜ ਨਾਲ ਮਨ ਨਹੀਂ ਰਜਦਾ ਤਾਂ ਜਾਨਵਰਾਂ ਦਾ ਇਲਾਜ ਕਰਦੇ ਹਨ। ਦਿਨ ਭਰ ਪਿੰਜਰਿਆਂ ਨੂੰ ਲੈ ਕੇ ਪਏ ਰਹਿੰਦੇ ਹਨ । ਬੁਖ਼ਾਰ ਦੇਖਦੇ ਹਨ। ਸੂਈ ਲਾਉਂਦੇ ਨੇ ਅਤੇ ਖ਼ੂਨ ਲੈਂਦੇ ਨੇ। ਜਦੋਂ ਤੋਂ ਇਹ ਜਾਨਵਰ ਆਏ ਨੇ, ਡਾਕਟਰ ਸਾਹਿਬ ਨੂੰ ਪਿਆਰੂ ਨਾਲ ਗੱਲ ਕਰਨ ਦੀ ਵੀ ਵਿਹਲ ਨਹੀਂ ਮਿਲਦੀ। ......ਹੁਣ ਭੰਗੜ ਟੋਲੀ ਦੇ ਲੋਕਾਂ ਨੂੰ ਕਹਿ ਰਹੇ ਹਨ—"ਦੋ ਤਿੰਨ ਗਿੱਦੜ ਦੇ ਬੱਚਿਆਂ ਦੀ ਲੋੜ ਹੈ। ਉਸ ਦਿਨ ਮਦਾਰੀ ਤੋਂ ਬਾਂਦਰ ਮੰਗ ਰਹੇ ਸਨ। ਅਜੀਬ ਸ਼ੌਕ ਹੈ।"

ਪਿਆਰੂ ਚੁੱਪ ਚਾਪ ਚਲਾ ਜਾਂਦਾ ਹੈ। ਮਾਂ ਹੱਸਦੀ ਹੋਈ ਆਉਂਦੀ ਹੈ—"ਡਾਕਟਰ ਸਾਹਿਬ ! ਮੈਂ ਵਿਸ਼ਹਰੀ ਭਰਾ ਨੂੰ ਇਕ ਜੂੜੀ ਕਬੂਤਰ ਅਤੇ ਦੁੱਧ (ਲਾਵਾਂ) ਲਿਆਉਣਾ ਕਬੂਲਿਆ ਹੈ।"

"ਵਿਸ਼ਹਰੀ ਦਵਾ ?"

"ਹਾਂ, ਐਨਟੀਵੇਨਮ ਇਕ ਦਵਾ ਹੈ, ਸੱਪ ਦੇ ਡਸੇ ਹੋਏ ਦਾ ਇਲਾਜ ਹੁੰਦਾ ਹੈ। ਮੈਂ ਐਨਟੀਵੇਨਮ ਤੋਂ ਵੀ ਬਹੁਤ ਪ੍ਰਭਾਵਸ਼ਾਲੀ ਤੇ ਸਸਤੀ ਦਵਾ ਦੀ ਖੋਜ ਕਰਨਾ ਚਾਹੁੰਦਾ

ਹਾਂ । ਸੁਣਦੇ ਹਾਂ, ਰੌਤਹੱਟ ਸਟੇਸ਼ਨ ਕੋਲ ਸਪੇਰਿਆਂ ਦਾ ਟੋਲਾ ਹੈ । ਸੱਪ ਫੜਵਾ ਕੇ ਰਖਣਾ ਪਊ ।"

"ਫੇਰ ਮਿੱਟੀ ਦੇ ਮਹਾਂਦੇਵ ਨਹੀਂ, ਅਸਲੀ ਮਹਾਂਦੇਵ ਹੋ ਜਾਵੋਗੇ ।"ਕਮਲੀ ਵਿਅੰਗ ਕਰਨਾ ਜਾਣਦੀ ਹੈ ।

ਡਾਕਟਰ ਸਾਹਿਬ ਹੱਸ ਪੈਂਦੇ ਹਨ । ਅਤੇ ਮਾਂ ਹਾਸਾ ਰੋਕ ਕੇ ਕਮਲੀ ਨੂੰ ਝਿੜਕਦੀ ਹੈ । "ਜੋ ਮੂੰਹ ਆਇਆ ਕਹਿ ਦਿਤਾ । ਜ਼ਰਾ ਵੀ ਲਾਜ ਲਿਹਾਜ ਨਹੀਂ । ਇਹਦੇ ਪਿਓ ਨੇ ਤਾਂ ਇਹਨੂੰ ਹੋਰ ਵੀ ਗਲਾਧੜੀ ਬਣਾ ਦਿਤਾ ਹੈ । ਤੂੰ ਇਥੇ ਆ ਕੇ ਜ਼ਰਾ ਚੁੱਪ ਕਰਕੇ ਬੈਠ, ਮੈਂ ਚਾਹ ਬਣਾ ਲਿਆਵਾਂ ।"

"ਤਹਿਸੀਲਦਾਰ ਸਾਹਿਬ ਕਿਥੇ ਗਏ ਨੇ ।" ਡਾਕਟਰ ਪੁੱਛਦਾ ਹੈ ।

"ਕਟਿਹਾਰ । ਸਰਕਲ ਮੈਨੇਜਰ ਦੇ ਕੈਂਪ 'ਚ ਗਏ ਨੇ ।" ਕਮਲੀ ਜਵਾਬ ਦਿੰਦੀ ਹੈ । ਅਜ ਪਹਿਲੀ ਵਾਰ ਕਮਲੀ ਨੇ ਡਾਕਟਰ ਨੂੰ ਆਪਣੇ ਕੋਲ ਇਕੱਲਿਆਂ ਵੇਖਿਆ ਹੈ । ਉਹ ਆਪਣੇ ਚਿਹਰੇ ਨੂੰ ਵੇਖ ਨਹੀਂ ਸਕਦੀ, ਪਰ ਏਦਾਂ ਲਗਦਾ ਹੈ ਕਿ ਉਹਦਾ ਚਿਹਰਾ ਹੌਲੀ ਹੌਲੀ ਲਾਲ ਹੁੰਦਾ ਜਾ ਰਿਹਾ ਹੈ । ਅੱਖਾਂ ਦੀਆਂ ਪਲਕਾਂ ਤੇ ਬੜਾ ਭਾਰ ਪੈ ਗਿਆ ਹੈ, ਕੰਨਾਂ ਤੇ ਈਅਰ ਰਿੰਗ ਕੰਬ ਰਹੇ ਹਨ । ਸਾਰੀ ਦੇਹ ਵਿਚ ਗੁਦਗੁਦੀ ਮਹਿਸੂਸ ਹੋ ਰਹੀ ਹੈ । ਦੇਹ ਹੌਲੀ ਫੂਲ ਜਾਪਦੀ ਹੈ । ...ਬੇਹੋਸ਼ੀ ! ਉਹ ਬੇਹੋਸ਼ ਹੋਣਾ ਨਹੀਂ ਚਾਹੁੰਦੀ । ਨਹੀਂ, ਨਹੀਂ ! ਡਾ...ਕਟਰ ।

"ਕਮਲਾ ।"

"ਜੀ" ।"

"ਕਮਲਾ ! ਏਧਰ ਦੇਖ ਕਮਲਾ ।"

"ਡਾਕਟਰ ਮੈਨੂੰ ਬਚਾਓ ।"

"ਕਮਲਾ ਅੱਖਾਂ ਖੋਲ੍ਹ ।"

ਕਮਲਾ ਨੇ ਅੱਖਾਂ ਖੋਲ੍ਹ ਦਿਤੀਆਂ । ਉਹਦਾ ਸਿਰ ਡਾਕਟਰ ਦੀ ਗੋਦ ਵਿਚ ਹੈ । ਮਾਂ ਹੱਥ 'ਚ ਚਮਚਾ ਲਈ ਖਲੋਤੀ ਹੈ, ਡਰ ਨਾਲ, ਮਾਂ ਦਾ ਮੂੰਹ ਪੀਲਾ ਪੈ ਗਿਆ ਹੈ, ਪਰ ਡਾਕਟਰ ਸਾਹਿਬ ਮੁਸਕਰਾ ਰਹੇ ਹਨ ।

"ਡਾਕਟਰ ਸਾਹਿਬ, ਇਹਦੀ ਬੀਮਾਰੀ ਦਾ ਤਾਂ ਖੁਰਾ-ਖੋਜ ਨਹੀਂ ਲੱਭਦਾ ।"

"ਪਰ ਰੋਗ ਤਾਂ ਹੌਲੀ ਹੌਲੀ ਘਟ ਰਿਹਾ ਹੈ । ਬੇਹੋਸ਼ ਹੋਈ, ਪਰ ਪੰਜਾਂ ਮਿੰਟਾਂ 'ਚ ਹੀ ਠੀਕ ਵੀ ਹੋ ਗਈ । ਏਸੇ ਤਰ੍ਹਾਂ ਇਕ ਦਿਨ ਜੜ੍ਹ ਤੋਂ ਹੀ ਇਹ ਰੋਗ ਖ਼ਤਮ ਹੋ ਜਾਵੇਗਾ । ......ਕਮਲਾ ਨੂੰ ਹੀ ਚਾਹ ਬਨਾਣ ਦਿਓ । ਜਾਹ ਕਮਲਾ ।"

ਕਮਲਾ ਉਠ ਕੇ ਇਸ ਤਰ੍ਹਾਂ ਦੌੜੀ ਜਿਵੇਂ ਕੁਝ ਹੋਇਆ ਹੀ ਨਹੀਂ ਸੀ । ਡਾਕਟਰ ਕਮਲਾ ਦੀ ਕਿਤਾਬ ਫੜ ਕੇ ਫੋਲਦਾ ਹੈ—ਨਲ ਦਮਿਅੰਤੀ । ਅਸਿਆ ਅਧਿਕਾਰਿਣੀ

ਕੁਮਾਰੀ ਕਮਲਾ ਦੇਵੀ। ...ਦੂਜੀ ਥਾਵੇਂ ਕੁਮਾਰੀ ਨੂੰ ਕਟ ਦਿਤਾ ਗਿਆ ਹੈ ਅਤੇ ਨਾਂ ਦੇ ਅੰਤ 'ਚ ਬੈਨਰਜੀ ਜੋੜ ਦਿਤਾ ਗਿਆ ਹੈ। —ਕਮਲਾ ਦੇਵੀ ਬੈਨਰਜੀ। ਡਾਕਟਰ ਕਾਹਲੀ ਨਾਲ ਸਫ਼ੇ ਫੋਲਦਾ ਹੈ—ਆਰਟ ਪੇਪਰ ਤੇ ਨਲ–ਦਮਿਅੰਤੀ ਦੀ ਤਸਵੀਰ। ਨਲ ਦੇ ਥੱਲੇ ਨੀਲੀ ਪੈਂਸਿਲ ਨਾਲ ਲਿਖਿਆ ਹੋਇਆ ਹੈ, 'ਪ੍ਰਸ਼ਾਂਤ' ਅਤੇ ਦਮਿਅੰਤੀ ਥੱਲੇ ਲਾਲ ਪੈਂਸਿਲ ਨਾਲ 'ਕਮਲਾ'। ਡਾਕਟਰ ਦੇ ਮਸਤਕ ਕੋਲ ਪਸੀਨੇ ਦੀਆਂ ਬਰੀਕ ਬਰੀਕ ਬੂੰਦਾਂ ਚਮਕ ਪੈਂਦੀਆਂ ਹਨ। ਉਹਨੂੰ ਯਾਦ ਆਉਂਦਾ ਹੈ, ਇਕ ਵਾਰ ਮਮਤਾ ਨਾਲ ਬਾਂਕੀਪੁਰ ਸਟੇਸ਼ਨ ਤੋਂ ਪਰਤ ਰਿਹਾ ਸੀ। ਰਿਕਸ਼ੇ ਵਿਚ ਬੈਠਣ ਸਮੇਂ ਇਕ ਭਿਖਾਰੀ ਨੇ ਘੇਰ ਲਿਆ ਸੀ – "ਜੁਗਲ ਜੋੜੀ ਕਾਇਮ ਰਵ੍ਹੇ, ਸੁਹਾਗ ਅਚਲ ਰਹੇ, ਮਾਂ ਦਾ, ਬਾਲ-ਬੱਚੇ ਸੁਖੀ (ਬਨਲ) ਰਹਿਣ।" ਮਮਤਾ ਨੇ ਬੈਗ ਵਿਚੋਂ ਇਕ ਆਨਾ ਕੱਢ ਕੇ ਦਿਤਾ ਸੀ ਅਤੇ ਡਾਕਟਰ ਵੱਲ ਵੇਖ ਕੇ ਖਿੜਖਿੜਾ ਕੇ ਹੱਸੀ ਸੀ ਅਤੇ ਡਾਕਟਰ ਦੇ ਮਸਤਕ ਕੋਲ ਇਸੇ ਤਰ੍ਹਾਂ ਪਸੀਨੇ ਦੀਆਂ ਬੂੰਦਾਂ ਚਮਕ ਪਈਆਂ ਸਨ।

"ਡਾਕਟਰ ਸਾਹਿਬ, ਕਮਲੀ ਲਈ ਇਕ ਚੰਗਾ ਜਿਹਾ ਵਰ ਤਾਂ ਲਭ ਦਿਓ ਨਾ। ਆਪ ਦੇ ਦੇਸ਼ ਵਿਚ...ਆਪ ਦੇ ਸਾਥੀ ਸੰਗੀ" ਮਾਂ ਕਹਿੰਦੀ ਕਹਿੰਦੀ ਸਿਰ ਤੇ ਘੁੰਡ ਸਰਕਾ ਕੇ ਚੁੱਪ ਕਰ ਜਾਂਦੀ ਹੈ। ਤਹਿਸੀਲਦਾਰ ਸਾਹਿਬ ਆ ਗਏ। ਰਨਜੀਤ ਦੇ ਹੱਥ ਵਿਚ ਇਕ ਵੱਡੀ ਸਾਰੀ ਰੋਹੂ ਮੱਛਲੀ ਹੈ।

"ਇਹ ਨਜ਼ਰਾਨਾ ਕਿਥੋਂ ਮਿਲਿਆ ?" ਡਾਕਟਰ ਸਾਹਿਬ ਹੱਸਦੇ ਹਨ।

"ਪਕਰੀਆ ਘਾਟ ਤੇ ਅੱਜ ਮਛੂਏ ਮੱਛੀਆਂ ਫੜ ਰਹੇ ਸਨ।" ਤਹਿਸੀਲਦਾਰ ਸਾਹਿਬ ਨੇ ਮੂੜ੍ਹੇ ਤੇ ਬੈਠਦਿਆਂ ਕਿਹਾ।

ਕਮਲਾ ਚਾਹ ਲੈ ਆਈ।

"ਡਾਕਟਰ ਸਾਹਿਬ, ਅੱਜ ਪਾਪ ਦੀ ਪੰਡ ਸੁਟ ਆਇਆ ਹਾਂ!" ਤਹਿਸੀਲਦਾਰ ਨੇ ਚਾਹ ਦੀ ਪਿਆਲੀ 'ਚੋਂ ਚੁਸਕੀ ਲੈਂਦਿਆਂ ਕਿਹਾ।

"ਮਤਲਬ ?"

"ਇਹ ਤਹਿਸੀਲਦਾਰੀ ਪਾਪ ਦੀ ਪੰਡ ਹੀ ਸੀ। ਇਹ ਨਵਾਂ ਸਰਕਲ ਮੈਨੇਜਰ ਆਉਂਦਿਆਂ ਹੀ 'ਅੱਗ ਪੇਸ਼ਾਬ' ਕਰਨ ਲਗਾ। 'ਲਾਲ ਪਤਾਕਾ' ਅਖ਼ਬਾਰ ਨੇ ਠੀਕ ਹੀ ਲਿਖਿਆ ਸੀ। 'ਰਾਜਪਾਰਬੰਗਾ ਦੇ ਮੀਨਾਪੁਰ ਸਰਕਲ ਦਾ ਨਵਾਂ ਮੈਨੇਜਰ ਨਾਦਰਸ਼ਾਹ ਦਾ ਭਤੀਜਾ ਹੈ। ਹੁਣ ਤੁਸੀਂ ਹੀ ਦਸੋ ਡਾਕਟਰ ਸਾਹਿਬ ਕਿ-ਜਿਨ੍ਹਾ ਰੈਯਤਾਂ ਵੱਲ ਸਿਰਫ਼ ਇਕੋ ਸਾਲ ਦਾ ਹੀ ਬਕਾਇਆ ਹੈ, ਉਨ੍ਹਾਂ ਤੇ ਨਾਲਿਸ਼ ਕਿਵੇਂ ਕੀਤੀ ਜਾਵੇ ? ਫੇਰ ਚੁੱਪ ਚਾਪ ਡਿਗਰੀ ਜਾਰੀ ਕਰਵਾ ਕੇ ਨੀਲਾਮ ਕਰੋ ਅਤੇ ਜ਼ਮੀਨ ਖ਼ਾਸ ਕਰ ਲਵੋ। ਏਨੀ ਵੱਡੀ ਬੇ ਇਨਸਾਫ਼ੀ ਮੈਥੋਂ ਨਹੀਂ ਹੋਵੇਗੀ। ਜ਼ਮਾਨਾ

ਕਿਨਾਂ ਨਾਜ਼ੁਕ ਹੈ, ਇਹ ਤਾਂ ਸਮਝਦੇ ਨਹੀਂ। ਮੈਂ ਸਾਫ ਇਨਕਾਰ ਕਰ ਦਿਤਾ ਤਾਂ ਕੜਕ ਕੇ ਬੋਲੇ —"ਨਹੀਂ ਕਰ ਸਕਦੇ ਤਾਂ ਇਸਤੀਫ਼ਾ ਦੇ ਦਿਓ।" ਗੰਗਾ ਅਸ਼ਨਾਨ ਤੋਂ ਵੀ ਵਧ ਕੇ ਇਹੋ ਜਿਹੇ ਪੁੰਨ ਦਾ ਮੌਕਾ ਨਿਤ ਨਹੀਂ ਮਿਲਦਾ। ਤੁਰਤ ਇਸਤੀਫਾ ਦੇ ਦਿਤਾ। ਸਾਰੀ ਜ਼ਿੰਦਗੀ ਤਾਂ ਗ਼ੁਲਾਮੀ ਕਰਦਿਆਂ ਹੀ ਬੀਤ ਗਈ। ...ਕਮਲਾ ਦੀ ਮਾਂ, ਅੱਜ ਮਤੱਸ ਭਗਵਾਨ ਆਏ ਨੇ। ਕਮਲਾ ਨੂੰ ਕਹਿ, ਡਾਕਟਰ ਸਾਹਿਬ ਨੂੰ ਨਿਓਂਦਾ ਦੇ ਦੇਵੇ।"

ਤਹਿਸੀਲਦਾਰ ਦੀ ਰਸਿਕਤਾ ਨੇ ਡਾਕਟਰ ਨੂੰ ਇਕ ਵਾਰ ਫੇਰ ਨਲ-ਦਮਿਅੰਤੀ ਦੀ ਯਾਦ ਕਰਾ ਦਿਤੀ। ਕਮਲੀ ਮੁਸਕਰਾ ਰਹੀ ਹੈ। ਮਾਂ ਕਹਿੰਦੀ ਹੈ, "ਬਗੈਰ ਮਿਰਚ ਮਸਾਲੇ ਦੇ ਮੱਛਲੀ ਕਮਲੀ ਹੀ ਬਣਾ ਸਕਦੀ ਹੈ।"

ਡਾਕਟਰ ਮਹਿਸੂਸ ਕਰਦਾ ਹੈ, ਕਮਲਾ ਦੇ ਨਿਓਂਦੇ ਨੂੰ ਨਾ ਸਵੀਕਾਰਨ ਦੀ ਹਿੰਮਤ ਉਹਦੇ 'ਚ ਨਹੀਂ। ...ਕਮਲਾ ਬੈਨਰਜੀ। ...ਕਮਲਾ ਦੀਆਂ ਅੱਖਾਂ।

ਚਾਂਦ ਬਯਾਰਿ ਭੇਲ ਬਾਦਲ, ਮੱਛਲੀ ਬਯਰਿਮਹਾਜਾਨ,
ਤਿਰੀਆ ਬਯਰਿ ਦੁਹੁ ਲੋਚਨ...।

## ਇੱਕੀ

ਰਾਤੀਂ ਤੰਤਰਿਮਾਂ ਟੋਲੀ ਵਿਚ ਸਹਿਦੇਵ ਮਿਸਰ ਫੜੇ ਗਏ।

ਇਹ ਸਾਰੀ ਖ਼ਲਾਸੀ ਦੀ ਕਰਤੂਤ ਹੈ। ਓਪਰੇ ਬੰਦੇ ਦੇ ਸਿਵਾ ਇਹੋ ਜਿਹਾ ਜਾਲ-ਫ਼ਰੇਬ ਪਿੰਡ ਦਾ ਹੋਰ ਕਿਹੜਾ ਬੰਦਾ ਕਰ ਸਕਦਾ ਹੈ? ਪੁਸ਼ਤਾਂ ਤੋਂ ਹੀ ਬਾਬੂ ਲੋਕ ਛੋਟੇ ਲੋਕਾਂ ਦੇ ਟੋਲੇ ਵਿਚ ਜਾਂਦੇ ਹਨ। ਖੇਤੀ ਬਾੜੀ ਸਮੇਂ ਸ਼ਾਮ ਨੂੰ ਹੀ ਜਣਿਆਂ (ਮਜ਼ਦੂਰਾਂ) ਨੂੰ ਕਾਇਮ ਕਰਨਾ ਹੁੰਦਾ ਹੈ, ਸੂਰਜ ਉਗਣ ਤੋਂ ਇਕ ਘੰਟਾ ਪਹਿਲਾਂ ਹੀ ਖੇਤਾਂ 'ਚ ਮਜ਼ਦੂਰਾਂ ਨੂੰ ਪਹੁੰਚ ਜਾਣਾ ਚਾਹੀਦਾ ਹੈ। ਇਸ ਲਈ ਸਾਰੇ ਹੀ ਵੱਡੇ ਕਿਸਾਨ ਸ਼ਾਮੀ ਜਾਂ ਰਾਤੀਂ ਹੀ ਆਪਣੇ ਆਪਣੇ ਜਣਿਆਂ ਨੂੰ ਕਹਿ ਜਾਂਦੇ ਹਨ। ਤੰਤਰਿਮਾਂ ਟੋਲੀ ਵਿਚ ਜਦੋਂ ਤੋਂ ਖ਼ਲਾਸੀ ਦਾ ਆਉਣ ਜਾਣ ਸ਼ੁਰੂ ਹੋਇਆ ਹੈ, ਉਦੋਂ ਤੋਂ ਹੀ ਨਵੀਆਂ ਨਵੀਆਂ ਗੱਲਾਂ ਸੁਣਨ 'ਚ ਆ ਰਹੀਆਂ ਹਨ। ਦੇਖਾ ਦੇਖੀ ਦੂਜੇ ਟੋਲੇ ਵਿਚ ਵੀ ਨਿਯਮ ਕਾਨੂੰਨ, ਪੰਚਾਇਤ ਅਤੇ ਬੰਨ੍ਹਣ ਹੋ ਗਏ। ਬਚਾਰੇ ਸਹਿਦੇਵ ਮਿਸਰ ਨੂੰ ਸਾਰੀ ਰਾਤ ਤੰਤਰਿਮਾਂ ਲੋਕਾਂ ਨੇ ਬੰਨ੍ਹ ਕੇ ਰਖਿਆ। ...ਫੁਲਿਆ ਦੇ ਘਰ ਵੜਿਆ ਸੀ ਤਾਂ ਫੁਲਿਆ ਨੇ ਹੱਲਾ ਕਿਓਂ ਨਹੀਂ ਕੀਤਾ? ਜਿਹੜੇ ਘਰ ਵੜਿਆ ਸੀ ਉਹਦੀ ਨੀਂਦ ਹੀ ਨਹੀਂ ਖੁਲ੍ਹੀ, ਮਾਪਿਆਂ ਨੂੰ ਬਿੜਕ ਹੀ ਨਹੀਂ ਹੋਈ ਅਤੇ

ਉਨ੍ਹਾਂ ਦਾ ਕੁੱਤਾ ਵੀ ਨਹੀਂ ਭੌਂਕਿਆ। ਪਿੰਡ ਦੇ ਲੋਕਾਂ ਨੂੰ ਬੇਤਾਰ ਤੋਂ ਖ਼ਬਰ ਮਿਲ ਗਈ। ਇਹ ਖ਼ਲਾਸੀ ਦੀ ਬਦਮਾਸ਼ੀ ਹੈ। ਇਹੋ ਹਾਲਤ ਰਹੀ ਤਾਂ ਛੋਟੇ ਲੋਕਾਂ ਦੇ ਟੋਲੇ ਵਿਚ ਜਣਿਆਂ ਖਾਤਰ ਜਾਣਾ ਔਖਾ ਹੋ ਜਾਵੇਗਾ। ਕੌਣ ਜਾਣੇ, ਕਿਹਦੇ ਤੇ ਕਦੋਂ ਝੂਠ ਮੂਠ ਕਿਹੜੀ ਤੁਹਮਤ ਲਗ ਜਾਵੇ ? ਪੰਚਾਇਤ ਹੋਣੀ ਚਾਹੀਦੀ ਹੈ। ਰਾਜਪੂਤਾਂ ਨੇ ਜੇ ਇਸ ਪੰਚਾਇਤ ਵਿਚ ਬ੍ਰਾਹਮਣਾਂ ਦਾ ਪੱਖ ਨਾ ਲਿਆ ਤਾਂ ਬ੍ਰਾਹਮਣ ਲੋਕ ਗਵਾਰਿਆਂ ਨੂੰ ਰਾਜਪੂਤ ਮੰਨ ਲੈਣਗੇ।

"ਸਾਨੂੰ ਕੁਝ ਨਹੀਂ ਪਤਾ" ਫੁਲਿਆ ਪੰਚਾਂ ਵਿਚ ਹੱਥ ਜੋੜ ਕੇ ਕਹਿੰਦੀ ਹੈ, "ਜਦੋਂ ਆਂਗਣ ਵਿਚ ਹੱਲਾ ਹੋਣ ਲਗਾ ਤਦ ਮੇਰੀਆਂ ਅੱਖਾਂ ਖੁਲ੍ਹੀਆਂ।"

ਸਹਿਦੇਵ ਮਿਸਰ ਕੋਲ ਮਹਿੰਗੂ ਦਾਸ ਦੇ ਅੰਗੂਠੇ ਦੀ ਮੁਹਰ ਹੈ – ਸਾਦੇ ਕਾਗ਼ਜ਼ ਉਤੇ। ਮਹਿੰਗੂ ਦੀ ਬੋਦੀ ਸਹਿਦੇਵ ਦੇ ਹੱਥ ਵਿਚ ਹੈ। ਸਹਿਦੇਵ ਜੋ ਚਾਹੇ ਕਰ ਸਕਦਾ ਹੈ। ਦੋਵੇਂ ਗਊਆਂ ਅਤੇ ਚਾਰੇ ਬੱਛਿਆਂ ਨੂੰ ਕੱਲ੍ਹ ਹੀ ਕਿੱਲੇ ਤੋਂ ਖੋਲ੍ਹ ਕੇ ਲੈ ਜਾਵੇਗਾ। ਇਸ ਤੋਂ ਇਲਾਵਾ ਸਾਲ ਭਰ ਦਾ ਖ਼ਰਚਾ ਵੀ ਤਾਂ ਸਹਿਦੇਵ ਨੇ ਹੀ ਚਲਾਇਆ ਹੈ। ਇਕ ਬੰਦੇ ਦੀ ਮਜ਼ੂਰੀ ਨਾਲ ਤਾਂ ਇਕ ਬੰਦੇ ਦਾ ਵੀ ਢਿਡ ਨਹੀਂ ਭਰਦਾ। ...ਪਰ ਹੁਣ ਫੁਲਿਆ ਦੇ ਹੱਥ ਵਿਚ ਹੀ ਸਹਿਦੇਵ ਮਿਸਰ ਦੀ ਇੱਜ਼ਤ ਅਤੇ ਆਪਣੇ ਪਿਓ ਦੀ ਦੁਨੀਆਂ ਹੈ, ਉਹਦੇ ਬੋਲਣ ਵਿਚ ਜਰਾ ਵੀ ਹੇਰ ਫੇਰ ਹੋਇਆ ਕਿ ਸਹਿਦੇਵ ਦੀ ਇੱਜ਼ਤ ਧੂੜ ਵਿਚ ਮਿਲ ਜਾਵੇਗੀ ਅਤੇ ਉਹਦੇ ਪਿਓ ਦੀ ਦੁਨੀਆਂ ਵੀ ਉਜੜ ਜਾਵੇਗੀ।

ਪੰਚਾਇਤ ਵਿਚ ਸਾਰੇ ਪਿੰਡ ਦੇ ਛੋਟੇ ਵੱਡੇ ਲੋਕ ਜਮਾਂ ਹੋਏ ਹਨ। ਤਹਿਸੀਲਦਾਰ ਸਾਹਿਬ ਪੁਰੈਨੀਆਂ ਗਏ ਹਨ। ਪੰਚਾਇਤ ਵਿਚ ਇਕੱਲੇ ਸਿੰਘ ਜੀ ਬੋਲ ਰਹੇ ਹਨ। ਕਾਲੀ ਟੋਪੀ ਵਾਲੇ ਸੰਯੋਜਕ ਵੀ ਹਨ। ਬਾਲਦੇਵ ਜੀ ਵੀ ਹਨ। ਕਾਲੀਚਰਨ ਬੁਲਾਏ ਬਿਨਾਂ ਹੀ ਆਇਆ ਹੈ। ਸਿੰਘ ਜੀ ਇਕੱਲੇ ਹੀ ਬਹਿਸ ਕਰ ਰਹੇ ਹਨ। ਤਹਿਸੀਲਦਾਰ ਸਾਬ੍ਹ ਹੁੰਦੇ ਤਾਂ ਥੋੜੀ ਆਸਾਨੀ ਹੁੰਦੀ ਸਿੰਘ ਜੀ ਨੂੰ।

"...ਗੱਲ ਪੁਛਣ ਤੇ ਇਕ ਘੰਟੇ ਵਿਚ ਤਾਂ ਜਵਾਬ ਮਿਲਦਾ ਹੈ। ਹਾਂ ..ਜਦੋਂ ਆਂਗਣ ਵਿਚ ਹੱਲਾ ਹੋਣ ਲਗਾ ਤਦ ਤੁਹਾਡੀ ਨੀਂਦ ਖੁਲ੍ਹੀ। ...ਸੁਣ ਲਵੋ ਸਾਰੇ ਪੰਚ ...ਚੰਗਾ ਜਦੋਂ ਤੁਹਾਡੀ ਨੀਂਦ ਖੁਲ੍ਹੀ ਤਾਂ ਤੁਸਾਂ ਕੀ ਦੇਖਿਆ।

"ਸਹਿਦੇਵ ਮਾਲਕ ਨੂੰ ਆਂਗਣ ਵਿਚ ਘੇਰ ਕੇ ਸਾਰੇ ਹੁਲੜ ਮਚਾ ਰਹੇ ਸਨ।"

"ਚੰਗਾ ਤੂੰ ਬਹਿ ਜਾ। ਕਿਥੇ ਐ, ਸਹਿਦੇਵ ਮਿਸਰ ? ਹੁਣ ਤੁਸੀਂ ਦਸੋ ਕਿ ਮਹਿੰਗੂ ਦਾਸ ਦੇ ਏਨੀ ਰਾਤੀਂ ਤੁਸੀਂ ਕਿਉਂ ਗਏ ਸੀ ?"

"ਰਾਤੀਂ ਸਾਡੇ ਢਿਡ ਵਿਚ ਜ਼ਰਾ ਦਰਦ ਹੋਇਆ ? ਲੋਟਾ ਲੈ ਕੇ ਬਾਹਰ ਨਿਕਲੇ। ਜਦੋਂ ਜੰਗਲ ਪਾਣੀ ਤੋਂ ਪਰਤ ਰਹੇ ਸਾਂ ਤਾਂ ਦੇਖਿਆ ਕਿ ਕਮਲਾ ਕੰਢੇ

ਵਾਲੇ ਖੇਤ ਵਿਚ ਕਿਸੇ ਦਾ ਬਲਦ ਕਣਕ ਚਰ ਰਿਹਾ ਹੈ। ਇਸ ਲਈ ਮਹਿੰਗੂ ਨੂੰ ਜਗੌਣ ਆਇਆ ਸੀ।"

"ਕਿਉਂ ?"

"ਕਮਲਾ ਕੰਢੇ ਵਾਲੀ ਜ਼ਮੀਨ ਦੀ ਰਖਵਾਲੀ ਮਹਿੰਗੂ ਦਾਸ ਨੂੰ ਸੌਂਪੀ ਹੋਈ ਹੈ।"

"ਚੰਗਾ ਫੇਰ ?"

"ਜਦੋਂ ਅਸੀਂ ਜਾ ਰਹੇ ਸਾਂ ਤਾਂ ਰਵਿਆਂ ਤੇ ਸੋਨਮਾਂ ਨੂੰ ਆਪਣੇ ਖੇਤ ਵਿਚੋਂ ਸਕਰਕੰਦੀ ਪੁਟਦਿਆਂ ਫੜਿਆ, ਦੋਵਾਂ ਨੂੰ ਡਾਂਟ-ਡਪਟ ਦਿਤਾ। ਮਹਿੰਗੂ ਦਾਸ ਨੂੰ ਜਗਾ ਕੇ ਜਿਵੇਂ ਹੀ ਅਸੀਂ ਉਨ੍ਹਾਂ ਦੇ ਆਂਗਣ 'ਚੋਂ ਨਿਕਲ ਰਹੇ ਸਾਂ ਕਿ ਰਵਿਆ, ਸੋਨਮਾ, ਭੇਤਰਾ ਅਤੇ ਨੱਕ ਛੇਦਿਆਂ ਨੇ ਸਾਨੂੰ ਫੜ ਲਿਆ ਅਤੇ ਹੱਲਾ ਕਰਨ ਲਗੇ।"

"ਕੀ ਦਸੀਏ, ਸਾਡੀ ਪੰਜ ਬਿਘੇ ਸਕਰਕੰਦੀ ਇਨ੍ਹਾਂ ਸਾਲਿਆਂ ਨੇ ਚੁਰਾ ਕੇ ਖ਼ਤਮ ਕਰ ਦਿਤੀ" .."ਚੰਗਾ ਤੁਸੀਂ ਬੈਠ ਜਾਓ। ...ਕਿਥੇ ਮਹਿੰਗੂ ?"

"ਜੀ ਸਰਕਾਰ" ਮਹਿੰਗੂ ਬੁੱਢਾ ਹੱਥ ਜੋੜਕੇ ਖੜਾ ਹੁੰਦਾ ਹੈ।

"ਸਹਿਦੇਵ ਮਿਸਰ ਨੇ ਤੈਨੂੰ ਜਾ ਕੇ ਜਗਾਇਆ ਸੀ।"

"ਜੀ ਸਰਕਾਰ।"

"ਹੁਣ ਪੰਚ ਲੋਕ ਫ਼ੈਸਲਾ ਕਰਨ ਕਿ ਅਸਲ ਗੱਲ ਕੀ ਹੈ ?"

ਕਾਲੀਚਰਨ ਕਿਵੇਂ ਚੁੱਪ ਰਹਿ ਸਕਦਾ ਹੈ। ਪੰਚਾਇਤ ਵਿਚ ਇਕ ਪਾਸੜ ਗੱਲ ਨਹੀਂ ਹੋਣੀ ਚਾਹੀਦੀ। ਰਵਿਆ ਅਤੇ ਸੋਨਮਾ ਪਾਰਟੀ ਦਾ ਮੈਂਬਰ ਹੈ। ਇਹ ਤਾਂ ਪੰਚਾਇਤ ਨਹੀਂ, ਮੂੰਹ ਦਿਖਾਵਾ ਹੈ। ਕਾਲੀਚਰਨ ਕਿਵੇਂ ਚੁੱਪ ਰਹਿ ਸਕਦਾ ਹੈ – "ਸਿੰਘ ਜੀ ! ਜ਼ਰਾ ਸਾਨੂੰ ਵੀ ਕੁਛ ਪੁਛਣ ਦਿਓ।"

ਪੰਚਾਇਤ ਦੇ ਸਾਰੇ ਪੰਚਾਂ ਦੀਆਂ ਨਿਗਾਹਾਂ ਅਚਾਨਕ ਕਾਲੀਚਰਨ ਵੱਲ ਮੁੜ ਗਈਆਂ। ਸਿੰਘ ਜੀ ਗੁੱਸੇ ਨਾਲ ਲਾਲ ਹੋ ਗਏ। ਪਰ ਪੰਚਾਇਤ ਵਿਚ ਗੁੱਸਾ ਨਹੀਂ ਹੋਣ ਚਾਹੀਦਾ। ਰਾਜਪੂਤ ਟੋਲੀ ਦੇ ਨੌਜਵਾਨ ਆਪਸ ਵਿਚ ਘੁਸਰਮੁਸਰ ਕਰਨ ਲਗੇ। ਸੰਯੋਜਕ ਜੀ ਨੇ ਪਾਕਿਟ ਟੋਹ ਕੇ ਦੇਖ ਲਿਆ — ਸੀਟੀ ਲਿਆਉਣੀ ਭੁਲ ਤਾਂ ਨਹੀਂ ਗਏ ਹਨ। ਜੋਤਖੀ ਜੀ ਇਤਰਾਜ ਕਰਦੇ ਹਨ – "ਕਾਲੀਚਰਨ ਨੂੰ ਅਸੀਂ ਪੰਚ ਨਹੀਂ ਮੰਨਦੇ।"

"ਤਾਂ ਪਹਿਲਾਂ ਇਸ ਗੱਲ ਦਾ ਫ਼ੈਸਲਾ ਹੋ ਜਾਵੇ, ਕਿ ਪੰਚਾਇਤ ਦੇ ਕਿੰਨੇ ਲੋਕ ਸਾਨੂੰ ਪੰਚਾਇਤ ਮੰਨਦੇ ਹਨ ਤੇ ਕਿੰਨੇ ਨਹੀਂ। ਇਕ ਬੰਦੇ ਦੇ ਚਾਹੁਣ ਤੇ ਨਾ ਚਾਹੁਣ ਤੇ ਕੀ ਹੁੰਦਾ ਹੈ। ...ਚੰਗਾ ਪੰਚ ਪਰਮੇਸ਼ਰ ਕੀ ਸਾਨੂੰ ਇਸ ਪੰਚਾਇਤ ਵਿਚ ਬੈਠਣ, ਬੋਲਣ ਤੇ ਰਾਇ ਦੇਣ ਦਾ ਹੱਕ ਨਹੀਂ ? ਕੀ ਅਸੀਂ ਇਸ ਪਿੰਡ ਦੇ ਵਾਸੀ ਨਹੀਂ ਹਾਂ ?" ਕਾਲੀਚਰਨ ਖੜਾ ਹੋ ਕੇ ਕਹਿੰਦਾ ਹੈ। "ਜੇ ਤੁਸੀਂ ਸਾਨੂੰ ਪੰਚ

ਮੰਨਦੇ ਹੋ ਤਾਂ ਹੱਥ ਖੜੇ ਕਰੋ ।"

ਗੁਮਸੁਮ ਬੈਠੇ ਹੋਏ ਸੈਂਕੜੇ ਮੂਕ ਜਾਨਵਰਾਂ ਦੇ ਸਿਰ ਵਿਚ ਜਿਵੇਂ ਅਰਨਾਂ ਮੈਂਸਾ (ਜੰਗਲੀ ਮੈਂਸਾ) ਦੇ ਸਿੰਗ ਉਗ ਪਏ । ਸੈਂਕੜੇ ਹੱਥ ਉਠ ਖਲੋਤੇ ।

"ਦੋਵੇਂ ਹੱਥ ਨਹੀਂ, ਇਕ ਹੱਥ । ਠਹਿਰੋ, ਗਿਣਨ ਦਿਓ । ਇਕ...ਦੋ ਤਿੰਨ ਚਾਰ ਪੰਜ...ਇਕ ਸੌ ਪੰਜ ।"

ਬਾਲਦੇਵ ਜੀ ਨੇ ਹੱਥ ਨਹੀਂ ਚੁੱਕਿਆ ।

"ਇਕ ਸੌ ਪੰਜ । ਹੁਣ ਜਿਹੜੇ ਲੋਕ ਸਾਨੂੰ ਪੰਚ ਨਹੀਂ ਮੰਨਦੇ ਹੱਥ ਖੜੇ ਕਰਨ । ...ਇਕ, ਦੋ...ਤਿੰਨ, ਚਾਰ ਪੰਜ...ਪੰਦਰਾਂ ।"

"ਸਿਰਫ਼ ਪੰਦਰਾਂ ।" ਸਿਘ ਜੀ ਨੂੰ ਵਿਸ਼ਵਾਸ਼ ਨਹੀਂ ਹੁੰਦਾ । ਆਪ ਗਿਣਦੇ ਹਨ । ਰਾਜਪੂਤ ਅਤੇ ਬ੍ਰਾਹਮਣ ਟੋਲੀ ਦੇ ਬੰਦੇ ਕਿਥੇ ਚਲੇ ਗਏ ? ਜੋਤਖੀ ਜੀ ਦੇ ਮੁੰਡੇ ਨਾਮ ਨਰੈਣ ਨੇ ਵੀ ਕਲਿਏ ਦੇ ਪੱਖ ਵਿਚ ਹੀ ਹੱਥ ਖੜਾ ਕੀਤਾ ਹੈ ?...

"ਫੁਲਿਆ ।" ਕਾਲੀਚਰਨ ਦੀ ਆਵਾਜ਼ ਸੁਣ ਕੇ ਡਰ ਲਗਦਾ ਹੈ । ਫੁਲਿਆ ਫੇਰ ਖਲੋਂਦੀ ਹੈ ।

"ਦੇਖੋ, ਇਹ ਪੰਚਾਇਤ ਹੈ । ਪੰਚਾਇਤ ਵਿਚ ਪਰਮੇਸ਼ਰ ਰਹਿੰਦੇ ਹਨ । ਪੰਚਾਇਤ ਵਿਚ ਝੂਠ ਬੋਲਣ ਨਾਲ ਹੱਥੋ ਹੱਥ ਇਹਦਾ ਫਲ ਮਿਲਦਾ ਹੈ । ਸੱਚ ਸੱਚ ਦਸ । ਸੱਚੀ ਗੱਲ ਕੀ ਹੈ ?"

"................."

"ਬੋਲ ।"

"ਸਹਿਦੇਵ ਮਿਸਰ ਸਾਡੇ ਘਰ ਵੜੇ ਸਨ ।"

"ਤੂੰ ਹੱਲਾ ਕਿਓਂ ਨਹੀਂ ਕੀਤਾ ?"

"................."

"ਬੋਲ ਡਰਨ ਵਾਲੀ ਕੋਈ ਗੱਲ ਨਹੀਂ ।"

"ਬਾਪੂ ਦੇ ਡਰ ਤੋਂ ?"

"ਬਾਪੂ ਦੇ ਡਰ ਤੋਂ ?"

"ਹਾਂ ! ਬਾਪੂ ਸਹਿਦੇਵ ਮਿਸਰ ਦਾ ਕਰਜ਼ਾ ਦਿੰਦੇ ਹਨ ।"

"ਬੈਠ ਜਾ । ...ਮਹਿੰਗੂ ।"

ਮਹਿੰਗੂ ਹੱਥ ਜੋੜ ਕੇ ਫੇਰ ਖੜੋ ਜਾਂਦਾ ਹੈ ।

"ਕੀ ਗੱਲ ਹੈ ?"

"................"

"ਫੁਲਿਆ ਜੋ ਕਹਿੰਦੀ ਹੈ, ਠੀਕ ਹੈ ?"

"................"

"ਡਰ ਨਾ! ਜਿਹੜੀ ਗੱਲ ਹੈ, ਦੱਸ।"

"ਕਿਹੜਾ ਬਿਰਛ ਹੈ, ਜਿਸ ਨੂੰ ਹਵਾ ਨਹੀਂ ਲਗਦੀ ਤੇ ਪੱਤੇ ਨਹੀਂ ਝੜਦੇ।"

"ਦੂਜਿਆਂ ਦੀ ਗੱਲ ਨਾ ਕਰ! ਆਪਣੀ ਗੱਲ ਕਰ।"

"ਕੱਲੇ ਸਾਨੂੰ ਹੀ ਕਿਉਂ ਦੋਸ਼ ਦਿੰਦੇ ਹੋ। ਸਾਰੇ ਪਿੰਡ ਦਾ ਇਹੋ ਹਾਲ ਹੈ। ਕਿਹੜਾ ਘਰ ਏਦਾਂ ਦਾ ਹੈ..."

"ਮੈਂ ਤੈਨੂੰ ਪੁੱਛਦਾ ਹਾਂ..."

"ਪਹਿਲਾਂ ਤੂੰ ਆਪਣੀ ਮਾਂ ਕੋਲ ਜਾ ਕੇ ਧਰਮ ਈਮਾਨ ਨਾਲ ਪੁੱਛ ਕਿ ਤੂੰ ਕਿਸ ਦਾ ਪੁੱਤਰ ਏਂ?" ਜੋਤਖੀ ਜੀ ਹਿੰਮਤ ਕਰਕੇ ਕਹਿੰਦੇ ਹਨ। ਕਰੋਧ ਨਾਲ ਉਨ੍ਹਾਂ ਦੀਆਂ ਅੱਖਾਂ ਲਾਲ ਹੋ ਗਈਆਂ ਹਨ।

"ਜੋਤਖੀ ਚਾਚਾ, ਸਾਨੂੰ ਆਪਣੇ ਬਾਪ ਬਾਰੇ ਪਤਾ ਹੈ।"

"ਜੋਤਖੀ ਜੀ ਆਪਣੀ ਇਸਤਰੀ ਤੋਂ ਪੁੱਛਣ ਕਿ ਉਹਦੇ ਢਿਡ ਵਿਚ ਕਿਸ ਦਾ ਬੱਚਾ ਹੈ" ਬਾਸੁਦੇਵ ਚਿੱਲਾ ਕੇ ਕਹਿੰਦਾ ਹੈ।

"ਕਿਹੜਾ ਨਹੀਂ ਜਾਣਦਾ ਕਿ ਜੋਤਖੀ ਜੀ ਦਾ ਨੌਕਰ..."

"ਚੁੱਪ ਰਹਿ ਸੁੰਦਰ!" ਕਾਲੀਚਰਨ ਲੋਕਾਂ ਨੂੰ ਸ਼ਾਂਤ ਕਰਦਾ ਹੈ, "ਚੁੱਪ ਰਹੋ! ਸ਼ਾਂਤੀ! ਸ਼ਾਂਤੀ!"

"ਟੂ ਟੂ...ਟੂ ਟੂ" ਸੰਯੋਜਕ ਜੀ ਸੀਟੀ ਮਾਰਦੇ ਹਨ। ਇਕ ਦਰਜਨ ਤੋਂ ਵੀ ਵੱਧ ਨੌਜਵਾਨ ਰਾਜਪੂਤ ਟੋਲੀ ਤੋਂ ਹੱਥਾਂ 'ਚ ਡਾਗਾਂ ਲੈ ਕੇ ਦੌੜੇ ਆਏ ਅਤੇ ਪੰਚਾਇਤ ਨੂੰ ਚਾਰਾਂ ਪਾਸਿਆਂ ਤੋਂ ਘੇਰ ਕੇ ਖਲੋ ਗਏ।

"ਸਿੰਘ ਜੀ, ਇਨ੍ਹਾਂ ਡਾਂਗਾਂ ਵਾਲੇ ਨੌਜਵਾਨਾਂ ਨੂੰ ਤੁਸਾਂ ਬੁਲਾਇਆ ਹੈ? ...ਤਾਂ ਤੁਸੀਂ ਪੰਚਾਇਤ ਨਹੀਂ, ਦੰਗਾ ਕਰਾਣਾਂ ਚਾਹੁੰਦੇ ਹੋ?" ਕਾਲੀਚਰਨ ਪੁੱਛਦਾ ਹੈ।

ਸਿੰਘ ਜੀ ਕਹਿੰਦੇ ਹਨ "ਹੁਣ ਇਹ ਪੰਚ ਇਤ ਨਹੀਂ ਹੋ ਸਕਦੀ। ਪਾਰਟੀ ਬਾਜ਼ੀ ਨਾਲ ਕਿਤੇ ਇਨਸਾਫ਼ ਹੁੰਦਾ ਹੈ?"

ਸਿੰਘ ਜੀ ਰਾਜਪੂਤ ਟੋਲੀ ਦੇ ਪੰਚਾਂ ਨਾਲ ਉਠ ਖਲੋਤੇ ਹਨ। ਕਾਲੀ ਟੋਪੀ ਵਾਲੇ ਜਵਾਨ, ਸਿੰਘ ਜੀ, ਸੰਯੋਜਕ ਜੀ ਨੂੰ ਅਤੇ ਰਾਜਪੂਤ ਟੋਲੀ ਦੇ ਪੰਚਾਂ ਨੂੰ ਚਹੁੰ ਪਾਸਿਓ ਤੋਂ ਘੇਰੇ 'ਚ ਲੈ ਕੇ, ਫ਼ੌਜੀ ਕਵਾਇਦ ਕਰਦੇ ਹੋਏ ਚਲੇ ਜਾਂਦੇ ਹਨ।

ਜੋਤਖੀ ਜੀ ਨਾਲ ਬ੍ਰਾਹਮਣ ਟੋਲੀ ਦੇ ਪੰਚ ਲੋਕ ਵੀ ਚੂਹੇਦਾਨੀ ਵਿਚ ਫਸ ਗਏ

ਹਨ। ਖੇਲਾਵਨ ਬਾਬੂ ਦਾ ਸਹਾਰਾ ਹੈ। ਬਾਲਦੇਵ ਜੀ ਵੀ ਹਨ। ਪਰ ਕਾਲੀਚਰਨ ਦਾ ਗੁੱਸਾ ?...

"ਤਾਂ ਪੰਚਾਇਤ ਦਾ ਇਹ ਫ਼ੈਸਲਾ ਹੈ ਕਿ ਮਹਿੰਗੂ ਦਾਸ ਆਪਣੀ ਧੀ ਫੁਲੀਆ ਦਾ ਚੁਮੌਨਾਂ (ਕੁੜਮਾਈ) ਖ਼ਲਾਸੀ ਨਾਲ ਕਰ ਦੇਵੇ, ਅਤੇ ਅੱਜ ਤੋਂ ਸਾਰੇ ਟੋਲੇ ਦੇ ਬੰਦੇ ਬਾਬੂ ਲੋਕਾਂ ਤੇ ਨਜ਼ਰ ਰਖਣ।

ਪੰਚਾਇਤ ਦੇ ਸਾਰੇ ਪੰਚ ਇਕ ਆਵਾਜ਼ ਹੋ ਕੇ ਕਾਲੀਚਰਨ ਦੀ ਰਾਏ ਦਾ ਸਮਰਥਨ ਕਰਦੇ ਹਨ। ਜੋਤਖੀ ਜੀ ਵੀ ਹੱਥ ਖੜਾ ਕਰਦੇ ਹਨ ਤੇ ਬਾਲਦੇਵ ਜੀ ਵੀ। ...ਇਹ ਤਾਂ ਇਨਸਾਫ਼ੀ ਗੱਲ ਹੈ, ਇਹਦੇ ਵਿਚ ਡਿਫੇਟ ਕਰਨਾ ਚੰਗਾ ਨਹੀਂ।

"ਸਹਿਦੇਵ ਮਿਸਰ ਕੋਲ ਸਾਦੇ ਕਾਗ਼ਜ਼ ਤੇ ਮੇਰੇ ਅੰਗੂਠੇ ਦੀ ਮੋਹਰ ਹੈ ਵੇ। ਜੇਕਰ ਉਹਨੂੰ ਭਰਕੇ ਨਾਲਿਸ਼ ਕਰ ਦੇਵੇ, ਫੇਰ ?" ਮਹਿੰਗੂ ਦਾਸ ਗਿੜਗਿੜਾ ਕੇ ਕਹਿੰਦਾ ਹੈ।

"ਸਹਿਦੇਵ ਮਿਸਰ ਜਦੋਂ ਮੁਕੱਦਮਾ ਕਰਨਗੇ, ਤਾਂ ਪੰਚ ਤੁਹਾਡੀ ਗਵਾਹੀ ਦੇਣਗੇ। ਉਹ ਤੋਥੋਂ ਇਕ ਪੈਸਾ ਵੀ ਨਹੀਂ ਲੈ ਸਕਦੇ।"

## ਬਾਈ

ਸਤਗੁਰੂ ਹੋ ! ਸਤਗੁਰੂ ਹੋ !

ਮਹੰਥ ਰਾਮਦਾਸ ਵੀ ਛਿੱਕਣ, ਖੰਘਣ ਤੇ ਉਬਾਸੀ ਲੈਣ ਸਮੇਂ ਮਹੰਥ ਸੇਵਾਦਾਸ ਜੀ ਵਾਂਗ ਹੀ ਚੁਟਕਾ ਵਜਾਂਦੇ ਹਨ, 'ਸਤਗੁਰੂ ਹੋ, ਸਤਗੁਰੂ ਹੋ', ਕਹਿੰਦੇ ਹਨ ਅਤੇ ਅੱਖਾਂ ਆਪਣੇ ਆਪ ਹੀ ਮੁੰਦ ਜਾਂਦੀਆਂ ਹਨ।

ਭਜਨ, ਬੀਜਕ ਪਾਠ ਅਤੇ ਸਤਸੰਗ ਨੂੰ ਹੁਣ ਲੱਛਮੀ ਹੀ ਸੰਭਾਲਦੀ ਹੈ। ਮਹੰਥ ਰਾਮਦਾਸ ਜੀ ਪੜ੍ਹਣਾਂ — ਲਿਖਣਾਂ ਨਹੀਂ ਜਾਣਦੇ, ਸਤਗੁਰੂ-ਵਚਨ ਦੀ ਗੰਭੀਰਤਾ ਦੀ ਤਹਿ ਤਕ ਨਹੀਂ ਪਹੁੰਚ ਸਕਦੇ, ਪਰ ਖੰਜੜੀ ਤੇ ਤਾਂ ਉਨ੍ਹਾਂ ਦਾ ਪੂਰਾ ਅਧਿਕਾਰ ਹੈ। ਉਂਜ ਤਾਂ ਖੰਜੜੀ ਭੰਡਾਰੀ ਵੀ ਵਜਾਂਦਾ ਹੈ, ਪਰ ਕੋਠਾਰਿਨ ਲੱਛਮੀ ਦਾਸਣ ਉਹਦੇ ਤਾਲ ਤੇ ਥਿੜਕ ਜਾਂਦੀ ਹੈ, ਤਦ ਮਹੰਤ ਰਾਮਦਾਸ ਜੀ ਭੰਡਾਰੀ ਦੇ ਹੱਥੋਂ ਖੰਜੜੀ ਲੈ ਲੈਂਦੇ ਹਨ। ਲੱਛਮੀ ਮੁਸਕਰਾ ਕੇ ਗੌਣ ਲਗਦੀ ਹੈ...

ਸੰਤੋ ਹੋ, ਕਰੂ ਬੰਹਿਯਾਂ ਬਲ ਆਪਨੀ,
ਛਾੜੂ ਬਿਰਾਨੀ ਆਸ।
ਸਤੋ ਹੋ, ਜਿਹਿ ਅੰਗਨਾਂ ਨਦਿਯਾ ਬਹੈ,

ਮ ਕਸ ਮੇਰੇ ਪਿਆਸ ! ਹੋ ਸੰਤੋ, ਸੋ ਕਸ ਮਰੇ ਪਿਆਸ !

ਸੋ ਕਸ ਮਰੇ ਪਿਆਸ ! ਮਹੰਥ ਰਾਮਦਾਸ ਦੇ ਆਂਗਣ ਵਿਚ ਨਦੀ ਵਗ ਰਹੀ ਹੈ, ਅਤੇ ਉਹ ਪਿਆਸ ਨਾਲ ਮਰ ਰਹੇ ਹਨ। ...ਸਤਗੁਰੂ ਬਚਨ ਵਿਚ ਕਿਹਾ ਹੈ— 'ਜਸ ਖਰ ਚੰਦਨ ਲਾਦੇ ਭਾਰਾ, ਪਰਮਿਲ ਬਾਸ ਨਾ ਜਾਨੁ ਗਮਾਰਾ।' ਪਰਮਿਲ ਬਾਸ ਮਹੰਥ ਰਾਮਦਾਸ ਨੂੰ ਨਹੀਂ ਲਗਦੀ, ਇਹ ਗੱਲ ਨਹੀਂ। ਪਰਮਿਲ ਬਾਸ ਨਾਲ ਉਨ੍ਹਾਂ ਦਾ ਮਨ ਵੀ ਮਸਤ ਹੋ ਜਾਂਦਾ ਹੈ, ਪਰ ਉਹ ਕੀ ਕਰਨ ? ਇਕ ਦਿਨ ਮੂੰਹੋਂ ਨਿਕਲ ਗਿਆ ਸੀ "ਲੱਛਮੀ ! ਏਧਰ ਤਾਂ ਆ।" ਬਸ, ਚਾਰ ਘੰਟੇ ਤਕ ਕੋਠਾਰਿਨ ਨੇ ਸਤਿਗਰੂ ਵਚਨਾਂਮਿਰਿਤ ਦੀ ਝੜੀ ਲਾ ਦਿੱਤੀ ਸੀ—"ਅੰਤਰ ਜੋਤਿ ਸਬਦ ਇਕ ਨਾਰੀ, ਹਰਿ ਬ੍ਰਹਮਾਂ ਤਾ ਕੇ ਤ੍ਰਿਪੁਰਾਰੀ । ਤੇ ਤਿਰਿਯੈ ਭੰਗਲਿੰਗ ਅਨੰਤਾ, ਤੇਓ ਨਾ ਜਾਨੇ ਆਦਿ ਨ ਅੰਤਾ। ਮਹੰਥ ਸਾਹਿਬ ਆਪ ਆਪਣੇ ਚਿੱਤ ਨੂੰ ਮਤ ਵਿਚਲਿਤ ਕਰੋ। ਇਹ ਆਪ ਦੇ ਪੂਰਵ ਜਨਮ ਦਾ ਪੁੰਨ ਹੈ ਕਿ ਆਪ ਨੂੰ ਮਹੰਥੀ ਦੀ ਗੱਦੀ ਮਿਲੀ ਹੈ, ਨਹੀਂ ਤਾਂ ਤੁਹਾਡੇ ਵਰਗੇ ਬੰਦਿਆਂ ਨੂੰ ਮੱਝਾਂ ਚਰਾਣ ਦੇ ਸਿਵਾ ਹੋਰ ਕੋਈ ਕੰਮ ਵੀ ਨਹੀਂ ਮਿਲ ਸਕਦਾ। ਆਪ ਮੇਰੇ ਗੁਰੂ-ਪੁਤਰ ਹੋ ਮੈਂ ਆਪ ਦੀ ਗੁਰੂ ਮਾਈ।"

ਇਕ ਡੇਢ ਮਹੀਨੇ ਵਿਚ ਹੀ ਮਹੰਥ ਰਾਮਦਾਸ ਦਾ ਜੁੱਸਾ ਬਦਲ ਗਿਆ ਹੈ। ਲੱਛਮੀ ਬੜੇ ਜਤਨ ਨਾਲ ਸੇਵਾ ਕਰਦੀ ਹੈ। ਦੁੱਧ ਮੱਖਣ ਅਤੇ ਸਜਰੇ ਫਲਾਂ ਦੀ ਵਰਤੋਂ ਨਾਲ ਮਹੰਥ ਸਾਹਿਬ ਦੇ ਸਾਂਵਲੇ ਮੁਖ ਮੰਡਲ ਤੇ ਵੀ ਲਾਲੀ ਫੈਲ ਗਈ ਹੈ । ਢਿੱਡ ਬਾਹਰ ਨੂੰ ਵੱਧ ਰਿਹਾ ਹੈ, ਅਤੇ ਤਨ ਦਾ ਤਾਪ ਵੀ ਕਦੀ ਮਨ ਨੂੰ ਬੜਾ ਬੇਚੈਨ ਕਰ ਦਿੰਦਾ ਹੈ। ਲੱਛਮੀ ਸਤਗੁਰੂ ਵਚਨ-ਅੰਮ੍ਰਿਤ ਦੀ ਵਰਖਾ ਕਰਕੇ ਸ਼ਾਂਤ ਕਰਨ ਦੀ ਕੋਸ਼ਿਸ਼ ਕਰਦੀ ਹੈ। ਸਤਗੁਰੂ ਵਚਨ ਅੰਮ੍ਰਿਤ ਤੋਂ ਵੀ ਵਧ ਕੇ ਤਨ ਦੇ ਤਾਪ ਨੂੰ ਸੀਤਲ ਕਰਦੀ ਹੈ, ਕਾਲੀਚਰਨ ਦੀ ਯਾਦ ! ਕਾਲੀਚਰਨ ਰੋਜ਼ ਮੱਠ ਵਿਚ ਇਕ ਵਾਰ ਕੁਝ ਸਮੇਂ ਲਈ ਹੀ ਜ਼ਰੂਰ ਆਉਂਦਾ ਹੈ। ਕਦੀ ਪਾਰਟੀ ਲਈ ਚੰਦਾ, ਆਫ਼ਿਸ ਘਰ ਬਣਾਉਣ ਲਈ ਬਾਂਸ-ਖ਼ੜ ਮੰਗਣ ਆਉਂਦਾ ਹੈ। ਲੱਛਮੀ ਕਹਿੰਦੀ ਹੈ— ਕਾਲੀਚਰਨ ਅਸਲ ਇਨਸਾਫੀ ਆਦਮੀ ਹੈ। ਪਿੰਡ ਦੇ ਸਾਰੇ ਵੱਡੇ ਲੋਕ ਸਿਰਫ ਕਹਿਣ ਨੂੰ ਵੱਡੇ ਹਨ। ਕਾਲੀ ਬਾਬੂ ਦਾ ਸੁਭਾ ਜ਼ਰਾ ਤੀਬਰ ਹੈ, ਪਰ ਦੁਨੀਆਂ ਦੇ ਲੋਕ ਹੁਣ ਏਨੇ ਕੁਟਿਲ ਹੋ ਗਏ ਹਨ ਕਿ ਸਿੱਧੇ ਲੋਕਾਂ ਦਾ ਇਥੇ ਗੁਜ਼ਾਰਾ ਨਹੀਂ। ਫੇਰ ਸੁਭਾ ਵਿਚ ਜ਼ਰਾ ਕੜਾਪਨ ਤਾਂ ਸੁਪੁਰਖ ਦਾ ਲੱਛਣ ਹੈ ।......

ਮਹੰਥ ਰਾਮਦਾਸ ਨੂੰ ਪਹਿਲਾਂ ਕਾਲੀਚਰਨ ਤੇ ਬੜਾ ਸੰਦੇਹ ਸੀ । ਜਦੋਂ ਉਹ ਮਠ ਵਿਚ ਆਉਂਦਾ ਤਾਂ ਮਹੰਥ ਸਾਹਿਬ ਲੁਕ ਕੇ ਲੱਛਮੀ ਤੇ ਕਾਲੀ ਦੀਆਂ ਗੱਲਾਂ ਸੁਣਦੇ ਸਨ, ਬਾਂਸ ਦੀ ਟੱਟੀ ਵਿਚ ਛੇਕ ਕਰਕੇ ਵੇਖਦੇ ਸਨ, ਪਰ ਕਾਲੀਚਰਨ ਸਦਾ ਲੱਛਮੀ

ਤੋਂ ਚਾਰ ਹੱਥ ਦੂਰ ਹਟ ਕੇ ਹੀ ਖੜਾ ਰਹਿੰਦਾ ਸੀ। ਉਹਦੀ ਬੋਲੀ ਵਿਚ ਵੀ ਮਾਇਆ ਦੀ ਮਿਲਾਵਟ ਨਹੀਂ ਸੀ ਹੁੰਦੀ। ਲਛਮੀ ਨਾਲ ਗੱਲਾਂ ਕਰਦਿਆਂ ਕਦੀ ਉਹਦੀਆਂ ਪਲਕਾਂ ਸ਼ਰਮਾ ਕੇ ਝੁਕਦੀਆਂ ਨਹੀਂ ਸਨ। ਬਹੁਤ ਘਟ ਲੋਕਾਂ ਨੂੰ ਏਦਾਂ ਦੇਖਿਆ ਹੈ ਰਾਮਦਾਸ ਨੇ। ਕਾਲੀਚਰਨ ਨੂੰ ਬਸ ਆਪਣੀ ਸੁਸ਼ਲਿਸਟ ਪਾਰਟੀ ਦੀ ਲੋੜ ਹੈ। ਲਾਲ ਝੰਡੇ ਤੇ ਸੁਸ਼ਲਿਸਟ ਪਾਰਟੀ ਨੂੰ ਉਹ ਔਰਤ ਵਾਂਗ ਪਿਆਰ ਕਰਦਾ ਹੈ। ...ਉਹਦੇ ਤੇ ਸੰਦੇਹ ਕਰਨਾ ਬੇਕਾਰ ਹੈ। ਪਰ, ਬਾਲਦੇਵ ਜੀ ? ਉਹ ਤਾਂ ਅਜ ਕਲ੍ਹ ਆਉਂਦੇ ਹੀ ਨਹੀਂ। ਉਨ੍ਹਾਂ ਦੀ ਨਜ਼ਰ ਬੜੀ ਮੈਲੀ ਹੈ।

ਲਛਮੀ ਬਾਲਦੇਵ ਜੀ ਨੂੰ ਭੁਲੀ ਨਹੀਂ। ਕਹਿੰਦੀ ਹੈ, ਸਾਧੂ ਸੁਭਾ ਦੇ ਪੁਰਸ਼ ਹਨ, ਕਿਸੇ ਦਾ ਚਿੱਤ ਦੁਖਾਣਾ ਨਹੀਂ ਚਾਹੁੰਦੇ। ਬਾਲਦੇਵ ਜੀ ਮਠ ਵਿਚ ਨਹੀਂ ਆਉਂਦੇ, ਕਹਿੰਦੇ ਨੇ, ਲਛਮੀ ਦਾਸਣ ਨੇ ਹਿੰਸਾਵਾਦ ਕਰਵਾਇਆ ਹੈ, ਮਠ ਵਿਚ, ਮਠ ਵਿਚ ਨਹੀਂ ਜਾਵਾਂਗੇ। ...ਬਹੁਤ ਸਿਧੇ ਨੇ ਬਾਲਦੇਵ ਜੀ। ਸੱਚੇ ਸਾਧੂ ਹਨ। ਉਨ੍ਹਾਂ ਕੋਲੋਂ ਖਿਮਾਂ ਮੰਗਣੀ ਹੋਵੇਗੀ।

ਮਹੰਥ ਰਾਮਦਾਸ ਜੀ ਸੋਚ ਵਿਚਾਰ ਕੇ ਦੇਖਦੇ ਹਨ, ਕਾਲੀਚਰਨ ਦੇ ਡਰ ਨਾਲ ਹੀ ਉਹ ਪਿਆਸਾ ਹੈ। ਕੋਈ ਗੱਲ ਹੋਈ ਤਾਂ ਲਛਮੀ ਉਹਨੂੰ ਕਹਿ ਦੇਵੇਗੀ, ਅਤੇ ਉਸ ਤੋਂ ਪਿਛੋਂ ? ਚਾਦਰ ਟਿੱਕੇ ਵਾਲੇ ਦਿਨ ਕਾਲੀਚਰਨ ਅਤੇ ਉਹਦੇ ਸਾਥੀਆਂ ਨੇ ਜਿਹੜਾ ਕਾਂਡ ਕੀਤਾ ਸੀ, ਉਹ ਨੂੰ ਭੁੱਲਣਾ ਔਖਾ ਹੈ ...ਅਤੇ ਉਨ੍ਹਾਂ ਕਰਕੇ ਹੀ ਤਾਂ ਰਾਮਦਾਸ ਮਹੰਥ ਬਣਿਆ ਹੈ।

ਮੰਨਿਆ ਕਿ ਕਾਲੀਚਰਨ ਦੀ ਤਾਕਤ ਨਾਲ ਉਹ ਨੂੰ ਮਹੰਥੀ ਮਿਲੀ ਹੈ। ਇਹਦਾ ਇਹ ਮਤਲਬ ਨਹੀਂ ਕਿ ਕਾਲੀਚਰਨ ਮੱਠ ਦੇ ਸਾਰੇ ਮਾਮਲਿਆਂ ਵਿਚ ਦਖਲ ਦੇਵੇਗਾ। ਇਨਸਾਫਨ ਮਹੰਥੀ ਦੀ ਗੱਦੀ ਤੇ ਤਾਂ ਉਹਦਾ ਹੱਕ ਸੀ ਹੀ। ਜੇ ਕਲ ਨੂੰ ਕਾਲੀਚਰਨ ਕਹੇ ਕਿ ਗੱਦੀ ਤੇ ਤੁਹਾਡਾ ਹੱਕ ਨਹੀਂ ਤਾਂ ਕੀ ਉਹ ਮੰਨ ਲਵੇਗਾ ? ਮਹੰਥ ਰਾਮ ਦਾਸ ਜੀ ਮਲਕੜੇ ਜਿਹੇ ਉਠਦੇ ਹਨ। ਪੋਲੇ ਪਬੀਂ ਲੱਛਮੀ ਦੀ ਕੋਠੜੀ ਕੋਲ ਜਾਂਦੇ ਹਨ। ਬੂਹਾ ਖੁਲ੍ਹਾ ਹੈ ? ਨਹੀਂ ਬੰਦ ਹੈ। ਮਹੰਥ ਸਾਹਿਬ ਬਾਹਰੋਂ ਹੀ ਬੂਹੇ ਦੀ ਚਿਟਕਣੀ ਖੋਲ੍ਹਣੀ ਜਾਣਦੇ ਹਨ। ਪਤਲੀ ਜਿਹੀ ਲਕੜੀ ਫਸਾ ਕੇ ਖੋਲ੍ਹਦੇ ਹਨ। ਲਛਮੀ ਹੁਣ ਬੂਹੇ ਅਗੇ ਉਖਲੀ ਨਹੀਂ ਰਖਦੀ। ...ਲੱਛਮੀ ਸੁੱਤੀ ਪਈ ਹੈ। ਉਹਦੇ ਕਪੜੇ ਉਧੜ-ਖੁਦੜ ਨੇ, ਵਾਲ ਖਿੰਡੇ ਹੋਏ ਹਨ। ਲਾਲਟਿਨ ਦੀ ਮੱਧਮ ਰੋਸ਼ਨੀ ਵਿਚ ਵੀ ਉਹਦੀ ਸੂਰਤ ਚਮਕ ਰਹੀ ਹੈ।

"ਕੌਣ ?"

"......"

ਰਾਮਦਾਸ ?"

"......"

"ਰਾਮਦਾਸ ! ਹੱਥ ਛੱਡ ਦੇ । ਬੈਠ ਜਾ । ਅਖੀਰ ਤੁਸੀਂ ਚਿੱਤ ਨੂੰ ਨਹੀਂ ਸੰਭਾਲ ਸਕੇ । ਮਾਇਆ ਨੇ ਤੁਹਾਨੂੰ ਵੀ ਅੰਨ੍ਹਾ ਕਰ ਦਿਤਾ ।"

"ਮਾਇਆ ਤੋਂ ਕੋਈ ਪਰ੍ਹੇ ਨਹੀਂ । ਮਾਇਆ ਨੂੰ ਕੋਈ ਜਿੱਤ ਨਹੀਂ ਸਕਦਾ ।" ਮਹੰਥ ਸਾਹਿਬ ਅਜ ਲੱਛਮੀ ਨੂੰ ਹਰ ਗੱਲ ਦਾ ਜਵਾਬ ਦੇਣਗੇ ।

"ਤੁਸੀਂ ਨਰਕ ਵਲ ਪੈਰ ਵਧਾ ਰਹੇ ਹੋ । ਹਾਲੇ ਵੀ ਚੇਤੋ ।"

"ਹੁਣ ਚੇਤਣ ਦਾ ਫ਼ਾਇਦਾ ਨਹੀਂ । ਮੈਨੂੰ ਸੁਰਗ ਨਹੀਂ ਚਾਹੀਦਾ । ......ਇਸ ਨਰਕ ਵਿਚ ਪਹਿਲੀ ਵਾਰ ਨਹੀਂ ਆਇਆ ਹਾਂ ।"

ਲੱਛਮੀ ਨੂੰ ਬਚਪਨ ਦੀਆਂ ਗੱਲਾਂ ਯਾਦ ਕਰਾਣਾ ਚਾਹੁੰਦਾ ਹੈ, ਰਾਮਦਾਸ । ਲੱਛਮੀ ਹੱਥ ਛੁਡਾ ਕੇ ਬਿਸਤਰੇ ਤੋਂ ਉਠਣਾ ਚਾਹੁੰਦੀ ਹੈ, ਪਰ ਮਹੰਥ ਸਾਹਿਬ ਨੇ ਦਸ ਮਿੰਟ ਪਹਿਲਾਂ ਹੀ ਚੌਥੀ ਚਿਲਮ ਗਾਂਜੇ ਦੀ ਫੂਕੀ ਹੈ ।

"ਮੈਂ ਤੁਹਾਡੀ ਗੁਰੂ ਮਾਈ ਹਾਂ ਰਾਮਦਾਸ ।"

"ਕੇਹੀ ਗੁਰੂ ਮਾਈ ? ਤੂੰ ਮਠ ਦੀ ਦਾਸਣ ਏ । ਮਹੰਥ ਦੇ ਮਰਨ ਪਿਛੋਂ ਨਵੇਂ ਮਹੰਥ ਦੀ ਦਾਸੀ ਬਣ ਕੇ ਤੈਨੂੰ ਰਹਿਣਾ ਪਵੇਗਾ । ਤੂੰ ਮੇਰੀ ਦਾਸਣ ਏਂ ।"

"ਚੁੱਪ ਕੁੱਤਿਆ ।" ਲੱਛਮੀ ਹੱਥ ਛੁਡਾ ਕੇ ਰਾਮ ਦਾਸ ਦੇ ਮੂੰਹ ਤੇ ਜ਼ੋਰ ਨਾਲ ਥੱਪੜ ਮਾਰਦੀ ਹੈ । ਦੋਵਾਂ ਪੈਰਾਂ ਨੂੰ ਜ਼ਰਾ ਮੋੜ ਕੇ, ਪੂਰੀ ਤਾਕਤ ਨਾਲ ਰਾਮਦਾਸ ਦੀ ਛਾਤੀ ਤੇ ਮਾਰਦੀ ਹੈ, ਰਾਮਦਾਸ ਉਲਟ ਕੇ ਡਿਗ ਪੈਂਦਾ ਹੈ ।...ਸਤਗੁਰੂ ਹੋ ।'

ਸੰਤੋ ਅਚਰਜ ਭੀ ਇਕ ਭਾਰੀ,
ਪੁਤਰ ਧਯਲ ਮਹਤਾਰੀ,
ਏਕੇ ਪੁਰਸ਼ ਏਕਹਿ ਨਾਰੀ,
ਤਾ ਕੇ ਦੇਖੁ ਬਿਚਾਰੀ ।

"ਭੰਡਾਰੀ ! ਭੰਡਾਰੀ !"

"ਸਰਕਾਰ ।"

"ਪਾਣੀ ਲਿਆਓ ।"

ਲੱਛਮੀ ਥਰ-ਥਰ ਕੰਬਦੀ ਹੈ । ਮਹੰਥ ਸੇਵਾਦਾਸ ਦੀ ਮਦ ਤੋੜਦੀ ਮੂਰਤੀ ਉਹਦੀਆਂ ਅੱਖਾਂ ਸਾਹਮਣੇ ਨਜ਼ਰ ਆਉਂਦੀ ਹੈ ।" ਨਹੀਂ ਮਰਿਆ ਨਹੀਂ ਹੈ ।" ਭੰਡਾਰੀ ਕਹਿੰਦਾ ਹੈ, "ਮਹੰਥ ਸਾਹਿਬ ਨੂੰ ਫੇਰ ਮਿਰਗੀ ਦੀ ਬੀਮਾਰੀ ਸ਼ੁਰੂ ਹੋਈ ? ਕਲ ਰਾਮਪੁਰ ਮੱਠ ਤੋਂ ਜਿਹੜਾ ਸਾਧੂ ਆਇਆ ਹੈ, ਮਿਰਗੀ ਦੀ ਦਵਾ ਜਾਣਦਾ ਹੈ । ਕਲ੍ਹ ਨੂੰ ਹੀ ਦੁਆ ਦਿਓ ।"

ਸਤਗੁਰੂ ਹੋ ।

ਮਹੰਥ ਸਾਹਿਬ ਨੂੰ ਬੁਖਾਰ ਹੈ, ਛਾਤੀ ਵਿਚ ਦਰਦ ਹੈ । ਡਾਕਟਰ ਸਾਹਿਬ ਨੇ ਮਾਲਿਸ਼

ਦਾ ਤੇਲ ਭੇਜ ਦਿਤਾ ਹੈ। ਲੱਛਮੀ ਮਹੰਥ ਸਾਹਿਬ ਦੀ ਛਾਤੀ ਤੇ ਤੇਲ ਮਾਲਿਸ਼ ਕਰ ਰਹੀ ਹੈ। ਮਹੰਥ ਸਾਹਿਬ ਕੁਰਲਾ ਰਹੇ ਹਨ, "ਸਤਗੁਰੂ ਹੋ ! ਹੁਣ ਨਹੀਂ ਬਚਾਂਗੇ। ਸਾਨੂੰ ਕਾਂਸੀ ਜੀ ਭੇਜ ਦਿਓ ਕੋਠਾਰਿਨ। ਅਸੀਂ ਆਪਣੇ ਪਾਪ ਦਾ ਪ੍ਰਾਸਚਤ ਕਰਾਂਗੇ।...ਸਾਨੂੰ ਜਾਨੋਂ ਹੀ ਕਿਓਂ ਨਾ ਮਾਰ ਦਿੱਤਾ ? ਹਾਏ ਓਏ ਸਤਗੁਰੂ ਹੋ।"

"ਜਾਇਹਿੰਦ ਕੋਠਾਰਿਨ ਜੀ।"

"ਜੈ ਹਿੰਦ। ਆਓ ਬਾਲਦੇਵ ਜੀ। ਬਹੁਤ ਦਿਨਾਂ ਪਿਛੋਂ ?"

"ਰਾਮਦਾਸ...ਮਹੰਥ ਸਾਹਿਬ ਨੂੰ ਕੀ ਹੋ ਗਿਆ ?"

"ਬੁਖ਼ਾਰ ਹੈ, ਛਾਤੀ ਵਿਚ ਦਰਦ ਹੈ।"

"ਦਰਦ ਹੈ ? ਪੁਰਾਣੀ ਗਊ ਦੇ ਘਿਉ ਦੀ ਮਾਲਿਸ਼ ਕਰੋ।"

ਪੁਰਾਣੀ ਗਊ ਦਾ ਘਿਓ ਅਰਥਾਤ ਗਊ ਦਾ ਪੁਰਾਣਾ ਸੜਿਆ ਹੋਇਆ ਘਿਓ। ਸੁਣਦਿਆਂ ਹੀ ਲੱਛਮੀ ਨੂੰ ਉਲਟੀ ਆਉਣ ਲਗਦੀ ਹੈ। ਮਹੰਥ ਸੇਵਾਦਾਸ ਨੂੰ ਵੀ ਜਦੋਂ ਦਮੇ ਦਾ ਦੌਰਾ ਪੈਂਦਾ ਸੀ, ਤਾਂ ਗਊ ਦੇ ਘਿਓ ਦੀ ਮਾਲਿਸ਼ ਕਰਵਾਂਦੇ ਸਨ।

"ਕੋਠਾਰਿਨ ਜੀ ਸ਼ਿਵਨਾਥ ਬਾਬੂ ਆ ਰਹੇ ਹਨ। ਇਥੇ ਇਕ ਚਰਖਾ ਸੈਂਟਰ ਖੁਲ੍ਹਣਾ ਚਾਹੀਦਾ ਹੈ। ਕੁਛ ਮਦਦ ਕਰੋ।"

"ਚਰਖਾ ਸੈਂਟਰ ! ਉਹਦੇ ਵਿਚ ਕੀ ਹੋਵੇਗਾ ?"

"ਚਰਖਾ ਸੈਂਟਰ ਵਿਚ ? ਇਹੋ ਹੀ ਚਰਖਾ, ਖੱਡੀ, ਪਿੰਜਣ ਤੇ ਬੁਣਨ ਦੀ ਸਿਖਾਈ ਹੋਵੇਗੀ।"

"ਪਿੰਡ ਵਿਚ ਤਾਂ ਨਿਤ ਹੀ ਨਵਾਂ ਸੈਂਟਰ ਖੁਲ੍ਹ ਰਿਹਾ ਹੈ — ਮਲੇਰੀਆ ਸੈਂਟਰ, ਕਾਲੀ ਟੋਪੀ ਸੈਂਟਰ, ਲਾਲ ਝੰਡਾ ਸੈਂਟਰ, ਅਤੇ ਹੁਣ ਇਹ ਚਰਖਾ ਸੈਂਟਰ।"

"ਹਾਂ, ਨਵੇਂ ਜ਼ਮਾਨੇ ਵਿਚ ਤਾਂ ਰੋਜ਼ ਨਵੀਆਂ ਨਵੀਆਂ ਗੱਲਾਂ ਹੋਣਗੀਆਂ। ਸੁਣਦੇ ਹਾਂ ਆਪ ਨੇ ਸੋਸ਼ਲਿਸਟ ਪਾਟੀ ਨੂੰ ਕਾਫ਼ੀ ਮਦਦ ਦਿਤੀ ਹੈ।...ਪਰ ਕੋਠਾਰਿਨ ਜੀ ! ਗਾਂਧੀ ਮਹਾਤਮਾ ਦਾ ਰਾਹ ਹੀ ਸਭ ਤੋਂ ਪੁਰਾਣਾ ਤੇ ਸਹੀ ਰਾਹ ਹੈ। ਨਵੀਂ ਨਵੀਂ ਪਾਟੀ ਖੁਲ੍ਹ ਰਹੀ ਹੈ, ਪਰ ਕਿਸੇ ਦਾ ਰਾਹ ਠੀਕ ਨਹੀਂ। ਸਾਰੇ ਹਿੰਸਾਬਾਦ ਦੇ ਰਸਤੇ ਤੇ ਚੱਲ ਰਹੇ ਨੇ।"

"ਸਤਗੁਰੂ ਹੋ ! ਸਤਗੁਰੂ ਹੋ ! ਕੋਠਾਰਿਨ ਜੀ, ਇਸ ਨੂੰ ਜਿਹੜਾ ਚੰਦਾ ਦੇਣਾ ਹੈ, ਦੇ ਕੇ ਵਿਦਿਆ ਕਰੋ। ਸਤਗੁਰੂ ਹੋ।" ਮਹੰਥ ਸਾਹਿਬ ਦਰਦ ਨਾਲ ਵਿਲਕ ਰਹੇ ਹਨ।...ਬਾਲਦੇਵ ਜੀ ਦੀ ਨਜ਼ਰ ਬੜੀ ਮੈਲੀ ਹੈ। ਦਸ ਰੁਪਏ ਦਾ ਨੋਟ ਕਢ ਕੇ ਦੇਂਦਿਆਂ ਲੱਛਮੀ ਕਹਿੰਦੀ ਹੈ—

"ਅੱਜ ਕੱਲ੍ਹ ਤਾਂ ਹੱਥ ਬਿਲਕੁਲ ਖ਼ਾਲੀ ਹੈ। ਆਪ ਤੇ ਅੱਜ ਕੱਲ੍ਹ ਏਧਰ ਦਾ ਰਾਹ

ਹੀ ਭੁੱਲ ਗਏ ਹੋ। ਸਾਥੋਂ ਜਿਹੜਾ ਅਪਰਾਧ ਹੋਇਆ ਹੈ, ਖਿਮਾਂ ਕਰੋ।"

"ਨਹੀਂ ਕੋਠਾਰਿਨ ਜੀ, ਅੱਜ ਕੱਲ੍ਹ ਵਿਹਲ ਹੀ ਨਹੀਂ ਮਿਲਦਾ ਹੈ, ਕਦੀ। ਕਪੜੇ ਦੀ ਪੁਰਜੀ ਦਾ ਕੰਮ ਕੀ ਮਿਲਿਆ ਹੈ, ਇਕ ਆਫ਼ਤ ਵਿਚ ਜਾਨ ਫਸ ਗਈ ਹੈ। ਕਾਂਗਰੇਸ ਦਾ ਵੀ ਕੋਈ ਕੰਮ ਨਹੀਂ ਕਰ ਸਕਦਾ। ਉਧਰ ਦੂਜੀ ਪਾਟੀ ਵਾਲਿਆਂ ਨੂੰ ਮੌਕਾ ਮਿਲ ਗਿਆ ਹੈ। ਕਾਲੀਚਰਨ ਦਿਨ ਰਾਤ ਖੱਟਦਾ ਹੈ। ਸਾਡੇ ਕਾਂਗਰੇਸ ਦੇ ਮੈਂਬਰਾਂ ਨੂੰ ਵੀ ਸੋਸ਼ਲਿਸਟ ਪਾਟੀ ਦਾ ਮੈਂਬਰ ਬਣਾ ਲਿਆ ਹੈ। ਇਸੇ ਲਈ ਸ਼ਿਵਨਾਥ ਬਾਬੂ ਨੂੰ ਬੁਲਾ ਰਹੇ ਹਾਂ। ਚਰਖਾ ਸੈਂਟਰ ਖੁਲ੍ਹੇਗਾ। ਇਕ ਪੁਰਾਣਾ ਕਾਰਜਾ ਕਰਤਾ ਬਾਵਨ ਦਾਸ ਵੀ ਆ ਰਿਹਾ ਹੈ। ਪੁਰਾਣਾ ਤਾਂ ਨਹੀਂ ਹੈ, ਮੇਰੇ ਨਾਲ ਹੀ ਸੁਰਾਜੀ 'ਚ ਨਾਂ ਲਿਖਵਾਇਆ ਸੀ।...ਬਾਵਨਦਾਸ ਬੌਨਾ ਹੈ, ਸਿਰਫ਼ ਡੇਢ ਹੱਥ ਉੱਚਾ। ਵੈਸ਼ਣੋ ਹੈ। ਆਵੇਗਾ ਤਾਂ ਇਥੇ ਲੈ ਆਵਾਂਗੇ। ਜਾਇ ਹਿੰਦ।"

"ਜੈ ਹਿੰਦ।"

ਬਾਲਦੇਵ ਜੀ ਨੂੰ ਫਿਰ ਲੱਛਮੀ ਦੀ ਦੇਹ ਦੀ ਸੁਗੰਧ ਲਗੀ। ਕਿੰਨੀ ਮਨੋਹਰ। ਲੱਛਮੀ ਦੇਖਦੀ ਹੈ, ਬਾਲਦੇਵ ਜੀ ਅੱਜ ਕੱਲ੍ਹ ਮਾੜੇ ਹੋ ਗਏ ਨੇ। ਬਾਲਦੇਵ ਜੀ ਦੇ ਮਨ ਵਿਚ ਜ਼ਰਾ ਵੀ ਮੈਲ ਨਹੀਂ। ਕਿੰਨੇ ਸਰਲ ਹਨ।...ਪਤਾ ਨਹੀਂ ਕਿਉਂ ਲੱਛਮੀ ਦਾ ਜੀ ਅੱਜ ਬਾਲਦੇਵ ਜੀ ਨੂੰ ਦੇਖ ਕੇ ਮਨ ਏਨਾਂ ਚੰਚਲ ਹੋ ਰਿਹਾ ਹੈ। ਬਾਲਦੇਵ ਜੀ ਸੱਚੇ ਸਾਧੂ ਹਨ।

ਬਿਰਹਾ ਕੀ ਓਦੀ ਲਕੜੀ।
ਸਪੁਚੈ ਔਰ ਧੁਧੁਆਏ।
ਦੁਖ ਸੇ ਤਬਹਿਂ ਬਾਚਿ ਹੋਂ,
ਜਬ ਸਕਲੋਂ ਜਰਿ ਜਾਏ।

## ਤੇਈ

ਪਿੰਡ ਦੇ ਲੋਕ ਅਰਥ ਸ਼ਾਸਤਰ ਦਾ ਸਧਾਰਣ ਸਿਧਾਂਤ ਵੀ ਨਹੀਂ ਜਾਣਦੇ। 'ਸਪਲਾਈ' ਅਤੇ 'ਡਿਮਾਂਡ' ਦੇ ਗੋਰਖ ਧੰਦੇ ਵਿਚ ਉਹ ਆਪਣਾ ਦਿਮਾਗ ਨਹੀਂ ਪਾਂਦੇ। ਅਨਾਜ ਦੀ ਦਰ ਵਧ ਰਿਹਾ ਹੈ; ਖੁਸ਼ੀ ਦੀ ਗੱਲ ਹੈ। ਪਾਟ ਦਾ ਦਰ ਵਧ ਰਿਹਾ ਹੈ, ਵਧਦਾ ਜਾ ਰਹੀ ਹੈ, ਹੋਰ ਵੀ ਖੁਸ਼ੀ ਦੀ ਗੱਲ ਹੈ। ਪੰਦਰਾਂ ਰੁਪਿਆਂ ਵਿਚ ਸਾੜ੍ਹੀ ਮਿਲਦੀ ਹੈ, ਤਾਂ ਬਾਰਾਂ ਰੁਪਏ ਮਣ ਧਾਨ ਵੀ ਤਾਂ ਹੈ। ਹੱਲ ਦਾ ਫਾਲਾ ਪੰਜ ਰੁਪਏ ਵਿਚ ਮਿਲਦਾ ਹੈ, ਦੱਸ ਰੁਪਿਆਂ ਵਿਚ ਕੜਾਹੀ ਮਿਲ਼ਦੀ ਹੈ, ਤਾਂ ਕੀ

ਹੋਇਆ ? ਪਾਟ ਦਾ ਭਾਅ ਵੀ ਤਾਂ ਵੀਹ ਰੁਪਏ ਮਣ ਹੈ, ਖੁਸ਼ੀ ਦੀ ਗੱਲ ਹੈ।

ਅਨਾਜ ਦੇ ਵਧੇ ਹੋਏ ਦਰ ਤੋਂ ਪਿੰਡ ਦੇ ਤਿੰਨ ਵਿਅਕਤੀਆਂ ਨੇ ਹੀ ਫ਼ਾਇਦਾ ਲਿਆ ਹੈ — ਤਹਿਸੀਲਦਾਰ ਸਾਬ੍ਹ ਨੇ, ਸਿੰਘ ਜੀ ਨੇ ਅਤੇ ਖਿਲਾਵਨ ਸਿੰਘ ਯਾਦਵ ਨੇ। ਛੋਟੇ ਛੋਟੇ ਕਿਸਾਨਾਂ ਦੀਆਂ ਜ਼ਮੀਨਾਂ ਕੋਡੀਆਂ ਦੇ ਭਾਅ ਵਿਕ ਰਹੀਆਂ ਹਨ। ਮਜ਼ਦੂਰਾਂ ਨੂੰ ਸਵਾ ਰੁਪਿਆ ਦਿਹਾੜੀ ਦੀ ਮਜ਼ਦੂਰੀ ਮਿਲਦੀ ਹੈ। ਪਰ ਇਕ ਆਦਮੀ ਦਾ ਵੀ ਢਿੱਡ ਨਹੀਂ ਭਰਦਾ। ਪੰਜ ਸਾਲ ਪਹਿਲਾਂ ਸਿਰਫ਼ ਪੰਜ ਆਨੇ ਦਿਹਾੜੀ ਦੀ ਮਜ਼ਦੂਰੀ ਹੁੰਦੀ ਸੀ, ਅਤੇ ਉਸੇ ਵਿਚੋਂ ਘਰ ਭਰ ਦੇ ਲੋਕ ਖਾਂਦੇ ਸਨ।

ਤਹਿਸੀਲਦਾਰ ਸਾਹਿਬ ਨੇ ਧਾਨ ਤਿਆਰ ਹੁੰਦਿਆਂ ਹੀ ਪਤਾ ਨਹੀਂ ਕਿਥੇ ਲੁਕਾ ਲਿਆ ਹੈ। ਦਰਵਾਜ਼ੇ ਤੇ ਦਰਜਣਾਂ ਬੁਖਾਰੀਆਂ ਹਨ, ਪਰ ਇਸ ਵਰ੍ਹੇ ਸਭ ਖਾਲੀ ਚਮਗਿੱਦੜਾਂ ਦੇ ਅੱਡੇ ਹਨ।...ਸਰਕਾਰ ਸ਼ਾਇਦ ਧਾਨ ਜ਼ਬਤੀ ਦਾ ਕਾਨੂੰਨ ਬਣਾ ਰਹੀ ਹੈ।

ਕਪੜਿਆਂ ਬਿਨਾਂ ਸਾਰੇ ਪਿੰਡ ਦੇ ਲੋਕ ਅੱਧ-ਨੰਗੇ ਹਨ। ਮਰਦਾਂ ਨੇ ਪੈਂਟ ਪਹਿਨਣੀ ਸ਼ੁਰੂ ਕਰ ਦਿਤੀ ਹੈ, ਅਤੇ ਔਰਤਾਂ ਆਂਗਣ ਵਿਚ ਕੰਮ ਕਰਨ ਵੇਲੇ ਇਕ ਕਪੜਾ ਲੱਕ ਦੁਆਲੇ ਲਪੇਟ ਕੇ ਕੰਮ ਚਲਾ ਲੈਂਦੀਆਂ ਹਨ, ਬਾਰਾਂ ਵਰ੍ਹਿਆਂ ਤਕ ਦੇ ਬੱਚੇ ਨੰਗੇ ਹੀ ਰਹਿੰਦੇ ਹਨ।

ਵਿਸ਼ਵ ਨਾਥ ਚੌਧਰੀ ਸਭਾ ਵਿਚ ਖਾਦੀ ਦੇ ਅਰਥ ਸ਼ਾਸਤਰ ਤੇ ਚਾਨਣਾ ਪਾ ਰਹੇ ਹਨ। ਅੰਕੜੇ ਦੱਸ ਕੇ ਸਾਬਤ ਕਰ ਰਹੇ ਹਨ ਕਿ ਜੇ ਘਰ ਦਾ ਇਕ ਇਕ ਵਿਅਕਤੀ ਚਰਖਾ ਚਲੌਣ ਲਗੇ ਤਾਂ ਪਿੰਡ 'ਚੋਂ ਗਰੀਬੀ ਦੂਰ ਹੋ ਜਾਵੇਗੀ, ਅੰਨ – ਵਸਤਰ ਦੀ ਕਮੀ ਨਹੀਂ ਰਵ੍ਹੇਗੀ।

ਚਰਖਾ ਸੈਂਟਰ ਖੁਲ੍ਹ ਗਿਆ ਹੈ। ਹੁਣ ਪਿੰਡ ਵਿਚ ਗ਼ਰੀਬੀ ਨਹੀਂ ਰਵ੍ਹੇਗੀ। ਪਟਨੇ ਤੋਂ ਦੋ ਮਾਸਟਰ ਆਏ ਹਨ - ਚਰਖਾ ਮਾਸਟਰ ਅਤੇ ਖੱਡੀ ਮਾਸਟਰ। ਇਕ ਮਾਸਟਰਨੀ ਵੀ ਆਈ ਹੈ। — ਔਰਤਾਂ ਨੂੰ ਚਰਖਾ ਸਿਖਾਉਣ ਲਈ ਔਰਤਾਂ ਨੂੰ ਕਹਿੰਦੀ ਹੈ, "ਚਰਖਾ ਸਾਡਾ ਭਤਾਰ, ਪੁਤਰ ਚਰਖਾ ਸਾਡਾ ਨਾਤੀ, ਚਰਖੇ ਦੀ ਬਦੌਲਤ ਮੇਰੇ ਦੁਆਰ ਝੂੱਲੇ ਹਾਥੀ।

ਖਰਚੇ ਦੀ ਬਦੌਲਤ ਹਾਥੀ ? ਜੈ...ਗਾਂਧੀ ਜੀ ਦੀ ਜੈ।

ਸੈਨਕ ਜੀ ਅਤੇ ਚਿੰਗਾੜੀ ਜੀ ਵਾਂਗ ਗਰਮ ਭਾਖਣ ਸ਼ਿਵ ਨਾਥ ਚੌਧਰੀ ਜੀ ਨਹੀਂ ਦਿੰਦੇ। ਪਰ ਗੱਲ ਪੱਕੀ ਕਰਦੇ ਹਨ। ਬਿਲਕੁਲ ਹਿਸਾਬ ਨਾਲ ਸਾਰੀ ਗੱਲ ਕਹਿੰਦੇ ਹਨ। ਬੜੇ ਗਿਆਨ ਦੀ ਗੱਲ ਕਹਿੰਦੇ ਹਨ। ਮਸ਼ੀਨ ਦਾ ਪੀਸਿਆ ਹੋਇਆ ਆਟਾ ਨਹੀਂ ਖਾਂਦੇ। ਚੀਨੀ ਨਹੀਂ, ਗੁੜ ਖਾਂਦੇ ਹਨ। ਤਿਆਗੀ ਬੰਦੇ ਹਨ। ਚੌਧਰੀ ਜੀ ਦੇ ਨਾਲ ਦਰਭੰਗ ਜ਼ਿਲੇ ਤੋਂ ਤਮੋੜਿਆ। ਟੇਸਨ

ਤੋਂ ਰਮਲਗੀਨਾਂ ਬਾਬੂ ਆਏ ਹਨ। ਸੁਣਦੇ ਹਾਂ, ਪਾਣੀ ਨਾਲ ਹੀ ਬੀਮਾਰੀ ਦਾ ਇਲਾਜ ਕਰਦੇ ਹਨ। ਅੱਗ ਵਿਚ ਪਕਾਈ ਹੋਈ ਚੀਜ਼ ਨਹੀਂ ਖਾਂਦੇ। ਸਾਗ ਦੇ ਹਰੇ ਪੱਤੇ ਚਿਥ ਕੇ ਖਾਂਦੇ ਹਨ। ਕਹਿੰਦੇ ਹਨ, ਇਹਦੇ ਵਿਚ ਬਹੁਤ ਤਾਕਤ ਹੈ। ਉਹ ਵੀ ਅਸਲ ਤਿਆਗੀ ਹਨ। ਦੇਹ ਵਿਚ ਹੱਡੀਆਂ ਬਾਕੀ ਬਚ ਗਈਆਂ ਹਨ, ਮਾਸ ਦਾ ਖੁਰਾ ਖੋਜ ਵੀ ਨਹੀਂ ਰਿਹਾ। ਸਾਰੇ ਦਿਨ ਵਿਚ ਤਕਰੀਬਨ ਪੰਦਰਾਂ ਵਾਰੀ ਹੱਥ ਵਿਚ ਲੋਟਾ ਲੈ ਕੇ ਜੰਗਲ ਵੱਲ ਜਾਂਦੇ ਹਨ।

ਸਾਦੇ ਕਾਗਜ਼ ਵਾਲਾ ਇਕ ਪਰਚਾ ਵੰਡਿਆ ਗਿਆ ਹੈ। ਪਰਚੇ ਉਪਰ ਮਹਾਤਮਾ ਜੀ ਦੀ ਤਸਵੀਰ ਹੈ। ਅਤੇ ਥੱਲੇ ਲਿਖਿਆ ਹੋਇਆ ਹੈ...

ਬਾਪੂ ਕਹਿੰਦੇ ਹਨ:

ਜਿਹੜਾ ਪਹਿਨੇ ਸੋ ਕੱਤੇ,<br>
ਜਿਹੜਾ ਕੱਤੇ ਸੋ ਪਹਿਨੇ।

ਸੋਸ਼ਲਿਸਟ ਪਾਰਟੀ ਵਾਲਿਆਂ ਨੇ ਵੀ ਪਰਚਾ ਵੰਡਿਆ ਸੀ, ਪਰ ਉਹ ਲਾਲ ਰੰਗ ਦਾ ਸੀ ਅਤੇ ਉਸ ਵਿਚ ਇਕ ਦੋਹਾ ਵਧ ਸੀ...

ਜਿਹੜਾ ਵਾਹੇਗਾ ਸੋ ਬੀਜੇਗਾ,<br>
ਜਿਹੜਾ ਬੀਜੇਗਾ ਸੋ ਕਟੇਗਾ,<br>
ਜਿਹੜਾ ਕਟੇਗਾ ਉਹ ਵੰਡੇਗਾ।

ਬਾਲਦੇਵ ਜੀ ਦੀ ਥਾਂ ਤੇ ਬੌਨ ਦਾਸ ਆਇਆ ਹੈ। ਇਹੋ ਪੁਰੈਨੀਆ ਸਭਾ ਵਿਚ ਰਜਿੰਨਰ ਬਾਬੂ ਦੇ ਸਾਹਮਣੇ ਭਾਖਣ ਦਿੰਦਾ ਸੀ। ਬਾਲਦੇਵ ਜੀ ਨੂੰ ਪੁਰਜੀ ਵੰਡਣ ਤੋਂ ਛੁਟੀ ਨਹੀਂ ਮਿਲਦੀ, ਇਸ ਲਈ ਪਬਲਿਕ ਦਾ ਕੰਮ ਕਰਨ ਲਈ ਬੌਨ ਦਾਸ ਨੂੰ ਏਥੇ ਭਜਿਆ ਗਿਆ ਹੈ। ਬੜਾ ਬਹਾਦਰ ਹੈ ਬੌਨ ਦਾਸ। ਕਹਿੰਦੇ ਹਨ, ਜਦੋਂ ਪਟਨੇ ਮੋਮਿੰਟ ਵਿਚ ਲੋਕ ਕਚਹਿਰੀ ਤੇ ਝੰਡਾ ਝੁਲਾਉਣ ਜਾ ਰਹੇ ਸਨ ਤਾਂ ਮਿਲੇਟਰੀ ਨੇ ਘੇਰ ਲਿਆ ਸੀ। ਬੌਨ ਦਾਸ ਇਕ ਮਿਲੇਟਰੀ ਦੇ ਫੈਲੇ ਹੋਏ ਪੈਰ ਵਿਚੋਂ ਉਸ ਪਾਸੇ ਚਲਾ ਗਿਆ ਅਤੇ ਕਚਹਿਰੀ ਦੇ ਹਾਤੇ ਵਿਚ ਝੰਡਾ ਝੁਲਾ ਦਿਤਾ।...

ਰਮੈਣ ਵਿਚ ਹਨੂਮਾਨ ਜੀ ਨੇ ਸੁਰਸਾ ਨੂੰ ਮਸਕ ਰੂਪ ਧਾਰ ਕੇ ਜਿਸ ਤਰ੍ਹਾਂ ਲੁਕਾਇਆ ਸੀ, ਉਸੇ ਤਰ੍ਹਾਂ।...

"ਇਸ ਆਰਿਆ ਵਰਤ ਵਿਚ ਕੇਵਲ ਆਰਿਆ ਅਰਥਾਤ ਸ਼ੁਧ ਹਿੰਦੂ ਹੀ ਰਹਿ ਸਕਦੇ ਹਨ।" ਕਾਲੀ ਟੋਪੀ ਵਾਲੇ ਸੰਯੋਜਕ ਜੀ ਬੌਧਿਕ ਕਲਾਸ ਵਿਚ ਰੋਜ਼ ਕਹਿੰਦੇ ਹਨ। "ਯਵਨਾਂ ਨੇ ਸਾਡੇ ਆਰਿਆ ਵਰਤ ਦੀ ਸੰਸਕ੍ਰਿਤੀ, ਧਰਮ, ਕਲਾ-ਕੌਸ਼ਲ ਨੂੰ ਨਸ਼ਟ ਕਰ ਦਿਤਾ ਹੈ। ਹੁਣ ਹਿੰਦੂ ਸੰਤਾਨ ਮਲੇਸ਼ ਸੰਸਕ੍ਰਿਤੀ ਦੀ ਪੁਜਾਰੀ ਹੋ ਗਈ ਹੈ। ਸ਼ਿਵਾ ਜੀ, ਮਹਾਰਾਣਾ ਪ੍ਰਤਾਪ...।

ਬੌਧਿਕ ਕਲਾਸ ! ਸੋਸ਼ਲਿਸਟ ਪਾਰਟੀ ਦਾ ਵਾਸੂਦੇਵ ਕਹਿੰਦਾ ਹੈ......ਬੁੱਧੂ ਕਿਲਾਸ। ਬਾਸੁਦੇਵ ਹੀ ਨਹੀਂ ਕਾਲੀ ਟੋਪੀ ਵਾਲੇ ਬਹੁਤ ਸਾਰੇ ਜਵਾਨ ਵੀ ਬੁੱਧੂ ਕਿਲਾਸ ਹੀ ਕਹਿੰਦੇ ਹਨ।

ਲਾਠੀ ਭਲਾ ਅਤੇ ਤਲਵਾਰ ਹੱਥ ਵਿਚ ਲੈਂਦਿਆਂ ਹੀ ਖ਼ੂਨ ਗਰਮ ਹੋ ਜਾਂਦਾ ਹੈ। ਰਾਜਪੂਤ ਨੌਜਵਾਨਾਂ ਦਾ। ਉਸ ਦਿਨ ਹਰ ਗੌਰੀ ਕਹਿ ਰਿਹਾ ਸੀ — 'ਸੰਜੋਜਕ ਜੀ! ਯਵਨਾਂ ਤੇ ਮੈਨੂੰ ਕ੍ਰੋਧ ਨਹੀਂ ਆਉਂਦਾ। ਯਵਨਾਂ ਦਾ ਪੱਖ ਪੂਰਣ ਵਾਲੇ ਹਿੰਦੂਆਂ ਦੀ ਤਾਂ ਗਰਦਣ ਉਡਾ ਦੇਣ ਨੂੰ ਜੀ ਕਰਦਾ ਹੈ।" ਸੰਯੋਜਕ ਜੀ ਜਰਾ ਦੂਰ ਹੱਟ ਗਏ ਸਨ। ਨਹੀਂ ਤਾਂ ਹਰਗੌਰੀ ਨੇ ਇਸ ਤਰ੍ਹਾਂ ਤਲਵਾਰ ਚਲਾਈ ਸੀ ਕਿ ਸੰਯੋਜਕ ਜੀ ਦੀ ਗਰਦਨ ਹੀ ਧੜ ਤੋਂ ਅਲਗ ਹੋ ਜਾਂਦੀ।......ਆਰਜਾ ਬੱਰਤ। ...ਮੇਰੀ ਗੰਜ ਦਾ ਹੀ ਨਾਂ ਹੁਣ ਸ਼ਾਇਦ ਆਰਜਾ ਬੱਰਤ ਹੋ ਗਿਆ ਹੈ। ਪਰ ਇਸ ਪਿੰਡ ਵਿਚ ਤਾਂ ਇਕ ਵੀ ਮੁਸਲਮਾਨ ਨਹੀਂ।...ਸਾਰੇ ਪਿੰਡ ਦੇ ਹੱਲ ਵਾਹਾਂ, ਚਰਵਾਹਿਆਂ ਅਤੇ ਮਜ਼ਦੂਰਾਂ ਦਾ ਨੇਤਾ ਕਾਲੀਚਰਨ ਹੈ। ਛੋਟਾ ਨੇਤਾ ਵਾਸੂਦੇਵ ਸਾਰਿਆਂ ਨੂੰ ਸਮਝਾਉਂਦਾ ਹੈ, "ਭਈ, ਆਦਮੀ ਨੂੰ ਇਕੋ ਰੰਗ ਵਿਚ ਰਹਿਣਾ ਚਾਹੀਦਾ ਹੈ। ਇਹ ਤਿੰਨ ਰੰਗ ਦਾ ਝੰਡਾ।...ਥੋੜਾ ਸਾਦਾ, ਥੋੜਾ ਲਾਲ ਅਤੇ ਪੀਲਾ... ਇਹ ਤਾਂ ਖਿਚੜੀ ਪਾਟੀ ਦਾ ਝੰਡਾ ਹੈ। ਕਾਂਗਰਸ ਤਾਂ ਖਿਚੜੀ ਪਾਟੀ ਹੈ। ਇਹਦੇ ਵਿਚ ਜਿਮੀਂਦਾਰ ਹਨ, ਸੇਠ ਲੋਕ ਹਨ ਅਤੇ ਪਾਸਕੂ ਰੱਖਣ ਲਈ ਕੁਝ ਕਿਸਾਨਾਂ ਮਜ਼ਦੂਰਾਂ ਨੂੰ ਵੀ ਮੈਂਬਰ ਬਣਾ ਲਿਆ ਜਾਂਦਾ ਹੈ। ਗਰੀਬਾਂ ਨੂੰ ਇਕੋ ਰੰਗ ਦੇ ਝੰਡੇ ਵਾਲੀ ਪਾਟੀ ਵਿਚ ਰਹਿਣਾ ਚਾਹੀਦਾ ਹੈ।"

ਤਹਿਸੀਲਦਾਰ ਸਾਬ੍ਹ ਵੀ ਕਾਂਗਰਸੀ ਹੋ ਗਏ ਹਨ। ਉਨ੍ਹਾਂ ਨੇ ਰਰਖਾ ਸੈਂਟਰ ਲਈ ਆਪਣਾ ਗੋਹਲ (ਬਾਹਰਲਾ) ਘਰ ਦੇ ਦਿਤਾ ਹੈ; ਖੱਦਰ ਪਾਉਣ ਲਗੇ ਹਨ। ਕਹਿੰਦੇ ਸਨ, ਸਾਰੀ ਜ਼ਿੰਦਗੀ ਤਾਂ ਝੂਠ ਬੇਈਮਾਨੀ ਕਰਦਿਆਂ ਹੀ ਗੁਜ਼ਰ ਗਈ। ਆਖ਼ਰੀ ਉਮਰ ਵਿਚ ਪੁੰਨ ਵੀ ਕਰਨਾ ਚਾਹੀਦਾ ਹੈ।...ਤਹਿਸੀਲਦਾਰ ਸਾਹਿਬ ਚੁਆਨਿਏ ਮੈਂਬਰ ਨਹੀਂ ਬਣੇ। ਚੁਆਨਿਏ ਮੈਂਬਰ ਤਾਂ ਸਾਰੇ ਬਣਦੇ ਹਨ। ਤਹਿਸੀਲਦਾਰ ਸਾਹਿਬ ਚਾਰ ਸੌ ਟਕਿਆ ਰੁਪਿਆ ਮੈਂਬਰ ਬਣੇ ਹਨ। ਦੇਖਿਆ ਨਹੀਂ ? ਸ਼ਿਵ ਨਾਥ ਬਾਬੂ ਨੇ ਰਸੀਦ ਕੱਟ ਕੇ ਦਿਤੀ ਅਤੇ ਤਹਿਸੀਲਦਾਰ ਸਾਹਿਬ ਨੇ ਤੁਰੰਤ ਮੰਧਾਤਾ ਤਮਾਖ਼ੂ (ਤਮਾਖ਼ੂ ਦੀ ਇਕ ਕਿਸਮ) ਦੇ ਪੱਤੇ ਜਿਡਾ ਚਾਰ ਨੰਬਰੀ ਨੋਟ ਕੱਢ ਕੇ ਦੇ ਦਿਤਾ। ਖੜ ਖੜ ਕਰਦਾ ਸੀ ਨੋਟ।...ਹੁਣ ਸੋਸ਼ਲਿਸਟ ਪਾਰਟੀ ਦਾ ਚਲਣਾ ਔਖਾ ਹੈ। ਪਾਰਟੀ ਵਿਚ ਇਕ ਵੀ ਧਨੀ ਬੰਦਾ ਨਹੀਂ ਹੈ। ਮੱਠ ਦੀ ਕੁਠਾਰਨ ਕਦੋਂ ਤਕ ਪਾਰਟੀ ਚਲਾਊਗੀ।

ਦਫਾ ਚਾਲੀ ਦੀ ਨੋਟਿਸ ਆਈ ਹੈ।

ਜ਼ਿਲਾ ਕਾਂਗਰਸ ਦੇ ਮੰਤਰੀ ਜੀ ਨੇ ਨੋਟਿਸ ਭੇਜ ਦਿਤਾ ਹੈ। ਸੋਸ਼ਲਿਸਟ ਪਾਰਟੀ ਤਾਂ ਧੱਕੇ ਸ਼ਾਹੀ ਨਾਲ ਜ਼ਮੀਨ ਤੇ ਕਬਜ਼ਾ ਕਰਨ ਲਈ ਕਹਿੰਦੀ ਹੈ। ਕਾਂਗਰਸ ਦੇ ਮੰਤਰੀ ਜੀ ਨੇ ਦਫਾ ਚਾਲੀ ਕਾਨੂੰਨ ਪਾਸ ਕਰਕੇ ਨੋਟਿਸ ਭੇਜ ਦਿਤਾ ਹੈ। ਬਾਲਦੇਵ ਜੀ ਦੁਕਾਨਾਂ ਤੇ ਨੋਟਸ ਵੰਡ ਰਹੇ ਹਨ...ਦਫਾ 40 ਕਾਨੂੰਨ ਪਾਸ ਹੋ ਗਿਆ। ਅੱਧ ਤੇ ਵਟਾਈਦਾਰੀ ਕਰਨ ਵਾਲੇ ਕਿਸਾਨ ਆਪਣੀ ਜ਼ਮੀਨ ਨਕਦੀ ਕਰਾ ਲੈਣ, ਵਗਦੀ ਗੰਗਾ ਵਿਚ ਹੱਥ ਧੋ ਲੈਣ। ਨਵਾਂ ਕਾਨੂੰਨ ਪਾਸ ਹੋ ਗਿਆ। ਹਿੰਸਾਵਾਦ ਕਰਨ ਦੀ ਲੋੜ ਨਹੀਂ। ਪੂਰੈਨਿਆਂ ਕਚਹਿਰੀ ਵਿਚ ਦਫਾ 40 ਦਾ ਹਾਕਿਮ ਆ ਗਿਆ ਹੈ। ਦਰਖਾਸ ਦੇ ਦਿਓ, ਬਸ ਜ਼ਮੀਨ ਨਕਦੀ ਹੋ ਜਾਵੇਗੀ।

ਬਾਜਿਵ ਗੱਲ ਕਹਿੰਦੇ ਹਨ। ਬਾਲਦੇਵ ਜੀ। ਜੇ ਬਿਨਾਂ ਵਾਧਾ ਕੀਤੇ ਹੀ ਜ਼ਮੀਨ ਨਕਦੀ ਹੋ ਰਹੀ ਹੈ ਤਾਂ ਸੋਸ਼ਲਿਸਟ ਪਾਟੀ ਵਿਚ ਜਾਣ ਦੀ ਕੀ ਲੋੜ ਹੈ ? ਕਾਂਗਰਸ ਦਾ ਰਾਜ ਹੈ, ਜਿਸ ਚੀਜ ਦੀ ਲੋੜ ਹੋਵੇ, ਕਾਂਗਰਸ ਦੇ ਮੰਤਰੀ ਜੀ ਨੂੰ ਕਹੋ, ਕਾਨੂੰਨ ਬਣਾ ਦੇਣਗੇ। ਫੇਰ, ਇਕ ਗੱਲ ਹੈ, ਇਸ ਤਰ੍ਹਾਂ ਕੱਲੇ ਕੱਲੇ ਹੋ ਕੇ ਕਹਿਣ ਨਾਲ ਕਾਂਗਰਸ ਦੇ ਮੰਤਰੀ ਵੀ ਕੁਝ ਨਹੀਂ ਕਰ ਸਕਦੇ। ਸਾਰਿਆਂ ਨੂੰ ਇਕ ਥਾਂ ਕੱਠੇ ਹੋਣਾ ਚਾਹੀਦਾ ਹੈ, ਰਲ ਕੇ ਇਕੋ ਹੀ ਗੱਲ ਕਹਿਣੀ ਚਾਹੀਦੀ ਹੈ। ਦਸ ਮਿਲ ਕੇ ਕਰੋ ਕਾਜ, ਹਾਰੇ ਜਿੱਤੇ ਕੀ ਹੈ ਲਾਜ।...ਗਲਤੀ ਤਾਂ ਪਬਲਿਕ ਦੀ ਹੈ। ਕੋਈ ਕਾਂਗਰਸ ਵਿਚ ਤਾਂ ਕੋਈ ਸੁਸ਼ਲਿਸਟ ਵਿਚ ਤੇ ਕੋਈ ਕਾਲੀ ਟੋਪੀ ਵਿਚ, ਇਸ ਤਰ੍ਹਾਂ ਤਿਤਰ-ਬਿਤਰ ਹੋ ਕੇ ਰਹਿਣ ਨਾਲ ਪਬਲਿਕ ਦੀ ਕੋਈ ਭਲਾਈ ਨਹੀਂ ਹੋ ਸਕਦੀ। ਬਾਲਦੇਵ ਜੀ ਠੀਕ ਕਹਿੰਦੇ ਹਨ।

"ਫਾਟੀ ਬੀ. ਟੀ. ਐਕਟ ?" ਸੋਸ਼ਲਿਸਟ ਪਾਰਟੀ ਦੇ ਜ਼ਿਲਾ ਮੰਤਰੀ ਜੀ ਕਾਮਰੇਡ ਕਾਲੀਚਰਨ ਨੂੰ ਸਮਝਉਂਦੇ ਹਨ, "ਫੋਟੀ ਬੀ. ਟੀ. ਐਕਟ ਤਾਂ ਕੋਈ ਨਵਾਂ ਕਾਨੂੰਨ ਨਹੀਂ। ਕਾਂਗਰਸ ਦੇ ਮੰਤਰੀ ਨੇ ਪਰਚੇ ਵੰਡਵਾਏ ਹਨ ? ਠੀਕ ਹੈ। ਤੁਸੀਂ ਵੀ ਪਿੰਡ ਦੇ ਕਿਸਾਨਾਂ ਨੂੰ ਕਹੋ ਕਿ ਜਿੰਨੇ ਬੜੇ ਕਿਸਾਨ ਹਨ, ਸਾਰਿਆਂ ਦੀ ਜ਼ਮੀਨ ਤੇ ਧਾਵਾ ਬੋਲ ਦੇਣ ਕੋਈ ਕਿਸੇ ਦੇ ਖਿਲਾਫ਼ ਗੁਆਹੀ ਨਾ ਦੇਵੇ। ਕਾਨੂੰਨ ਨਾਲ ਕੀ ਬਣਦਾ ਹੈ ? ਅਸਲ ਚੀਜ਼ ਹੈ, ਸਾਬਤ ਕਰਨਾ। ਸਬੂਤ ਪੱਕਾ ਹੋਣਾ ਚਾਹੀਦਾ ਹੈ। ਗੁਆਹਾਂ ਦੇ ਬਿਆਨ ਵਿਚ ਵੀ ਜ਼ਰਾ ਹੇਰ ਫੇਰ ਨਾ ਹੋਵੇ। ਇਹ ਤਾਂ ਹੀ ਹੋ ਸਕਦਾ ਹੈ, ਜਦੋਂ ਸਾਰੇ ਗਰੀਬ ਇਕ ਝੰਡੇ ਥੱਲੇ, ਇਕ ਪਾਰਟੀ ਵਿਚ, ਇਕ ਸੂਤਰ ਵਿਚ ਬੱਝ ਜਾਣ। ਤਹਿਸੀਲਦਾਰ ਸਾਹਿਬ ਕਾਂਗਰਸੀ ਹੋ ਗਏ ਹਨ ਬੱਸ ਉਨ੍ਹਾਂ ਦੀ ਜ਼ਮੀਨ ਤੇ ਕਿਸਾਨਾਂ ਕੋਲੋਂ ਹੱਲਾ ਕਰਵਾ ਦਿਓ। ਰੰਗ ਸਾਫ ਹੋ ਜਾਊ। ਫੇਰ ਦੇਖਣਾ ਕਿ ਕਾਂਗਰਸ ਦੇ ਮੰਤਰੀ ਜੀ ਦੀ ਨੋਟਸ ਬਾਜੀ ਦੀ ਕੀ ਕੀਮਤ ਹੈ। ...'ਲਾਲ ਪਤਾਕਾ' ਦੇ ਇਸ ਅੰਕ ਵਿਚ ਚੰਗਾੜੀ ਜੀ ਦਾ ਇਸ ਸਬੰਧੀ ਇਕ ਵਿਸ਼ੇਸ਼ ਆਰਟੀ-

ਕਲ ਹੈ, ਜ਼ਿਆਦੇ ਕੋਪੀ ਲੈ ਜਾਣਗੀਆਂ ਐਤਕੀਂ ।'

...ਦਫਾ 40 ਅੱਧ ਤੇ ਅਤੇ ਵਟਾਈ ਦਾਰੀ ਕਰਨ ਵਾਲਿਆਂ ਨੂੰ ਸਰਵ-ਅਧਿਕਾਰ ਦੁਆਉਣ ਦਾ ਕਾਨੂੰਨ ਹੈ । ਪਰ ਕਾਨੂੰਨ ਵਿਚ ਛੋਟਾ ਜਿਹਾ ਛੇਕ ਵੀ ਹੋਵੇ ਤਾਂ ਉਸ ਵਿਚੋਂ ਹਾਥੀ ਨਿਕਲ ਸਕਦਾ ਹੈ ।...ਜਿੰਨੇ ਦਫਾ 40 ਦੇ ਹਾਕਿਮ ਨਿਯੁਕਤ ਹੋਏ ਹਨ, ਸਾਰੇ ਜਾਂ ਤੇ ਜਿਮੀਦਾਰ ਅਤੇ ਜਾਂ ਵੱਡੇ ਵੱਡੇ ਕਿਸਾਨਾਂ ਦੇ ਪੁੱਤਰ ਹਨ। ਉਨ੍ਹਾਂ ਕੋਲੋਂ ਗਰੀਬਾਂ ਦੀ ਭਲਾਈ ਦੀ ਆਸ ਬੇਕਾਰ ਹੈ। ਪਰ ਏਕਤਾ ਦੀ ਸ਼ਕਤੀ ਕਾਨੂੰਨ ਤੋਂ ਵੀ ਵਧ ਕੇ ਹੈ। ਸੋਸ਼ਲਿਸਟ ਪਾਰਟੀ ਦੇ ਲਾਲ ਝੰਡੇ ਥੱਲੇ ਹੋ ਕੇ ਅਸੀਂ ਪ੍ਰਤਿਗਿਆ ਕਰੀਏ ਕਿ ਜਿਮੀਦਾਰਾਂ ਅਤੇ ਵੱਡੇ ਕਿਸਾਨਾਂ ਦੇ ਪੱਖ ਵਿਚ ਪਿੰਡ ਦਾ ਇਕ ਬੱਚਾ ਹੀ ਗਵਾਹੀ ਨਹੀਂ ਦੇਵੇਗਾ। 'ਲਾਲ ਪਤਾਕਾ' ਅੱਧ ਤੇ ਕੰਮ ਕਰਨ ਵਾਲਿਆਂ ਨੂੰ ਵਿਸ਼ਵਾਸ਼ ਦੁਆਉਂਦਾ ਹੈ ।...ਕਹਿਣਾ ਵਾਜਬ ਹੈ ।

"ਗੱਲ ਵਾਜਬ ਨਹੀਂ, ਇਹ ਬਾਤ ਦਾ ਬਤੰਗੜ ਹੈ ।"

ਜੋਤਖੀ ਜੀ ਸਾਰੀਆਂ ਗੱਲਾਂ 'ਚ ਮੀਨਮੇਖ ਕਰਦੇ ਹਨ "ਦੋ ਮ੍ਹੈਸਾਂ ਦੀ ਲੜਾਈ ਵਿਚ ਦਿਭ ਦੇ ਸਿਰ ਆਫਤ। ਕਾਂਗਰਸ ਅਤੇ ਸੁਸ਼ਲਿੰਗ ਆਪਸ 'ਚ ਲੜ ਰਹੇ ਹਨ। ਦੋਵੇਂ ਆਪਣੇ ਆਪਣੇ ਮੈਂਬਰ ਬਣੋਣਾਂ ਚਾਹੁੰਦੇ ਹਨ। ਚੱਕੀ ਦੇ ਦੋ ਪੁੜਾਂ ਵਿਚ ਗਰੀਬ ਲੋਕ ਹੀ ਪੀਸੇ ਜਾਣਗੇ।"

"ਗਰੀਬ ਪੀਸੇ ਨਹੀਂ ਜਾਣਗੇ, ਗਰੀਬਾਂ ਦੀ ਭਲਾਈ ਹੋਵੇਗੀ । ਇਕ ਪਾਟੀ ਰਹਿਣ ਨਾਲ ਕੰਮ ਨਹੀਂ ਹੁੰਦਾ । ਜਦੋਂ ਦੋ ਦਾਲਾਂ ਵਿਚ ਮੁਕਾਬਲਾ ਹਿਜਿਸ (ਹਿਰਸ) ਹੁੰਦੀ ਹੈ ਤਾਂ ਫਾਇਦਾ ਪਬਲਿਕ ਨੂੰ ਹੀ ਹੁੰਦਾ ਹੈ। ਉਦੋਂ ਰੌਤਹੱਟ ਮੇਲੇ ਵਿਚ ਬਿਦੇਸ਼ੀਆ ਨਾਚ ਵਾਲਾ ਆਇਆ ਸੀ। ਮਨ ਲਾ ਕੇ ਨਾ ਤੇ ਨਾਚ ਕਰਦਾ ਸੀ ਤੇ ਨਾ ਗਾਣੇ ਹੀ ਚੰਗੀ ਤਰ੍ਹਾਂ ਗੌਂਦਾ ਸੀ । ਤੀਜੇ ਦਿਨ ਬਲਵਾਹੀ ਨਾਚ (ਬਾਉਲ ਸੁਰ ਵਿਚ ਗੀਤ ਗਾ ਕੇ ਨਚਣ ਵਾਲਾ ਦਲ) ਦਾ ਵੀ ਇਕ ਦਲ ਆ ਗਿਆ । ਦੋਵਾਂ ਵਿਚ ਮੁਕਾਬਲਾ ਹੋਇਆ । ਸ਼ਾਮ ਤੋਂ ਹੀ ਦੋਵਾਂ ਦਲਾਂ ਨੇ ਨਾਚ ਸ਼ੁਰੂ ਕੀਤਾ; ਕਿੰਨੀ ਗਜ਼ਲ ਕੱਵਾਲੀ, ਖੇਪਟਾ ਅਤੇ ਦਾਦਰਾ ਗੋਵਿਆ, ਇਹਦਾ ਟਿਕਾਣਾ ਨਹੀਂ । ਸੂਰਜ ਉਗਣ ਤਕ ਦੋਵੇਂ ਦਲਾਂ ਵਾਲੇ ਨਚਦੇ ਹੀ ਰਹੇ। ਤਦ ਮੇਲਾ ਮੈਨੇਜਰ ਬਾਬੂ ਨੇ ਦੋਵਾਂ ਦਲਾਂ ਦੇ ਲੋਕਾਂ ਨੂੰ ਸਮਝਾ ਬੁਝਾ ਕੇ ਨਾਚ ਬੰਦ ਕਰਵਾਇਆ ਸੀ ।"

ਚਲਿੱਤਰ ਕਰਮਕਾਰ ਆਇਆ ਹੈ ।

ਕਿਰਾਂਤੀ ਚਲਿੱਤਰ ਕਰਮਕਾਰ ! ਜਾਤ ਦਾ ਘੁਮਾਰ ਹੈ, ਘਰ ਸੇਮਾ ਪੁਰ ਵਿਚ ਹੈ । ਮੌਮਿੰਟ ਵੇਲੇ ਗੋਰਾ ਮਲੇਟਰੀ ਇਹਦਾ ਨਾਂ ਸੁਣਦਿਆਂ ਹੀ ਪੇਸ਼ਾਬ ਕਰਨ ਲਗਦਾ ਸੀ। ਬੰਬ ਪੇਸਤੌਲ ਅਤੇ ਬੰਦੂਕ ਚਲਾਉਣ ਵਿਚ ਮਸ਼ਹੂਰ ! ਮੋਮੈਂਟ ਸਮੇਂ ਜਿੰਨੇ ਸਰਕਾਰੀ ਗਵਾਹ ਬਣੇ ਸਨ, ਸਾਰਿਆਂ ਦੇ ਨੱਕ ਕੰਨ ਕੱਟ ਲਏ ਸਨ ਚਲਿੱਤਰ ਨੇ ।

ਬਹਾਦਰ ਹੈ। ਕਦੀ ਫੜਿਆ ਨਹੀਂ ਗਿਆ। ਕਿੰਨੇ ਸੀ. ਆਈ. ਡੀ. ਨੂੰ ਜਾਨੋਂ ਜਹਾਨੋਂ ਖਤਮ ਕੀਤਾ। ਧਰਮਪੁਰ ਦੇ ਵੱਡੇ ਵੱਡੇ ਲੋਕ ਇਹਦੇ ਨਾਂ ਤੋਂ ਥਰ ਥਰ ਕੰਬਦੇ ਸਨ। ਜਿਉਂ ਹੀ ਚਲਿੱਤਰ ਦਾ ਘੋੜਾ ਦਰਵਾਜ਼ੇ ਤੇ ਪਹੁੰਚਿਆ ਕਿ ਸ਼ੀਸ਼ੀ ਸਟਕ।' ਦਿਓ ਚੰਦਾ।...ਪੰਜਾਹ। ਨਹੀਂ ਪੰਜ ਸੌ ਤੋਂ ਘੱਟ ਪੈਸਾ ਨਹੀਂ ਲਵਾਂਗੇ। ਨਹੀਂ ਹਨ ? ਚਾਬੀ ਦਿਓ ਤਜੋਰੀ ਦੀ। ਨਹੀਂ ?...ਠਾਹ...ਠਾਹ।...ਦਸ ਖ਼ੂਨੀ ਕੇਸ ਇਹਦੇ ਸਿਰ ਸਨ, ਪਰ ਕਦੀ ਫੜਿਆ ਨਹੀਂ ਗਿਆ। ਅਖ਼ੀਰ ਹਾਰ ਕੇ ਸਰਕਾਰ ਨੇ ਮੁਕੱਦਮਾ ਖਤਮ ਕਰ ਦਿਤਾ। ਕਿਰਾਂਤੀ ਚਲਿੱਤਰ ਕਰਮਕਾਰ ਕਾਲੀਚਰਨ ਕੋਲ ਆਇਆ ਹੈ ? ਬੱਸ ਫੇਰ ਕੀ ਹੈ ? ਕਰੇਲਾ ਚੜ੍ਹਿਆ ਨਿਮ ਤੇ। ਚਲਿੱਤਰ ਵੀ ਸੋਸ਼ਲਿਸਟ ਪਾਟੀ ਵਿਚ ਹੈ ? ਫੇਰ ਤਾਂ ਜ਼ਰੂਰ ਬੰਬ ਪਿਸਤੌਲ ਦੀ ਸਿਖਾਈ ਹੀ ਦੇਣ ਆਇਆ ਹੈ। ਬੰਬ ਪਿਸਤੌਲ ਸਾਹਮਣੇ ਕਾਲੀ ਟੋਪੀ ਵਾਲਿਆਂ ਦੀ ਲਾਠੀ ਕੀ ਕਰੇਗੀ ? ਹਾਥੀ ਅਗੇ ਪਿੱਦੀ।

ਚਰਖਾ-ਖੱਡੀ, ਲਾਠੀ-ਭਾਲਾ ਅਤੇ ਬੰਬ ਪਸਤੌਲ। ਤਿੰਨ ਟਰੇਨੀ।

## ਚੱਵੀ

ਹਾਂ ਰੇ, ਅਬ ਨਾ ਜੀਅਬ ਰੇ ਸਈਆਂ,
ਛਤੀਆ ਪਟ ਨੋਟਲ ਕੇਸ਼,
ਅਬ ਨਾ ਜੀਅਬ ਰੇ ਸਈਆਂ।

ਮਹਿੰਗਾਈ ਹੋਵੇ ਜਾਂ ਕਾਲ ਪਵੇ, ਪਰਵ ਤਿਹਾਰ ਤਾਂ ਮਨਾਉਣਾ ਹੀ ਹੋਵੇਗਾ, ਅਤੇ ਹੋਲੀ ? ਫੱਗਣ ਮਹੀਨੇ ਦੀ ਹਵਾ ਹੀ ਮਸਤਾਨੀ ਹੁੰਦੀ ਹੈ। ਅਸੂ ਕੱਤੇ ਦੇ ਮਲੇਰੀਏ ਅਤੇ ਕਾਲਾ ਆਜ਼ਾਰ ਨਾਲ ਟੁੱਟੇ ਹੋਏ ਸਰੀਰ ਵਿਚ ਫੱਗਣ ਦੀ ਹਵਾ ਸੰਜੀਵਨੀ ਭਰ ਦਿੰਦੀ ਹੈ। ਰੌਣਕ ਲਾਉਣ ਲਈ ਬਾਕੀ ਗਿਆਰਾਂ ਮਹੀਨੇ ਤਾਂ ਹੈਨ ਈ, ਫੱਗਣ ਵਿਚ ਤਾਂ ਹੱਸ ਲਵੋ, ਗਾ ਲਵੋ। ਜੋ ਜੀਐ ਸੋ ਖੇਲੈ ਫਾਗ। ਦੂਜੇ ਪੁਰਵ ਤਿਹਾਰ ਨੂੰ ਤਾਂ ਟਾਲਿਆ ਵੀ ਜਾ ਸਕਦਾ ਹੈ। ਦੀਵਾਲੀ ਨੂੰ ਇਕ ਦੋ ਦੀਵੇ ਜਗਾ ਦਿਤੇ, ਬਸ ਛੁਟੀ। ਪਰ ਹੋਲੀ ਤਾਂ ਨਿਰਜਿੰਦ ਦਿਲਾਂ ਵਿਚ ਵੀ ਕੁਤਕੁਤਾੜੀਆਂ ਕੱਢ ਕੇ ਜਿੰਦ ਧੜਕਾਉਂਦੀ ਹੈ। ਬੋਰ ਹੋਏ ਅੰਬਾਂ ਦੇ ਬਾਗ ਵਿਚੋਂ ਹਵਾ ਆ ਕੇ ਬੱਚਿਆਂ ਬੁੱਢਿਆਂ ਨੂੰ ਮਤਵਾਲੇ ਬਣਾ ਦਿੰਦੀ ਹੈ।...ਚੌਲਾਂ ਦਾ ਆਟਾ, ਗੁੜ ਅਤੇ ਤੇਲ। ਪੂੜੇ ਪਕਵਾਨ ਦੇ ਇਸ ਛੋਟੇ ਜਿਹੇ ਆਹਾਰ ਲਈ ਮਾਲਿਕਾਂ ਦੇ ਦਰਵਾਜ਼ੇ ਤੇ ਪੰਜ ਦਿਨ ਪਹਿਲਾਂ ਤੋਂ ਹੀ ਭੀੜ ਜੁੜ ਜਾਂਦੀ ਹੈ। ਬੁਖਾਰੀਆਂ ਦੇ ਮੂੰਹ ਖੋਲ੍ਹ ਦਿਤੇ ਜਾਂਦੇ ਹਨ।...ਮਾਲਿਕ ਬਹੀ ਖਾਤੇ ਲੈ

ਕੇ ਬੈਠ ਜਾਂਦੇ ਹਨ, ਕੋਲ ਕਜਰੋਟੀ ਖੁਲ੍ਹੀ ਹੋਈ ਹੁੰਦੀ ਹੈ । ਧਾਨ ਨਾਪਣ ਵਾਲਾ ਧਾਨ ਦੀ ਢੇਰੀ 'ਚੋਂ ਧਾਨ ਨਾਪਦਾ ਜਾਂਦਾ ਹੈ।...ਬਾਦਰ ਦਾਸ ਨੂੰ ਇਕ ਮਣ ।...ਸੋਨਾਏ ਤਤਮਾਂ ਨੂੰ ਤਿੰਨ ਪਸੇਰੀ। ...ਸਾਦੇ ਕਾਗਜ਼ ਤੇ ਅੰਗੂਠੇ ਦੀ ਮੋਹਰ ਲਾਉਂਦੇ ਜਾਵੋ । ਭਾਦੋਂ ਮਹੀਨੇ ਵਿਚ ਜੇਕਰ ਬੁਦੇ ਧਾਨ ਚੁਕਾ ਦਿਓਗੇ ਤਾਂ ਡੇਢ, ਯਾਨੀ ਇਕ ਮਣ ਦਾ ਡੇਢ ਮਣ। ਜੇਕਰ ਅਗਲੀ ਫਸਲ ਵਿਚ ਦਿਉਂਗੇ ਤਾਂ ਡੇਢ ਮਣ ਦਾ ਤਿੰਨ ਮਣ । ਸਿੱਧਾ ਹਿਸਾਬ ਹੈ ।

ਪਿੰਡ ਦੇ ਸਾਰੇ ਵੱਡੇ ਵੱਡੇ ਕਿਸਾਨਾਂ ਦਾ ਆਪਣਾ-ਆਪਣਾ ਮਜ਼ਦੂਰ ਟੋਲਾ ਹੈ—ਸਿੰਘ ਜੀ ਦਾ ਤਤਮਾ ਤੇ ਪਾਸਵਾਨ ਟੋਲਾ, ਤਹਿਸੀਲਦਾਰ ਸਾਹਿਬ ਦਾ ਪੋਲੀਆ ਟੋਲਾ, ਧਾਨੁਕ ਟੋਲਾ ਕੁਰਮੀ ਟੋਲਾ, ਅਤੇ ਕਿਢੂਦੂ ਟੋਲਾ, ਖੇਲਾਵਨ ਯਾਦਵ ਦਾ ਗੁਆਰ ਟੋਲਾ ਅਤੇ ਕੋਇਰੀ ਟੋਲਾ । ਸੰਥਾਲ ਟੋਲੀ ਤੇ ਕਿਸੇ ਦਾ ਖਾਸ ਅਧਿਕਾਰ ਨਹੀਂ ।

ਐਤਕੀਂ ਤਹਿਸੀਲਦਾਰ ਸਾਹਿਬ ਨੂੰ ਛਡ ਕੇ ਕਿਸੇ ਨੇ ਮਜ਼ਦੂਰਾਂ ਨੂੰ ਧਾਨ ਨਹੀਂ ਦਿਤਾ ।......ਅੰਗੂਠੇ ਦਾ ਨਿਸ਼ਾਨ ਨਹੀਂ ਦਿਓਗੇ ਅਤੇ ਧਾਨ ਲਵੋਗੇ ? ਪਿਓ ਦਾਦੇ ਦੇ ਵੇਲੇ ਤੋਂ ਅੰਗੂਠੇ ਦਾ ਨਿਸ਼ਾਨ ਦਿੰਦੇ ਆ ਰਹੇ ਹੋ, ਕਦੀ ਬੇਈਮਾਨੀ ਨਹੀਂ ਹੋਈ। ਐਤਕੀ ਬੇਈਮਾਨੀ ਕਰਾਂਗੇ ? ਕਾਲੀਚਰਨ ਨੇ ਨਿਸ਼ਾਨ ਦੇਣ ਤੋਂ ਮਨਾਹ ਕੀਤਾ ਹੈ, ਤਾਂ ਕਾਲੀਚਰਨ ਤੋਂ ਹੀ ਧਾਨ ਲਵੋ ।"

ਤਹਿਸੀਲਦਾਰ ਸਾਹਿਬ ਨੂੰ ਨਵੇਂ ਨਿਸ਼ਾਨ ਦੀ ਲੋੜ ਨਹੀਂ । ਪੁਰਾਣੇ ਨਿਸ਼ਾਨ ਹੀ ਏਨੇ ਹਨ ਕਿ ਕੋਈ ਏਧਰ ਉਧਰ ਨਹੀਂ ਕਰ ਸਕਦਾ । ਦੂਜੇ ਕਿਸਾਨਾਂ ਦੇ ਮਜ਼ਦੂਰਾਂ ਨੂੰ ਵੀ ਤਹਿਸੀਲਦਾਰ ਸਾਹਿਬ ਨੇ ਐਤਕੀ ਧਾਨ ਦਿਤਾ ਹੈ; ਪਰ ਕਾਲੀਚਰਨ ਨੂੰ ਜਮਾਨਤੀਆ ਰਖ ਕੇ । ਧਾਨ ਵਸੂਲ ਕਰਕੇ ਦੇਣਾ ਕਾਲੀਚਰਨ ਦਾ ਕੰਮ ਹੋਵੇਗਾ । ਓਦੇ ਡੇਢਾ ਨਹੀਂ ਤਾਂ ਸਵਾਇਆ ਹੀ ਸਹੀ । ......ਕੁਝ ਵੀ ਹੋਵੇ, ਤਹਿਸੀਲਦਾਰ ਦੇ ਦਿਲ ਵਿਚ ਦਇਆ ਧਰਮ ਹੈ । ਬਾਕੀ ਮਾਲਿਕ ਲੋਕ ਤਾਂ ਰਾਖਸ਼ ਹਨ, ਰਾਖਸ਼ ।

ਏਕ ਓਰ ਲੋਟਸ ਬਾਰੀਰੇ ਬਿਹਓਬਾ !

ਫੱਗਣ ਦਾ ਹਰੇਕ ਗੀਤ ਦੇਹ ਵਿਚ ਥਿਰਕਣ ਪੈਦਾ ਕਰਦਾ ਹੈ । ਫੁਲੀਆ ਦੀ ਵੀ ਕੁੜਮਾਈ ਖਲਾਸੀ ਜੀ ਨਾਲ ਹੋ ਗਈ ਹੈ। ਖਲਾਸੀ ਜੀ ਵਿਦਾਇਗੀ ਲਈ ਆਏ ਸਨ, ਪਰ ਫੁਲੀਆ ਇਸ ਹੋਲੀ ਵਿਚ ਜਾਣ ਲਈ ਤਿਆਰ ਨਹੀਂ ਹੋਈ। ਖਲਾਸੀ ਜੀ ਬਹੁਤ ਬਿਗੜੇ, ਧਰਨਾਂ ਦੇ ਕੇ ਚਾਰ ਦਿਨਾਂ ਤਕ ਬੈਠੇ ਰਹੇ । ਅਖੀਰ 'ਚ ਰੁਸ ਕੇ ਜਾਣ ਲਗੇ ਸਨ । ਫੁਲੀਆ ਨੇ ਰਮਜੂ ਦੇ ਆਂਗਣ ਵਿਚ ਖਲਾਸੀ ਜੀ ਨਾਲ ਮੁਲਾਕਾਤ ਕਰਕੇ ਕਿਹਾ —"ਐਤਕੀ ਹੋਲੀ ਪੇਕੀਂ ਹੀ ਮਨਾਣ ਦਿਓ । ਅਗਲੇ ਵਰ੍ਹੇ ਤਾਂ ...... ।"

ਨਯਨਾਂ ਮਿਲਾਨੀ ਕਰੀ ਲੈ ਰੇ ਸਈਆਂ ? ਨਯਨਾਂ ਮਿਲਾਨੀ ਕਰੀ ਲੈ,
ਅਬਰੀ ਬੇਰ ਹਮ ਰੈਹਬੋ, ਜੋ ਦਿਲ ਚਾਹੇ ਸੇ ਕਰੀਲੇ ।

ਦੁਪਹਿਰ ਤੋਂ ਸ਼ਾਮ ਤਕ ਰਮਜੂਦਾਸ ਦੀ ਇਸਤਰੀ ਦੇ ਆਂਗਣ ਵਿਚ ਰਹਿ ਕੇ ਫੁਲੀਆ ਨੇ ਖਲਾਸੀ ਜੀ ਨੂੰ ਮਨਾ ਲਿਆ ਹੈ। ਹੋਲੀ ਲਈ ਖਲਾਸੀ ਜੀ ਨੇ ਇਕ ਰੁਪਿਆ ਦਿਤਾ ਹੈ।

......ਵਿਚਾਰਾ ਸਹਿਦੇਵ ਮਿਸਰ ਐਤਕੀਂ ਕਿਹਦੇ ਨਾਲ ਹੋਲੀ ਖੇਡੇਗਾ ? ਪਿਛਲੇ ਵਰ੍ਹੇ ਦੀ ਗੱਲ ਯਾਦ ਆਉਂਦਿਆਂ ਹੀ ਫੁਲੀਆ ਦੀ ਦੇਹ ਥਿਰਕਣ ਲਗਦੀ ਹੈ। ਭੰਗ ਪੀ ਕੇ ਧੁੱਤ ਸੀ ਸਹਿਦੇਵ ਮਿਸਰ। ਇਕੋ ਹੀ ਪੂਆ ਨੂੰ ਵਾਰੀ ਵਾਰੀ ਦੰਦਾਂ ਨਾਲ ਤੋੜ ਕੇ ਦੋਵਾਂ ਨੇ ਖਾਧਾ ਸੀ। ...ਓਏ ਜਾਤ ਧਰਮ ਫੁਲੀਆ ਤੂੰ ਸਾਡੀ ਰਾਣੀ ਏ, ਤੂੰ ਸਾਡੀ ਜਾਤ ਤੂੰ ਹੀ ਧਰਮ ਸਭ ਕੁਛ"......ਬਾਪੂ ਨੂੰ ਦਾਰੂ ਪੀਣ ਲਈ ਡੇਢ ਰੁਪਿਆ ਦਿਤਾ ਸੀ ਅਤੇ ਮਾਂ ਨੂੰ ਅੱਠਿਆਨੀ। ...ਰਾਤ ਭਰ ਸਹਿਦੇਵ ਮਿਸਰ ਜਾਗਦਾ ਰਿਹਾ ਸੀ। ......ਫੁਲੀਆ ਦੀ ਦੇਹ ਦੇ ਪੋਰ-ਪੋਰ ਵਿਚ ਮਿਠੀ ਪੀੜ ਫੈਲ ਰਹੀ ਹੈ। ਜੋੜ ਜੋੜ ਵਿਚ ਪੀੜ ਜਾਪਦੀ ਹੈ । ਕੋਈ ਬਾਹਵਾਂ ਵਿਚ ਜਕੜ ਕੇ ਨਪੀੜੇ ਕਿ ਜੋੜਾਂ ਦੀਆਂ ਹੱਡੀਆਂ ਦੇ ਪਟਾਕੇ ਬੋਲ ਜਾਣ ਅਤੇ ਪੀੜ ਦੂਰ ਹੋ ਜਾਵੇ। ......ਸਹਿਦੇਵ ਮਿਸਰ ਨੂੰ ਖਬਰ ਭੇਜ ਦੇਵੇ। ...ਪਰ ਪਿੰਡ ਵਾਲੇ ?......ਹੂੰ ਹੋਲੀ ਵਿਚ ਸਭ ਮਾਫ ਐ। ...ਉਹ ਆਊਗਾ ? ......ਨਾਰਾਜ ਜੁ ਐ।

ਅਰੇ ਬਹੀਆਂ ਪਕੜਿ ਝਕਝੋਰੇ ਸ਼ਿਆਮ ਰੇ,
ਫੂਟਲ ਰੇਸਮ ਜੋੜੀ ਚੂੜੀ,
ਮਸਕਿ ਗਈ ਚੋਲੀ, ਭੀਂਗਾਵਲੀ ਸਾੜੀ,
ਆਂਚਲ ਉੜਿ ਜਾਏ ਹੋ,
ਐਸੇ ਹੋਰੀ ਮਚਾਏ ਸ਼ਿਆਮ ਰੇ।

ਕਮਲੀ ਦੀਆਂ ਅੱਖਾਂ ਲਾਲ ਹੋ ਰਹੀਆਂ ਨੇ, ਪਿਛਲੇ ਵਰ੍ਹੇ ਹੋਲੀ ਦੇ ਦਿਨ ਹੀ ਉਹ ਬੇਹੋਸ਼ ਹੋਈ ਸੀ। ਐਤਕੀ ਕੀ ਹੋਊਗਾ ? ਉਹ ਬੇਹੋਸ਼ ਨਹੀਂ ਹੋਵੇਗੀ ' ਐਤਕੀਂ। ਐਤਕੀਂ ਡਾਕਟਰ ਹੈ, ਉਹਨੂੰ ਬੇਹੋਸ਼ ਨਹੀਂ ਹੋਣ ਦੇਵੇਗਾ।......ਪਰ ਸਵੇਰ ਤੋਂ ਹੀ ਡਾਕਟਰ ਬਾਹਰ ਹੈ। ਰੋਗੀ ਦੇਖਣ ਗਿਆ ਹੈ, ਰਾਮਪੁਰ। ਜੇ ਉਹ ਅਜ ਨਾਂ ਆਇਆ ਤਾਂ ? ...ਨਹੀਂ ਉਹ ਜ਼ਰੂਰ ਆਵੇਗਾ। ਮਾਂ ਨੇ ਇਕ ਹਫਤਾ ਪਹਿਲਾਂ ਹੀ ਨਿਉਂਦਾ ਦੇ ਦਿਤਾ ਹੈ। ਰੰਗ, ਅਬੀਰ ...ਗੁਲਾਲ ! ਪਿਚਕਾਰੀ।

"ਮਾਂ।"

"ਕੀ ਗੱਲ ਐ ਧੀਏ।"

"ਤੁਹਾਡਾ ਡਾਕਟਰ ਅਜ ਨਹੀਂ ਆਊਗਾ ?"

"ਕਿਓਂ ਕੀ ਗੱਲ ਹੈ ਧੀਏ।"

"ਮੇਰਾ ਜੀ ਚੰਗਾ ਨਹੀਂ।"

"ਏਦਾਂ ਨਾਂ ਕਹਿ ਧੀਏ, ਦਿਲ ਨੂੰ ਮਜ਼ਬੂਤ ਕਰ। ਕੁਛ ਨਹੀਂ ਹੁੰਦਾ।"

......ਆਜੁ ਬ੍ਰਜ ਮੇ ਚਹੁਦਿਸ ਉੜਤ ਗੁਲਾਲ।

ਚਹੁੰ ਪਾਸੀਂ ਗੁਲਾਲ ਉਡ ਰਿਹਾ ਹੈ। ਡਾਕਟਰ ਨੂੰ ਕੋਈ ਨਹੀਂ ਰੰਗਦਾ। ਰਾਮ-ਪੁਰ ਵਿਚ ਵੀ ਕਿਸੇ ਨੇ ਨਹੀਂ ਰੰਗਿਆ। ਰਾਹ ਵਿਚ ਇਕ ਥਾਂ ਕੁਛ ਮੁੰਡੇ ਪਿਚਕਾਰੀ ਲੈ ਕੇ ਖਲੋਤੇ ਸਨ, ਪਰ ਡਾਕਟਰ ਨੂੰ ਦੇਖਦਿਆਂ ਹੀ ਸਹਿਮ ਗਏ......ਰੰਗ ਨਹੀਂ ਗੋਹਾ ਹੈ। ਰੰਗ ਲਈ ਏਨੇ ਪੈਸੇ ਕਿਥੇ ? ਡਾਕਟਰ ਨੂੰ ਲੋਕ ਨਹੀਂ ਰੰਗਦੇ। ਉਹ ਸਰਕਾਰੀ ਆਦਮੀ ਹੈ, ਸਰਕਾਰੀ ਵਰਦੀ ਪਾਈ ਹੋਈ ਹੈ। ਸਰਕਾਰੀ ਵਰਦੀ ਤੇ ਰੰਗ ਪਾਉਣ ਨਾਲ ਜੇਲ੍ਹ ਦੀ ਸਜ਼ਾ ਮਿਲਦੀ ਹੈ। ਡਾਕਟਰ ਸਰਕਾਰੀ ਆਦਮੀ ਹੈ, ਓਪਰਾ ਬੰਦਾ ਹੈ। ਉਹ ਪਿੰਡ ਦੇ ਭਾਈਚਾਰੇ ਵਿਚੋਂ ਨਹੀਂ। ...ਇਹ ਡਾਕਟਰ ਦੀ ਗਲਤੀ ਹੈ। ਸ਼ੁਰੂ ਤੋਂ ਹੀ ਉਹ ਪਿੰਡ ਤੋਂ, ਪਿੰਡ ਵਾਲਿਆਂ ਤੋਂ ਅਡਰਾ ਅਡਰਾ ਰਿਹਾ ਹੈ। ਉਹਦਾ ਨਾਤਾ ਸਿਰਫ ਰੋਗ ਤੇ ਰੋਗੀ ਨਾਲ ਰਿਹਾ ਹੈ। ਉਹਨੇ ਪਿੰਡ ਦੀ ਜ਼ਿੰਦਗੀ ਵਿਚ ਕਦੀ ਰਲਣ ਦੀ ਕੋਸ਼ਿਸ਼ ਨਹੀਂ ਕੀਤੀ। ਪਰ ਡਾਕਟਰ ਨੂੰ ਹੁਣ ਪਿੰਡ ਦੀ ਜ਼ਿੰਦਗੀ ਚੰਗੀ ਜਾਪਣ ਲਗੀ ਹੈ। ਪਿੰਡ ਚੰਗਾ ਜਾਪਣ ਲਗਾ ਹੈ,ਅਤੇ ਪਿੰਡ ਦੇ ਲੋਕ ਚੰਗੇ ਜਾਪਣ ਲਗੇ ਹਨ। ਉਹ ਪਿੰਡ ਨੂੰ ਪਿਆਰ ਕਰਦਾ ਹੈ। ਉਹ ਨੂੰ ਕੋਈ ਰੰਗਦਾ ਕਿਉਂ ਨਹੀਂ ? ਉਹ ਰੰਗ ਵਿਚ ਗੋਹੇ ਵਿਚ, ਚਿੱਕੜ ਵਿਚ ਤੁਰਬਤਰ ਹੋਣਾਂ ਚਾਹੁੰਦਾ ਹੈ।

"ਅਰ ਰ ਰ ਰ ! ਕੋਈ ਬੁਰਾਂ ਨਾ ਮੰਨੇ ਹੋਲੀ ਹੈ।"

ਡਾਕਟਰ ਦੇ ਸਫੇਦ ਕੁਰਤੇ ਤੇ ਲਾਲ ਗੁਲਾਬੀ ਰੰਗਾਂ ਦੀਆਂ ਬੂੰਦਾਂ ਛਲਕ ਕੇ ਪੈਂਦੀਆਂ ਹਨ।

"ਓ ! ਕਾਲੀ ਚਰਨ।"

"ਬੁਰਾ ਨਾ ਮਨਾਉਣਾ ਡਾਕਟਰ ਸਾਹਿਬ, ਹੋਲੀ ਹੈ।"

ਡਾਕਟਰ ਮਨੀ ਬੈਗ ਵਿਚੋਂ ਦੱਸ ਰੁਪਏ ਦਾ ਨੋਟ ਕੱਢ ਕੇ ਕਾਲੀਚਰਨ ਨੂੰ ਦਿੰਦਾ ਹੈ — ਹੋਲੀ ਦਾ ਚੰਦਾ ! ਰੰਗ ਅਤੇ ਅਬੀਰ ਦਾ ਚੰਦਾ।

ਹੋਲੀ ਹੈ, ਹੋਲੀ ਹੈ। ਹੋਲੀ ਹੈ।

ਗਨੇਸ਼ ਹੱਥ ਵਿਚ ਪਿਚਕਾਰੀ ਲੈ ਕੇ ਮਾਸੀ ਦਾ ਦੁਪੱਟਾ ਫੜੀ ਖਲੋਤਾ ਹੈ। ਮਾਸੀ ਹੱਸ ਕੇ ਕਹਿੰਦੀ ਹੈ — "ਸਵੇਰ ਤੋਂ ਹੀ ਰੰਗ ਖੇਡਣ ਲਈ ਅੜੀ ਕਰ ਰਿਹਾ ਹੈ। ਮੇਰੀ ਇਕ ਸਾੜ੍ਹੀ ਨੂੰ ਤਾਂ ਰੰਗ ਨਾਲ ਭਿਓਂ ਦਿਤਾ ਹੈ। ਹੁਣ ਅੜੀ ਕਰਦਾ ਹੈ ਕਿ ਪਿੰਡ ਦੇ ਮੁੰਡਿਆਂ ਨਾਲ ਖੇਡਾਂਗੇ।"

"ਆ ਬਈ ਗਨੇਸ਼।" ਕਾਲੀਚਰਨ ਗਨੇਸ਼ ਦਾ ਹੱਥ ਫੜ ਕੇ ਲੈ ਟੁਰਦਾ ਹੈ। ਗਨੇਸ਼ ਖੁਸ਼ ਹੋ ਕੇ ਡਾਕਟਰ ਤੇ ਰੰਗ ਦੀ ਪਿਚਕਾਰੀ ਨਾਲ ਕਣੀਆਂ ਵਰਾਂਦ੍ਹਾ ਹੋਇਆ ਕਾਲੀਚਰਨ ਨਾਲ ਨੱਸ ਜਾਂਦਾ ਹੈ। ਮਾਸੀ ਖੁਸ਼ ਹੈ।

"ਜੁਗ ਜੁਗ ਜੀਉ ਕਾਲੀ ਬੇਟਾ।"

ਬੜਾ ਮਸਤ ਨੌਜਵਾਨ ਹੈ।" ਡਾਕਟਰ ਕਹਿੰਦਾ ਹੈ।

"ਕਮਲੀ ਪੰਜ ਵਾਰ ਪੁਛਵਾ ਚੁਕੀ ਹੈ ਡਾਕਟਰ ਸਾਹਿਬ ਪਰਤੇ ਹਨ ਕਿ ਨਹੀਂ। ਮੈਨੂੰ ਧਮਕੀ ਦੇ ਗਈ ਹੈ — ਅੱਜ ਡਾਕਟਰ ਨੂੰ ਤੂੰ ਨਹੀਂ ਖੁਆ ਸਕਦੀ। ਅੱਜ ਮੇਰੇ ਵੱਲ ਨਿਊਂਦਾ ਹੈ।"

ਢੋਲ-ਢਾਕ ਅਝਾਂਝ ਮ੍ਰਿਦੰਗ ਔਰ ਡੱਫ।
ਹੋਲੀ, ਫਗੂਆ, ਭੜੌਵਾ ਔਰ ਜੋਗੀੜਾ।

ਕਾਲੀਚਰਨ ਦਾ ਦਿਲ ਬਹੁਤ ਵੱਡਾ ਹੈ। ਦੋ ਢੋਲ, ਇਕ ਢਾਲ ਹੈ, ਝਾਂਝ-ਡੱਫ। ਸਾਰੇ ਚੰਗਾ ਗੌਣ ਵਾਲੇ ਵੀ ਉਹਦੇ ਦਲ ਵਿਚ ਹੀ ਹਨ। ਸੁੰਦਰ ਲਾਲ, ਮੁਖੀ ਲਾਲ, ਦੇਵੀਦਿਆਲ ਅਤੇ ਜੋਗੀੜਾ ਕਹਿਣ ਵਾਲਾ ਮਹੰਥ। ਮਿਡਲ ਵਿਚ ਪੜ੍ਹਦਾ ਹੈ; ਪੜ੍ਹਣ 'ਚ ਬੜਾ ਤੇਜ਼ ਹੈ। ਦੋਹਾ ਕਬਿਤ ਜੋੜਨ ਲਈ ਉਹਨੂੰ ਚਾਂਦੀ ਦੀ ਚੱਕਤੀ (ਤਮਗਾਂ) ਮਿਲੀ ਹੈ।

ਪਿੰਡ ਦੇ ਛੋਟੇ-ਛੋਟੇ ਦਲ ਵੀ ਕਾਲੀਚਰਨ ਦੇ ਦਲ ਵਿਚ ਮਿਲ ਗਏ ਹਨ।

ਜੋਗੀੜਾ ਸਰ-ਰ-ਰ...
ਜੋਗੀੜਾ ਤਾਲਨਾ ਟੂਟੇ।
ਤੀਨ ਤਾਲ ਪਰ ਢੋਲਕ ਬਾਜੇ,
ਤਾਕ ਧਿਨਾਂ ਨਿ ਨਿਕ ਤਿੱਨਕ,
ਜੋਗੀੜਾ!
ਹੋਲੀ ਹੈ। ਕੋਈ ਬੁਰਾ ਨਾ ਮਾਨੇ ਹੋਲੀ ਹੈ।
ਬਰਸਾ ਮੇਂ ਗੱਢੇ ਜਬ ਜਾਤੇ ਹੈ ਭਰ
ਬੇਂਗ ਹਜ਼ਾਰੋਂ ਉਸ ਮੇਂ ਕਰਤੇ ਹੈ ਟਰਰ
ਵੈਸੇ ਹੀ ਰਾਜ ਆਜ ਕਾਂਗਰੇਸ ਕਾ ਹੈ,
ਲੀਡਰ ਬਨੇ ਹੈਂ ਸਭੀ ਦਲ ਕੇ ਗੀਦੜ...ਜੋਗੀੜਾ ਸਰ...ਰ...ਰ...ਟ
ਜੋਗੀ ਜੀ, ਤਾਲ ਨਾ ਟੂਟੇ,
ਜੋਗੀ ਜੀ, ਤੀਨ ਤਾਲ ਪਰ ਢੋਲਕ ਬਾਜੇ
ਜੋਗੀ ਜੀ, ਤਕ ਧਿਨਾ ਧਿਨ।
ਚਰਖਾ ਕਾਤੋ, ਖਧੜ ਪਹਨੋ, ਰਹੇ ਹਾਥ ਮੇ ਝੋਲੀ,
ਦਿਨ ਦਿਹਾੜੇ ਕਰੋ ਡਕੈਤੀ ਬੋਲ ਸੁਰਾਜੀ ਬੋਲੀ...
ਜੋਗੀ ਜੀ, ਸ ਰ...।

ਸਿਰਫ ਜੋਗੀੜਾ ਹੀ ਨਹੀਂ। ਮਹੰਥ ਨੇ ਨਵਾਂ ਫਗੁਆ (ਫੱਗਣ) ਗੀਤ ਵੀ ਜੋੜਿਆ

ਹੈ। ਬਟ ਗਮ ਨੀ ਫਗੁਆ — ਰਾਹ ਟੁਰਦਿਆਂ ਗੌਣ ਲਈ।

ਆਈ ਰੇ ਹੋਰੀਆ ਆਈ ਫਿਰ ਸੇ,
ਆਈ ਰੇ।
ਗਾਵਤ ਗਾਂਧੀ ਰਾਮ ਮਨੋਹਰ,
ਚਰਖਾ ਚਲਾਵੇ ਬਾਬੂ ਰਾਜੇਂਦਰ,
ਗੂੰਜਲ ਭਾਰਤ ਅਮਹਾਈ ਰੇ। ਹੋਰੀਆ ਆਈ ਫਿਰ ਸੇ।
ਬੀਰ ਜਮਾਹਿਰ ਸ਼ਾਨ ਹਮਾਰੋ,
ਬੱਲਭ ਹੈ ਅਭਿਮਾਨ ਹਮਾਰੋ,
ਜੇ ਪ੍ਰਕਾਸ਼ ਜੈਸੋ ਭਾਈ ਰੇ, ਹਰੀਆ ਅਈ ਵਿਰ ਸੇ।
ਹੋਲੀ ਹੈ। ਹੋਲੀ ਹੈ। ਹੋਲੀ ਹੈ।

ਕੋਇਰੀ ਟੋਲੇ ਦਾ ਬੁੱਢਾ ਕਲਰੂ ਮਹਿਤੋ ਕਹਿੰਦਾ ਹੈ — "ਓ ਡਾਗਡਰ ਬਾਬੂ! ਹੁਣ ਕੀ ਲੋਕ ਹੋਲੀ ਖੇਡਣਗੇ। ਹੋਲੀ ਦਾ ਜ਼ਮਾਨਾ ਚਲੇ ਗਿਆ। ਇਕ ਜ਼ਮਾਨਾ ਸੀ ਜਦੋਂ ਪਿੰਡ ਦੇ ਸਾਰੇ ਬੁੱਢਿਆਂ ਨੂੰ ਨੰਗਾ ਕਰਕੇ ਨਚਾਇਆ ਜਾਂਦਾ, ਅਲਫ਼ ਨੰਗਾ। ਉਦੋਂ ਰਾਜ ਦੇ ਮਨੇਜਰ ਜਨਸੈਨ ਸਾਹੇਬ ਨਾਲ; ਤਿੰਨ ਚਾਰ ਸਾਹੇਬ ਆਏ ਸਨ। ਕਾਲੇ ਬਕਸੇ ਵਿਚ ਅੱਖ ਪਾ ਕੇ ਛਾਪੀ (ਫੋਟੋ) ਲੈਂਦੇ ਸਨ। ਬਾਦ ਵਿਚ ਖ਼ਾਨਸਾਮੇ ਤੋਂ ਪਤਾ ਲਗਾ ਕਿ ਬਿਲੈਤ ਤੇ ਗਜਟ ਵਿਚ ਛਪਿਆ ਸੀ, ਅਲਫ ਨੰਗਾ।" ਕਾਮਰੇਡ ਬਾਸੁਦੇਵ 'ਡੰਡੌਵਾ' ਗੌਣ ਲਈ ਕਹਿ ਰਹੇ ਹਨ।

"ਹੁਣ ਇਕ ਨਵਾਂ ਡੰਡੌਵਾ ਹੋਵੇ। ਬਿਲਕੁਲ ਸਜਰਾ ਮਾਲ। ਜਰਮਨ ਵਾਲਾ।"

ਦਾਕ ਢਿੰਨਾ, ਤਕ ਢਿੰਨਾ।
ਅਰੇ ਹੋ ਬੁੜਬਕ ਬਭਨਾਂ ਅਰੇ ਹੈ ਬੁੜਬਕ ਬਭਨਾਂ,
ਚੁੰਮਾਂ ਲੇਵੇ ਮੈਂ ਜਾਤ ਨਹੀਂ ਰੇ ਰਾਏ।
ਸੁਪਤਿ ਮਓਨੀਆਂ ਲਾਏ ਡੋਮਨੀਆਂ, ਮਾਂਗੇ ਪਿਆਸ ਸੇ ਪਨੀਆਂ,
ਕੂੰਆਂ ਕੇ ਪਾਨੀ ਨਾ ਪਾ ਏ ਬੇਚਾਰੀ ਦੌੜਲ ਕਮਲਾ ਕੇ ਕਿਨਰੀਆ,
ਸੋਹੀ ਡੋਮਨੀਆਂ ਜਬ ਬਨਲੀ ਨਟਿਨੀਆਂ ਆਂਖੀ ਕੇ ਮਾਰੇ ਪਿਪਨੀਆਂ,
ਤੇ ਕਰੇ ਖਾਤਿਰ ਦੌੜਲੇ ਬੇੜਹਵਾ, ਛੋੜਕੇ ਘਰ ਮੇ ਬਭਨੀਆਂ।
ਜੋਹਲਾ ਧੁਨੀਆਂ ਤੇਲੀ ਤੇਲਨੀਆਂ ਕੇ ਪੀਏ ਨਾ ਛੁਅਲ ਪਨੀਆਂ।
ਨਟਿਨੀ ਕੇ ਜੋਬਨਾ ਕੇ ਗੰਗਾ ਜਮੁਨਵਾ ਮੇ ਡੁਬਕੀ ਲਗਾ ਕੇ ਨਹਨੀਆਂ,
ਦਿਨ ਭਰ ਪੂਜਾ ਅਰ ਆਸਨ ਲਗਾ ਕੇ ਪੋਥ ਪੁਰਾਨ ਬੰਚਨੀਆ,
ਰਾਤ ਕੇ ਤਤਮਾਂ ਟੋਲੀ ਕੇ ਗਲੀਅਨ ਮੇ ਜੋਤਖੀ ਜੀ ਪਤਰਾ ਗਨਨੀਆਂ,
ਭਕੂਆ ਬਭਨਾਂ, ਚੁੰਮਾਂ ਲੇਵੇ ਮੇ ਜਾਤ ਨਹੀਂ ਰ ਜਾਏ।

ਕੋਈ ਬੁਰਾ ਨਾ ਮੰਨੇ ਹੋਲੀ ਹੈ। ਹੋਲੀ ਹੈ।

ਤਹਿਸੀਲਦਾਰ ਸਾਹਿਬ ਦੀ ਡੇਢ਼ੀ ਤੇ ਪੈਰ ਰਖਦਿਆਂ ਹੀ ਡਾਕਟਰ ਦੇ ਮੂੰਹ ਤੇ ਗੁਲਾਲ ਮਲ ਦਿਤਾ ਗਿਆ। ਡਾਕਟਰ ਦੀਆਂ ਅੱਖਾਂ ਬੰਦ ਹਨ, ਪਰ ਸਪਰਸ਼ ਤੋਂ ਹੀ ਉਹ ਸਮਝ ਗਿਆ ਹੈ ਕਿ ਗੁਲਾਲ ਕਿੰਨ੍ਹੇ ਮਲਿਆ ਹੈ। ਕਮਲੀ...ਬਸੰਤ ਉਤਸਵ ਦੀ ਕਮਲੀ। ਡਾਕਟਰ ਯਾਦ ਕਰਨ ਦਾ ਜਤਨ ਕਰਦਾ ਹੈ, ਇਕ ਵਾਰ ਕਿਸੇ ਚਿਤਰਕਾਰ ਦਾ 'ਮੈਥਿਲੀ' ਸਿਰਲੇਖ ਵਾਲਾ ਚਿੱਤਰ ਕਿਸੇ ਮਾਸਿਕ ਪਤ੍ਰਿਕਾ ਵਿਚ ਦੇਖਿਆ ਸੀ।...ਕੌਣ ਸੀ ਉਹ ਚਿੱਤਰਕਾਰ। "ਡਾਕਟਰ ਵਿਚਾਰੇ ਕੋਲ ਨਾਂ ਅਬੀਰ ਹੈ ਅਤੇ ਨਾ ਰੰਗ ਦੀ ਪਿਚਕਾਰੀ। ਇਹ ਇਕ ਪਾਸੜ ਹੋਲੀ ਕੇਹੀ? ...ਲਵੋ ਡਾਕਟਰ ਬਾਬੂ, ਅਬੀਰ ਲਵੋ, ਅਤੇ ਇਸ ਬਾਲਟੀ ਵਿਚ ਰੰਗ ਹੈ।" ਮਾਂ ਅੰਤਾਂ ਦੀ ਖੁਸ਼ ਹੈ। ਅੱਜ। ਪਿਛਲੇ ਵਰ੍ਹੇ ਹੋਲੀ ਦੇ ਦਿਨ ਇਸੇ ਆਂਗਣ ਵਿਚ ਸੋਗ ਪਿਆ ਹੋਇਆ ਸੀ ਅਤੇ ਇਸ ਵਰ੍ਹੇ ਉਹਦੀ ਧੀ ਗੁਟਕਦੀ ਫਿਰਦੀ ਹੈ। ...ਦੁਹਾਈ ਬਾਬਾ ਭੋਲਾ ਨਾਥ।

ਵਿਚਾਰਾ ਡਾਕਟਰ ਰੰਗ ਵੀ ਨਹੀਂ ਪਾਉਣਾ ਜਾਣਦਾ; ਹੱਥ ਵਿਚ ਅਬੀਰ ਲੈ ਕੇ ਖਲੋਤਾ ਹੈ। ਮੂੰਹ ਤਕ ਰਿਹਾ ਹੈ, ਕਿਥੇ ਲਾਵੇ।

"ਜਰਾ ਆਪਣਾ ਹੱਥ ਵਧਾਓ ਤਾਂ।"

"ਕਿਉਂ?"

"ਹੱਥ ਤੇ ਗੁਲਾਲ ਲਾਦਿਆਂ?"

"ਤੁਸੀਂ ਹੋਲੀ ਖੇਡ ਰਹੇ ਹੋ ਕਿ ਇੰਜੇਕਸ਼ਨ ਲਾ ਰਹੇ ਹੋ? ਚੁਟਕੀ 'ਚ ਅਬੀਰ ਲੈ ਕੇ ਇਓਂ ਖਲੋਤੇ ਹੋ ਜਿਵੇਂ ਕਿਸੇ ਦੇ ਚੀਰ ਵਿਚ ਸੰਧੂਰ ਭਰਨਾ ਹੋਵੇ।" ਕਮਲੀ ਖਿੜਖਿੜਾ ਕੇ ਹਸਦੀ ਹੈ। ਰੰਗੀਨ ਹਾਸਾ।

ਡਾਕਟਰ ਹੁਣ ਪਹਿਲਾਂ ਵਾਂਗ ਕਮਲੀ ਦੀ ਬੋਲੀ ਨੂੰ ਇਕ ਬਿਮਾਰ ਦੀ ਬੋਲੀ ਸਮਝ ਕੇ ਨਹੀਂ ਟਾਲ ਸਕਦਾ। ਕਮਰੇ ਵਿਚ ਲਾਲਟੇਨ ਦੀ ਹਲਕੀ ਰੋਸ਼ਨੀ ਪਸਰੀ ਹੋਈ ਹੈ, ਸਾਹਮਣੇ ਕਮਲੀ ਖੜੀ ਹੱਸ ਰਹੀ ਹੈ। ਇਹੋ ਜਿਹਾ ਹਾਸਾ ਡਾਕਟਰ ਨੇ ਕਦੀ ਨਹੀਂ ਸੀ ਦੇਖਿਆ। ਉਹ ਸਿਹਤਮੰਦ ਹਾਸਾ ਹੈ ਵਿਕਾਰ ਹੀਨ। ਕਮਲੀ ਦਾ ਜਿਵੇਂ ਅੰਗ ਅੰਗ ਫੜਕ ਰਿਹਾ ਹੈ। ਡਾਕਟਰ ਆਪਣੇ ਦਿਲ ਦੀ ਧੜਕਣ ਨੂੰ ਸਾਫ-ਸਾਫ ਸੁਣ ਰਿਹਾ ਹੈ। ਉਹਦੇ ਮਸਤਕ ਕੋਲ ਅੱਜ ਵੀ ਪ੍ਰਸੀਨੇ ਦੀਆਂ ਬੂੰਦਾਂ ਚਮਕ ਰਹੀਆਂ ਨੇ। ਸਾਹਮਣੇ ਕੰਧ ਵਿਚ ਇਕ ਵੱਡਾ ਆਈਨਾ ਹੈ। ਡਾਕਟਰ ਉਸ ਵਿਚ ਆਪਣੀ ਸੂਰਤ ਵੇਖਦਾ ਹੈ। ...ਮਸਤਕ ਕੋਲ ਪ੍ਰਸੀਨੇ ਦੀਆਂ ਬੂੰਦਾਂ ਜਿਵੇਂ ਲਾੜੇ ਦੇ ਮਸਤਕ ਤੇ ਚੰਦਨ ਦੀਆਂ ਛੋਟੀਆਂ ਛੋਟੀਆਂ ਬਿੰਦੀਆ ਸਜਾਈਆਂ ਗਈਆਂ ਹਨ। ...ਡਾਕਟਰ ਨੂੰ ਭਵ ਭੂਤਿ ਦੇ ਮਾਧਵ ਮਾਲਤੀ ਦੀ ਯਾਦ ਆਉਂਦੀ ਹੈ। ਹੋਲੀ

ਨੂੰ ਪਹਿਲਾਂ ਮਦਨ ਉਤਸਵ ਕਿਹਾ ਜਾਂਦਾ ਸੀ। ਅੰਬ ਦੇ ਬੂਰ ਨਾਲ ਮਦਨ ਦੀ ਪੂਜਾ ਕੀਤੀ ਜਾਂਦੀ ਸੀ। ਇਸੇ ਮਦਨ ਉਤਸਵ ਦੇ ਦਿਨ ਮਾਧਵ ਅਤੇ ਮਾਲਤੀ ਦੀਆਂ ਅੱਖਾਂ ਚਾਰ ਹੋਈਆਂ ਸਨ ਅਤੇ ਦੋਵੇਂ ਪ੍ਰੇਮ ਦੀ ਡੋਰ ਵਿਚ ਬੱਝ ਗਏ ਸਨ। ਜਹਾਂ ਰਾਧੇ ਸ਼ਿਆਮ ਖੇਲੇ ਹੋਰੀ।

ਡਾਕਟਰ ਅਬੀਰ ਦੀ ਪੂਰੀ ਝੋਲੀ ਕਮਲੀ ਤੇ ਉਲਟ ਦਿੰਦਾ ਹੈ। ਸਿਰ ਤੇ ਲਾਲ ਅਬੀਰ ਬਿਖਰ ਗਿਆ ਹੈ — ਮੂੰਹ ਤੇ ਗੱਲ੍ਹਾਂ ਤੇ ਨੱਕ ਉਪਰ।...ਕਹਿੰਦੇ ਨੇ ਸੰਧੂਰ ਲਾਉਣ ਸਮੇਂ ਜਿਸ ਕੁੜੀ ਦੇ ਨੱਕ ਤੇ ਸੰਧੂਰ ਝੜ ਕੇ ਡਿਗਦਾ ਹੈ, ਉਹ ਆਪਣੇ ਪਤੀ ਦੀ ਬੜੀ ਦੁਲਾਰੀ ਹੁੰਦੀ ਹੈ।...

ਐਸੀ ਮਚਾਇਉ ਹੋਰੀ ਹੋ,
ਕਨਕ ਭਵਨ ਮੇਂ ਸ਼ਿਆਮ ਮਚਾਇਉ ਹੋਰੀ।

## ਪੰਛੀ

ਬਾਵਨ ਦਾਸ ਅੱਜ ਕੱਲ੍ਹ ਉਦਾਸ ਰਿਹਾ ਕਰਦਾ ਹੈ।

"ਦਾਸ ਜੀ, ਚੂਨੀ ਗੁਸਾਈਂ ਦਾ ਕੀ ਸਮਾਚਾਰ ਹੈ?" ਰਾਤੀਂ ਬਾਲਦੇਵ ਜੀ ਸੌਣ ਵੇਲੇ ਬਾਵਨ ਦਾਸ ਨਾਲ ਗੱਲਾਂ ਕਰਦੇ ਹਨ।

"ਚੂਨੀ ਗੁਸਾਂਈਂ ਤਾਂ ਸੋਸ਼ਲਿਸਟ ਪਾਟੀ 'ਚ ਚਲਾ ਗਿਆ।" ਬਾਲਦੇਵ ਜੀ ਹੈਰਾਨੀ ਨਾਲ ਮੂੰਹ ਪਾੜ ਕੇ ਵੇਖਦੇ ਹੀ ਰਹਿ ਜਾਂਦੇ ਨੇ।

"ਬਾਲਦੇਵ ਜੀ, ਬਈ ਅਚਰਜ ਦੀ ਗੱਲ ਨਹੀਂ। ਭਗਵਾਨ ਜੋ ਕਰਦੇ ਨੇ ਚੰਗਾ ਕਰਦੇ ਨੇ।"

"ਯਾਦ ਹੈ, ਦਾਸ ਜੀ ਚੰਨਨ ਪੱਟੀ ਦੀ ਸਭਾ, ਤੇਵਾਰੀ ਜੀ ਦਾ ਲੈਕਚਰ ਅਤੇ ਤਨੁਕ ਲਾਲ ਦਾ ਗੀਤ। ਯਾਦ ਕਰਕੇ ਅੱਜ ਵੀ ਰੋਮ ਕਲਪ ਉਠਦੇ ਨੇ।...ਗੰਗਾ ਰੇ ਜਮੁਨਵਾ ਕੀ ਧਾਰ...।"

"ਪਰ ਭਾਰਥ ਮਾਤਾ ਹੁਣ ਵੀ ਰੋ ਰਹੀ ਹੈ ਬਾਲਦੇਵ।" ਬਾਵਨ ਦਾਸ ਨੂੰ ਨੀਂਦ ਆ ਰਹੀ ਹੈ।

ਬਾਲਦੇਵ ਜੀ ਤਮਕ ਉਠਦੇ ਨੇ। ਭਾਰਥ ਮਾਤਾ ਹੁਣ ਵੀ ਰੋ ਰਹੀ ਹੈ? ਹੈਂ? ...ਕੀ ਕਹਿੰਦਾ ਹੈ, ਬਾਵਨਦਾਸ?

ਬਾਵਨ ਦਾਸ ਪਾਸਾ ਪਰਤਦਿਆਂ ਕਹਿਦਾ ਹੈ — "ਬਿਲੈਕੀ ਕਪੜੇ ਦੀ ਪਿਕਟਿੰਗ ਦੇ ਜ਼ਮਾਨੇ ਵਿਚ ਚਾਨਮਲ ਸਾਗਰਮਲ ਦੇ ਗੱਲੇ ਤੇ ਪਿਕਟਿੰਗ ਦੇ ਦਿਨ ਕੀ ਹੋਇਆ

ਸੀ, ਉਹ ਤੈਨੂੰ ਯਾਦ ਹੈ। ਬਾਲਦੇਵ ? ਚਾਨਮੱਲ ਮੜ ਬਾੜੀ ਦੇ ਬੇਟੇ ਸਾਗਰ ਮਲ ਨੇ ਆਪਣੇ ਹੱਥੀਂ ਸਾਰੇ ਭੋਲਟੀਅਰਾਂ ਨੂੰ ਕੁਟਿਆ ਸੀ; ਜੇਲ ਵਿਚ ਭੋਲਟੀਅਰਾਂ ਨੂੰ ਰਖਣ ਲਈ ਸਰਕਾਰ ਨੂੰ ਖਰਚਾ ਦਿਤਾ ਸੀ। ਉਹੋ ਸਾਗਰ ਮਲ ਅੱਜ ਨਰਪਤਨਗਰ ਥਾਨਾ ਕਾਂਗਰੇਸ ਦਾ ਸਭਾ ਪਤੀ ਹੈ। ਹੋਰ ਸੁਣੋਗੇ ?...ਦੁਲਾਰ ਚੰਦ ਕਾਪਰਾ ਨੂੰ ਜਾਣਦੇ ਹੋ ਨਾਂ, ਉਹੋ ਹੀ ਜੂਆ ਕੰਪਨੀ ਵਾਲਾ, ਇਕੇਰਾਂ ਨੇਪਾਲੀ ਕੁੜੀਆਂ ਨੂੰ ਨਸਾ ਕੇ ਲਿਔਣ ਵੇਲੇ ਜਿਹੜਾ ਜੋਗਬਨੀ 'ਚ ਫੜਿਆ ਸੀ। ਉਹ ਕਟਹਾ ਥਾਨਾਂ ਦਾ ਸਕੱਤਰ ਹੈ।...ਭਾਰਥ ਮਾਤਾ ਹੋਰ ਵੀ ਧਾਈਂ ਮਾਰ ਕੇ ਰੋ ਰਹੀ ਹੈ।''

ਬਾਲਦੇਵ ਜੀ ਨੂੰ ਹੈਰਾਨੀ ਹੁੰਦੀ ਹੈ। ਉਹ ਬਾਵਨਦਾਸ ਨਾਲ ਬਹਿਸ ਕਰਨੀ ਚਾਹੁੰਦਾ ਹੈ। ਪਰ ਬਾਵਨ ਤਾਂ ਘੁਰਾੜੇ ਭਰਨ ਲਗਾ। ...ਬਾਲਦੇਵ ਜੀ ਦੀ ਸਮਝ ਵਿਚ ਕੋਈ ਗੱਲ ਨਹੀਂ ਆ ਰਹੀ।...ਭਾਰਥ ਮਾਤਾ ਧਾਈ ਮਾਰ ਕੇ ਰੋ ਰਹੀ ਹੈ।

ਬਾਵਨਦਾਸ ਚੁੱਨੀ ਗੁਸਾਂਈਂ ਅਤੇ ਬਾਲਦੇਵ ਜੀ ਤਿੰਨਾਂ ਨੇ ਇਕੋ ਦਿਨ ਹੀ ਇਸ ਸੰਸਾਰ ਦੀ ਮਾਇਆ ਮੋਹ ਨੂੰ ਤਿਆਗ ਕੇ ਸੁਰਾਜੀ ਵਿਚ ਨਾਂ ਲਿਖਵਾਇਆ ਸੀ।

ਗ੍ਰਿਸਥ ਚੂੰਨੀ ਗੁਸਾਂਈਂ। ਚਾਰ ਬਿੱਘੇ ਜ਼ਮੀਨ, ਦੋ ਚਾਰ ਅੰਬ, ਕਟਹੱਲ ਦੇ ਬਿਰਛ ਇਕ ਗਊ ਅਤੇ ਦੋ ਛੋਟੇ ਛੋਟੇ ਮੁੰਡਿਆਂ ਦਾ ਇਕੋ ਇਕ ਰਖਿਆਕ ਸੁਭਾ ਦਾ ਹਲੀਮੀ ਵਾਲਾ, ਚੰਦਨ ਪੱਟੀ ਵਿਚ ਸਭਾ ਦੇਖਣ ਗਿਆ। ਤੇਵਾਰੀ ਜੀ ਨੇ ਭਾਖਣ ਦਿਤਾ ਅਤੇ ਤਨੁਕ ਲਾਲ ਨੇ ਗੀਤ ਗਾਇਆ। ਸਭ ਰੋਣ ਲਗੇ। ਚੁੱਨੀ ਦਾਸ ਦੇ ਮਨ ਦੀ ਮੈਲ ਵੀ ਅਥਰੂਆਂ ਦੀ ਧਾਰ ਵਿਚ ਵਹਿ ਗਈ ਉਸੇ ਦਿਨ ਸੁਰਾਜੀ ਵਿਚ ਨਾਵਾਂ ਲਿਖਵਾ ਲਿਆ। ਚਰਖਾ-ਖੱਡੀ, ਝੰਡਾ-ਤਿਰੰਗਾ, ਅਤੇ ਖੱਦਰ ਨੂੰ ਛਡ ਕੇ ਸਭ ਚੀਜ਼ਾਂ ਮਿਥਿਆ ਹਨ। ਸੁਦੇਸ਼ੀ ਬਾਣਾਂ, ਬਿਦੇਸ਼ੀ ਬੇਕਾਟ।

ਅਰੇਦੇਸਵਾ ਕੇ ਸਬ ਧਨਣਧਾਨ ਬਿਦੇਸਵਾ ਮੇ ਜਾਏ ਰਹੇ,<br>
ਮਹਿੰਗੀ ਪੜਤ ਹਰ ਸਾਲ ਕ੍ਰਿਸਕ ਅਕੁਲਾਇ ਰਹੇ।

ਦੁਹਾਈ ਗਾਂਧੀ ਬਾਪੂ। ...ਗਾਂਧੀ ਬਾਪੂ ਕੱਲੇ ਕੀ ਕਰਨ। ਦੇਸ ਦੇ ਹਰੇਕ ਬੰਦੇ ਦਾ ਕਰੱਤਵ ਹੈ...।

ਕਾ ਕਰੇਂ ਗਾਂਧੀ ਜੀ ਅਕੇਲੇ, ਤਿਲਕ ਪ੍ਰਲੋਕ ਬਸੇ।<br>
ਕਵਨ ਸਰੋਜਨੀ ਕੇ ਆਸ ਅਬਹਿ ਪਰਦੇਸ ਰਹੀ।

ਦੁਹਾਈ ਗਾਂਧੀ ਬਾਪੂ। ਚੁੱਨੀ ਦਾਸ ਨੂੰ ਆਪਣੀ ਸ਼ਰਣ ਲੈ ਲਵੋ ਪ੍ਰਭੂ। ·· ਬਿਦੇਸ਼ੀ ਕਪੜਾ...ਬੈਕਾਟ...ਨਿਮਕ ਕਾਨੂੰਨ...ਜੇਲ। ਗਾਂਜਾ-ਦਾਰੂ ਛੱਡੋ ਪਿਆਰੇ ਭਰਾਵੋ...ਜੇਲ। ਵਿਅਕਤੀਗਤ ਸਤਿਆਗ੍ਰਹ...ਜੇਲ। 1942...ਜੇਲ। ...ਕੁਲ ਮਿਲਾ ਕੇ ਦਸ ਵਾਰ ਜੇਲ ਯਾਤਰਾ ਕਰ ਚੁਕਾ ਹੈ। ਚੁੱਨੀ ਗੁਸਾਂਈਂ।

ਅਤੇ ਉਹ ਸੋਸ਼ਲਿਸਟ ਪਾਰਟੀ ਵਿਚ ਚਲਾ ਗਿਆ ?

ਬਾਵਨ ਦਾਸ।

ਪੂਰਵਲੇ ਜਨਮ ਦਾ ਫਲ ਜਾਂ ਸਿਰਜਣਹਾਰ ਦੀ ਮਰਜ਼ੀ। ਕੁਦਰਤੀ ਭੁੱਲ ਜਾਂ ਥਾਇਰਾਇਡ, ਥਾਇਮਸ ਅਤੇ ਪਊਟਿਟਰੀ ਗਲੈਂਡਜ਼ ਦੇ ਹੇਰਫੇਰ। ਡੇਢ ਹੱਥ ਦੀ ਉਚਾਈ। ਸਾਂਵਲਾ ਰੰਗ, ਮੋਟੇ ਬੁੱਲ੍ਹ, ਹੈਰਾਨ ਕਰਨ ਵਾਲੀ ਦਾੜ੍ਹੀ ਅਤੇ ਚੌਂਕਾਣ ਵਾਲੀ ਮੋਟੀ ਠੁੱਲ੍ਹੀ ਆਵਾਜ਼। ਉਚਾਈ ਦੇ ਹਿਸਾਬ ਨਾਲ ਆਵਾਜ਼ ਦਸ ਗੁਣਾ ਭਾਰੀ। ਅਜੀਬ ਚਾਲ, ਜਿਵੇਂ ਰਿੜ੍ਹ ਰਿਹਾ ਹੋਵੇ। ਅਗਿਆਤ ਕੁਲਸ਼ੀਲ। ਜਨਮ ਤੋਂ ਹੀ ਸਾਧੂ। ਜਿਧਰ ਦੀ ਲੰਘਦਾ ਲੋਕਾਂ ਦੀਆਂ ਨਿਗਾਹਾਂ ਅਚਾਨਕ ਅਟਕ ਜਾਂਦੀਆਂ। ਫੇਰ ਵਿਮਿਕ ਹਾਸਾ ਮੁਸਕਣੀ। ਪਿਛੇ ਪਿਛੇ ਬਚਿਆਂ ਦਾ ਹਜੂਮ, ਤਮਾਸ਼ਾ, ਕੁਤੇ ਭੌਂਕਦੇ, ਇਨਸਾਨ ਹਸਦੇ! ਗਰਭਵਤੀ ਜ਼ਨਾਨੀਆਂ ਲੁਕ ਜਾਂਦੀਆਂ ਜਾਂ ਲੁਕਾ ਦਿਤੀਆਂ ਜਾਂਦੀਆਂ। ...ਅਤੇ ਜਦੋਂ ਭਗਵਾਨ ਨੇ ਉਹਨੂੰ ਚਲਦਾ ਫਿਰਦਾ ਤਮਾਸ਼ਾ ਹੀ ਬਣਾ ਕੇ ਭੇਜਿਆ ਹੈ, ਲੋਕ ਉਹਨੂੰ ਦੇਖ ਕੇ ਖੁਸ਼ ਹੋ ਲੈਂਦੇ ਹਨ ਤਾਂ ਕਿਉਂ ਨਾ ਉਹ ਇਬਜਾਨ ਮੰਗ ਲਵੇ। ...ਦੇ ਦੇ ਮਾਈ ਕੁਛ ਖਾਣ ਨੂੰ। ਭਗਵਾਨ ਭਲਾ ਕਰੇਗਾ ਸੇਤਾਰਾਮ, ਸੇਤਾਰਾਮ। ਚੰਦਨ ਪਟੀ ਦੀ ਉਸ ਸਭਾ ਨੇ ਤੇਵਾਰੀ ਜੀ ਦੇ ਭਾਖਣ ਅਤੇ ਤਨੁਕਲਾਲ ਦੇ ਗੀਤ ਇਸ ਡੇਢ ਹੱਥ ਦੇ ਆਦਮੀ ਨੂੰ ਵੀ ਝੰਜੋੜ ਸੁਟਿਆ ਸੀ। ਪਤਾ ਨਹੀਂ ਪੂਰਵਲੇ ਜਨਮ ਦੇ ਕਿਸ ਪਾਪ ਦਾ ਫਲ ਭੋਗ ਰਿਹਾ ਹਾਂ। ਕੀ ਹੋਊਗਾ ਇਹ ਸਰੀਰ ਰਖ ਕੇ? ਚੜ੍ਹਾ ਦਿਓ ਗਾਂਧੀ ਬਾਪੂ ਦੇ ਚਰਣ ਵਿਚ, ਭਾਰਥ ਮਾਤਾ ਦੀ ਖਾਤਰ।

> ਅਰੇ ਦੇਸਵਾ ਕੀ ਖਾਤਿਰ ਮਜਹਰੂ ਲੱਹਕ ਭਇਲੇ ਫਕਿਰਵਾਸ
> ਦੀਨ ਭਇਲੇ ਰਾਜੇਂਦਰ ਪ੍ਰਸ਼ਾਦ ਦੇਸ ਵਾਸਿਓ।

ਅਤੇ ਉਹ ਤਾਂ ਫਕੀਰ ਹੀ ਹੈ।...ਚੁੰਨੀ ਗੁਸਾਂਈਂ ਨੇ ਨਾਵਾਂ ਲਿਖਾ ਦਿਤਾ? ਮੇਰਾ ਵੀ ਨਾਵਾਂ ਲਿਖ ਲਿਆ ਜਾਵੇ।...ਰਾਮ ਕਿਸੂਨ ਬਾਬੂ ਦੀ ਇਸਤਰੀ ਉਹਨੂੰ ਦੇਖਦਿਆਂ ਹੀ ਚਿੱਲਾ ਉਠੀ ਸੀ—"ਭਗਵਾਨ! ਬਾਵਨ ਭਗਵਾਨ।"...ਉਨ੍ਹਾਂ ਨੇ ਪੂਰਨਿਆਂ ਆਉਣ ਲਈ ਕਿਹਾ ਸੀ।

ਸੇਤਾਰਾਮ। ਸੇਤਾਰਾਮ! ਬੰਦੇ ਮਹਾਤਰਮ! ਬੰਦੇ ਮਹਾਤਰਮ।

ਜ਼ਿਲੇ ਦੀ ਰਾਜਨੀਤੀ ਦੇ ਪਿਤਾ ਰਾਮਕਿਸੂਨ ਬਾਬੂ ਦੇ ਬੰਗਲੇ ਤੇ ਉਹ ਜਿਸ ਵੇਲੇ ਹਾਜ਼ਰ ਹੋਇਆ ਉਸ ਵੇਲੇ, ਪੁਲਿਸ ਦੀ ਲਾਰੀ ਖਲੋਤੀ ਸੀ। ਦਰੋਗਾ ਸਾਹਿਬ ਉਡੀਕ ਕਰ ਰਹੇ ਸਨ, ਰਾਮਕਿਸੂਨ ਬਾਬੂ ਆਪਣੀ ਆਭਾ ਰਾਣੀ ਨੂੰ ਜ਼ਰੂਰੀ ਹਦਾਇਤਾਂ ਦੇ ਰਹੇ ਸਨ।

ਬੰਦੇ ਮਹਾਤਰਮ! ਬੰਦੇ ਮਹਾਤਰਮ!

"ਤੁਮ ਜਾਓ। ਆਸਾਰ ਜਨਏ ਭੇਬੋ ਨਾ। ਓਈ ਦੂਯਾ ਕੋ, ਭਗਵਾਨ ਆਮਾਰ

ਕਾਛੇ ਨਿਜੇਈ ਏਸੇ ਗੇਛੇਨ।"

(ਤੁਸੀਂ ਜਾਓ। ਮੇਰੇ ਲਈ ਨਾ ਸੋਚੋ। ਭਗਵਾਨ ਮੇਰੇ ਕੋਲ ਖੁਦ ਹੀ ਆ ਗਿਆ)

ਆਭਾ ਰਾਣੀ ਦੀਆਂ ਅੱਖਾਂ ਆਨੰਦ ਨਾਲ ਚਮਕ ਉਠੀਆਂ ਸਨ।

ਆਭਾ ਰਾਣੀ ਨੇ ਬਾਵਨਦਾਸ ਨੂੰ 'ਭਗਵਾਨ' ਛਡ ਕੇ ਕਿਸੇ ਦੂਜੇ ਨਾਂ ਨਾਲ ਕਦੀ ਨਹੀਂ ਬੁਲਾਇਆ।

ਕੁਝ ਦਿਨਾਂ ਬਾਦ ਆਭਾ ਰਾਣੀ ਵੀ ਗ੍ਰਿਫਤਾਰ ਹੋ ਗਈ। ਬਾਵਨ ਦਾਸ ਵੀ ਫੜਿਆ ਗਿਆ। ਪੁਲਿਸ ਨੇ ਇਕ ਅੱਧ ਡੰਡਾ ਮਾਰ ਕੇ ਉਹਨੂੰ ਨਸਾ ਦੇਣ ਦੀ ਕੋਸ਼ਿਸ਼ ਕੀਤੀ, ਪਹਿਲੇ ਹੀ ਡੰਡੇ ਦੀ ਸੱਟ ਨੂੰ ਆਭਾ ਰਾਣੀ ਨੇ ਵਧ ਕੇ ਆਪਣੇ ਸ਼ਰੀਰ ਤੇ ਸਹਿ ਲਿਆ ਤਾਂ ਪੁਲਿਸ ਦੇ ਪੈਰਾਂ ਥਲਿਓਂ ਮਿੱਟੀ ਖਿਸਕ ਗਈ ਸੀ... "ਆਮਰ ਭਗਵਾਨ ਕੇ ਮਾਰੋ ਨਾ।" ਖ਼ੂਨ ਲਾਲ ਲਿਬੜੀ ਖਾਦੀ ਦੀ ਚਿੱਟੀ ਸਾੜ੍ਹੀ। ਪੱਥਰ ਨੂੰ ਵੀ ਪਿਘਲਾ ਦੇਣ ਵਾਲੀ, ਕਰੁਣਾ ਭਰੀ ਬੋਲੀ, "ਆਮਾਰ ਭਗਵਾਨ।" ਬਾਵਨ ਦੇ ਪੂਰਵਲੇ ਜਨਮ ਦੇ ਸਾਰੇ ਪਾਪ ਜਿਵੇਂ ਅਚਾਨਕ ਹੀ ਪੁੰਨ ਵਿਚ ਬਦਲ ਗਏ। ਸੁੱਕੇ ਮੁੱਢ ਵਿਚ ਨਵੀਂ ਕਰੂੰਬਲ ਫੁਟ ਪਈ। ਉਹਦੇ ਮੂੰਹ 'ਚੋਂ ਮੋਈ ਆਵਾਜ਼ ਨਿਕਲੀ ਸੀ — 'ਮਾਂ।'

ਮਾਂ! ਮਹਾਤਮਾ ਗਾਂਧੀ ਜੀ ਵੀ ਆਭਾ ਰਾਣੀ ਨੂੰ ਮਾਂ ਹੀ ਕਹਿੰਦੇ। 1934 ਵਿਚ ਭੁਚਾਲ ਪੀੜਤ ਖੇਤਰਾਂ ਦੇ ਦੌਰੇ ਤੇ ਜਦੋਂ ਬਾਪੂ ਆਏ ਸਨ, ਨਾਲ ਸਨ ਰਾਮਕਿਸ਼ੁਨ ਬਾਬੂ, ਆਭਾ ਰਾਣੀ ਅਤੇ ਬਾਵਨ ਦਾਸ। ਬਾਵਨ ਦਾਸ ਦੇ ਬਗੈਰ ਆਭਾ ਰਾਣੀ ਇਕ ਪੈਰ ਵੀ ਕਿਤੇ ਨਹੀਂ ਜਾ ਸਕਦੀ। ਗਾਂਧੀ ਜੀ ਹੱਸ ਕੇ ਬੋਲੇ ਸਨ, "ਮਾਂ, ਤੁਹਾਡੇ ਭਗਵਾਨ ਨਾਲ ਈਰਖਾ ਹੁੰਦੀ ਹੈ।" ...ਦੰਦਹੀਨ ਪੋਪਲੇ ਮੂੰਹ ਦਾ ਉਹ ਪਵਿੱਤਰ ਹਾਸਾ, ਬੱਚਿਆਂ ਦੇ ਹਾਸੇ ਵਰਗਾ।

ਫੁਲਕਾਹਾ ਬਜ਼ਾਰ। ਲੱਖਾਂ ਦੀ ਭੀੜ। ਉਚਾ ਮੰਚ..."ਮਹਾਤਮਾਂ ਗਾਂਧੀ ਦੀ ਜੈ।" ..."ਬਾਰ ਬਾਰ ਆਕਾਸ਼ ਹਿੱਲ ਜਾਂਦਾ ਹੈ। ...ਜੈ! ਫੇਰ ਆਕਾਸ਼ ਹਿਲਦਾ ਹੈ। ਰੇਲਮ ਪੇਲ ਫੁੱਲਾਂ ਦੀ ਵਰਖਾ।...ਚਰਨ ਧੂੜ! ਸੀਟੀ...ਸਵੈ ਸੇਵਕ। ਕਾਰਡਨ ਪਾਵੋ...ਘੇਰਾ...ਘੇਰਾ।

ਮੰਚ ਤੇ ਅਗੇ ਅਗੇ ਰਾਮਕਿਸ਼ੁਨ ਬਾਬੂ, ਆਭਾ ਰਾਣੀ ਦੇ ਮੋਢੇ ਦਾ ਸਹਾਰਾ ਲਈ ਗਾਂਧੀ ਜੀ।...ਉਹੋ ਹੀ ਗਾਂਧੀ ਜੀ!...ਜੈ!...ਜੈ!...ਆਭਾ ਰਾਣੀ ਹੱਥ ਦਾ ਇਸ਼ਾਰਾ ਦੇ ਕੇ ਫੇਰ ਕਿਸੇ ਨੂੰ ਮੰਚ ਤੇ ਚੜ੍ਹਾ ਰਹੀ ਹੈ? ਕੌਣ ਹੈ, ਉਹ? ...ਓਏ ਬਾਵਨ ਦਾਸ! ਬੋਨਾ! ...ਗਾਂਧੀ ਜੀ ਤਰਜਣੀ ਨਾਲ ਸਾਰਿਆਂ ਨੂੰ ਸ਼ਾਂਤ ਰਹਿਣ ਲਈ ਕਹਿ ਰਹੇ ਹਨ...ਲੱਖਾਂ ਦੀ ਭੀੜ ਵਿਚ ਬਾਵਨ ਦਾਸ ਖੰਜੜੀ ਬਜਾ ਕੇ ਗੌਂਦਾ ਹੈ। "ਏਕ ਰਾਮ ਨਾਮ ਧਕ ਸਾਂਚਾ, ਜਗ ਮੇਂ ਕੁਛ ਨਾਂ ਬਾਂਚਾ ਹੋ।" ਆਵਾਜ ਦੂਰ

ਤਕ ਨਹੀਂ ਪਹੁੰਚਦੀ। ਪਰ ਬਾਵਨਦਾਸ! ਡੇਢ ਹੱਥ ਉਚਾ ਇਹ ਛੋਟਾ ਆਦਮੀ ਕਿੰਨਾ ਵੱਡਾ ਹੋ ਗਿਆ ਹੈ। ਮਹਾਤਮਾ ਜੀ ਭਿਖਿਆ ਮੰਗਦੇ ਹਨ। ਹਰੀਜਨਾਂ ਲਈ ਦਾਨ ਦਿਓ। ਰੁਪਿਆਂ ਦੀ ਥੈਲੀ, ਸੋਨੇ ਦੀ ਅੰਗੂਠੀ, ਚੈਨ, ਬੁਤਾਮ, ਹਾਰ ਕੰਗਣ, ਅਠਿਆਨੀ, ਚੁਆਨੀ, ਇਕ ਆਨਾ, ਪੱਥਰ ਦਾ ਟੁਕੜਾ। ਪਰ ਸਭ ਕੁਝ ਦੇ ਕੇ ਵੀ ਬਾਵਨਦਾਸ ਤੋਂ ਵੱਡਾ ਹੋਣਾ ਅਸੰਭਵ!

ਬਾਵਨਦਾਸ ਨੂੰ ਜਿਵੇਂ ਕੁਬੇਰ ਦਾ ਭੰਡਾਰ ਮਿਲ ਗਿਆ, ਸੁਕੇ ਮੁੱਢ ਵਿਚ ਕਰੂੰਬਲ ਮੌਲ ਪਈ......ਬਾਪੂ।

1937 ਪੰਡਿਤ ਜਵਾਹਰ ਲਾਲ ਨਹਿਰੂ ਚੋਣਾਂ ਦੇ ਤੂਫਾਨੀ ਦੌਰੇ ਤੇ ਆਏ ਹਨ। ਬਾਵਨਦਾਸ ਨੂੰ ਦੇਖਕੇ ਤਾਜੁੱਬ ਦੀ ਮੁਦਰਾ ਬਣਾ ਕੇ ਕੁਝ ਦੇਰ ਤਕ ਦੇਖਦੇ ਹੀ ਰਹਿ ਗਏ। ਫੇਰ ਮੱਥੇ ਤੇ ਬਲ ਪਾ ਕੇ ਨੱਕ ਤੇ ਉਂਗਲੀ ਰਖਦਿਆਂ ਗਾਂਗੋਲੀ ਜੀ ਨਾਲ ਅੰਗ੍ਰੇਜ਼ੀ ਵਿਚ ਬੋਲੇ, "ਆਈ ਕਾਂਨਟ ਰਿਮੈਂਬਰ ਦੀ ਨੇਮ ਆਫ ਦੈਟ ਬੁਕ।" (ਮੈਨੂੰ ਉਸ ਕਿਤਾਬ ਦਾ ਨਾਂ ਨਹੀਂ ਯਾਦ ਆ ਰਿਹਾ।)

'ਕਿੰਗ ਆਫ਼ ਦੀ ਗੋਲਡਨ ਰਿਵਰ।' ਗਾਂਗੋਲੀ ਜੀ ਨੇ ਝਟ ਜਵਾਬ ਦਿਤਾ। ਫੇਰ ਦੋਨੋਂ ਇਕੋ ਵੇਲੇ ਹਸ ਪਏ।

ਹੁਣ ਬਾਵਨਦਾਸ ਭਜਨ ਹੀ ਨਹੀਂ ਗਾਉਂਦਾ। ਬਖਿਆਨ ਦੇਣਾ ਵੀ ਸਿਖ ਗਿਆ ਹੈ। ਉਹ ਬੋਲਣ ਲਈ ਉਠਦਾ ਹੈ, ਮਾਈਕ ਸਟੈਂਡ ਕਾਫੀ ਉਚਾ ਹੈ। ਆਪਰੇਟਰ ਹੈਰਾਨ ਹੈ। ਇਕ ਦਮ ਉਹ ਕੀ ਕਰੇ? ਕਦੀ ਉਚਾ, ਕਦੀ ਨੀਵਾਂ ਕਰਦਾ ਹੈ, ਫੇਰ ਵੀ ਬਾਵਨਦਾਸ ਤੋਂ ਕਾਫੀ ਉਚਾ ਹੈ, ਮਾਈਕ ਸਟੈਂਡ। ਨਹਿਰੂ ਜੀ ਬੜੀ ਫੁਰਤੀ ਨਾਲ ਉਠ ਕੇ ਜਾਂਦੇ ਹਨ, ਮਾਈਕ ਖੋਲ੍ਹ ਕੇ ਹੱਥ ਵਿਚ ਫੜ ਲੈਂਦੇ ਹਨ। ਝੁਕ ਕੇ ਬਾਵਨ ਦਾਸ ਦੇ ਮੂੰਹ ਕੋਲ ਲੈ ਜਾਂਦੇ ਹਨ, ਬੋਲੋ! ਜਨਤਾ ਹਸਦੀ ਹੈ। ਬਾਵਨ ਜਰਾ ਘਬਰਾ ਜਾਂਦਾ ਹੈ। ਨਹਿਰੂ ਜੀ ਮੁਸਕਰਾ ਕੇ ਉਹਦੇ ਗਲ ਵਿਚ ਹਾਰ ਪਾ ਦਿੰਦੇ ਹਨ, 'ਬੋਲੋ! ਪ੍ਰੈਸ ਰਿਪੋਰਟਰਾਂ ਦੇ ਕੀਮਤੀ ਕੈਮਰਿਆਂ ਦੇ ਬਟਨ ਇਕੋ ਵੇਲੇ 'ਕਲਿਕ-ਕਲਿਕ' ਕਰਦੇ ਹਨ। 'ਨੈਸ਼ਨਲ ਹਿਰਲਡ' ਦੇ ਪਹਿਲੇ ਸਫੇ ਤੇ ਵੱਡੀ ਸਾਰੀ ਤਸਵੀਰ ਛਪੀ ਸੀ—ਬਾਵਨ-ਦਾਸ ਦੇ ਗਲ ਵਿਚ ਹਾਰ ਹੈ, ਨਹਿਰੂ ਜੀ ਹੱਥ ਵਿਚ ਮਾਈਕ ਲੈ ਕੇ ਝੁਕੇ ਹੋਏ ਹਨ। ਤਸਵੀਰ ਉਪਰ ਲਿਖਿਆ ਹੋਇਆ ਸੀ, "ਮਾਇਕ ਆਪਰੇਟਰ ਨਹਿਰੂ।'

ਅਗਸਤ 1942। ਕਚਹਿਰੀ ਤੇ ਚੜ੍ਹਾਈ। ਠਾ-ਠਾ। ਪੁਲਿਸ ਹਵਾਈ ਫਾਇਰ ਕਰਦੀ ਹੈ। ਲੋਕ ਨਸ ਰਹੇ ਹਨ। ਬਾਵਨਦਾਸ ਲਲਕਾਰਦਾ ਹੈ, ਜਨਤਾ ਪਰਤ ਕੇ ਦੇਖਦੀ ਹੈ, ਡੇਢ ਹੱਥ ਦਾ ਇਨਸਾਨ ਛਾਤੀ ਫੈਲਾ ਕੇ ਖਲੋਤਾ ਹੈ।......ਬੰਬਈ ਤੋਂ ਆਈ ਆਵਾਜ਼......ਜਨਤਾ ਪਰਤਦੀ ਹੈ। ਬਾਵਨਦਾਸ ਪੁਲਿਸ ਵਾਲਿਆਂ ਦੇ ਪੈਰਾਂ ਵਿਚੀਂ ਘੇਰੇ ਦੇ ਉਸ ਪਾਸੇ ਚਲਾ ਜਾਂਦਾ ਹੈ ਅਤੇ ਜੇਤੂ ਤਰੰਗਾ ਸ਼ਾਨ ਨਾਲ ਲਹਿਰਾ

ਉਠਦਾ ਹੈ । ......ਮਹਾਤਮਾ ਗਾਂਧੀ ਦੀ ਜੈ ।

ਬਾਵਨ ਨੂੰ ਗਾਂਧੀ ਜੀ ਜਾਣਦੇ ਹਨ ।

ਨਹਿਰੂ ਜੀ ਜਾਣਦੇ ਹਨ ਅਤੇ ਰਜਿੰਦਰ ਬਾਬੂ ਵੀ ਪਛਾਣਦੇ ਹਨ । ਪ੍ਰਾਂਤ ਭਰ ਦੇ ਲੀਡਰ ਤੇ ਰਾਜਨੀਤਿਕ ਕਾਰਜ ਕਰਤਾ ਜਾਣਦੇ ਹਨ । ਕੈਂਪ ਜੇਲ ਵਿਚ ਸੁਪਰਡੈਂਟ ਦੀ ਬਦਮਾਸ਼ੀ ਵਿਰੁੱਧ ਕੈਦੀਆਂ ਨੇ ਸਾਮੂਹਿਕ ਅਨਸ਼ਨ ਕੀਤਾ ਸੀ । ਅੰਤ ਤਕ ਬਾਵਨਦਾਸ ਅਤੇ ਚੂੰਨੀ ਗੁਸਾਈਂ ਹੀ ਟਿਕੇ ਰਹੇ ਸਨ । ਪੰਝੀ ਦਿਨਾਂ ਦਾ ਅਨਸ਼ਨ ! ਰਦਰ ਫੋਰਡ ਅਤੇ ਆਰਚਰ ਨੇ ਇਨ੍ਹਾਂ ਦੋਵਾਂ ਨੂੰ 'ਦੇਖਣ ਮਾਂਗਾ' ਸੀ । ਗਾਂਧੀ ਜੀ ਦੀ ਕਠੋਰ ਪ੍ਰੀਖਿਆ ਸਮੇਂ ਸੱਤ ਦੀ ਪ੍ਰੀਖਿਆ ਸਮੇਂ, ਸਤਿਆਗ੍ਰਹਿ ਦੀ ਪ੍ਰੀਖਿਆ ਸਮੇਂ, ਖਰੇ ਉਤਰਣ ਵਾਲੇ ਦੋ ਕਰੂਪ ਅਤੇ ਭੱਦੇ ਇਨਸਾਨ ।

'ਸੁਰਾਜੀ' ਵਿਚ ਨਾਵਾਂ ਲਿਖਾਣ ਤੋਂ ਬਾਦ ਸਿਰਫ ਦੋ ਵਾਰ ਬਾਵਨ ਨੂੰ ਮਾਇਆ ਨੇ ਆਪਣੇ ਮੋਹ ਜਾਲ ਵਿਚ ਫਸਾਉਣ ਦੀ ਕੋਸ਼ਿਸ਼ ਕੀਤੀ ਸੀ । ਦੋਵੇਂ ਵਾਰ ਉਹ ਚੇਤੰਨ ਹੋ ਗਿਆ ਸੀ । ਮੋਹ ਦੀ ਫਾਹੀ ਵਿਚ ਫਸਦਾ ਫਸਦਾ ਉਹ ਬਚ ਗਿਆ ਸੀ । ਮਹਾਤਮਾ ਜੀ ਦੀ ਕਿਰਪਾ ।

ਇਕ ਵਾਰ ਰਾਮਕਿਸ਼ਨ ਬਾਬੂ ਨੇ ਸਿਮਰਬਨੀ ਤੋਂ ਮੁਠਿਆ ਵਸੂਲ ਹੋਇਆ, ਚੋਲ ਲਿਆਉਣ ਲਈ ਭੇਜਿਆ ਸੀ—'ਚੌਲ ਵੇਚ ਕੇ ਰੁਪਏ ਲੈ ਆਵੀਂ' । 'ਪੰਚ ਰੁਪਏ ਤਿੰਨ ਆਨੇ । ਵਾਪਸੀ ਤੇ ਉਹ ਸਿਮਰਾਹਾ ਸਟੇਸ਼ਨ ਦੇ ਬਜ਼ਾਰ ਵਿਚ ਜਗਮੋਹਨ ਸ਼ਾਹ ਦੀ ਦੁਕਾਨ ਤੇ ਦਹੀਂ ਚੂੜਾ ਖਾਣ ਗਿਆ ਸੀ । ਜਗਮੋਹਨਸ਼ਾਹ ਜਲੇਬੀਆਂ ਤਲ ਰਿਹਾ ਸੀ ਅਤੇ ਸ਼ਾਹਣੀ ਜਲੇਬੀਆਂ ਨੂੰ ਰਸੇ ਵਿਚ ਡਬੋ ਰਹੀ ਸੀ । ਬਾਵਨਦਾਸ ਦੇ ਮਨ ਵਿਚ ਬੜੀ ਦੇਰ ਤਕ ਰਸ ਵਿਚ ਡੁਬੀਆਂ ਹੋਈਆਂ ਜਲੇਬੀਆਂ ਚੱਕਰ ਲਾਉਂਦੀਆਂ ਰਹੀਆਂ । ਪਥਰਾਹਾ ਤੇ ਫਾਗੂ ਬਾਬੂ ਨੇ ਆਪਣੇ ਪਿਓ ਦੇ ਸਾਰਾਧ ਵਿਚ ਕੰਗਾਲ ਭੋਜਨ ਕਰਾਇਆ ਸੀ । ਇਕ ਯੁਗ ਬੀਤ ਗਿਆ, ਬਾਵਨ ਨੇ ਫੇਰ ਜਲੇਬੀ ਦਾ ਸੁਆਦ ਨਹੀਂ ਦੇਖਿਆ । ਅਖੀਰ 'ਚ ਬਾਵਨਦਾਸ ਨੇ ਦਹੀਂ ਚੂੜੇ ਨਾਲ ਦੋ ਆਨੇ ਦੀਆਂ ਜਲੇਬੀਆਂ ਲੈ ਲਈਆਂ ।

ਪਰ ਢਿਡ ਭਰਨ ਤੋਂ ਬਾਅਦ ਉਹਨੂੰ ਅਚਾਨਕ ਗਿਆਨ ਹੋਇਆ ਉਹਦੀਆਂ ਅੱਖਾਂ ਅਗੋਂ ਮਾਇਆ ਦਾ ਪਰਦਾ ਹਟ ਗਿਆ । ......ਇਹ ਪੈਸੇ ? ਮੁਠਿਆ ? ਉਹਦੀਆਂ ਅੱਖਾਂ ਸਾਹਮਣੇ ਪਿੰਡ ਦੀਆਂ ਜਨਾਨੀਆਂ ਦੀਆਂ ਤਸਵੀਰਾਂ ਨੱਚਣ ਲਗੀਆਂ ।......ਤੌੜੀ ਵਿਚ ਚੋਲ ਪਾਉਣ ਤੋਂ ਪਹਿਲਾਂ ਪਰਮ ਭਗਤੀ ਅਤੇ ਸ਼ਰਧਾ ਨਾਲ, ਇਕ ਮੁਠੀ ਚੋਲ ਗਾਂਧੀ ਬਾਪੂ ਦੇ ਨਾਂ ਦੇ ਕਢ ਕੇ ਰਖ ਰਹੀਆਂ ਹਨ । ਪੀਹ ਕੁੱਟ ਕੇ ਜਿਹੜੀ ਮਜਦੂਰੀ ਮਿਲੀ ਹੈ, ਉਹਦੇ ਵਿਚੋਂ ਇਕ ਮੁਠੀ ਭੁਖੇ ਬੱਚਿਆਂ ਦਾ ਢਿਡ ਵੰਡ ਕੇ ਇਕ ਮੁਠੀ ਅਤੇ ਬਾਵਨ ਨੇ ਉਨ੍ਹਾਂ ਪੈਸਿਆਂ ਨਾਲ ਆਪਣੀ ਜੀਭ ਦਾ ਸਵਾਦ ਪੂਰਾ ਕੀਤਾ ? ......ਬਰਤ ਭੰਗ । ਤਪ ਭ੍ਰਸ਼ਟ । ......ਦੁਹਾਈ ਬਾਪੂ ਗਾਂਧੀ । ......ਖਿਮਾਂ ਕਰੋ !

ਬਾਵਨ ਫੁਟ ਫੁਟ ਕੇ ਰੋਣ ਲਗਾ। ਉਹਦੀਆਂ ਅੱਖਾਂ 'ਚੋਂ ਅਥਰੂ ਝੜ ਰਹੇ ਸਨ ਅਤੇ ਉਹ ਸੰਘ ਵਿਚ ਉਂਗਲੀਆਂ ਪਾ ਕੇ ਉਲਟੀ ਕਰਦਾ ਜਾਂਦਾ ਸੀ ......ਸੇਤਾਰਾਮ। ਸੇਤਾਰਾਮ। ਦੋ ਦਿਨਾਂ ਦਾ ਉਪਵਾਸ। ਆਤਮ ਸੁਧੀ, ਪ੍ਰਾਸ਼ਚਿਤ। ਰਾਮਕਿਸ਼ਨ ਬਾਬੂ ਨੇ ਬੜਾ ਸਮਝਾਇਆ, ਆਭਾ ਰਾਣੀ ਪਰੋਸੀ ਹੋਈ ਥਾਲੀ ਲੈ ਕੇ ਸਾਹਮਣੇ ਬੈਠੀ ਰਹੀ, ਪਰ ਬਾਵਨ ਨੇ ਉਪਵਾਸ ਨਹੀਂ ਤੋੜਿਆ। ......"ਮਾਂ ਇਸ ਅਪਵਿਤਰ ਮਨ ਨੂੰ ਦੰਡ ਦੇਣ ਤੋਂ ਨਾ ਰੋਕੋ। ਅਸ਼ੁੱਧ ਆਤਮਾ ਮੈਨੂੰ ਬਾਪੂ ਦੇ ਰਾਹ ਤੋਂ ਡੇਗ ਦੇਵੇਗੀ।"

ਮਾਇਆ ਦਾ ਦੂਸਰਾ ਜਾਲ......

ਮਕਾਨ ਕਾਨੂੰਨ ਤੋੜਨ ਸਮੇਂ ਸ੍ਰੀਮਤੀ ਭਾਗਵਤੀ ਦੇਵੀ ਪਟਨੇ ਤੋਂ ਆਈ ਹੋਈ ਸੀ। ਉਨ੍ਹਾਂ ਦੀ ਬੋਲੀ ਵਿਚ ਜਿਵੇਂ ਜਾਦੂ ਸੀ। ਉਹ ਜਿਥੇ ਜਾਂਦੀ, ਲੋਕ ਉਹਨਾਂ ਦੇ ਭਾਸ਼ਣ ਸੁਣਨ ਲਈ ਦੌੜੇ ਆਉਂਦੇ ਸਨ। ......ਮੁਟਿਆਰ ਜਨਾਨੀ। ਸਿਰ ਤੇ ਘੁੰਡ ਨਹੀਂ। ਭਗੌਤੀ ਦੁਰਗਾ ਵਾਂਗ ਤੇਜ਼ੀ ਨਾਲ ਜਲ-ਜਲ ਕਰਦੀ ਹੈ, ਸਰਕਾਰ ਨੂੰ ਪਾਣੀ-ਪਾਣੀ ਕਰ ਦਿੰਦੀ ਹੈ। "...ਮੁੱਠੀ ਭਰ ਅੰਗ੍ਰੇਜ਼ਾਂ ਨੂੰ ਅਸੀਂ ਨਾਚ ਨਚਾ ਦਿਆਂਗੇ। ਗੋਲੀ, ਸੂਲੀ ਅਤੇ ਫਾਂਸੀ ਦਾ ਡਰ ਨਹੀਂ।" ਪੁਲਿਸ ਦਰੋਗੇ ਡਰ ਨਾਲ ਥਰ ਥਰ ਕੰਬਦੇ ਹਨ। ......ਅੰਗਰੇਜ਼ਾਂ ਦੇ ਜੂਠੇ ਪੱਤਲ ਚਟਣ ਵਾਲੇ ਇਹ ਹਿੰਦੁਸਤਾਨੀ ਕੁੱਤੇ ? ਜ਼ਰੂਰ ਉਹਦੇ ਵਿਚ ਭਗੌਤੀ ਦਾ ਅੰਸ਼ ਹੈ। ਸਭਾ ਖਤਮ ਹੋਣ ਪਿਛੋਂ ਉਨ੍ਹਾਂ ਦੇ ਨਿਵਾਸ ਸਥਾਨ ਤੇ ਵੀ ਭੀੜ ਲਗ ਜਾਂਦੀ ਸੀ। ਬਹੁਤ ਸਾਰੀਆਂ ਬਾਂਝ ਨਿਪੁੱਤਰ ਜਨਾਨੀਆਂ ਚਰਨ ਧੂੜ ਲੈਣ ਆਉਂਦੀਆਂ ਸਨ। ਭਗੌਤੀ। ......ਉਨ੍ਹਾਂ ਦੇ ਖਾਣ ਪੀਣ ਅਤੇ ਆਰਾਮ ਕਰਨ ਵੇਲੇ ਵੀ ਲੋਕ ਡਟੇ ਰਹਿੰਦੇ ਸਨ। ਅਖੀਰ ਸਵੈ ਸੇਵਕਾਂ ਦੇ ਪਹਿਰੇ ਦਾ ਪ੍ਰਬੰਧ ਕਰਨਾ ਪਿਆ ਸੀ।

ਇਕ ਦਿਨ ਚੰਦਨ ਪੱਟੀ ਆਸ਼ਰਮ ਵਿਚ ਦੁਪਹਿਰ ਵੇਲੇ ਤਾਰਾਵਤੀ ਜੀ ਬਿਸਤਰੇ ਤੇ ਆਰਾਮ ਕਰ ਰਹੀ ਸੀ। ਸਾਹਮਣੇ ਦਰਵਾਜ਼ੇ ਤੇ ਪਰਦਾ ਝੂਲ ਰਿਹਾ ਸੀ ਅਤੇ ਪਰਦੇ ਦੇ ਇਸ ਪਾਸੇ ਡੀਊਟੀ ਤੇ ਬਾਵਨਦਾਸ। ਫੱਗਣ ਦੀ ਦੁਪਹਿਰ ! ਅੰਬ ਦੇ ਬੂਰ ਦੀ ਸਜਰੀ ਸੁਗੰਧ ਨਾਲ ਭਰਪੂਰ ਹਵਾ ਪਰਦੇ ਨੂੰ ਝੂਲਦਾ ਛੱਡ ਕੇ ਅੰਦਰ ਚਲੀ ਜਾਂਦੀ ਸੀ। ਤਾਰਾਵਤੀ ਦੀ ਅੱਖ ਲਗ ਗਈ। ਬਾਵਨ ਨੇ ਝੂਲਦੇ ਪਰਦੇ ਦੀ ਨੁੱਕਰ ਵਿਚੋਂ ਐਵੇਂ ਹੀ ਜ਼ਰਾ ਅੰਦਰ ਝਾਕ ਕੇ ਵੇਖਿਆ ਸੀ। ਉਹਦਾ ਕਾਲਜਾ 'ਧੱਕ' ਕਰ ਉਠਿਆ ਸੀ, ਜਿਵੇਂ ਕਿਸੇ ਨੇ ਉਹਨੂੰ ਜ਼ੋਰ ਨਾਲ ਪਿਛੇ ਵਲ ਤਭਾੜ ਦਿਤਾ ਹੋਵੇ।......ਮਲਕੜੇ ਜਿਹੇ ਪਰਦੇ ਨੂੰ ਹਿਲਾਣ ਵਾਲੀ ਫੱਗਣ ਦੀ ਆਵਾਰਾ ਹਵਾ ਨੇ ਬਾਵਨ ਦੇ ਦਿਲ ਨੂੰ ਵੀ ਹਿਲਾਣਾ ਸ਼ੁਰੂ ਕਰ ਦਿਤਾ ਸੀ। ਬਾਵਨ ਨੇ ਇਕ ਵਾਰ ਚਹੁੰ ਪਾਸੀਂ ਝਾਕ ਕੇ ਦੇਖਿਆ, ਫੇਰ ਪਰਦੇ ਕੋਲ ਖਿਸਕ ਗਿਆ। ਝਾਕਿਆ। ਚਾਹੁੰ ਪਾਸੀਂ ਦੇਖਿਆ ਤੇ ਫੇਰ ਦੇਖਦਾ ਹੀ ਰਹਿ ਗਿਆ ਮੰਤਰ ਮੁਗਧ ਹੋਇਆ ਹੋਵੇ।

......ਪਲੰਘ ਤੇ ਅਲਸਾਈ ਹੋਈ ਮੁਟਿਆਰ ਜਨਾਨੀ ਬਿਖਰੇ ਹੋਏ ਘੁੰਗਰਾਲੇ ਕੇਸ, ਹਿਕ ਤੋਂ ਸਰਕੀ ਹੋਈ ਸਾੜ੍ਹੀ, ਖ਼ੱਦਰ ਦੀ ਖੁਲ੍ਹੀ ਹੋਈ ਅੰਗੀ। ...ਕ੍ਰੋਕਟੀ ਖਾਦੀ ਦੇ ਬਟਣ। ...ਆਸ਼ਰਮ ਦੀ ਫੁਲਵਾੜੀ ਦਾ ਅੰਗ੍ਰੇਜ਼ੀ ਅੰਗ੍ਰੇਜ਼ੀ ਫੁੱਲ, 'ਗਮਫੋਰਨਾਂ' ਪਾਂਚੂ ਰਾਉਤ ਦਾ ਬਕਰਾ ਰੋਜ਼ ਆ ਕੇ ਟਪ-ਟਪ ਫੁਲਾਂ ਨੂੰ ਖਾ ਜਾਂਦਾ ਹੈ।...ਬਾਵਨ ਦੇ ਪੈਰ ਕੰਬਦੇ ਹਨ। ਉਹ ਅਗੇ ਵਧਣਾ ਚਾਹੁੰਦਾ ਹੈ।...ਉਹ ਜਾਣਦਾ ਹੈ ਉਹ ਇਸ ਜਨਾਨੀ ਦੇ ਕਪੜਿਆਂ ਨੂੰ ਪਾੜ ਕੇ ਲੀਰ-ਲੀਰ ਕਰ ਦੇਣਾ ਚਾਹੁੰਦਾ ਹੈ। ਉਹ ਆਪਣੇ ਤੇਜ਼ ਨਹੁੰਆਂ ਨਾਲ ਉਹਦੀ ਦੇਹ ਨੂੰ ਚੀਰ-ਪਾੜ ਸੁਟੇਗਾ। ਉਹ ਇਕ ਚੀਕ ਸੁਨਣੀ ਚਾਹੁੰਦਾ ਹੈ। ਉਹ ਆਪਣੇ ਜਬੜਿਆਂ ਨਾਲ ਫੜ ਕੇ ਉਹਨੂੰ ਝੰਜੋੜੇਗਾ। ਉਹ ਮਾਰ ਸੁਟੇਗਾ, ਇਸ ਮੁਟਿਆਰ ਗੋਰੀ ਜਨਾਨੀ ਨੂੰ! ਉਹ ਖ਼ੂਨ ਕਰੇਗਾ। ਐਂ! ਸਾਹਮਣਲੀ ਖਿੜਕੀ 'ਚੋਂ ਕੌਣ ਝਾਕਦਾ ਹੈ?

ਗਾਂਧੀ ਜੀ ਦੀ ਤਸਵੀਰ? ਕੰਧ ਤੇ ਗਾਂਧੀ ਜੀ ਦੀ ਤਸਵੀਰ। ਹੱਥ ਜੋੜ ਕੇ ਹਸ ਰਹੇ ਨੇ ਬਾਪੂ। ......ਬਾਪੂ ......ਮਚੀ ਹੋਈ ਅੱਗ ਤੇ ਇਕ ਘੜਾ ਪਾਣੀ! ਬਾਪੂ! ਖਿਮਾਂ! ਖਿਮਾਂ! ਦੋ ਘੜੇ ਪਾਣੀ। ਦੁਹਾਈ ਬਾਪੂ। ਪਾਣੀ, ਪਾਣੀ, ਪਾਣੀ। ਸੀਤਲ ਜਲ। ਠੰਡਕ ......!

ਬਾਵਨ ਅੱਖਾਂ ਖੋਲ੍ਹਦਾ ਹੈ। ਰਾਮਕਿਸ਼ਨ ਬਾਬੂ ਪਾਣੀ ਦੀ ਪੱਟੀ ਫੜਾ ਰਹੇ ਹਨ। ਮਾਂ ਪੱਖਾ ਝਲ ਰਹੀ ਹੈ, ਗਾਂਗਲੀ ਚੁਪ ਚਾਪ ਖਲੋਤੇ ਹਨ ਅਤੇ ਘਬਰਾਈ ਹੋਈ ਤਾਰਾਵਤੀ ਜੀ ਕਹਿ ਰਹੀ ਹੈ—"ਚੀਕ ਸੁਣ ਕੇ ਮੇਰੀ ਨੀਂਦ ਖੁਲ੍ਹੀ ਤਾਂ ਦੇਖਿਆ ਇਹ ਧਰਤੀ ਤੇ ਛਟਪਟਾ ਰਿਹਾ ਹੈ।"

ਦੂਜੇ ਦਿਨ ਆਭਾ ਰਾਣੀ ਟਮਾਟਰ ਦੇ ਰਸ ਦਾ ਗਲਾਸ ਦੇਂਦਿਆਂ ਬੋਲੀ ਸੀ— "ਭਗਵਾਨ ਆਜ ਥੇਕੇ ਤੋਮਾਏ ਰੋਜ਼ ਏਕੇ ਗਿਲਾਸ ਏਈ ਰਸ, ਆਰ ਰਾਤਰੇ ਦੁਧ ਖੇਤੇ ਹਬੇ।" (ਭਗਵਾਨ! ਅੱਜ ਤੋਂ ਤੁਹਾਨੂੰ ਰੋਜ਼ ਇਕ ਗਿਲਾਸ ਇਹ ਰਸ ਤੇ ਰਾਤ ਨੂੰ ਦੁੱਧ ਪੀਣਾ ਹੋਵੇਗਾ)

ਪਰ ਬਾਵਨ ਤਾਂ ਸਤ ਦਿਨਾਂ ਦਾ ਉਪਵਾਸ-ਵਰਤ ਲੈ ਚੁਕਾ ਸੀ, ਆਤਮ ਸ਼ੁੱਧੀ, ਇੰਦਰੇ-ਸੁਧੀ, ਪ੍ਰਾਸਚਿਤ। ਆਭਾਰਾਣੀ ਹਾਰ ਕੇ 'ਤਾਂ ਹਲੇ ਆਮੀਉ ਖਾਬੋ ਨਾ' (ਨਹੀਂ ਖਾਉਗੇ ਤਾਂ ਮੈਂ ਵੀ ਨਹੀਂ ਖਾਵਾਂਗੀ) ਦੀ ਧਮਕੀ ਦੇ ਕੇ ਚਲੀ ਗਈ। ਉਦੋਂ ਬਾਵਨ ਨੇ ਗਾਂਗੁਲੀ ਜੀ ਕੋਲ ਜਾ ਕੇ ਮਲਕੜੇ ਜਿਹੇ ਸਾਰੀ ਕਹਾਣੀ ਸੁਣਾ ਦਿਤੀ ਗਾਂਲਗੋਂ ਜੀ! ਤੁਸੀਂ ਮਾਂ ਨੂੰ ਸਮਝਾ ਦਿਓ। ਮੈਂ ਵਰਤ ਤੋੜ ਨਹੀਂ ਸਕਦਾ। ਕਲ੍ਹ ਮਾਇਆ ਨੇ......।"

ਗਾਂਗਲੀ ਜੀ ਨੇ ਹਸਦਿਆਂ ਹੋਇਆਂ ਆਭਾਰਾਣੀ ਨੂੰ ਕਿਹਾ ਸੀ—"ਭਗਵਾਨੇਰ ਵਰਤ ਭੰਗ ਹਉਬਾ ਅਸੰਭਵ। ਕਾਰਣ ਗੁਰੂ ਤਰ। ਤਬੇ ਆਪਨਾਰ ਭਾਗਯ ਭਾਲੋ ਜੇ

ਬੇਚਾਰਾ ਕੇ ਸੂਰਦਾਸੇ ਕਥਾਮਨੇ ਪੜੇ ਕਿ, ਨਈਲੇ ਦਤ ਖਨ ਆਰ ਭਗਵਾਨੇਰ ਚੋਖ ਥਾ ਕਤੋ ਨਾ।"

(ਭਗਵਾਨ ਦਾ ਵਰਤ ਭੰਗ ਹੋਣਾ ਅਸੰਭਵ ਹੈ। ਤੁਹਾਡੇ ਭਾਗ ਚੰਗੇ ਹਨ ਕਿ ਉਨ੍ਹਾਂ ਨੂੰ ਸੂਰਦਾਸ ਦੀ ਗੱਲ ਯਾਦ ਨਹੀਂ ਆਈ, ਨਹੀਂ ਤਾਂ ਹੁਣ ਤਕ ਭਗਵਾਨ ਦੀਆਂ ਅੱਖਾਂ ਨਾ ਰਹਿੰਦੀਆਂ।)

ਆਭਾਰਾਣੀ ਆਵਾਕ ਹੋ ਕੇ ਗਾਂਗੋਲੀ ਜੀ ਵਲ ਦੇਖਦੀ ਰਹਿ ਗਈ ਸੀ—"ਕੀ ਜਾਨੀ ਬਾਪੂ ?" (ਕੀ ਪਤਾ, ਬਾਪੂ)

ਦੇਵਤਿਆਂ ਅਤੇ ਮੰਦਿਰਾਂ ਦੇ ਨਗਰ, ਬਨਾਰਸ ਵਿਚ ਰਹਿ ਕੇ ਵੀ ਆਭਾਰਾਣੀ ਨੂੰ ਸਭ ਤੋਂ ਪਹਿਲਾਂ ਆਪਣੇ ਭਗਵਾਨ ਦੀ ਯਾਦ ਆਉਂਦੀ ਹੈ। ਕਦੀ ਕਦੀ ਗਾਂਗੋਲੀ ਜੀ ਦੇ ਨਾਂ ਮਨੀਆਡਰ ਆਉਂਦਾ ਹੈ—

"ਭਗਵਾਨੇਰ ਕਾਪੜੇਰ ਜਨਯ। ......ਭਗਵਾਨ ਦੂਧਰੇ ਜਨਯ।"

(ਭਗਵਾਨ ਦੇ ਕਪੜਿਆਂ ਲਈ, ਭਗਵਾਨ ਦੇ ਦੁੱਧ ਲਈ।)

......ਅਤੇ ਉਹੋ ਹੀ ਬਾਵਨ ਦਾਸ ਕਹਿੰਦਾ ਹੈ, ਭਾਰਥ ਮਾਤਾ ਧਾਈਂ ਮਾਰ ਕੇ ਰੋ ਰਹੀ ਹੈ। ਬਾਲਦੇਵ ਜੀ ਨੂੰ ਲੱਛਮੀ ਦਾਸਣ ਦੀ ਯਾਦ ਆਉਂਦੀ ਹੈ। ... ..ਉਹ ਵੀ ਰੋ ਰਹੀ ਸੀ।

...ਪਰ ਕਾਲੀਚਰਨ ? ਸੋਸ਼ਲਿਸਟ ਪਾਟੀ।...

ਬਾਲਦੇਵ ਨਿਰਾਸ ਨਹੀਂ ਹੋਵੇਗਾ। ਉਹਨੂੰ ਨੀਂਦ ਨਹੀਂ ਆ ਰਹੀ। ਕੁਝ ਮਾਂਗਣੂੰ ਹਨ। ...ਹਾਂ, ਉਹ ਕੱਲ੍ਹ ਨੂੰ ਬਾਵਨ ਦਾਸ ਤੋਂ ਪੁੱਛੇਗਾ, ਜੇ ਘਰ ਵਿਚ ਮਾਂਗਣੂੰ ਬਹੁਤੇ ਹੋ ਜਾਣ ਤਾਂ ਕੀ ਘਰ ਨੂੰ ਹੀ ਅੱਗ ਲਾ ਦੇਣੀ ਚਾਹੀਦੀ ਹੈ ?

## ਛਬੀ

ਬਾਬੂ ਹਰ ਗੌਰੀ ਸਿੰਘ ਰਾਜਪਾਰ ਬੰਗਾ ਦੇ ਨਵੇਂ ਤਹਿਸੀਲਦਾਰ ਬਹਾਲ ਹੋਏ। ਬੇਤਾਰ ਦਾ ਖਬਰ ਸੁਮਾਰਿਤ ਦਾਸ ਸਾਰਿਆਂ ਨੂੰ ਕਹਿੰਦਾ ਹੈ, "ਦੇਖੋ-ਦੇਖੋ ! ਕਾਇਸਥ ਦੇ ਜੂਠੇ ਪੱਤਲ 'ਚ ਰਾਜਪੂਤ ਖਾ ਰਿਹਾ ਹੈ। ਤਹਿਸੀਲਦਾਰ ਵਿਸ਼ਵ ਨਾਥ ਬਾਬੂ ਨੂੰ ਰਾਜਪਾਰਬੰਗਾ ਦੇ ਕੁਮਾਰ ਸਾਹਬ ਨੇ ਬੁਲਾ ਕੇ ਬਹੁਤ ਸਮਝਾਇਆ-ਬੁਝਾਇਆ, ਪਰ ਤਹਿਸੀਲਦਾਰ ਨੇ ਕਿਹਾ, ਥੁੱਕ ਕੇ ਚਟਣਾ ਆਦਮੀ ਦਾ ਕੰਮ ਨਹੀਂ। ...ਤਹਿਸੀਲ-ਦਾਰੀ ਵਿਚ ਹੁਣ ਕੀ ਮਜ਼ਾ ਹੈ।...ਹੁਣ ਤਾਂ ਇਹ ਸੁੱਕੀ ਹੱਡੀ ਹੈ।"

ਅਸਲ 'ਚ ਹੁਣ ਤਹਿਸੀਲਦਾਰੀ ਵਿਚ ਕੋਈ ਮਜ਼ਾ ਨਹੀਂ ਰਹਿ ਗਿਆ। ਜਮਾਨਾ

ਬਦਲ ਗਿਆ ਹੈ। ਤਹਿਸੀਲਦਾਰ ਸਾਹਿਬ ਦੇ ਪਿਤਾ ਦੇਵ ਨਾਥ ਮਾਲਿਕ ਸਿਰਫ਼ ਪੰਜ ਰੁਪਏ ਮਾਹਵਾਰੀ ਤੇ ਬਹਾਲ ਹੋਏ ਸਨ। ਪਰ ਉਪਰ ਦੀ ਆਮਦਨੀ ? ਤਿੰਨ ਸਾਲ ਬੀਤਦਿਆਂ ਬੀਤਦਿਆਂ ਅੱਸੀ ਨੱਬੇ ਬਿਘੇ ਧਨਹਰ (ਉਪਜਾਊ) ਜਮੀਨ ਦੇ ਮਾਲਿਕ ਬਣ ਗਏ ਸਨ। ਬੰਦੇ ਦੀ ਉਪਰ ਦੀ ਆਮਦਨੀ ਹੀ ਅਸਲੀ ਆਮਦਨੀ ਹੈ ਅਤੇ ਤਹਿਸੀਲਦਾਰੀ ਰੋਹਬ ਦਾ ਕੀ ਕਹਿਣਾਂ। ਤਹਿਸੀਲਦਾਰ ਦੇ ਖੇਤ ਵਿਚ ਮਜ਼ਦੂਰੀ ਕਰਨ ਵਾਲਿਆਂ ਨੂੰ ਕਦੀ ਮਜ਼ਦੂਰੀ ਨਹੀਂ ਮਿਲਦੀ ਸੀ। ਰਾਜ ਪਾਰਬੰਗਾ ਦੇ ਰਾਜਾ ਤਾਂ ਤਿਰੁਹੁਤ ਵਿਚ ਰਹਿੰਦੇ ਸਨ, ਉਨ੍ਹਾਂ ਨੂੰ ਕਿਸੇ ਨੇ ਕਦੀ ਦੇਖਿਆ ਵੀ ਨਹੀਂ। ਅਸਲੀ ਰਾਜਾ ਤਾਂ ਬੁਢੇ ਦੇਵ ਨਾਥ ਮੱਲਿਕ ਹੀ ਸਨ। ਉਦੋਂ ਕਟੀਹਾਰ ਸ਼ਹਿਰ ਢੰਗ ਨਾਲ ਬਸਿਆ ਵੀ ਨਹੀਂ ਸੀ। ਬੁਢੇ ਤਹਿਸੀਲਦਾਰ ਸਾਹਿਬ ਆਪਣੇ ਸਲੀਮਸ਼ਾਹੀ ਜੋੜੇ ਦੇ ਤਲੇ ਵਿਚ ਵੀ ਕੋਕੇ ਪੂਰੈਨਿਆਂ ਤੋਂ ਠੁਕਵਾ ਕੇ ਮੰਗਵਾਉਂਦੇ ਸਨ ਅਤੇ ਤਿੰਨ ਮਹੀਨਿਆਂ ਵਿਚ ਹੀ ਕੋਕੇ ਝੜ ਜਾਂਦੇ ਸਨ। ਸੁਣਦੇ ਹਾਂ, ਉਹ ਬੋਲਦੇ ਬਹੁਤ ਘੱਟ ਸਨ, ਕੰਨਾਂ ਤੋਂ ਕੁਝ ਘੱਟ ਸੁਣਦੇ ਸਨ, ਅਤੇ ਜਦ ਬੋਲਦੇ ਸਨ ਤਾਂ, 'ਵੇ ਮਾਰੋ ਸਾਲੇ ਦੇ ਜੁਤੀਆਂ।' ਕਮਲਾ ਨਦੀ ਦੀ ਬਗਲ ਵਿਚ ਜਿਹੜਾ ਛੱਪੜ ਹੈ, ਉਸ ਵਿਚ ਜੋਕਾਂ ਪਾਲ ਰਖੀਆਂ ਸਨ ਜਿਸ ਨੇ ਤਹਿਰੀਰ ਤਲਵਾਨਾ ਯਾ ਨਜ਼ਰਾਨਾ ਦੇਣ ਵਿਚ ਦੇਰੀ ਕੀਤੀ, ਉਹਨੂੰ ਛੱਪੜ ਵਿਚ ਚਾਰ ਘੰਟਿਆਂ ਤੱਕ ਖੜ੍ਹਾ ਕਰਵਾ ਦਿਤਾ। ਪੈਰਾਂ ਦੇ ਅੰਗੂਠੇ ਤੋਂ ਲੈ ਕੇ ਪੱਟਾਂ ਤਕ ਮੋਟੀਆਂ ਮੋਟੀਆਂ ਜੋਕਾਂ ਘੁੰਗਰੂਆਂ ਵਾਂਗ ਲਟਕ ਜਾਂਦੀਆਂ ਸਨ। ...ਉਹ ਜਮਾਨਾਂ ਤਾਂ ਬੁੱਢੇ ਤਹਿਸੀਲਦਾਰ ਨਾਲ ਹੀ ਚਲਾ ਗਿਆ।

"ਜਦੋਂ ਨੀਲ ਕੋਠੀ ਦੇ ਸਾਬ੍ਹਾਂ ਦੇ ਵੀ ਜ਼ੁਲਮ ਤੋਂ ਅੱਕ ਕੇ ਥਾਂ ਪਰਥਾਂ ਕਿਸਾਨਾਂ ਨੇ ਬਲਵਾ ਕਰਨਾ ਸ਼ੁਰੂ ਕੀਤਾ ਤਾਂ ਜ਼ਿਮੀਂਦਾਰਾਂ ਨੇ ਆਪਣੇ ਤਹਿਸੀਲਦਾਰਾਂ ਅਤੇ ਪਟਵਾਰੀਆਂ ਨੂੰ ਗੁਪਤ ਰੂਪ ਵਿਚ ਹਿਦਾਇਤ ਕੀਤੀ, "ਬਹੁਤੀ ਧੱਕਾਸ਼ਾਹੀ ਨਾ ਕਰੋ।"

ਵਿਸ਼ਵ ਨਾਥ ਬਾਬੂ ਨੇ ਵੀ ਚੰਗੀ ਤਰ੍ਹਾਂ ਹੀ ਨਿਭਾਇਆ। ਮੁਜ਼ਾਰਿਆਂ ਤੇ ਵਿਸ਼ੇਸ਼ ਧੱਕਾਸ਼ਾਹੀ ਕਰਨ ਦੀ ਕਦੀ ਜ਼ਰੂਰਤ ਹੀ ਨਹੀਂ ਪਈ। ਉਨ੍ਹਾਂ ਦੇ ਬਜ਼ੁਰਗਾਂ ਨੇ ਮੁਜ਼ਾਰਿਆਂ ਦੇ ਦਿਲ ਦਿਮਾਗ ਵਿਚ ਤਹਿਸੀਲਦਾਰੀ ਦੀ ਇਹੋ ਜਿਹੀ ਧਾਕ ਜਮਾਈ ਹੋਈ ਸੀ ਕਿ ਉਨ੍ਹਾਂ ਨੂੰ ਵਿਸ਼ੇਸ ਕੁਝ ਨਹੀਂ ਕਰਨਾ ਪੈਂਦਾ ਸੀ। ਕਹਾਵਤ ਮਸ਼ਹੂਰ ਸੀ, "ਜਮਦੂਤ ਕੁਝ ਮੋਹਲਤ ਵੀ ਦੇ ਸਕਦਾ ਹੈ, ਪਰ ਤਹਿਸੀਲਦਾਰ ਨਹੀਂ।" ਹਰ ਵਾਰ ਤਮਾਦੀ ਤੋਂ ਪਹਿਲਾਂ ਜਨਰਲ ਮੈਨੇਜਰ ਡੱਫ ਸਾਹਿਬ ਦਾ ਖੇਮਾ ਆਉਂਦਾ ਸੀ। ਖੇਮਾ ਆਉਣ ਤੋਂ ਪਹਿਲਾਂ ਹੀ ਬਗੈਰ ਜੋਗ-ਜਮੀਨ ਵਾਲੇ ਬੰਦੇ ਵੀ ਪਿੰਡ ਛੱਡਕੇ ਨੇਪਾਲ ਦੇ ਜਿਲੇ ਮੁਰੰਗ ਨੱਸ ਜਾਂਦੇ ਸਨ। ...ਕੋਠੀ ਦੇ ਬਗੀਚੇ ਵਿਚ ਪੰਜਾਹ ਛੋਟੇ ਵੱਡੇ ਤੰਬੂ ਤੇ ਸ਼ਾਮਿਆਨੇ ਤਾਣ ਦਿਤੇ ਜਾਂਦੇ ਸਨ। ਪੰਜਾਹ ਸਿਪਾਹੀ, ਚਾਰ

ਹਾਥੀ, ਮੋਟਰ ਗੱਡੀ, ਖਾਨਸਾਮਾਂ ਬਾਵਰਚੀ, ਨਾਈ ਅਤੇ ਧੋਬੀ। ਪੰਜ ਪਿੰਡਾਂ ਦੀਆਂ ਬੈਲ ਗੱਡੀਆਂ ਤੇ ਖੈਮਿਆਂ ਦਾ ਸਾਮਾਨ ਲੱਦ ਕੇ ਆਉਂਦਾ ਸੀ।

ਇਲਾਕੇ ਦੇ ਬਦਮਾਸ਼ ਅਤੇ ਡਿੰਗੇ ਲੋਕਾਂ ਦੀ ਫਹਿਰਿਸਤ ਤਹਿਸੀਲਦਾਰ ਪਹਿਲਾਂ ਹੀ ਬਣਾ ਰਖਦੇ ਸਨ। ਸਮਰਿਤ ਦਾਸ ਮੋਟੀਆਂ ਆਸਾਮੀਆਂ ਨੂੰ ਚੁੱਪਚਾਪ ਇਕਾਂਤ ਵਿਚ ਲਿਜਾ ਕੇ ਖਬਰ ਸੁਣਾ ਦਿੰਦਾ ਸੀ — ਤੁਹਾਡਾ ਨਾਂ ਤਾਂ ਫਹਿਰਿਸਤ ਵਿਚ ਸਭ ਤੋਂ ਉਪਰ ਹੈ। ...ਹੈ? ਸਭ ਤੋਂ ਉਪਰ? ਸੁਣਨ ਵਾਲਿਆਂ ਤੇ ਤਾਂ ਜਿਵੇਂ ਪਹਾੜ ਡਿਗ ਪੈਂਦਾ ਸੀ। ...ਜਿਵੇਂ ਵੀ ਹੋਵੇ ਨਾਂ ਤਾਂ ਕਟੌਣਾਂ ਹੀ ਹੋਵੇਗਾ।

ਫਹਿਰਿਸਤ ਬਣਾਨ ਵੇਲੇ ਤਹਿਸੀਲਦਾਰ ਸਾਹਿਬ ਸੁਮਾਰਿਤ ਦਾਸ ਦੀ ਵੀ ਰਾਇ ਲੈਂਦੇ ਸਨ। ਸੁਮਾਰਿਤ ਦਾਸ ਸਾਲ ਭਰ ਦੀਆਂ ਘਟਨਾਦਾਂ ਯਾਦ ਕਰਦਾ ਹੋਇਆ ਲਿਖਵਾਂਦਾ ਸੀ — ਹਾਂ ਅਨੰਤ ਉਤਸਵ ਦੇ ਦਿਨ ਰਨਜੀਤ ਦੁੱਧ ਲਿਔਣ ਗਿਆ ਸੀ ਤਾਂ ਗੁਆਰ ਟੋਲੀ ਦੇ ਸਤਕੌੜੀ ਨੇ ਝੂਠ ਬੋਲ ਕੇ ਬਰਤਣ ਵਾਪਸ ਕਰ ਦਿਤਾ ਸੀ। ਮੁੱਝ ਸੁਕ ਗਈ। ਕੁਜਲ ਟੋਲੀ ਦੇ ਫਰਿਯੰਦ ਮੀਆਂ ਨੇ ਕਰੇਲਾ ਨਹੀਂ ਦਿਤਾ ਸੀ...।" ਤਹਿਸੀਲਦਾਰ ਸਾਹਿਬ ਇਹੋ ਜਿਹੇ ਲੋਕਾਂ ਦੇ ਨਾਂ ਯਾਦ ਕਰਦੇ ਜਿੰਨਾ ਨੇ ਰਾਜ ਦੇ ਮੁਕਦਮਿਆਂ ਵਿਚ ਗਵਾਹੀ ਦੇਣ ਤੋਂ ਇਨਕਾਰ ਕੀਤਾ, ਦਾਖਲ ਖਾਰਿਜ ਕਰਵਾ ਕੇ ਤਹਿਸੀਲਦਾਰ ਦਾ ਨਜ਼ਰਾਨਾਂ ਹਜਮ ਕਰ ਲਿਆ ਕਿਨ੍ਹਾਂ ਲੋਕਾਂ ਨੂੰ ਪੈਸੇ ਦੀ ਗਰਮ ਹੋ ਗਈ ਹੈ, ਕਿਹੜੇ ਰਾਹ ਚਲਦਿਆਂ ਆਕੜ ਕੇ ਟੁਰਦੇ ਹਨ ਅਤੇ ਪੰਚਾਇਤ ਵਿਚ ਉਨ੍ਹਾਂ ਦੇ ਸਿਪਾਹੀਆਂ ਵਿਰੁੱਧ ਕਿਨ੍ਹਾਂ ਲੋਕਾਂ ਨੇ ਗਵਾਹੀਆਂ ਦਿਤੀਆਂ ਸਨ।

ਡੱਫ ਬਾਬੂ ਖਜਾਨਾ ਵਸੂਲੀ ਤੋਂ ਜਿਆਦਾ ਮਹੱਤਵ ਦਿੰਦੇ ਸਨ ਰਾਜ ਦੇ ਰੋਬ੍ਹ ਨੂੰ। ਰਾਜ ਦਾ ਰੋਬ੍ਹ ਹੀ ਅਸਲ ਚੀਜ਼ ਹੈ। ਉਨ੍ਹਾਂ ਦਾ ਕਹਿਣਾਂ ਸੀ– "ਅਮਾਰਾ ਸਟੇਟ ਮੇਂ ਏਕ ਭੀ ਬਡਮਾਸ ਕੋ ਅਮ ਨਹੀਂ ਦੇਖਨੇ ਮਾਂਗਟਾ। ਟੁਮ ਆਮਰਾ ਟੇਸੀਲਡਾਰ ਕੋ ਜੂਠਾ ਬੋਲਾ। ਅਮਾਰਾ ਅਬਲਾ ਜੂਠਾ? ਟੁਮ ਸਾਲਾ ਤਾਂ ਬੱਚਾ ਸੱਚਾ?"

"ਟੇਚਰੂ ਮਾਂਡਲ!"

"ਮਾਈ ਬਾਪ।" ਹੱਥ ਜੋੜ ਕੇ ਇਕ ਅਰਧ ਨਗਨ ਬੰਦਾ ਥਰ ਥਰ ਕੰਬਦਾ ਹੋਇਆ ਖੜਾ ਹੋਇਆ।

'ਟੁਮ ਮੁਕੱਡਮਾਂ ਮੇਂ ਗੁਆਈ ਕਿਓਂ ਨੇਈਂ ਡੀਆ?'

"ਮਾਈ ਬਾਪ...... ।"

"ਛਾਂ...ਮਾਈ ਬਾਪ ਦਾ ਬੱਚਾ! ਸਿਪਾਏ ਚਾਬਕ ਡੇਗਾ।"

ਸ਼ਪਾਕ। ਸ਼ਪਾਕ...ਕੋਰੜੇ ਵਰ੍ਹਨ ਲਗਦੇ।

"ਸੀਂ। ਟੁਮ ਚੇਟਰੀ ਆਏ? ਰਾਜਪਟ ਆਏ? ਟੁਮ ਅਮਾਰਾ ਟੇਸ਼ੀਲਦਾਰ ਸੇ ਨੇਈ ਜੀਟ ਸਕੇਗਾ। ਹਮ ਟੁਮਕੋ ਬੇਜ਼ੱਟ ਕਰੇਗਾ। ਬਡਮਾਸ਼......।"

ਅਤੇ ਇਸ ਤੋਂ ਬਾਅਦ ਸਾਲ ਭਰ ਇਲਾਕੇ ਵਿਚ ਅਮਨ ਚੈਨ ਦਾ ਰਾਜ । ਤਹਿਸੀਲ-ਦਾਰ ਸਾਬ੍ਹ ਦੇ ਡਰ ਨਾਲ ਲੋਕ ਥਰ ਥਰ ਕੰਬਦੇ ਰਹਿੰਦੇ ਸਨ। ਪਰ ਹੁਣ ? ਜ਼ਮਾਨਾ ਬਦਲਿਆ ਹੀ ਨਹੀਂ ਹੈ, ਬਿਲਕੁਲ ਉਲਟ ਗਿਆ ਹੈ ।

ਸਿੰਘ ਜੀ ਨੇ ਬਹੁਤ ਕੋਸ਼ਿਸ਼ ਪੈਰਵੀ ਕਰ ਕੇ ਹਰਗੌਰੀ ਸਿੰਘ ਨੂੰ ਤਹਿਸੀਲਦਾਰੀ ਦੁਆ ਦਿਤੀ ਹੈ। ਮੈਨੇਜਰ ਸਾਬ੍ਹ ਨੂੰ ਪੂਰੇ ਚਾਰ ਸੌ ਰੁਪਏ ਦੀ ਸਲਾਮੀ ਦਿਤੀ ਗਈ ਹੈ । ਸੁਣਿਆ ਹੈ, ਬਹੀ-ਬਸਤਾ ਲੈਣ ਵੇਲੇ ਹੀ ਛਿੱਕ ਪੈ ਗਈ ਹੈ । ਹੁਣ ਨਵੀਂ ਤਹਿਸੀਲਦਾਰੀ ਕਿਵੇਂ ਚਲਦੀ ਹੈ, ਦੇਖਣਾ ਹੈ ?"

ਰਾਜਪੂਤ ਟੋਲੀ ਦਾ ਬੱਚਾ ਬੱਚਾ ਖ਼ੁਸ਼ ਹੈ। ਸ਼ਿਵਸ਼ੰਕਰ ਸਿੰਘ ਸਾਰਿਆਂ ਨੂੰ ਕਹਿੰਦੇ ਹਨ, "ਹਰਗੌਰੀ ਇਕ ਕਿਲਾਸ ਹੋਰ ਪੜ੍ਹ ਲੈਂਦਾ ਤਾਂ ਮਨੇਜਰੀ ਪਈ ਸੀ ....."

ਕਾਲੀ ਕੁਰਤੀ ਵਾਲੇ ਸੰਯੋਜਕ ਜੀ ਬੌਧਿਕ ਕਲਾਸ ਵਿਚ ਸਮਝਾ ਰਹੇ ਹਨ- "ਜਿਸ ਤਰ੍ਹਾਂ ਇਹ ਤਹਿਸੀਲਦਾਰੀ ਕਾਇਸਤਾਂ ਦੇ ਹੱਥੋਂ ਰਾਜਪੂਤਾਂ ਦੇ ਹੱਥ ਆਈ ਹੈ, ਉਸੇ ਤਰ੍ਹਾਂ ਸਾਰੇ ਆਰਿਆ ਬਰਤ ਦੇ ਰਾਜ ਕਾਜ ਦਾ ਭਾਰ ਹਿੰਦੂਆਂ ਦੇ ਹੱਥ ਆਵੇਗਾ ਅਤੇ ਉਸ ਦਿਨ ਆਰਿਆ ਬਰਤ ਦੇ ਕੋਨੇ ਕੋਨੇ ਵਿੱਚ ਹਿੰਦੂ ਰਾਜ ਦਾ ਝੰਡਾ ਝੂਲੇਗਾ ।"

ਜੋਤਸ਼ੀ ਜੀ ਸਲਾਹ ਦਿੰਦੇ ਹਨ-'ਬਿਨਾਂ ਲੱਛਮੀ ਦੀ ਪੂਜਾ ਕੀਤੇ ਬਹੀ-ਬਸਤੇ ਨੂੰ ਹੱਥ ਨਾ ਲਾਇਆ ਜਾਵੇ । ਸ਼ੁਕਰਵਾਰ-ਸ਼ੁਭ ਦਿਨ ਹੈ । ਕਾਰਜ ਅਰੰਭ ਯਾਤਰਾ ਗ੍ਰਿਹ ਨਿਰਮਾਨ ਆਦਿ ।"

ਬਾਲਦੇਵ ਜੀ ਨੂੰ ਬਾਰ ਬਾਰ ਆਪਣੇ ਸੁਪਨੇ ਦੀ ਗੱਲ ਚੇਤੇ ਆਉਂਦੀ ਹੈ-ਵਿਸ਼ਾਲ ਸਭਾ, ਹਰਗੌਰੀ ਮਾਲਾ ਪਹਿਨਾ ਰਿਹਾ ਹੈ, ਲੱਛਮੀ ਨੂੰ।

ਕਾਮਰੇਡ ਕਾਲੀਚਰਨ ਅਤੇ ਵਾਸੂਦੇਵ ਆਪਣੀ ਪਾਰਟੀ ਦੇ ਮੈਂਬਰਾਂ ਨੂੰ ਕਹਿੰਦੇ ਹਨ, "ਪੁਰਾਣਾਂ ਤਹਿਸੀਲਦਾਰ ਜੇ ਨਾਗ ਨਾਥ ਸੀ ਤਾਂ ਇਹ ਨਵਾਂ ਤਹਿਸੀਲਦਾਰ ਸਪਨਾਥ ਹੈ। ਦੋਵਾਂ ਵਿਚ ਕੋਈ ਫਰਕ ਨਹੀਂ । ਦੋਵੇਂ ਹੀ ਜ਼ਾਲਿਮ ਜਿਮੀਂਦਾਰ ਦੇ ਕਠਪੁਤਲੇ ਹਨ । ਸੋਸ਼ਲਿਸਟ ਪਾਰਟੀ ਦੇ ਸਕੱਤਰ ਸਾਹਿਬ ਨੇ ਕਿਹਾ ਹੈ, "ਲੋਕ ਸੰਘਰਸ਼ ਲਈ ਤਿਆਰ ਰਹਿਣ ।"

ਬਾਵਨ ਦਾਸ ਲਈ ਇਹ ਪਿੰਡ ਨਵਾਂ ਹੈ, ਪਿੰਡ ਦੇ ਲੋਕ ਨਵੇਂ ਹਨ । ਉਹ ਹਾਲੇ ਚੁਪ ਹੈ। ਪਤਾ ਨਹੀਂ ਕਿਉਂ, ਉਹਦਾ ਜੀ ਨਹੀਂ ਲਗਦਾ ।

ਚਰਖਾ ਸੈਂਟਰ ਵਿਚ ਸਿਰਫ ਚਰਖਾ-ਖੱਡੀ ਹੀ ਨਹੀਂ ਬੁੱਢੇ ਲੋਕਾਂ ਨੂੰ ਰਾਤ, ਪੜ੍ਹਾਇਆ ਵੀ ਜਾਂਦਾ ਹੈ। ਜਨਾਨੀਆਂ ਤੇ ਬੱਚਿਆਂ ਨੂੰ ਮਾਸਟਰਨੀ ਜੀ ਪੜ੍ਹਾਉਂਦੀ ਹੈ, ਅਤੇ ਬੁਢਿਆਂ ਨੂੰ ਮਾਸਟਰ ਜੀ। ਬੁਢਾ ਬਿਰੰਚੀ ਦਾਸ ਦਸ ਦਿਨਾਂ ਤੋਂ ਪੜ੍ਹਨ ਆਉਂਦਾ ਹੈ, ਪਰ, 'ਕੱਕੇ' ਦੇ ਬਦਲੇ 'ਗੱਗੇ' ਤੋਂ ਹੀ ਮੁਹਾਰਨੀ ਸ਼ੁਰੂ ਕਰਦਾ ਹੈ ।......" ਗ ਘ ਕ, ਖ।' ਮਾਸਟਰ ਜੀ ਹੈਰਾਨ ਹਨ...ਕੀ ਸਚਮੁਚ ਹੀ ਬੁੱਢਾ ਤੋਤਾ ਪੇਸ਼

ਨਹੀਂ ਮੰਨਦਾ ?

# ਸਤਾਈ

ਡਾਕਟਰ ਦੀ ਜ਼ਿੰਦਗੀ ਦਾ ਇਕ ਨਵਾਂ ਅਧਿਆਏ ਸ਼ੁਰੂ ਹੋਇਆ ਹੈ । ਉਹਨੇ ਪ੍ਰੇਮ ਪਿਆਰ ਅਤੇ ਸਨੇਹ ਨੂੰ ਬਾਇਓਲਾਜੀ ਦੇ ਸਿਧਾਂਤਾਂ ਨਾਲ ਹੀ ਸਦਾ ਨਾਪਣ ਦੀ ਕੋਸ਼ਿਸ਼ ਕੀਤੀ ਸੀ। ਉਹ ਹਸ ਕੇ ਕਿਹਾ ਕਰਦਾ–"ਦਿਲ ਨਾ ਦੀ ਕੋਈ ਚੀਜ਼ ਆਦਮੀ ਦੇ ਸਰੀਰ ਵਿਚ ਹੈ ਸਾਨੂੰ ਪਤਾ ਨਹੀਂ, ਪਤਾ ਨਹੀਂ 'ਲੰਗਜ' ਨੂੰ ਦਿਲ ਕਹਿੰਦਾ ਹੈ, ਜਾਂ 'ਹਾਰਟ' ਨੂੰ । ਕੁਝ ਵੀ ਹੋਏ, 'ਹਾਰਟ' 'ਲੰਗਜ' ਜਾਂ 'ਲਿਵਰ' ਦਾ ਪ੍ਰੇਮ ਨਾਲ ਕੋਈ ਸਬੰਧ ਨਹੀਂ ਹੈ ।"

ਹੁਣ ਉਹ ਇਹ ਮੰਨਣ ਲਈ ਤਿਆਰ ਹੈ ਕਿ ਆਦਮੀ ਦਾ ਦਿਲ ਹੁੰਦਾ ਹੈ, ਸਰੀਰ ਨੂੰ ਚੀਰ ਪਾੜ ਕੇ ਜਿਹਨੂੰ ਅਸੀਂ ਨਹੀਂ ਵੇਖ ਸਕਦੇ । ਉਹ 'ਹਾਰਟ' ਨਹੀਂ ਉਹ ਅਗੰਮ ਅਗੋਚਰ ਵਰਗੀ ਚੀਜ਼ ਹੈ, ਜਿਸ ਵਿਚ ਪੀੜ ਹੁੰਦੀ ਹੈ ਪਰ ਜਿਸ ਦੀ ਦਵਾ 'ਐਡਗਿਲਿਨ' ਨਹੀਂ । ਉਸ ਪੀੜ ਨੂੰ ਖਤਮ ਕਰ ਦਿਉ, ਆਦਮੀ ਜਾਨਵਰ ਬਣ ਜਾਵੇਗਾ ।...ਦਿਲ ਉਹ ਮੰਦਰ ਹੈ, ਜਿਸ ਵਿਚ ਆਦਮੀ ਦੇ ਅੰਦਰ ਦਾ ਦੇਵਤਾ ਵਸਦਾ ਹੈ ।

ਬਚਪਨ ਤੋਂ ਹੀ ਉਹ ਆਪਣੇ ਜਨਮ ਦੀ ਕਹਾਣੀ ਨੂੰ ਭੁਲ ਨਹੀਂ ਸਕਿਆ । ਹਰੇਕ ਇਤਿਹਾਸ ਦੇ ਗੌਰਵ ਕਰਨ ਵਾਲੇ ਯੁਗ ਵਿਚ ਪਲੇ ਹੋਏ ਹਰ ਵਿਅਕਤੀ ਨੂੰ ਆਪਣੇ ਖਾਨਦਾਨ ਦੀ ਇਹੋ ਜਿਹੀ ਕਹਾਣੀ ਚਾਹੀਦੀ ਹੈ, ਜਿਸ ਦੇ ਉਜਾਲੇ ਨਾਲ ਉਹ ਦੁਨੀਆਂ ਵਿਚ ਚਕ ਚੌਂਪ ਪੈਦਾ ਕਰ ਦੇਵੇ । ਪਰ ਡਾਕਟਰ ਦੇ ਬੰਸ-ਇਇਹਾਸ ਤੇ ਕਾਲੀ ਸਿਆਹੀ ਪੁਚੀ ਹੋਈ ਹੈ-ਜੇਲ੍ਹ ਦੀਆਂ ਸੈਂਸਰ ਕੀਤੀਆਂ ਹੋਈਆਂ ਚਿੱਠੀਆਂ ਵਾਂਗ । ਕਾਲੀ ਸਿਆਹੀ ਨਾਲ ਕਿਸੇ ਹਿੱਸੇ ਨੂੰ ਇਸ ਤਰ੍ਹਾਂ ਪੋਚ ਦਿੱਤਾ ਜਾਂਦਾ ਹੈ ਕਿ ਕੋਈ ਕਲਪਨਾ ਵੀ ਨਹੀਂ ਕਰ ਸਕਦਾ ਕਿ ਉਸ ਹਿੱਸੇ ਵਿਚ ਕਦੀ ਕੁਝ ਲਿਖਿਆ ਹੋਇਆ ਸੀ ।...ਜਨਮ ਦੇਣ ਵਾਲੀ ਮਾਂ ਨੇ ਵੀ ਜਿਨ੍ਹੂੰ ਦੂਰ ਕਰ ਦਿਤਾ । ਹਨੇਰੇ ਵਿਚ ਇਕ ਅਭਾਗਣ ਮਾਂ, ਦਿਲ ਦੀ ਪੀੜ ਨਪੀ ਤੇ ਪਲ੍ਹੂ ਵਿਚ ਆਪਣੇ ਨਵੇਂ ਜੰਮੇ ਬੱਚੇ ਨੂੰ ਚੁੱਕੀ ਖਲੋਤੀ ਹੈ । ਇਕ ਕਾਲੀ ਤੇ ਭਿਆਨਕ ਛਾਂ ਆ ਕੇ ਹੱਥ ਵਧਾਉਂਦੀ ਹੈ, ਮਾਂ ਅੰਤਲੀਵਾਰ ਆਪਣੇ ਕਾਲਜੇ ਦੇ ਟੁਕੜੇ ਨੂੰ, ਰਕਤ ਦੇ ਲੋਥੜੇ ਨੂੰ ਇਕ ਨਜ਼ਰ ਭਰ ਕੇ ਤਕਦੀ ਹੈ, ਚੁੰਮਦੀ ਹੈ । ਭਿਆਨਕ ਛਾਂ ਉਹਦੇ ਹਥੋਂ ਬਾਲ ਨੂੰ ਖੋਹ ਲੈਂਦੀ ਹੈ ਮਾਂ ਦੰਦਾਂ 'ਚ ਬੁਲ੍ਹ ਦੱਬੀ ਖਲੋਤੀ ਰਹਿ ਜਾਂਦੀ ਹੈ ।

ਡਾਕਟਰ ਨੇ ਆਪਣੀ ਮਾਂ ਦੇ ਸਨੇਹ ਨੂੰ ਹਨੇਰੇ ਵਿਚ ਖਲੋਤੀ ਸਲਹੂਟੇਡ ਤਸਵੀਰ

ਵਰਗੀ ਮਾਂ ਦੇ ਲਾਡ ਦੀ ਕੀਮਤ ਨੂੰ, ਸਮਝਣ ਦੀ ਕੋਸ਼ਿਸ਼ ਕੀਤੀ ਹੈ। ਉਹ ਗਲ ਘੁੱਟ ਕੇ ਮਾਰ ਵੀ ਤਾਂ ਸਕਦੀ ਸੀ। ਮਾਂਗਣੂ ਨੂੰ ਫੇਂਹਣ ਲਈ ਉਂਗਲੀਆਂ ਵਿਚ ਜਿੰਨਾਂ ਜ਼ੋਰ ਭਰਨਾਂ ਪੈਂਦਾ ਹੈ, ਉਸ ਪੰਜ ਘੰਟੇ ਦੀ ਉਮਰ ਦੇ ਬਾਲ ਦੀ ਜੀਵਨ ਖੇਡ ਨੂੰ ਖਤਮ ਕਰਨ ਲਈ ਉਨੇ ਜੋਰ ਦੀ ਹੀ ਜ਼ਰੂਰਤ ਸੀ। ਮਾਂ ਏਦਾਂ ਨਹੀਂ ਕਰ ਸਕੀ।...ਸ਼ਾਇਦ ਉਹਨੇ ਕੋਸ਼ਿਸ਼ ਕੀਤੀ ਹੋਵੇਗੀ। ਗਲ ਵੱਲ ਇਕ ਦੋ ਵਾਰ ਉਂਗਲੀਆਂ ਗਈਆਂ ਹੋਣਗੀਆਂ। ਸੁੱਤਾ ਹੋਇਆ ਬਾਲ ਮੁਸਕੰਰਾ ਪਿਆ ਹੋਵਗਾ ਅਤੇ ਉਹ ਉਹਨੂੰ ਪਲੋਸਣ ਲਗ ਪਈ ਹੋਵੇਗੀ।...ਉਹਨੇ ਆਪਣੀ ਬੇਵਸ ਲਾਚਾਰ ਅਤੇ ਅਭਾਗਣ ਮਾਂ ਦੇ ਮਨ ਵਿਚ ਝੁੱਲਣ ਵਾਲੇ ਤੂਫਾਨ ਦੇ ਥਪੇੜਿਆਂ ਦੀ ਕਲਪਨਾ ਕੀਤੀ ਹੈ।...ਉਹ ਆਪਣੀ ਮਾਂ ਦੇ ਪਵਿਤਰ ਸਨੇਹ ਦਾ, ਨਾਂ ਹਾਰ ਸਕਣ ਵਾਲੇ ਪਿਆਰ ਦਾ ਜੀਂਦਾ ਜਾਗਦਾ ਸਬੂਤ ਹੈ।

ਕਿਸੇ ਵੀ ਅਭਾਗਣ ਮਾਂ ਦੀ ਕਹਾਣੀ ਸੁਣਦਿਆਂ ਹੀ ਉਹ ਮਨ ਵਿਚ ਉਹਦੀ ਭਗਤੀ ਕਰਨ ਲਗਦਾ ਹੈ। ਪਤਿਤਾ, ਨਿਰਵਸਿਤਾ ਅਤੇ ਸਮਾਜ ਦੀ ਦ੍ਰਿਸ਼ਟੀ ਵਿਚ ਸਭ ਤੋਂ ਨੀਚ ਮਾਂ ਦੀ ਗੋਦੀ ਵਿਚ ਉਹ ਪਲ ਭਰ ਲਈ ਆਪਣਾ ਸਿਰ ਰਖਣ ਲਈ ਬਿਹਬਲ ਹੋ ਜਾਂਦਾ ਹੈ।...ਕਿਸੇ ਇਸਤਰੀ ਨੂੰ ਪ੍ਰੇਮਿਕਾ ਦੇ ਰੂਪ ਵਿਚ ਕਦੀ ਦੇਖਣ ਦੀ ਕੋਸ਼ਿਸ਼ ਉਹਨੇ ਨਹੀਂ ਕੀਤੀ। ਉਹ ਅੰਦਰ ਹੀ ਅੰਦਰ ਬੀਮਾਰ ਹੋ ਗਿਆ ਸੀ। ਇਕ ਬੰਦੇ ਨੂੰ ਸਰੀਰਕ ਭੁੱਖ ਨਾਂ ਲਗੇ ਤਾਂ ਉਹ ਨਿਸਚਿਤ ਰੂਪ ਵਿਚ ਬੀਮਾਰ ਹੀ ਹੈ, ਜਾਂ ਅਬਨਾਰਮਲ ਹੈ।

ਡਾਕਟਰ ਨੇ ਇਕ ਨਵੇਂ ਮੋੜ ਤੇ ਮੁੜ ਕੇ ਦੇਖਿਆ, ਦੁਨੀਆਂ ਕਿੰਨੀ ਸੁੰਦਰ ਹੈ।

ਉਹ ਲੋਕ-ਕਲਿਆਣ ਕਰਨਾ ਚਾਹੁੰਦਾ ਹੈ। ਮਨੁੱਖੀ ਜੀਵਨ ਨੂੰ ਨਾਸ ਕਰਨ ਵਾਲੇ ਰੋਗਾਂ ਦੀ ਜੜ੍ਹ ਦਾ ਪਤਾ ਕਰ ਕੇ ਨਵੀਂ ਦਵਾ ਦੀ ਕਾਢ ਕਢੇਗਾ। ਰੋਗ ਦੇ ਕੀੜੇ ਨਸ਼ਟ ਹੋ ਜਾਣਗੇ, ਇਨਸਾਨ ਸਿਹਤਮੰਦ ਹੋ ਜਾਵੇਗਾ। ਦੁਨੀਆਂ ਭਰ ਦੇ ਮੈਡੀਕਲ ਕਾਲਿਜਾਂ ਵਿਚ ਉਹਦੇ ਨਾਂ ਦੀ ਚਰਚਾ ਹੋਵੇਗੀ। "ਪ੍ਰਸ਼ਾਂਤ ਮੈਥਡ...ਪ੍ਰਸ਼ਾਂਤ ਰਿਐਕਸ਼ਨ।" ਡਬਲਯੂ. ਆਰ. ਵਾਂਗ ਪੀ. ਆਰ. ਕਹਿਣਗੇ ਲੋਕੀ। ਇਸ ਪਿਛੋਂ।...'ਟੇਸਟ ਟਿਊਬ ਬੇਬੀ' ਕਿਨੂੰ ਮਾਂ ਕਹੂਗੀ ? ਤਦ ਸ਼ਾਇਦ ਮਾਂ ਇਕ ਹਾਸੋਹੀਣਾ ਸ਼ਬਦ ਬਣ ਕੇ ਰਹਿ ਜਾਵੇਗਾ। ਜਾਣਦੇ ਹੋ, ਪਹਿਲਾਂ ਮਾਂ ਹੁੰਦੀ ਸੀ ?...ਇਕ ਅੱਧ ਨਗਨ ਤੋਂ ਵੀ ਕੁਝ ਵੱਧ ਕੇ ਅਗੇ ਕੁੜੀ, ਟੇਲੀਕਾਵੇ ਦੁਆਰਾ ਅਮਰੀਕਣ ਪੇਸਟਰੀ ਦਾ ਘਰ ਬਹਿ ਕੇ ਸੁਆਦ ਮਾਣਦੀ ਹੋਈ ਮੁੜ ਕੇ ਕਹੇਗੀ-'ਪ੍ਰੀ ਟੇਸਟ ਟਿਊਬ ਏਜ। ਸਿ-ਸਿ।...ਮਾਵਾਂ। ਟਿਊਬ ਮਾਵਾਂ।

......ਮਾਂ। ਮਾਂ ਬਸੰਧਰਾ ਧਰਤੀ ਮਾਤਾ। ਮਾਂ ਆਪਣੇ ਪੁਤਰ ਨੂੰ ਨਹੀਂ ਮਾਰ ਸਕੀ। ਪਰ ਪੁੱਤਰ ਆਪਣੀ ਮਾਂ ਨੂੰ ਗਲਾ ਘੁੱਟ ਕੇ ਮਾਰ ਦੇਵੇਗਾ। ਸ਼ਸ਼ਿਆ ਸ਼ਿਆਮਲਾ।......

ਭਾਰਤ ਮਾਤਾ ਗ੍ਰਾਮ ਵਾਸਿਨੀ !
ਖੇਤੋ ਮੇਂ ਫੈਲਾ ਹੈ ਸ਼ਿਆਮਲ,

ਧੂਲ ਭਰਾ ਮੈਲਾ ਸਾ ਆਂਚਲ।

ਮੈਲਾ ਆਂਚਲ, ਪਰ ਧਰਤੀ ਮਾਤਾ ਹਾਲੇ ਸਵਰਣ-ਅਚਲਾ ਹੈ। ਕਣਕ ਦੀਆਂ ਸੁਨਹਿਰੀ ਬੱਲੀਆਂ, ਨਾਲ ਭਰੇ ਹੋਏ ਖੇਤਾਂ ਵਿਚ ਪੁਰੇ ਦੀ ਹਵਾ ਥਿਰਕਣ ਪੈਦਾ ਕਰਦੀ ਹੈ। ਸਾਰੇ ਪਿੰਡ ਦੇ ਲੋਕ ਖੇਤਾਂ ਵਿਚ ਹਨ। ਜਿਵੇਂ ਸੋਨੇ ਦੀ ਨਦੀ ਵਿਚ, ਲੱਕ ਤਕ ਸੁਨਹਿਰੇ ਪਾਣੀ ਵਿਚ ਸਾਰੇ ਪਿੰਡ ਦੇ ਲੋਕ ਖੇਡ ਮਲ੍ਹ ਰਹੇ ਨੇ...... । ਸੁਨਹਿਰੀ ਲਹਿਰਾਂ। ਤਾੜ ਦੇ ਬਿਰਛਾਂ ਦੀਆਂ ਕਤਾਰਾਂ, ਝਰਬੇਰੀ ਦਾ ਜੰਗਲ, ਕੋਠੀ ਦਾ ਬਾਗ, ਕਮਲ ਦੇ ਪੱਤਿਆਂ ਨਾਲ ਭਰੇ ਹੋਏ ਕਮਲਾ ਨਦੀ ਦੇ ਟੋਏ। ਡਾਕਟਰ ਨੂੰ ਸਾਰੀਆਂ ਚੀਜ਼ਾਂ ਨਵੀਆਂ ਲਗਦੀਆਂ ਨੇ। ਕੋਇਲ ਦੀ ਕੂਕ ਨੇ ਡਾਕਟਰ ਦੇ ਦਿਲ ਵਿਚ ਕਦੀ ਹੂਕ ਪੈਦਾ ਨਹੀਂ ਕੀਤੀ। ਪਰ ਖੇਤਾਂ ਵਿਚ ਕਣਕ ਕਟਦੇ ਹੋਏ ਮਜ਼ਦੂਰਾਂ ਦੀ 'ਚੈਤੀ' ਵਿਚ ਅੱਧੀ ਰਾਤੀਂ ਕੂਕਣ ਵਾਲੀ ਕੋਇਲ ਦੇ ਗਲ ਦੀ ਮਿਠਤ ਦਾ ਅਨੁਭਵ ਉਹ ਕਰਨ ਲਗਾ ਹੈ।

ਸਬ ਦਿਨ ਬੋਲੇ ਕੋਇਲਾ ਭੋਰ ਭਿਨਸਰਵਾ...ਵਾ...ਵਾ
ਬੈਰਿਨ ਕੋਇਲੀਆ, ਆਜੂ ਬੋਲਇ ਆਧੀ ਰਾਤੀਆ ਹੋ ਰਾਮਾ...ਆ...ਆ
ਸੂਤਲ ਪੀਅ ਕੇ ਜਗਾਵੇ ਹੋ ਰਾਮਾਂ ਆ...ਆ...

ਕਿਸੇ ਦੇ ਪੀਆ ਦੀ ਨੀਂਦ ਨਾ ਟੁਟ ਜਾਵੇ। ਗੂੜ੍ਹੀ ਨੀਂਦੇ ਸੁਤੇ ਹੋਏ ਪੀਆ ਦੇ ਸਿਰਾਣੇ ਪੱਖਾ ਝੱਲਦੀ ਹੋਈ ਪਿਆਰੀ ਨੂੰ ਡਰ ਹੈ, ਪੀਆ ਦੀ ਨੀਂਦ ਨਾ ਖੁਲ੍ਹ ਜਾਵੇ, ਸੁਪਨਾ ਨਾ ਟੁਟ ਜਾਵੇ।

ਡਾਕਟਰ ਵੀ ਕਿਸੇ ਦੀਆਂ ਲਾਡ ਲਡਿਕੀਆਂ ਮਿਠੀਆਂ ਥਪਾੜੀਆਂ ਦੇ ਸਹਾਰੇ ਸੌਂ ਜਾਣਾ ਚਾਹੁੰਦਾ ਹੈ, ਗੂੜ੍ਹੀ ਨੀਂਦ 'ਚ ਗੁਆਚ ਜਾਣਾ ਚਾਹੁੰਦਾ ਹੈ। ਜ਼ਿੰਦਗੀ ਦੀ ਜਿਸ ਡੰਡੀ ਤੇ ਉਹ ਆਪ ਮੁਹਾਰਾ ਦੌੜਿਆ ਜਾ ਰਿਹਾ ਸੀ, ਉਹਦੇ ਉਰੇ ਪਰੇ ਨੇੜੇ ਤੇੜੇ ਕਿਤੇ ਪਲ ਭਰ ਸੁਸਤਾਉਣ ਲਈ ਕੋਈ ਛਾਂ ਨਹੀਂ ਮਿਲੀ। ਉਹਨੇ ਕਿਸੇ ਬਿਰਛ ਦੇ ਡਾਲ ਦੀ ਸੀਤਲ ਛਾਂ ਦੀ ਕਲਪਨਾ ਵੀ ਨਹੀਂ ਕੀਤੀ ਸੀ। ਜ਼ਿੰਦਗੀ ਦੀ ਇਸ ਨਵੀਂ ਪਗਡੰਡੀ ਤੇ ਪੈਰ ਰਖਦਿਆਂ ਹੀ ਉਹਨੂੰ ਬੜੇ ਜ਼ੋਰਾਂ ਦੀ ਥਕਾਵਟ ਮਹਿਸੂਸ ਹੋ ਰਹੀ ਹੈ। ਉਹ ਰਾਹ ਦੀ ਖੂਬਸੂਰਤੀ ਤੇ ਮਸਤ ਹੋ ਕੇ ਛਾਵੇਂ ਨਹੀਂ ਪਿਆ ਰਹਿ ਸਕੇਗਾ। ਮੰਜ਼ਿਲ ਤੇ ਪੁਜਣ ਦਾ ਇਹ ਕਿੰਨਾ ਜ਼ਬਰਦਸਤ ਰਾਹ ਹੈ ਜਿਹੜਾ ਰਾਹੀ ਨੂੰ ਮੰਜ਼ਿਲ ਤਕ ਪੁਜਣ ਦੀ ਪ੍ਰੇਰਣਾ ਦਿੰਦਾ ਹੈ। ......ਉਹ ਪਲ ਭਰ ਸੁਸਤਾਉਣ ਲਈ ਉਦਾਰ ਛਾ ਚਾਹੁੰਦਾ ਹੈ। ਪਿਆਰ !......

ਸੂਤਲ ਪੀਆ ਕੇ ਜਗਾਵੇ ਹੋ ਰਾਮਾ।

ਪੀਆ ਜਾਗ ਪਿਆ। ਪਿਆਰੀ ਨੇ ਪੀਆ ਨੂੰ ਵਿਦਾਇਗੀ ਦਿਤੀ। ਪੀਆ ਨੇ ਜਾਣਾ ਹੈ। ਹਿਮਾਲਾ ਦੀ ਚੋਟੀ ਨੂੰ ਸਰਘੀ ਦੀ ਪਹਿਲੀ ਕਿਰਨ ਨੇ ਛੋਹਕੇ ਸੋਨ-ਰੰਗੀ ਕਰ ਦਿਤਾ

ਹੈ। ਅੰਬਾਂ ਦੇ ਬਾਗਾਂ ਵਿਚ ਕੋਇਲ-ਕੋਇਲੀ ਦਹੀਅਲ ਅਤੇ ਬੁਲਬੁਲ ਨੇ ਰਲ ਕੇ ਸੁਰ ਵਿਚ ਮੰਗਲ ਗੀਤ ਗੌਵੇਂ। ਖੇਤਾਂ 'ਚੋਂ ਗੀਤਾਂ ਦੀਆਂ ਲੜੀਆਂ ਪੁਰੇ ਦੇ ਸਹਾਰੇ ਉਡ ਕੇ ਆਉਂਦੀਆਂ ਹਨ ਅਤੇ ਡਾਕਟਰ ਦੇ ਦਿਲ ਵਿਚ ਹਲਚਲ ਮਚਾ ਦੇਂਦੀਆਂ ਹਨ। ...ਕਣਕ ਦੀ ਕਟਾਈ ਹੋ ਰਹੀ ਹੈ। ਪੱਕੀ ਹੋਈ ਹਾੜੀ ਦੀ ਫਸਲ ਦੀ ਸੋਂਧੀ ਸੁਗੰਧ ਚਹੁੰ ਪਾਸੀਂ ਖਿੰਡ ਰਹੀ ਹੈ ।

"ਡਾਕਟਰ ਸਾਹਿਬ।"

"ਕੀ ਗੱਲ ਹੈ ?"

"ਜ਼ਰਾ ਚਲੋ ! ਮੇਰੀ ਭੈਣ ਨੂੰ ਕੈਆਂ ਆ ਰਹੀਆਂ ਨੇ।"

"ਪੇਟ ਵੀ ਚਲਦਾ ਹੈ ?"

"ਜੀ।"

ਡਾਕਟਰ ਤੁਰਤ ਤਿਆਰ ਹੋ ਕੇ ਚਲ ਪੈਂਦਾ ਹੈ। ਨੇੜਲੇ ਪਿੰਡ ਵਿਚ ਹੀ ਜਾਣਾ ਹੈ। ......ਡਾਇਰੀਆ ਹੋਵੇਗਾ। ਪਰ 'ਸੇਲਾਇਨ ਅਪਰੇਟਸ' ਵੀ ਲੈ ਜਾਣਾ ਚੰਗਾ ਹੋਵੇਗਾ।

"ਤੀਹ ਵਾਰ ਪੇਟ ਚਲਿਆ ?"

ਬਿਸਤਰੇ ਤੇ ਪਈ ਹੋਈ ਮੁਟਿਆਰ ਪੀਲੀ ਪੈ ਗਈ ਹੈ। ਉਹਦੇ ਹੱਥ ਪੈਰ ਆਕੜ ਰਹੇ ਨੇ। ਪੇਸ਼ਾਬ ਬੰਦ ਹੈ। ਹੈਜ਼ਾ ਵੀ ਹੈ। ਡਾਕਟਰ 'ਸੇਲਾਇਨ ਅਪਰੇਟਸ' ਠੀਕ ਕਰਦਾ ਹੈ। ਸਪਿਰਿਟ ਸਟੋਵ ਬਾਲਦਾ ਹੈ, ਨਾਰਮਲ-ਸੇਲਾਇਨ ਦੀ ਬੋਤਲ ਕਢਦਾ ਹੈ। ਬੁਢਾ ਬਾਪ ਹੱਥ ਜੋੜ ਕੇ ਕੁਝ ਕਹਿਣਾ ਚਾਹੁੰਦਾ ਹੈ, ਅਤੇ ਅਖੀਰ ਉਹ ਕਹਿ ਹੀ ਦਿੰਦਾ ਹੈ, "ਡਾਕਟਰ ਸਾਹਿਬ ਔਹ ਜਿਹੜਾ ਜ਼ਕਸਨ ਦੇ ਰਹੇ ਹੋ ਇਹਦੇ ਕਿੰਨੇ ਹੋਣਗੇ ?"

ਛੋਟੇ ਜਕਸੈਨ ਦੀ ਫੀਸ ਦੋ ਰੁਪਏ ਹੈ, ਇੰਨੇ ਵੱਡੇ ਜਕਸੈਨ ਦੀ ਤਾਂ ਪੰਜਾਹ ਰੁਪੈ ਹੋਵੇਗੀ।

"ਕਿਉਂ ? ਪੰਜਾਹ ਰੁਪਏ।" ਡਾਕਟਰ ਮੁਸਕਰਾਉਂਦਾ ਹੈ।

"ਤਾਂ ਰਹਿਣ ਦਿਓ। ਕੋਈ ਦਵਾਈ ਦੇ ਦਿਓ।"

"ਦੁਆ ਨਾਲ ਕੋਈ ਫ਼ਾਇਦਾ ਨਹੀਂ ਹੋਵੇਗਾ।"

"ਪਰ ਮੇਰੇ ਕੋਲ ਏਨੇ ਰੁਪਏ ਕਿਥੇ ਨੇ ?"

"ਬਲਦ ਵੇਚ ਦਿਉ।" ਡਾਕਟਰ ਪਹਿਲਾਂ ਵਾਂਗ ਮੁਸਕਰਾਉਂਦਾ ਹੋਇਆ ਸੇਲਾਇਨ ਦੇਣ ਦੀ ਤਿਆਰੀ ਕਰ ਰਿਹਾ ਹੈ।

"ਡਾਕਟਰ ਬਾਬੂ, ਬਲਦ ਵੇਚ ਦਿਆਂਗਾ ਤਾਂ ਖੇਤੀ ਕਿਵੇਂ ਕਰਾਂਗਾ ? ਬਾਲ ਬੱਚੇ ਭੁੱਖੇ ਮਰ ਜਾਣਗੇ। ...ਲੜਕੀ ਦੀ ਬੀਮਾਰੀ ਹੈ।"

"ਕੀ ਮਤਲਬ ?"

"ਹਜ਼ੂਰ ਲੜਕੀ ਦੀ ਜਾਤ ਬਿਨਾਂ ਦਵਾ ਦਾਰੂ ਦੇ ਹੀ ਠੀਕ ਹੋ ਜਾਂਦੀ ਹੈ।"

...ਲੜਕੀ ਦੀ ਜਾਤ ਬਿਨਾਂ ਦਵਾ ਦਾਰੂ ਦੇ ਹੀ ਠੀਕ ਹੋ ਜਾਂਦੀ ਹੈ। ਪਰ ਵਿਚਾਰੇ ਬੁੱਢੇ ਦਾ ਇਸ ਵਿਚ ਕੋਈ ਦੋਸ਼ ਨਹੀਂ। ਸਭਿਯ ਕਹਾਉਣ ਵਾਲੇ ਸਮਾਜ ਵਿਚ ਵੀ ਲੜਕੀਆਂ ਬਲਾ ਦੀ ਪੈਦਾਵਾਰ ਸਮਝੀਆਂ ਜਾਂਦੀਆਂ ਹਨ। ਜੰਗਲ ਝਾੜ।

ਡਿਗ-ਡਿਗ, ਡਿਡਿਗ- ਡਿਡਿਗ।

"...ਕਲ੍ਹ ਸਵੇਰੇ ਇਸਪਿਤਾਲ ਵਿਚ ਹੈਜ਼ੇ ਦੀ ਸੂਈ ਲਾਈ ਜਾਵੇਗੀ। ਸਾਰੇ ਲੋਕ ਬਾਲ-ਬੱਚੇ, ਬੁੱਢੇ-ਜਵਾਨ, ਔਰਤ-ਮਰਦ ਆ ਕੇ ਸੂਈ ਲੁਆ ਲੈਣ।" ...ਡਿਗ ਡਿਗ ਡਿਡਿਗ। ਪਿੰਡ ਦਾ ਚੌਕੀਦਾਰ ਡੌਂਡੀ ਪਿਟ ਰਿਹਾ ਹੈ।

ਹੈਜ਼ੇ ਦੇ ਪਹਿਲੇ ਰੋਗੀ ਨੂੰ ਬਚਾ ਲਿਆ ਗਿਆ ਹੈ, ਪਰ ਪਿੰਡ ਨੂੰ ਨਹੀਂ ਬਚਾਇਆ ਜਾ ਸਕਿਆ। ਡਾਕਟਰ ਨੇ ਢੋਲ ਕੁਟਵਾ ਕੇ ਲੋਕਾਂ ਨੂੰ ਸੂਈ ਲੁਆਣ ਦੀ ਖ਼ਬਰ ਦਿਤੀ, ਪਰ ਕੋਈ ਨਹੀਂ ਆਇਆ। ਖੂਹ ਵਿਚ ਦਵਾ ਪੌਣ ਸਮੇਂ ਲੋਕਾਂ ਨੇ ਦਲ ਬਣਾ ਬਣਾ ਕੇ ਵਿਰੋਧ ਕੀਤਾ —

"ਚਲਾਕੀ ਰਹਿਣ ਦਿਓ। ਡਾਕਟਰ ਖੂਹਾਂ ਵਿਚ ਦੁਆ ਪਾ ਕੇ ਸਾਰੇ ਪਿੰਡ ਵਿਚ ਹੈਜ਼ਾ ਫੈਲਾਉਣਾ ਚਾਹੁੰਦਾ ਹੈ। ਖੂਬ ਸਮਝਦੇ ਹਾਂ।"

ਡਾਕਟਰ ਨੇ ਬਾਲਦੇਵ ਜੀ, ਕਾਲੀਚਰਨ ਅਤੇ ਚਰਖਾ ਸੈਂਟਰ ਦੇ ਲੋਕਾਂ ਨੂੰ ਖ਼ਬਰ ਭੇਜ ਕੇ ਬੁਲਾਇਆ। ਸਹਾਇਤਾ ਮੰਗੀ। "ਜੇ ਲੋਕਾਂ ਨੇ ਸੂਈ ਨਾ ਲੁਆਈ ਅਤੇ ਖੂਹਾਂ ਵਿਚ ਦਵਾ ਨਾ ਪਾਉਣ ਦਿਤੀ ਤਾਂ ਇਕ ਵੀ ਪਿੰਡ ਨੂੰ ਬਚਾਉਣਾ ਮੁਸ਼ਕਲ ਹੋਵੇਗਾ। ਦੁਪਹਿਰ ਨੂੰ ਬਾਲਦੇਵ ਜੀ, ਕਾਲੀਚਰਨ ਜੀ ਅਤੇ ਚਰਖ਼ਾ ਸੈਂਟਰ ਦੇ ਮਾਸਟਰ — ਮਾਸਟਰਨੀ ਜੀ, ਡਾਕਟਰ ਸਾਬ੍ਹ ਨਾਲ ਦਲ ਬਣਾ ਕੇ ਨਿਕਲੇ ਅਤੇ ਖੂਹਾਂ ਵਿਚ ਦੁਆ ਪਾ ਦਿਤੀ ਗਈ। ਸੂਈ ਲਾਉਣ ਦੀ ਸਮੱਸਿਆ ਗੁੰਝਲਦਾਰ ਸੀ। ਕਾਲੀਚਰਨ ਨੇ ਕਿਹਾ, "ਇਕ ਗੱਲ! ਅੱਜ ਕੋਠੀ ਦਾ ਬਾਜ਼ਾਰ ਹੈ। ਬਾਜ਼ਾਰ ਲਗਦਿਆਂ ਹੀ ਚਹੁੰ ਪਾਸਿਆਂ ਤੋਂ ਘੇਰ ਲਿਆ ਜਾਵੇ ਅਤੇ ਸਾਰਿਆਂ ਨੂੰ ਜ਼ਬਰਦਸਤੀ ਸੂਈ ਲਾਈ ਜਾਵੇ। ਜਿਹੜੇ ਲੋਕ ਬਾਕੀ ਬਚ ਜਾਣਗੇ ਉਨ੍ਹਾਂ ਨੂੰ ਘਰ ਵਿਚ ਫੜ ਕੇ ਲਾਈ ਜਾਵੇ।" ਡਾਕਟਰ ਨੂੰ ਇਹ ਸੁਝਾ ਚੰਗਾ ਲਗਾ, ਪਰ ਬਾਲਦੇਵ ਜੀ ਨੇ ਇਤਰਾਜ ਕੀਤਾ, "ਕਿਸੇ ਦੀ ਇੱਛਾ ਦੇ ਖਿਲਾਫ਼ ਧੱਕਾਸ਼ਾਹੀ ਕਰਨੀ...।"

"ਕੀ ਬੇਮੰਤਲਬ ਦੀ ਗੱਲ ਕਹਿੰਦੇ ਹੋ" ਚਰਖਾ ਸੈਂਟਰ ਦੀ ਮਾਸਟਰਨੀ ਬਾਲਦੇਵ ਜੀ ਦੀ ਗੱਲ ਕੱਟ ਕੇ ਬੋਲੀ, "ਕਾਲੀਚਰਨ ਜੀ ਠੀਕ ਕਹਿੰਦੇ ਹਨ।"

ਬਾਲਦੇਵ ਜੀ ਦੀ ਪੁੜਪੁੜੀ ਗਰਮ ਹੋ ਜਾਂਦੀ ਹੈ। ...ਇਹ ਜ਼ਨਾਨੀ ਬੋਲਣ ਦਾ ਢੰਗ ਵੀ ਨਹੀਂ ਜਾਣਦੀ। ਨਾਰੀ ਦਾ ਸੁਭਾ ਖਰ੍ਹਵਾ ਨਹੀਂ ਹੋਣਾ ਚਾਹੀਦਾ। ਕੋਠਾਰਨ ਜੀ ਕਿੰਨੀ ਮਿੱਠੀ ਬੋਲੀ ਬੋਲਦੀ ਹੈ, ਅਤੇ ਇਹ ਤਾਂ ਮਰਦਾਵੀਂ ਜ਼ਨਾਨੀ ਹੈ। ਚਰਖਾ ਸੈਂਟਰ ਦੀ ਮਾਸਟਰਨੀ ਹੂੰ। ਬੜੀਆਂ ਮਹਿਲਾ ਕਾਂਗਰਸੀ ਦੇਖੀਆਂ ਨੇ

...ਮਾਏ ਜੀ, ਤਾਰਾਵਤੀ ਦੇਵੀ, ਸਰੱਸਤੀ, ਉਥੀ ਦੇਵੀ, ਸਰਧਾ ਦੇਵੀ, ਪਰ ਕੋਈ ਵੀ ਏਨੀ ਖ਼ਰ੍ਹਵੀ ਨਹੀਂ ਸੀ ਬੋਲਦੀ। ...ਹੂੰ ਕਾਲੀਚਰਨ ਜੀ ਠੀਕ ਕਹਿੰਦੇ ਹਨ। ...ਜ਼ਬਰਦਸਤੀ ਕਰਨਾ ਹਿੰਸਾਵਾਦ। ਨਹੀਂ ਤਾਂ ਹੋਰ ਕੀ ਹੈ।...

ਕਾਲੀਚਰਨ ਦੇ ਦਲ ਵਾਲਿਆਂ ਨੇ ਬਾਜ਼ਾਰ ਨੂੰ ਘੇਰ ਲਿਆ ਹੈ। ਡਾਕਟਰ ਸਾਹਿਬ ਅੰਬ ਦੇ ਬਿਰਛ ਥਲੇ ਟੇਬਲ ਤੇ ਆਪਣਾ ਪੂਰਾ ਸਮਾਨ ਰਖ ਕੇ ਤਿਆਰ ਹਨ। ਕਾਲੀਚਰਨ ਇਕ ਇਕ ਆਦਮੀ ਨੂੰ ਫੜ ਕੇ ਲਿਆਉਂਦਾ ਹੈ, ਮਾਸਟਰਨੀ ਜੀ ਸਪਿਰਟ ਵਿਚ ਭਿਜੀ ਹੋਈ ਰੂੰ ਬਾਂਹ ਤੇ ਮਲ ਦਿੰਦੀ ਹੈ। ਅਤੇ ਡਾਕਟਰ ਸਾਹਿਬ ਨਾਂ ਲਿਖਦੇ ਹਨ। ਬਾਜ਼ਾਰ ਵਿਚ ਨੱਸ ਭੱਜ ਮਚੀ ਹੋਈ ਹੈ। ਪਰ ਨੱਸ ਕੇ ਕਿਧਰ ਜਾਉਗੇ? ਚਾਰੇ ਪਾਸੇ ਸੁਸਲਿੰਗ ਪਾਰਟੀ ਦੇ ਸਿਪਾਹੀ ਖਲੋਤੇ ਹਨ।

"ਮਰ ਗਏ। ਮਰ ਗਏ ਹਾਏ ਬੇਟਾ ਕਾਲੀ।"

"ਕਿਉਂ? ਰੋਂਦੀ ਕਿਉਂ ਏਂ?"

"ਹੇ ਬੇਟਾ।"

"ਸਾਰੀ ਦੇਹ ਵਿਚ ਗੋਦਨੇ ਖੁਦਵਾਣ ਸਮੇਂ ਦੇਹੀ ਵਿਚ ਸੂਈ ਨਹੀਂ ਸੀ ਚੁਭੀ। ਚਲੋ।"

ਸੱਤ ਸੋ ਪੰਝੀ ਲੋਕਾਂ ਨੂੰ ਸੂਈ ਲਾ ਦਿਤੀ ਗਈ ਹੈ। ਹੁਣ ਜਿਹੜੇ ਲੋਕ ਘਰ ਰਹਿ ਗਏ ਹਨ, ਉਨ੍ਹਾਂ ਨੂੰ ਕੱਲ੍ਹ ਸਵੇਰੇ ਹੀ ਸੂਰਜ ਨਿਕਲਣ ਤੋਂ ਪਹਿਲਾਂ ਹੀ ਦੇ ਦੇਣੀ ਹੋਵੇਗੀ।

ਡਾਕਟਰ ਸਾਹਿਬ ਕਹਿੰਦੇ ਹਨ, "ਬੀਮਾਰੀ ਦੀ ਸੇਵਾ ਲਈ ਸਵੈ ਸੇਵਕ ਚਾਹੀਦੇ ਹਨ।"

ਕਾਲੀਚਰਨ ਆਪਣੇ ਦਲ ਦੇ ਸੱਠ ਸਵੈ ਸੇਵਕਾਂ ਨਾਲ ਰਾਤੀਂ ਹਸਪਤਾਲ ਵਿਚ ਦਾਖਲ ਹੋ ਜਾਵੇਗਾ।

ਚਰਖਾ ਸੈਂਟਰ ਦੀ ਮਾਸਟਰਨੀ ਜੀ ਬੜੀ ਨਿਡਰ ਹੈ। ਉਹ ਵੀ ਸੇਵਾ ਕਰਨ ਲਈ ਆਪਣਾ ਨਾਂ ਲਿਖਾਉਂਦੀ ਹੈ। ਬਾਵਨਦਾਸ ਹਸ ਕੇ ਕਹਿੰਦਾ ਹੈ, "ਮੈਨੂੰ ਦੇਖ ਕੇ ਤਾਂ ਰੋਗੀ ਡਰ ਜਾਣਗੇ। ਡਾਕਟਰ ਸਾਬ੍ਹ। ਮੈਨੂੰ ਹੋਰ ਕੋਈ ਕੰਮ ਦਿਓ।"

ਬਾਲਦੇਵ ਜੀ ਚੁਪ ਹਨ। ਉਨ੍ਹਾਂ ਨੂੰ ਹੈਜ਼ਾ ਦਾ ਬੜਾ ਡਰ ਹੈ।

## ਅਠਾਈ

ਡਾਕਟਰ ਆਦਮੀ ਨਹੀਂ, ਦੇਵਤਾ ਹੈ, ਦੇਵਤਾ।

ਤੰਤਰਿਮਾਂ ਟੋਲੀ, ਪੋਲੀਆ ਟੋਲੀ, ਕੁਰਮ ਛੱਤਰੀ ਟੋਲੀ ਅਤੇ ਰੈਦਾਸ ਟੋਲੀ, ਵਿਚੋਂ ਕੁਲ ਮਿਲਾ ਕੇ ਸਿਰਫ਼ ਪੰਜ ਬੰਦਿਆਂ ਦਾ ਨੁਕਸਾਨ ਹੋਇਆ। ਘਰ ਘਰ ਵਿਚ ਇਕ ਦੋ ਆਦਮੀ ਬੀਮਾਰ ਹਨ। ਪਰ ਡਾਕਟਰ ਦੇਵਤਾ ਹੈ। ਦਿਨ ਰਾਤ ਕਦੀ ਇਕ ਪਲ ਚੈਨ ਨਾਲ ਨਹੀਂ ਬਹਿੰਦਾ। ਮਾਸਟਰਨੀ ਜੀ ਵੀ ਦੇਵੀ ਹੈ। ਕਾਲੀਚਰਨ ਵੀ ਬਹਾਦੁਰ ਹੈ। ਕੈ ਅਤੇ ਦਸਤ ਨਾਲ ਭਰੇ ਬਿਸਤਰੇ ਤੇ ਲੇਟੇ ਹੋਏ ਰੋਗੀ ਦੀ ਸੇਵਾ ਕਰਨੀ ਕਪੜੇ ਧੋਣੇ, ਦਵਾ ਪਾ ਕੇ ਗੰਦਗੀ ਸਾੜਨੀ, ਅ ਦਮੀ ਦਾ ਕੰਮ ਨਹੀਂ, ਦੇਵਤਾ ਹੀ ਕਰ ਸਕਦੇ ਹਨ। ਇਕ ਪੈਸਾ ਵੀ ਫ਼ੀਸ ਨਹੀਂ ਲਈ ਅਤੇ ਮੁਖਤ ਵਿਚ ਰਾਤਾਂ ਨੂੰ ਜਾਗ ਕੇ ਲੋਕਾਂ ਦਾ ਇਲਾਜ ਕਰਦੇ ਰਹੇ। ਰੇਸ਼ਮ ਲਾਲ ਕੋਇਰੀ ਦੇ ਇਕਲੌਤੇ ਪੁਤਰ ਨੂੰ ਜਮ ਦੇ ਮੂੰਹੋਂ ਛਡਾ ਲਿਆ। ਰੇਸ਼ਮ ਨੇ ਡਾਕਟਰ ਨੂੰ ਖੁਸ਼ੀ ਖੁਸ਼ੀ ਇਕ ਗਊ ਬਕਸੀਸ ਦਿਤੀ, ਪਰ ਡਾਕਟਰ ਸਾਹਿਬ ਨੇ ਕਿਹਾ, "ਆਪਣੇ ਪੁਤਰ ਨੂੰ ਇਸ ਗਊ ਦਾ ਦੁਧ ਪਿਲਾਓ ਦੁੱਧ ਬੇਚੋ ਨਾ। ਇਹੋ ਸਾਡੀ ਬਕਸੀਸ ਹੈ।

ਬਾਵਨ ਦਾਸ ਵੀ ਅਵਤਾਰੀ ਆਦਮੀ ਹਨ, ਰਾਤ ਭਰ ਨਿੰਮ ਦੇ ਬਿਰਛ ਥੱਲੇ ਬੈਠ ਕੇ ਖੰਜੜੀ ਬਜਾ ਕੇ ਗੌਂਦੇ ਰਹਿੰਦੇ ਸਨ, — ਮਾਲਿਕ ਸੀਤਾ ਰਾਮ ਸੋਚ ਮਨ ਕਾਹੇ ਕਰੋ। ਸੇਤਾਰਾਮ। ਸੇਤਾਰਾਮ। ਬੰਦੇ ਮਹਾਤਰਮ। ...ਮਾਲਿਕ ਸੀਤਾ ਰਾਮ।"

ਡਰਾਉਣੀ ਰਾਤ ਵਿਚ ਜਦੋਂ ਕਿ ਆਦਮੀ ਆਪਣੀ ਛਾਂ ਤੋਂ ਡਰਦੇ ਸਨ, ਬਾਵਨ ਦਾ ਗੀਤ ਡਰੇ ਹੋਏ ਲੋਕਾਂ ਨੂੰ ਬਲ ਦਿੰਦਾ ਸੀ... "ਮਾਲਿਕ ਸੀਤਾ ਰਾਮ ਸੋਚ ਮਨ ਕਾਹੇ ਕਰੋ।" ...ਨਿਰਬਲ ਦੇ ਬਲਰਾਮ।

ਬ੍ਰਾਹਮਣ ਟੋਲੀ ਵਿਚ ਤਿੰਨ ਆਦਮੀ ਮਰੇ ਅਤੇ ਜੋਤਖੀ ਜੀ ਦੀ ਇਸਤਰੀ ਤਾਂ ਹੋਰ ਬੀਮਾਰੀ ਨਾਲ ਮਰੀ। ਬੱਚਾ ਅਟਕ ਗਿਆ ਸੀ। ...ਕਾਇਸਥ ਟੋਲੀ, ਸੰਥਾਲ ਟੋਲੀ ਅਤੇ ਯਾਦਵ ਟੋਲੀ ਵਿਚ ਇਕ ਵੀ ਆਦਮੀ ਬੀਮਾਰ ਨਹੀਂ ਹੋਇਆ। ਰਾਜਪੂਤ ਟੋਲੀ ਵਿਚ ਪੰਜ ਸੱਤ ਆਦਮੀਆਂ ਨੂੰ ਰੋਗ ਨੇ ਫੜਿਆ, ਪਰ ਡਾਕਟਰ ਸਾਹਿਬ ਨੇ ਸਾਰਿਆਂ ਨੂੰ ਬਚਾ ਲਿਆ। ਪੰਦਰਾਂ ਦਿਨਾਂ ਪਿਛੋਂ ਕਮਲਾ ਨੇ ਡਾਕਟਰ ਦੀ ਸੂਰਤ ਦੇਖੀ ਹੈ।

ਕਮਲਾ ਨੇ ਮਨ ਹੀ ਮਨ ਕਿੰਨੀਆਂ ਗੱਲਾਂ ਘੜ ਲਈਆਂ ਸਨ। ਉਹ ਰੁੱਸੀ ਰਵ੍ਹੇਗੀ, ਬੋਲੇਗੀ ਨਹੀਂ। ਪੰਦਰਾਂ ਦਿਨਾਂ ਵਿਚ ਇਕ ਵਾਰੀ ਵੀ ਤਾਂ ਆਉਂਦੇ। ਰਹਿਣ ਦਿਓ, ਇਹੋ ਹੁੰਦਾ ਨਾ ਕਿ ਰੋਗ ਦੀ ਛੂਤ ਮੈਨੂੰ ਲਗ ਜਾਂਦੀ ਮੈਂ ਮਰ ਜਾਂਦੀ। ਤੁਹਾਡਾ ਕੀ ਬਿਗੜਦਾ? ਚਰਖਾ ਸੈਂਟਰ ਦੀ ਮਾਸਟਰਨੀ ਜੂ ਸੀ। ...ਰਾਤ ਭਰ ਖ਼ੂਬ ਚਾਹ ਬਣਾ ਕੇ ਪਿਲਾਉਂਦੀ ਸੀ ਨਾਂ?

ਪਰ ਡਾਕਟਰ ਨੂੰ ਦੇਖਦਿਆਂ ਹੀ ਉਹ ਸਭ ਕੁਝ ਭੁਲ ਗਈ। ਡਾਕਟਰ ਦਾ ਚਿਹਰਾ ਬਿਲਕੁਲ ਕਾਲਾ ਹੋ ਗਿਆ ਹੈ, ਅੱਖਾਂ ਧਸ ਗਈਆਂ ਹਨ। ਪਿਆਰੂ ਠੀਕ ਹੀ ਕਹਿੰਦਾ ਸੀ,

"ਡਾਕਟਰ ਸਾਬ੍ਹ। ਦੁਨੀਆਂ ਭਰ ਨੂੰ ਆਰਾਮ ਦੇ ਰਹੇ ਹਨ, ਪਰ ਖੁਦ ਬੀਮਾਰ ਹੁੰਦੇ ਜਾ ਰਹੇ ਹਨ। ਖਾਣਾ ਪੀਣਾ ਤਾਂ ਬਿਲਕੁਲ ਘਟ ਗਿਆ ਹੈ,...ਕਮਲਾ ਚਾਹੁੰਦੀ ਹੈ ਕਿ ਮਾਂ ਥੋੜੀ ਦੇਰ ਲਈ ਡਾਕਟਰ ਨੂੰ ਕੱਲਾ ਛੱਡ ਦੇਵੇ। ਅਜ ਉਹ ਡਾਕਟਰ ਨਾਲ ਲਿਪਟ ਜਾਵੇਗੀ।

"ਕਹੋ ਹੈਜ਼ਾ ਡਾਕਟਰ ਸਾਬ੍ਹ।" ਕਮਲੀ ਹਸਦੀ ਹੋਈ ਡਾਕਟਰ ਕੋਲ ਜਾਂਦੀ ਹੈ।

"ਹੈਜ਼ਾ ਡਾਕਟਰ ? ਸੁਣੋ ਜਰਾ ਕੁੜੀ ਦੀ ਗੱਲ ਮੈਂ ਪੁਛਦੀ ਹਾਂ ਤੈਨੂੰ ਕਿ ਤੂੰ ਦਿਨ ਬ-ਦਿਨ ਕੀ ਹੁੰਦੀ ਜਾ ਰਹੀ ਏਂ ?" ਮਾਂ ਡਾਂਟਦੀ ਹੋਈ ਕਹਿੰਦੀ ਹੈ।

"ਵਾਹ ਜੀ। ਰਾਮਪੁਰ ਦੇ ਬਟਾਈਦਾਰ ਲੋਕ ਉਸ ਦਿਨ ਆ ਕੇ ਬਾਬੂ ਜੀ ਤੋਂ ਪੁੱਛ ਰਹੇ ਸਨ ਕਿ ਹੈਜ਼ਾ ਡਾਕਟਰ ਕਿਥੇ ਰਹਿੰਦਾ ਹੈ। ਸੁਣਿਆਂ ਨਹੀਂ ਸੀ ? ਲੋਕ ਇਨ੍ਹਾਂ ਨੂੰ ਹੈਜ਼ਾ ਡਾਕਟਰ ਹੀ ਕਹਿੰਦੇ ਹਨ।" ਕਮਲਾ ਖਿੜਖਿੜਾ ਕੇ ਹਸਦੀ ਹੈ।

ਮਾਂ ਹਸਦੀ ਹੋਈ ਚਲੀ ਜਾਂਦੀ ਹੈ। ਡਾਕਟਰ ਮੁਸਕਰਾਉਂਦਾ ਹੋਇਆ ਕਹਿੰਦਾ ਹੈ, "ਲੋਕ ਹੈਜ਼ਾ ਡਾਕਟਰ ਕਹਿੰਦੇ ਹਨ, ਪਰ ਤੈਨੂੰ ਤਾਂ ਕਹਿਣਾ ਚਾਹੀਦਾ ਹੈ-ਬੇਹੋਸ਼ੀ ਡਾਕਟਰ।"

"ਆਹਾ। ਬੇਹੋਸ਼ੀ ਡਾਕਟਰ ਦੀ ਸੂਰਤ ਤਾਂ ਅਜ ਪੰਦਰਾਂ ਦਿਨਾਂ ਪਿਛੋਂ ਦੂਜ ਦੇ ਚੰਨ ਵਾਂਗ ਦੇਖਣ ਨੂੰ ਲਭੀ ਹੈ। ਅਤੇ ਗੱਲਾਂ ਬਣੌਂਦੇ ਨੇ।" ਕਮਲੀ ਮੂੰਹ ਫੈਲਾਉਂਦੀ ਹੈ।

"ਨਹੀਂ ਕਮਲਾ, ਇਸ ਵਿਚਕਾਰ ਮੈਨੂੰ ਲਗਾਤਾਰ ਇਹੋ ਡਰ ਲਗਾ ਰਹਿੰਦਾ ਸੀ ਕਿ ਜੇ ਤੂੰ ਕੁਝ ਗੜਬੜ ਕੀਤੀ ਤਾਂ ਕੀ ਹੋਵੇਗੀ ?"

"ਤਾਂ ਮੈਂ ਜਾਣ ਬੁਝ ਕੇ ਬੇਹੋਸ਼ ਹੁੰਦੀ ਹਾਂ, ਕਿਉਂ ?"

"ਹਾਂ ਜਾਣ ਬੁਝ ਕੇ।"

"ਕਿਉਂ ?"

"ਕਿਉਂਕਿ ਬੇਹੋਸ਼ ਹੋਣ ਨਾਲ ਹੀ ਬੇਹੋਸ਼ੀ ਡਾਕਟਰ ਆਉਂਦਾ ਹੈ।"

"ਹੂੰ! ਡਾਕਟਰ ਆਵੇ ਨਾ ਆਵੇ ਮੇਰੀ ਬਲਾ ਨੂੰ।"

"ਚੰਗੀ ਗੱਲ ਹੈ, ਤਾਂ ਮੈਂ ਚਲਿਆ।"

"ਹੂੰ।"

"ਡਾਕਟਰ ਸਾਬ੍ਹ ਏਨੇ ਦਿਨਾਂ ਪਿਛੋਂ ਆਏ ਹਨ, ਚਾਹ ਬਣਾ ਦਊਗੀ, ਇਹ ਤਾਂ ਨਹੀਂ, ਬੈਠੀ ਝਗੜਾ ਕਰ ਰਹੀ ਹੈ।" ਮਾਂ ਅੰਦਰੋਂ ਹੀ ਕਹਿੰਦੀ ਹੈ।

ਕਮਲਾ ਦੰਦਾਂ ਨਾਲ ਜੀਭ ਟੁਕਦੀ ਹੋਈ ਨਸ ਜਾਂਦੀ ਹੈ-ਮਾਂ ਸਭ ਕੁਝ ਸੁਣ ਰਹੀ ਸੀ ਸ਼ਾਇਦ।

ਡਾਕਟਰ ਨੇ ਐਤਕੀ ਨੇੜੇ ਤੇੜੇ ਦੇ ਪੰਦਰਾਂ ਪਿੰਡਾਂ ਦੀ ਵਾਕਫੀ ਪ੍ਰਾਪਤ ਕੀਤੀ ਹੈ, ਡਰੇ ਹੋਏ ਇਨਸਾਨਾਂ ਨੂੰ ਦੇਖਿਆ ਹੈ, ਬੀਮਾਰ ਅਤੇ ਨਿਰਾਸ਼ ਲੋਕਾਂ ਦੀਆਂ ਅੱਖਾਂ ਦੀ

ਭਾਸ਼ਾ ਨੂੰ ਸਮਝਣ ਦੀ ਕੋਸ਼ਿਸ਼ ਕੀਤੀ ਹੈ। ਉਹਨੂੰ ਮਧਵਰਗੀ ਕਿਸਾਨਾਂ ਦੀ ਹਵੇਲੀ ਅਤੇ ਬੇ ਜ਼ਮੀਨ ਮਜ਼ਦੂਰਾਂ ਦੀਆਂ ਝੁੱਗੀਆਂ ਵਿਚ ਜਾਣ ਦਾ ਸੁਭਾਗ ਜਾਂ ਦੁਰਭਾਗ ਪ੍ਰਾਪਤ ਹੋਇਆ ਹੈ। ਰੋਗੀਆਂ ਨੂੰ ਵੇਖ ਕੇ ਉਠਦੇ ਸਮੇਂ, ਛਿੱਕੇ ਤੇ ਟੰਗੀਆਂ ਹੋਈਆਂ ਖ਼ਾਲੀ ਮਿੱਟੀ ਦੀਆਂ ਤੌੜੀਆਂ ਨਾਲ ਉਹਦਾ ਸਿਰ ਟਕਰਾਇਆ ਹੈ। ਸੱਤ ਮਹੀਨਿਆਂ ਦੇ ਬੱਚੇ ਨੂੰ ਬਾਥੂ ਤੇ ਪਾਟ ਦੇ ਸਾਗ ਤੇ ਪਲਦਿਆਂ ਤੱਕਿਆ ਹੈ। ਉਹਨੇ ਤੱਕਿਆ ਹੈ...ਗਰੀਬੀ, ਗੰਦਗੀ ਅਤੇ ਜਹਾਲਤ ਨਾਲ ਭਰੀ ਹੋਈ ਦੁਨੀਆਂ ਵਿਚ ਵੀ ਸੁੰਦਰਤਾ ਜਨਮ ਲੈਂਦੀ ਹੈ। ਕਿਸ਼ੋਰ-ਕਿਸ਼ੋਰੀਆਂ ਅਤੇ ਮੁਟਿਆਰਾਂ ਦੇ ਚਿਹਰਿਆਂ ਤੇ ਇਕ ਵਿਸ਼ੇਸ਼ਤਾ ਦੇਖੀ ਹੈ, ਉਹਨੇ। ਕਮਲਾ ਨਦੀ ਦੇ ਟੋਇਆਂ ਵਿਚ ਖਿੜੇ ਹੋਏ ਕਮਲ ਦੇ ਫੁੱਲਾਂ ਵਾਂਗ ਜ਼ਿੰਦਗੀ ਦੀ ਪ੍ਰਭਾਤ ਵਿਚ ਉਹ ਬੜੇ ਲੁਭਾਉਣੇ ਬੜੇ ਮਨੋਹਰ ਅਤੇ ਸੁੰਦਰ ਦਿਸਦੇ ਹਨ, ਪਰ ਜਿਵੇਂ ਹੀ ਸੂਰਜ ਦੀ ਗਰਮੀ ਤੇਜ਼ ਹੁੰਦੀ ਹੈ, ਉਹ ਕੁਮਲਾ ਜਾਂਦੇ ਹਨ। ਸ਼ਾਮ ਢਲਣ ਤੋਂ ਪਹਿਲਾਂ ਹੀ ਪੰਖੜੀਆਂ ਝੜ ਜਾਂਦੀਆਂ ਹਨ। ...ਕਸ਼ਮੀਰ ਦੇ ਕਮਲ ਅਤੇ ਪੂਰਣੀਆਂ ਦੇ ਕਮਲ ਵਿਚ ਸ਼ਾਇਦ ਇਹੋ ਫਰਕ ਹੈ। ...ਅਤੇ ਤਾਂ ਰਾਜ ਕਮਲ।

"ਮੈਂ ਤੈਨੂੰ ਰਾਜ ਕਮਲ ਕਹਾਂਗਾ।"

"ਅਤੇ ਮੈਂ ਤੈਨੂੰ ਪ੍ਰਸ਼ਾਂਤ ਮਹਾਂਸਾਗਰ ਕਹਾਂਗੀ।"

ਕਮਲਾ ਨੇ ਅੱਜ ਅਣਜਾਣਿਆਂ ਹੀ ਉਹਨੂੰ ਕਹਿ ਦਿਤਾ।

"ਪ੍ਰਸ਼ਾਂਤ ਮਹਾਂਸਾਗਰ ਵਿਚ ਰਾਜ ਕਮਲ ਨਹੀਂ ਖਿੜਦਾ, ਮੈਂ ਕਮਲਾ ਨਦੀ ਦਾ ਟੋਇਆ ਹੋਣਾ ਹੀ ਪਸੰਦ ਕਰਾਂਗਾ" ਡਾਕਟਰ ਹਸਦਾ ਹੈ।

ਕਮਲਾ ਦੀਆਂ ਵੱਡੀਆਂ ਵੱਡੀਆਂ ਅੱਖਾਂ ਦੀਆਂ ਪਲਕਾਂ ਇਕ ਵਾਰ ਉਪਰ ਉਠ ਕੇ ਝੁਕ ਗਈਆਂ।

"ਤੂੰ ਮੈਨੂੰ ਅੱਜ ਤਕ ਆਪਣਾ ਹਸਪਤਾਲ ਕਿਉਂ ਨਹੀਂ ਦਿਖਾਇਆ ? ਤੁਹਾਡੇ ਚੂਹੇ, ਖ਼ਰਗੋਸ਼, ਗਿੱਦੜ ਤੇ ਨਿਉਲੇ..."

"ਮਾਂ ਤੇ ਬਾਬੂ ਜੀ ਤੈਨੂੰ ਹਸਪਤਾਲ ਜਾਣ ਦੇਣਗੇ ?"

"ਕਿਉਂ ਨਹੀਂ ?"

"ਤਾਂ ਅੱਜ ਹੀ ਚਲ ਹੁਣੇ ਹੀ।"

ਕਮਲਾ ਡਾਕਟਰ ਨਾਲ ਹਸਪਤਾਲ ਵਲ ਜਾ ਰਹੀ ਹੈ। ਚੇਤ ਦਾ ਸੂਰਜ ਪੱਛਮ ਵਲ ਨਿਸਪ੍ਰਾਣ ਜਿਹਾ ਪੁੰਨਿਆਂ ਦੇ ਚੜ੍ਹਦੇ ਸੂਰਜ ਵਰਗਾ ਜਾਪ ਰਿਹਾ ਹੈ। ਦਿਨ ਭਰ ਧੂ-ਧੂ ਕਰਕੇ ਚਲਣ ਵਾਲੀ ਪੱਛੋਂ ਚੁੱਪ ਕਰ ਗਈ ਹੈ।

ਪਿੰਡ ਦੇ ਪਨਘਟ ਤੇ ਇਸਤਰੀਆਂ ਦੀ ਭੀੜ ਅੱਖਾਂ ਪਾੜ ਕੇ ਇਨ੍ਹਾਂ ਦੋਵਾਂ ਨੂੰ ਦੇਖਦੀ ਹੈ, ਝਗੜੇ ਬੰਦ ਹੋ ਜਾਂਦੇ ਹਨ, ਪਾਣੀ ਭਰਨਾ ਰੁਕ ਜਾਂਦਾ ਹੈ। ਨਜ਼ਰੋਂ ਉਹਲੇ

ਹੋਣ ਪਿਛੋਂ ਫੇਰ ਸਾਰਿਆਂ ਦੇ ਮੂੰਹੋਂ ਆਪਣੀ-ਆਪਣੀ ਰਾਇ ਨਿਕਲਦੀ ਹੈ।...

ਕਮਲੀ ਹੁਣ ਠੀਕ ਹੋ ਗਈ। ਡਾਕਟਰ ਸਾਹਿਬ ਨੇ ਇਹਨੂੰ ਬਚਾ ਲਿਆ।...ਦੋਵਾਂ ਦੀ ਜੋੜੀ ਕਿੰਨੀ ਚੰਗੀ ਹੈ। ਸਤਲਰੈਨਾਂ ਬੈਸਕੋਪ ਦੀ ਇਕ ਕਿਤਾਬ ਲਿਆਇਆ ਹੈ, ਉਹਦੇ ਵਿਚ ਇਹੋ ਜਿਹੀ ਹੀ ਇਕ ਜੋੜੀ ਦੀ ਫੋਟੂ ਹੈ, ਬਿਲਕੁਲ ਇਹੋ ਜਿਹੀ ਹੀ। ...ਡਾਕਟਰ ਵੀ ਕਾਇਸਤ ਹੈ ? ਕਿਹੜੀ ਜਾਤ ਦਾ ? ਕੀ ਪਤਾ ਬਾਬਾ, ਇਲਾਜ ਕਰਦੇ ਕਰਦੇ ਕਿਤੇ...। ਕੀ ਬਕਦੀ ਏਂ — ਸਿਰ ਦੀ ਗਰਮੀ ਸ਼ਾਮੀਂ ਮੈਦਾਨ ਦੀ ਹਵਾ ਵਿਚ ਠੰਡੀ ਹੁੰਦੀ ਹੈ, ਜਾਣਦੀ ਨਹੀਂ ? ਮਾਸੀ ਨੇ ਜਦੋਂ ਜੁਗਲ ਜੋੜੀ ਦੇਖੀ ਤਾਂ ਉਹਦੇ ਹੱਥ ਆਪਣੇ ਆਪ ਹੀ ਆਂਚਲ ਦੇ ਪੱਲੇ ਵਲ ਚਲੇ ਗਏ। ਆਂਚਲ ਪਸਾਰ ਕੇ ਮਨ ਹੀ ਮਨ ਉਹ ਬੋਲੀ — "ਦੁਹਾਈ ਕਮਲਾ ਮਾਈ।"

ਗਣੇਸ਼ ਕੋਲ ਹੀ ਗੁੱਲੀ ਡੰਡਾ ਖੇਡ ਰਿਹਾ ਸੀ। ਉਹ ਜ਼ੋਰ ਜ਼ੋਰ ਨਾਲ ਚੀਕਿਆ...

ਪੂਲਵ ਤੋਂ ਛਾਹੇਬ ਆਇਆ,
ਪੱਛਮ ਤੋਂ ਮੇਮ
ਛਾਹੇਬ ਬੋਲੇ ਗਿਟਿਲ ਪਿਟਿਲ,
ਖਿੜ ਖਿੜ ਹੱਸੇ ਮੇਮ।

ਕਮਲਾ ਤੇ ਡਾਕਟਰ ਨੇ ਪਰਤ ਕੇ ਦੇਖਿਆ। ਗਣੇਸ਼ ਤਾੜੀ ਮਾਰ ਕੇ ਹੱਸ ਰਿਹਾ ਸੀ "ਦੇਖ ਨਾਨੀ ਛਾਹੇਬ ਮੇਮ।"

ਦੋਹਾਂ ਨੇ ਹਸਦਿਆਂ ਹੋਇਆਂ ਮਾਸੀ ਨੂੰ ਪ੍ਰਣਾਮ ਕੀਤਾ। ਗਣੇਸ਼ ਨਸ ਕੇ ਮਾਸੀ ਦੇ ਆਂਚਲ ਵਿਚ ਲੁਕ ਜਾਂਦਾ ਹੈ। ਕਮਲਾ ਚਿੱਲਾ ਕੇ ਕਹਿੰਦੀ ਹੈ, "ਚੰਗਾ ਠਹਿਰ ਗੋਬਰ ਗਣੇਸ਼ ਜੀ। ਹੁਣੇ ਪਰਤਦੀ ਹਾਂ ਤਾਂ ਕੰਨ ਫੜ ਕੇ ਚੰਦ ਦਿਖਾਵਾਂਗੀ।"

ਤਹਿਸੀਲਦਾਰ ਸਾਹਿਬ ਰਾਹ ਵਿਚ ਹੀ ਮਿਲੇ। ਹਸਦੇ ਹੋਏ ਬੋਲੇ "ਅੱਜ ਸ਼ਾਇਦ ਇਹੋ ਪਾਗਲਪਨ ਸੁਆਰ ਹੋਇਆ ਸੀ।...ਠੀਕ ਹੈ, ਸਵੇਰੇ ਸ਼ਾਮ ਦੀ ਹਵਾ ਵਿਚ ਬੜੇ ਗੁਣ ਹਨ।"

ਸਾਰੇ ਕੱਠੇ ਹੀ ਹੱਸ ਪਏ।

ਕੋਠੀ ਦੇ ਬਾਗ ਵਿਚ ਗੁਲ ਮੋਹਰ ਦੀਆਂ ਵੱਡੀਆਂ ਵੱਡੀਆਂ ਡਾਲੀਆਂ, ਲਾਲ ਲਾਲ ਫੁੱਲਾਂ ਨਾਲ ਮਚੀਆਂ ਹੋਈਆਂ, ਹਵਾ ਦੇ ਹਲਕੇ ਬੁਲਿਆਂ ਨਾਲ ਥਿਰਕ ਰਹੀਆਂ ਸਨ। ਅਮਲ ਤਾਸ ਦੇ ਪੀਲੇ ਫੁੱਲ ਨਵੀਂ ਵਹੁਟੀ ਦੇ ਪੀਲੇ ਸਾਲੂ ਦਾ ਚੇਤਾ ਕਰਾ ਰਹੇ ਹਨ। ਯੋਜਨ-ਗੰਧਾ ਸ਼ਾਮ ਦੀ ਹਵਾ ਵਿਚ ਪਾਗਲਪਨ ਪਸਾਰ ਰਹੀ ਸੀ। ਗਿਰੀਸ਼ ਦੇ ਫੁੱਲਾਂ ਦੀਆਂ ਪੰਖੜੀਆਂ ਮੰਗਲ-ਅਸੀਸ ਵਾਂਗ ਝੜ ਰਹੀਆਂ ਸਨ। ...ਮਾਰਟਿਨ ਨੇ ਬੜੇ ਜਤਨਾਂ ਨਾਲ ਫੁੱਲ ਲਾਏ ਸਨ। ਬਾਗ ਲਾਉਂਦਿਆਂ ਹੋਇਆਂ ਉਹਨੇ ਅਜਿਹੀਆਂ ਸ਼ਾਮਾਂ ਦੀ ਹੀ ਕਲਪਨਾ ਕੀਤੀ ਹੋਵੇਗੀ — ਬਾਹਾਂ ਵਿਚ ਪਸਰੀ

ਹੋਈ ਮੇਰੀ ਦੇ ਲਾਲ ਬੁੱਲ੍ਹਾਂ ਦੇ ਸਜਰੇਪਨ ਨੂੰ ਹੋਰ ਵੀ ਧੜਕਦਾ ਬਨਾਣ ਲਈ। ਪਾਣੀ ਤਰੌਂਕਣ ਵਾਲੇ ਮਾਲੀਆਂ ਨੂੰ ਉਹ ਕੜਕ ਕੇ ਪਿਆ ਹੋਵੇਗਾ। — "ਡੈਕੋ ਏਕ ਭੀ ਗਾਛ ਸੂਖਨੇ ਪਰ ਪਚਾਸ ਬੈਂਟ ਡੇਗਾ।"

ਚੇਤ ਦੀ ਗੋਧੂਲੀ ਵਿਚ ਆਪਣੀ ਸਾਰੀ ਤੇਜ਼ੀ ਗੁਆ ਕੇ ਸੂਰਜ ਨੇ ਸ਼ਾਮ ਸਲੋਨੀ ਸੰਧਿਆ ਦੇ ਆਂਚਲ ਵਿਚ ਆਪਣਾ ਮੂੰਹ ਲੁਕਾ ਲਿਆ ਸੀ। ਦੂਰ ਤਕ ਫੈਲੀਆਂ ਹੋਈਆਂ ਤਾੜਾਂ ਦੀਆਂ ਕਤਾਰਾਂ ਕੁਝ ਮਟਮੈਲੀਆਂ, ਕੁਝ ਸੰਧੂਰੀ ਜਾਪਦੀ ਪਿਠ ਭੂਮੀ ਵਿਚ ਗਰਦਨ ਉਚੀ ਕਰ ਕੇ ਸੂਰਜ ਨੂੰ ਅੰਤਲ ਗਹਿਰਾਈ ਵਿਚ ਡੁਬਦਿਆਂ ਦੇਖ ਰਹੀਆਂ ਸਨ। ਗਊਆਂ ਤੇ ਬਲਦਾਂ ਨਾਲ ਘਰ ਪਰਤਦੇ ਚਰਵਾਹੇ ਸਵਿਤਰੀ-ਨਾਚ ਦਾ ਗੀਤ ਗੌਂ ਰਹੇ ਸਨ...

ਆਹੇ ਸਖੀ ਚਲੂ ਫੂਲਵਾਹੀ ਦੇਖੇ ਹੈ,
ਦੇਖਿਬੇ ਸੁੰਦਰ ਰੂਪ
ਨਾਨਾ ਰਸਨਾਂ ਫੂਲ ਅਨੂਪ, ਚਲੂ ਫੂਲਵਾਰੀ ਦੇਖੇ ਹੈ।

ਗੁਲਮੋਹਰ ਦੇ ਲਾਲ ਸੂਹੇ ਫੁੱਲ ਬੁਝ ਗਏ ਅਤੇ ਅਮਲਤਾਸ ਦੀ ਪੀਲੀ ਉੜਨੀ ਪਤਾ ਨਹੀਂ ਕਦੋਂ ਸਰਕ ਕੇ ਡਿਗ ਪਈ। ਪਰ ਯੋਜਨ-ਗੰਧਾ ਹੁਣ ਵੀ ਪਾਗਲ ਬਣਾ ਰਹੀ ਹੈ। ...ਡਾਕਟਰ ਦੇਵਤਾ ਨਹੀਂ, ਆਦਮੀ ਬਣਨਾਂ ਚਾਹੁੰਦਾ ਹੈ।

ਇਕ ਜੋੜੀ ਨਿਰਮਲ ਅੱਖਾਂ ਦੀਆਂ ਪਲਕਾਂ ਜ਼ਰਾ ਉਪਰ ਵਲ ਉਠੀਆਂ ਤੇ ਫੇਰ ਝੁੱਕ ਗਈਆਂ।

## ਉਨੱਤੀ

ਕਲ੍ਹ ਸਿਰਵਾ ਪੁਰਵ ਹੈ।

ਕਲ੍ਹ ਪੜਮਾਨ ਵਿਚ 'ਮਛਮਾਰੀ' ਹੋਵੇਗੀ — ਮਛਮਾਰੀ ਅਰਥਾਤ ਮਛਲੀ ਦਾ ਸ਼ਿਕਾਰ ਅੱਜ ਚੇਤਰ ਸੰਕਰਾਂਤੀ ਹੈ। ਕਲ੍ਹ ਨੂੰ ਪਹਿਲੀ ਵਿਸਾਖ, ਵਰ੍ਹੇ ਦਾ ਪਹਿਲਾ ਦਿਨ। ਕਲ੍ਹ ਨੂੰ ਸਾਰੇ ਪਿੰਡ ਦੇ ਲੋਕ ਸਾਮੂਹਿਕ ਰੂਪ ਵਿਚ ਮਛਲੀ ਦਾ ਸ਼ਿਕਾਰ ਕਰਨਗੇ। ਛੋਟੇ ਵੱਡੇ, ਅਮੀਰ ਗਰੀਬ ਸਾਰੇ ਹੀ ਕੁੰਡੀ ਤੇ ਜਾਲ ਲੈ ਕੇ ਸਵੇਰੇ ਹੀ ਟੁਰਨਗੇ। ਅੱਜ ਦੁਪਹਿਰੇ ਸੱਤੂ ਖਾਣਗੇ। ਸਤੁਆਨੀ ਪੁਰਵ ਹੈ ਅੱਜ। ਅੱਜ ਰਾਤ ਦੀਆਂ ਬਣੀਆਂ ਹੋਈਆਂ ਚੀਜ਼ਾਂ ਕਲ੍ਹ ਨੂੰ ਖਾਣਗੇ। ਕਲ੍ਹ ਨੂੰ ਚੁੱਲ੍ਹਾ ਨਹੀਂ ਬਾਲਣਾ। ਬਾਰਾਂ ਮਹੀਨੇ ਚੁੱਲ੍ਹਾ ਬਾਲਣ ਲਈ ਇਹ ਜ਼ਰੂਰੀ ਹੈ ਕਿ ਵਰ੍ਹੇ ਦੇ ਪਹਿਲੇ ਦਿਨ ਭੂਮੀ-ਦਾਹ ਨਾ ਕੀਤਾ ਜਾਵੇ। ਇਸ ਵਰ੍ਹੇ ਦੀਆਂ ਪੱਕੀਆਂ ਹੋਈਆਂ ਚੀਜ਼ਾਂ ਅਗਲੇ

ਵੜ੍ਹੇ ਖਾਵਾਂਗੇ।

ਸਾਰੇ ਮੇਰੀ ਗੰਜ ਦੇ ਮਛਲੀ ਮਾਰਨ ਵਾਲਿਆਂ ਦਾ ਸਰਦਾਰ ਹੈ ਕਾਲੀਚਰਨ। ਸਰਘੀ ਵੇਲੇ ਹੀ ਟੁਰਨਾ ਹੋਵੇਗਾ। ਬਾਰਾਂ ਕੋਹ ਜ਼ਮੀਨ ਤੈਅ ਕਰਨੀ ਹੋਵੇਗੀ। ਏਸ ਵਾਰੀ ਕਾਲੀਚਰਨ ਨੇ ਐਲਾਨ ਕਰ ਦਿਤਾ ਹੈ, ਜਲੂਸ ਕਢ ਕੇ ਟੁਰਨਾਂ ਹੋਵੇਗਾ, ਲਾਲ ਝੰਡੇ ਨਾਲ। ਨਾਰ੍ਹਾ ਵੀ ਲਾਉਂਦੇ ਜਾਣਾ ਹੈ। ਜਮੀਂਦਾਰ ਫੈਜ ਬਖਸ਼ ਅਲੀ ਨੇ ਐਤਕੀਂ ਪੜਮਾਲ ਨਦੀ ਦੇ ਜਲਕਰ ਨੂੰ ਖਾਸ ਰਖਿਆ ਹੈ। ਉਹਦੇ ਅਮਲੇ ਨੇ ਕਿਹਾ ਹੈ ਕਿ ਮਛਲੀ ਨਹੀਂ ਮਾਰਨ ਦਿਆਂਗੇ। ਮਲੇਟਰੀ ਮੰਗਵਾ ਕੇ ਤੈਨਾਤ ਕਰਾਂਗੇ। ਦੇਖਣਾ ਹੈ ਮਲੇਟਰੀ ਨੂੰ !

ਨਵੇਂ ਤਹਿਸੀਲਦਾਰ ਬਾਬੂ ਹਰ ਗੌਰੀ ਸਿੰਘ ਕੋਲ ਨਵਾਂ ਖਾਤਾ ਖੁਲ੍ਹੇਗਾ। ਸ਼ਾਮੀ ਸੱਤ ਨਰਾਇਣ ਦੀ ਪੂਜਾ ਹੋਵੇਗੀ। ਡਾਕਟਰ ਨੂੰ ਵੀ ਸੱਦਾ-ਪੱਤਰ ਹੈ।

ਤਹਿਸੀਲਦਾਰ ਵਿਸ਼ਵ ਨਾਥ ਪ੍ਰਸਾਦ ਨੇ ਤਹਿਸੀਲਦਾਰੀ ਛੱਡ ਦਿਤੀ ਹੈ, ਤਾਂ ਕੀ ਨਵਾਂ ਖਾਤਾ ਵੀ ਨਹੀਂ ਖੋਲ੍ਹਣਗੇ ? ਉਨ੍ਹਾਂ ਦੇ ਵੀ ਸੱਤ ਨਰਾਇਣ ਵਰਤ ਦੀ ਕਥਾ ਹੋਵੇਗੀ। ਡਾਕਟਰ ਸਾਹਿਬ ਨੂੰ ਵੀ ਸੱਦਾ-ਪੱਤਰ ਹੈ।

ਮਾਸੀ ਨੇ ਡਾਕਟਰ ਨੂੰ ਹੋਲੀ ਸਮੇਂ ਨਹੀਂ ਖੁਆਇਆ ਸੀ। ਹੁਣ ਡਾਕਟਰ ਨੂੰ ਉਹੋ ਹੀ ਖੁਆਏਗੀ।

ਮੱਠ ਵਿਚ ਵੀ ਨਵਾਂ ਖਾਤਾ ਖੁਲ੍ਹਦਾ ਹੈ। ਐਤਕੀਂ ਨਵੇਂ ਮਹੰਥ ਰਾਮਦਾਸ ਜੀ ਦੇ ਹੱਥੋਂ ਖਾਤਾ ਖੁਲ੍ਹੇਗਾ। ਇਸ ਲਈ ਵਿਸ਼ੇਸ਼ ਉਤਸਵ ਹੈ। ਬੀਜਕ ਪਾਠ, ਸਾਹਿਬ ਭਜਨਾਵਲੀ, ਧਿਆਨ ਅਤੇ ਅੰਤ ਵਿਚ ਵੈਸ਼ਣੋ। ਬਾਲਦੇਵ ਜੀ ਅਤੇ ਬਾਵਨ ਦਾਸ ਨੂੰ ਵਿਸ਼ੇਸ ਸੱਦਾ-ਪੱਤਰ ਹੈ। ਲੱਛਮੀ ਦਾਸਣ ਨੇ ਭੰਡਾਰੀ ਰਾਤੀਂ ਕਹਿ ਭੇਜਿਆ ਹੈ, "ਬਾਲਦੇਵ ਜੀ ਜ਼ਰੂਰ ਆਉਣਾ। ਪਿੰਡ ਵਿਚ ਵੈਸ਼ਣੋ ਹੈ ਹੀ ਹੋਰ ਕਿਹੜਾ।"

ਬੇਤਾਰ ਸੁਮਰਿਤ ਦਾਸ ਹੁਣ ਨਵੇਂ ਤਹਿਸੀਲਦਾਰ ਦਾ ਕਾਰ-ਪਰਦਾਜ ਹੈ। ਉਹ ਕਹਿੰਦਾ ਫਿਰਦਾ ਹੈ, "ਹਰ ਗੌਰੀ ਬਾਬੂ ਹੀਰਾ ਆਦਮੀ ਹੈ। ਸਾਰਾ ਕਾਗਜ਼ ਪੱਤਰ ਸਾਡੇ ਤੇ ਸੁਟ ਕੇ ਨਿਸਚਿੰਤ ! ਤੱਕੋ ਨਾ, ਅਸੀਂ ਕਿੰਨਾਂ ਸਮਝਾਉਂਦੇ ਹਾਂ ਕਿ ਬਾਬੂ ਸਾਹਿਬ ! ਬਹੀ-ਬਸਤਾ, ਸਿਆਹ ਤੇ ਕਰਚਾ ਕਿਸੇ ਦੂਸਰੇ ਨੂੰ ਛੋਹਣ ਨਹੀਂ ਦੇਣਾ ਚਾਹੀਦਾ, ਪਰ ਹਰ ਗੌਰੀ ਬਾਬੂ ਹੀਰਾ ਆਦਮੀ ਹੈ। ਵਿਸ਼ਵ ਨਾਥ ਪ੍ਰਸਾਦ ਤਾਂ ਇਕ ਨੰਬਰ ਦੇ ਮੱਖੀਚੂਸ ਤੇ ਸ਼ੱਕੀ ਆਦਮੀ ਹਨ। ਕਾਇਸਤ ਅਤੇ ਰਾਜਪੂਤ ਦਾ ਕਲੇਜਾ ਬਰਾਬਰ ਹੋਵੇਗਾ ਭਲਾ।...ਹੂ ਕਾਂਗਰਸੀ ਹੋਏ ਨੇ। ਸੁਮਰਿਤ ਦਾਸ ਤੋਂ ਕਿਹੜੀ ਗੱਲ ਲੁਕੀ ਹੋਈ ਹੈ ? ਹੁਣ ਤਾਂ ਪਿੰਡ ਦਾ ਚਾਲਚਲਨ ਇਕ ਦਮ ਬਿਗੜ ਜਾਊਗਾ। ਮੁਟਿਆਰ ਧੀ ਨੂੰ ਇਕ ਪਰਦੇਸੀ ਗਭਰੂ ਨਾਲ ਹਾਸਾ ਮਸ਼ਕਰੀ ਕਰਨ ਦੀ, ਘੁੰਮਣ ਫਿਰਨ ਦੀ ਆਜ਼ਾਦੀ ਦੇ ਦਿਤੀ ਹੈ ਬਿਸ਼ਨ ਨਾਥ ਪ੍ਰਸਾਦ ਨੇ। ਪਿੰਡ ਦਾ ਚਾਲਚਲਨ

ਨਾ ਵਿਗੜਿਆਂ ਤਾਂ ਸੁਮਰਿਤ ਦਾਸ ਦਾ ਨਾਂ ਬਦਲ ਦੇਣਾ ।

ਨਵੇਂ ਤਹਿਸੀਲਦਾਰ ਬਾਬੂ ਹਰਗੌਰੀ ਸਿੰਘ ਦੇ ਘਰ ਰਾਤੀਂ ਇਕ ਵੀ ਮੁਜ਼ਾਰਾ ਨਹੀਂ ਆਇਆ । ਪੁੰਨਿਆਂ ਵਿਚ ਜਿਹੜੀ ਸਲਾਮੀ ਮਿਲਦੀ ਹੈ, ਉਹ ਰਕਮ ਜਿਮੀਂਦਾਰ ਦੀ ਹੁੰਦੀ ਹੈ, ਪਰ ਖਾਤਾ ਖੁਲ੍ਹਣ ਦੇ ਦਿਨ ਦੀ ਸਲਾਮੀ ਤਾਂ ਤਹਿਸੀਲਦਾਰ ਦੀ ਖਾਸ ਆਮਦਨੀ ਹੈ । ਸੁਮਰਿਤ ਦਾਸ ਨੇ ਆ ਕੇ ਖ਼ਬਰ ਦਿਤੀ–'ਸਾਰੇ ਮੁਜਾਰੇ ਬਿਸ਼ਵਾਨਾਥ ਪ੍ਰਸਾਦ ਦੇ ਗਏ ਸਨ । ਡੇਢ ਸੌ ਰੁਪਏ ਸਲਾਮੀ ਵਿਚ ਪਏ । ਮਛਲੀ ਮਾਰ ਕੇ ਪਰਤਣ ਸਮੇਂ ਰਾਹ ਵਿਚ ਮੁਜਾਰਿਆਂ ਨੇ ਮਿਟਿਨ ਕੀਤੀ ਸੀ ਕਿ ਨਵੇਂ ਤਹਿਸੀਲਦਾਰ ਦੇ ਨਹੀਂ ਜਾਵਾਂਗੇ। ਕੁਕਰਾ ਦਾ ਪੁਤਰ ਕਲਿਆ ਲੀਟਰੀ ਕਰਦਾ ਹੈ । ਪਿਓ ਕਟੇ ਘੋੜੇ ਦਾ ਘਾਸ ਅਤੇ ਪੁਤਰ ਦਾ ਨਾਂ ਦੁਰਗਦਾਸ । ਹੁਣ ਤਤਮਾ ਟੋਲੀ ਦਾ ਬਿਰੰਚਿਆ ਕਹਿੰਦਾ ਸੀ ਕਿ ਮੁਜਾਰਿਆਂ ਦਾ ਢਿਡ ਜਿਹੜਾ ਭਰੇਗਾ, ਉਹੋ ਹੀ ਅਸਲ ਜਿਮੀਂਦਾਰ ਹੈ । ਨਵੇਂ ਤਹਿਸੀਲਦਾਰ ਨੇ ਕਦੀ ਇਕ ਚੁਟਕੀ ਧਾਨ ਵੀ ਦਿਤਾ ਹੈ ?...ਸ਼ਾਸਤਰ ਬਚਨ ਕਦੀ ਝੂਠਾ ਨਹੀਂ ਹੁੰਦਾ... ਗੜਮ ਏੜਮ ਸਮਝੋ ਤਹਿਸੀਲਦਾਰ ਸਾਹਿਬ ! ਗੜ ਅਤੇ ਕੰਡਿਆਂ ਨੂੰ ਕੰਡਿਆਂ ਵਾਲੀ ਜੁੱਤੀ ਨਾਲ ਵਸ ਵਿਚ ਕੀਤਾ ਜਾਂਦਾ ਹੈ ।

ਬਾਲਦੇਵ ਜੀ ਦਾ ਕੰਮ ਛੁਟ ਗਿਆ !

ਕਪੜੇ, ਚੀਨੀ ਅਤੇ ਕਿਰਾਸਨ ਤੇਲ ਦੀ ਪੁਰਜੀ ਹੁਣ ਤਹਿਸੀਲਦਾਰ ਵਿਸ਼ਵਨਾਥ ਪ੍ਰਸਾਦ ਦੇਣਗੇ । ਬਾਲਦੇਵ ਜੀ ਨੂੰ ਕਿਉਂ ਛੱਡ ਦਿਤਾ ?...ਸ਼ਾਇਦ ਓਹਨਾਂ ਦਾ ਬਲੈਕ ਫੜਿਆ ਗਿਆ । ਪਾਪ ਕਿੰਨੇ ਦਿਨਾਂ ਤਕ ਲੁਕੇਗਾ ? ਖਿਲਾਵਨ ਨੇ ਜਿਹੜੀ ਪਰਮੇਸਰ ਸਿੰਘ ਦੀ ਜਮੀਨ ਮੁੱਲ ਲਈ ਹੈ, ਉਹ ਕਿਹੜੇ ਰੁਪਏ ਨਾਲ ? ਉਹ ਬਾਲਦੇਵ ਜੀ ਦੀ ਹੀ ਜ਼ਮੀਨ ਹੈ । ਖਿਲਾਵਨ ਦੇ ਘਰ ਜਾ ਕੇ ਦੇਖੋ, ਅਜ ਵੀ ਗੱਠਾਂ ਦੀਆਂ ਗੱਠਾਂ ਕਪੜਾ ਪਿਆ ਹੋਇਆ ਹੈ, ਟੀਨ ਦੇ ਟੀਨ ਤੇਲ ਹੈ । ਖਿਲਾਵਨ ਦੇ ਸਾਰੇ ਸਕੇ ਸਬੰਧੀਆਂ ਕੋਲ ਕਪੜੇ ਗਏ ਹਨ । ਇਹ ਗੱਲ ਕਿੰਨੇ ਦਿਨਾਂ ਤਕ ਲੁਕੀ ਰਹੇਗੀ ? ਸੁਣਦੇ ਹਾਂ ਕਿ ਕਾਂਗ-ਰਸ ਨੇ ਆਪਣਾ ਖੁਫ਼ੀਆ ਬਹਾਲ ਕੀਤਾ ਹੈ । ਅੰਗ੍ਰੇਜ਼ ਦਾ ਖੁਫ਼ਿਆ ਤਾਂ ਉਪਰੋਂ ਹੀ ਕਿਸੇ ਗੱਲ ਦਾ ਪਤਾ ਕਰਦਾ ਸੀ, ਕਾਂਗਰਸ ਦੇ ਖੁਫ਼ੀਏ ਨੂੰ ਤੌੜੀ ਦੇ ਚੌਲਾਂ ਦਾ ਵੀ ਪਤਾ ਹੁੰਦਾ ਹੈ ।

ਇਸਤਰੀ ਦੀ ਮੌਤ ਪਿਛੋਂ ਜੋਤਖੀ ਜੀ ਬੜੇ ਗੁਮ ਸੁਮ ਰਹਿੰਦੇ ਹਨ ।...ਡਾਕਟਰ ਨੂੰ ਕਿੰਨਾ ਕਿਹਾ ਕਿ ਕੋਈ ਦਵਾ ਦੇ ਕੇ ਰਾਮ ਨਰੈਣ ਦੀ ਮਾਂ ਨੂੰ ਉਤਾਰੋ, ਪਰ ਕੌਣ ਸੁਣਦਾ ਹੈ । ਬਸ, ਇਕੋਹੀ ਜਵਾਬ–ਬੱਚੇ ਨੂੰ ਪੇਟ ਚੀਰ ਕੇ ਕਢਣਾ ਹੋਵੇਗਾ। ਸ਼ਿਵ ਹੋ : ਪਰਾਈ ਇਸਤਰੀ ਨੂੰ ਬੇਪਰਦ ਕਰਨ ਦੀ ਗੱਲ ਕਿਵੇਂ ਉਹਦੇ ਮੂੰਹ 'ਚੋਂ ਨਿਕਲੀ ?...ਪਾਰਬਤੀ ਦੀ ਮਾਂ ਨੇ ਬਦਲਾ ਲੈ ਲਿਆ । ਪੰਜ ਸਾਲ ਪਹਿਲਾਂ ਪੰਚਾਂਇਤ ਵਿਚ ਜੋਤਖੀ ਜੀ ਨੇ ਕਿਹਾ ਸੀ ਕਿ ਪਾਰਬਤੀ ਦੀ ਮਾਂ ਨੂੰ ਮੈਲਾ ਘੋਲ ਕੇ ਪਿਲਾਇਆ ਜਾਵੇ । ਵਿਸ਼ਵਨਾਥ ਪ੍ਰਸਾਦ ਨੇ

ਪਾਰਬਤੀ ਦੀ ਮਾਂ ਦੀ ਪੱਖ ਪੂਰਿਆ ਸੀ, ਨਹੀਂ ਤਾਂ ਉਦੋਂ ਹੀ ਉਹਦਾ ਸਾਰਾ ਗੁਣ-ਮੰਤਰ' ਖਤਮ ਹੋ ਜਾਂਦਾ ।...ਐਤਕੀ ਪਾਰਬਤੀ ਦੀ ਮਾਂ ਨੇ ਬਦਲਾ ਲੈ ਲਿਆ ।...ਅੱਛਾ ; ਬ੍ਰਾਹਮਣ ਦਾ ਸਰਾਪ ਨਿਸਫਲ ਨਹੀਂ ਹੋਵੇਗਾ । ਦੇਖਣਾ, ਦੇਖਣਾ । ਇਸ ਕਲਜੁਗ ਵਿਚ ਵੀ ਅਸਲ ਬ੍ਰਹਮਣ ਰਹਿੰਦਾ ਹੈ, ਦੇਖ ਲੈਣਾ ।

ਓਏ!ਉਹ ਜਮਾਨਾਂ ਚਲਾ ਗਿਆ, ਜਦੋਂ ਰਾਜਪੂਤ ਤੇ ਬਾਭਨ ਟੋਲੀ ਦੇ ਲੋਕ ਗੱਲ ਗੱਲ ਵਿਚ ਜੁੱਤੀ ਪਤਾਣ ਹੁੰਦੇ ਸਨ । ਚੇਤੇ ਨਹੀਂ ਹੈ ? ਇਕ ਵਾਰੀ ਟਹਿਲੂ ਪਾਸਵਾਨ ਦਾ ਗੁਰੂ ਘੋੜੀ ਤੇ ਚੜ੍ਹਿਆ ਆ ਰਿਹਾ ਸੀ । ਪਿੰਡ ਦੇ ਅੰਦਰ ਜੇ ਆਉਂਦਾ ਤਾਂ ਕੋਈ ਗੱਲ ਵੀ ਸੀ, ਪਿੰਡ ਦੇ ਬਾਹਰ ਹੀ ਸਿੰਘ ਜੀ ਨੇ ਘੋੜੀ ਤੋਂ ਥੱਲੇ ਸੁਟ ਕੇ ਜੁਤੀਆਂ ਮਾਰ-ਨੀਆਂ ਸ਼ੁਰੂ ਕਰ ਦਿਤੀਆਂ ਸਨ—'ਸਾਲਾ ਦੁਸਾਧ, ਘੋੜੀ ਤੇ ਚੜ੍ਹੇਗਾ ।'...ਹੁਣ ਉਹ ਜ਼ਮਾਨਾ ਨਹੀਂ ਹੈ । ਨਵਾਂ ਤਹਿਸੀਲਦਾਰ ਬਣਿਆ ਹੈ ਤਾਂ ਕੀ ਹੋਇਆ ? ਸਾਡਾ ਕੀ ਬਗਾੜ ਲਵੇਗਾ ? ਨਾ ਜਗ੍ਹਾ ਨਾ ਜ਼ਮੀਨ ਹੈ, ਇਸ ਪਿੰਡ ਵਿਚ ਰਹੀਏ, ਇਕੋ ਗੱਲ ਹੈ । ...ਧਮਕੀ ਦਿੰਦੇ ਹਨ ਕਿ ਜੁਤੀ ਨਾਲ ਰੈਟ ਕਰਾਂਗੇ । ਚੰਗਾ ਚੰਗਾ ।"

ਯੁਗਾਂ ਤੋਂ ਪੀੜਤ ਦਬੇ ਹੋਏ ਤੇ ਅਣਗੌਲੇ ਹੋਏ ਲੋਕਾਂ ਨੂੰ ਕਾਲੀਚਰਨ ਦੀਆਂ ਗੱਲਾਂ ਬੜੀਆਂ ਚੰਗੀਆਂ ਲਗਦੀਆਂ ਹਨ । ਜਾਪਦਾ ਹੈ ਜਿਵੇਂ ਕੋਈ ਜ਼ਖਮਾਂ ਤੇ ਠੰਡੀ ਲੇਪ ਕਰ ਰਿਹਾ ਹੈ, ਪਰ ਕਾਲੀਚਰਨ ਕਹਿੰਦਾ ਹੈ-"ਮੈਂ ਤੁਹਾਡੇ ਦਿਲਾਂ ਵਿਚ ਅੱਗ ਲਾਉਣੀ ਚਾਹੁੰਦਾ ਹਾਂ । ਸੁਤਿਆਂ ਹੋਇਆਂ ਨੂੰ ਜਗਾਉਣਾ ਚਾਹੁੰਦਾ ਹਾਂ ਸੋਸ਼ਲਿਸਟ ਪਾਟੀ ਤੁਹਾਡੀ ਪਾਟੀ ਹੈ, ਗਰੀਬਾਂ ਦੀ ਮਜੂਰਾਂ ਦੀ ਪਾਟੀ ਹੈ । ਸੋਸ਼ਲਿਸਟ ਪਾਟੀ ਚਾਹੁੰਦੀ ਹੈ ਕਿ ਤੁਸੀਂ ਆਪਣੇ ਹੱਕਾਂ ਨੂੰ ਪਛਾਣੋਂ । ਤੁਸੀਂ ਵੀ ਆਦਮੀ ਹੋ, ਤੁਹਾਨੂੰ ਆਦਮੀਆਂ ਦੇ ਸਾਰੇ ਹੱਕ ਮਿਲਣੇ ਚਾਹੀਦੇ ਹਨ । ਮੈਂ ਤੁਹਾਨੂੰ ਮਿੱਠੀਆਂ ਗੱਲਾਂ ਨਾਲ ਭੁਲੌਣਾ ਨਹੀਂ ਚਾਹੁੰਦਾ । ਇਹ ਕਾਂਗਰਸ ਦਾ ਕੰਮ ਹੈ । ਮੈਂ ਅੱਗ ਲਾਉਣੀ ਚਾਹੁੰਦਾ ਹਾਂ ।"

ਕਾਲੀਚਰਨ ਅੱਗ ਉਗ਼ਲਦਾ ਹੈ, ਪਰ ਸੁਨਣ ਵਾਲਿਆਂ ਦਾ ਸੜਦਾ ਕਲੇਜਾ ਠੰਡਾ ਹੋ ਜਾਂਦਾ ਹੈ ।...ਜ਼ਮੀਨ ਵਾਹੁਣ ਵਾਲਿਆਂ ਦੀ । ਪੂੰਜੀ ਵਾਦ ਦਾ ਨਾਸ ।

ਬਾਵਨ ਦਾਸ ਫੇਰ ਇਕ ਫਾਰਮ ਲਿਆਇਆ ਹੈ । ਮੰਤਰੀ ਜੀ ਨੇ ਭੇਜ ਦਿਤਾ ਹੈ । ਇਹ ਪਟਨੇ ਦਾ ਛਪਿਆ ਹੋਇਆ ਫਾਰਮ ਹੈ, ਪੂਰੇਨਿਆਂ ਦਾ ਨਹੀਂ । ਪਟਨੇ ਦਾ ਫਾਰਮ ਕੱਚਾ ਨਹੀਂ ਹੋ ਸਕਦਾ ।...ਇਸ ਫਾਰਮ ਤੇ ਆਪਣਾ ਨਾਂ, ਆਪਣੇ ਬਾਪ ਦਾ ਨਾਂ, ਜਮੀਨ ਦਾ ਖਾਤਾ ਨੰਬਰ, ਖ਼ਸਰਾ ਨੰਬਰ ਲਿਖ ਕੇ ਪੂਰੇਨਿਆਂ ਕਚਿਹਰੀ ਵਿਚ ਦੇ ਦਿਓ 'ਦਫ਼ਾ 40' ਦੇ ਹਾਕਿਮ ਨੂੰ । ਜਮੀਨ ਨਕਦੀ ਹੋ ਜਾਵੇਗੀ । ਸੱਚ ?...ਹਾਂ ਅੰਗੂਠੇ ਦੀ ਮੋਹਰ ਲਾਉਣੀ ਪਵੇਗੀ । ਤੇ...ਜਿਨ੍ਹਾਂ ਲੋਕਾਂ ਨੇ ਚਰਖਾ ਸੈਂਟਰ ਵਿਚ ਦਸਖਤ ਕਰਨਾ ਸਿਖ ਲਿਆ ਹੈ, ਉਨ੍ਹਾਂ ਨੂੰ ਵੀ ਮੋਹਰ ਲਾਉਣੀ ਪਵੇਗੀ ?

ਬਾਲਦੇਵ ਜੀ ਕੀ ਕਰਨ ? ਖਿਲਾਵਨ ਵੀਰ ਜੀ ਕੁਝ ਸਮਝਦੇ ਹੀ ਨਹੀਂ । ਰੋਜ਼

ਕਹਿੰਦੇ ਹਨ–"ਬਾਲਦੇਵ । ਕਮਲਾ ਕੰਢੇ ਵਾਲੀ ਜ਼ਮੀਨ ਵਿਚ ਕਲਰੂ ਪਾਸਵਾਨ ਦੇ ਦਾਦੇ ਦਾ ਨਾਂ ਕਾਇਮੀ ਬਟਾਈਦਾਰ ਦੀ ਸੂਰਤ ਵਿਚ ਦਰਜ ਹੈ । ਕੱਲਰੂ ਨੂੰ ਕਹਿ ਕੇ ਸਪੁਰਦੀ ਦੁਆ ਦਿਓ ।...ਪਰ ਬਾਲਦੇਵ ਜੀ ਕੀ ਕਰਨ ? ਚੌਧਰੀ ਜੀ ਨੂੰ ਉਹ ਸਾਰੇ ਸਮੇਂ ਤੋਂ ਗੁਰੂ ਵਾਂਗ ਮੰਨਦਾ ਆ ਰਿਹਾ ਹੈ । ਕਦੀ ਕਿਸੇ ਕੰਮ ਵਿਚ ਤਰੋਟੀ ਨਹੀਂ ਹੋਣ ਦਿਤੀ । ਏਨੇ ਚੁਆਨਿਏ ਮੈਂਬਰ ਬਣਾ ਕੇ ਦਿਤੇ । ਪਿੰਡ ਵਿਚ ਚਰਖਾ ਸੈਂਟਰ ਖੁਲ੍ਹਵਾ ਦਿਤਾ, ਪਰ ਜ਼ਿਲਾ ਕਮੇਟੀ ਦੇ ਮੈਂਬਰ ਤਹਿਸੀਲਦਾਰ ਸਾਹਿਬ ਹੋ ਗਏ । ਬਾਲਦੇਵ ਜੀ ਨੂੰ ਕੋਈ ਖ਼ਬਰ ਨਹੀਂ ਦਿਤੀ ਗਈ । ਕਪੜੇ ਦੀ ਮੈਂਬਰੀ ਵੀ ਨਹੀਂ ਰਹੀ । ਨਿਮਕ ਕਾਨੂੰਨ ਦੇ ਵੇਲੇ ਤੋਂ ਜੇਲ ਜਾਣ ਦੀ ਇਕੋ ਬਕਸੀਸ ਮਿਲੀ ਹੈ । ਕਾਲੀ ਚਰਨ ਦੀ ਪਾਟੀ ਵਾਲੇ ਠੀਕ ਕਹਿੰਦੇ ਹਨ–'ਕਾਂਗਰਸ ਅਮੀਰਾਂ ਦੀ ਪਾਟੀ ਹੈ ।''...ਪਰ ਉਹ ਕਾਲੀਚਰਨ ਦੀ ਪਾਟੀ ਵਿਚ ਤਾਂ ਨਹੀਂ ਜਾ ਸਕਦਾ । ਕਾਲੀਚਰਨ ਦੀਆਂ ਅੱਖਾਂ ਉਹਨੇ ਹੀ ਖੋਲ੍ਹੀਆਂ । ਰਾਤ ਰਾਤ ਭਰ ਜਾਗ ਕੇ ਕਾਲੀਚਰਨ ਨੂੰ ਕਿੰਨੇ ਕਿੱਸੇ ਗਾਂਧੀ ਜੀ ਦੇ ਕਿੱਸੇ, ਜਮਾਹਿਰ ਲਾਲ ਦੇ ਕਿੱਸੇ ਸੁਣਾਏ । ਕਾਲੀਚਰਨ ਉਹਦਾ ਚੇਲਾ ਹੈ । ਉਹ ਅਖੀਰ ਚੇਲੇ ਦੀ ਪਾਟੀ ਵਿਚ ਜਾਵੇਗਾ ? ਨਹੀਂ, ਇੰਜ ਨਹੀਂ ਹੋ ਸਕਦਾ ।...ਖਿਲਾਵਨ ਵੀਰ ਜੀ ਕੁਝ ਨਹੀਂ ਸਮਝਦੇ ਹਨ । ਪਾਸਵਾਨ ਟੋਲੀ ਵਿਚ ਹੁਣ ਉਹਦੀ ਪੈਂਠ ਨਹੀਂ । ਕਲਰੂ ਉਹਦੀ ਗੱਲ ਨਹੀਂ ਮੰਨੇਗਾ । ਉਹਦਾ ਲੀਡਰ ਕਾਲੀਚਰਨ ਹੈ । ਤਹਿਸੀਲਦਾਰ ਸਾਹਿਬ ਨੂੰ ਤਾਂ ਲੋਕ ਡਰ ਕੇ ਲੀਡਰ ਮੰਨਦੇ ਹਨ ।

ਨਵੇਂ ਤਹਿਸੀਲਦਾਰ ਵੀ ਫਹਿਰਿਸਤ ਤਿਆਰ ਕਰ ਰਹੇ ਹਨ । ਸੁਮਰਿਤ ਦਾਸ ਸਾਰਿਆਂ ਦਾ ਨਾਂ ਲਿਖਾ ਰਿਹਾ ਹੈ, ਸਭ ਤੋਂ ਪਹਿਲਾਂ ਲਿਖੋ ਬਿਰੰਚੀਏ ਦਾ ਨਾਂ । ਸੋਨਮਾਂ ਦੁਸਾਧ, ਕਿਰਾਏ ਕੋਇਰੀ, ਇਹ ਸਭ ਦੇਨਦਾਰ ਕਲਮ ਹਨ । ਹੁਣ ਲਿਖੋ–ਝੋਪੜੀ ਕਲਮ । ਹਾਂ ਜਿਨ੍ਹਾਂ ਲੋਕਾਂ ਕੋਲ ਆਪਣੀ ਝੌਂਪੜੀ ਦੇ ਸਿਵਾ ਕੁਝ ਵੀ ਨਹੀਂ ।...ਬਸ ਇਹ ਫ਼ਰਿਸਤ ਮੈਨੇਜਰ ਸਾਬ੍ਹ ਨੂੰ ਦੇ ਦਿਓ ਤੇ ਕਹੋ ਕਿ ਖੇਮਾਂ ਲੈ ਕੇ ਜਲਦੀ ਇਲਾਕੇ ਵਿਚ ਆਉਣ, ਨਹੀਂ ਤਾਂ ਸਾਰਾ ਸਰਕਲ ਖਰਾਬ ਹੋ ਜਾਵੇਗਾ ।"

ਲੱਛਮੀ ਦਾਸਣ ਦੇ ਦਿਲ ਵਿਚ ਬਾਲਦੇਵ ਜੀ ਨੇ ਥਾਂ ਬਣਾ ਲਈ ਹੈ । ਖ਼ਾਤਾ ਬਹੀ ਵਾਲੇ ਦਿਨ ਆਏ ਸਨ । ਬਿਲਕੁਲ ਸੁਕ ਗਏ ਹਨ, ਬਾਲਦੇਵ ਜੀ । ਲੱਛਮੀ ਕਿੰਨਾਂ ਸਮਝੌਂਦੀ ਹੈ ਕਿ ਕੰਮ ਕਾਜ ਛੱਡ ਕੇ ਕੁਝ ਦਿਨ ਆਰਾਮ ਕਰੋ, ਪਰ ਕੌਣ ਸੁਣਦਾ ਹੈ ? ਪਹਿਲਾਂ ਜਾਨ ਫੇਰ ਜਹਾਨ ! ਜਦ ਸਰੀਰ ਹੀ ਨਾ ਰਿਹਾ ਤਾਂ ਪਰਮਾਰਥ ਦਾ ਕਾਰਜ ਕਿਵੇਂ ਹੋਵੇਗਾ ? ਸਰੀਰ ਹੀ ਤੀਰਥ ਹੈ । ਕਿੰਨਾਂ ਕਹਿਣ ਤੇ ਸਤਿਗੁਰੂ ਸਾਹਿਬ ਦੀ ਸੌਂਹ ਧਰੌਣ ਤੇ ਇਹ ਮਨਜ਼ੂਰ ਕੀਤਾ ਹੈ ਕਿ ਇਕ ਵੇਲੇ ਰੋਜ਼ ਮੱਠ ਵਿਚ ਆਇਆ ਕਰਨਗੇ । ਸ਼ਾਮ ਦੇ ਸਤਿਸੰਗ ਵਿਚ ਬੈਠਣੇ । ਭੰਡਾਰੀ ਨੂੰ ਕਹਿ ਦਿਤਾ ਹੈ–ਘਿਓ ਤੇ ਦੁੱਧ ਦੀ ਮਲਾਈ ਰੋਜ਼ ਕੌਲੇ ਵਿਚ ਲੁਕਾ ਕੇ ਰਖ ਲਿਆ ਕਰੂਗਾ । ਰਾਮਦਾਸ ਬਾਲਦੇਵ ਦਾ

ਆਉਣਾ ਪਸੰਦ ਨਹੀਂ ਕਰਦਾ।...ਜਿਵੇਂ ਜਿਵੇਂ ਵੀ ਹੋਵੇ, ਬਾਲਦੇਵ ਜੀ ਦੇ ਸਰੀਰ ਦੀ ਸੇਵਾ ਕਰੇਗੀ ਲੱਛਮੀ। ਹੁਣ ਬਾਲਦੇਵ ਜੀ ਦੇ ਆਉਣ ਵਿਚ ਜ਼ਰਾ ਵੀ ਦੇਰ ਹੁੰਦੀ ਹੈ ਤਾਂ ਲੱਛਮੀ ਦਾ ਦਿਲ ਧੜਕਣ ਲਗਦਾ ਹੈ, ਮਨ ਚੰਚਲ ਹੋ ਜਾਂਦਾ ਹੈ। ਸਤਿਗੁਰੂ ਕਿਹਾ ਹੈ,

ਈ ਮਾਨ ਚੰਚਲ ਈ ਮਨ ਚੋਰ,
ਈ ਮਨ ਸੁੱਧ ਠਗਹਾਰ,
ਮਨ ਮਨ ਕਰਤ ਸੁਰ ਨਰ ਮੁਨਿ,
ਮਨ ਕੇ ਲਕਸ਼ ਦੁਆਰ।

ਲੱਛਮੀ ਦਾ ਮਨ ਚੰਚਲ ਹੈ, ਪਰ ਚੋਰ ਵੀ। ਬਾਲਦੇਵ ਜੀ ਚੋਰੀ ਉਹਦੇ ਮਨ ਵਿਚ ਨਹੀਂ ਆਉਂਦੇ। ਮਨ ਦੇ ਲਕਸ਼ ਦੁਆਰ ਹਨ, ਬਾਲਦੇਵ ਜੀ ਇਕੋ ਹੀ ਸਮੇਂ ਲਕਸ਼ ਦੁਆਰ ਤੋਂ ਉਹਦੇ ਮਨ ਵਿਚ ਪੈਂਠ ਜਾਂਦੇ ਹਨ।...ਇਕ ਲਕਸ਼ ਬਾਲਦੇਵ ਜੀ।

## ਤੀਹ

ਸਰਬ ਭਾਰਤੀ ਮੈਡੀਕਲ ਗਜ਼ਟ ਵਿਚ ਡਾਕਟਰ ਪ੍ਰਸ਼ਾਂਤ ਮਲੇਰੀਆਲੋਜਿਸਟ ਦੀ ਰਿਸਰਚ ਦੀ ਛਮਾਹੀ ਰਿਪੋਰਟ ਛਪੀ ਹੈ। ਗਜ਼ਟ ਦੇ ਸੰਪਾਦਕ ਮੰਡਲ ਵਿਚ ਭਾਰਤ ਦੇ ਪੰਜ ਡਾਕਟਰ ਹਨ। ਇਸ ਰਿਪੋਰਟ ਤੇ ਉਨ੍ਹਾਂ ਲੋਕਾਂ ਨੇ ਆਪਣਾ ਆਪਣਾ ਨੋਟ ਦਿਤਾ ਹੈ।...ਮਦਰਾਸ ਦੇ ਡਾਕਟਰ ਟੀ. ਰਾਮ ਸਵਾਮੀ ਐਸ. ਐਸ. ਸੀ., ਡੀ ਟੀ ਐਮ (ਕੈਲ) ਪੀ. ਐਚ. ਡੀ (ਐਡਿਨ) ਐਫ. ਐਫ. ਐਸ. ਜੇ. (ਐਡਿਨ) ਨੇ ਲਿਖਿਆ ਹੈ'' ਸਾਨੂੰ ਵਿਸ਼ਵਾਸ ਹੋ ਗਿਆ ਕਿ ਡਾ. ਪ੍ਰਸ਼ਾਂਤ ਮਲੇਰੀਆ ਅਤੇ ਕਾਲਾਜ਼ਾਰ ਬਾਰੇ ਇਹੋ ਜਿਹੇ ਤੱਥਾਂ ਦਾ ਉਦਘਾਟਨ ਕਰਨਗੇ, ਜਿਨ੍ਹਾਂ ਤੋਂ ਅਸੀਂ ਹੁਣ ਤਕ ਅਣਜਾਣ ਸਾਂ।...ਨਵੀਂ ਦਵਾ ਅਤੇ ਇਲਾਜ ਦੀਆਂਸੰਭਾਵਨਾਂਵਾਂ ਲਈ ਸਾਰਾ ਮੈਡੀਕਲ ਸੰਸਾਰ ਉਨ੍ਹਾਂ ਵਲ ਨਿਗਾਹਾਂ ਲਾਈ ਬੈਠਾ ਹੈ।''

ਪ੍ਰਸ਼ਾਂਤ ਦੀ ਵਿਸਥਾਰ ਪੂਰਵਕ ਰਿਪੋਰਟ ਵਿਚ ਮਲੇਰੀਏ ਅਤੇ ਕਾਲਾ ਆਜ਼ਾਰ ਨਾਲ ਸਬੰਧਤ ਮਿੱਟੀ, ਹਵਾ ਪਾਣੀ ਅਤੇ ਇਸ ਵਿਚ ਪਲਣ ਵਾਲੇ ਪ੍ਰਾਣੀਆਂ ਤੇ ਨਵੀਂ ਰੋਸ਼ਨੀ ਪਾਈ ਗਈ ਹੈ। ਆਪਣੀ ਰਿਪੋਰਟ ਵਿਚ ਡਾਕਟਰ ਨੇ ਇਕ ਥਾਂ ਲਿਖਿਆ ਹੈ :—

"ਏਥੋਂ ਦੇ ਲੋਕ ਸਵੇਰ ਨੂੰ ਬੇਹਾ ਭਾਤ ਖਾ ਕੇ, ਪਾਟ ਧੋਣਲਈ ਗੰਦੇ ਛੱਪੜਾਂ ਵਿਚ ਵੜਦੇ ਹਨ ਅਤੇ ਤਕਰੀਬਨ ਸੱਤ ਘੰਟਿਆਂ ਤਕ ਪਾਣੀ ਵਿਚ ਰਹਿੰਦੇ ਹਨ। ਗੰਦੇ ਛੱਪੜਾਂ ਨੂੰ ਦੇਖਣ ਤੇ ਇਉਂ ਲਗਦਾ ਹੈ ਕਿ ਪਾਣੀ ਦੇ ਅੱਧ ਇੰਚ ਧਰਾਤਲ ਦੀ ਨਿਰੀਖਣ ਕਰਨ ਤੇ

ਇਕ ਲੱਖ ਤੋਂ ਵੱਧ ਮੱਛਰ ਦੇ ਆਂਡੇ ਜ਼ਰੂਰ ਮਿਲਣਗੇ। ਪਰ ਇਥੇ ਮੱਛਰ ਗੰਦੇ ਛੱਪੜ ਵਿਚ ਬਹੁਤ ਘਟ ਆਂਡੇ ਦਿੰਦੇ ਦੇਖੇ ਗਏ ਹਨ। ਇਨ੍ਹਾਂ ਦਾ ਕੋਈ ਕੋਈ ਗਰੁਪ ਤਾਂ ਏਨਾਂ ਸਫਾਈ ਪਸੰਦ ਹੁੰਦਾ ਹੈ ਕਿ ਨਿਰਮਲ ਅਤੇ ਸਵੱਛ ਤਾਲਾਬਾਂ ਨੂੰ ਛੱਡ ਕੇ ਹੋਰ ਕਿਤੇ ਆਂਡੇ ਦਿੰਦਾ ਹੀ ਨਹੀਂ।...ਵਿਚਾਰੇ ਖਰਗੋਸ਼ਾਂ ਨੂੰ ਕੀ ਪਤਾ ਉਨ੍ਹਾਂ ਦੀ ਜੀਭ ਅੰਦਰ ਜਿਹੜੇ ਦਾਣੇ ਨਿਕਲ ਆਉਂਦੇ ਹਨ, ਕੰਨਾਂ ਅੰਦਰ ਜਿਹੜੀ ਖੁਰਕ ਹੁੰਦੀ ਹੈ, ਨਰਮ ਤੋਂ ਨਰਮ ਘਾਹ ਦੀਆਂ ਪੱਤੀਆਂ ਵੀ ਖਾਣ, ਤਾਂ ਚੰਗੀਆਂ ਨਹੀਂ ਲਗਦੀਆਂ, ਇਹ ਕਾਲਾ ਆਜ਼ਾਰ ਦੇ ਲੱਛਣ ਹਨ।"

ਮਨੁੱਖ ਦੇ ਦੁਸ਼ਮਣ, ਕੀੜਿਆਂ ਮਕੌੜਿਆਂ ਬਾਰੇ ਡਾਕਟਰ ਨੇ ਲਿਖਿਆ ਹੈ-ਮਛਰਾਂ ਦਾ ਨਾਸ ਕਰਨ ਦੇ ਉਪਾਅ ਜਿਹੜੇ ਸਾਨੂੰ ਬਹੁਤ ਪਹਿਲਾਂ ਦਸ ਦਿਤੇ ਗਏ ਹਨ, ਅਸੀਂ ਉਨ੍ਹਾਂ ਨੂੰ ਹੀ ਅਜ ਵੀ ਅੱਖਾਂ ਮੀਟਕੇ ਦੁਹਰਾ ਰਹੇ ਹਾਂ। ਜਿਨ੍ਹਾਂ ਕੀੜਿਆਂ ਦਾ ਅਸੀਂ ਨਾਸ ਕਰਨਾ ਚਾਹੁੰਦੇ ਹਾਂ, ਉਨ੍ਹਾਂ ਬਾਰੇ ਸਾਡੀ ਜਾਣਕਾਰੀ ਬਹੁਤ ਥੋੜੀ ਹੁੰਦੀ ਹੈ। ਸਾਨੂੰ ਉਨ੍ਹਾਂ ਦੀ ਆਦਤ ਸੁਭਾ ਅਤੇ ਵਿਹਾਰ ਦੇ ਢੰਗ ਬਾਰੇ ਜਾਣਨਾ ਹੋਵੇਗਾ।...ਏਨੋਫਿਲੀਜ਼ ਦੇ ਵੀ ਕਈ ਗਰੁਪ ਹਨ, ਹਰ ਗਰੁਪ ਅਲੱਗ-ਅਲੱਗ ਢੰਗ ਦੇ ਹਨ, ਪਰ ਕਿਸੇ ਗਰੁਪ ਵਿਚ ਵੀ ਭਾਂਤ ਭਾਂਤ ਦੇ ਛੋਟੇ ਛੋਟੇ ਸਬ ਗਰੁਪ ਹੁੰਦੇ ਹਨ। ਜਿਨ੍ਹਾਂ ਦੀਆਂ ਆਦਤਾਂ ਅਤੇ ਆਂਡੇ ਦੇਣ ਦੀ ਰੁੱਤ ਵਿਚ ਵਖੇਵਾਂ ਹੈ।...ਉਨ੍ਹਾਂ ਦੇ ਲੁਕਣ ਛਿਪਣ, ਪਸੰਦ ਅਤੇ ਨਾ ਪਸੰਦ ਵਿਚ ਵੀ ਫ਼ਰਕ ਹੈ। ਮੈਂ ਇਕੋ ਹੀ ਗਰੁਪ ਦੇ ਮੱਛਰਾਂ ਨੂੰ ਤਿੰਨ ਕਿਸਮ ਦੇ ਆਂਡੇ ਛਡ-ਦਿਆਂ ਵੇਖਿਆ ਹੈ। ਅਤੇ ਹਰ ਗਰੁਪ ਵਿਚ ਕੁਝ ਦਲ ਵਿਸ਼ੇਸ਼ ਹਨ, ਜਿਹੜੇ ਹਵਾ ਵਿਚ ਆਂਡੇ ਛਡਦੇ ਹਨ।...ਇਨ੍ਹਾਂ ਦੀ ਚਲਾਕੀ ਅਤੇ ਅਕਲਮੰਦੀ ਦੀ ਸਭ ਤੋਂ ਦਿਲਚਸਪ ਉਦਾਹਰਣ ਇਹ ਹੈ ਕਿ ਇਕੋ ਹੀ ਮੌਸਮ ਵਿਚ ਇਕੋ ਹੀ ਗਰੁਪ ਦੇ ਮੱਛਰ ਹਮਲੇ ਲਈ ਪੰਦਰਾਂ ਤਰ੍ਹਾਂ ਦੇ ਤਰੀਕਿਆਂ ਦੀ ਵਰਤੋਂ ਕਰਦੇ ਹਨ।...ਕੁਝ ਤਾਂ ਬਿਲਕੁਲ ਡਾਇਵ ਫ਼ਲਾਇੰਗ ਕਰ ਕੇ ਹੀ ਹਮਲਾ ਕਰਦੇ ਹਨ।"

ਇਸ ਦੇ ਇਲਾਵਾ ਡਾਕਟਰ ਨੇ ਮਲੇਰੀਆ ਅਤੇ ਕਾਲਾ-ਆਜਾਰ ਵਿਚ ਰਕਤ-ਪਰਿ-ਵਰਤਨ ਬਾਰੇ ਵੀ ਕੁਝ ਨਵੀਆਂ ਗੱਲਾਂ ਕਹੀਆਂ ਹਨ।

ਮਮਤਾ ਦੀ ਚਿੱਠੀ ਆਈ ਹੈ।...'ਪਟਨਾ ਮੈਡੀਕਲ ਕਾਲਿਜ ਨੂੰ ਇਸ ਗੱਲ ਤੇ ਗਰਵ ਹੈ ਕਿ ਬਿਹਾਰ ਦਾ ਇਕੋ ਇਕ ਮਲੇਰੀਓਲਾਜਿਸਟ ਡਾਕਟਰ ਪ੍ਰਸ਼ਾਂਤ ਉਸੇ ਦੀ ਦੇਣ ਹੈ।" ਮਮਤਾ ਨੇ ਹੋਰ ਵੀ ਬਹੁਤ ਸਾਰੀਆਂ ਗੱਲਾਂ ਲਿਖੀਆਂ ਹਨ। ਬਹੁਤ ਸਾਰੀਆਂ ਗੱਲਾਂ, ਜਿਨ੍ਹਾਂ ਨੂੰ ਪ੍ਰਸ਼ਾਂਤ ਲਗਭਗ ਭੁਲ ਗਿਆ ਹੈ ਜਾਂ ਭੁਲ ਜਾਣਾ ਚਾਹੁੰਦਾ ਹੈ।...ਪਟਨਾ ਕਲਬ ਦਾ ਨਾਂ ਪਾਟਲੀਪੁਤਰ ਕਲਬ ਹੋ ਗਿਆ ਹੈ। ਮਿਸਰੇਵਾ ਸਰਕਾਰ ਨੇ ਬੈਡਮਿਨਟਨ ਵਿਚ ਰੋਮੇਸ਼ ਪਾਲ ਨੂੰ ਹਰਾ ਦਿਤਾ।... ਇਨ੍ਹਾਂ ਗੱਲਾਂ ਵਿਚ ਪ੍ਰਸਾਂਤ ਨੂੰ ਹੁਣ ਕੋਈ ਦਿਲਚਸਪੀ ਨਹੀਂ। ਪਰ ਮਮਤਾ ਜਦੋਂ ਖਤ ਲਿਖਦੀ ਹੈ ਤਾਂ ਉਹ ਕੁਝ ਵੀ ਛਡਦੀ ਨਹੀਂ, ਨਿੱਕੀ ਤੋਂ

ਨਿੱਕੀ ਗੱਲ ਦਾ ਵੀ ਜਿਕਰ ਕਰਦੀ ਹੈ ।...ਪਟਨਾ ਮਾਰਕਿਟ ਦੇ ਸਾਹਮਣੇ ਜਿਹੜੀ ਚਾਹ ਦੀ ਦੁਕਾਨ ਸੀ, ਉਹਦਾ ਬੁਢਾ ਮਾਲਿਕ ਮਰ ਗਿਆ । ਤੈਨੂੰ ਯਾਦ ਹੈ । ਉਹੋ ਹੀ ਜਿਹੜਾ ਤੈਨੂੰ ਰੋਜ਼ ਸਲਾਮ ਕਰ ਕੇ ਚਾਹ ਲਈ ਸੱਦਾ ਦਿੰਦਾ ਹੁੰਦਾ ਸੀ ।...ਕਸ਼ਮੀਰੀ ਚਾਹ ।... ਪ੍ਰਸ਼ਾਂਤ ਨੂੰ ਹਾਸਾ ਆਉਂਦਾ ਹੈ । ਵਿਚਾਰੀ ਮਮਤਾ ! ਉਹਨੂੰ ਕੀ ਪਤਾ ਮੱਛਲੀ ਨੂੰ ਲੈ ਕੇ ਪਾਲਤੂ ਨਿਉਲੇ ਨਾਲ ਝਗੜਾ ਕਰਨ ਵਿਚ ਜਿਹੜਾ ਆਨੰਦ ਆਉਂਦਾ ਹੈ । ਉਹ ਕਿਸੇ ਖੇਡ ਵਿਚ ਨਹੀਂ । ਪ੍ਰਸ਼ਾਂਤ ਕਦੀ ਸਪੋਰਟਸਮੈਨ ਨਹੀਂ ਰਿਹਾ । ਉਹ ਕਿਸੇ ਵੀ ਖੇਡ ਦਾ ਖਿਡਾਰੀ ਨਹੀਂ ਰਿਹਾ । ਫੇਰ ਵੀ ਉਹਨੂੰ ਖੇਡਾਂ ਨਾਲ ਬੜੀ ਦਿਲਚਸਪੀ ਰਹਿੰਦੀ ਹੈ । ਉਹਨੇ ਤਾਸ਼ ਦੇ ਪੱਤਿਆਂ ਨੂੰ ਕਦੀ ਹੱਥ ਨਾਲ ਸਪਰਸ਼ ਨਹੀਂ ਕੀਤਾ, ਪਰ ਸਪਤਾਹਿਕ ਬਰਿਜ ਨੋਟਸ ਨੂੰ ਉਹ ਗੰਭੀਰਤਾ ਨਾਲ ਪੜ੍ਹ ਜਾਂਦਾ ਸੀ । ਚਰਿਚਲ ਦਾ ਭਾਸ਼ਨ ਪੜ੍ਹਨਾ ਭਾਵੇਂ ਭੁਲ ਹੀ ਜਾਵੇ, ਕਲਕੱਤੇ ਦੇ ਆਈ ਐਫ ਏ ਦੇ ਮੈਚਾ ਦੀ ਰਿਪੋਰਟ ਉਹ ਸਭ ਤੋਂ ਪਹਿਲਾਂ ਪੜ੍ਹ ਲੈਂਦਾ ਸੀ ।...ਪਰ ਹੁਣ ਤਾਂ ਉਹ ਆਪ ਖਿਡਾਰੀ ਹੈ । ਨਿਓਲੇ ਦਾ ਰੌਲਾ ਪਾਉਣਾ, ਚੀਕਣਾ, ਪੂਛ ਖੜੀ ਕਰਕੇ ਹਮਲਾ ਕਰਨਾ ਅਤੇ ਹਮਲਾ ਕਰਦਿਆਂ ਇਹ ਖਿਆਲ ਰਖਣਾ ਕਿ ਸੱਟ ਨਾ ਲਗ ਜਾਵੇ, ਨਹੁੰ ਨਾ ਖੁਭ ਜਾਵੇ, ਸਪੋਰਟਸ ਮੈਨ ਸਪਿਰਿਟ ਹੋਰ ਕਿਨੂੰ ਕਹਿੰਦੇ ਹਨ ।

ਡਾਕਟਰ ਮਮਤਾ ਸ੍ਰੀਵਾਸਤਵ ! ਦਰਭੰਗਾ ਦੇ ਪ੍ਰਸਿਧ ਡਾਕਟਰ ਕਾਲੀ ਪ੍ਰਸਾਦ ਸ੍ਰੀ ਵਾਸਤਵ ਦੀ ਸਪੁਤਰੀ ਮਮਤਾ ਨੇ ਡਾਕਟਰੀ ਪਾਸ ਕਰਨ ਪਿਛੋਂ ਇਕ ਹੈਲਥ ਯੂਨਿਟ ਦੀ ਸਥਾਪਨਾ ਕੀਤੀ ਹੈ । ਸ਼ਹਿਰ ਦੇ ਗ਼ਰੀਬ ਮੁਹੱਲਿਆਂ ਵਿਚ ਯੁਨਿਟ ਨੇ ਆਪਣੇ ਸੇਵਾ ਕਾਰਜ ਦਾ ਜਿਹੜਾ ਪ੍ਰਗਟਾਵਾ ਕੀਤਾ ਹੈ, ਉਹ ਪ੍ਰਸ਼ੰਸ਼ਨੀਯ ਹੈ । ਪਟਨਾ ਦੀਆਂ ਮਹਿਲਾ ਸਮਾਜ ਸੇਵਕਾਵਾਂ ਵਿਚ ਮਮਤਾ ਦਾ ਨਾਂ ਸਭ ਤੋਂ ਪਹਿਲਾਂ ਲਿਆ ਜਾਂਦਾਂ ਹੈ । ਗਰੀਬ ਦੀ ਝੌਂਪੜੀ ਤੋਂ ਲੈ ਕੇ ਗਵਰਨਮੈਂਟ ਹਾਊਸ ਤਕ ਉਹਦੀ ਪਹੁੰਚ ਹੈ । ਜਿਹੜੇ ਉਹਦੇ ਨੇੜ ਸੰਪਰਕ ਵਿਚ ਰਹਿ ਚੁਕੇ ਹਨ, ਉਨ੍ਹਾਂ ਦਾ ਕਹਿਣਾ ਹੈ ਕਿ ਮਮਤਾ ਦੀਦੀ ਦਿਨ ਰਾਤ ਰਲਾ ਕੇ ਸਿਰਫ਼ ਚਾਰ ਘੰਟੇ ਹੀ ਆਰਾਮ ਕਰਦੀ ਹੈ । ਦੂਰੋਂ ਤੱਕਣ ਵਾਲੇ ਉਹਦੇ ਚਰਿਤਰ ਤੇ ਵੀ ਸ਼ੱਕ ਕਰਦੇ ਹਨ । ਉਹਦੀ ਸਦਾ ਬਹਾਰ ਮੁਸਕਣੀ ਲੋਕਾਂ ਨੂੰ ਕਦੀ ਕਦੀ ਭਰਮ ਵਿਚ ਪਾ ਦਿੰਦੀ ਹੈ । ਅਤੇ ਜਿਨ੍ਹਾਂ ਲੋਕਾ ਦਾ ਕੰਮ ਸਿਰਫ਼ ਬੈਠਕੇ ਆਲੋਚਨਾ ਕਰਨਾ ਹੈ, ਉਹ ਕਹਿੰਦੇ ਹਨ ਕਿ ਭਾਂਤ ਭਾਂਤ ਦੇ ਜਾਲ ਫੈਲਾ ਕੇ ਸਰਕਾਰ ਤੋਂ ਰੁਪਏ ਵਸੂਲਣਾਂ ਤੇ ਉੜਾਉਣਾਂ ਹੀ ਮਮਤਾ ਦੇਵੀ ਦਾ ਕੰਮ ਹੈ ।...ਬਿਚਲੇ ਹੋਦੇ ਦਿਮਾਗ ਵਾਲੇ ਕਿਸੇ ਮਨਿਸ-ਟਰ ਦਾ ਨਾਂ ਲੈ ਕੇ ਮੁਸਕਰਾ ਦਿੰਦੇ ਹਨ—ਮਿਸ ਮਮਤਾ ਸ੍ਰੀਵਾਸਤਵ ਨਹੀਂ ਮਿਸਜ਼... ਕਹੋ ।

ਡਾਕਤਰ ਪ੍ਰਸ਼ਾਂਤ ਮਮਤਾ ਦਾ ਰਿਣੀ ਹੈ । ਮਮਤਾ ਤੋਂ ਉਹਨੂੰ ਪ੍ਰੇਰਣਾ ਮਿਲੀ ਹੈ ।

......"ਡਾਕਟਰ ! ਰੋਜ਼ ਡਿਸਪੈਂਸਰੀ ਖੋਲ੍ਹ ਕੇ ਸ਼ਿਵ ਜੀ ਦੀ ਮੂਰਤੀ ਤੇ ਬੇਲ ਪੱਤਰ

ਚੜ੍ਹਾਉਣ ਪਿਛੋਂ, ਸੰਕਰਾਮਕ ਅਤੇ ਭਿਆਨਕ ਰੋਗਾਂ ਦੇ ਫੈਲਣ ਦੀ ਆਸ ਵਿਚ ਕੁਰਸੀ ਤੇ ਬੈਠੇ ਰਹਿਣਾ,ਜਾਂ ਆਪਣੇ ਬੰਗਲੇ ਵਿਚ ਸੈਂਕੜੇ ਰੋਗੀਆਂ ਦੀ ਭੀੜ ਜਮਾਂ ਕਰ ਕੇ ਰੋਗ ਦੀ ਪ੍ਰੀਖਿਆ ਕਰਨ ਤੋਂ ਪਹਿਲਾਂ ਨੋਟਾਂ ਅਤੇ ਰੁਪਿਆਂ ਦੀ ਪ੍ਰੀਖਿਆ ਕਰਨਾ, ਮੈਡੀਕਲ ਕਾਲਜ ਦੇ ਵਿਦਿਆਰਥੀ ਤੇ ਆਪਣੇ ਪੰਡਤਾਊਪੁਣੇ ਦੀ ਵਰਖਾ ਕਰ ਕੇ ਆਪਣੇ ਕਰਤਵ ਦੀ ਸਿਖਰ ਸਮਝਣਾ ਅਤੇ ਹਸਪਤਾਲ ਵਿਚ ਕੁਰਲੌਂਦੇ ਹੋਏ ਗਰੀਬ ਰੋਗੀਆਂ ਦੇ ਰੋਣ ਨੂੰ ਜ਼ਿੰਦਗੀ ਦਾ ਇਕ ਸੰਗੀਤ ਸਮਝ ਕੇ ਵਰਤੋਂ ਕਰਨਾ ਹੀ ਡਾਕਟਰ ਦਾ ਕਰਤੱਵ ਨਹੀਂ ।''

......ਮਮਤਾ ਨੂੰ ਪ੍ਰਸ਼ਾਂਤ ਤੇ ਸੰਦੇਹ ਹੈ । ਉਹ ਸਮਝਦੀ ਹੈ ਕਿ ਘੋਰ ਦਿਹਾਤ ਵਿਚ ਪ੍ਰਸ਼ਾਂਤ ਛਟਪਟਾ ਰਿਹਾ ਹੈ, ਆਪਣੀ ਗਲਤੀ ਤੇ ਪਛਤਾ ਰਿਹਾ ਹੈ । ਇਸ ਲਈ ਉਹ ਹਰ ਖ਼ਤ ਵਿਚ ਸ਼ਹਿਰ ਦੀ ਸਮਾਜਿਕ ਜ਼ਿੰਦਗੀ ਬਾਰੇ ਕੁਝ ਲਿਖ ਦਿੰਦੀ ਹੈ । ਇਕ ਖਤ ਵਿਚ ਉਹਨੇ ਲਿਖਿਆ ਹੈ, "ਬੁਸ਼ ਸ਼ਰਟ ਦਾ ਯੁਗ ਹੈ । ਪੰਜ ਸਾਲ ਪਹਿਲਾਂ ਬਾਂਦੀਪੁਰ ਦੀਆਂ ਸੜਕਾਂ ਪਾਰਕਾਂ ਅਤੇ ਮੈਦਾਨਾਂ ਵਿਚ ਦਾਨਾਂਪੁਰ ਕੈਂਟ ਦੇ ਗੋਰੇ ਫ਼ੌਜੀਆਂ ਨੇ ਜ਼ਿੰਦਗੀ ਦੇ ਜਿਨ੍ਹਾਂ ਭੈੜੇ ਅਤੇ ਵੀਭਤਸ ਪਹਿਲੂਆਂ ਦਾ ਪ੍ਰਦਰਸ਼ਨ ਕੀਤਾ, ਸਾਡੇ ਸਮਾਜ ਦੇ ਅਚੇਤਨ ਮਨ ਵਿਚ ਉਹਦੀ ਏਨੀ ਗਹਿਰੀ ਛਾਪ ਲਗੀ ਕਿ ਅਜ ਹਰ ਆਦਮੀ ਦੇ ਅੰਦਰ ਦਾ ਭੁੱਖਾ ਟਾਮੀ ਅਧੀਰ ਹੋ ਗਿਆ ਹੈ । ਯੁਧ ਦੇ ਵਿਸ਼ੈਲੇ ਗੈਸਾਂ ਨੇ ਸਾਰੇ ਸਮਾਜ ਦੇ ਮਾਨਸ ਨੂੰ ਵਿਕਰਿਤ ਕਰ ਦਿਤਾ ਹੈ । ਕਾਲੇ ਬਜ਼ਾਰ ਦੇ ਹਨੇਰੇ ਵਿਚ ਇਕ ਨਵੀਂ ਦੁਨੀਆਂ ਦੀ ਸ੍ਰਿਸ਼ਟੀ ਹੋ ਗਈ ਹੈ,, ਜਿਥੇ ਸੂਰਜ ਨਹੀਂ ਉਗਦਾ, ਚੰਦ ਨਹੀਂ ਚਮਕਦਾ ਅਤੇ ਨਾ ਸਿਤਾਰੇ ਹੀ ਜਗਮਗਾਉਂਦੇ ਹਨ।...ਇਸ ਦੁਨੀਆਂ ਵਿਚ ਮਾਂ-ਬੇਟਾ, ਪਿਤਾ-ਪੁਤਰ, ਭਰਾ-ਭੈਣ ਅਤੇ ਸੁਆਮੀ-ਇਸਤਰੀ ਜਿਹਾ ਕੋਈ ਸਬੰਧ ਨਹੀਂ ।...ਕਲ੍ਹ ਇਕ ਗਰੀਬ ਨੇ ਵਿਟਾਮਨ 'ਸੀ' ਦੀ ਸੂਈ ਅੱਠ ਰੁਪਏ ਵਿਚ ਖਰੀਦੀ ਹੈ। ਪੰਜ ਆਨਿਆਂ ਦਾ ਛੋਟਾ ਜਿਹਾ ਐਮਪਿਊਲ।...ਮੇਰੇ ਮੁਹੱਲੇ ਦੇ ਮਹਾਰਾਜ ਮਹਿਤਾ ਨੂੰ ਤੂੰ ਜ਼ਰੂਰ ਜਾਣਦਾ ਹੋਵੇਂਗਾ ; ਉਹਦੀ ਛੋਟੀ ਧੀ ਫੁਲਮਤਿਆ, ਜਿਹੜੀ ਮਿਲਕ ਸੈਂਟਰ ਵਿਚ ਪਿਛਲੇ ਵਰ੍ਹੇ ਤਕ ਦੁੱਧ ਪੀਣ ਆਉਂਦੀ ਸੀ ਅਤੇ ਤਾੜੀ ਵਜਾ ਵਜਾ ਕੇ ਨੱਚਦੀ ਸੀ, ਉਹਨੂੰ ਤੂੰ ਭੁਲਿਆ ਨਹੀਂ ਹੋਵੇਂਗਾ, ਸ਼ਾਇਦ ਪਰਸੋਂ ਦੀ ਹਸਪਤਾਲ ਵਿਚ ਪਈ ਹੈ । ਰਾਮਨੌਮੀ ਦੀ ਸ਼ਾਮ ਨੂੰ ਇਕ ਦਿਨ ਰੰਗੀਨ ਸਾੜ੍ਹੀ ਪਹਿਨ ਕੇ ਥਿਰਕਦੀ ਹੋਈ ਮੰਦਰ ਗਈ ਸੀ ਅਤੇ ਰਾਤੀਂ ਦੋ ਵਜੇ ਪੁਲਿਸ ਨੇ 'ਸਿਟੀ' ਦੇ ਪਾਰਕ ਵਿਚ ਉਹਨੂੰ ਵਿਲਕਦਿਆਂ ਵੇਖਿਆ । ਫੁਲਮਤਿਆ ਦਾ ਬਿਆਨ ਹੈ-ਟੇਢੀ ਨੀਮ ਗਲੀ ਕੋਲ ਇਕ ਮੋਟਰ ਗੱਡੀ ਰੁਕ ਗਈ ਅਤੇ ਦੋ ਆਦਮੀਆਂ ਨੇ ਫੜ ਕੇ ਉਹਨੂੰ ਮੋਟਰ ਵਿਚ ਬਿਠਾ ਦਿਤਾ ।...ਵੱਡੇ ਵੱਡੇ ਬਾਬੂ ਲੋਕ ਸਨ ।...

"ਮੰਜਰ ਅਲੀ ਰੋਡ ਤੋਂ ਲੈ ਕੇ ਅਸ਼ੋਕ ਪੱਥ ਤਕ ਬਦੇਸ਼ੀ ਸ਼ਰਾਬ ਦੀਆਂ ਦਸ ਦੁਕਾਨਾਂ

ਖ਼ੁਲ੍ਹ ਗਈਆਂ ਹਨ।"

"......ਕਲ੍ਹ ਵਲਿੰਗਡਨ ਹਾਲ ਵਿਚ ਟੀ. ਬੀ. ਸੈਨਿਟੋਰੀਅਮ ਲਈ ਸਥਾਨਕ ਮਹਿਲਾ ਕਾਲਜ ਦੀਆਂ ਕੁੜੀਆਂ ਨੇ ਇਕ 'ਚੈਰਿਟੀ ਸ਼ੋ' ਦਾ ਆਯੋਜਨ ਕੀਤਾ ਸੀ। ਜਦੋਂ ਵਾਣੀ (ਬੈਰਿਸਟ ਪ੍ਰਾਣ ਮੋਹਨ ਸਿਨਹਾ ਦੀ ਪੁਤਰੀ) ਸਟੇਜ ਤੇ ਉਤਰੀ ਕਿ ਉਪਰ ਦੀ ਗੈਲਰੀ 'ਚੋਂ ਆਨਾ ਦੁਆਨੀ ਸੁਟੀ ਜਾਣ ਲਗੀ ਅਤੇ ਭਾਂਤ ਭਾਂਤ ਦੀਆਂ ਭੱਦੀਆਂ ਆਵਾਜ਼ਾਂ ਕਸੀਆਂ ਜਾਣ ਲਗੀਆਂ। ਪੁਲਿਸ ਨੇ ਸ਼ਾਂਤੀ ਕਾਇਮ ਕਰਨ ਦੀ ਕੋਸ਼ਿਸ਼ ਕੀਤੀ, ਪਰ ਉਨ੍ਹਾਂ ਤੇ ਇੱਟਾਂ ਪੱਥਰਾਂ ਦੀ ਏਨੀ ਵਰਖਾ ਕੀਤੀ ਗਈ ਕਿ ਹਾਲ ਦੇ ਸਭ ਦਰਵਾ-ਜਿਆਂ ਅਤੇ ਖਿੜਕੀਆਂ ਦੇ ਸ਼ੀਸ਼ੇ ਟੁਟ ਗਏ। ਬੜੇ ਲੋਕ ਜ਼ਖਮੀ ਹੋਏ। ਜ਼ਖਮੀਆਂ ਵਿਚ ਇਸਤਰੀਆਂ ਅਤੇ ਬਚਿਆਂ ਦੀ ਗਿਣਤੀ ਹੀ ਜ਼ਿਆਦਾ ਸੀ।...ਅਤੇ ਸਭ ਤੋਂ ਵਧ ਹੈਰਾਨੀ ਦੀ ਗੱਲ ਸੁਣੋਗੇ ? ਕਿਹਾ ਜਾਂਦਾ ਹੈ ਕਿ ਖੁਰਾਫਾਤੀਆਂ ਦਾ ਲੀਡਰ ਸੀ ਅਮਲੇਸ਼ ਸਿਨਹਾ, ਵੀਣਾ ਦਾ ਚਾਚੇ ਦਾ ਪੁਤ ਭਰਾ। ਪ੍ਰਾਣ ਮੋਹਨ ਬਾਬੂ ਨੇ ਕੁਝ ਦਿਨ ਹੋਏ, ਆਪਣੇ ਘਰ ਅਮਲੇਸ਼ ਦਾ ਆਉਣਾ ਜਾਣਾ ਬੰਦ ਕਰ ਦਿਤਾ ਸੀ। ਸ਼ਰਾਬ ਦੇ ਨਸ਼ੇ ਵਿਚ ਅਮਲੇਸ਼ ਨੇ ਕਈ ਵਾਰ ਘਰ ਦੀਆਂ ਨੌਕਰਾਣੀਆਂ ਨਾਲ ਬੁਰਾ ਵਿਹਾਰ ਕੀਤਾ ਸੀ, ਇਸ ਲਈ (ਉਹਨਾਂ ਦੀ ਪੁਤਰੀ ਅਤੇ ਆਪਣੀ ਚਚੇਰੀ ਭੈਣ) ਵੀਣਾਂ ਪਿਛੇ ਹੱਥ ਧੋ ਕੇ ਪੈ ਗਿਆ ਹੈ।

......ਕੋਠੀ ਦੇ ਜੰਗਲ ਵਿਚ ਸੰਥਾਲਣਾਂ ਲਕੜੀ ਕਟ ਰਹੀਆਂ ਹਨ, ਅਤੇ ਗਾ ਰਹੀਆਂ ਨੇ ਕੁਝ ਦਿਨ ਪਹਿਲਾਂ, ਇਸੇ ਜੰਗਲ ਵਿਚ ਸੰਥਾਲਣਾਂ ਨੇ ਇਕ ਚੀਤੇ ਨੂੰ ਕੁਹਾੜੇ ਅਤੇ ਦਾਬ ਨਾਲ ਮਾਰ ਦਿਤਾ ਸੀ। ਰੌਲਾ ਗੌਲਾ ਸੁਣ ਕੇ ਪਿੰਡ ਦੇ ਲੋਕ ਕੱਠੇ ਹੋ ਗਏ ਸਨ। ਮਰੇ ਹੋਏ ਬਘਿਆੜ ਨੂੰ ਦੇਖ ਕੇ ਵੀ ਲੋਕਾਂ ਦੇ ਲੂੰ ਕੰਡੇ ਖੜੇ ਹੋ ਗਏ ਸਨ ਅਤੇ ਬਹੁਤ ਸਾਰੇ ਤਾਂ ਨਸ ਗਏ ਸਨ, ਪਰ ਸੰਥਾਲਣਾਂ ਸਦਾ ਵਾਂਗ ਮੁਸਕਰਾ ਰਹੀਆਂ ਸਨ। ਮਕਈ ਦੇ ਦਾਣਿਆਂ ਵਰਗੀਆਂ ਸਫੈਦ ਦੰਦਾਂ ਦੀਆਂ ਲੜੀਆਂ...ਅਤੇ ਉਹੋ ਸਰਲ ਮੁਸਕਣੀ। ਚੀਤੇ ਦੇ ਅਚਾਨਕ ਹਮਲੇ ਨਾਲ ਦੋ ਤਿੰਨ ਮੁਟਿਆਰਾਂ ਮਾਮੂਲੀ ਜ਼ਖ਼ਮੀ ਹੋ ਗਈਆਂ ਸਨ, ਉਨ੍ਹਾਂ ਦੇ ਬੁਲ੍ਹਾਂ ਤੇ ਵੀ ਉਹੋ ਜਿਹੀ ਮੁਸਕਣੀ ਖੇਡ ਰਹੀ ਸੀ। ਉਨ੍ਹਾਂ ਦੇ ਜ਼ਖਮਾਂ ਨੂੰ ਧੋ ਕੇ ਮਲ੍ਹਮ ਪੱਟੀ ਕਰਨ ਵੇਲੇ ਡਾਕਟਰ ਦੇ ਸਰੀਰ ਵਿਚ ਇਕ ਵਾਰ ਝੁਣਝੁਣੀ ਦੀਆਂ ਹਲਕੀਆਂ ਲਹਿਰਾਂ ਦੌੜ ਗਈਆਂ ਸਨ ਅਤੇ ਸੰਥਾਲਣਾਂ ਖਿੜਖਿੜਾ ਕੇ ਹੱਸ ਪਈਆਂ ਸਨ ..ਹੰ...। ਹੰ...ਹੰ। ਜ਼ਖ਼ਮ ਤੇ ਤੇਜ਼ ਹਵਾ ਲਗਣ ਨਾਲ ਏਸ ਤਰ੍ਹਾਂ ਹਸਣਾ ਡਾਕਟਰ ਨੇ ਪਹਿਲੀ ਵਾਰ ਦੇਖਿਆ, ਸੁਣਿਆ।

ਆਬਨੂਸ਼ ਦੀਆਂ ਮੂਰਤੀਆਂ, ਜੂੜਿਆਂ ਵਿਚ ਗੁੰਦੇ ਹੋਏ ਗਰੀਸ਼ ਘੋਰ ਗੁਲਮੋਹਰ ਦੇ ਫੁੱਲ ਸੰਥਾਲਣਾਂ ਗੌਂਦੀਆਂ ਹਨ:—

ਛੋਟੀ-ਮੋਟੀ ਪੁਖਰੀ, ਚਰਕੁਲਿਆ ਪਿੰਡ ਰੇ,

ਪੋਰੋਇਨੀ ਫੂਟੇ ਲਾਲੇ ਲਾਲ,
ਪਾਸਰੇ ਤੇਰੀ ਫੂਲ ਦੇਖੀ ਫੂਲਯ ਲਾਬੇਲਬ
ਪਾਸਰੇ ਤੇਰੀ ਆਧਾ ਦਿਨ ਲਗਿਤ ।

ਚਹੁੰ ਪਾਸਿਆਂ ਤੋਂ ਘਿਰੀ ਹੋਈ ਇਕ ਛੋਟੀ ਜਿਹੀ ਛਪੜੀ ਵਿਚ ਪੁਰਇਨ (ਕਮਲ) ਦੇ ਲਾਲ ਲਾਲ ਫੁੱਲ ਖਿੜੇ ਹਨ । ਉਸ ਫੁੱਲ ਤੇ ਤੁਸੀਂ ਮੁਗਧ ਹੋਏ ਹੋ । ਮੈਨੂੰ ਵੀ ਦੇਖ ਕੇ ਤੁਸੀਂ ਮੋਹਿਤ ਹੁੰਦੇ ਹੋ, ਪਰ ਉਹ ਮੋਹ ਅੱਧੇ ਦਿਨ ਦਾ ਹੀ ਤਾਂ ਨਹੀਂ ?...

ਨਹੀਂ, ਨਹੀਂ । ਅੱਧੇ ਦਿਨ ਲਈ ਨਹੀਂ । ਪ੍ਰਾਣਾਂ ਵਿਚ ਘੁਲੇ ਹੋਏ ਰੰਗਾਂ ਦਾ ਮੋਹ ਅੱਧੇ ਦਿਨ ਵਿਚ ਨਹੀਂ ਟੁਟ ਸਕਦਾ ।

## ਇਕੱਤੀ

ਮੰਗਲਾ ਦੇਵੀ, ਚਰਖਾ ਸੈਂਟਰ ਦੀ ਮਾਸਟਰਾਨੀ ਬੀਮਾਰ ਹੈ ।

ਡਾਕਟਰ ਨੇ ਖ਼ੂਨ ਜਾਚ ਕੇ ਦੇਖਿਆ, ਕਾਲਾ ਆਜ਼ਾਰ ਨਹੀਂ ਟਾਈਫਾਇਡ ਹੈ । ਚਰਖ਼ਾ ਸੈਂਟਰ ਦੇ ਦੋਵੇਂ ਮਾਸਟਰ ਤਹਿਸੀਲਦਾਰ ਸਾਹਿਬ ਦੀ ਹਵੇਲੀ ਵਿਚ ਰਹਿੰਦੇ ਹਨ ਅਤੇ ਮਾਸਟਰਾਨੀ ਜੀ ਭਗਮਾਨ ਭਗਤ ਦੀ ਇਕ ਝੌਂਪੜੀ ਵਿਚ । ਭਗਮਾਨ ਭਗਤ ਨੇ ਬੈਲਗੱਡੀ ਰਖਣ ਲਈ ਇਕ ਝੌਂਪੜੀ ਬਣਾਈ ਸੀ, ਪਰ ਹੁਣ ਅਗਲੇ ਸਾਲ ਟੀਨ ਦਾ ਮਕਾਨ ਦੇਣ ਦਾ ਇਰਾਦਾ ਹੈ, ਇਸ ਲਈ ਐਤਕੀਂ ਬੈਲ-ਗੱਡੀ ਨਹੀਂ ਖ਼ਰੀਦ ਸਕਿਆ । ਚਰਖਾ ਸੈਂਟਰ ਖੁਲ੍ਹਣ ਤੇ ਪਿੰਡ ਦੇ ਲੋਕਾਂ ਨੇ ਭਗਮਾਨ ਭਗਤ ਨੂੰ ਕਿਹਾ-'ਘਰ ਤਾਂ ਖਾਲੀ ਹੈ । ਮਾਸਟਰਾਨੀ ਜੀ ਦੇ ਰਹਿਣ ਲਈ ਘਰ ਨਹੀਂ ਹੈ । ਚਰਖਾਂ ਸੈਂਟਰ ਦਾ ਘਰ ਬਣੇਗਾ ਤਾਂ ਤੁਹਾਡਾ ਘਰ ਖਾਲੀ ਕਰ ਦਿਤਾ ਜਾਵੇਗਾ ।'...ਕੋਟੇ ਪਰਮਿਟ ਦੇ ਜ਼ਮਾਨੇ ਵਿਚ ਕੰਗ-ਰੇਸੀਆਂ ਦੀ ਗੱਲ ਮੋੜਨੀ ਠੀਕ ਨਹੀਂ । ਨਹੀਂ ਤਾਂ ਕਟਿਹਾਰ 'ਚ ਏਨੀ ਵੱਡੀ ਝੌਂਪੜੀ ਦਾ ਹੀ ਕਰਾਇਆ ਪੰਦਰਾਂ ਰੁਪਏ ਮਿਲਦਾ ।

ਮੰਗਲਾ ਦੇਵੀ ਨੇ ਹੈਜ਼ੇ ਦੇ ਦਿਨਾਂ 'ਚ ਰਾਤ ਰਾਤ ਭਰ ਜਾਗਕੇ ਰੋਗੀਆਂ ਦੀ ਸੇਵਾ ਕੀਤੀ ਅਤੇ ਜਦੋਂ ਉਹ ਆਪ ਬੀਮਾਰ ਹੋਈ ਤਾਂ ਉਹਦੇ ਕੋਲ ਬੈਠਣ ਵਾਲਾ ਵੀ ਕੋਈ ਨਹੀਂ । ਚਰਖਾ ਸੈਂਟਰ ਦੇ ਦੋਵੇਂ ਮਾਸਟਰ ਸਾਹਿਬ ਵਾਰੀ ਵਾਰੀ ਇਕ-ਇਕ ਘੰਟਾ ਡਿਊਟੀ ਦੇ ਜਾਂਦੇ ਹਨ । ਰਾਤੀਂ ਚਿਚਾਏ ਦੀ ਮਾਂ ਆ ਕੇ ਸੌਂਦੀ ਹੈ । ਪਰ ਬੁੱਢੀ ਏ ਨਾ ਹੁੱਕਾ ਪੀਂਦੀ ਤੇ ਖੰਘਦੀ ਹੈ ਕਿ ਮੰਗਲਾ ਦੇਵੀ ਦੇ ਬੁਖਾਰ ਦੀ ਜਵਾਲਾ ਹੋਰ ਵੀ ਤੀਬਰ ਹੋ ਜਾਂਦੀ ਹੈ । ਬੁੱਢੀ ਜਦੋਂ ਸੌਂਦੀ ਹੈ ਤਾਂ ਏਨੇ ਜ਼ੋਰ ਨਾਲ ਘੁਰਾੜੇ ਲੈਂਦੀ ਹੈ ਕਿ ਆਂਢ ਗੁਆਂਢ ਦੀ ਨੀਂਦ ਖੁਲ੍ਹ ਜਾਵੇ । ਡਾਕਟਰ ਕਹਿੰਦਾ ਹੈ-ਜੇ ਇਹੋ ਹੀ ਹਾਲਤ ਰਹੀ ਤਾਂ ਸੰਭਾਲਣਾ

ਔਖਾ ਹੋਵੇਗਾ। ਘਰ ਖਤ ਲਿਖ ਕੇ ਕਿਸੇ ਨੂੰ ਬੁਲਾ ਲੈਣਾ ਠੀਕ ਹੋਵੇਗਾ।

ਘਰ ? ਜੇ ਘਰੋਂ ਕੋਈ ਆਉਣ ਵਾਲਾ ਜਾਂ ਖਬਰ ਲੈਣ ਵਾਲਾ ਹੁੰਦਾ ਤਾਂ ਮੰਗਲਾ ਦੇਵੀ ਚਰਖਾ ਸੈਂਟਰ ਵਿਚ ਕਿਓਂ ਭਰਤੀ ਹੁੰਦੀ ? ਉਹਨੂੰ ਘਰ ਛਡਿਆਂ ਪੰਜ ਵਰ੍ਹੇ ਹੋ ਗਏ ਹਨ। ਮੰਗਲਾ ਦੇਵੀ ਨੇ ਦੁਨੀਆਂ ਨੂੰ ਚੰਗੀ ਤਰ੍ਹਾਂ ਪਛਾਣਿਆ ਹੈ। ਆਦਮੀ ਦੇ ਅੰਦਰਲੇ ਪਸ਼ੂ ਨੂੰ ਉਹਨੇ ਬੜੀ ਵਾਰ ਨੇੜਿਓਂ ਤਕਿਆ ਹੈ। ਵਿਧਵਾ-ਆਸ਼ਰਮ, ਅਬਲਾ ਆਸ਼ਰਮ ਅਤੇ ਵੱਡੇ ਬਾਬੂਆਂ ਦੇ ਘਰ ਆਦਿਆ ਦੀ ਜ਼ਿੰਦਗੀ ਉਹਨੇ ਬਿਤਾਈ ਹੈ। ਅਬਲਾ ਨਾਰੀ ਹਰ ਥਾਂ ਅਬਲਾ ਹੀ ਹੈ। ਰੂਪ ਅਤੇ ਜਵਾਨੀ ?...ਨਹੀਂ, ਇਹ ਵੀ ਗਲਤ। ਔਰਤ ਹੋਣੀ ਚਾਹੀਦੀ ਹੈ, ਰੂਪ ਅਤੇ ਉਮਰ ਦੀ ਕੋਈ ਕੈਦ ਨਹੀਂ। ਇਕ ਬੇਸਹਾਰਾ ਔਰਤ ਦੇਵਤੇ ਦੀ ਰਖਿਆ ਵਿਚ ਵੀ ਸੁਖ ਚੈਨ ਨਾਲ ਨਹੀਂ ਸੌਂ ਸਕਦੀ। ਮੰਗਲਾ ਦੇਵੀ ਲਈ ਜਿਹਾ ਘਰ ਤਿਹਾ ਬਾਹਰ ਉਹਦਾ ਕੌਣ ਹੈ, ਆਪਣਾਂ ? ਕੋਈ ਨਹੀਂ।

"ਕੌਣ ?...ਕਾਲੀਚਰਨ ਬਾਬੂ।"

"ਡਾਕਟਰ ਸਾਹਿਬ ਨੇ ਕਿਹਾ ਹੈ ਕਿ ਇਸ ਝੌਂਪੜੀ ਵਿਚ ਤੁਹਾਡੀ ਬਿਮਾਰੀ ਠੀਕ ਨਹੀਂ ਹੋਵੇਗੀ। ਸਾਡਾ ਕੀਰਤਨ ਵਾਲਾ ਘਰ ਸਾਫ ਸੁਥਰਾ ਹੈ, ਹਵਾਦਾਰ ਹੈ।"

ਮੰਗਲਾ ਦੇਵੀ ਯਾਦਵ ਟੋਲੀ ਦੇ ਕੀਰਤਨ-ਘਰ ਵਿਚ ਆ ਗਈ ਹੈ। ਕੀਰਤਨ ਘਰ ਵਿਚ ਹੀ ਸੋਸ਼ਲਿਸਟ ਪਾਰਟੀ ਦਾ ਆਫਿਸ ਹੈ। ਕਾਲੀਚਰਨ ਇਹ ਨੂੰ ਆਫਿਸ ਹੀ ਕਹਿੰਦਾ ਹੈ।...ਪਰ ਸੋਸ਼ਲਿਸਟ ਆਫਿਸ ਦਾ ਨਾਂ ਸੁਣ ਕੇ ਮੰਗਲਾ ਦੇਵੀ ਸ਼ਾਇਦ ਨਾ ਆਉਂਦੀ।

"ਦਵਾ ਪੀ ਲਵੋ।"

"ਨਹੀਂ ਪੀਆਂ ਗੀ।"

"ਪੀ ਲਵੋ ਮਾਸਟਰਾਨੀ ਜੀ ਦਵਾ..."

"ਕਾਲੀ ਬਾਬੂ, ਇਕ ਗੱਲ ਕਹਾਂ ?"

"ਕਹੋ।"

"ਤੁਸੀਂ ਮੈਨੂੰ ਮਾਸਟਰਾਨੀ ਜੀ ਨਾ ਕਹੋ।"

"ਫੇਰ ਕੀ ਕਹਾਂ ?"

"ਕਿਉ ਮੇਰਾ ਨਾਂ ਨਹੀਂ ਹੈ ?"

"ਮੰਗਲਾ ਦੇਵੀ ?"

"ਨਹੀਂ।"

"ਫੇਰ ?"

"ਸਿਫਰ...ਮੰਗਲਾ।"

"ਦਵਾ ਪੀ ਲਵੋ।"

"ਮੰਗਲਾ ਕਹੋ।"

"ਮੰਗਲਾ।"

ਪੰਦਰਾਂ ਦਿਨਾਂ ਤੋਂ ਕਾਲੀਚਰਨ ਮੰਗਲਾ ਦੇਵੀ ਦੀ ਸੇਵਾ ਕਰ ਰਿਹਾ ਹੈ। ਦਿਨ ਵਿਚ ਤਾਂ ਹੋਰ ਲੋਕ ਵੀ ਹੁੰਦੇ ਹਨ, ਪਰ ਰਾਤੀਂ ਕਾਲੀਚਰਨ ਦੀ ਡਿਊਟੀ ਹੁੰਦੀ ਹੈ। ਡਾਕਟਰ ਕਹਿੰਦੇ ਨੇ, ਹੁਣ ਕੋਈ ਖ਼ਤਰਾ ਨਹੀਂ, ਕਮਜ਼ੋਰੀ ਹੈ, ਕੁਝ ਦਿਨਾਂ ਵਿਚ ਠੀਕ ਹੋ ਜਾਵੇਗੀ।

ਮੰਗਲਾ ਦੇਵੀ ਦੇ ਸਰੀਰ ਵਿਚ ਸਿਰਫ਼ ਹੱਡੀਆਂ ਬਚ ਗਈਆਂ ਨੇ। ਵਾਲ ਝੜ ਰਹੇ ਹਨ। ਉਹ ਖਾਣ ਪੀਣ ਲਈ ਬੱਚਿਆਂ ਵਾਂਗ ਰੁਸਦੀ ਹੈ, ਰੋਂਦੀ ਤੇ ਭਾਂਡੇ ਸੁਟਦੀ ਹੈ। ...ਬਾਰਲੀ ਨਹੀਂ ਪੀਆਂਗੀ। ਜੌਆਂ ਦਾ ਪਾਣੀ ਵੀ ਕੋਈ ਭਲਾ ਬੰਦਾ ਪੀਂਦਾ ਹੈ ; ਕਾਲੀਚਰਨ ਹੱਥ ਵਿਚ ਖਾਣ ਪੀਣ ਵਾਲਾ ਕੌਲ ਲੈ ਕੇ ਘੰਟਿਆਂ ਤਕ ਖੁਸ਼ਾਮਦਾਂ ਕਰਦਾ ਲੈ ਲਵੋ, ਇਹਦੇ ਵਿਚ ਨਿੰਬੂ ਪਾ ਦਿਤਾ ਹੈ। ਹੁਣ ਖਾ ਲਵੋ। ਕਲ ਨਹੀਂ ਪਰਸੋਂ ਭਾਤ ਮਿਲੇਗਾ।

ਕਾਲੀਚਰਨ ਦਾ ਵਰਤ ਟੁੱਟ ਗਿਆ ਹੈ। ਉਹਦੇ ਭਲਵਾਨ ਗੁਰੂ ਨੇ ਕਿਹਾ ਸੀ– 'ਪੱਠਿਆ ; ਜਦੋਂ ਤਕ ਅਖਾੜੇ ਦੀ ਮਿੱਟੀ ਦੇਹ ਵਿਚ ਪੂਰੀ ਤਰ੍ਹਾਂ ਰਚੇ ਨਾ, ਔਰਤਾਂ ਤੋਂ ਪੰਜ ਹੱਥ ਦੂਰ ਰਹਿਣਾਂ', ਕਾਲੀਚਰਨ ਦਾ ਵਰਤ ਟੁੱਟ ਗਿਆ। ਪੰਜ ਹੱਥ ਦੂਰ ਰਹਿਣ ਨਾਲ ਮੰਗਲਾ ਦੇਵੀ ਦੀ ਸੇਵਾ ਨਹੀਂ ਕੀਤੀ ਜਾ ਸਕਦੀ ਸੀ। ਬਿਸਤਰਾ ਕਪੜੇ ਬਦਲਣ ਵੇਲੇ ਦੇਹ ਸਾਫ਼ ਕਰਨ ਸਮੇਂ ਕਾਲੀਚਰਨ ਨੂੰ ਗੁਰੂ ਜੀ ਦੀ ਗੱਲ ਚੇਤੇ ਆਉਂਦੀ ਤਾਂ ਸੀ ਪਰ ਕੀ ਕੀਤਾ ਜਾਵੇ।

"ਕਾਲੀ ਕਿਥੇ ਗਿਆ ? ਕਾਲੀ।"

"ਕੀ ਗੱਲ ਹੈ ?"

"ਕਿਥੋਂ ਦੀ ਚਿੱਠੀ ਹੈ ?"

"ਸਕੱਤਰ ਸਾਹਿਬ ਨੇ ਲਿਖਿਆ ਹੈ, ਸੋਮਵਾਰ ਜ਼ਿਲਾ ਪਾਟੀ ਦੀ ਰੈਲੀ ਹੈ। ਪਰ ...ਮੈਂ ਕਿਵੇਂ ਜਾਵਾਂਗਾ ?"

"ਕਿਉਂ ? ...ਤੁਸੀਂ ਜਾਉ। ਮੈਂ ਤਾਂ ਹੁਣ ਚੰਗੀ ਹੋ ਗਈ ਹਾਂ।"

ਰੈਲੀ ਪਿਛੋਂ ਸਕੱਤਰ ਸਾਹਿਬ ਨੇ ਕਾਲੀਚਰਨ ਨੂੰ ਰੋਕ ਲਿਆ — "ਕਾਮਰੇਡ ਤੁਸੀਂ ਦੋ ਦਿਨ ਹੋਰ ਰਹਿ ਪਵੋ। ਸੈਨਿਕ ਜੀ ਦੀ ਇਸਤਰੀ ਹਸਪਤਾਲ ਵਿਚ ਭਰਤੀ ਹੈ। ਸੈਨਿਕ ਜੀ ਪਟਨਾ ਗਏ ਹਨ। ਪਰਸੋਂ ਆ ਜਾਣਗੇ। ਹਸਪਤਾਲ ਵਿਚ ਦੋਵੇਂ ਵੇਲੇ ਖਾਣਾ ਪੁਚਾਉਣਾ...ਕੋਈ ਨਹੀਂ ਹੈ।" ਸਕੱਤਰ ਸਾਹਿਬ ਦੀ ਗੱਲ ਟਾਲਣੀ ਬੜੀ ਔਖੀ ਹੈ। ਕਾਮਰੇਡ ਦੀ ਇਸਤਰੀ। ...ਕਾਲੀਚਰਨ ਨੂੰ ਮੁੜ ਮੁੜ ਕੇ ਮੰਗਲਾ ਦੀ

ਯਾਦ ਆਉਂਦੀ ਹੈ। ਉਹ ਰਾਹ ਦੇਖ ਰਹੀ ਹੋਵੇਗੀ।. ਬਾਸੁਦੇਵ ਜਾ ਕੇ ਕਹੇਗਾ ਕਿ ਦੋ ਦਿਨਾਂ ਪਿਛੋਂ ਆਉਣਗੇ। ਸੁਣਦਿਆਂ ਹੀ ਉਹਦਾ ਮੂੰਹ ਸੁਕ ਜਾਵੇਗਾ। ਚਿਹਰਾ ਫੱਕ ਹੋ ਜਾਵੇਗਾ। ਬਿਲਕੁਲ ਬੱਚਿਆਂ ਵਰਗਾ ਹੈ ਮੰਗਲਾ ਦਾ ਮੂੰਹ। ...ਕਾਲੀਚਰਨ ਨੇ ਬਿਹਦਾਨਾਂ ਅਤੇ ਸੰਤੋਲਾ ਭੇਜ ਦਿਤਾ ਹੈ। ਉਹਨੇ ਹੱਥ ਵੀ ਨਹੀਂ ਲਾਉਣਾ। ਵਾਸੁਦੇਵ ਕੀ ਸਮਝਾਊਗਾ ? ...ਹੱਤ ਤੇਰੇ ਦੀ। ਇਹ ਸ਼ਹਿਰ ਦੇ ਛੋਕਰੇ ਬੜੇ ਬਦਮਾਸ਼ ਹੁੰਦੇ ਹਨ। ਬਿਲਕੁਲ ਕੰਡ ਕੋਲ ਜਾ ਕੇ ਸੈਕਲ ਦੀ ਘੰਟੀ ਬਜਾਵੇਗਾ। ਹਾਂ...ਹੁਣੇ ਸਾਰਾ ਖਾਣਾ ਡਿਗ ਜਾਂਦਾ।

"ਉੱਲੂ ਕਿਤੋਂ ਦਾ ? ਗਲਾਸ ਏਦਾਂ ਧੋਣਾ ਹੈ ?" ...ਉੱਲੂ। ਕਾਲੀਚਰਨ ਦੀ ਗਲ੍ਹ ਤੇ ਜਿਵੇਂ ਕਿਸੇ ਨੇ ਜ਼ੋਰ ਨਾਲ ਇਕ ਥੱਪੜ ਜੜ ਦਿਤਾ। ਉੱਲੂ। ਉਹਦਾ ਸਾਰਾ ਸਰੀਰ ਝੰਨ ਝੰਨ ਕਰ ਰਿਹਾ ਹੈ। ਸੈਨਿਕ ਜੀ ਦੀ ਇਸਤਰੀ ਨੇ ਉਹਨੂੰ ਕੀ ਸਮਝਿਆ ਹੈ ? ...ਨੌਕਰ ?

"ਭੈਣ ਜੀ ਕਿਲਾਸ..."

"ਖ਼ਬਰਦਾਰ। ਭੈਣ ਜੀ ਨਹੀਂ ਕਹਿਣਾ।"

ਨਾਲ ਦੀ ਚਾਰਪਾਈ ਤੇ ਜਿਹੜੀ ਚਮਗਿੱਦੜ ਵਰਗੀ ਜਨਾਨੀ ਲੇਟੀ ਹੋਈ ਸੀ, ਬੋਲੀ — "ਕਿਹੜੇ ਦੇਸ ਦਾ ਆਦਮੀ ਹੈ। ਆਦਮੀ ਹੈ ਜਾਂ ਭੂਤ ? ਗੱਲ ਵੀ ਨਹੀਂ ਕਰਨੀ ਜਾਣਦਾ।"

"ਨੀ ਜਾਣਦੀ ਨਹੀਂ, ਗੁਆਲਾ ਸੱਠ ਵਰ੍ਹਿਆਂ ਤਕ...।" ਸੈਨਿਕ ਜੀ ਦੀ ਇਸਤਰੀ ਬੋਲੀ।

ਕਾਲੀਚਰਨ ਪੂਰੀ ਤਰ੍ਹਾਂ ਨਹੀਂ ਸੁਣ ਸਕਿਆ। ਉਹਦਾ ਸਿਰ ਚਕਰਾਉਣ ਲਗਾ। ਸੈਨਿਕ ਜੀ ਵੀ ਤਾਂ ਗੁਆਲੇ ਹੀ ਹਨ। ਕਾਲੀਚਰਨ ਦੀਆਂ ਅੱਖਾਂ ਸਾਹਮਣੇ ਸਰੋਂ ਦੇ ਫੁੱਲਾਂ ਵਰਗੀਆਂ ਚੀਜ਼ਾਂ ਉਡਣ ਲਗੀਆਂ। ਜੇ ਕਿਸੇ ਮਰਦ ਨੇ ਇਹ ਗੱਲਾਂ ਕਹੀਆਂ ਹੁੰਦੀਆਂ ਤਾਂ ਅੱਜ ਖ਼ੂਨ ਹੋ ਜਾਂਦਾ ਖ਼ੂਨ। ਕਾਲੀਚਰਨ ਦੀ ਪੁੜਪੁੜੀ ਗਰਮ ਹੋ ਗਈ ਹੈ। ...ਮੰਗਲਾ ਦੇਵੀ ਵੀ ਤਾਂ ਔਰਤ ਹੀ ਹੈ। ਹੂੰ। ਕਿਥੇ ਮੰਗਲਾ ਤੇ ਕਿਥੇ ਇਹ ਭੂਤਨੀ। ...ਗਲ ਦੀ ਆਵਾਜ਼ ਬਿਲਕੁਲ ਖਿੱਖਿਰ (ਲੂੰਬੜੀ) ਵਰਗੀ ਹੈ। 'ਖੈਂਕ ਖੈਂਕ' ਗੱਲਾਂ ਕਰਦੀ ਹੈ ਤਾਂ ਲਗਦਾ ਹੈ ਜਿਵੇਂ ਦੰਦਾਂ ਨਾਲ ਕੱਟਣ ਲਈ ਦੌੜ ਰਹੀ ਹੈ। ਸ਼ਾਇਦ ਇਹ ਵੀ ਕੋਈ ਰੋਗ ਹੈ।

ਰੋਤਹੱਟ ਸਟੇਸ਼ਨ ਤੇ ਗੱਡੀਉਂ ਉਤਰ ਕੇ ਕਾਲੀਚਰਨ ਛੇਤੀ ਨਾਲ ਘਰ ਪਰਤ ਰਿਹਾ ਹੈ। ...ਉਹਨੂੰ ਦੇਖਦਿਆਂ ਹੀ ਮੰਗਲਾ ਖ਼ੁਸ਼ੀ ਨਾਲ ਖਿੜ ਜਾਵੇਗੀ। ਸੰਤੋਲਾ ਸੁਕ ਗਿਆ ਹੋਵੇਗਾ, ਬੇਹਦਾਨਾਂ ਪਿਆ ਹੋਵੇਗਾ। ਦੋਵਾਂ ਪਾਸਿਆਂ ਦਾ ਰੇਲ ਦਾ ਭਾੜਾ ਬਚਾ ਕੇ ਕਾਲੀਚਰਨ ਨੇ ਇਕ ਪੈਕਟ ਬਿਸਕੁਟਾਂ ਦਾ ਖ਼ਰੀਦ ਲਿਆ ਹੈ।

ਡਾਕਟਰ ਸਾਹਿਬ ਨੇ ਮੰਗਲਾ ਨੂੰ ਬਿਸਕੁਟ ਖਾਣ ਲਈ ਕਿਹਾ ਹੈ। ਕਾਲੀਚਰਨ ਨੇ ਕਦੀ ਬਿਸਕੁਟ ਨਹੀਂ ਖਾਧਾ। ਸ਼ਾਇਦ ਇਹਦੇ ਵਿਚ ਮੁਰਗੀ ਦਾ ਆਂਡਾ ਹੁੰਦਾ ਹੈ। ਉਹ ਮੁੜ ਮੁੜ ਕੇ ਬਿਸਕੁਟ ਦੇ ਡੱਬੇ ਨੂੰ ਛੋਹ ਕੇ ਦੇਖਦਾ ਹੈ। ਇਹਦੇ ਅੰਦਰ 'ਕੁੜ-ਕੁੜ' ਕੀ ਬੋਲਦਾ ਹੈ ? ਕਿਤੇ ਆਂਡਾ ਟੁਟ ਕੇ !

"ਸੇਤਾਰਾਮ ! ਸੇਤਾਰਾਮ ! ਜੈ ਹਿੰਦ ਕਾਲੀ ਜੀ !"

"ਹੈਂ ਉਹ ਬਾਵਨ ਦਾਸ ਜੀ ਅਸੀਂ ਤਾਂ ਡਰ ਗਏ ਇਥੇ ਕਿਉਂ ਪਏ ਹੋ ?"

"ਤੁਸੀਂ ਤਾਂ ਇਸ ਤਰ੍ਹਾਂ ਅੱਖਾਂ ਬੰਦ ਕਰਕੇ ਸਰੇਸਾ (ਤੇਜ਼ ਦੌੜਨ ਵਾਲੇ ਘੋੜੇ ਦੀ ਨਸਲ) ਘੋੜੇ ਵਾਂਗ ਚਲ ਰਹੇ ਹੋ ਕਿ...।"

ਜੰਗਲੀ ਜਾਮਣ ਦੀ ਬਿਰਛ ਦੀ ਛਾਵੇਂ ਬਾਵਨ ਦਾਸ ਲੇਟਿਆ ਹੋਇਆ ਸੀ। ਛਾਵੇਂ ਜਾ ਕੇ ਕਾਲੀਚਰਨ ਨੂੰ ਪਤਾ ਲਗਾ ਕਿ ਧੁੱਪ ਕਿੰਨੀ ਤੇਜ਼ ਹੈ।

"ਅਸੀਂ ਤਾਂ ਰਾਤ ਦੀ ਗੱਡੀ ਤੋਂ ਹੀ ਉਤਰੇ। ਕਲ੍ਹ ਦਫਾ 40 ਦਾ ਫ਼ੈਸਲਾ ਹੋ ਗਿਆ।"

"ਹੋ ਗਿਆ ? .. ਕੀ ਹੋਇਆ ?"

"ਓਏ ਹੋਣਾ ਕੀ ਹੈ ? ਸਭ ਦੀ ਦਰਖ਼ਾਸਤ ਖ਼ਾਰਿਜ ਹੋ ਗਈ। ...ਅਸੀਂ ਪਹਿਲਾਂ ਹੀ ਜਾਣਦੇ ਸਾ। ਕਲ੍ਹ ਪਿੰਡ ਦੇ ਸਾਰੇ ਮੁਜਾਰੇ ਆਏ ਸਨ। ਫ਼ੈਸਲਾ ਸੁਣ ਕੇ ਸਾਰੇ ਰੋਣ ਲਗੇ। ਹੁਣ ਜ਼ਿਮੀਂਦਾਰ ਜ਼ਮੀਨ ਵੀ ਛੁੜਾ ਲਵੇਗਾ।"

"ਕਾਲੀ ਬਾਬੂ। ਪਰਸਤਾਵ ਪੁਰਸਤਾਵ ਨਾਲ ਕੁਛ ਨਹੀਂ ਹੁੰਦਾ।" ਬਾਵਨ ਦਾਸ ਦੇ ਬੁੱਲ੍ਹਾਂ ਤੇ ਭੇਤ ਭਰੀ ਮੁਸਕਾਣ ਦੌੜ ਜਾਂਦੀ ਹੈ।

"ਤੁਸੀਂ ਬੈਠੋ ਦਾਸ ਜੀ, ਸਾਨੂੰ ਜ਼ਰਾ ਜਲਦੀ ਹੈ।"

"ਹਾਂ ਤੁਸੀਂ ਜਾਓ।" ...ਤੁਹਾਡੇ ਕਦਮਾਂ ਨਾਲ ਅਸੀਂ ਚਲ ਵੀ ਨਹੀਂ ਸਕਾਂਗੇ।"

ਕਾਲੀਚਰਨ ਟੁਰਿਆ ਜਾਂਦਾ ਸੋਚ ਰਿਹਾ ਹੈ, ਹੁਣ ਠੀਕ ਹੋਇਆ ਹੈ। ਜੇ ਮੁਜਾਰਿਆਂ ਦੀ ਦਰਖ਼ਾਸਤ ਮਨਜ਼ੂਰ ਹੋ ਜਾਂਦੀ ਤਾਂ ਸਾਰੇ ਲੋਕ ਕਾਂਗਰਸ ਵਿਚ ਚਲੇ ਜਾਂਦੇ। ਹੁਣ ਸੰਘਰਸ਼ ਲਈ ਸਾਰੇ ਸੋਸ਼ਲਿਸਟ ਪਾਟੀ ਵਿਚ ਹੀ ਰਹਿਣਗੇ।

"ਕੀ ਹੈ ? ਬਿਸਕੁਟ।" ਮੰਗਲਾ ਦੇਵੀ ਪਿਆਰ ਭਰੀ ਝਿੜਕੀ ਦਿੰਦੀ ਹੈ। "ਕਿੰਨ੍ਹੇ ਕਿਹਾ ਫ਼ਜ਼ੂਲ ਪੈਸੇ ਖ਼ਰਚ ਕਰਨ ਲਈ ? ਔਹ ਦੇਖੋ ਤੁਹਾਡਾ ਸੰਤਰਾ ਤੇ ਬੇਦਾਨਾਂ ਪਿਆ ਹੈ। ਮੈਂ ਨਹੀਂ ਖਾਂਦੀ।"

"ਡਾਕਟਰ ਸਾਹਿਬ ਨੇ ਕਿਹਾ ਸੀ..."

"ਡਾਕਟਰ ਸਾਹਿਬ ਨੇ ਕਿਹਾ ਸੀ।" ਮੰਗਲਾ ਬਨੌਟੀ ਗੁੱਸਾ ਦਿਖਾਉਂਦੀ ਹੋਈ ਕਹਿੰਦੀ ਹੈ, "ਡਾਕਟਰ ਸਾਹਿਬ ਨੇ ਕਿਹਾ ਸੀ ਕਿ ਆਪ ਭੁਖੇ ਰਹਿ ਕੇ ਸੰਤਰਾ, ਬੇਦਾਨਾ ਅਤੇ ਬਿਸਕੁਟ ਖ਼ਰੀਦ ਕੇ ਲਿਆਉਣੇ ?"

ਕਾਲੀਚਰਨ ਨੂੰ ਸੈਨਿਕ ਜੀ ਦੀ ਇਸਤਰੀ ਚੇਤੇ ਆਉਂਦੀ ਹੈ, ਉੱਲੂ। ...ਸੱਠ ਸਾਲ ਤਕ ਨਾਬਾਲਿਗ।...

"ਖਾ ਲੈ ਮੰਗਲਾ।"

"ਪਹਿਲਾਂ ਤੂੰ ਇਕ ਬਿਸਕੁਟ ਖਾ।"

"ਬਿਸਕੁਟ ਮਿੱਠਾ, ਭੁਰਭੁਰਾ ਅਤੇ ਏਨੇ ਸੁਆਦ ਵਾਲਾ ਹੁੰਦਾ ਹੈ? ਇਹਦੇ ਵਿਚ ਦੁੱਧ ਚੀਨੀ ਅਤੇ ਮੱਖਣ ਹੁੰਦਾ ਹੈ, ਆਂਡਾ ਨਹੀਂ ?

## ਬੱਤੀ

ਵਿਸਾਖ ਅਤੇ ਜੇਠ ਮਹੀਨੇ ਦੀਆਂ ਸ਼ਾਮਾਂ ਨੂੰ 'ਤੜਬੰਨਾਂ' ਵਿਚ ਜ਼ਿੰਦਗੀ ਦਾ ਆਨੰਦ ਸਿਰਫ਼ ਤਿੰਨ ਆਨੇ ਲਬਨੀ ਵਿਕਦਾ ਹੈ।

ਚਨੇ ਦੀ ਘੁੰਗਣੀ; ਮੂੜੀ ਅਤੇ ਪਿਆਜ਼, ਅਤੇ ਸਫੇਦ ਝੱਗ ਨਾਲ ਭਰੀ ਹੋਈ ਲਬਨੀ। ...ਖੱਟ ਮਿੱਠੀ, ਸ਼ੱਕਰ ਚੀਨਿਆ ਅਤੇ ਬੈਰਚੀਨਿਆਂ ਤਾੜੀ ਦੇ ਸੁਵਾਦ ਵਖਰੇ ਵਖਰੇ ਹੁੰਦੇ ਹਨ। ਬਸੰਤੀ ਪੀ ਕੇ ਵਿਰਲੇ ਪਿਅੱਕੜ ਹੀ ਹੋਸ਼ ਕਾਇਮ ਰੱਖ ਸਕਦੇ ਹਨ, ਜਿਸ ਨੂੰ ਗਰਮੀ ਦੀ ਸ਼ਿਕਾਇਤ ਹੈ, ਉਹ ਪਹਿਰਰਤਿਆ ਪੀ ਕੇ ਦੇਖੇ, ਕਲੇਜਾ ਠੰਡਾ ਹੋ ਜਾਵੇਗਾ, ਪੇਸ਼ਾਬ ਵਿਚ ਜ਼ਰਾ ਵੀ ਜਲਨ ਨਹੀਂ ਰਹੇਗੀ, ਕਫ ਸੁਭਾ ਵਾਲਿਆਂ ਨੂੰ ਸੰਝਾ ਪੀਣੀ ਚਾਹੀਦੀ ਹੈ, ਰਾਤ ਭਰ ਦੇਹ ਗਰਮ ਰਹਿੰਦੀ ਹੈ।

ਸਾਲ ਭਰ ਦੇ ਝਗੜਿਆਂ ਦੇ ਫ਼ੈਸਲੇ ਤੜਬੰਨਾ ਦੀ ਬੈਠਕ ਵਿਚ ਹੀ ਹੁੰਦੇ ਹਨ, ਅਤੇ ਮਿੱਟੀ ਦੇ ਚੁੱਕੜਾਂ ਵਾਂਗ ਦਿਲ ਏਥੇ ਹੀ ਟੁੱਟਦੇ ਹਨ। ਸ਼ਾਦੀ-ਵਿਆਹ ਲਈ ਲਾੜੇ-ਵਹੁਟੀ ਦੀਆਂ ਜੋੜੀਆਂ ਵੀ ਏਥੇ ਬਹਿ ਕੇ ਮਿਲਾਈਆਂ ਜਾਂਦੀਆਂ ਹਨ ਅਤੇ ਕਿਸੇ ਦੀ ਬੀਵੀ ਨੂੰ ਨਸਾ ਲੈ ਜਾਣ ਦਾ ਪ੍ਰੋਗਰਾਮ ਵੀ ਏਥੇ ਬਣਦਾ ਹੈ।

ਜਗ ਦੇਵਾ ਪਾਸਵਾਨ, ਦੁਲਾਰੇ, ਸਨਿੱਚਰ ਅਤੇ ਸੁੱਨਰਾ ਤਾੜੀ ਪੀ ਰਹੇ ਨਹ। ਸੋਮਾਂ ਜੱਟ ਆਉਣ ਵਾਲਾ ਹੈ। ਰੌਤਹੱਟ ਦੇ ਬਜ਼ਾਰ ਵਿਚ ਉਹਨੇ ਕਿਹਾ ਸੀ, ਐਤਵਾਰ ਨੂੰ ਤੜਬੰਨਾ ਆਊਂਗਾ। ਸੋਮਾਂ ਜੱਟ ਹੁਣੇ ਹੀ ਜੇਲੋਂ ਛੁੱਟਿਆ ਹੈ। ਕਹਿੰਦਾ ਕਹਾਉਂਦਾ ਡਕੈਤ ਹੈ, ਪਰ ਹੁਣ ਸੋਸ਼ਲਿਸਟ ਪਾਟੀ ਦਾ ਮੈਂਬਰ ਬਣਨਾ ਚਾਹੁੰਦਾ ਹੈ। ਸੁਨਰਾ ਨੇ ਕਾਲੀਚਰਨ ਨੂੰ ਪੁੱਛਿਆ ਅਤੇ ਕਾਲੀਚਰਨ ਨੇ ਜ਼ਿਲਾ ਸਕੱਤਰ ਸਾਬ੍ਹ ਨੂੰ ਪੁੱਛਿਆ ਸਕੱਤਰ ਸਾਹਿਬ ਨੇ ਕਿਹਾ, ਸਾਲ ਭਰ ਉਹਦੇ ਚਾਲ ਚਲਣ ਨੂੰ ਦੇਖ ਕੇ ਫੇਰ ਪਾਰਟੀ ਦਾ ਮੈਂਬਰ ਬਣਾਇਆ ਜਾਵੇਗਾ। ਉਹਦੇ ਤੇ ਨਜ਼ਰ ਰਖਣੀ ਪਵੇਗੀ।

ਨਜ਼ਰ ਕੀ ਰਖਣੀ ਪਵੇਗੀ, ਵਿਚ ਵਿਚਾਲੇ ਸਕੱਤਰ ਸਾਹਿਬ ਨੂੰ ਜਾ ਕੇ ਕਹਿਣਾ

ਹੋਵੇਗਾ — 'ਸੋਮਾਂ ਦਾ ਚਾਲ ਚਲਨ ਬਿਲਕੁਲ ਸੁਧਰ ਗਿਆ ਹੈ। ਕਾਲੀਚਰਨ ਨੂੰ ਵਾਸੁਦੇਵ ਸਮਝਾ ਦੇਵੇਗਾ। ...ਸੋਮਾਂ ਜੇ ਪਾਰਟੀ ਵਿਚ ਆ ਜਾਵੇ ਤਾਂ ਸਾਰੇ ਇਲਾਕੇ ਦੇ ਵੱਡੇ ਲੋਕ ਠੀਕ ਹੋ ਜਾਣ। ਪਾਟੀ ਵਿਚ ਆ ਜਾਣ ਤੇ ਥਾਣਾ-ਪੁਲੀਸ ਕੀ ਕਰੇਗਾ ? ਸਕੱਤਰ ਸਾਹਿਬ ਕੀ ਦਰੋਗਾ ਸਾਹਿਬ ਤੋਂ ਘੱਟ ਹਨ ? ਦੇਖਦੇ ਨਹੀਂ, ਜਦੋਂ ਭਾਖਣ ਦੇਣ ਲਗਦੇ ਹਨ ਤਾਂ ਜਮਾਹਿਰ ਲਾਲ ਨੂੰ ਵੀ ਪਾਣੀ ਪਾਣੀ ਕਰ ਦਿੰਦੇ ਹਨ। ਕੀ ਮਜ਼ਾਲ ਹੈ ਦਰੋਗਾ ਨਿਸਪਿਟਰ ਦੀ ਕਿ ਪਾਰਟੀ ਦੇ ਖ਼ਿਲਾਫ਼ ਮੂੰਹ ਖੋਲ੍ਹੇ ? ਖੇਡ ਐ। 'ਲਾਲ ਪਤਾਕਾ' ਅਖ਼ਬਾਰ ਵਿਚ ਤੁਰੰਤ 'ਗਜ਼ਟ ਛਾਪਾ' ਹੋ ਜਾਵੇਗਾ ..."ਦਰੋਗੇ ਦਾ ਜ਼ੁਲਮ।" ...ਚਲਿੱਤਰ ਕਰਮ ਕਾਰ ਨੂੰ ਤਾਂ ਪਾਟੀ 'ਚੋਂ ਕੱਢ ਦਿਤਾ ਹੈ। ਸਿਮੈਂਟ ਵਿਚ ਬਹੁਤ ਪੈਸੇ ਗੋਲ ਮਾਲ ਕਰ ਗਿਆ। ਹਿਸਾਬ ਪੱਤਰ੍ਹ ਕੁਝ ਵੀ ਨਹੀਂ ਦਿਤਾ ਤੇ ਉਹਨੂੰ ਕਢਣਗੇ ਨਹੀਂ ? ਪਾਟੀ ਦਾ ਬੰਦੂਕ ਪਸਤੌਲ ਵੀ ਨਹੀਂ ਦਿਤਾ। ...ਪਰ ਸਕੱਤਰ ਸਾਹਿਬ ਨੇ ਕਾਲੀਚਰਨ ਜੀ ਨੂੰ ਪ੍ਰਾਈਵੇਟ ਵਿਚ ਕਿਹਾ ਹੈ, ਕਿਸੇ ਤਰ੍ਹਾਂ ਉਹਦੇ ਕੋਲੋਂ ਬੰਦੂਕ ਪਸਤੌਲ ਲਵੋ। ਸਰਕਾਰ ਨੂੰ ਜਮਾਂ ਕਰਨਾ ਹੈ। ਇਸ ਲਈ ਕਾਲੀਚਰਨ ਜੀ ਉਹਦੇ ਨਾਲ ਹੇਲ-ਮੇਲ ਕਰ ਰਹੇ ਹਨ। ...ਇਹ ਗੱਲ ਬਿਲਕੁਲ ਗੁਪਤ ਹੈ। ਖ਼ਬਰਦਾਰ। ਕਿਸੇ ਨੂੰ ਕਹਿਣਾ ਨਹੀਂ ਸਨਿੱਚਰਾ। ਹਾਂ, ਨਹੀਂ ਤਾਂ ਜਾਣਦੇ ਹੋ ? ਕਿਰਾਂਤੀ ਪਾਟੀ ਦੀ ਗੱਲ ਦਸਣ ਦੀ ਕੀ ਸਜ਼ਾ ਮਿਲਦੀ ਹੈ ? ਨਾ ਨਾ ਲੋਕ ਪੁਛਣ ਤਾਂ ਕਹਿਣਾ ਚਾਹੀਦਾ ਹੈ ਕਿ...

"ਕਿ ਪਾਟੀ ਨੂੰ ਹੁਣ ਬੰਦੂਕ ਪਸਤੌਲ ਦੀ ਲੋੜ ਨਹੀਂ ਹੈ ?"

"ਨਹੀਂ !" ਸੁੰਦਰ ਮੁਸਕਰਾਉਂਦਾ ਹੈ, ਅਰਥਾਤ ਏਨੀ ਜਲਦੀ ਤੁਸੀਂ ਸਾਰੀਆਂ ਗੱਲਾਂ ਜਾਣ ਲੈਣਾ ਚਾਹੁੰਦੇ ਹੋ ? ਹਾਲੇ ਕੁਛ ਦਿਨ ਹੋਰ ਮੈਂਬਰੀ ਕਰੋ। ਤੁਹਾਡਾ ਕਾਨਾਫ਼ਾਰਮ (ਕਨਫ਼ਰਮ) ਹੋ ਜਾਵੇਗਾ ਤਦ ਸਾਰੀਆਂ ਗੱਲਾਂ ਜਾਣੋਗੇ। ਨਵੇਂ ਮੈਂਬਰਾਂ ਦਾ ਕੰਨ ਕੱਚਾ ਹੁੰਦਾ ਹੈ। ਇਧਰੋਂ ਸੁਣਿਆ ਤੇ ਉਧਰ ਉਗਲ ਦਿਤਾ। ਕਾਨਫਾਰਮ ਹੋਣ ਦਿਓ...।

"ਕਾਮਰੇਡ ਸੋਮਾਂ ? ਆਓ, ਤੁਹਾਡੀਆਂ ਹੀ ਗੱਲਾਂ ਹੋ ਰਹੀਆਂ ਸਨ ? ਉਡੀਕ 'ਚ ਬੈਠਿਆਂ ਬੈਠਿਆਂ ਦੋ ਲਬਨੀ ਤਾੜੀ ਖ਼ਤਮ ਹੋ ਗਈ।" ਸੁੰਦਰ ਹਸਦਾ ਹੈ।

ਸੁੰਦਰ ਅੱਜ ਕੱਲ੍ਹ ਸਦਾ ਖੱਦਰ ਦਾ ਪੰਜਾਬੀ ਕੁਰਤਾ ਪਾਈ ਰਖਦਾ ਹੈ। ਪੰਜਾਬੀ ਦੇ ਗਲ ਵਿਚ ਦੋ ਇੰਚ ਦੀ ਉਚੀ ਪੱਟੀ ਲਗੀ ਹੋਈ ਹੈ। ਇਸ ਨੂੰ 'ਸੋਸ਼ਲਿਟ ਕਾਟ' ਕੁਰਤਾ ਕਹਿੰਦੇ ਹਨ; ਸੋਸ਼ਲਿਟ ਨੂੰ ਛੱਡ ਕੇ ਹੋਰ ਕੋਈ ਨਹੀਂ ਪਹਿਨ ਸਕਦਾ। ਪਿੰਡ ਦੇ ਮੈਂਬਰਾਂ ਵਿਚੋਂ ਸਿਰਫ਼ ਤਿੰਨ ਮੈਂਬਰ ਹੀ ਇਹੋ ਜਿਹਾ ਕੁਰਤਾ ਪਾਉਂਦੇ ਹਨ- ਕਾਲੀ, ਵਾਸੁਦੇਵ ਅਤੇ ਸੁੰਦਰ। ਬਾਕੀ ਮੈਂਬਰਾਂ ਨੇ ਜ਼ਿੰਦਗੀ ਵਿਚ ਕਦੀ ਗੰਜੀ ਵੀ ਨਹੀਂ ਪਹਿਨੀ। ਪਰ ਬਿਨਾਂ ਸੋਸ਼ਲਿਟ ਕਾਟ ਕੁਰਤਾ ਪਾਏ ਕੋਈ ਕਿਵੇਂ ਜਾਣੂਗਾ ਕਿ

ਸੋਸ਼ਲਿਟ ਹੈ, ਕਿਰਾਂਤੀ ਹੈ । ਇਕ ਕੁਰਤੇ ਤੇ ਸੱਤ ਰੁਪਏ ਖ਼ਰਚ ਹੁੰਦੇ ਹਨ। ...ਵਾਸੂਦੇਵ ਅੱਜ ਕੱਲ੍ਹ ਬੀੜੀ ਨਹੀਂ ਪੀਂਦਾ, ਮੋਟਰ ਮਾਰਕਾ ਸਿਗਟ ਪੀਂਦਾ ਹੈ। ਸਕੱਤਰ ਸਾਹਿਬ ਸੈਨਿਕ ਜੀ, ਚੰਗਾੜੀ ਜੀ, ਮਾਸਟਰ ਸਾਹਿਬ, ਸਾਰੇ ਵੱਡੇ ਵੱਡੇ ਲੀਡਰ ਸਿਗਟ ਪੀਂਦੇ ਹਨ। ਸੋਸ਼ਲਿਟ ਪਾਟੀ ਦੇ ਮੈਂਬਰ ਨੂੰ ਬੀੜੀ ਨਹੀਂ ਸਿਗਟ ਪੀਣਾ ਚਾਹੀਦਾ ਹੈ ।

ਅੱਜ ਦੇ ਬਹਿਣ ਦਾ ਪੂਰਾ ਖ਼ਰਚ ਸੋਮਾਂ ਹੀ ਦੇਵੇਗਾ । ਇਸ ਲਈ ਹੱਥ ਖਿਚ ਕੇ ਚੁੱਕੜ ਭਰਨ ਦੀ ਜ਼ਰੂਰਤ ਨਹੀਂ । ਪਾਈ ਜਾਵੋ । ਇਕ ਲਬਨੀ, ਦੋ ਲਬਨੀ, ਤਿੰਨ ਲਬਨੀ। ...ਚਰਖਾ ਸੈਂਟਰ ਵਾਲੇ ਕਹਿ ਰਹੇ ਹਨ, ਅਗਲੇ ਸਾਲ ਤੋਂ ਤਾੜੀ ਦਾ ਗੁੜ ਬਣੇਗਾ । ਕੋਈ ਤਾੜੀ ਨਹੀਂ ਪੀ ਸਕੇਗਾ । ਇਸ ਵਰ੍ਹੇ ਪੀ ਲਵੋ । ਜਿੰਨੀ ਵੀ ਚਾਹੋ ।

ਸੋਮਾਂ ਦਾ ਸਰੀਰ ਕਾਲੀਚਰਨ ਤੋਂ ਵੀ ਜ਼ਿਆਦਾ ਬੁਲੰਦ ਹੈ। ਪੁਲਸ ਦਰੋਗੇ ਦੀ ਮਾਰ ਕੁੱਟ ਨਾਲ ਹੱਡੀਆਂ ਟੁੱਟ ਕੇ ਗੱਠਦਾਰ ਬਣ ਜਾਂਦੀਆਂ ਹਨ । ਗੱਠ ਵਾਲੀ ਹੱਡੀ ਬੜੀ ਮਜ਼ਬੂਤ ਹੁੰਦੀ ਹੈ। ਕਾਲੀਚਰਨ ਦੀ ਦੇਹ ਵਿਚ ਹਾਥੀ ਦੰਦ ਦੀ ਕਰੜਾਈ ਹੈ, ਅਤੇ ਸੋਮਾਂ ਦੇ ਚਿਹਰੇ ਤੇ ਲੋਹੇ ਦੀ ਕਠੋਰਤਾ। ਕਾਲੀਚਰਨ ਦੀਆਂ ਅੱਖਾਂ ਵਿਚ ਪਾਣੀ ਹੈ ਅਤੇ ਸੋਮਾਂ ਦੀਆਂ ਅੱਖਾਂ ਬਿੱਲੀ ਵਾਂਗ ਚਮਕਦੀਆਂ ।

"ਕੌਣ ਹਰ ਗੌਰੀ ? ਸ਼ਿਵ ਸੰਕਰ ਸਿੰਘ ਦਾ ਪੁੱਤਰ ? ...ਤਹਿਸੀਲਦਾਰ ਹੋ ਗਿਆ ਹੈ ? ਕਾਲੀਚਰਨ ਜੀ ਹੁਕਮ ਦੇਣ ਤਾਂ ਇਕੋ ਰਾਤ ਵਿਚ ਉਹਦੀ ਹੱਡੀ ਪਸਲੀ ਇਕ ਕਰ ਦੇਈਏ ।" ਸੋਮਾਂ ਮੁੱਛਾਂ ਨਾਲ ਲਗੀ ਹੋਈ ਤਾੜੀ ਦੀ ਝੱਗ ਨੂੰ ਪੂੰਝਦਿਆਂ ਕਹਿੰਦਾ ਹੈ।

"ਕਾਮਰੇਡ। ਹੁਣ ਮੁੱਛਾਂ ਕਟੌਣੀਆਂ ਪੈਣਗੀਆਂ । ਪਾਟੀ ਦਾ ਮੈਂਬਰ ਬਣ ਕੇ ਮੁੱਛ ਨਹੀਂ ਰਖਣੀ ਹੋਵੇਗੀ ।" ਸੁੰਦਰ ਕਹਿੰਦਾ ਹੈ।

"ਕਟਾ ਲਵਾਂਗੇ, ਪਰ ਕਾਲੀਚਰਨ ਜੀ, ਹੁਕਮ ਦੇਣ ਤਾਂ...।"

"ਚੰਗਾ, ਚੰਗਾ, ਕਾਮਰੇਡ ਹਾਲੇ ਠਹਿਰੋ। ਸੰਘਰਸ਼ ਹੋਣ ਵਾਲਾ ਹੈ। ਪਰਸਤਾਬ ਪਾਸ ਹੋ ਗਿਆ ਹੈ। ਉਦੋਂ ਦੇਖਾਂਗੇ ਤੁਹਾਡੀ ਬਹਾਦਰੀ।"

"ਬਾਲਦੇਬੋ ਨੂੰ ਪਿੰਡੋਂ ਨਸਾ ਨਹੀਂ ਸਕਦੇ ਤੁਸੀਂ ਲੋਕ ? ਸੁਣਦੇ ਹਾਂ ਕਿ ਮੱਠ ਦੀ ਕੁਠਾਰਨ ਨਾਲ ਖ਼ੂਬ ਹੇਲ-ਮੇਲ ਹੋ ਗਿਆ ਹੈ। ਕਾਲੀਚਰਨ ਜੀ ਹੁਕਮ ਦੇਣ ਤਾਂ ਇਕੋ ਦਿਨ ਵਿਚ ਉਹਨੂੰ ਚੰਨਣ ਪੱਟੀ ਦਾ ਰਾਹ ਦਿਖਾ ਦੇਈਏ ।"

"ਓਏ ਬਾਲਦੇਵ ਜੀ ਤਾਂ ਹੁਣ ਮੁਰਦਾ ਹੋ ਗਏ, ਹੁਣ ਉਨ੍ਹਾਂ ਨੂੰ ਕੌਣ ਪੁੱਛਦਾ ਹੈ। ਉਨ੍ਹਾਂ ਨੂੰ ਕੋਈ ਬੱਚਾ ਵੀ ਹੁਣ ਮੂੰਹ ਨਹੀਂ ਲੌਂਦਾ। ਕਾਂਗਰਸ 'ਚ ਉਨ੍ਹਾਂ ਦੀ ਬਦਨਾਮੀ ਹੋ ਗਈ ਹੈ। ਉਹ ਤਾਂ ਸਾਡੇ ਲੋਕਾਂ ਦੇ ਸਹਾਰੇ ਹੀ ਕੁੱਦਦੇ ਸਨ। ...ਕੁਠਾਰਨ ਨੇ ਤਾਂ ਸੱਤਰ ਚੂਹੇ ਖਾਧੇ ਹੋਏ ਹਨ। ਬਾਲਦੇਵ ਜੀ ਨੂੰ ਉਹਦੇ ਫੇਰ ਵਿਚ ਪੈਣ ਤਾਂ

ਦਿਓ। ਅਸੀਂ ਇਹੋ ਚਾਹੁੰਦੇ ਹਾਂ। ...। ਹਾਂ...ਸਮਝਿਆ ? ...ਚਰਖਾ ਸੈਂਟਰ ਤੇ ਵੀ ਹੁਣ ਆਪਣਾ ਹੀ ਕਬਜ਼ਾ ਸਮਝੋ। ਮਾਸਟਰਨੀ ਜੀ ਕਾਲੀਚਰਨ ਨੂੰ ਪੁਛੇ ਬਿਨਾਂ ਪਾਣੀ ਵੀ ਨਹੀਂ ਪੀਂਦੀ। ਕੁਛ ਦਿਨਾਂ ਵਿਚ ਉਹ ਵੀ ਕਾਮਰੇਡ ਹੋ ਜਾਵੇਗੀ। ਇਕ ਬੋਨਦਾਸ ਰਹਿ ਗਿਆ, ਸੋ ਡੇਢ ਬਿੱਤੇ ਦਾ ਆਦਮੀ ਕਰ ਹੀ ਕੀ ਸਕਦਾ ਹੈ ?"

ਚਾਰ ਲਬਨੀ ਸੰਝਾ ਤਾੜੀ ਖ਼ਤਮ ਹੋ ਗਈ। ਸੂਰਜ ਡੁਬਣ ਵੇਲੇ ਜਿਹੜੀ ਲਬਨੀ ਬਿਰਛ ਤੋਂ ਲਾਹੀ ਜਾਂਦੀ ਹੈ, ਉਹਦੀ ਲਾਲੀ ਤੁਰਤ ਹੀ ਅੱਖਾਂ ਵਿਚ ਉਤਰ ਆਉਂਦੀ ਹੈ। ਨਸ਼ੇ ਦੇ ਅਰਥ ਹਨ — ਹੋਰ ਵੀ ਥੋੜਾ ਪੀਣ ਦੀ ਖ਼ਾਹਿਸ਼। ...ਹੋਰ ਇਕ ਲਬਨੀ।

"ਓਏ ਵਿਚਾਰੇ ਡਾਕਟਰ ਕੋਲ ਪੈਸਾ ਕਿਥੇ ? ਮੁਖ਼ਤ 'ਚ ਤਾਂ ਇਲਾਜ ਕਰਦਾ ਹੈ। ਇਕ ਪੈਸਾ ਵੀ ਤਾਂ ਨਹੀਂ ਛੋਂਹਦਾ।"

"ਡਾਕਟਰ ਕੋਲ ਪੈਸਾ ਨਹੀਂ ? ਕੀ ਕਹਿੰਦੇ ਹੋ ? ...ਲੋਚਨ ਪੁਰ ਦੇ ਡਾਕਟਰ ਨੇ ਪੁਖਤਾ ਮਕਾਨ ਬਣਾ ਲਿਆ ਹੈ। ਜੀਵਛ ਜੰਗ ਦੇ ਡਾਕਟਰ ਨੇ ਤਿੰਨ ਸੋ ਬਿਘੇ ਦੀ ਪਤਨੀ (ਜ਼ਿਮੀਂਦਾਰੀ) ਖ਼ਰੀਦੀ ਹੈ। ਸਿੰਭਵਾ ਗਤਇਆ ਦਾ ਡਾਕਟਰ ਡਕੈਤੀ ਕਰਦਾ ਹੈ, ਸਰਦਾਰ ਹੈ ਡਕੈਤੀ ਦਾ। ਕਿਦਾਂ ਦਾ ਡਾਕਟਰ ਹੈ, ਤੁਹਾਡੇ ਪਿੰਡ ਦਾ ?"

"ਹੱਸਲ ਪਿੰਡ ਦੇ ਹਰਖੂ ਤੇਲੀ ਨੇ ਬੇਥੱਵਾ ਪੈਸਾ ਕੱਠਾ ਕੀਤਾ। ਪੈਸਾ ਮਹਿਕਦਾ ਹੈ।"

"ਮਹਿਮਦਿਆ ਦੇ ਤਾਲੂਕ ਚੰਦ ਨੂੰ ਬੰਦੂਕ ਦਾ ਲਸੰਸ ਮਿਲ ਗਿਆ ਹੈ, ਅਤੇ ਲੋਹੇ ਦਾ ਬਕਸਾ ਕਲਕੱਤਿਓਂ ਲੈ ਆਇਆ ਹੈ।"

"ਓਏ, ਕਿੰਨੇ ਹੀ ਬੰਦੂਕ ਤੇ ਤਜੋਰੀ ਵਾਲਿਆਂ ਨੂੰ ਦੇਖਿਆ ਹੈ। ...ਬੱਲਮ ਬਰਛੇ ਨਾਲ ਹੀ ਸਾਰੇ ਇਲਾਕੇ ਨੂੰ ਅਸੀਂ ਮੱਛੀ ਵਾਂਗ ਭੁੰਨ ਕੇ ਖਾਂਦੇ ਰਹੇ ਹਾਂ। ਜੇ ਇਕ ਨਾਲੀ ਬੰਦੂਕ ਵੀ ਹੱਥ ਲਗ ਜਾਵੇ ਤਾਂ ਸਾਲੇ ਭੂਪਤ ਸਿੰਘ ਦੀ ਕਚਹਿਰੀ ਦੇ ਨਿਪਾਲੀ ਪਹਿਰੇਦਾਰਾਂ ਨੂੰ ਵੀ ਸਿੱਝ ਲਈਏ।"

"ਜਿਹੜਾ ਕਦੀ ਨਹੀਂ ਗੌਂਦਾ, ਉਹ ਵੀ ਨਸ਼ਾ ਖਿੜਨ ਤੇ ਗੌਣ ਲਗਦਾ ਹੈ, ਅਤੇ ਸੁੰਦਰ ਤਾਂ ਕੀਰਤਣੀਆ ਹੈ, ਸੁਰਾਜੀ ਕੀਰਤਨ ਵੀ ਗੌਂਦਾ ਹੈ, ਅਤੇ ਕਿਰਾਂਤੀ ਗੀਤ ਵੀ। ਨਸ਼ਾ ਖਿੜਨ ਤੇ ਕਿਰਾਂਤੀ ਗੀਤ ਖ਼ੂਬ ਜੰਮਦਾ ਹੈ।

ਅਰੇ ਜ਼ਿੰਦਗੀ ਹੈ ਕਿਰਾਂਤੀ ਸੇ ਕਿਰਾਂਤੀ ਮੇ ਬਿਤਾਏ ਜਾ,
ਦੁਨੀਆਂ ਕੇ ਪੂੰਜੀਵਾਦ ਕੋ ਦੁਨੀਆਂ ਸੇ ਮਿਟਾਏ ਜਾ।

ਸਨਿੱਚਰਾ ਲਬਨੀ ਨੂੰ ਮੂੰਧੀ ਕਰਕੇ ਤਬਲਾ ਬਜਾਉਂਦਾ ਹੈ; ਅਤੇ ਮੂੰਹ 'ਚੋਂ ਬੋਲ ਬੋਲਦਾ ਹੈ:

ਚਕ ਕੋ ਚਕ ਧੂੰਮ ਮਕੋ ਕੇ ਲਾਵਾ,
ਦੁਨਿਆਂ ਕੇ ਗਰੀਬੋਂ ਕਾ ਪੈਸਾ ਜਿਸਨੇ ਚੂਸ ਲਿਆ,
ਅਰੇ ਹਾਂ, ਪੈਸਾ ਜਿਸਨੇ ਚੂਸ ਲਿਆ,

ਹਾਂ ਜੀ, ਪੈਸਾ ਜਿਸਨੇ ਚੂਸ ਲਿਆ,
ਉਸਕੀ ਹੱਡੀ ਹੱਡੀ ਸੇ ਪੈਸਾ ਫਿਰ ਚੁਕਾਏ ਜਾ।
ਹੰਸ ਕੇ ਗੋਲੀ ਦਾਗੇ ਜਾ,
ਹੰਸ ਕੇ ਗੋਲੀ ਖਾਏ ਜਾ।

"ਵਾਹ ਵਾ। ਕਿਆ ਬਾਤ ਹੈ। ਇਨਕਲਾਬ ਹੈ, ਜਿੰਦਾਬਾਦ ਹੈ। ਜਰਾ ਖੜਾ ਹੋ ਕੇ ਭਾਵ ਦਿਖਾ ਕੇ ਲੱਕ ਹਿਲਾ ਕੇ ਸੁੰਦਰ ਭਰਾਵਾ।"

ਸੁੰਦਰ ਖੜਾ ਹੋ ਕੇ ਨੱਚਣ ਲਗਦਾ ਹੈ—

'ਜ਼ਿੰਦਗੀ ਹੈ ਕਿਰਾਂਤੀ ਸੇ, ਕਿਰਾਂਤੀ ਮੇ...'
ਚਕੇ ਕੇ ਚਕ ਧੁੰਮ, ਮਕੈ ਕੇ ਲਾਵਾ...

ਕਾਲੀਚਰਨ ਨੇ ਅੱਜ ਸ਼ਾਮੀ ਬੈਠਕ ਬੁਲਾਈ ਸੀ। ਉਪਰੋਂ ਸਭ ਤੋਂ ਵੱਡੇ ਲੀਡਰ ਆ ਰਹੇ ਹਨ, ਪੂਰੈਨਿਆਂ। ਥੈਲੀ ਲਈ ਚੰਦਾ ਵਸੂਲਣਾ ਹੈ। ਸਕੱਤਰ ਸਾਬ੍ਹ ਕਹਿ ਰਹੇ ਸਨ...ਸਭ ਤੋਂ ਵੱਡੇ ਲੀਡਰ ਜੀ ਪੂਰੈਨਿਆਂ ਆਉਣ ਲਈ ਬਿਲਕੁਲ ਤਿਆਰ ਨਹੀਂ ਸਨ ਹੋ ਰਹੇ। ਬਹੁਤ ਕਹਿਣ ਸੁਣਨ ਤੇ ਸਾਰੇ ਜ਼ਿਲ੍ਹੇ 'ਚੋਂ ਦੱਸ ਹਜ਼ਾਰ ਰੁਪਏ ਦੀ ਥੈਲੀ ਤੇ ਰਾਜੀ ਹੋਏ ਹਨ। ਕਾਲੀਚਰਨ ਨੇ ਤਿੰਨ ਸੌ ਰੁਪਏ ਵਸੂਲ ਕੇ ਦੇਣੇ ਹਨ। ...ਐਤਕੀਂ ਰਸੀਦ ਬਹੀ ਤੇ ਸਭ ਤੋਂ ਵੱਡੇ ਲੀਡਰ ਦੀ ਤਸਵੀਰ ਹੈ।

"ਪਰ ਤੁਸੀਂ ਗਏ ਕਿਥੇ ਸੀ? ...ਉਹ। ਆਸਮਾਨ ਬਾਗ। ਬੜੀ ਦੇਰ ਹੋ ਗਈ। ਏਦਾਂ ਪਾਟੀ ਦਾ ਕੰਮ ਕਿਵੇਂ ਚਲੇਗਾ? ਬੋਲੋ ਕਿਹੜਾ ਕਿੰਨਾਂ ਰੁਪਿਆ ਵਸੂਲ ਕੇ ਦੇਵੇਗਾ? ਤਿੰਨ ਸੌ ਰੁਪਏ ਦੱਸ ਦਿਨਾਂ ਵਿਚ ਹੀ ਵਸੂਲ ਕੇ ਦੇਣੇ ਹਨ।"

"ਬਸ ਤਿੰਨ ਸੌ? ਕੋਈ ਗੱਲ ਨਹੀਂ ਹੋ ਜਾਣਗੇ।"

"ਦੱਸ ਦਿਨ ਕੀ ਪੰਜਾਂ ਹੀ ਦਿਨਾਂ ਵਿਚ ਹੋ ਜਾਣਗੇ।"

"ਤਿੰਨ ਸੌ ਰੁਪਏ ਦੀ ਕਿਹੜੀ ਗੱਲ ਹੈ?"

"ਇਨਕਿਲਾਬ ਜ਼ਿੰਦਾਬਾਤ ਹੈ।"

## ਤੇਤੀ

ਆਮੰਗਲ।

"ਪਿੰਡ ਦੇ ਮੰਗਲ ਦੀ ਹੁਣ ਕੋਈ ਉਮੇਦ ਨਹੀਂ।

ਹਰ ਗੌਰੀ ਤਹਿਸੀਲਦਾਰ ਦੁਰਗਾ ਦੇ ਵਾਹਨ ਵਾਂਗ ਗਰਜਦਾ ਹੈ, "ਸਭ ਸਾਲੇ। ਚੁਪਚਾਪ ਦਫ਼ਾ 40 ਦੀ ਦਰਖਾਸਤ ਦੇ ਕੇ ਸਮਝੇ ਸਨ ਕਿ ਜ਼ਮੀਨ ਨਕਦੀ ਹੋ ਗਈ।

ਹੁਣ ਨੱਜਿੱਠੇ। ਬੌਨੇ ਤੇ ਬਲਦੇਵ ਤੋਂ ਜ਼ਮੀਨ ਲਵੇ। ਸਭ ਸਾਲਿਆਂ ਤੋਂ ਜ਼ਮੀਨ ਛੁਡਾ ਲੈਣ ਲਈ ਕਿਹਾ ਹੈ। ਮੈਨੇਜਰ ਸਾਹਿਬ ਨੇ ਕਿਹਾ ਲਵੋ ਜ਼ਮੀਨ ਰਾਮ ਨਾਮ ਦੀ ਲੁਟ ਹੈ।...ਓਦੇ ਕਾਂਗਰਸੀ ਰਾਜ ਹੈ ਤਾਂ ਕੀ ਜ਼ਿਮੀਂਦਾਰਾਂ ਨੂੰ ਘੋਲ ਕੇ ਪੀ ਜਾਵੋਗੇ ?"

ਸੁਮਰਿਤਦਾਸ ਬੇਤਾਰ ਦੀ ਜੀਭ ਥਕਦੀ ਨਹੀਂ। ਸਵੇਰ ਤੋਂ ਹੀ ਬਕ-ਬਕ ਕਰੀ ਜਾ ਰਿਹਾ ਹੈ। ਤਤਮਾਂ ਟੋਲੀ ਵਿਚ, ਪਾਸਵਾਨ ਟੋਲੀ ਵਿਚ ਅਤੇ ਕੋਇਰੀ ਟੋਲੇ ਵਿਚ ਘੁੰਮ ਘੁੰਮ ਕੇ ਉਹ ਲੋਕਾਂ ਨੂੰ ਸੁਣਾ ਰਿਹਾ ਹੈ — "ਮੈਨੇਜਰ ਸਾਹਿਬ ਨੇ ਪਰਵਾਨੇ ਵਿਚ ਕੀ ਲਿਖਿਆ ਹੈ, ਪਤਾ ਹੈ ? ਨਵਾਂ ਤਹਿਸੀਲਦਾਰ ਤਾਂ ਇਕ ਦਮ ਘਬਰਾ ਗਿਆ ਸੀ। ਮੈਂ ਕਿੰਨਾਂ ਸਮਝਾਇਆ — ਤਹਿਸੀਲਦਾਰ, ਤੁਸੀਂ ਬਿਲਕੁਲ ਚੁੱਪ ਰਹੋ। ਜਿੰਨ੍ਹਾਂ ਲੋਕਾਂ ਨੇ ਦਰਖ਼ਾਸਤ ਦੇਣੀ ਹੈ, ਦੇਣ ਦਿਓ। ਜਿਸ ਦਿਨ ਮੁਕੱਦਮੇ ਦੀ ਤਾਰੀਕ ਹੋਵੇਗੀ, ਉਸ ਤੋਂ ਇਕ ਦਿਨ ਪਹਿਲਾਂ ਅਸੀਂ ਤੁਹਾਨੂੰ ਇਕ ਨੁਕਸ ਦਸ ਦਿਆਂਗੇ। ਉਹੋ ਹੋਇਆ। ਜ਼ਿਮੀਦਾਰੀ ਵਕੀਲ ਤਾਂ ਸੁਣ ਕੇ ਕੁੱਦਣ ਲਗਾ ਭਾਵੇਂ ਕੁਝ ਵੀ ਕਹੋ, ਤਹਿਸੀਲਦਾਰ ਵਿਸ਼ਨਾਥ ਪ੍ਰਸ਼ਾਦ ਨੇ ਕਦੀ ਕੋਈ ਨੁਕਸ ਸਾਥੋਂ ਲੁਕਾ ਕੇ ਨਹੀਂ ਰਖਿਆ।...ਮੈਨੇਜਰ ਸਾਹਿਬ ਨੇ ਕੀ ਲਿਖਿਆ ਹੈ, ਪਤਾ ਹੈ ? ਸੁਮਰਿਤਦਾਸ ਨੂੰ ਇਕ ਵਾਰ ਸਰਕਲ ਕਚਹਿਰੀ ਵਿਚ ਭੇਜ ਦਿਓ। ਸੁਸਲਿੰਗ ਮੁਸਲਿੰਗ ਕੀ ਕਰੇਗਾ ?"

"ਸੁਮਰਿਤਦਾਸ। ਬੁਢਾਪੇ 'ਚ ਜੇ ਇੱਜ਼ਤ ਬਚੋਣੀ ਹੈ ਤਾਂ ਜ਼ਰਾ ਹੋਸ਼ ਹਵਾਸ ਠੀਕ ਰਖ ਕੇ ਬੋਲਿਆ ਕਰ। ਸਮਝਿਆ ਹੈ ?" ਕਾਲੀਚਰਨ ਦੀਆਂ ਅੱਖਾਂ ਲਾਲ ਸ਼ਾਹ ਹਨ। ਸਵੇਰ ਤੋਂ ਹੀ ਉਹ ਸੁਮਰਿਤ ਦਾਸ ਨੂੰ ਲੱਭ ਰਿਹਾ ਹੈ। ਪਾਰਟੀ ਦੇ ਖ਼ਿਲਾਫ਼ ਬੁੱਢਾ ਕਲ੍ਹ ਤੋਂ ਹੀ ਊਂਲ ਜਲੂਲ ਪਰਾਪੇਗੰਡਾ ਕਰ ਰਿਹਾ ਹੈ।

"ਸਮਝਿਆ ? ਹਾਂ।...ਫੇਰ ਇਹ ਨਾ ਕਹੀਂ ਕਿ ਸੋਸ਼ਲਿਸਟ ਪਾਰਟੀ ਦੇ ਛੋਕਰਿਆਂ ਨੂੰ ਵੱਡੇ ਛੋਟੇ ਦਾ ਖ਼ਿਆਲ ਨਹੀਂ।"

"ਅਸੀਂ ਕੀ ਕਿਹਾ ਹੈ ? ਪੁੱਛੋਂ ਇਨ੍ਹਾਂ ਲੋਕਾਂ ਤੋਂ ਪੁੱਛੋਂ, ਬੋਲੋ ਜੀ ਗੁਲਚਰਨ। ਸੁਸ਼ਲਿੰਗ ਪਾਰਟੀ......।"

"ਸੁਸ਼ਲਿੰਗ ਨਾ ਕਹਿ। ਸੋਸ਼ਲਿਸਟ ਕਹਿ।...ਗੱਲ ਤਾਂ ਮੂੰਹੋਂ ਨਿਕਲਦੀ ਹੀ ਨਹੀਂ ਅਤੇ ਸ਼ੇਖੀਆਂ ਮਾਰਦਾ ਏਂ।...ਜ਼ਿਮੀਂਦਾਰ ਦੇ ਤਹਿਸੀਲਦਾਰ ਨੂੰ ਅਤੇ ਮੈਨੇਜਰ ਨੂੰ ਵੀ ਜਾ ਕੇ ਕਹਿ ਦੇ, ਮੁਜ਼ਾਰਿਆਂ ਕੋਲੋਂ ਜ਼ਮੀਨ ਛਡੋਣੀ ਹਾਸਾ ਠੱਠਾ ਨਹੀਂ। ਪਾਟੀ ਦੇ ਏਜਕੂਟੀ ਵਿਚ ਪਰਸਤਾਵ ਪਾਸ ਹੋ ਗਿਆ ਹੈ। ਸੰਘਰਸ਼ ਹੋਵੇਗਾ। ਸੰਘਰਸ਼ ! ਸਮਝਿਆ ?"

ਕਾਲੀਚਰਨ ਗਰਦਨ ਅਕੜਾਉਂਦਾ ਹੋਇਆ ਚਲਾ ਗਿਆ। ਕਰੋਡ ਸੱਪ ਨੂੰ ਗੁੱਸੇ ਵਿਚ ਆਕੜਿਆਂ ਦੇਖਿਆ ਹੈ ਨਾ, ਬਿਲਕੁਲ ਉਸੇ ਤਰ੍ਹਾਂ ! ਸੁਮਰਿਤਦਾਸ ਨੂੰ

ਝੁਨਝੁਣੀ ਛਿੜ ਜਾਂਦੀ ਹੈ। ਆਲੇ ਦੁਆਲੇ ਬੈਠੇ ਲੋਕਾਂ ਦੀ ਵੀ ਧੌਂਖੜੀ ਤੇਜ਼ ਹੋ ਜਾਂਦੀ ਹੈ। ਹੁਣੇ ਹੀ ਏਦਾਂ ਲਗਦਾ ਸੀ ਕਿ ਜ਼ੁਲਮ ਹੋ ਜਾਵੇਗਾ।...ਅਲਾਹੀ ਦੇਹ ਬਣਾਈ ਹੈ। ਕਲਿਏ...ਕਾਲੀਚਰਨ ਨੇ! ਵੇਖ ਕੇ ਡਰ ਲਗਦਾ ਹੈ। ਸੁਸ਼ਲੀ... ਸੁਸ਼ਲੀ ..ਸੋਸ਼ਲਿਸਟ ਪਾਰਟੀ ਵਿਚ ਜਾ ਕੇ ਤਾਂ ਹੋਰ ਵੀ ਤੇਜ਼ੀ ਨਾਲ ਜਲ-ਜਲ ਕਰ ਰਿਹਾ ਹੈ। ਸੰਘਰਸ਼ ਕੀ ਹੋਵੇਗਾ ?...

ਡਾ-ਡਿੱਗਾ, ਡਾ-ਡਿੱਗਾ।

ਸੰਥਾਲ ਟੋਲੀ ਵਿਚ ਦੋ ਦਿਹਾੜਿਆਂ ਤੋਂ ਦਿਨ ਰਾਤ ਮਾਦਲ ਵਜਦਾ ਰਹਿੰਦਾ ਹੈ। ਡਾ ਡਿਗਾ ਡਾ ਡਿੱਗਾ। ਜ਼ਨਾਨੀਆਂ ਗੌਂਦੀਆਂ ਹਨ। ਨੱਚਦੀਆਂ ਹਨ – ਝੁਮਰ ਝੁਮਰ।...ਦਰਖ਼ਾਸਤ ਨਾ ਮੰਜ਼ੂਰ ਹੋ ਗਈ। ਜ਼ਿਮੀਂਦਾਰ ਜ਼ਮੀਨ ਖੋਹ ਲਵੇਗਾ। ਕੋਠੀ ਦੇ ਜੰਗ ਵਿਚ ਜਾਮਣ ਤੇ ਗੋਲ੍ਹ ਨੂੰ ਬਹੁਤ ਫਲ ਲਗੇ ਹਨ ਐਤਕੀਂ। ਜੰਗਲੀ ਸੂਰ ਦੇ ਬੱਚੇ ਵੀ ਕਿਲਵਲ ਕਰ ਰਹੇ ਹਨ। ਹਲ ਦੇ ਫ਼ਾਲੇ ਨੂੰ ਤੋੜ ਕੇ ਤੀਰ ਬਣਾਓ। ਲੋਹਾ ਮਹਿੰਗਾ ਹੈ। ਓਏ। ਹਾਏ ਓਏ ਹਾਇ। ਡਾ ਡਿੱਗਾ, ਡਾ ਡਿੱਗਾ।

ਕਾਲੀਚਰਨ ਨੇ ਕਿਹਾ ਹੈ —

ਸੰਘਰਸ਼ ਕਰਾਂਗੇ, ਸੰਘਰਸ਼ ਕੀ ? ਪਰਸਤਾਬ ਕੀ ?
ਰਿੰਗ ਰਿੰਗ – ਤਾ ਧਿਨ – ਤਾ।
ਡਾ ਡਿੱਗਾ, ਡਾ ਡਿੱਗਾ।

ਖੇਤ ਵਿਚ ਪਟਸਣ ਦੇ ਲਾਲ ਪੌਦਿਆਂ ਨੂੰ ਦੇਖ ਕੇ ਜੀ ਲਲਚਾ ਰਿਹਾ ਹੈ। ਧਾਨ ਦੀ ਹਰੀ ਭਰੀ ਸੂਈ ਖੇਤ ਵਿਚ ਨਿਕਲ ਆਈ ਹੈ। ਮਿੱਟੀ ਦਾ ਮੋਹ ਨਹੀਂ ਟੁਟਦਾ। ਬਧਨਾ ਪਰਵ (ਸੰਥਾਲਾਂ ਦਾ ਇਕ ਪ੍ਰਸਿੱਧ ਪੁਰਵ) ਦੀ ਰਾਤੀ ਤੂੰ ਜੂੜੇ 'ਚ ਜਿਹੜਾ ਫੁੱਲ ਲਾਇਆ ਸੀ, ਉਹਨੂੰ ਨਹੀਂ ਭੁਲਿਆ ਹਾਂ। ਧਰਤੀ ਦਾ ਮੋਹ ਵੀ ਨਹੀਂ ਟੁਟ ਰਿਹਾ। ਪਿਆਰੀ, ਸਾਡੇ ਦਾਦੇ, ਪੜਦਾਦੇ ਪੁਰੈਨਿਆਂ ਦੀ ਜੇਲ ਵਿਚ ਮਰ ਖਪ ਗਏ। ਮਕਈ ਦੇ ਬਾਲਾਂ ਵਾਂਗ, ਉਨ੍ਹਾਂ ਦੇ ਬਾਲ ਭੂਰੇ ਹੋ ਗਏ ਹੋਣਗੇ। ਸਾਡੇ ਬੱਚਿਆਂ ਦੇ ਦੰਦ ਦੋਧੀ ਮਕੱਈ ਦੇ ਦਾਣਿਆਂ ਵਾਂਗ ਚਮਕਣਗੇ। ਉਨ੍ਹਾਂ ਨੂੰ ਕਹਿਣਾ, ਧਰਤੀ ਮਾਤਾ ਦੇ ਪਿਆਰ ਦੀ ਜ਼ੰਜੀਰ ਵਿਚ ਅਸੀਂ ਬੱਝ ਗਏ। ਓਏ। ਹਾਏ ਓਏ ਹਾਇ। ਰਿੰਗ ਰਿੰਗ — ਤਾ ਧਿਨ — ਤਾ। ਡਾ ਡਿੱਗਾ, ਡਾ ਡਿੱਗਾ।...

"ਜੇ ਜ਼ਮੀਨ ਤੇ ਕੋਈ ਆਵੇ ਤਾਂ ਗਰਦਨ ਵਢ ਲਵੋ।"

ਤਹਿਸੀਲਦਾਰ ਹਰ ਗੌਰੀ ਸਿੰਘ ਨੇ ਮੁਜ਼ਾਰਿਆਂ ਨਾਲ ਜ਼ਮੀਨ ਬੰਦੋਬਸਤੀ ਦਾ ਐਲਾਨ ਕਰ ਦਿਤਾ ਹੈ।...ਬਸ ਇਕ ਸੌ ਰੁਪਏ ਬਿਘਾ ਸਲਾਮੀ ਦੇ ਕੇ ਕੋਈ ਵੀ ਮੁਜ਼ਾਰਾ ਜ਼ਮੀਨ ਦੀ ਬੰਦੋਬਸਤੀ ਲਈ ਦਰਖ਼ਾਸਤ ਦੇ ਸਕਦਾ ਹੈ।...ਓਏ ਤੁਸੀਂ ਲੋਕ ਬੇਕੂਫ਼ ਹੋ। ਇਹ ਜ਼ਮੀਨਾਂ ਇਕ ਸਾਲ ਪਹਿਲਾਂ ਹੀ ਨੀਲਾਮ ਹੋ ਕੇ ਖ਼ਾਸ ਹੋ ਗਈਆਂ

ਹਨ। ਪੁਰਾਣੇ ਤਹਿਸੀਲਦਾਰ ਨੇ ਹੀ ਸਾਰੀ ਕਾਰਵਾਈ ਕੀਤੀ ਸੀ। ਨੀਲਾਮ ਹੋ ਕੇ ਖ਼ਾਸ ਹੋ ਚੁਕੀ ਜ਼ਮੀਨ ਤੇ ਦਫ਼ਾ 40 ਦੀ ਦਰਖ਼ਾਸਤ ਕਰਨ ਨਾਲ ਨਕਦੀ ਕਿਵੇਂ ਹੋਵੇਗੀ ?...ਹਾਂ, ਨਵਾਂ ਬੰਦੋਬਸਤ ਲੈਣ ਵਾਲਿਆਂ ਨੂੰ ਜਮਾਂ ਬੰਨ੍ਹ ਦਿਆਂਗੇ। ਇਹ ਤਾਂ ਸਾਡੇ ਹੱਥ ਦੀ ਹੀ ਗੱਲ ਹੈ। ਇਹਦੇ ਲਈ ਕਚਹਿਰੀ ਦੀ ਭੱਜ ਦੌੜ ਦੀ ਕੀ ਜ਼ਰੂਰਤ ?...ਓਏ ਸੁਖਾਨੂ ਦਾਸ ਮੁਕੱਦਮੇ ਵਿਚ ਕਿੰਨਾਂ ਖ਼ਰਚ ਹੋਇਆ ਤੁਹਾਡੇ ਲੋਕਾਂ ਦਾ, ਜ਼ਰਾ ਇਨ੍ਹਾਂ ਲੋਕਾਂ ਨੂੰ ਦਸ ਦਿਓ।...ਹਾਂ, ਕਾਂਗਰਸੀ ਅਤੇ ਸੋਸ਼ਲਿਸਟ ਪਾਟੀ ਵਾਲਿਆਂ ਦੀ ਖ਼ੁਰਾਕ ਵੀ ਜੜ ਲੈਣੀ।...ਸੁਣਿਆਂ ? ਹਰੇਕ ਤਾਰੀਕ ਨੂੰ ਚੰਦਾ ਵਸੂਲ ਕਰ ਕੇ ਪੈਰਵੀ ਕਰਨ ਵਾਲੇ ਨੇਤਾ ਜੀ ਲੋਕਾਂ ਨੂੰ ਦੇਣਾ ਪੈਂਦਾ ਸੀ — ਦਸ ਰੁਪਏ ਨਕਲ; ਸਿਗਰਟ ਤੇ ਪਾਨ ਦੀ ਗੱਲ ਤਾਂ ਛੱਡ ਹੀ ਦਿਓ ਇਹੋ ਪੇਸ਼ਾ ਹੈ, ਬਦੀ ਇਨ੍ਹਾਂ ਲੋਕਾਂ ਦਾ...ਹਾਂ ਜਿਸ ਦੀ ਜ਼ਮੀਨ ਨੀਲਾਮ ਹੋ ਗਈ ਹੈ, ਉਹ ਜੇ ਜ਼ਮੀਨ ਤੇ ਆਵੇ ਤਾਂ ਉਹਦੀ ਗਰਦਨ ਉਡਾ ਦਿਓ। ਰਾਜ ਵਲੋਂ ਮਦਦ ਮਿਲੇਗੀ।

ਰਾਮ ਨਾਮ ਕੀ ਲੁੱਟ ਹੈ, ਲੁੱਟ ਸਕੇ ਤਾਂ ਲੁੱਟ !

ਗਊ–ਬਲਦ, ਬੱਛਾ–ਬੱਛੀ ਅਤੇ ਮੱਝ ਤੇ ਪਾੜੇ (ਭੂਮੀ) ਦੀ ਬਿਕਰੀ ਧੜਾਧੜ ਹੋ ਰਹੀ ਹੈ। ਦੂਣੇ ਸੂਦ ਤੇ ਵੀ ਰੁਪਿਆ ਕਰਜ ਲੈ ਕੇ ਜਮੀਨ ਮਿਲ ਜਾਵੇ ਤਾਂ ਫ਼ਾਇਦਾ ਹੀ ਹੈ। ਪਟ ਦਾ ਭਾਵ ਪੰਦਰਾਂ ਰੁਪਏ ਹੈ, ਉਪਰ ਪੰਜਾਹ ਵੀ ਜਾ ਸਕਦਾ ਹੈ, ਸੌ ਵੀ ਹੋ ਸਕਦਾ ਹੈ। ਧਾਨ ਸੋਨੇ ਦੇ ਭਾਅ ਵਿਕ ਰਿਹਾ ਹੈ। ਜਿਦ੍ਹੇ ਕੋਲ ਜਮੀਨ ਨਹੀਂ, ਉਹ ਆਦਮੀ ਜਾਨਵਰ ਹੈ। ਜਾਨਵਰ ਘਾਹ ਖਾਂਦਾ ਹੈ, ਪਰ ਆਦਮੀ ਤਾਂ ਘਾਹ ਖਾ ਕੇ ਨਹੀਂ ਰਹਿ ਸਕਦਾ। ਓਏ ; ਛੱਡੋ ਜੀ ਕਾਂਗਰਸ ਤੇ ਸੁਸ਼ਲਿਟ ਪਾਰਟੀ ਦੀ ਗੱਲ ਨੂੰ।... ਦਰਖਾਸਤ ਨਾ ਮੰਨਜ਼ੂਰ ਹੋ ਗਈ। ਜਮੀਨ ਬੰਦੋਬਸਤੀ...

ਪਿੰਡ ਦੇ ਮੰਗਲ ਦੀ ਹੁਣ ਕੋਈ ਉਮੀਦ ਨਹੀਂ।

ਹਰ ਟੋਲੇ ਦੇ ਲੋਕ ਆਪਸ ਵਿਚ ਹੀ ਲੜਨਗੇ ? ਕੋਇਰੀ ਟੋਲੇ ਦੇ ਭੱਜੂ ਮਹਿਤੋ ਦੀ ਜਮੀਨ ਉਸੇ ਦਾ ਭਰਾ ਸਰੂਪ ਮਹਿਤੋ ਬੰਦੋਬਸਤੀ ਲੈ ਰਿਹਾ ਹੈ। ਸੋਬਰਨ ਦੀ ਜਮੀਨ ਤੇ ਉਹਦਾ ਚਾਚਾ ਰਾਮੇਸ਼ਰ ਨਜਰ ਗੱਡੀ ਬੈਠਾ ਹੈ। ਸੋਬਰਨ ਦੀ ਜ਼ਮੀਨ ਸੋਨਾ ਉਗਲਦੀ ਹੈ। ਯਾਦਵ ਟੋਲੀ ਦੇ ਸਾਰੇ ਮੁਜਾਰਿਆਂ ਦੀ ਨੀਲਾਮ ਹੋ ਚੁਕੀ ਜਮੀਨ ਖਿਲਾਵਨ ਸਿੰਘ ਯਾਦਵ ਲੈ ਰਹੇ ਹਨ। ਸੰਥਾਲਾਂ ਦੀ ਜਮੀਨ ਰਾਜਪੂਤ ਟੋਲੇ ਦੇ ਲੋਕ ਲੈ ਰਹੇ ਹਨ। ਸੁਮਰਿਤ ਦਾਸ ਕਹਿੰਦੇ ਹਨ, ਇਹ ਗੱਲ ਗੁਪਤ ਹੈ। ਕਿਸੇ ਨੂੰ ਕਹਿਣਾ ਨਹੀਂ ਕਿ ਸੰਥਾਲਾਂ ਦੀ ਜਮੀਨ ਖੁਦ ਤਹਿਸੀਲਦਾਰ ਸਾਹਿਬ ਲੈ ਰਹੇ ਹਨ, ਪਰ ਆਪਣੇ ਨਾਂ ਨਾਲ ਤਾਂ ਨਹੀਂ ਲੈ ਸਕਦੇ, ਇਸ ਲਈ ਦੂਜਿਆ ਦੇ ਨਾਂ ਨਾਲ ਲੈਂਦੇ ਹਨ।

ਪਿੰਡ ਦੇ ਮੰਗਲ ਦੀ ਹੁਣ ਕੋਈ ਉਮੀਦ ਨਹੀਂ। ਤਹਿਸੀਲਦਾਰ ਵਿਸ਼ਵਨਾਥ ਪ੍ਰਸਾਦ ਜੀ, ਬਾਲਦੇਵ ਅਤੇ ਬਾਵਨ ਦਾਸ ਨੂੰ ਪੰਚਾਇਤ ਬਲਾਉਣ ਲਈ ਕਹਿੰਦੇ ਹਨ।...

"ਪੰਚਾਇਤ ਤੁਸੀਂ ਹੀ ਬੁਲਾਓ, ਮੇਰੇ ਬੁਲਾਉਣ ਨਾਲ ਠੀਕ ਨਹੀਂ ਹੋਵੇਗਾ।"

ਕਾਲੀਚਰਨ ਦੀ ਦੀ ਪਾਟੀ ਦੇ ਸਭ ਤੋਂ ਵੱਡੇ ਲੀਡਰ ਪੂਰੈਨਿਆ ਆ ਰਹੇ ਹਨ। ਕਾਮਰੇਡਾਂ ਨੇ ਪੰਜਾਂ ਦਿਨਾਂ ਵਿਚ ਹੀ ਤਿੰਨ ਸੌ ਰੁਪਏ ਵਸੂਲ ਲਏ ਹਨ। ਕੱਲੇ ਸੋਮਾਂ ਨੇ ਦੋ ਸੌ ਪੰਜਾਹ ਰੁਪਏ ਦਿਤੇ ਹਨ।...ਸਭ ਤੋਂ ਵੱਡੇ ਲੀਡਰ ਨੂੰ ਕਹਿਣਾ ਪਵੇਗਾ, ਪਿੰਡ ਵਿਚ ਇਸ ਤਰ੍ਹਾਂ ਫੁਟ ਰਹਿਣ ਨਾਲ ਤਾਂ ਸੰਘਰਸ਼ ਨਹੀਂ ਹੋਵੇਗਾ। ਫੇਰ ਇਕ ਵਾਰ ਸੈਨਿਕ ਜੀ ਅਤੇ ਚਿੰਗਾੜੀ ਜੀ ਨੂੰ ਲਿਆਉਣਾ ਹੋਵੇਗਾ। ਬੜੇ ਦਿਨਾਂ ਤੋਂ ਸਭਾ ਨਹੀਂ ਹੋਈ। ਖੇਤ ਵਿਚ ਕੋੜਕਮਾਨ (ਗੋਡੀ) ਨਾ ਕਰਨ ਨਾਲ ਜਿਵੇਂ ਜੰਗਲ ਝਾੜ ਹੋ ਜਾਂਦਾ ਹੈ, ਉਸੇ ਤਰ੍ਹਾਂ ਇਲਾਕੇ ਵਿਚ ਸਭਾ ਮੀਟਿੰਗ ਨਾ ਕਰਨ ਨਾਲ ਇਲਾਕਾ ਵੀ ਖਰਾਬ ਹੋ ਜਾਂਦਾ ਹੈ। ਸਕੱਤਰ ਸਾਬ੍ਹ ਨੂੰ ਵੀ ਐਤਕੀਂ ਲਿਆਉਣਾ ਹੋਵੇਗਾ। ਐਤਕੀਂ ਲੋਡਸਪੀਕਰ ਵੀ ਲਿਆਉਣਾ ਹੋਵੇਗਾ।

ਚਰਖਾ ਸੈਂਟਰ ਦੀ ਮਾਸਟਰਨੀ ਜੀ ਅਤੇ ਮਾਸਟਰ ਜੀ ਲੋਕਾਂ ਵਿਚ ਝਗੜਾ ਹੋ ਗਿਆ ਹੈ।

ਖੱਡੀ ਮਾਸਟਰ ਟੁਨਟੁਨੀ ਜੀ ਨੂੰ ਮੰਗਲਾ ਦੇਵੀ ਦਾ ਸੋਸ਼ਲਿਸਟ ਆਫਿਸ ਵਿਚ ਰਹਿਣਾ ਬੜਾ ਬੁਰਾ ਲਗਦਾ ਹੈ। ਜਦੋਂ ਤਕ ਬੀਮਾਰ ਸੀ, ਉਥੇ ਸੀ ਤਾਂ ਸੀ, ਹੁਣ ਚੰਗੀ ਹੋ ਗਈ ਹੈ ਤਾਂ ਉਥੇ ਰਹਿਣ ਦੀ ਕੀ ਲੋੜ ਹੈ। ਅਤੇ ਮੰਗਲਾ ਦੇਵੀ ਨੂੰ ਪਟਨੇ ਦੇ ਹੀ ਜਾਣਦੇ ਹਨ ਟੁਨਟੁਨੀ ਜੀ। ਪਿੰਡ ਤਰੱਕੀ ਸੈਂਟਰ ਵਿਚ ਜਦੋਂ ਟ੍ਰੇਨਿੰਗ ਲੈਂਦੀ ਸੀ, ਉਦੋਂ ਤੋਂ ਹੀ ਉਡਣੀ ਸੀ। ਵਿਵਸਥਾਪਿਕਾ ਜੀ ਇਨ੍ਹਾਂ ਦੇ ਮਿਲਣ ਗਿਲਣ ਵਾਲਿਆਂ ਤੋਂ ਪਰੇਸ਼ਾਨ ਰਹਿੰਦੀ ਸੀ। ਰੋਜ਼ ਨਵੇਂ ਨਵੇਂ ਲੋਕ; ਬੜੀ ਵਾਰ ਮੰਗਲਾ ਦੇਵੀ ਨੂੰ ਚਿਤਾਵਨੀ ਵੀ ਦਿਤੀ ਗਈ, ਪਰ ਇਨ੍ਹਾਂ ਦੇ ਮਿਲਣ ਵਾਲਿਆਂ ਵਿਚ ਕਾਲਿਜ ਦੇ ਵਿਦਿਆਰਥੀ, ਐਮ. ਐਲ. ਏ, ਸਾਹਿਤ ਗੋਸ਼ਠੀ ਦੇ ਮੰਤਰੀ ਜੀ, ਚਰਖਾ ਸਿੰਘ ਦੇ ਕਾਰਜ ਕਰਤਾ ਅਤੇ ਕਈ ਹਿੰਦੀ ਦੈਨਿਕਾਂ ਦੇ ਸਹਾਇਕ ਸੰਪਾਦਕ ਵੀ ਸਨ। ਵਿਵਸਥਾਪਕਾ ਜੀ ਅੰਤ ਹਾਰ ਕੇ ਚੁਪ ਹੋ ਗਈ। ਮੰਗਲਾ ਦੇਵੀ ਦੀ ਸੁਤੰਤਰਤਾ ਤੇ ਹਮਲਾ ਕਰ ਕੇ ਉਹ ਇਕ ਦਰਜਨ ਤੋਂ ਵਧ ਵਿਅਕਤੀਆਂ ਦੇ ਕਰੋਧ ਦਾ ਨਿਸ਼ਾਨਾ ਨਹੀਂ ਸੀ ਬਣਨਾ ਚਾਹੁੰਦੀ। ਇਸ ਲਈ ਵਿਵਸਥਾਪਿਕਾ ਜੀ ਨੇ ਮੰਗਲਾ ਦੇਵੀ ਨੂੰ ਇਸ ਪਛੜੇ ਹੋਏ ਪਿੰਡ ਵਿਚ ਭੇਜਿਆ ਸੀ, ਪਰ ਏਥੇ ਵੀ......?

ਮੰਗਲਾ ਦੇਵੀ ਗਲਾਂ ਕਰਨ ਵਿਚ ਮਰਦਾਂ ਦੇ ਵੀ ਕੰਨ ਕਟਦੀ ਹੈ, ਪਜਾਮਾ ਅਤੇ ਕੁਰਤਾ ਪਹਿਨਦੀ ਹੈ, ਬਾਹਰ ਨਿਕਲਣ ਸਮੇਂ ਖੱਦਰ ਦਾ ਦੁਪੱਟਾ ਵੀ ਲੈ ਲੈਂਦੀ ਹੈ। ਕੱਦ ਗਿੱਠਾ, ਰੰਗ ਸਾਂਵਲਾ ਅਤੇ ਸਰੀਰ ਗਠਿਆ ਹੋਇਆ ਹੈ। ਅੱਖਾਂ ਬੜੀਆਂ ਚੰਗੀਆਂ ਖਾਸ ਤਿਰਹੁਤ ਦੀਆਂ ਅੱਖਾਂ। ਖੱਡੀ ਮਾਸਟਰ ਨੂੰ ਉਹ ਤਾਂਤ ਮਾਸਟਰ ਕਹਿੰਦੀ ਹੈ, ਅਤੇ ਚਰਖਾ ਮਾਸਟਰ ਨੂੰ ਧੁਨਿਆਂ ਮਾਸਟਰ। ਜੁਲਾਹਾ ਧੁਨਿਆ ਮੰਗਲਾ ਦੇਵੀ ਨਾਲ ਕੀ ਗੱਲ

ਕਰਨਗੇ ? ਜਦੋਂ ਬੀਮਾਰ ਪਈ ਤਾਂ ਝਾਕਣ ਖਾਤਰ ਵੀ ਤੱਕਣ ਲਈ ਨਹੀਂ ਆਉਂਦੇ ਸਨ ਅਤੇ ਅਜ ਨੈਤਿਕਤਾ ਤੇ ਪ੍ਰਵਚਨ ਕਰ ਰਹੇ ਹਨ। ਮੰਗਲਾ ਦੇਵੀ ਇਨ੍ਹਾਂ ਲੋਕਾਂ ਨੂੰ ਖੂਬ ਪਛਾਣਦੀ ਹੈ। ਵਿਵਸਥਾਪਿਕਾ ਜੀ ਨੂੰ ਲਿਖਣਗੇ ਤਾਂ ਲਿਖਣ। ਕੀ ਕਰੇਗੀ ਵਿਵਸਥਾਪਿਕਾ ਜੀ ? ਇਹੋ ਜਿਹੀਆਂ ਧਮਕੀਆਂ ਨਾਲ ਮੰਗਲਾ ਦੇਵੀ ਨਹੀਂ ਡਰਦੀ। ਟੁਨਟੁਨੀ ਜੀ ਜੋ ਚਾਹੁੰਦੇ ਹਨ, ਉਹ ਜਾਣਦੀ ਹੈ। ਪਟਨੇ ਤੋਂ ਆਉਣ ਸਮੇਂ ਸਮਸਤੀ ਪੁਰ ਵਿਚ ਲੈ ਕੇ ਉਤਰ ਗਏ। ਕਹਿਣ ਲਗੇ, ਇਥੋਂ ਗੱਡੀ ਬਦਲਣੀ ਹੋਵੇਗੀ, ਬਾਦ੍ਹ ਵਿਚ ਪਤਾ ਲਗਾ ਕਿ ਉਹੋ ਗੱਡੀ ਸਿੱਧੀ ਕਟਿਹਾਰ ਜਾਂਦੀ ਹੈ। ਦੂਸਰੀ ਗੱਡੀ ਫੇਰ ਸਵੇਰੇ ਅੱਠ ਵਜੇ। ਰਾਤੀਂ ਬਾਂਰਾਂ ਵਜੇ ਧਰਮਸ਼ਾਲਾ 'ਚ ਲੈ ਗਏ।... ਟੁਨਟੁਨੀ ਜੀ ਬਾਰੇ ਹੋਰ ਕੀ ਕਹਿਣਾ ਹੈ।

ਬਾਲਦੇਵ ਜੀ ਨੂੰ ਖਿਲਾਵਨ ਸਿੰਘ ਯਾਦਵ ਨੇ ਸਾਫ਼ ਜਵਾਬ ਦੇ ਦਿਤਾ ਹੈ। ਸਕਲਦੀਪ ਦਾ ਮੁਕਲਾਵਾ ਆਉਣ ਵਾਲਾ ਹੈ। ਨਵੀਂ ਵਹੁਟੀ ਸਹੁਰੀਂ ਵਸਣ ਰਸਣ ਲਈ ਆ ਰਹੀ ਹੈ। ਓਪਰੇ ਬੰਦੇ ਦਾ ਪਰਿਵਾਰ ਵਿਚ ਰਹਿਣਾ ਚੰਗਾ ਨਹੀਂ ਹੈ। ਚੰਪਾ ਪੁਰ ਦੇ ਆਸਿਨ ਬਾਬੂ ਦੀ ਧੀ ਹੈ। ਜਰਾ ਵੀ ਏਧਰ ਓਧਰ ਹੋਣ ਤੇ ਪਿਓ ਨੂੰ ਚਿੱਠੀ ਲਿਖ ਦੇਵੇਗੀ। ਵਡੇ ਆਦਮੀ ਦੀ ਧੀ ਹੈ......।

ਬਾਲਦੇਵ ਜੀ ਨੇ ਝੋਲਾ ਝੰਡਾ ਖ਼ਿਲਾਵਨ ਦੇ ਘਰੋਂ ਚੁਕ ਲਿਆ ਹੈ। ਬਾਲਦੇਵ ਦੀ ਮਾਸੀ ਪਿੰਡ ਵਿਚ ਘੁੰਮ ਫਿਰ ਕੇ ਸ਼ਕਾਇਤ ਕਰ ਰਹੀ ਹੈ। ਪਰ ਬਾਲਦੇਵ ਜੀ ਸਾਧੂ ਆਦਮੀ ਹਨ, ਮਾਨ ਅਪਮਾਨ ਤੋਂ ਪਰ੍ਹੇ ਹਨ। ਉਹ ਚੁਪ ਚਾਪ ਹਨ।

ਲੱਛਮੀ ਉਨ੍ਹਾਂ ਨੂੰ ਕੰਠੀ ਲੈਣ ਲਈ ਜਿੱਦ ਕਰ ਰਹੀ ਹੈ, ਪੁਪੜੀ ਮੱਠ ਦੇ ਮਹੰਤ ਰਾਮ-ਸਰੂਪ ਗੁਸਾਈ ਆਏ ਹੋਏ ਹਨ। ਬਾਲਦੇਵ ਜੀ ਕੰਠੀ ਲੈ ਲੈਣ ਤਾਂ ਮੱਠ ਵਿਚ ਰਹਿਣ ਦੀ ਕੋਈ ਔਕੜ ਨਾ ਹੋਵੇ।

ਬਾਵਨਦਾਸ ਦਾ ਮਨ ਬੜਾ ਅਵਿਸ਼ਵਾਸੀ ਹੋ ਗਿਆ ਹੈ। ਕਿਸੇ ਤੇ ਵਿਸ਼ਵਾਸ਼ ਕਰਨ ਨੂੰ ਜੀ ਨਹੀਂ ਕਰਦਾ। ਗਾਂਧੀ ਜੀ ਨੂੰ ਛੱਡ ਕੇ ਹੁਣ ਕਿਸੇ ਤੇ ਵਿਸ਼ਵਾਸ ਨਹੀਂ ਹੁੰਦਾ। ਉਹ ਗਾਂਧੀ ਜੀ ਨੂੰ ਇਕ ਖ਼ਤ ਲਿਖਵਾਣਾ ਚਾਹੁੰਦਾ ਹੈ। ਉਹ ਗੰਗੂਲੀ ਜੀ ਜਰੂਰ ਲਿਖ ਦੇਣਗੇ। ਅਗੇ ਲਿਖ ਹੀ ਦਿੰਦੇ ਹਨ। ਉਹਦੇ ਮਨ ਵਿਚ ਬਹੁਤ ਸਾਰੀਆਂ ਸ਼ੰਕਾਵਾਂ ਉਠ ਰਹੀਆਂ ਹਨ।

## ਚੌਂਤੀ

ਫੁਲਿਆ ਪੁਰੈਣਿਆਂ ਟੇਸ਼ਨ ਤੋਂ ਆਈ ਹੈ।

ਬਿਲਕੁਲ ਬਦਲ ਗਈ ਹੈ। ਸਾੜ੍ਹੀ ਬੰਨ੍ਹਣ ਦਾ ਢੰਗ ਬੋਲਚਾਲ ਦਾ ਢੰਗ, ਸਭ ਕੁਝ ਬਦਲ ਗਿਆ ਹੈ। ਤਹਿਸੀਲਦਾਰ ਸਾਹਿਬ ਦੀ ਧੀ ਕਮਲੀ ਅੰਗੀ ਦੇ ਥੱਲੇ ਜਿਵੇਂ ਛੋਟੀ ਚੋਲੀ ਪਹਿਨਦੀ ਹੈ, ਉਹੋ ਜਿਹੀ ਇਹ ਵੀ ਪਹਿਨਦੀ ਹੈ। ਕੰਨ ਵਿਚ ਪਿੱਤਲ ਦੇ ਫੁੱਲ ਹਨ। ਫੁੱਲ ਨਹੀਂ ਫੁਲਿਆ ਕਹਿੰਦੀ ਹੈ,–ਕੰਨਪਾਸਾ। ਆਂਚਲ, ਵਿਚ ਚਾਬੀ ਦਾ ਗੁੱਛਾ ਬੰਨ੍ਹਦੀ ਹੈ, ਪੈਰ ਤੇ ਸ਼ੀਸ਼ੀ ਦਾ ਰੰਗ ਲੌਂਦੀ ਹੈ।...ਹਾਂ, ਖਲਾਸੀ ਜੀ ਬਹੁਤ ਪੈਸਾ ਕਮਾ-ਉਂਦੇ ਹਨ। ਸ਼ਾਇਦ...ਓਏ ! ਖਲਾਸੀ ਦੇ ਮੂੰਹ ਤੇ ਝਾੜੂ ਮਾਰੋ। ਉਹ ਕੀ ਖਾ ਕੇ ਏਨੀ ਸੌਖ-ਮੌਜ ਕਰਵਾਵੇਗਾ ? ਕੀ ਪਹਿਨਾਵੇਗਾ ? ਫੁਲਿਆ ਨੇ ਖਲਾਸੀ ਨੂੰ ਛੱਡ ਦਿਤਾ ਹੈ। ਖਲਾਸੀ ਨੂੰ ਖ਼ੋਕਸੀ ਬਾਗ ਦੀ ਇਕ ਪਤੁਰਿਆ (ਰੰਡੀ) ਨਾਲ ਮੁਹੱਬਤ ਸੀ ; ਰੋਜ਼ ਤਾੜੀ ਪੀ ਕੇ ਉਥੇ ਰਹਿੰਦਾ ਸੀ। ਤਲਬ ਮਿਲਣ ਦੇ ਦਿਨ ਉਹ ਪਤੁਰਿਆ ਖਲਾਸੀ ਦਾ ਪਿਛਾ ਨਹੀਂ ਸੀ ਛਡਦੀ। ਤਲਬ ਦਾ ਇਕ ਪੈਸਾ ਏਧਰ ਉਧਰ ਹੋਇਆ ਕਿ ਪੈਰ ਦੀ ਚੱਟੀ (ਜੁੱਤੀ) ਖੋਲ੍ਹ ਕੇ ਹੱਥ ਫੜ ਲੈਂਦੀ ਸੀ। ਅਖੀਰ ਫੁਲਿਆ ਕਿਨਾਂ ਬਰਦਾਸ਼ਤ ਕਰਦੀ। ਟੇਸ਼ਨ ਦੇ ਪੈਟਮਾਨਜੀ ਨਾ ਰਹਿੰਦੇ ਤਾਂ ਫੁਲਿਆ ਦੀ ਇੱਜ਼ਤ ਵੀ ਨਾ ਬਚਦੀ। ਫੁਲਿਆ ਹੁਣ ਪੈਟਮਾਨ ਜੀ ਕੋਲ ਰਹਿੰਦੀ ਹੈ। ਖਲਾਸੀ ਇਕ ਦਿਨ ਪੈਟਮਾਨ ਨਾਲ ਲੜਾਈ ਕਰਨ ਆਇਆ। ਟੇਸਨ ਬਾਬੂ ਨੇ ਕਿਹਾ ਕਿ ਜੇ ਖਲਾਸੀ ਟੇਸ਼ਨ ਦੇ ਹਾਤੇ ਵਿਚ ਆਵੇ ਤਾਂ ਫੜ ਕੇ ਕੁਟੋ। ਉਸ ਦਿਨ ਖਲਾਸੀ ਜਿਹੜਾ ਦੁੰਮ ਦਬਾ ਕੇ ਨਸਿਆ ਤਾਂ ਫੇਰ ਖੰਘਣ ਵੀ ਨਹੀਂ ਆਇਆ ਕਦੀ। ਪੈਟਮਾਨ ਜੀ ਜਾਤ ਦੇ ਖੱਤਰੀ ਹਨ ਤੰਤਰਿਮਾ ਖੱਤਰੀ ਨਹੀਂ, ਅਸਲੀ ਬੁੰਦੇਲਾ ਖੱਤਰੀ, ਪਾਨ ਜਰਦਾ ਖਾਂਦਿਆਂ ਖਾਂਦਿਆਂ ਦੰਦ ਟੁੱਟ ਗਏ ਹਨ; ਪੱਥਰ ਦੇ ਨਕਲੀ ਦੰਦੇ ਲਗੌਂਦੇ ਹਨ। ਕਹਿਣ ਨੂੰ ਨਕਲੀ ਦੰਦ ਹਨ, ਪਰ ਅਸਲੀ ਦੰਦਾਂ ਤੋਂ ਵੀ ਵੱਧ ਕੇ ਹਨ। ਚਣਾ, ਭੁੱਟਾ ਅਤੇ ਅਮਰੂਦ ਸਭ ਕੁਝ ਚਬਾ ਕੇ ਖਾਂਦੇ ਹਨ। ਪੈਟਮਾਨ ਜੀ। ਪੰਝੀ ਵਰ੍ਹੇ ਪਹਿਲਾਂ ਹਾਸਾਮ ਮੁਲਕ ਵਿਚ ਚਾਹ ਪੀਦਿਆਂ ਤੇ ਪਾਨ ਜਰਦਾ ਖਾਂਦਿਆਂ ਖਾਂਦਿਆਂ ਦੰਦ ਟੁਟ ਗਏ ਹਨ, ਉਮਰ ਤੇ ਹਾਲੇ ਕੁਝ ਵੀ ਨਹੀਂ। ਦਸ ਵਰ੍ਹਿਆਂ ਤੋਂ 'ਬੇਵਾ' ਸਨ, ਮਨ ਮੁਤਾਬਕ ਇਸਤਰੀ ਮਿਲੀ ਹੀ ਨਹੀਂ। ਪੈਟਮਾਨ ਜੀ ਨੇ ਮਹਿੰਗੂ ਦਾਸ ਲਈ ਇਕ ਪੁਰਾਣੀ ਨੀਲੀ ਕਮੀਜ਼ ਭੇਜ ਦਿਤੀ ਹੈ। ਕਮੀਜ਼ ਪਾ ਕੇ ਮਹਿੰਗੂ ਨੂੰ ਪਛਾਨਣ ਵਿਚ ਗਲਤੀ ਹੋ ਜਾਂਦੀ ਹੈ। ਬਿਲਕੁਲ ਰੇਲਵੇ ਦਾ ਆਦਮੀ।...ਬੁੱਢੀ ਲਈ ਨਵੀਂ ਸਾੜ੍ਹੀ ਭੇਜ ਦਿਤੀ ਹੈ। ਇਕ ਬਿੱਤਾ ਕਾਲੀ ਕਿਨਾਰੀ। ...ਐਤਕੀਂ ਦੇ ਕੋਟੇ ਵਿਚ ਅਸਲੀ 'ਸੰਤੀ ਪੁਰੀ ਸਾੜ੍ਹੀ' ਮਿਲੂਗੀ ਤਾਂ ਫੁਲਿਆ ਨੂੰ ਭੇਜ ਦੇਵੇਗਾ। ਫੁਲਿਆ ਕਹਿੰਦੀ ਹੈ-ਐਤਕੀਂ ਮਾਂ ਨੂੰ ਵੀ ਨਾਲ ਲੈ ਜਾਵੇਗੀ।

ਫੁਲਿਆ ਦੇ ਭਾਗ। ਰਾਮਪਿਆਰਿਆ ਦੀ ਮਾਂ ਕਹਿੰਦੀ ਹੈ–'ਰਮਿਆ ਵੀ ਹੁਣ ਵਿਆਹੁਣ ਜੋਗ ਹੋ ਗਈ। ਬਿਨਾਂ ਬਾਪ ਦੀ ਬੇਟੀ ਹੈ। ਜਦੋਂ ਦੀ ਤੂੰ ਸਹੁਰੇ ਗਈਂ ਏਂ, ਰੋਜ਼ ਇਕ ਵਾਰੀ ਤੇਰਾ ਜ਼ਿਕਰ ਕਰਦੀ ਹੈ ਰਮਿਆ–"ਫੁਲਿਆ ਦੀਦੀ ਕਦੋਂ ਆਵੇਗੀ ?

ਐਤਕੀ ਫੁਲਿਆ ਦੀਦੀ ਆਊਗੀ ਤਾਂ ਨਾਲ ਮੈਂ ਵੀ ਜਾਊਂਗੀ। ਜੇ ਉਧਰ ਕੋਈ ਵਰ ਧਿਆਨ ਵਿਚ ਹੋਵੇ ਤਾਂ ਰਮਿਆ ਨੂੰ ਵੀ ਆਪਣੇ ਨਾਲ ਲੈ ਜਾ ਫੁਲੋ ਬੇਟੀ। ਏਥੇ ਕੋਇਰੀ ਟੋਲੇ ਦੇ ਛੋਕਰੇ ਦਿਨ ਬ ਦਿਨ ਬਿਗੜਦੇ ਜਾ ਰਹੇ ਨੇ।..."

ਸਹਿਦੇਵ ਮਿਸਰ ਨੂੰ ਤੰਤਰਿਮਾਂ ਟੋਲੀ ਦਾ ਕੁੱਤਾ ਵੀ ਭੌਂਕਦਾ ਹੈ ! ਬੜੇ ਦਿਨਾਂ ਪਿਛੋਂ ਉਹ ਤੰਤਰਿਮਾਂ ਟੋਲੀ ਵਿਚ ਆਇਆ ਹੈ, ਫੁਲਿਆ ਦੇ ਬਲੌਣ ਤੇ...। ਦਸ ਦਿਨ ਰਵ੍ਹੇਗੀ । ਫੇਰ ਚਲੀ ਜਾਊਗੀ। ਫੁਲਿਆ ਹੁਣ ਜਾਤ ਬਿਰਾਦਰੀ ਤੋਂ ਨਹੀਂ ਡਰਦੀ। ਉਹ ਤੰਤਰਿਮਾਂ ਛੱਤਰੀ ਨਹੀਂ, ਉਹ ਅਸਲੀ ਬੁੰਦਲੇ ਛਤਰੀ ਦੀ ਇਸਤਰੀ ਹੈ। ਆਂਗਣ ਵਿਚ ਆਪੇ ਪਕਾ ਕੇ ਖਾਂਦੀ ਹੈ।...ਮਾਂ ਦਾ ਛੋਹਿਆ ਹੋਇਆ ਵੀ ਨਹੀਂ ਖਾਂਦੀ।

ਉਹ ਤਾਂ ਮਹਿਮਾਨ ਬਣ ਕੇ ਆਈ ਹੈ। ਉਹਦੇ ਜੀ ਵਿਚ ਜੋ ਆਵੇ ਉਹ ਕਰੂਗੀ। ਕੋਈ ਕੁਝ ਨਹੀਂ ਕਹਿ ਸਕਦਾ।...ਉਹ ਸਹਿਦੇਵ ਮਿਸਰ ਨੂੰ ਬੈਠਣ ਲਈ ਚਟਾਈ ਦਿੰਦੀ ਹੈ। ਇਕ ਕੱਚ ਦੀ ਛੋਟੀ ਜਿਹੀ ਪਲੇਟ ਵਿਚ ਸੁਪਾਰੀ, ਸੌਂਫ ਅਤੇ ਦਾਲਚੀਨੀ ਦੇ ਟੁਕੜੇ ਵਧਾ ਦਿੰਦੀ ਹੈ।...ਤਾਂ ਫੁਲਿਆ ਭੁੱਲੀ ਨਹੀਂ ਉਹਨੂੰ ? ਵਾਹ; ਸ਼ਹਿਰ ਦਾ ਪਾਣੀ ਚੜ੍ਹਨ ਤੇ ਬਾਹਰ ਤਾਂ ਇਕਦਮ ਬਦਲ ਗਿਆ ਹੈ, ਪਰ ਅੰਦਰ ਉਂਜ ਦਾ ਉਂਜ ਹੈ। ਕੱਜਲ ਵਾਲੀਆਂ ਅੱਖਾਂ ਹੋਰ ਵੀ ਵੱਡੀਆਂ ਜਾਪਦੀਆਂ ਹਨ। ਅੰਗਿਆ ਅਤੇ ਨਕਸ਼ਾ ਕੋਰ ਦੀ ਸਫੇਦ ਸਾੜ੍ਹੀ। ਸਹਿਦੇਵ ਮਿਸਰ ਡਰਦਾ ਡਰਦਾ ਕਹਿੰਦਾ ਹੈ:

"ਫੁਲਿਆ,"

"ਕੀ ਐ ?" ਫੁਲਿਆ ਮੁਸਕਰਾਉਂਦੀ ਹੈ।

ਸਹਿਦੇਵ ਮਿਸਰ ਦਾ ਚੇਹਰਾ ਬਿਲਕੁਲ ਲਾਲ ਹੋ ਰਿਹਾ ਹੈ ਕੰਨ ਲਾਲ ਹੋ ਗਏ ਹਨ। ਨੱਕ ਦੇ ਕੋਲ ਵਾਲਾ ਸਿਰਾ ਧੱਕ ਧੱਕ ਕਰ ਰਿਹਾ ਹੈ,-"ਫੁਲਿਆ ਜਦ ਦੀ ਤੂੰ ਗਈ ਏਂ, ਮੈਂ ਕਦੀ ਇਸ ਟੋਲੇ ਵਿਚ ਪੈਰ ਨਹੀਂ ਰਖਿਆ।"

"ਰਹਿਣ ਦਿਓ। ਗਹਿਲੌਤ ਟੋਲੇ ਵਿਚ ਨਹੀਂ ਜਾਂਦੇ ਸੀ ?...ਵਨਵਤਿਆ ਕੋਲ ਕੌਣ ਜਾਂਦਾ ਸੀ ? ਝੂਠ ਨਾ ਬੋਲੋ।" ਫੁਲਿਆ ਹਸਦੀ ਹੈ।

"ਨਹੀਂ ਫੁਲੋ।"

ਦੀਵੇ ਦੀ ਰੋਸ਼ਨੀ ਵਿਚ ਸਹਿਦੇਵ ਮਿਸਰ ਫੁਲਿਆ ਦੀਆਂ ਅੱਖਾਂ ਦੀ ਨਵੀਂ ਭਾਸ਼ਾ ਨੂੰ ਪੜ੍ਹਦਾ ਹੈ।...ਹਵਾ ਦੇ ਬੁੱਲੇ ਨਾਲ ਦੀਵਾ ਬੁਝ ਜਾਂਦਾ ਹੈ। ਫੁਲਿਆ ਕੇਸਾਂ ਵਿਚ ਮਹਿਕਣਾਂ ਤੇਲ ਲਗਾਉਂਦੀ ਹੈ। ਅੰਗੀ ਦੇ ਥੱਲੇ ਵਾਲੀ ਛੋਟੀ ਚੋਲੀ ਵਿਚ ਰਬੜ ਲਗਾ ਰਹਿੰਦਾ ਹੈ, ਸ਼ਾਇਦ। ਫੁਲਿਆ ਦੀ ਦੇਹ 'ਚੋਂ ਹੁਣ ਘਾਹ ਦੀ ਗੰਧ ਨਹੀਂ ਨਿਕਲਦੀ। ਸੌਂਫ, ਦਾਲਚੀਨੀ ਖ਼ਾਣ ਨਾਲ ਮੂੰਹ ਮਹਿਕਦਾ ਹੈ।...ਸ਼ਹਿਰ ਦੀ ਗੱਲ ਨਿਰਾਲੀ ਹੈ। ਸ਼ਹਿਰ ਦੀ ਹਵਾ ਲਗਦਿਆਂ ਹੀ ਆਦਮੀ ਬਦਲ ਜਾਂਦਾ ਹੈ। ਤਹਿਸੀਲਦਾਰ ਦੀ ਧੀ ਤਾਂ ਕਦੀ ਸ਼ਹਿਰ ਗਈ ਵੀ ਨਹੀਂ।...ਜਾਤ ਦਾ ਬੰਨ੍ਹਣ ਅਤੇ ਪੰਚਾਇਤ ਦੇ ਫੈਸਲੇ ਨੂੰ ਤਾਂ

ਪੰਚਾਂ ਨੇ ਹੀ ਤੋੜਿਆ ਹੈ ।...ਤੰਤਰਿਮਾਂ ਟੋਲੀ ਦਾ ਖੂੰਡੇ ਵਾਲਾ ਹੈ, ਨੌਖੇ ਅਤੇ ਉਚਿਤ ਦਾਸ, ਜਿਹਨੂੰ ਚਾਲ ਤੋਂ ਬੇਚਾਲ ਦੇਖੂਗਾ, ਖੂੰਡੇ ਨਾਲ ਕੰਡ ਦੀ ਚਮੜੀ ਉਖਾੜ ਦੇਵੇਗਾ। ਨੌਖੇ ਦੀ ਇਸਤਰੀ ਰਾਮਲਗਨ ਸਿੰਘ ਦੇ ਪੁਤਰ ਨਾਲ ਫ਼ਸੀ ਹੋਈ ਹੈ, ਅਤੇ ਉਚਿਤ ਦਾਸ ਦੀ ਧੀ ਕੋਇਰੀ ਟੋਲੇ ਦੇ ਸਰਨ ਮਹਿਤੋ ਨਾਲ। ਪੰਚਾਇਤ ਦਾ ਫ਼ੈਸਲਾ ਵੱਧ ਤੋਂ ਵੱਧ ਦਸ ਦਿਨਾਂ ਤਕ ਲਾਗੂ ਰਹਿ ਸਕਦਾ ਹੈ। ਪੁਸ਼ਤਾਂ ਤੋਂ ਜਿਹੜਾ ਰੀਤਿ ਰਿਵਾਜ ਪਿੰਡ ਵਿਚ ਚਲਿਆ ਆ ਰਿਹਾ ਹੈ, ਉਹਨੂੰ ਇਕ ਵਾਰ ਹੀ ਬਦਲ ਦੇਣਾਂ ਸੌਖਾ ਨਹੀਂ। ਜਿਦ੍ਹੇ ਕੋਲ ਜਗ੍ਹਾ-ਜਮੀਨ ਹੈ, ਕੋਲ ਪੈਸਾ ਹੈ, ਉਹ ਵੀ ਤਾਂ ਆਪਣੀਆਂ ਦਾ ਚਾਲ-ਚਲਣ ਨਹੀਂ ਸੁਧਾਰ ਸਕਦੇ। ਬਾਬੂ ਟੋਲੀ ਦੇ ਕਿਸ ਘਰ ਦੀ ਗੱਲ ਲੁਕੀ ਹੋਈ ਹੈ।...ਪੰਚ ਲੋਕ ਪੰਚਾਇਤ ਵਿਚ ਬੈਠ ਕੇ ਫੈਸਲਾ ਕਰ ਸਕੇ ਹਨ, ਉਹਦੇ ਵਿਚ ਕੁਝ ਲਗਦਾ ਤਾਂ ਨਹੀਂ, ਪਰ ਪੰਚਾਇਤ ਦੇ ਫ਼ੈਸਲੇ ਨਾਲ ਚੁਲ੍ਹਾ ਤਾਂ ਨਹੀਂ ਬਲ ਸਕਦਾ ? ਪੰਚਾਂ ਨੂੰ ਕੀ ਪਤਾ ਕਿ ਇਕ ਮਣ ਧਾਣ ਵਿਚ ਕਿੰਨੇ ਚੌਲ ਹੁੰਦੇ ਹਨ। ਸਾਸ਼ਤਰ ਵਿਚ ਕਿਹਾ ਹੈ, "ਜੋਰੂ ਜਮੀਨ ਜੋਰ ਦੀ, ਨਹੀਂ ਤਾਂ ਕਿਸੇ ਹੋਰ ਦੀ!" ਅਤੇ ਦੇਹ ਦੇ ਜੋਰ ਨਾਲ ਅਜਕਲ੍ਹ ਸਭ ਕੁਝ ਨਹੀਂ ਹੁੰਦਾ। ਜਿਹਦੇ ਕੋਲ ਪੈਸਾ ਹੈ, ਉਹੋ ਹੀ ਬੋਤਲ ਮਿਸਰ ਭਲਵਾਨ (ਮਿਥਿਲਾ ਦਾ ਇਕ ਪ੍ਰਸਿੱਧ ਭਲਵਾਨ ਹੈ।) ਉਹੋ ਹੀ ਸਭ ਤੋਂ ਵੱਧ ਜੋਰਾਵਰ ਹੈ।

"ਤਹਿਸੀਲਦਾਰ ਸਾਹਿਬ ਦੀ ਧੀ ਸ਼ਾਮ ਤੋਂ ਹੀ ਅੱਧੀ ਰਾਤ ਤਕ ਡਾਗਡਰ ਬਾਬੂ ਦੇ ਘਰ ਬੈਠੀ ਰਹਿੰਦੀ ਹੈ, ਚਾਨਣੀ ਰਾਤ ਵਿਚ ਕੋਠੀ ਦੇ ਬਗੀਚੇ ਵਿਚ ਡਾਗਡਰ ਦੇ ਹੱਥ ਵਿਚ ਹੱਥ ਪਾ ਕੇ ਘੁੰਮਦੀ ਹੈ। ਤਹਿਸੀਲਦਾਰ ਸਾਬ੍ਹ ਨੂੰ ਕੋਈ ਕਹਿਣ ਦੀ ਹਿੰਮਤ ਨਹੀਂ ਕਰ ਸਕਦਾ ਕਿ ਉਨ੍ਹਾਂ ਦੀ ਧੀ ਦਾ ਚਾਲ ਚਲਣ ਵਿਗੜ ਗਿਆ ਹੈ ? ਤਹਿਸੀਲਦਾਰ ਹਰਗੌਰੀ ਸਿੰਘ ਆਪਣੀ ਖਾਸ ਮਾਸੀ ਦੀ ਧੀ ਭੈਣ ਨਾਲ ਫਸਿਆ ਹੋਇਆ ਹੈ, ਬਾਲਦੇਵ ਜੀ ਕੁਠਾਰਨ ਦੁਆਲੇ ਘੁੰਮ ਰਹੇ ਹਨ। ਕਾਲੀਚਰਨ ਨੇ ਚਰਖਾ ਸਕੂਲ ਦੀ ਮਾਸਟਰਾਨੀ ਜੀ ਨੂੰ ਆਪਣੇ ਘਰ ਰਖ ਲਿਆ ਹੈ। ਉਨ੍ਹਾਂ ਲੋਕਾਂ ਨੂੰ ਕੋਈ ਕੁਝ ਕਹੇ ਤਾਂ ?...ਜਿੰਨਾਂ ਕਾਨੂੰਨ ਤੇ ਪੰਚਾਇਤ ਹੈ, ਸਭ ਗਰੀਬਾਂ ਲਈ ਹੀ ? ਹੂੰ।

ਜਮੀਨ ਲਈ ਪਿੰਡ ਵਿਚ ਨਵੀਂ ਦਲਬੰਦੀ ਹੋਈ ਹੈ। ਜਿਨ੍ਹਾਂ ਲੋਕਾਂ ਦੀ ਜਮੀਨ ਨੀਲਾਮ ਹੋਈ ਹੈ, ਦਰਖਾਸਤਾਂ ਖਾਰਿਜ ਹੋਈਆਂ ਹਨ, ਉਹ ਇਕ ਪਾਸੇ ਹਨ। ਜਿਨ੍ਹਾਂ ਨੇ ਨਵੀਂ ਬੰਦੋਬਸਤੀ ਲੈ ਲਈ ਹੈ, ਜਾਂ ਜ਼ਿਮੀਂਦਾਰ ਤੋਂ ਮਾਫੀ ਮੰਗ ਲਈ ਹੈ, ਸਪੁਰਦੀ ਲਿਖ ਦਿਤੀ ਹੈ, ਜਾਂ ਜਿਹੜੇ ਜਮੀਨ ਬੰਦੋਬਸਤ ਲੈਣਾ ਚਾਹੁੰਦੇ ਹਨ, ਉਹ ਸਾਰੇ ਦੂਸਰੇ ਪਾਸੇ ਹਨ, ਗਰੀਬਾਂ ਅਤੇ ਮਜ਼ਦੂਰਾਂ ਦੇ ਟੋਲਿਆਂ ਤੇ ਵੀ ਇਹਦਾ ਪ੍ਰਭਾਵ ਪਿਆ ਹੈ। ਖਿਲਾਵਨ ਦੇ ਹਲਵਾਹਿਆਂ ਨੂੰ ਕਾਲੀਚਰਨ ਨੇ ਹਲ ਵਾਹੁਣ ਤੋਂ ਮਨ੍ਹਾ ਕਰਾ ਦਿਤਾ ਹੈ। ਤਹਿਸੀਲਦਾਰ ਹਰਗੌਰੀ ਸਿੰਘ ਦਾ ਨਾਈ, ਧੋਬੀ ਅਤੇ ਮੋਚੀ ਬੰਦ ਕਰਨ ਲਈ ਕਾਲੀਚਰਨ ਘਰ ਘਰ ਘੁੰਮ ਫਿਰ ਕੇ ਭਾਖਣ ਦਿੰਦਾ ਹੈ। ਪਿੰਡ 'ਚੋਂ ਸਾਰੇ ਪੁਰਾਣੇ ਬੰਨ੍ਹ

ਟੁਟ ਗਏ ਹਨ, ਜਿਵੇਂ ਹੜ੍ਹ ਦਾ ਨਵਾਂ ਪਾਣੀ ਆਇਆ ਹੋਵੇ।...

ਗਰੀਬਾਂ ਅਤੇ ਮਜ਼ਦੂਰਾਂ ਦੀਆਂ ਅੱਖਾਂ ਕਾਲੀਚਰਨ ਨੇ ਖੋਲ੍ਹ ਦਿਤੀਆਂ ਹਨ । ਸੈਂਕੜੇ ਬਿਘੇ ਜ਼ਮੀਨ ਵਾਲੇ ਕਿਸਾਨਾਂ ਕੋਲ ਪੈਸੇ ਹਨ, ਪੈਸਿਆਂ ਨਾਲ ਗਰੀਬਾਂ ਨੂੰ ਖਰੀਦ ਕੇ ਗਰੀਬਾਂ ਦੇ ਗਲ ਤੇ ਗਰੀਬਾਂ ਰਾਹੀਂ ਹੀ ਛੁਰੀ ਚਲੌਂਦੇ ਹਨ ।...ਹੁਸ਼ਿਆਰ ! ਜਿਨ੍ਹਾਂ ਲੋਕਾਂ ਨੇ ਨਵੀਂ ਬੰਦੋਬਸਤੀ ਲਈ ਹੈ, ਉਹ ਗਰੀਬਾਂ ਦੀ ਰੋਟੀ ਮਾਰਨ ਵਾਲੇ ਹਨ...।

ਕਾਲੀਚਰਨ ਨੇ ਚਮਾਰ ਟੋਲੀ ਵਿਚ ਭਾਤ ਖਾ ਲਿਆ ?

ਜ਼ਾਤ ਕੀ ਹੈ ? ਜਾਤਾਂ ਦੋ ਹੀ ਹਨ, ਇਕ ਗਰੀਬ ਅਤੇ ਦੂਸਰੀ ਅਮੀਰ ।...ਖਿਲਾ-ਵਨ ਨੂੰ ਦੇਖਿਆ, ਯਾਦਵਾਂ ਦੀ ਹੀ ਜਮੀਨ ਹੜੱਪ ਕਰ ਰਿਹਾ ਹੈ ।...ਦੇਖ ਲਵੋ, ਅੱਖਾਂ ਖੋਲ੍ਹ ਕੇ, ਪਿੰਡ ਵਿਚ ਸਿਰਫ ਦੋ ਜਾਤਾਂ ਹਨ ।

ਅਮੀਰ-ਗਰੀਬ ।

ਤਹਿਸੀਲਦਾਰ ਹਰਗੌਰੀ ਸਿੰਘ ਕਾਲੀ ਟੋਪੀ ਵਾਲੇ ਨੌਜਵਾਨਾਂ ਨੂੰ ਕਹਿੰਦੇ ਹਨ, "ਐਤਕੀਂ ਮੋਰਚੇ ਤੇ ਜਾਣਾ ਪਵੇਗਾ । ਹਿੰਦੂ ਰਾਜ ਕਾਇਮ ਕਰਨ ਲਈ ਪਹਿਲਾਂ ਪਿੰਡ ਵਿਚ ਹੀ ਲੋਹਾ ਲੈਣਾ ਪਊ......"

ਸੰਯੋਜਕ ਜੀ ਅਜਕਲ ਮਹੀਨੇ ਵਿਚ ਦੋ ਵਾਰੀ ਘਰ ਮਨੀਆਡਰ ਭੇਜਦੇ ਹਨ । ਸੰਯੋਜਕ ਜੀ ਜੋ ਕਹਿਣਗੇ, ਉਹਨੂੰ ਕਾਲੀ ਟੋਪੀ ਵਾਲੇ ਨੌਜਵਾਨ ਪ੍ਰਾਣ ਰਹਿੰਦਿਆਂ ਤਕ ਨਹੀਂ ਕੱਟ ਸਕਦੇ। ਅੱਗ ਤੇ ਪਾਣੀ ਵਿਚ ਕੁੱਦ ਸਕਦੇ ਹਨ, ਇਸੇ ਨੂੰ ਕਹਿੰਦੇ ਹਨ, ਅਨੁਸ਼ਾਸਨ ।

ਬਾਵਨ ਦਾਸ ਜ਼ਿਲਾ ਕਾਂਗਰਸ ਦੇ ਨੇਤਾਵਾਂ ਨੂੰ ਖ਼ਬਰ ਦੇਣ ਗਿਆ ਹੈ—"ਪਿੰਡ ਵਿਚ ਜ਼ੁਲਮ ਹੋ ਰਿਹਾ ਹੈ ।"

## ਪੈਂਤੀ

ਤਹਿਸੀਲਦਾਰ ਵਿਸ਼ਵਨਾਥ ਪ੍ਰਸਾਦ ਦੇ ਸਾਹਮਣੇ ਟੇਢੀ ਸਮੱਸਿਆ ਖਲੋਤੀ ਹੈ । ਨਵੀਂ ਬੰਦੋਬਸਤੀ ਵਾਲੇ ਕਿਸਾਨ ਰੋਜ਼ ਉਨ੍ਹਾਂ ਕੋਲ ਆਉਂਦੇ ਹਨ । ਮਾਮਲਾ ਮੁਕੱਦਮਾ ਖੜਾ ਹੋਣ ਤੇ ਵਿਸ਼ਵਨਾਥ ਪ੍ਰਸਾਦ ਦੀ ਗਵਾਹੀ ਦੀ ਲੋੜ ਹੋਵੇਗੀ। ਬੇਜ਼ਮੀਨ ਲੋਕ ਆਪਣੀ ਪਾਰਟੀ ਬੰਦ ਕਰ ਰਹੇ ਹਨ, ਜ਼ਮੀਨ ਵਾਲਿਆਂ ਨੂੰ ਵੀ ਭੇਦ ਭਾਵ, ਲੜਾਈ ਝਗੜੇ ਭੁੱਲ ਕੇ ਇਕ ਹੋ ਜਾਣਾ ਚਾਹੀਦਾ ਹੈ।...ਤਹਿਸੀਲਦਾਰ ਹਰਗੌਰੀ ਸਿੰਘ ਦਿਨ ਰਾਤ ਵਿਸ਼ਵਨਾਥ ਬਾਬੂ ਦੇ ਘਰ ਹੀ ਰਹਿੰਦੇ ਹਨ ।

"ਚਾਚਾ ! ਐਤਕੀਂ ਇੱਜ਼ਤ ਬਚਾ ਲਵੋ । ਕੀ ਤੁਸੀਂ ਇਹੋ ਹੀ ਚਾਹੁੰਦੇ ਹੋ ਕਿ

ਨਾਈ, ਧੋਬੀ. ਅਤੇ ਚਮਾਰ ਸਾਹਮਣੇ ਅਸੀਂ ਹੱਥ ਜੋੜ ਕੇ ਗਿੜਗਿੜਾਈਏ ?...ਕਲ੍ਹ ਦੀ ਹੀ ਰਾਮ ਕਿਰਪਾਲ ਚਾਚੇ ਦੀ ਹਵੇਲੀ ਵਿਚ ਗਊ ਮਰੀ ਪਈ ਹੈ। ਚਮਾਰਾਂ ਨੇ ਚੁਕਣ ਤੋਂ ਇਨਕਾਰ ਕਰ ਦਿਤਾ ਹੈ। ਜੀਵੇਸਰਾਂ ਚਮਾਰ ਨੂੰ ਲੀਡਰ ਤੁਸਾਂ ਹੀ ਬਣਾਇਆ ਹੈ।...ਰਾਜਪੂਤ ਟੋਲੇ ਦੇ ਲੋਕਾਂ ਨੂੰ ਤੱਕੋ, ਦਾੜ੍ਹੀ ਕਿਡੀ ਵੱਡੀ ਵੱਡੀ ਹੋ ਗਈ ਹੈ। ਨਾਈਆਂ ਨੇ ਕੰਮ ਕਰਨਾ ਬੰਦ ਕਰ ਦਿਤਾ ਹੈ। ਤੁਹਾਡੇ ਹੱਥ ਵਿਚ ਸਾਰਿਆਂ ਦੀ ਬੋਦੀ ਹੈ। ਤੁਸੀਂ ਇਕ ਵਾਰੀ ਕਹਿ ਦਿਓ ਤਾਂ ਸਾਰਿਆਂ ਦੀ ਨਾਨੀ ਮਰ ਜਾਵੇ..."

ਕਾਲੀਚਰਨ ਆ ਕੇ ਕਹਿੰਦਾ ਹੈ, "ਬਿਸਵਨਾਥ ਮਾਮਾ, ਤੁਸੀਂ ਕਾਂਗਰਸ ਦੇ ਲੀਡਰ ਹੋ। ਐਤਕੀਂ ਦੇਖਣਾ ਹੈ ਕਿ ਕਾਂਗਰਸ ਗਰੀਬਾਂ ਦੀ ਪਾਟੀ ਹੈ ਜਾਂ ਅਮੀਰਾਂ ਦੀ...ਅਜ ਤਕ ਮੈਂ ਤੁਹਾਨੂੰ ਦੇਵਤਿਆਂ ਵਾਂਗ ਮੰਨਿਆਂ ਹੈ। ਪਰ ਗਰੀਬਾਂ ਦੇ ਵਿਰੁੱਧ ਕਦਮ ਚੁਕੋਗੇ ਤਾਂ ਅਸੀਂ ਵੀ ਮਜਬੂਰ ਹੋ ਕੇ..."

ਤਹਿਸੀਲਦਾਰ ਵਿਸ਼ਵਨਾਥ ਪ੍ਰਸਾਦ ਕੀ ਕਰਨ, ਕੀ ਨਾ ਕਰਨ, ਕੁਝ ਸਮਝ ਨਹੀਂ ਰਹੇ।

ਬਾਵਨ ਦਾਸ ਪੂਰੈਨੀਆਂ ਤੋਂ ਪਰਤ ਆਇਆ ਹੈ। ਜ਼ੁਲਮ ਹੋ ਰਿਹਾ ਹੈ, ਕਹਿਣ। ਉਹਨੇ ਪੂਰੈਨੀਆਂ ਵਿਚ ਵੇਖਿਆ, ਜ਼ੁਲਮ ਹੋ ਰਿਹਾ ਹੈ।

ਕਚਹਿਰੀ ਵਿਚ ਜ਼ਿਲੇ ਭਰ ਦੇ ਕਿਸਾਨ ਢਿੱਡ ਬੰਨ੍ਹ ਕੇ ਪਏ ਨੇ। ਦਫ਼ਾ 40 ਦੀਆਂ ਦਰਖ਼ਾਸਤਾਂ ਨਾਮਨਜ਼ੂਰ ਹੋ ਗਈਆਂ ਹਨ, 'ਲੋਅਰ ਕੋਟ' ਵਿਚੋਂ। ਅਪੀਲ ਕਰਨੀ ਹੈ।... ਅਪੀਲ ? ਕੱਢੋ ਪੈਸਾ ਦੇਖੋ ਤਮਾਸ਼ਾ। ਕੀ ਕਹਿੰਦੇ ਹੋ ? ਪੈਸਾ ਨਹੀਂ ਹੈ। ਤਾਂ ਹੋ ਚੁਕੀ ਅਪੀਲ। ਕੋਲ ਨਗਦ ਨਰਾਇਣ ਹੋਵੇ ਤਾਂ ਨਗਦੀ ਕਰਾਉਣ ਲਈ ਆਵੋ।...

ਕਾਨੂੰਨ ਅਤੇ ਕਚਹਿਰੀ ਕੰਪਾਊਂਡ ਵਿਚ ਪਲਣ ਵਾਲੇ ਕੀਟ ਪਤੰਗੇ ਵੀ ਪੈਸੇ ਮੰਗਦੇ ਹਨ।

ਜ਼ਿਲਾ ਕਾਂਗਰਸ ਆਫ਼ਿਸ ਵਿਚ ਜ਼ੁਲਮ ਹੋ ਰਿਹਾ ਹੈ। ਜ਼ਿਲਾ ਕਾਂਗਰੇਸ ਦੇ ਸਭਾ ਪਤੀ ਦੀ ਚੋਣ ਹੋਣ ਵਾਲੀ ਹੈ। ਚਾਰ ਉਮੀਦਵਾਰ ਹਨ। ਦੋ ਅਸਲੀ ਤੇ ਦੋ ਘਟ ਅਸਲੀ (ਡੱਮੀ ਕੈਂਡੀਡੇਟ) ਰਾਜਪੂਤ ਤੇ ਭੂਮੀਏ ਵਿਚ ਮੁਕਾਬਲਾ ਹੈ। ਜ਼ਿਲੇ ਭਰ ਦੇ ਸੇਠਾਂ ਤੇ ਜ਼ਿਮੀਂਦਾਰਾਂ ਦੀਆਂ ਮੋਟਰ ਲਾਰੀਆਂ ਦੌੜ ਰਹੀਆਂ ਹਨ। ਇਕ ਦੂਸਰੇ ਦੇ ਦਬੇ ਹੋਏ ਮੁਰਦੇ ਉਖਾੜੇ ਜਾ ਰਹੇ ਹਨ। ਕਟਿਹਾਰ ਕਾਟਨ ਮਿਲ ਵਾਲੇ ਸੇਠ ਜੀ ਭੂਮੀਆਂ ਦੀ ਪਾਰਟੀ ਵਿਚ ਹਨ ਅਤੇ ਫਾਰਵਿਸ ਗੰਜ ਜੂਟ ਮਿਲ ਵਾਲੇ ਰਾਜਪੂਤਾਂ ਵਲ।...ਪੈਸੇ ਦਾ ਤਮਾਸ਼ਾ ਕੋਈ ਇਥੇ ਆ ਕੇ ਵੇਖੇ! ਬਾਵਨ ਦਾਸ ਸੋਚਦਾ ਹੈ, ਹੁਣ ਲੋਕਾਂ ਨੂੰ ਚਾਹੀਦਾ ਹੈ ਕਿ ਆਪਣੀ ਆਪਣੀ ਟੋਪੀ ਤੇ ਲਿਖਵਾ ਲੈਣ — ਭੂਮੀਆਂ, ਰਾਜਪੂਤ, ਕਾਇਸਥ, ਯਾਦਵ, ਹਰਿਜਨ...ਕਿਹੜਾ ਕਾਰਜ ਕਰਤਾ ਕਿਸ ਪਾਟੀ ਦਾ ਹੈ, ਸਮਝ 'ਚ ਨਹੀਂ ਆਉਂਦਾ।

"ਜ਼ੁਲਮ ਹੋ ਰਿਹਾ ਹੈ ?"

"ਜੀ ਹਾਂ, ਜ਼ੁਲਮ ਹੋ ਰਿਹਾ ਹੈ।"

"ਦੇਖੋ ਬਾਵਨਦਾਸ ਜੀ, ਗੱਲ ਇਹ ਹੈ ਕਿ 95 ਪ੍ਰਤੀ ਸੈਂਕੜੇ ਲੋਕਾਂ ਨੇ ਤਾਂ ਗਲਤ ਅਤੇ ਝੂਠਾ ਦਾਵਾ ਕੀਤਾ ਹੋਵੇਗਾ, ਇਹਦੇ ਵਿਚ ਕੋਈ ਸੰਦੇਹ ਨਹੀਂ। ਸਹੀ ਤੇ ਵਾਜਬ ਹੱਕ ਵਾਲੇ ਬਾਕੀ ਮੁਜ਼ਾਰੇ ਵੀ ਇਨ੍ਹਾਂ ਝੂਠੇ ਦਾਵੇ ਕਰਨ ਵਾਲਿਆਂ ਕਾਰਨ ਬੇਮੌਤ ਮਰ ਗਏ। ਇਹਦੇ ਵਿਚ ਕਾਨੂੰਨ ਦਾ ਕੀ ਦੋਸ਼ ਹੈ ? ਲੋਕਾਂ ਦਾ ਨੈਤਿਕ ਪਤਨ ਹੋ ਗਿਆ ਹੈ। ਦੇਖੋ ਐਤਕੀਂ ਜ਼ਿਲਾ ਕਮੇਟੀ ਵਿਚ, ਇਸ ਸਬੰਧ 'ਚ ਇਕ ਪ੍ਰਸਤਾਵ ਪਾਸ ਹੋਣ ਵਾਲਾ ਹੈ।

"ਬੇਦਖਲ ਕਿਸਾਨਾਂ ਨੂੰ ਕੀ ਕਹਾਂਗੇ ?"

"ਕੀ ਕਹੋਗੇ ? ਕਹੋ ਕਿ ਜ਼ਮੀਦਾਰਾਂ ਦੀ ਪ੍ਰਥਾ ਤਾਂ ਖਤਮ ਹੋ ਰਹੀ ਹੈ। ਅਜ ਬਿਹਾਰ ਮੰਤਰੀ ਮੰਡਲ ਨੇ ਐਲਾਨ ਕਰ ਦਿਤਾ—ਜ਼ਮੀਦਾਰੀ ਪ੍ਰਥਾ ਨੂੰ ਖਤਮ ਕਰਨ ਲਈ ਬਿਹਾਰ ਸਰਕਾਰ ਨੇ ਕਮਰ ਕੱਸੀ ਹੋਈ ਹੈ।"

ਬਾਵਨ ਦਾਸ ਕਿਸਾਨਾਂ ਨੂੰ ਕੀ ਕਹੇਗਾ ?

ਜ਼ਮੀਂਦਾਰੀ ਪ੍ਰਥਾ ਖਤਮ ਹੋ ਜਾਵੇਗੀ ? ਤਦ ਇਹ ਕਾਂਗਰਸੀ ਜ਼ਮੀਂਦਾਰ ਲੋਕ ਕੀ ਕਰਨਗੇ ? ਸਾਰੇ ਮਿੱਲਾਂ ਖੋਲ੍ਹਣਗੇ ਸ਼ਾਇਦ। ਇਸ ਲਈ ਅਕਸਰ ਹਰੇਕ ਛੋਟੇ ਵੱਡੇ ਲੀਡਰ ਨਾਲ ਇਕ ਮਾਰਵਾੜੀ ਘੁੰਮਦਾ ਹੈ।...ਬਾਵਨਦਾਸ ਨੂੰ ਚੇਤੇ ਆਉਂਦੀ ਹੈ ਪੰਜ ਮਹੀਨੇ ਪਹਿਲਾਂ ਦੀ ਗੱਲ। ਪੂਰੈਨੀਆਂ ਟੇਸ਼ਨ ਤੇ ਤੀਲ ਝਾੜੀ ਦੇ ਸ਼ੰਕਰ ਬਾਬੂ ਨੇ ਆਪਣੇ ਨਾਲ ਦੇ ਦਸ ਕਾਰਜਕਰਤਿਆਂ ਨੂੰ ਪੂਰੀ ਮਠਿਆਈ ਦਾ ਜਲ ਪਾਨ ਕਰਾਇਆ ਅਤੇ ਪੈਸੇ ਦਿਤੇ ਤੀਲਝਾੜੀ ਬਜ਼ਾਰ ਦੇ ਮਾਰਵਾੜੀ ਚੋਖਮਲ ਜੁਹਾਰ ਚੰਦ ਦੇ ਪੁਤਰ ਨੇ।..."ਹਾਂ ਜੀ, ਖਾਉ ਜੀ। ਤੁਸੀਂ ਹੀ ਤਾਂ ਦੇਸ਼ ਦੇ ਅਸਲੀ ਸੇਵਕ ਹੋ। ਜੇਲ 'ਚ ਖਿਚੜੀ ਖਾਂਦਿਆਂ ਖਾਂਦਿਆਂ ਜ਼ਿੰਦਗੀ ਬਿਤਾ ਦਿਤੀ।" ਸਾਰੇ ਇਲਾਕੇ ਦੇ ਕਾਰਜ-ਕਰਤਿਆਂ ਨੂੰ ਖੁਆਇਆ ਅਤੇ ਇਕ ਇਕ ਸੇਰ ਮਠਿਆਈ ਵੀ ਖਰੀਦ ਦਿਤੀ।... ਚੋਖਮਲ ਜੁਹਾਰ ਚੰਦ ਦਾ ਪੁਤਰ ਅਜ ਕਲ ਅਰਰੀਆ ਸਬ ਡਿਵੀਜਨ ਕਾਂਗਰੇਸ ਦਾ ਖਜ਼ਾਂਚੀ ਹੈ। ਸੱਠ ਰੁਪਏ ਜੋੜੀ ਵਾਲੀ ਖਾਦੀ ਦੀ ਧੋਤੀ ਪਹਿਨਦਾ ਹੈ। ਚਰਖਾ ਸੰਘ ਦੇ ਬਾਬੂ ਕਿੰਨੀ ਖਾਤਰ ਕਰਦੇ ਹਨ।...

"ਜ਼ੁਲਮ ਹੋ ਗਿਆ।"

'ਕੀ ਹੋਇਆ ?

"ਜ਼ਮੀਂਦਾਰੀ ਪਰਥਾ ਖਤਮ।"

"ਜ਼ੁਲਮ ਬਾਤ।"

ਇਥੋਂ ਦੇ ਲੋਕ ਸੁਖ-ਸੰਵਾਦ ਸੁਣ ਕੇ ਵੀ ਕਹਿੰਦੇ ਹਨ—ਜ਼ੁਲਮ ਬਾਤ ! ਜ਼ੁਲਮ ਹਾਸਾ, ਜ਼ੁਲਮ ਖੁਸ਼ੀ। ਬੰਗਲਾ ਦੇ 'ਭੀਸ਼ਣ ਸੁੰਦਰ' ਵਾਂਗ।

"ਜ਼ੁਲੁਮ ਬਾਤ।"

"ਕੀ ਹੈ।"

"ਬਾਵਨਦਾਸ ਨੇ ਜ਼ਮੀਦਾਰੀ ਪਰਥਾ ਖਤਮ ਕਰ ਦਿਤੀ," ਕਾਮਰੇਡ ਬਾਸੁਦੇਵ ਦੌੜਦਾ ਹੋਇਆ ਆ ਕੇ ਕਾਲੀਚਰਨ ਨੂੰ ਖਬਰ ਦਿੰਦਾ ਹੈ।

"ਬਾਵਨ ਦਾਸ ਨੇ ?"

"ਨਹੀਂ। ਬਾਵਨ ਦਾਸ ਖਬਰ ਲਿਆਇਆ ਹੈ। ਕਾਂਗਰੇਸ ਦੇ ਮੰਤਰੀ ਜੀ ਨੇ ਜ਼ਮੀਂਦਾਰੀ ਦਾ ਨਾਸ ਕਰ ਦਿਤਾ ਹੈ।"

"ਜਦੋਂ ਤਕ 'ਲਾਲ ਪਤਾਕਾ' ਅਖਬਾਰ ਵਿਚ ਇਹ ਖਬਰ ਨਹੀਂ ਛਪਦੀ, ਇਸ ਤੇ ਵਿਸ਼ਵਾਸ ਮਤ ਕਰੋ ਕਾਮਰੇਡ! ਇਹ ਸਭ ਕਾਂਗਰਸੀ ਭੁਲਾਵੇ ਨੇ। ਖੈਰ ਮੈਂ ਕਲ੍ਹ ਸਕੱਤਰ ਸਾਹਿਬ ਤੋਂ ਪੁਛ ਆਵਾਂਗਾ। ਤੁਸਾਂ ਲੋਕਾਂ ਨੇ ਮੈਂਬਰੀ ਦਾ ਪੈਸਾ ਨਹੀਂ ਜਮਾਂ ਕੀਤਾ ਆਫਿਸ ਵਿਚ। ਸਭ ਕਾਮਰੇਡਾਂ ਨੂੰ ਖਬਰ ਕਰ ਦਿਓ। ਇਹ ਆਖਰੀ ਤਰੀਕ ਹੈ, ਇਸ ਪਿਛੋਂ 'ਲਾਲ ਪਤਾਕਾ' ਵਿਚ ਨਾਂ ਨਿਕਲ ਜਾਵੇਗਾ।"

"ਸਨਿਚਰਾ ਨੇ ਤਾਂ ਮੈਂਬਰੀ ਦੇ ਪੈਸਿਆਂ ਨਾਲ ਸੋਸ਼ਲਿਸਟ-ਕਾਟ ਕੁਰਤਾ ਬਣਾ ਲਿਆ ਹੈ। ਕਹਿੰਦਾ ਹੈ, ਪਟਸਨ ਹੋਣ ਪਿਛੋਂ ਪੈਸਾ ਜਮਾਂ ਕਰ ਦਿਆਂਗੇ।"

"ਜ਼ੁਲੁਮ ਬਾਤ ਹੈ। ਮੈਂਬਰੀ ਦੇ ਪੈਸੇ ਨਾਲ ਕੁਰਤਾ ? ਨਹੀਂ, ਉਹਨੂੰ ਕਹੋ, ਪੈਸਾ ਜਮ੍ਹਾਂ ਕਰਾਣਾ ਹੋਵੇਗਾ।" ਤਹਿਸੀਲਦਾਰ ਹਰਗੌਰੀ ਅਤੇ ਤਹਿਸੀਲਦਾਰ ਵਿਸ਼ਵਾਨਾਥ ਪ੍ਰਸਾਦ ਹੁਣ ਇਕ ਪਾਨ ਦੇ ਟੁਕ ਕਰਕੇ ਖਾਂਦੇ ਹਨ। ਸਚ ? ਸਚ ਨਹੀਂ ਤਾਂ ਹੋਰ ਕੀ ? ਬੇਤਾਰ ਸੁਮਰਿਤ ਦਾਸ ਸਾਰਿਆਂ ਨੂੰ ਕਹਿੰਦਾ ਫਿਰਦਾ ਹੈ।..."ਕਲਮ ਅਤੇ ਕਾਨੂੰਨ ਦੀ ਗੱਲ ਕਿਥੇ ਜਾਵੇਗੀ, ਉਥੇ ਲਾਠੀ ਭਾਲਾ ਚਲੌਣ ਵਾਲੇ ਕੀ ਕਰਨਗੇ ? ਤਹਿਸੀਲਦਾਰ ਬਿਸਵਨਾਥ ਪ੍ਰਸਾਦ ਪੁਰਾਣੇ ਤਹਿਸੀਲਦਾਰ ਹਨ। ਰਾਜ ਪਾਰਬੰਗਾ ਦੇ ਨਿਮਕ ਪਾਣੀ ਤੋਂ ਹੀ ਸਭ ਕੁਝ ਹੋਇਆ ਹੈ। ਕਾਇਸਥ ਨਾਮਕ ਹਰਾਮੀ ਨਹੀਂ ਕਰ ਸਕਦਾ ਕਦੀ।... ਕਾਂਗਰਸੀ ਹੋਏ ਨੇ ਤਾਂ ਕੀ ਆਪਣੇ ਪੈਸੇ ਨੂੰ ਭੁੱਲ ਜਾਣਗੇ ?"

ਸੰਥਾਲ ਟੋਲੀ ਵਿਚ ਮਾਦਲ ਵਜ ਰਿਹਾ ਹੈ—
ਸਨੋਰੋ ਰੂਪ, ਰੂਪੇ ਰੋ ਰੂਪ,
ਸੋਨੋ ਰੇ ਰੂਪ ਲੇਕਾ ਗਾਤੇਵ ਮੇਲਾਬ,
ਗਾਤੇਵ ਦਿਸੋਯ ਰੇ ਮੋਨਾਂ ਮੁੰਦੇਮ,
ਗਾਤੇਵ ਉਈਹਯ ਜੀਵੀਦੀ ਲੋਕਤਿੰਯ।
ਡਾ ਡਿੱਗਾ ਡਾ ਡਿੱਗਾ। ਰਿ ਰਿ—ਤਾ—ਧਿਨ ਤਾ।

ਸੋਨੇ ਅਤੇ ਚਾਂਦੀ ਵਿਚ ਮੇਰੇ ਪ੍ਰੀਤਮ ਦਾ ਰੂਪ ਸੋਨੇ ਵਰਗਾ ਹੈ। ਸੋਨੇ ਦੀ ਅੰਗੂਠੀ ਨੂੰ ਵੇਖ ਕੇ ਆਪਣੇ ਪ੍ਰੀਤਮ ਦੀ ਯਾਦ ਆਉਂਦੀ ਹੈ।

ਸੰਥਾਲ ਪਰਗਨੇ ਆਦਿਵਾਸੀ ਸੰਥਾਲਾਂ ਨੂੰ ਸੋਨੇ ਦੀ ਝਲਕ ਦਿਸੀ ਹੈ ਕਿ ਨਹੀਂ, ਕੌਣ ਜਾਣੇ। ਪਰ ਇਥੋਂ ਦੇ ਸੰਥਾਲ, ਸੋਨੇ ਤੇ ਚਾਂਦੀ ਵਿਚ ਕੀ ਫਰਕ ਹੈ, ਜਾਣਦੇ ਹਨ ?... ਜ਼ਮੀਂਦਾਰੀ ਪ੍ਰਥਾ ਖਤਮ ਹੋ ਗਈ ਹੈ। ਹੁਣ ਜ਼ਮੀਂਦਾਰ ਜ਼ਮੀਨ ਤੋਂ ਬੇਦਖਲ ਨਹੀਂ ਕਰ ਸਕਦਾ। ਅਸੀਂ ਉਨ੍ਹਾਂ ਨੂੰ ਜ਼ਮੀਨ ਤੋਂ ਬੇਦਖਲ ਕਰ ਦਿਤਾ ਹੈ। ਜਿਹੜਾ ਵਾਹੇਗਾ, ਜ਼ਮੀਨ ਉਸ ਦੀ ਹੈ। ਜਿਹੜਾ ਜਿੰਨੀ ਵਾਹ ਸਕੇ, ਜਿਸਦੀ ਜ਼ਮੀਨ ਮਿਲੇ ਵਾਹੋ, ਬੀਜੋ, ਕਟੋ। ਹੁਣ ਵੰਡਣ ਦਾ ਵੀ ਝੰਜਟ ਨਹੀਂ। ਫੇਰ ਖੇਤਾਂ ਵਿਚ ਜ਼ਿੰਦਗੀ ਝੂਮੇਗੀ। ਹਾੜ ਦੇ ਬਦਲ ਵਜਾ ਰਹੇ ਨੇ ਮਾਦਲ, ਬਿਜਲੀ ਨਚ ਰਹੀ ਹੈ। ਤੁਸੀਂ ਵੀ ਨਚੋ। ਨਚੋ।...ਨਚੋ ਓਏ। ਮਾਦਲ ਵਜਾਓ ਜ਼ੋਰ-ਜ਼ੋਰ ਨਾਲ। ਪੰਜਾਏ (ਸੰਥਾਲਾਂ ਦੇ ਘਰ ਦੀ ਬਣੀ ਹੋਈ ਸ਼ਰਾਬ) ਦਾ ਨਸ਼ਾ ਅਜ ਨਹੀਂ ਉਤਰੇਗਾ ; ਜਦੋਂ ਤਕ ਪੁੰਨਿਆਂ ਦਾ ਚੰਨ ਨਾ ਡੁਬ ਜਾਵੇ, ਗੂੜ੍ਹੇ ਬੱਦਲਾਂ 'ਚ ਨਚਣਾ ਬੰਦ ਨਹੀਂ ਹੋਵੇਗਾ। ਚਾਨਣੀ ਵਰਗੀ ਪਿਆਰੀ ਦੀ ਮੁਸਕਣੀ, ਬੰਸਰੀ ਵਰਗੀ ਮਿਠੀ ਬੋਲੀ ਤੀਰ ਵਾਂਗ ਦਿਲ ਤੇ ਜ਼ਖਮ ਕਰਦੀ ਹੈ।...ਮੇਰੇ ਕਲੇਜੇ ਤੇ ਫੁੱਲਾਂ ਨਾਲ ਲਦਿਆ ਹੋਇਆ ਸਿਰ ਰਖ ਦੇ ਪਿਆਰੀ।

ਡਾ ਡਿੱਗਾ, ਰਿੰ ਰਿੰ ਤਾ ਧਿਨ।...

## ਛੱਤੀ

ਡਾਕਟਰ ਤੇ ਇਥੋਂ ਦੀ ਮਿੱਟੀ ਦਾ ਮੋਹ ਸਵਾਰ ਹੋ ਗਿਆ ਹੈ। ਉਹਨੂੰ ਜਾਪਦਾ ਹੈ, ਜਿਵੇਂ ਉਹ ਜੁਗਾਂ ਜੁਗਾਂ ਤੋਂ ਇਸ ਧਰਤੀ ਨੂੰ ਪਛਾਣਦਾ ਹੋਵੇ। ਇਹ ਆਪਣੀ ਮਿੱਟੀ ਹੈ। ਨਦੀ-ਤਲਾਬ, ਬਿਰਛ-ਬੂਟੇ, ਜੰਗਲ-ਮੈਦਾਨ, ਜੀਵ-ਜਾਨਵਰ, ਕੀੜੇ-ਮਕੌੜੇ ਸਾਰਿਆਂ ਵਿਚ ਉਹ ਇਕ ਵਿਸ਼ੇਸ਼ਤਾ ਦੇਖਦਾ ਹੈ। ਬਨਾਰਸ ਅਤੇ ਪਟਨੇ ਵਿਚ ਵੀ ਗੁਲਮੁਹਰ ਦੀਆਂ ਡਾਲੀਆਂ ਲਾਲ ਫੁੱਲਾਂ ਨਾਲ ਲੱਦ ਜਾਂਦੀਆਂ ਸਨ। ਨੇਪਾਲ ਦੀ ਤਰਾਈ ਵਿਚ ਪਹਾੜੀਆਂ ਤੇ ਪਲਾਸ ਅਤੇ ਅਮਲਤਾਸ ਨੂੰ ਵੀ ਗਲ ਲਗ ਕੇ ਫੁਲਦਿਆਂ ਵੇਖਿਆ ਹੈ, ਪਰ ਇਨ੍ਹਾਂ ਫੁੱਲਾਂ ਦੇ ਰੰਗਾਂ ਨੇ ਉਹਦੇ ਤੇ ਪਹਿਲੀ ਵਾਰ ਜਾਦੂ ਕੀਤਾ ਹੈ।

ਗੋਲਡ ਮੋਹਰ-ਗੁਲਮੁਹਰ-ਕ੍ਰਿਸ਼ਣਚੂੜਾ।...ਗੁਲਮੁਹਰ ਦਾ ਕ੍ਰਿਸ਼ਣ ਚੂੜਾ ਨਾਂ ਏਥੇ ਕਿੰਨਾਂ ਢੁਕਵਾਂ ਲਗਦਾ ਹੈ। ਕਾਲੇ ਕ੍ਰਿਸ਼ਣ ਦੇ ਮੁਕਟ ਵਿਚ ਲਾਲ ਫੁੱਲ ਕਿੰਨੇ ਸੁੰਦਰ ਲਗਦੇ ਹੋਣਗੇ।

ਅੰਬਾਂ ਨਾਲ ਲਦੇ ਹੋਏ ਬਿਰਛਾਂ ਨੂੰ ਦੇਖਣ ਤੋਂ ਪਹਿਲਾਂ ਉਹਦੀਆਂ ਅੱਖਾਂ ਇਨਸਾਨ ਦੇ ਉਨ੍ਹਾਂ ਝਰੋਖਿਆਂ ਵਲ ਜਾਂਦੀਆਂ ਹਨ, ਜਿੰਨਾਂ ਨੂੰ ਅੰਬਾਂ ਦੀਆਂ ਗਿਟਕਾਂ ਦੇ ਸੁੱਕੇ ਗੁੱਦੇ ਦੀ ਰੋਟੀ ਤੇ ਜੀਂਦੇ ਰਹਿਣਾ ਪੈਂਦਾ ਹੈ।...ਅਤੇ ਅਜਿਹੇ ਇਨਸਾਨ ? ਭੁੱਖੇ, ਅਤ੍ਰਿਪਤ,

ਇਨਸਾਨਾਂ ਦੀ ਆਤਮਾ ਕਦੀ ਭ੍ਰਸ਼ਟ ਨਾ ਹੋਵੇ ਜਾਂ ਕਦੀ ਵਿਦਰੋਹ ਨਾ ਕਰੇ, ਇਹ ਆਸ ਕਰਨੀ ਹੀ ਬੇਵਕੂਫੀ ਹੈ।...ਡਾਕਟਰ ਇਥੋਂ ਦੀ ਗਰੀਬੀ ਅਤੇ ਬੇਬਸੀ ਨੂੰ ਦੇਖ ਕੇ ਹੈਰਾਨ ਪਰੇਸ਼ਾਨ ਹੁੰਦਾ ਹੈ। ਉਹ ਸਬਰ-ਸੰਤੋਖ ਕਿੰਨਾ ਮਹਾਨ ਹੈ, ਜਿਦ੍ਹੇ ਸਹਾਰੇ ਇਹ ਤਬਕਾ ਜੀ ਰਿਹਾ ਹੈ ? ਅਖੀਰ ਉਹ ਕਿਹੜਾ ਕਠੋਰ ਵਿਧਾਨ ਹੈ, ਜਿਸ ਨੇ ਹਜ਼ਾਰਾਂ ਹੀ ਨਪੀੜਿਆਂ ਹੋਇਆਂ ਨੂੰ ਅਨੁਸ਼ਾਸਨ ਵਿਚ ਬੰਨ੍ਹਿਆਂ ਹੋਇਆ ਹੈ ?

...ਰੇਸ਼ਾਂ ਨਾਲ ਜੁੜੇ ਹੋਏ ਦੋਵੇਂ ਫੇਫੜੇ, ਉਡਣ ਦਾ ਵਸਤਰ ਨਹੀਂ, ਸੌਣ ਲਈ ਚਟਾਈ ਨਹੀਂ, ਪੁਆਲ ਵੀ ਨਹੀਂ। ਗਿੱਲੀ ਧਰਤੀ ਤੇ ਲੇਟਿਆ ਹੋਇਆ ਨਮੂਨੀਏ ਦਾ ਰੋਗੀ ਮਰਦਾ ਨਹੀਂ ਜੀ ਪੈਂਦਾ ਹੈ।...ਕਿਵੇਂ ?

...ਇਥੇ ਵਿਟਾਮਿਨਾਂ ਦੀਆਂ ਕਿਸਮਾਂ, ਉਨ੍ਹਾਂ ਦੇ ਅਲੱਗ ਅਲੱਗ ਗੁਣ ਅਤੇ ਲੋੜ ਬਾਰੇ ਲੰਮੀ-ਚੌੜੀ ਸੂਚੀ ਬਣਾ ਕੇ ਵੰਡਾਉਣ ਵਾਲਿਆਂ ਦੀ ਬੁੱਧੀ ਤੇ ਤਰਸ ਕਰਨ ਦਾ ਕੀ ਫ਼ਾਇਦਾ।...ਮੱਛਰਾਂ ਦੀਆਂ ਤਸਵੀਰਾਂ, ਇਸ ਤੋਂ ਬਚਣ ਦੇ ਢੰਗਾਂ ਨੂੰ ਪੋਸਟਰਾਂ ਤੇ ਚਿਤਰ ਕੇ ਜਾਂ ਮੈਜਿਕ ਲਾਲਟੈਨ ਨਾਲ ਤਸਵੀਰਾਂ ਦਿਖਾ ਕੇ ਮਲੇਰੀਏ ਦੀ ਮੁਸੀਬਤ ਨੂੰ ਰੋਕਣ ਵਾਲੇ ਕਿਸ ਦੇਸ਼ ਦੇ ਲੋਕ ਹਨ ?...ਇਥੇ ਤਾਂ ਉਨ੍ਹਾਂ ਮੱਛਰਾਂ ਦੀਆਂ ਤਸਵੀਰਾਂ ਦੇਖਦਿਆਂ ਹੀ ਲੋਕ ਕਹਿੰਦੇ ਹਨ—"ਪੂਰੈਨਿਆਂ ਜ਼ਿਲੇ ਨੂੰ ਲੋਕ ਮੱਛਰ ਲਈ ਐਵੇਂ ਬਦਨਾਮ ਕਰਦੇ ਹਨ, ਦੇਖੋ ਪੱਛਮ ਦਾ ਮੱਛਰ ਕਿੰਨਾ ਵੱਡਾ ਹੈ, ਇਕ ਹੱਥ ਲੰਮੀ ਦੇਹ, ਚਾਰ ਹੱਥ ਮੂੰਹ। ਹਾਇ ਬਾਪੂ।"

ਡੀ. ਡੀ. ਟੀ. ਅਤੇ ਮਸਹਰੀ ਦੀ ਗੱਲ ਤਾਂ ਬੜੀ ਵੱਡੀ ਹੈ। ਦੇਹ ਵਿਚ ਕੌੜਾ ਤੇਲ ਲਾਉਣਾਂ ਵੀ ਸਵਰਗੀ ਭੋਗ-ਵਿਲਾਸ ਵਿਚ ਗਿਣਿਆਂ ਜਾਂਦਾ ਹੈ।...ਤੇਲ ਫਲੇਲ ਤਾਂ ਜਿਮੀਂਦਾਰ ਲੋਕ ਲਾਉਂਦੇ ਹਨ, ਸਵਰਗ ਦੀਆਂ ਪਰੀਆਂ ਤੇਲ-ਫਲੇਲ ਲੈ ਕੇ ਪੁੰਨ ਕਰਨ ਵਾਲਿਆਂ ਦੀ ਸੇਵਾ ਕਰਦੀਆਂ ਹਨ...।

ਖੇਤਾਂ ਵਿਚ ਖਿੰਡੀ ਹੋਈ ਕਾਲੀ ਮਿੱਟੀ ਦੀ ਸੰਜੀਵਨੀ ਇਨ੍ਹਾਂ ਨੂੰ ਜਿਉਂਦਿਆਂ ਰਖਦੀ ਹੈ। ਸ਼ਸ਼ਿਆ, ਸ਼ਿਆਮਲਾ, ਸੁਜਲਾ-ਸਫਲਾ...ਇਨ੍ਹਾਂ ਦੀ ਮਾਂ ਨਹੀਂ ? ਹੁਣ ਤਾਂ ਸ਼ਾਇਦ ਧਰਤੀ ਤੇ ਪੈਰ ਰਖਣ ਦਾ ਵੀ ਅਧਿਕਾਰ ਨਹੀਂ ਰਵ੍ਹੇਗਾ। ਕਾਨੂੰਨ ਬਣਨ ਤੋਂ ਪਹਿਲਾਂ ਹੀ ਕਾਨੂੰਨ ਨੂੰ ਨਿਕੰਮਾ ਕਰਨ ਦੇ ਤਰੀਕੇ ਘੜ ਲਏ ਜਾਂਦੇ ਹਨ। ਸੂਈ ਦੇ ਛੇਕ ਵਿਚੋਂ ਹਾਥੀ ਕੱਢ ਲੈਣ ਦੀ ਬੁੱਧੀ ਹੀ ਅਜ ਸਹੀ ਬੁੱਧੀ ਹੈ।...ਬਾਕੀ ਲੋਕ ਤਾਂ ਬਕਵਾਸ ਕਰਦੇ ਹਨ, ਬੁੱਧੀ-ਭਰਮ ਰੋਗ ਨਾਲ ਪੀੜਤ ਹਨ। ਜਿਹਦੇ ਕੋਲ ਹਜ਼ਾਰਾਂ ਬਿਘੇ ਜ਼ਮੀਨ ਹੈ, ਉਹ ਪੰਜ ਬਿਘੇ ਦੀ ਭੁੱਖ ਨਾਲ ਤਰਲੋ ਮੱਛੀ ਹੋ ਰਿਹਾ ਹੈ।...ਬੇਜ਼ਮੀਨ ਆਦਮੀ ਆਦਮੀ ਨਹੀਂ, ਉਹ ਤਾਂ ਜਾਨਵਰ ਹੈ।

ਡਾਕਟਰ ਮਮਤਾ ਨੂੰ ਲਿਖਦਾ ਹੈ—

"ਤੂੰ ਜਿਹੜੀ ਭਾਸ਼ਾ ਬੋਲਦੀ ਏਂ, ਉਹਨੂੰ ਇਹ ਨਹੀਂ ਸਮਝ ਸਕਦੇ। ਤੂੰ ਇਨ੍ਹਾਂ ਦੀ

ਭਾਸ਼ਾ ਨਹੀਂ ਸਮਝ ਸਕਦੀ। ਤੂੰ ਜੋ ਖਾਂਦੀ ਏ, ਇਹ ਨਹੀਂ ਖਾ ਸਕਦੇ। ਤੂੰ ਜੋ ਪਹਿਨਦੀ ਏਂ, ਇਹ ਨਹੀਂ ਪਹਿਨ ਸਕਦੇ। ਤੂੰ ਜਿਵੇਂ ਸੌਂਦੀ ਏ, ਬੈਠਦੀ ਏਂ, ਹਸਦੀ ਏਂ, ਬੋਲਦੀ ਏਂ, ਇਹ ਉਹੋ ਜਿਹਾ ਕੁਝ ਨਹੀਂ ਕਰ ਸਕਦੇ। ਫੇਰ ਤੂੰ ਇਨ੍ਹਾਂ ਨੂੰ ਆਦਮੀ ਕਿਵੇਂ ਕਹਿਨੀ ਏਂ।"

...ਉਹ ਆਦਮੀਆਂ ਦਾ ਡਾਕਟਰ ਹੈ, ਜਾਨਵਰਾਂ ਦਾ ਨਹੀਂ।...'ਟੈਸਟ ਟਿਊਬਾਂ' ਵਿਚ ਆਦਮੀ ਅਤੇ ਜਾਨਵਰ ਦੇ ਖੂਨ ਅਲੱਗ ਅਲੱਗ ਰਖੇ ਹੋਏ ਹਨ। ਦੋਵਾਂ ਦੇ 'ਸਿਰਮ' ਦੀਆਂ ਅਲੱਗ ਅਲੱਗ ਜ਼ਰੂਰਤਾਂ ਹਨ। ਡਾਕਟਰ ਆਦਮੀ ਦੇ ਖੂਨ ਵਾਲੀ ਟਿਊਬ ਨੂੰ ਹੱਥ ਵਿਚ ਲੈ ਕੇ ਜਰਾ ਹੋਰ ਉਪਰ ਚੁਕ ਕੇ ਗਹੁ ਨਾਲ ਦੇਖਦਾ ਹੈ, ਉਹ ਜਾਨਣਾ ਚਾਹੁੰਦਾ ਹੈ, ਦੇਖਣਾ ਚਾਹੁੰਦਾ ਹੈ ਕਿ ਇਨ੍ਹਾਂ ਇਨਸਾਨਾਂ ਅਤੇ ਜਾਨਵਰਾਂ ਦੇ ਰਕਤ-ਕਣਾਂ ਵਿਚ ਕਿੰਨੀ ਭਿੰਨਤਾ ਹੈ, ਕਿੰਨੀ ਸਾਂਝ ਹੈ।...

ਖੂਨ ਨਾਲ ਭਰੀਆਂ ਹੋਈਆਂ ਟੈਸਟ-ਟਿਊਬਾਂ ਵਿਚ ਹੁਣ ਕੋਈ ਦਿਲਚਸਪੀ ਨਹੀਂ।...

ਕੀ ਕਰੇਗਾ ਉਹ ਸੰਜੀਵਨੀ ਬੂਟੀ ਲਭ ਕੇ? ਉਹਨੂੰ ਨਹੀਂ ਚਾਹੀਦੀ ਸੰਜੀਵਨੀ। ਭੁੱਖ ਅਤੇ ਬੇਬਸੀ ਨਾਲ ਤੜਫ਼ ਕੇ ਮਰਨ ਨਾਲੋਂ ਚੰਗਾ ਹੈ, ਮੈਲਿੰਗਨੇਟ ਮਲੇਰੀਏ ਨਾਲ ਬੇਹੋਸ਼ ਹੋ ਮਰ ਜਾਣਾ। ਤਿਲ ਤਿਲ ਕਰਕੇ ਘੁਲ-ਘੁਲ ਕੇ ਮਰਨ ਲਈ ਉਨ੍ਹਾਂ ਨੂੰ ਜਿਊਂਦੇ ਰਖਣਾ ਬੜੀ ਵੱਡੀ ਬੇਰਹਿਮੀ ਹੈ।...ਸੁਣਦੇ ਹਾਂ, ਮਹਾਤਮਾ ਗਾਂਧੀ ਨੇ ਕਸ਼ਟ ਨਾਲ ਤੜਪਦੇ ਹੋਏ ਬਛੜੇ ਨੂੰ ਗੋਲੀ ਨਾਲ ਮਾਰਨ ਦੀ ਸਲਾਹ ਦਿਤੀ ਸੀ। ਉਹ ਨਵੇਂ ਸੰਸਾਰ ਲਈ ਇਨਸਾਨ ਨੂੰ ਸਵੱਛ ਤੇ ਸੁੰਦਰ ਬਨਾਉਣਾ ਚਾਹੁੰਦਾ ਸੀ। ਇਹ ਇਨਸਾਨ ਹੈਨ ਕਿਥੇ?...ਹਾਲੇ ਪਹਿਲਾ ਕੰਮ ਹੈ, ਜਾਨਵਰ ਨੂੰ ਇਨਸਾਨ ਬਣਾਉਣਾ।

ਉਹਨੇ ਮਮਤਾ ਨੂੰ ਲਿਖਿਆ ਹੈ—

"ਇਥੋਂ ਦੀ ਮਿੱਟੀ ਵਿਚ ਵਿਖਰੇ ਹੋਏ, ਲੱਖਾਂ ਹੀ ਇਨਸਾਨਾਂ ਦੀ ਜ਼ਿੰਦਗੀ ਦੇ ਸੁਨਹਿਰੇ ਸੁਪਨਿਆਂ ਨੂੰ ਲੈ ਕੇ ਅਧੂਰੇ ਅਰਮਾਨਾਂ ਨੂੰ ਲੈ ਕੇ, ਇਥੋਂ ਦੇ ਪ੍ਰਾਣੀ ਦੇ ਜੀਵ ਕੋਸ਼ ਵਿਚ ਭਰ ਦੇਣ ਦੀ ਕਲਪਨਾ ਮੈਂ ਕੀਤੀ ਸੀ। ਮੈਂ ਕਲਪਨਾ ਕੀਤੀ ਸੀ ਕਿ ਹਜ਼ਾਰਾਂ ਸਿਹਤਮੰਦ ਇਨਸਾਨ ਹਿਮਾਲਾ ਦੀਆਂ ਖੁੰਦਰਾਂ ਵਿਚ, ਤ੍ਰਿਵੇਣੀ ਦੇ ਸੰਗਮ ਤੇ ਅਰੁਣ ਤਿਮਰ ਅਤੇ ਸੁਣਕੋਸ਼ੀ ਦੇ ਸੰਗਮ ਉਪਰ ਇਕ ਵਿਸ਼ਾਲ ਡੈਮ ਬਨਾਉਣ ਲਈ ਪਰਵਤ ਤੋੜ ਮਿਹਨਤ ਕਰ ਰਹੇ ਹਨ।...ਲੱਖਾਂ ਏਕੜ ਬਿੰਧਿਆ ਧਰਤੀ ਕੋਸ਼ੀ ਨਾਲ ਘਿਰੀ ਹੋਈ, ਮਰੀ ਹੋਈ ਮਿੱਟੀ ਸ਼ਸਿਆ-ਸ਼ਿਆਮਲਾ ਹੋ ਉਠੇਗੀ। ਕਫਨ ਵਰਗੇ ਸਫੇਦ ਰੇਤ ਭਰੇ ਮੈਦਾਨ ਵਿਚ ਧਾਨੀ ਰੰਗ ਦੀ ਜ਼ਿੰਦਗੀ ਦੀਆਂ ਬੇਲਾਂ ਲਗ ਜਾਣਗੀਆਂ। ਮਕਈ ਦੇ ਖੇਤਾਂ ਵਿਚੋਂ ਘਾਹ ਪੁਟਦੀਆਂ ਔਰਤਾਂ ਆਕਾਰਣ ਹਸ ਪੈਣਗੀਆਂ। ਮੋਤੀਆਂ ਵਰਗੇ ਸਫੇਦ ਦੰਦਾਂ ਦੀ ਚਮਕ।..."

ਡਾਕਟਰ ਦੀ ਰਿਸਰਚ ਪੂਰੀ ਹੋ ਗਈ, ਇਕ ਦਮ ਕੰਪਲੀਟ। ਉਹ ਵੱਡਾ ਡਾਕਟਰ

ਹੋ ਗਿਆ। ਡਾਕਟਰ ਨੇ ਰੋਗ ਦੀ ਜੜ ਫੜ ਲਈ ਹੈ...।

ਗਰੀਬੀ ਅਤੇ ਜਹਾਲਤ—ਇਸ ਰੋਗ ਦੇ ਦੋ ਕਿਟਾਣੂੰ ਹਨ।

ਇਨੋਂਫਿਲੀਜ਼ ਤੋਂ ਵੀ ਜ਼ਿਆਦਾ ਖਤਰਨਾਕ ਸੈਂਡਫਲਾਈ (ਕਾਲਾ ਆਜ਼ਾਰ ਦਾ ਮੱਛਰ) ਤੋਂ ਵੀ ਜ਼ਿਆਦਾ ਜ਼ਹਿਰੀਲੇ ਹਨ ਇਥੋਂ ਦੇ...

ਨਹੀਂ। ਸ਼ਾਇਦ ਉਹ ਕਾਲੀਚਰਨ ਵਾਂਗ ਤੁਲਨਾਤਮਕ ਉਦਾਹਰਣ ਦੇ ਬੈਠੇਗਾ।... ਕਾਲੀਚਰਨ ਕਿਸਾਨਾਂ ਵਿਚ ਭਾਸ਼ਣ ਦੇ ਰਿਹਾ ਸੀ, "ਇਹ ਪੂੰਜੀਪਤੀ ਅਤੇ ਜਿਮੀਂਦਾਰ ਖਟਮਲਾਂ ਅਤੇ ਮੱਛਰਾਂ ਵਾਂਗ ਸ਼ੋਸ਼ਕ ਹਨ।...ਖਟਮਲ! ਇਸੇ ਲਈ ਬਹੁਤ ਸਾਰੇ ਮਾਰਵਾੜੀਆਂ ਦੇ ਨਾਂ ਨਾਲ 'ਮਲ' ਲਗਾ ਹੋਇਆ ਹੈ, ਅਤੇ ਜਿਮੀਂਦਾਰਾਂ ਦੇ ਬੱਚੇ 'ਮਿਸਟਰ' ਕਹਾਉਂਦੇ ਹਨ। ਮਿਸਟਰ...ਮੱਛਰ।"

ਤਰੇੜਾਂ ਵਾਲੀ ਦੀਵਾਰ। ਇਹ ਡਿਗੇਗੀ। ਇਹਨੂੰ ਡਿਗਣ ਦਿਓ। ਇਹ ਸਮਾਜ ਕਦੋਂ ਤਕ ਟਿਕਿਆ ਰਹਿ ਸਕੇਗਾ?

...ਕਵੀਵਰ ਹੰਸ ਕੁਮਾਰ ਤਿਵਾਰੀ ਦੀ ਕਵਿਤਾ ਦੀਆਂ ਕੁਝ ਸਤਰਾਂ ਚੇਤੇ ਆਉਂਦੀਆਂ ਹਨ—

ਦੁਨੀਆਂ ਫੂਸ ਬਟੋਰ ਚੁਕੀ ਹੈ,
ਮੈਂ ਦੋ ਚਿਨਗਾਰੀ ਦੇ ਦੂੰਗਾ।

ਗੁਲਮੁਹਰ — ਅਜ ਦਾ ਫੁੱਲ। ਸਾਰੀ ਕਰੂਪਤਾ ਸੜ ਰਹੀ ਹੈ। ਲਾਲ। ਲਾਲ।...ਕਮਲ-ਕਮਲਾ ਨਦੀ ਦੇ ਛੱਪੜਾਂ ਵਿਚ ਕਮਲ ਦੀਆਂ ਅੱਧ ਮੁੰਦੀਆਂ ਕਲੀਆਂ ਆਪਣੇ ਕੋਸ਼ ਵਿਚ ਨਵੀਂ ਜ਼ਿੰਦਗੀ ਦੇ ਪਰਾਗ ਭਰ ਕੇ ਖਿੜਨਾਂ ਹੀ ਚਾਹੁੰਦੀਆਂ ਹਨ।

"ਉਹ। ਤੂੰ। ਕਮਲਾ। ਏਨੀ ਰਾਤ ਗਈ 'ਚ?...ਕੱਲੀ ਆਈ ਏਂ?"

"ਡਾਕਟਰ।...ਬੋਲੋ! ਸੱਚ ਬੋਲੋ। ਮੈਂ ਡੇਢ ਘੰਟੇ ਦੀ ਖੜੀ ਦੇਖ ਰਹੀ ਹਾਂ। ਤੁਹਾਨੂੰ ਕੀ ਹੋ ਗਿਆ ਹੈ? ਕੀ ਤੁਹਾਨੂੰ ਵੀ ਹੁਣ ਡਰ ਲਗਦਾ ਹੈ?...ਸਿਰ ਚਕਰਾਉਂਦਾ ਹੈ? ਤੱਕੋ ਕੰਨ ਕੋਲ ਗਰਮੀ ਜਿਹੀ ਲਗਦੀ ਹੈ? ਦੁਨੀਆਂ ਘੁੰਮਦੀ ਹੋਈ ਦਿਸਦੀ ਹੈ?...ਡਾਕਟਰ।...ਡਾਕਟਰ। ਪਿਆਰੂ...।"

...ਕਮਲ ਦੀ ਭਿੰਨੀ ਭਿੰਨੀ ਖੁਸ਼ਬੂ। ਕੋਮਲ ਪੰਖੜੀਆਂ ਦਾ ਮਨਮੋਹਕ ਸਪਰਸ਼। ਕਮਲਾ।...ਓਹ ਮੈਂ ਕਮਲਾ ਦੀ ਗੋਦ ਵਿਚ ਹਾਂ। ਮੈਨੂੰ ਨੀਂਦ ਨਾ ਆ ਜਾਵੇ। ਮੈਨੂੰ ਉਠ ਕੇ ਬਹਿ ਜਾਣਾ ਚਾਹੀਦਾ ਹੈ। ਮੇਰੀ ਮੰਜ਼ਿਲ।

"ਕਮਲਾ, ਚਲ ਤੈਨੂੰ ਛਡ ਆਵਾਂ।"

"ਲੇਟੇ ਰਹੋ ਬੇਟਾ।"

"ਓਹ ਮਾਸੀ। ਤੂੰ ਆ ਗਈ?"

ਪਿਆਰੂ ਕਹਿੰਦਾ ਹੈ, "ਕਲ੍ਹ ਸਵੇਰ ਤੋਂ ਹੀ ਸਿਰਫ ਚਾਹ ਪੀਤੀ ਹੈ, ਤੇ ਸਿਰ ਨਹੀਂ

ਚੱਕਰ ਖਾਵੇਗਾ।"

## ਸੈਂਤੀ

ਤਹਿਸੀਲਦਾਰ ਵਿਸ਼ਵਨਾਥ ਪ੍ਰਸਾਦ ਦੇ ਦਰਾਂ ਸਾਹਮਣੇ ਪੰਚਾਇਤ ਬੈਠੀ ਹੈ। ਦੋਵਾਂ ਤਹਿਸੀਦਾਰਾਂ ਦੇ ਦੁਆਲੇ ਬਾਲਦੇਵ ਜੀ ਅਤੇ ਕਾਲੀਚਰਨ ਜੀ ਬੈਠੇ ਹਨ। ਬਾਭਨ-ਰਾਜਪੂਤ ਦੇ ਨਾਲ ਬੈਠਾ ਹੈ। ਯਾਦਵ — ਇਕੋ ਹੀ ਦਰੀ ਤੇ। ਓਏ — ਜੀਬੇਸਰ ਮੋਚੀ ਵੀ ਉਸੇ ਕੰਬਲ ਤੇ ਬੈਠਾ ਹੈ? ਬਸ, ਹੁਣ ਸਿੱਧੇ ਰਾਹ ਆ ਰਿਹਾ ਹੈ। ਤੱਕੋ ਅਜ ਤਹਿਸੀਲਦਾਰ ਹਰਗੌਰੀ ਕਿਸ ਤਰ੍ਹਾਂ ਹੱਸ ਹੱਸ ਕੇ ਕਾਲੀਚਰਨ ਨਾਲ ਗੱਲਾਂ ਕਰ ਰਿਹਾ ਹੈ — ਜਿਵੇਂ ਇਕੋ ਪਿਆਲੀ ਦਾ ਯਾਰ ਹੋਵੇ। ਹਾਂ, ਤਾਂ ਯਾਦਵਾਂ ਨੂੰ ਹੁਣ ਜਮਾਹਿਰ ਲਾਲ ਨੇ ਵੀ ਛੱਤਰੀ ਮੰਨ ਲਿਆ ਹੈ। ਕੌਣ ਕੁਛ ਕਹਿ ਸਕਦਾ ਹੈ?... ਬਾਵਨਦਾਸ ਕਿਹੜੀ ਜਾਤ ਦਾ ਹੈ?...ਕਿਥੇ ਹੈ ਬਾਵਨਦਾਸ? ਪੂਰੇਨਿਆਂ ਗਿਆ ਹੈ? ਅਜ ਪੰਚਾਇਤ ਵਾਲੇ ਦਿਨ ਉਹਨੂੰ ਰਹਿਣਾ ਚਾਹੀਦਾ ਸੀ।...ਓ ਬਈ ਓਪਰਾ ਆਦਮੀ ਫੇਰ ਵੀ ਉਪਰਾ ਹੁੰਦਾ ਹੈ। ਉਹਨੂੰ ਇਸ ਪਿੰਡ ਦੀ ਕਿਹੜੀ ਜ਼ਰੂਰਤ ਹੈ? ਇਥੇ ਨਹੀਂ, ਕਿਤੇ ਹੋਰ, ਪਰ ਕਾਲੀਚਰਨ...ਬਾਲ...।...ਡੋਮਨ ਠਾਕਰ ਕੀ ਕਹਿੰਦਾ ਹੈ, ਸੁਣੋ।

"ਠਾਕਰ (ਨਾਈ) ਟੋਲੇ 'ਚੋਂ ਅਤੇ ਰਾਜਕ ਟੋਲੇ 'ਚੋਂ ਇਕ-ਇਕ ਆਦਮੀ ਨੂੰ ਉਚੇ ਸਫਰੇ ਤੇ ਬੈਠਣ ਲਈ ਚੁਣ ਲਿਆ ਜਾਵੇ।"

"ਔਹ। ਆਓ ਡੋਮਨ ਵੀਰੇ। ਆਪਣੇ ਟੋਲੇ 'ਚੋਂ ਕਿਸ ਨੂੰ ਪੰਚ ਚੁਣਦਾ ਹੈ? ਬੋਲੋ! ਤੁਸੀਂ ਆਓ। ਅਤੇ ਰਜਕ ਟੋਲੇ 'ਚੋਂ ਤਾਂ ਪਿਆਰੇ ਲਾਲ ਹੈ ਹੀ। ਆਓ, ਪਿਆਰੇ, ਕਾਲੀਚਰਨ ਪਿਆਰੇ ਨੂੰ ਆਪਣੇ ਕੋਲ ਹੀ ਬਿਠਾਉਂਦਾ ਹੈ।

"ਤਾਂ ਗੱਲ ਇਹ ਹੈ ਕਿ "ਤਹਿਸੀਲਦਾਰ ਵਿਸ਼ਵਨਾਥ ਪ੍ਰਸਾਦ ਜੀ ਸੁਪਾਰੀ ਕੁਤਰਦੇ ਹੋਏ ਕਹਿੰਦੇ ਹਨ, "ਜ਼ਮਾਨਾ ਬਹੁਤ ਖਰਾਬ ਆ ਰਿਹਾ ਹੈ। ਜਿਹੜੇ ਲੋਕ ਅਖ਼ਬਾਰ-ਗਜ਼ਟ ਪੜ੍ਹਦੇ ਹਨ, ਉਹ ਜਾਣਦੇ ਹਨ ਕਿ ਕਿੰਨਾਂ ਖਰਾਬ ਜਮਾਨਾ ਆ ਰਿਹਾ ਹੈ।... ਬੰਗਾਲ ਵਾਂਗ ਕਾਲ ਪੈਣਗੇ। ਬੰਗਾਲ ਦੇ ਕਾਲ ਬਾਰੇ ਨਹੀਂ ਜਾਣਦੇ?...ਓਏ। ਚਰਵਾਹੇ ਸਭ ਕੁਝ ਗੌਂਦੇ ਨੇ, ਸੁਣਿਆਂ ਨਹੀਂ ਹੈ—

ਬੜਾ ਜ਼ੁਲਮ ਕਇਲਕ ਅਕਲਵਾਰੇ
ਬੰਗਲਾ ਮੁਲੁਕਵਾਮੇਂ
ਚਾਰ ਕਰੋੜ ਆਦਮੀ ਮਰਲ...

..."ਪੁਛੋ ਕਾਲੀਚਰਨ ਨੂੰ, ਬਾਲਦੇਵ ਵੀ ਕਹੂਗਾ ਕਿ ਬੰਗਾਲ ਦੇ ਕਾਲ ਵਰਗਾ ਕਾਲ ਕਦੀ ਪਿਆ ?...ਬਹੁਤੀ ਉਮਰ ਹੋਣ ਨਾਲ ਕੀ ਬਣਦਾ ਹੈ ? ਜਿਹੜੇ ਲੋਕ ਅਖ਼ਬਾਰ ਨਹੀਂ ਪੜ੍ਹਦੇ ਉਹ ਦੁਨੀਆਂ ਦੀਆਂ ਗੱਲਾਂ ਤੋਂ ਕਿਵੇਂ ਵਾਕਫ਼ ਹੋ ਸਕਦੇ ਹਨ ? ਮੈਂ ਹੀ ਸ਼ੁਰੂ ਤੋਂ ਜੇਕਰ — ਕਚਹਿਰੀ ਕਟੀਹਾਰ — ਪੂਰਨੀਆਂ ਨਾ ਜਾਂਦਾ ਤਾਂ ਖੂਹ ਦਾ ਡੱਡੂ ਰਹਿੰਦਾ, ਖੂਹ ਦਾ ਡੱਡੂ। ..ਦੇਖੋ ਸਰਕਾਰ ਸਾਰੇ ਧਾਨ ਵਾਲਿਆਂ ਤੋਂ ਧਾਨ ਵਸੂਲ ਰਹੀ ਹੈ, ਕਿਉਂ ? ਸਰਕਾਰ ਨੂੰ ਪੱਕਾ ਡਰ ਹੈ ਕਿ ਕਾਲ ਪਵੇਗਾ। ਇਸ ਲਈ ਆਪਣੇ ਹੱਥ ਵਿਚ ਬੁਰੇ ਬਖਤ ਲਈ ਪੂਰਾ ਸਟੌਕ ਰਖਣਾ ਜ਼ਰੂਰੀ ਹੈ। ਓਏ, ਤੁਹਾਨੂੰ ਤਾਂ ਤਿੰਨ ਬੰਦਿਆਂ ਦੀ ਚਿੰਤਾ ਕਰਨੀ ਪੈਂਦੀ ਹੈ, ਤਾਂ ਸਾਲ ਭਰ ਬਾਪੂ ਬਾਪੂ ਚੀਕਦੇ ਹੋ, ਕਦੀ ਇੰਦਰ ਭਗਵਾਨ ਤੋਂ ਪਾਣੀ ਮੰਗਦੇ ਹੋ, ਸੂਰਜ ਭਗਵਾਨ ਨੂੰ ਧੁਪ ਕੱਢਣ ਲਈ ਕਹਿੰਦੇ ਹੋ, ਨੌਕਰੀ ਕਰਦੇ ਹੋ, ਕਰਜ਼ਾ ਲੈਂਦੇ ਹੋ, ਅਤੇ ਜਿਸ ਨੂੰ ਸਮੁਚੇ ਭਾਰਥ ਵਰਸ਼ ਹਿੰਦੁਸਤਾਨ ਦੀ ਚਿੰਤਾ ਕਰਨੀ ਪੈਂਦੀ ਹੈ, ਉਹਦੀ ਕੀ ਹਾਲਤ ਹੁੰਦੀ ਹੋਵੇਗੀ ? ਹਾਲੇ ਹੁਣੇ ਹੀ ਤਾਂ ਸਾਰੇ ਲੀਡਰ ਜੇਲ੍ਹ 'ਚੋਂ ਨਿਕਲੇ ਹਨ; ਜਲਦੀ ਮਨਿਸਟਰੀ ਬਣੀ ਹੈ। ਜੇ ਕਾਲ ਪੈ ਗਿਆ ਤਾਂ ਜਿਹੜਾ ਸੁਰਾਜ ਮਿਲਣ ਵਾਲਾ ਹੈ, ਉਹ ਨਹੀਂ ਮਿਲੇਗਾ। ਜੇ ਮਿਲੇਗਾ ਵੀ ਤਾਂ ਉਹਦੀ ਸਾਰੀ ਤਾਕਤ ਤਾਂ ਲੋਕਾਂ ਨੂੰ ਖਲੋਣ ਵਿਚ ਹੀ ਲਗ ਜਾਵੇਗੀ। ਇਸ ਲਈ ਸਾਨੂੰ ਧਰਤੀ 'ਚੋਂ ਬਹੁਤਾ ਅੰਨ ਪੈਦਾ ਕਰਨਾ ਚਾਹੀਦਾ ਹੈ।...ਹੁਣ ਮੰਨ ਲਵੋ ਕਿ ਕੜੀ ਕਚਹਿਰੀ ਫੜੀ-ਫੌਜਦਾਰੀ ਕਰਕੇ ਤੁਸੀਂ ਖੇਤ ਤੇ ਦਫਾ 144 ਲੁਆ ਦਿੰਦੇ ਹੋ, ਫੇਰ 145 ਹੋਵੇਗਾ, ਇਸ ਨਾਲ ਜ਼ਮੀਨ ਵਿਚ ਧਾਨ ਤਾਂ ਨਹੀਂ ਲਾਇਆ ਜਾਵੇਗਾ। ਖੇਤ ਰੜੇ ਰਹਿਣਗੇ, ਤੇ ਅੰਨ ਹੋਏਗਾ ਨਹੀਂ। ਇਸ ਪਿਛੋਂ ਮਾਲਕਾਂ ਤੋਂ ਹੀ ਜੇ ਧਾਨ ਮੰਗੋਗੇ ਤਾਂ ਕਿਥੋਂ ਦੇਣਗੇ ਮਾਲਕ ? ਆਪਣੇ ਖਰਚ ਜੋਗਾ ਧਾਨ ਮਾਲਕਾਂ ਕੋਲ ਹੋਵੇਗਾ ਨਹੀਂ ਅਤੇ ਸਰਕਾਰ ਵਸੂਲ ਕਰੇਗੀ ਡੰਡੇ ਦੇ ਜ਼ੋਰ ਨਾਲ, ਕਾਨੂੰਨ ਨਾਲ। ਵੱਡੇ ਮਾਲਕਾਂ ਦੀਆਂ ਬੁਖਾਰਿਆਂ ਵਿਚ ਵੀ ਚਮਗਿੱਦੜ ਬੋਲਣਗੇ।...ਇਸ ਲਈ ਸਾਡਾ ਇਹੋ ਕਹਿਣਾ ਹੈ ਕਿ ਸਾਰੇ ਭਰਾ ਆਪਸ ਵਿਚ ਵਿਚਾਰ ਕਰਕੇ ਮਿਲਕੇ ਦੇਖੋ ਕਿ ਕਿਸ ਕੰਮ ਵਿਚ ਭਲਾਈ ਹੈ।

...ਓਏ ਤਾਂ ਇਹ ਪੰਚਾਇਤ ਸਿਰਫ ਬੇਜ਼ਮੀਨੀਆਂ ਨੂੰ ਹੀ ਸਿਖਿਆ ਦੇਣ ਲਈ ਬੁਲਾਈ ਗਈ ਹੈ।...ਚੁਪ ਰਹਿ। ਤਹਿਸੀਲਦਾਰ ਜੋ ਕੁਝ ਕਹਿ ਰਹੇ ਹਨ, ਨਹੀਂ ਸਮਝ ਰਹੇ। ਪੱਕੀ ਗੱਲ ਕਰਦੇ ਹਨ ਤਹਿਸੀਲਦਾਰ।...ਕਾਬਲ ਆਦਮੀ ਹਨ। ਓਏ, ਅਜ ਹੀ ਇਹ ਕਾਲੀਚਰਨ ਤੇ ਬਾਲਦੇਵ ਆਇਆ ਹੈ ਨਾ। ਪਹਿਲਾਂ ਤਾਂ ਸਾਡੀਆਂ ਅੱਖਾਂ, ਕੰਨ ਇਹੋ ਸਨ। ਇਨ੍ਹਾਂ ਕੋਲ ਬੈਠਕੇ ਗਜ਼ਟ ਵਿਚੋਂ ਸੁਣਿਆ ਸੀ ਕਿ ਨੇਤਾ ਜੀ ਸਿੰਘਾਪੁਰ ਪੁਸ਼ਪ ਵਿਮਾਨ ਤੇ ਆ ਗਏ ਹਨ।...ਤਹਿਸੀਲਦਾਰ ਠੀਕ ਕਹਿੰਦੇ ਹਨ।...

"ਤਹਿਸੀਲਦਾਰ ਬਾਬੂ ? ਮਈ ਬਾਪ...ਤੁਸੀਂ ਠੀਕ ਹੀ ਕਹਿੰਦੇ ਹੋ, ਹੁਣ ਤੁਸੀਂ ਹੀ ਕੋਈ ਰਾਹ ਦਸੋ ।"

"ਹਾਂ, ਹਾਂ ਤਹਿਸੀਲਦਾਰ ਚਾਚਾ ਤੁਸੀਂ ਹੀ ਜੋ ਕਹੋਗੇ ।"

"ਠੀਕ ਹੈ ।...ਕੀ ਕਾਲੀਚਰਨ ਜੀ ?" ਤਹਿਸੀਲਦਾਰ ਹਰਗੌਰੀ ਹਸ ਕੇ ਪੁੱਛਦਾ ਹੈ।

ਕਾਲੀਚਰਨ ਨੂੰ 'ਜੀ' ਕਹਿੰਦੇ ਹਨ ਹਰਗੌਰੀ ਬਾਬੂ ਵੀ। "ਠੀਕ ਹੈ। ਠੀਕ ਹੈ। ਤਹਿਸੀਲਦਾਰ ਸਾਬ੍ਹ ਠੀਕ ਕਹਿੰਦੇ ਹਨ ।"

"ਤਾਂ ਭਰਾਵੋ ਅਸੀਂ ਤਾਂ ਹਿੰਦੁਸਤਾਨ ਭਾਰਥ ਵਰਸ਼ ਦੀ ਗੱਲ ਨਹੀਂ ਜਾਣਦੇ। ਅਸੀਂ ਆਪਣੇ ਪਿੰਡ ਦੀ ਗੱਲ ਜਾਣਦੇ ਹਾਂ। ਆਪ ਭਲਾ ਤੇ ਜਗ ਭਲਾ। ਅਸੀਂ ਤਾਂ ਏਸੇ ਵਿਚ ਪਿੰਡ ਦਾ ਕਲਿਆਣ ਸਮਝਦੇ ਹਾਂ ਕਿ ਸਾਰੇ ਭਰਾ, ਕੀ ਗਰੀਬ ਕੀ ਅਮੀਰ, ਸਾਰੇ ਭਰਾ ਮਿਲ ਕੇ ਏਕਤਾ ਨਾਲ ਰਹਿਣ। ਨਾ ਕੋਈ ਜ਼ਮੀਨ ਛਡਾਵੇ ਨਾਂ ਕੋਈ ਗਲਤ ਦਾਵਾ ਕਰੇ। ਜਿਦਾਂ ਪਹਿਲਾਂ ਵਹੁੰਦੇ-ਬੀਜਦੇ ਸੀ। ਵਹੁਣ ਬੀਜਣ ਤੇ ਵਢ ਦੇਣ। ਨਾਂ ਰਸੀਦ ਮੰਗਣ, ਨਾ ਨਗਦੀ ਲਈ ਦਰਖਾਸਤ ਦੇਣ।...ਦੋਵਾਂ ਨੂੰ ਸਮਝਾਉਣਾ ਹੋਵੇਗਾ ।...ਕਿਉਂ ਹਰ ਗੌਰੀ ਬਾਬੂ। ਸੁਣਦੇ ਹੋ ਨਾ ? ਆਪਣੇ ਮੈਨੇਜਰ ਨੂੰ ਜਾ ਕੇ ਕਹਿ ਦੇਣਾ ਕਿ ਹਜ਼ੂਰ ਹੁਣ ਵੀ ਹੋਸ਼ ਕਰਨ। ਜੇ ਇਸ ਤਰ੍ਹਾਂ ਮੁਜਾਰਿਆਂ ਨਾਲ ਦੁਸ਼ਮਣੀ ਕਰਨਗੇ ਤਾਂ ਘਟੋ ਘਟ ਸਾਡੇ ਇਥੋਂ ਦੇ ਮੁਜਾਰਿਆਂ ਨਾਲ ਤਾਂ ਫੇਰ ਗੱਲ ਬਿਗੜ ਜਾਵੇਗੀ ।...ਸਾਰੀ ਗੱਲ ਤਾਂ ਸਾਡੇ ਹੀ ਹੱਥ ਵਿਚ ਹੈ। ਅਸੀਂ ਹੁਣੇ ਹੀ ਗਵਾਹੀ ਦੇ ਦੇਈਏ ਕਿ ਹਾਂ ਅਜ਼ੂਰ ਆਲੀ, ਇਹ ਸਾਰਾ ਫਰਜ਼ੀ ਕਾਗਜ਼ ਪੱਤਰ, ਚਿੱਠੀ-ਚਪੱਠੀ, ਰੁੱਕਾ ਪਰਵਾਨਾ ਦਿਖਾ ਦਈਏ ਤਾਂ ਬਸ ਖੋਪ ਸਾਹਿਤ ਕਬੂਤ ਰਾਇ ਨਾਮ...।"

ਹਾ-ਹਾ-ਹੋ-ਹੋ ।...ਪੰਚਾਇਤ ਦੇ ਸਾਰੇ ਬੰਦੇ ਖੁਲ੍ਹ ਕੇ ਹਸਦੇ ਹਨ।

"ਓਏ ਤਾਂ, ਕਿਸ ਖਾਨਦਾਨ ਦਾ ਤਹਿਸੀਲਦਾਰ ਹੈ। ਇਹ ਵੀ ਤਾ ਦੇਖਣਾ ਚਾਹੀਦਾ ਹੈ ?" ਸਿੰਘ ਜੀ ਹਸਦੇ ਹੋਏ ਕਹਿੰਦੇ ਹਨ।

"ਮਹਾਰਾਣੀ ਚੰਪਾਵਤੀ..."

"ਹੋ-ਹੋ-ਹੋ-ਹੋ"...ਹਾਸੇ ਦਾ ਦੂਸਰਾ ਹੜ੍ਹ, ਸੈਂਕੜੇ ਸਰਲ ਹਿਰਦੇ ਵਾਲੇ ਇਨਸਾਨਾਂ ਨੂੰ ਗੁਦਗੁਦਾਉਂਦਾ ਹੈ।

"ਚੰਗਾ। ਚੰਗਾ। ਹੁਣ ਕੰਮ ਦੀ ਗੱਲ ਹੋਵੇ ।...ਸੁਣ ਕਾਲੀਚਰਨ ਪੁਤਰਾ। ਲੀਡਰ ਬਣੇ ਹੋ ਤਾਂ ਬੜਾ ਚੰਗਾ ਕੰਮ ਹੈ। ਬਾਬੂ ਪਿੰਡ ਦਾ ਨਾਂ ਤਾਂ ਇਸੇ ਵਿਚ ਹੈ ? ਕੋਈ ਸੋਸ਼ਲਿਸਟ ਦਾ ਲੀਡਰ ਹੈ ਤਾਂ ਕੋਈ ਕਾਂਗਰਸ, ਤਾਂ ਕੋਈ ਕਾਲੀ ਟੋਪੀ ਦਾ। ਪਰ ਦੇਖ ਲਓ ਭਰਾਵੋ, ਅਸੀਂ ਪਿੰਡ ਦੇ ਸਾਰੇ ਛੋਕਰਿਆਂ ਦੇ ਕੱਲੇ ਮਾਲਕ ਹਾਂ। ਜੇ ਪਿੰਡ ਵਿਚ ਏਧਰ ਉਧਰ ਕੁਛ ਕਰਨ ਤਾਂ ਪਿੰਡੇ ਦੀ ਚਮੜੀ ਵੀ ਉਧੇੜ ਲਈਏ।

...ਖਿਲਾਵਨ ! ਜੋਤਖੀ ਜੀ । ਤੁਸੀਂ ਹੀ ਦਸੋ, ਜਿਹੜੇ ਛੋਕਰੇ ਸਾਨੂੰ ਕਹਿੰਦੇ ਹਨ — ਚਾਚਾ, ਮਾਮਾ, ਭਰਾ, ਫੁਫੜ, ਉਨ੍ਹਾਂ ਮੁੰਡਿਆਂ ਦੀ ਗਲਤੀ ਤੇ ਜੇ ਅਸੀਂ ਕੰਨ ਫੜਕੇ ਮਰੋੜ ਦਈਏ ਜਾਂ ਦੋ ਸਖਤ ਗੱਲਾਂ ਕਹਿ ਦਈਏ ਤਾਂ ਸਾਨੂੰ ਕੋਈ ਦੋਸ਼ ਦੇਵੇਗਾ ?''

''ਨਹੀਂ, ਨਹੀਂ । ਤੁਸੀਂ ਬਾਜਿਵ ਗੱਲ ਕਹਿੰਦੇ ਹੋ ।''

''ਅਸੀਂ ਪਿੰਡੋਂ ਬਾਹਰ ਤਾਂ ਨਹੀਂ, ਪਰ ਇਕ ਗੱਲ ਅਸੀਂ ਵੀ ਪਹਿਲਾਂ ਹੀ ਕਹਿ ਦਿੰਦੇ ਹਾਂ, ਹੁਣ ਤੁਸੀਂ ਜਿਵੇਂ ਕਰਨ ਲਈ ਕਹਿੰਦੇ ਹੋ, ਅਸੀਂ ਕਰੀਏ । ਪਿਛੋਂ ਫੇਰ ਸਾਡੀ ਗਰਦਨ ਤੇ ਛੁਰੀ ਚਲੇ ਤਾਂ ?'' ਕਾਲੀਚਰਨ ਕਹਿੰਦਾ ਹੈ ।

''ਇਹਦਾ ਜਿਮਾਂ ਅਸੀਂ ਲੈਂਦੇ ਹਾਂ । ਓਏ ਅਸੀਂ ਕਿਹਾ ਤਾਂ ਹੈ ਕਿ ਸਾਰੀ ਖੇਡ ਮੇਰੇ ਹੱਥ ਵਿਚ ਹੈ ।''

''ਤਾਂ ਠੀਕ ਹੈ । ਅਸੀਂ ਪਿੰਡੋਂ ਬਾਹਰ ਤਾਂ ਨਹੀਂ ।''

''ਠੀਕ ਗੱਲ ਹੈ । ਠੀਕ ਗੱਲ ਹੈ ।''

''ਪਰ ਸਾਰੇ ਭਰਾ ਸੁਣ ਲਵੋ, ਜੇ ਪਿੰਡ ਦੇ ਬਾਹਰ ਦਾ ਕੋਈ ਓਪਰਾ ਸਾਡੇ ਤੇ ਹਮਲਾ ਕਰੇ ਤਾਂ ਉਹਦਾ ਮੁਕਾਬਲਾ ਸਾਰਿਆਂ ਨੂੰ ਰਲ ਕੇ ਕਰਨਾ ਪਵੇਗਾ । ਹਾਂ ਜੋ ਬਾਹਰ ਵਾਲੇ ਇਸ ਪਿੰਡ ਦੇ ਜ਼ਮੀਨ ਵਾਲਿਆਂ ਤੇ ਹਮਲਾ ਕਰਨ ਤਾਂ ਸਾਰਿਆਂ ਨੂੰ ਸਹਾਇਤਾ ਕਰਨੀ ਪਵੇਗੀ ।...ਪਿੰਡ ਦੀ ਜ਼ਮੀਨ ਪਿੰਡ ਵਿਚ ਰਹੇਗੀ । ਬਾਹਰ ਵਾਲੇ ਕਿਉਂ ਲੈਣਗੇ ਸਮਝੇ ?''

''ਹਾਂ, ਹਾਂ ਠੀਕ ਹੈ । ਬੜੀ ਰਾਤ ਬੀਤ ਗਈ ਹੈ । ਅਸਮਾਨ ਵਿਚ ਬੱਦਲ ਫੈਲਰ ਗਏ ਨੇ । ਵਰਖਾ ਹੋਵੇਗੀ ।...ਦੁਹਾਈ ਇੰਦਰ ਮਹਾਰਾਜ ! ਵਰ੍ਹੋ ।''

ਹਰ ਵਰ੍ਹੇ ਬਰਸਾਤ ਦੇ ਮੌਸਮ ਵਿਚ ਇਹੋ ਕੁਝ ਹੁੰਦਾ ਹੈ । ਭਗਵਾਨ ਦੇ ਹੱਥਾਂ ਦੀਆਂ ਗੱਲਾਂ ਇਨਸਾਨ ਕੀ ਜਾਨਣ । ਇੰਦਰ ਭਗਵਾਨ ਨੂੰ ਪ੍ਰਾਰਥਨਾਂ ਕੀਤੀ ਜਾਂਦੀ ਹੈ — ਵਰ੍ਹਾਓ । ਜੇ ਇੰਦਰ ਮਹਾਰਾਜ ।...ਜਰਾ ਵੀ ਆਸਮਾਨ ਦੇ ਕਿਸੇ ਕੋਣੇ ਵਿਚ ਕਾਲੇ ਬੱਦਲਾਂ ਦਾ ਕੱਠ ਹੋਇਆ, ਬਿਜਲੀ ਚਮਕੀ ਕਿ 'ਵਰੋ, 'ਵਰੋ' ਦੀ ਆਵਾਜ਼ ਘਰ ਘਰ 'ਚੋਂ ਸੁਣਾਈ ਦਿੰਦੀ ਹੈ । ਜ਼ਮੀਨ ਵਾਲਿਆਂ, ਬੇਜ਼ਮੀਨਿਆਂ ਸਾਰਿਆਂ ਦੀ ਰੋਟੀ ਦਾ ਸਵਾਲ ਹੈ, ਅਤੇ ਜੇ ਲਗਾਤਾਰ ਪੰਜ ਦਿਨਾਂ ਤਕ ਰੱਜ ਕੇ ਵਰਖਾ ਹੋਈ ਅਤੇ ਖੇਤਾਂ ਤੇ ਬੰਨੇ ਵੀ ਡੁਬ ਗਏ ਤਾਂ ''...ਜ਼ਰਾ ਇਕ ਹਫ਼ਤਾ ਸਬਰ ਕਰੋ ਮਹਾਰਾਜ ।''

ਇੰਦਰ ਮਹਾਰਾਜ ਦੀ ਖੁਸ਼ੀ । ਜੇ ਉਨ੍ਹਾਂ ਦਾ ਮਿਜਾਜ ਚੰਗਾ ਰਿਹਾ ਤਾਂ ਪ੍ਰਾਰਥਨਾ ਤੇ ਵਿਚਾਰ ਕਰਕੇ ਇਕ ਹਫਤਾ ਸਬਰ ਕਰ ਗਏ । ਮੌਕੇ ਮੁਤਾਬਕ ਵਰਖਾ ਹੁੰਦੀ ਗਈ, ਧੁਪ ਵੀ ਚੜ੍ਹਦੀ ਰਹੀ ਤਾਂ ਫੇਰ ਧਾਨ ਰਖਣ ਲਈ ਥਾਂ ਨਹੀਂ ਮਿਲੇਗੀ । ''ਮੂਸਿਨ ਪੂਛੇ ਮੂਸ ਸੇ ਕਹਾਂ ਕੇ ਰਖਣ ਧਾਨ (ਘਾਘ ਦੀ ਇਕ ਸੂਕਤੀ)...ਤਹਿਸੀਲਦਾਰ ਵਿਸ਼ਵ ਨਾਥ ਪ੍ਰਸਾਦ ਕੋਲ ਡਾਕ ਵਚਨ ਅੰਮ੍ਰਿਤ, ਭਵਿਸ਼ਫਲ ਅਤੇ ਖਨਾਬਚਨ ਹੈ । ਪੰਸਿਕਾ

ਤੋਂ ਹਿਸਾਬ ਕਢ ਕੇ ਦਸ ਦੇਣਗੇ ਕਿ ਇਹ ਪੱਖ ਸੁਕੇਗਾ ਕਿ ਝੜੇਗਾ।...ਨਕਸ਼ਤਰਾਂ ਦੀ 'ਗਿਣਤੀ ਵਿਚ ਜੇ ਇਸਤਰੀ-ਇਸਤਰੀ ਦਾ ਸੰਜੋਗ ਹੋਇਆ ਤਾਂ ਸੁੰਨ। ਜੇ ਪੁਰਸ਼-ਪੁਰਸ਼ ਸੰਜੋਗ ਨਿਕਲਿਆ ਤਾਂ ਸੁੰਨ। ਇਕ ਬੂੰਦ ਵੀ ਵਰਖਾ ਨਹੀਂ ਹੋਵੇਗੀ। ਰੌਲਾ ਪਾਉਣ ਨਾਲ ਕੀ ਹੋਵੇਗਾ ?...

...ਤਤਮਾਂ ਟੋਲਾ, ਪਾਸਵਾਨ ਟੋਲਾ, ਧਾਨੁਕ ਕੁਰਮੀ ਟੋਲਾ ਅਤੇ ਕੋਇਰੀ ਟੋਲਾ ਦੀਆਂ ਔਰਤਾਂ ਹਰ ਸਾਲ ਇਸੇ ਸਮੇਂ ਇੰਦਰ ਮਹਾਰਾਜ ਨੂੰ ਰਿਝਾਉਣ ਲਈ, ਬੱਦਲਾਂ ਨੂੰ ਵਰ੍ਹੌਣ ਲਈ 'ਜਾਟ-ਜੱਟਨ (ਜੱਟ-ਜੱਟੀ) ਖੇਲਦੀਆਂ ਹਨ।

ਅਜ ਵੀ ਜੱਟ-ਜੱਟੀ ਦਾ ਆਯੋਜਨ ਹੈ। ਕਲ੍ਹ ਤਾਂ ਪਿਛਿਆਰੀ ਟੋਲੀ ਦੀਆਂ ਔਰਤਾਂ ਨੇ ਕੀਤਾ ਸੀ। ਬੱਦਲ ਦਾ ਇਕ ਟੋਟਾ ਥੋੜੀ ਦੇਰ ਲਈ ਆ ਕੇ ਚੰਦ ਨੂੰ ਢਕ ਗਿਆ ਸੀ, ਅਜ ਪੁੰਨਿਆਂ ਹੈ। ਕਲ੍ਹ ਤੋਂ ਜੇ ਵਰਖਾ ਨਾ ਹੋਈ ਤਾਂ ਸਾਰਾ ਪੱਖ ਸੁਕਾ ਰਵ੍ਹੇਗਾ। ...ਤਤਮਾਂ ਟੋਲੀ ਦੀਆਂ ਔਰਤਾਂ ਨੇ ਬਾਬੂ ਟੋਲੇ ਦੀਆਂ ਔਰਤਾਂ ਨੂੰ ਸੱਦਾ ਦਿਤਾ ਹੈ—"ਕੱਠੀਆਂ ਹੋ ਕੇ ਜੱਟ-ਜੱਟੀ ਖੇਲ੍ਹੀਏ, ਜ਼ਰੂਰ ਵਰਖਾ ਹੋਵੇਗੀ।"

ਗੁਆਰ ਟੋਲੀ ਅਤੇ ਕਾਇਸਥ ਟੋਲੀ ਵਿਚਕਾਰ ਜਿਹੜਾ ਪੰਦਰਾਂ ਰੱਸੀ ਮੈਦਾਨ ਖ਼ਾਲੀ ਹੈ, ਉਸੇ ਵਿਚ ਜਨਾਨੀਆਂ ਜਮਾਂ ਹਨ।

...ਜੱਟ ਕੋਲ ਹਜ਼ਾਰਾਂ ਹੀ ਮੱਝਾਂ ਹਨ। ਉਹ ਉਨ੍ਹਾਂ ਨੂੰ ਚਰੋਣ ਲਈ ਕੋਸ਼ੀ ਦੇ ਕਿਨਾਰੇ ਜਾਂਦਾ ਹੈ। ਜੱਟੀ ਘਰ ਰਹਿੰਦੀ, ਦੁੱਧ ਘਿਓ ਅਤੇ ਦਹੀਂ ਬੇਚਦੀ ਹੈ, ਹਿਸਾਬ ਰਖਦੀ ਹੈ।...ਸੱਸ ਜਾਂ ਪਤੀ ਨਾਲ ਝਗੜ ਕੇ ਰੁਸ ਕੇ ਜੱਟੀ ਪੇਕੀਂ ਚਲੀ ਗਈ। ਜੱਟ ਉਹਨੂੰ ਲੱਭਣ ਜਾ ਰਿਹਾ ਹੈ। ਜੱਟੀ ਬੜੀ ਸੁੰਦਰ ਸੀ। ਉਹਦੀ ਸੁੰਦਰਤਾ ਦੀ ਹਰ ਪਾਸੇ ਚਰਚਾ ਹੁੰਦੀ ਸੀ।

> ਸੁਨਰੀ ਹਮਰ ਜਟਿਨਿਆਂ ਹੋ ਬਾਬੂ ਜੀ,
> ਪੁਤਰੀ ਬਾਂਸ ਕੇ ਛੋਕਿਨਿਆਂ ਹੋ ਬਾਬੂ ਜੀ,
> ਗੋਰੀ ਹਮਾਰ ਜਟਿਨਿਆਂ ਹੋ ਬਾਬੂ ਜੀ,
> ਚਾਨਨੀ ਰਾਤ ਕੇ ਇੰਜੋਰਿਆ ਹੋ ਬਾਬੂ ਜੀ।
> ਨਾਹੀਂ — ਨਾਂਹੀਂ ਦੰਤਵਾ, ਪਾਤਲ ਠੋਠਵਾ...
> ਛਟਕੇ ਜੈਸਨ ਬਿਜਲਿਆ...।

ਇਸ ਲਈ ਜੱਟ ਨੂੰ ਪਿੰਡ ਦੇ ਹਰੇਕ ਮਾਲਿਕ ਨਾਇਕ ਜਾਂ ਮੰਡਲ ਤੇ ਸ਼ੱਕ ਹੈ। ਜੱਟੀ ਪੇਕੀਂ ਨਹੀਂ ਜਾ ਸਕੇਗੀ ਕਿਸੇ ਨੇ ਜ਼ਰੂਰ ਉਹਨੂੰ ਆਪਣੇ ਘਰ ਰਖ ਲਿਆ ਹੋਵੇਗਾ।...ਰਾਹ ਵਿਚ ਕਿੰਨੇ ਪਿੰਡ ਹਨ, ਕਿਨੀਆਂ ਨਦੀਆਂ ਹਨ, ਕਿਨੇ ਘਾਟ ਹਨ ਅਤੇ ਘਟਵਾਰ ਹਨ। ਉਸ ਰਾਹ ਤੇ ਹਰ ਪਿੰਡ ਦੇ ਮਾਲਿਕ — ਮੰਡਲੇਸ਼ ਅਤੇ ਨਾਇਕ ਕੋਲ ਜਾਂਦਾ ਹੈ।

ਨਾਇਕ ਜੀ ਹੋ ਨਾਇਕ ਜੀ,
ਖੋਲ ਦੇਵੋ ਕਿਵੜਿਆ ਹੋਨਾਇਕ ਜੀ,
ਢੂੰਡੇ ਦੇਹੋ ਜਟਿਨਿਆਂ ਹੋ ਨਾਇਕ ਜੀ।

ਜੱਟੀ ਬਣੀ ਹੈ ਰਮਪਿਆਰਿਆ, ਅਤੇ ਜੱਟ ਬਣੀ ਹੈ ਕੋਇਰੀ ਟੋਲੀ ਦੀ ਮੱਖਣੀ। ਮੱਖਣੀ ਬਿਲਕੁਲ ਮਰਦਾਂ ਵਾਂਗ ਲਗਦੀ ਹੈ।

'ਜਾਟ-ਜਟਨ' ਅਭਿਨੈ ਪਿਛੋਂ ਹੋਰ ਵੀ ਮੌਕੇ ਮੁਤਾਬਕ ਅਭਿਨੈ ਅਤੇ ਵਿਅੰਗ-ਨਾਟ ਵਿਚ ਵਿਚ ਹੁੰਦੇ ਹਨ...ਫੁਲਿਆ ਬਣੀ ਹੈ ਡਾਕਟਰ। ਉਹਨੇ ਕਮਲ ਦੇ ਫੁੱਲ ਦੀ ਡੰਡੀ ਨੂੰ ਕਿਸੇ ਤਰ੍ਹਾਂ ਜੋੜ-ਜੋੜ ਕੇ ਡਾਕਟਰ ਦੇ ਗਲ ਵਿਚ ਝੂਲਣ ਵਾਲਾ ਆਲਾ ਬਣਾਇਆ ਹੈ। ਸਨਿੱਚਰਾ ਦਾ ਨਵਾਂ ਪਜਾਮਾਂ ਮੰਗ ਲਿਆਈ ਹੈ, ਅਤੇ ਬਿਹੁਲਾ ਨਾਚ ਵਾਲਿਆਂ ਕੋਲੋਂ ਸਾਹਬੀ ਟੋਪ ਅਤੇ ਕੋਟ ਮੰਗ ਲਿਆਈ ਹੈ।

"ਓ ਮੈਨ। ਏਧਰ ਆ। ਬੋਲ ਕੀ ਹੁੰਦਾ ਹੈ।"

"ਹਜ਼ੂਰ। ਥੋੜਾ ਸਿਰ ਦੁਖਦਾ ਹੈ, ਥੋੜੀ ਅੱਖ ਵੀ ਦੁਖਦੀ ਹੈ, ਥੋੜਾ ਕੰਨ ਵੀ ਦਰਦ ਕਰਦਾ ਹੈ, ਅਤੇ ਕਲੇਜਾ ਵੀ ਧਕਧਕ ਕਰਦਾ ਹੈ। ਸਰਦੀ ਵੀ ਹੁੰਦੀ ਹੈ, ਗਰਮੀ ਵੀ ਲਗਦੀ ਹੈ। ਭੁਖ ਨਹੀਂ ਲਗਦੀ। ਅਤੇ ਜਦੋਂ ਭੁਖ ਲਗਦੀ ਹੈ ਤਾਂ ਖਾਣਾਂ ਨਹੀਂ ਮਿਲਦਾ।" ...ਰੋਗੀ ਬਣੀ ਹੈ, ਧਾਨੁਕ ਟੋਲੀ ਦੀ ਸੁਰਤੀ। ਵਾਹਵਾ ਗੱਲ ਜੁੜਦੀ ਹੈ। ਹਾ-ਹਾ-ਹਾ-ਹਾ-ਹਾ-।...

"ਹਾਇ ਬਾਪੂ! ਏਦਾਂ ਦੀ ਬੀਮਾਰੀ ਤਾਂ ਕਦੀ ਨਹੀਂ ਦੇਖੀ। ਤੇਰੀ ਨਬਜ ਦੇਖੀਏ (ਦੇ ਖਕੇ) ਹੂੰ ਤੂੰ ਨਹੀਂ ਬਚੇਂਗਾ। ਤੈਨੂੰ ਬਚਾਰੇ ਨੂੰ ਕੀੜਾ ਹੋ ਗਿਆ।...ਜਕਸ਼ਨ ਲਗੂਗਾ।"

ਦੂਜੀ ਰੋਗਣ ਆਉਂਦੀ ਹੈ — ਕੁੱਮੀ ਟੋਲੇ ਦੀ ਤਰਾਵਤੀ।

"ਨੀ ਜਨਾਨੀਏਂ। ਤੈਨੂੰ ਕੀ ਹੋਇਆ ਹੈ?"

"ਸਾਡਾ ਦਿਲ ਧਕਧਕ ਕਰਦਾ ਹੈ।"

"ਹਾਏ ਬਾਪੂ! ਇਥੇ ਤਾਂ ਸਾਰਿਆਂ ਦਾ ਦਿਲ ਧਕਧਕ ਕਰਦਾ ਹੈ। ਸਾਡਾ ਵੀ ਦਿਲ ਧਕਧਕ ਕਰਨ ਲਗਾ।"

ਡਾਕਟਰ ਅਤੇ ਰੋਗਣ ਦੋਵੇਂ ਡਰਦੇ ਹੋਏ ਇਕ ਦੂਜੇ ਨੂੰ ਬਾਹਵਾਂ ਵਿਚ ਭਰ ਲੈਂਦੇ ਹਨ। ਦਿਲ ਧਕ-ਧਕ ਦਿਲ ਧਕ-ਧਕ...ਜਨਾਨੀਆਂ ਦੀ ਮੰਡਲੀ ਹਸ-ਹਸ ਕੇ ਲੋਟ ਪੋਟ ਹੋ ਜਾਂਦੀ ਹੈ, ਬੁੱਢੀਆਂ ਨੂੰ ਖੰਘ ਆ ਜਾਂਦੀ ਹੈ। ਹੋ-ਹੋ-ਖਾਂ-ਖਾਂ। ਆ-ਖਾਂ! ਚੰਗਾ ਕੀਤਾ।

ਮਰਦਾਂ ਨੂੰ 'ਜਾਟ ਜਟਿਨ' ਦੇਖਣ ਦਾ ਬਿਲਕੁਲ ਹੱਕ ਨਹੀਂ। ਜੇ ਇਹ ਪਤਾ ਲਗ ਗਿਆ ਕਿ ਕਿਸੇ ਨੇ ਲੁਕ ਕੇ ਵੀ ਦੇਖਿਆ ਹੈ ਤਾਂ ਦੂਜੇ ਦਿਨ ਹੀ ਪੰਚਾਇਤ ਵਿਚ

ਚਲੀ ਜਾਵੇਗੀ ਗੱਲ।...ਜਿਸ ਨੂੰ ਮੱਸ ਨਹੀਂ ਫੁੱਟੀ, ਉਹ ਦੇਖ ਸਕਦਾ ਹੈ।

ਅੰਤ ਵਿਚ ਔਰਤਾਂ ਰਲ ਕੇ ਹਲ ਵਾਹੁੰਦੀਆਂ ਹਨ। ਹਲ ਅਤੇ ਬਲਦ ਕਿਸੇ ਦਾ ਲੈ ਆਉਂਦੀਆਂ ਹਨ ਅਤੇ ਵਾਹੁਣ ਵੇਲੇ ਪਿੰਡ ਦੇ ਵਡੇ-ਵਡੇ ਕਿਸਾਨਾਂ ਨੂੰ ਗਾਲਾਂ ਕਢਦੀਆਂ ਹਨ 'ਓਏ ਬਿਨਾਬਾ ਤਹਿਸੀਲਦਾਰ! ਛੇਤੀ ਪਾਣੀ ਲਿਆ ਓਏ! ਥਿਆ ਨਾਲ ਮਰ ਰਹੇ ਹਾਂ ਓਏ।"

"ਓਏ ਸਿੰਘਾੜਿਆ ਸਪਾਟਿਆ ਓਏ! ਪਾਣੀ ਲਿਆ ਓਏ।"

"ਓਏ ਰਾਮਖਿਲੌਣਿਆਂ ਓਏ!...ਪਾਣੀ ਲਿਆ ਓਏ!

ਇਨ੍ਹਾਂ ਗਾਲ੍ਹਾਂ ਦਾ ਕੋਈ ਬੁਰਾ ਨਹੀਂ ਮਨੌਂਦਾ। ਬਲਕਿ ਕਿਸੇ ਵੱਡੇ ਕਿਸਾਨ ਦਾ ਨਾਂ ਰਹਿ ਜਾਵੇ ਤਾਂ ਉਹਨੂੰ ਤਕਲੀਫ਼ ਹੁੰਦੀ ਹੈ। ਬਹੁਤ ਦੁਖ ਹੁੰਦਾ ਹੈ।

ਐਤਕੀ ਡਾਕਟਰ ਨੂੰ ਵੀ ਗਾਲ੍ਹ ਕਢੀ ਜਾਂਦੀ ਹੈ — "ਓਏ ਡਾਕਦਾਰਾ ਓਏ! ...ਓਏ ਪਰਸੰਤੋ ਓਏ! ਛੇਤੀ ਨਾਲ ਬੋਤਲ ਵਿਚ ਪਾਣੀ ਲੈ ਕੇ ਆ ਓਏ।..."

ਹੋ-ਹੋ-ਹਾ-ਹਾ...

ਅਸਮਾਨ ਵਿਚ ਕਾਲੇ ਬੱਦਲ ਘੁੰਮ ਰਹੇ ਨੇ।...ਬਿਜਲੀ ਵੀ ਲਿਸ਼ਕ ਰਹੀ ਹੈ।

## ਅੱਠਤੀ

ਦੋ ਦਿਨਾਂ ਤੋਂ ਬਦਲੀ ਛਾਈ ਹੋਈ ਹੈ। ਅਸਮਾਨ ਕਦੀ ਸਾਫ਼ ਨਹੀਂ ਹੁੰਦਾ। ਦੋ-ਤਿੰਨ ਘੰਟਿਆਂ ਲਈ ਵਰਖਾ ਰੁਕੀ, ਕਿਣਕਿਣ ਹੋਈ, ਫੇਰ ਫੁਹਾਰ। ਇਕ ਛੋਟੇ ਜਿਹੇ ਬੱਦਲ ਦਾ ਟੋਟਾ ਵੀ ਜੇ ਥੱਲੇ ਵਲ ਆ ਗਿਆ ਤਾਂ ਛੱਣ-ਛੱਣ ਵਰਖਾ ਹੋਣ ਲਗਦੀ ਹੈ। ਹਾੜ੍ਹ ਦੇ ਬਦਲ...।

ਰਾਤੀਂ ਡਡੂਆਂ ਦੀ ਟਰ-ਟਰ ਨਾਲ ਅਣਗਿਣਤ ਕੀਟ-ਪਤੰਗਿਆਂ ਦੀ ਆਵਾਜ਼ ਸੁੰਨ ਵਿਚ ਇਕ ਅਟੁੱਟ ਰਾਗਣੀ ਵਜਾ ਰਹੀ ਹੈ — ਟਰਰ! ਮੈਂਕੂ ਟਰਰ...ਮੇਂਕੂ! ਝਿ ਝਿ ਚਿ...ਕਿਰ ਕਿਰਰ...ਸਿ, ਕਿਟਿਰ — ਕਿਟਿਰ! ਝਿ...ਟਰਰਰ।

ਕੋਠਾਰਨ ਲੱਛਮੀ ਦਾਸਣ ਨੂੰ ਨੀਂਦ ਨਹੀਂ ਆ ਰਹੀ, ਚਿੱਤ ਬੜਾ ਚੰਚਲ ਹੈ। ਵਾਰ ਵਾਰ ਇਸ ਤਰ੍ਹਾਂ ਲਗਦਾ ਹੈ ਕਿ ਜਿਵੇਂ ਉਹਦੇ ਸਰੀਰ ਤੇ ਕੋਈ ਪਤੰਗਾ ਸਰਕ ਰਿਹਾ। ਉਹ ਰੁਕ ਰੁਕ ਕੇ ਉਠਦੀ ਹੈ, ਵਿਛੌਣਾ ਝਾੜਦੀ ਹੈ, ਕਪੜੇ ਝਾੜਦੀ ਹੈ, ਪਰ ਉਹੋ ਹੀ ਸਰਸਰਾਹਟ...। ਉਹ ਲਾਲਟਿਨ ਦੀ ਰੋਸ਼ਨੀ ਉਚੀ ਕਰਕੇ ਖੀਜਕ ਲੈ ਕੇ ਬੈਠ ਜਾਂਦੀ ਹੈ—

ਜਰਨਾਂ ਨਹਿ ਬੂਝਾ ਨਹਿ

ਸਮੁਝਿ ਕੀਆ ਨਹੀਂ ਗੋਨ।
ਅੰਧੇ ਕੋ ਅੰਧਾ ਮਿਲਾ,
ਰਾਹ ਬਿਤਾਵੇ ਕੌਨ ?

ਕਿਹੜਾ ਰਾਹ ਦਸੇ ? ਨਹੀਂ, ਉਹਨੇ ਬਾਲਦੇਵ ਜੀ ਨੂੰ ਜਾਣਿਆ ਹੈ, ਚੰਗੀ ਤਰ੍ਹਾਂ ਪਛਾਣਿਆ ਹੈ।...ਮਹੰਥ ਸੇਵਾਦਾਸ ਜੀ ਕਹਿੰਦੇ ਸਨ — 'ਲੱਛਮੀ ! ਬਾਲਦੇਵ ਸਾਧੂ ਪੁਰਸ਼ ਹੈ।'...ਪਰ ਬਾਲਦੇਵ ਜੀ ਤਾਂ ਏਨੇ ਸ਼ਰਮੀਲੇ ਹਨ ਕਿ ਕਦੀ ਇਕਾਂਤ ਵਿਚ ਗੱਲ ਕਰਨੀ ਚਾਹੋ ਤਾਂ ਥਰ ਥਰ ਕੰਬਣ ਲਗਣ, ਚਿਹਰਾ ਲਾਲ ਹੋ ਜਾਵੇ, ਲਾਜ ਨਾਲ ਜਾਂ ਡਰ ਨਾਲ ?...ਪਰ ਵਿਰਹਾ ਬਾਣ ਨਾਲ ਘਾਇਲ ਲੱਛਮੀ ਦਾ ਮਨ ਮੁਸ ਮੁਸ ਕਰਕੇ ਰਹਿ ਜਾਂਦਾ ਹੈ।

ਬਿਰਹ ਬਾਣ ਜਿਹਿ ਲਾਗਿਆ,
ਔਸ਼ਧ ਲਗੇ ਨਾ ਤਾਹਿ,
ਸੁਸਕਿ ਸੁਸਕਿ ਮਰਿ ਮਰਿ ਜਿਵੈ,
ਉਠੇ ਕਰਾਹਿ ਕਰਾਹਿ।

ਪਰ ਬਾਲਦੇਵ ਜੀ ਨੂੰ ਕੀ ਪਤਾ।...ਲੱਛਮੀ ਕਰੇ ਕੀ ?
ਟਰਰ-ਮੇਂਕ, ਮੇਂਕ ਟੀਂ...ਈ...ਟਿਕ ਟਿਕ — ਟੀਂ ਰਿੰ।...

ਨਹੀਂ ਲੱਛਮੀ ਹੁਣ ਨਹੀਂ ਸਹਿ ਸਕੇਗੀ। ਉਹ ਬਾਲਦੇਵ ਜੀ ਕੋਲ ਜਾਵੇਗੀ। ਮਸਹਿਰੀ ਨਹੀਂ ਹੈ, ਬਾਲਦੇਵ ਜੀ ਕੋਲ। ਮੱਛਰ ਵੱਢਦਾ ਹੋਵੇਗਾ।...ਨਹੀਂ ਉਹ ਨਹੀਂ ਜਾਵੇਗੀ। ਉਹ ਕਿਉਂ ਜਾਵੇਗੀ ?

ਪਾਨੀ ਪਿਆਵਤ ਕਿਆ ਫਿਰੋ,
ਘਰ ਘਰ ਸਾਇਰ ਬਾਰਿ,
ਤ੍ਰਿਸ਼ਨਾਂ ਵੰਤ ਜੋ ਹੋਇਗਾ,
ਪੀਵੇਗਾ ਝਖ ਮਾਰਿ।...

ਰਾਮਦਾਸ-ਮਹੰਥ ਰਾਮਦਾਸ ਹੁਣ ਲੱਛਮੀ ਨਾਲ ਬਹੁਤ ਘਟ ਬੋਲਦੇ ਹਨ। ਉਹ ਨਾਂ ਦੇ ਮਹੰਥ ਹਨ। ਉਹ ਕੁਝ ਨਹੀਂ ਜਾਣਦੇ, ਕੁਝ ਨਹੀਂ ਸਮਝਦੇ। ਉਨ੍ਹਾਂ ਨੂੰ ਕੁਝ ਵੀ ਨਹੀਂ ਪਤਾ। ਕਿਨੀ ਆਮਦਨੀ ਤੇ ਕਿੰਨਾਂ ਖਰਚ ਹੁੰਦਾ ਹੈ – ਉਨ੍ਹਾਂ ਨੂੰ ਕੀ ਪਤਾ ? ਵੀਹਾਂ ਤੋਂ ਵਧ ਤਾਂ ਗਿਣਨਾਂ ਨਹੀਂ ਜਾਣਦੇ। ਕੋੜੀ ਦਾ ਹਿਸਾਬ ਜਾਣਦੇ ਹਨ।...ਰਾਮਦਾਸ ਜੀ ਸਮਝ ਗਏ ਹਨ ਕਿ ਜੇ ਲੱਛਮੀ ਮੱਠ ਨੂੰ ਇਕ ਦਿਨ ਲਈ ਵੀ ਛਡ ਦੇਵੇ ਤਾਂ ਰਾਮਦਾਸ ਲਈ ਇਥੇ ਟਿਕੇ ਰਹਿਣਾ ਮੁਸ਼ਕਿਲ ਹੋਵੇਗਾ। ਲੱਛਮੀ ਜਾਦੂ ਮੰਤਰ ਜਾਣਦੀ ਹੈ। ਕੀ ਕਾਗਜ਼-ਪੱਤਰ, ਕੀ ਖੇਤੀ ਬਾੜੀ ਅਤੇ ਕੀ ਹਾਕਿਮ-ਮਹਾਜਨ, ਸਾਰਿਆਂ ਵਿਚ ਉਹ ਅੱਵਲ ਹੈ। ਮਹੰਥ ਰਾਮ ਦਾਸ ਜੀ ਸਮਝ ਗਏ ਹਨ

ਕਿ ਜੇ ਇੱਜ਼ਤ ਨਾਲ ਬਹਿ ਕੇ ਦੁੱਧ-ਮਲਾਈ ਦਾ ਆਨੰਦ ਮਾਣਨਾ ਹੈ ਤਾਂ ਲੱਛਮੀ ਨੂੰ ਜ਼ਰਾ ਵੀ ਅਪ੍ਰਸੰਨ ਨਾ ਕੀਤਾ ਜਾਵੇ।...ਤਨ ਦਾ ਤਾਪ ਮਨ ਨੂੰ ਚੰਚਲ ਤਾਂ ਕਰਦਾ ਹੈ, ਪਰ ਕੀ ਕੀਤਾ ਜਾਵੇ। ..ਜੇ ਕਰ ਇਕ ਦਾਸੀ ਰਖਣ ਦਾ ਹੁਕਮ ਲੱਛਮੀ ਦੇ ਦੇਵੇ ਤਾਂ...।

ਗੜਗੜਾਮ...ਗੜਬੜ...ਬੱਦਲ ਗਜਿਆ ਬਿਜਲੀ ਲਿਸ਼ਕੀ ਅਤੇ ਛਣ-ਛਣ ਕਰਕੇ ਵਰਖਾ ਹੋਣ ਲਗੀ।

ਹਾਂ, ਹੁਣ ਕਲ੍ਹ ਤੋਂ ਧਾਨ ਲੋਣ ਦਾ ਕੰਮ ਸ਼ੁਰੂ ਹੋਵੇਗਾ।...ਜੈ ਇੰਦਰ ਮਹਾਰਾਜ ਵਰ੍ਹੋ, ਵਰ੍ਹੋ । ..ਪਰ ਪਨੀਰੀ ਲਈ ਧਾਨ ਕਿਥੋਂ ਮਿਲੇਗਾ ? ਅਜ ਤਾਂ ਪੰਚਾਇਤ ਵਿਚ ਸਾਰੇ ਹੀ ਵੱਡੇ ਮਾਲਕ ਲੋਕ ਵੱਡੀਆਂ ਗੱਲਾਂ ਕਰ ਰਹੇ ਸਨ, ਕਲ੍ਹ ਨੂੰ ਵੇਖਣਾ, ਕਿਹੜੀ ਗੱਲ ਕਰਦੇ ਹਨ...ਆਪਣੇ ਖਰਚੇ ਜੋਗਾ ਹੀ ਧਾਨ ਨਹੀਂ ਹੈ, 'ਪਨੀਰੀ ਨਹੀਂ ਹੈ ਜਾਂ ਪਹਿਲਾਂ ਸਾਨੂੰ ਬੀਜਣ ਦਿਓ ।'

ਗੜਗੜਾਮ...ਗੁੜੁਮ ।

"ਪਨੀਰੀ ਲਈ ਧਾਨ ਮਾਲਕਾਂ ਨੂੰ ਦੇਣਾ ਹੋਵੇਗਾ। ਸਦਾ ਦਿੰਦੇ ਆਏ ਹਨ, ਐਤਕੀਂ ਕਿਉਂ ਨਹੀਂ ਦੇਣਗੇ ?" ਕਾਲੀਚਰਨ ਆਫਿਸ ਵਿਚ ਸੁੱਤੇ ਅਧਸੁੱਤੇ ਅਤੇ ਲੇਟੇ ਹੋਏ ਲੋਕਾ ਨੂੰ ਕਹਿੰਦਾ ਹੈ, "ਹਰ ਵਾਰ ਦੂਣਾਂ ਲੈਂਦੇ ਸਾਂ, ਪਨੀਰੀ ਦਾ ਦੂਣਾ, ਐਤਕੀਂ ਇਹ ਸਭ ਕੁਝ ਨਹੀਂ ਚਲੇਗਾ। ਜੇ ਤਹਿਸੀਲਦਾਰ ਮਾਮੇ ਨੇ ਏਦਾਂ ਦਾ ਪ੍ਰਬੰਧ ਨਾ ਕੀਤਾ ਤਾਂ ਫੇਰ...ਸੰਘਰਸ਼ ।"

ਬਿਜਲੀ ਚਮਕਦੀ ਹੈ, ਬੱਦਲ ਝੂੰਮ ਝੂੰਮ ਕੇ ਵਰ੍ਹ ਰਹੇ ਹਨ। ਮੰਗਲਾ ਹੁਣ ਕਾਲੀਚਰਨ ਦੇ ਆਗਣ ਵਿਚ ਰਹਿੰਦੀ ਹੈ। ਕਾਲੀਚਰਨ ਦੀ ਮਾਂ ਅੰਨ੍ਹੀ ਹੈ। ਕਾਲੀਚਰਨ ਦੀ ਇਕ ਵਿਧਵਾ ਅੱਧਖੜ ਭੂਆ ਹੈ। ਮੰਗਲਾ ਦੀ ਮਿੱਠੀ ਬੋਲੀ ਸੁਣ ਕੇ ਕਾਲੀਚਰਨ ਦੀ ਮਾਂ ਦੀਆਂ ਅੱਖਾਂ ਸਜਲ ਹੋ ਜਾਂਦੀਆਂ ਹਨ ਅਤੇ ਭੂਆ ਦੀਆਂ ਅੱਖਾਂ ਲਾਲ। ਜਦੋਂ ਕਦੀ ਬਿਜਲੀ ਚਮਕਦੀ ਹੈ। ਪੱਛੋਂ ਦੇ ਘਰ ਦੀ ਕੋਠੜੀ ਵਿਚ ਸੁਤੀ ਹੋਈ ਭੂਆ ਪੂਰਵ ਦੇ ਘਰ ਵਲ ਦੇਖਦੀ ਹੈ। ਆਦਮੀ ਦਾ ਪਰਛਾਵਾਂ ? ਨਹੀਂ ਬਾਂਸ ਹੈ।...ਪੂਰਵ (ਪੁਅਰਿਆ) ਘਰ ਵਿਚ ਸੁਤੀ ਹੋਈ ਮੰਗਲਾ ਨੂੰ ਬੱਦਲਾਂ ਦੇ ਗਰਜਣ ਤੇ ਬਿਜਲੀ ਦੇ ਚਮਕਣ ਨਾਲ ਬਹੁਤ ਡਰ ਲਗਦਾ ਹੈ। ਬਚਪਨ ਤੋਂ ਹੀ ਉਹ ਬਿਜਲੀ ਬੱਦਲ ਅਤੇ ਹਨੇਰੀ ਤੋਂ ਡਰਦੀ ਹੈ, ਅਤੇ ਇਥੋਂ ਦੀ ਵਰਖਾ ਤਾਂ...ਫੇਰ ਬਿਜਲੀ ਚਮਕੀ ? ਕੌਣ... ਮੰਗਲਾ ਬੁੜਬੁੜਾ ਕੇ ਪੁਛਦੀ ਹੈ—ਕੌਣ ?

ਭਿਜੇ ਹੋਏ ਪੈਰਾਂ ਦੇ ਨਿਸ਼ਾਨ ਬਿਜਲੀ ਦੀ ਚਮਕ ਵਿਚ ਸਪਸ਼ਟ ਦਿਖਾਈ ਦਿੰਦੇ ਹਨ। ਸੰਨਾਈ ਯਾਦਵ ਆਪਣੀ ਝੌਂਪੜੀ ਵਿਚ ਬਾਰਾਮਾਹ ਦੀ ਤਾਨ ਛੇੜਦਾ ਹੈ —

ਏਹੀ ਪ੍ਰੀਤਿ ਕਾਰਨ ਸੇਤ ਬਧਿਲ,

ਸਿਯਾ ਉਦੇਸ ਸਿਰੀ ਰਾਮ ਹੈ,
ਸਾਵਨ
ਸਾਵਨ ਹੇ ਸਖੀ, ਸਬਦ ਸੁਹਾਵਨ,
ਰਿਮਝਿਮ ਬਰਸਤ ਮੇਘ ਹੇ ।...

ਰਿਮਝਿਮ ਬਰਸਤ ਮੇਘ ।...ਕਮਲੀ ਨੂੰ ਡਾਕਟਰ ਦੀ ਯਾਦ ਆ ਰਹੀ ਹੈ । ਕਿਤੇ ਖਿੜਕੀਆਂ ਖੁਲ੍ਹੀਆਂ ਨਾ ਹੋਣ । ਖਿੜਕੀ ਦੇ ਕੋਲ ਹੀ ਡਾਕਟਰ ਸੌਂਦਾ ਹੈ । ਬਿਸਤਰਾ ਭਿਜ ਗਿਆ ਹੋਵੇਗਾ । ਕਲ੍ਹ ਦਾ ਬੁਖਾਰ ਹੈ । ਸਰਦੀ ਲਗ ਗਈ ਹੈ ।...ਪਤਾ ਨਹੀਂ ਡਾਕਟਰ ਨੂੰ ਕੀ ਹੋ ਗਿਆ ਹੈ ?...ਕਿਤੇ ਮਾਸੀ ਸਚਮੁਚ ਡਾਇਣ ਤਾਂ ਨਹੀਂ ? ਡਾਕਟਰ ਨੂੰ ਬੱਦਲ ਬੜੇ ਚੰਗੇ ਲਗਦੇ ਹਨ । ਕਲ੍ਹ ਕਹਿ ਰਿਹਾ ਸੀ—"ਵਰਖਾ ਵਿਚ ਦੌੜ ਦੌੜ ਕੇ ਨਹਾਉਣਾ ਚਾਹੁੰਦਾ ਹਾਂ ।'

ਛਰਰ ! ਛਰਰ !...ਬੱਦਲ ਜਿਵੇਂ ਧਰਤੀ ਤੇ ਉਤਰ ਕੇ ਦੌੜ ਰਹੇ ਹਨ । ਛਪਰ... ਛਪਰ...ਛਰਰਰ ।

ਬਿਰਸਾ ਮਾਂਝੀ ਹੁਣ ਲੇਟਿਆ ਨਹੀਂ ਰਹਿ ਸਕਦਾ ।...ਪਰਸੋਂ ਪਿੰਡ ਵਾਲਿਆਂ ਨੇ ਮੀਟਿੰਗ ਕੀਤੀ ਹੈ—ਉਪਰਾ ਆਦਮੀ ਜੇ ਚੜ੍ਹਾਈ ਕਰੇ ਤਾਂ ਸਾਰੇ ਮਿਲ ਕੇ ਮੁਕਾਬਲਾ ਕਰਨਗੇ । ਕਾਲੀਚਰਨ ਵੀ ਸੀ ਅਤੇ ਬਾਲਦੇਵ ਵੀ ।...ਸੰਥਾਲ ਓਪਰੇ ਲੋਕ ਹਨ ।

ਤਹਿਸੀਲਦਾਰ ਹਰਗੌਰੀ ਦਾ ਸਿਪਾਹੀ ਅਜ ਜ਼ਮੀਨ ਦੇਖ ਰਿਹਾ ਸੀ—ਅਖਤਾ ਭਦੈ ਧਾਨ ਪਕ ਗਿਆ ਹੈ । ਕੀ ਕਟਣਗੇ ? ਕਿਸ ਖੇਤ ਵਿਚ ਕਿਹੜਾ ਧਾਨ ਬੀਜਣਗੇ ? ਤਾਂ ਕੀ ਸਚਮੁਚ ਸੰਥਾਲਾਂ ਦੀ ਜ਼ਮੀਨ ਛੁਡਾ ਲੈਣਗੇ ਤਹਿਸੀਲਦਾਰ ? ਜਿਮੀਂਦਾਰੀ ਪ੍ਰਥਾ ਖਤਮ ਹੋਈ, ਪਰ ਤਹਿਸੀਲਦਾਰ ਜ਼ਮੀਨ 'ਚੋਂ ਬੇਦਖਲ ਕਰ ਰਿਹਾ ਹੈ ।...ਗੱਲ ਸਮਝ ਵਿਚ ਨਹੀਂ ਆ ਰਹੀ । ਕੀ ਹੋਵੇਗਾ ? ਕਲ੍ਹ ਨੂੰ ਦੇਖਣਾ ਹੈ । ਜ਼ਮੀਨ 'ਚ ਹਲ ਲੈ ਕੇ ਆਵੇਗਾ ਤਹਿਸੀਲਦਾਰ, ਭਦੋ ਧਾਨ ਕਟਣ ਆਵੇਗਾ, ਤਦ ਦੇਖਿਆ ਜਾਵੇਗਾ । ਹੁਣ ਤੋਂ ਹੀ ਕਾਹਦੀ ਫਿਕਰ ?...ਹੁਣ ਉਹ ਲੇਟਿਆ ਨਹੀਂ ਰਹਿ ਸਕਦਾ ।...ਲੇਟਿਆ ਲੇਟਿਆ ਹੀ ਉਹ ਮਾਦਲ ਤੇ ਹੱਥ ਫੇਰਦਾ ਹੈ—ਰਿੰ ਰਿੰ ਤਾ ਧਿਨ ਤਾ ।

ਗੁੜਗੁੜੁਮ...ਗੁੜੁਮ...ਗੁੜੁਮ ।

ਬਿਜਲੀਆਂ ਚਮਕਦੀਆਂ ਹਨ ।

ਕਲ੍ਹ ਨੂੰ ਬੀਚੜ ਮਿਲੇਗਾ ਜਾਂ ਨਹੀਂ ?...ਬਾਲਦੇਵ ਜੀ ਨੂੰ ਮੱਛਰ ਕਿਉਂ ਨਹੀਂ ਲੜਦਾ, ਕਾਲੀਚਰਨ ਦੀ ਭੂਆ ਸੌਂਦੀ ਕਿਉਂ ਨਹੀਂ ਅਤੇ ਡਾਕਟਰ ਦੀ ਖਿੜਕੀ ਬੰਦ ਹੈ ਜਾਂ ਖੁਲ੍ਹੀ, ਇਸ ਦਾ ਜ਼ਵਾਬ ਤਾਂ ਕਲ੍ਹ ਮਿਲੇਗਾ । ਹਾਲੇ ਜਿਹੜਾ ਇਹ ਸੋਨਾਈ ਯਾਦਵ ਬਾਰਾਮਾਹਾਂ ਅਲਾਪ ਰਿਹਾ ਹੈ, ਇਹਨੂੰ ਕੀ ਕਿਹਾ ਜਾਵੇ ?...ਪਿੰਡਾਂ ਵਿਹੜਿਆਂ ਵਿਚ ਗੌਣ ਦੀ ਚੀਜ਼ ਨਹੀਂ ਬਾਰਾਮਾਹਾਂ ਅਜੀਬ ਹੈ ਇਹ ਸੋਨਾਇ ਵੀ । ਕੁਮਰ ਬਿਜੈ

ਭਾਨ ਜਾਂ ਲੋਰਿਕ ਨਹੀਂ, ਬਾਰਾਮਾਹਾਂ। ਖੇਤ ਵਿਚ ਪਨੀਰੀ ਦੀ ਬਿਜਾਈ ਕਰਨ ਸਮੇਂ ਗਾਉਣ ਵਾਲਾ ਗੀਤ ਬਾਰਾਮਾਹਾਂ। ਧਾਨ ਦੇ ਖੇਤਾਂ ਵਿਚ ਪੈਰਾਂ ਦੀ ਛਪ-ਛਪ ਆਵਾਜ਼ ਨਾਲ ਉਹ ਗੀਤ ਏਨਾ ਦਿਲਕਸ਼ ਲਗਦਾ ਹੈ ਕਿ ਆਦਮੀ ਸਭ ਕੁਝ ਭੁਲ ਜਾਵੇ।...ਇਹ ਸੰਥਾਊ ਟੋਲੇ ਵਿਚ ਮਾਂਦਰ ਕਿਉਂ ਵਜਾ ਰਿਹਾ ਹੈ, ਅਕਾਰਣ ਅਤੇ ਜਦੋਂ ਇਹ ਸੋਨਾਇ ਬਾਰਾਮਾਹਾ ਗੌਂ ਰਿਹਾ ਹੈ ਤਾਂ ਚਾਰ ਕਲੀਆਂ ਸੁਣਨ ਦਿਉ ਬਈ। ਬੇਤਾਲ ਦਾ ਤਾਲ ਵਜਾ ਰਹੇ ਹੋ। ਵਰਖਾ ਦੀ ਛਪਛਪਾਹਟ ਅਤੇ ਬੱਦਲਾਂ ਦੇ ਗਰਜਣ ਵਿਚ ਮਾਂਦਰ ਦੀ ਆਵਾਜ਼ ਸਪਸ਼ਟ ਨਹੀਂ ਸੁਣਾਈ ਦਿੰਦੀ। ਗਨੀਮਤ ਹੈ। ਓਹ, ਸੋਨਾਇ ਨੇ ਹੁਣ ਝੂਮਰ ਬਾਰਾਮਾਹਾਂ ਸ਼ੁਰੂ ਕੀਤਾ ਹੈ—

ਅਰੇ ਫਾਗੁਨ ਮਾਸ ਹੇ ਗਬਨਾਂ ਮੋਰਾ ਹੋਇਤ।
ਕੇ ਪਹਿਰੂ ਬਸੰਤੀ ਰੰਗ ਹੈ, ਬਾਟ ਚਲੈਤ-ਆ,
ਕੋਸ਼ਿਆ ਸੰਭਾਰਿ ਬਾਨਹੂ,
ਅੰਚਰਾ ਹੈ ਪਵਨ ਝਰੇ ਹੇ ਏ ਏ ਏ ਏ।

ਡਾਕਟਰ ਹੁਣ ਪਿੰਡ ਦੀ ਭਾਸ਼ਾ ਸਮਝਦਾ ਹੀ ਨਹੀਂ, ਬੋਲਦਾ ਵੀ ਹੈ। ਪੇਂਡੂ ਗੀਤਾਂ ਨੂੰ ਸੁਣ ਕੇ ਉਹ ਕੇਸ ਹਿਸਟਰੀ ਲਿਖਣਾ ਵੀ ਭੁਲ ਜਾਂਦਾ ਹੈ। ਗੀਤਾਂ ਦਾ ਅਰਥ ਸ਼ਾਇਦ ਉਹ ਵਧੇਰੇ ਸਮਝਦਾ ਹੈ। ਸੋਨਾਈ ਤੋਂ ਵੀ ਵਧੇਰੇ ?...ਅੰਚਰਾ ਹੇ ਪਵਨ ਝਰੇ ਹੈ। ਆਂਚਲ ਉੜਿ—ਉੜਿ ਜਾਇ।

...ਪਿੰਡ ਦੇ ਹੋਰ ਲੋਕ ਕਹਿਣਗੇ ਕਿ ਰਾਤੀਂ ਰੁਕ ਰੁਕ ਕੇ ਵਰਖਾ ਹੁੰਦੀ ਸੀ। ਅੱਧਾ ਘੰਟਾ ਬੰਦ ਫੇਰ ਝਰਝਰ ! ਪਰ ਡਾਕਟਰ ਕਹੇਗਾ, ਸਾਰੀ ਰਾਤ ਵਰਖਾ ਹੁੰਦੀ ਰਹੀ, ਕਦੀ ਬੂੰਦ ਰੁਕੀ ਨਹੀਂ। ਵਿਸ਼ਾਲ ਬਰੋਟੇ ਥੱਲੇ 'ਕਰਕਟ ਟੀਨ' ਤੇ ਛੱਪਰ ਵਾਲੇ ਘਰ ਤੇ ਬੂੰਦਾਂ ਜੁ ਡਿਗਦੀਆਂ ਸਨ। ਕੋਠੀ ਦੇ ਬਾਗ ਵਿਚ ਝਰਝਰਾਟ ਕਦੀ ਬੰਦ ਨਹੀਂ ਹੋਈ।...

ਤੇ ਸਵੇਰ ਹੋ ਗਈ।...ਸੋਨਾਇ ਹੁਣ ਖੇਤ ਵਿਚ ਗੀਤ ਗੌਂ ਰਿਹਾ ਹੈ। ਸੋਨਾਇ ਕੱਲਾ ਨਹੀਂ, ਸੈਂਕੜੇ ਕੰਨਾਂ ਵਿਚ ਇਕ ਇਕ ਵਿਰਹਿਣੀ ਮੈਥਿਲਾ ਬੈਠੀ ਕੂਕ ਰਹੀ ਹੈ—

ਆਮਜੇ ਕਟਹਲ, ਤੂਤ ਜੇ ਬੜਹਲ,
ਨੇਬੂਆ ਅਧਿਕ ਸੁਰੇਬ।
ਮਾਸ ਆਸਾੜ ਹੋ ਗਮਾ।
ਪੰਥ ਜਨਿ ਚੜਿਹੇ।
ਦੂਰ ਹੀ ਸੇ ਗਰਜਤ ਮੇਘ ਰੇ ਮੋਰੋ।

ਬਾਗ ਵਿਚ ਅੰਬ-ਕਟਹਲ, ਤੂਤ ਅਤੇ ਬੜਹਲ ਦੇ ਇਲਾਵਾ ਨਿੰਬੂ ਦੀ ਡਾਲੀ ਵੀ ਝੁਕੀ ਹੋਈ ਹੈ, ਅਤੇ ਦੂਰੋਂ ਮੇਘ ਵੀ ਗਜ ਕੇ ਕਹਿ ਰਿਹਾ ਹੈ—ਆ ਪੰਥੀ, ਹਾਲੇ ਰਾਹ

ਨਹੀਂ ਚਲਣਾ।...ਲੋਕ ਦੂਰ ਦੇ ਸਾਥੀ ਨੂੰ ਆਪਣੇ ਕੋਲ਼ ਬੁਲਾਉਂਦੇ, ਬਿਰਹਾ ਵਿਚ ਤੜਪਦੇ ਹਨ, ਮੇਘਾਂ ਰਾਹੀਂ ਸੰਦੇਸ਼ ਭੇਜਦੇ ਹਨ ਅਤੇ ਘਰ ਆਇਆ ਹੋਇਆ ਪਰਦੇਸੀ ਬਾਹਰ ਪਰਤ ਜਾਣਾ ਚਾਹੁੰਦਾ ਹੈ ? ਨਹੀਂ, ਨਹੀਂ ।...ਬਿਜਲੀ ਦੀ ਹਰ ਲਿਸ਼ਕ ਤੇ ਮੈਂ ਸਹਿਮ ਸਹਿਮ ਰਹਿ ਜਾਵਾਂਗੀ। ਬੱਦਲ ਜਦੋਂ ਗਰਜਦੇ ਹਨ ਤਾਂ ਕਲੇਜੇ ਦੀ ਧੜਕਨ ਵਧ ਜਾਂਦੀ ਹੈ—

ਅਰੇ ਮਾਸ ਆ-ਸਾ-ੜ੍ਹਾ ਹੇ ! ਗਰਜੇ ਘਨ
ਬਿਜੁਰੀ ਈ ਚਮਕੇ ਸਖੀ ਹੇ ਏ ਏ।
ਮੋਹੇ ਤਜਿ ਕੰਤਾ ਜਾਇ ਪਰ ਦੇਸਾ ਆ...ਆ...
ਕਿ ਉਮੜੂ ਕਮਲਾ ਮਾਈ ਹੈ।
...ਹੇ ਹੇ ਰੇ ! ਹੇ ਰੇ...

ਕਮਲਾ ਵਿਚ ਹੜ ਆ ਜਾਵੇ ਤਾਂ ਕੰਤ ਰੁਕ ਜਾਵੇ। ਇਸ ਲਈ ਕਮਲਾ ਨਦੀ ਨੂੰ ਉਛਲਨ ਲਈ ਸੱਦਾ ਦਿਤਾ ਜਾਂਦਾ ਹੈ।...ਜਿਨ੍ਹਾਂ ਦੇ ਕੰਤ ਪਰਦੇਸੋਂ ਪਰਤ ਆਏ ਹਨ, ਉਨ੍ਹਾਂ ਦੀ ਖੁਸ਼ੀ ਬਾਰੇ ਕੀ ਪੁੱਛਣਾ। ਝੂਲਨੀ ਰਾਗਿਨੀ ਉਨ੍ਹਾਂ ਸੁਭਾਗਵਤੀਆਂ ਦੇ ਹਿਰਦਿਆਂ ਦੇ ਮਿਲਨ-ਸਾਹਾਂ ਨਾਲ ਝੂਲ ਰਹੀ ਹੈ ਖੇਤਾਂ ਵਿਚ :

ਮਾਸ ਆਸਾੜ ਚੜਲ ਬਰਸਾਤੀ,
ਘਰ ਘਰ ਸਖੀ ਸਬ ਝੂਲਨੀ ਲਗਾਤੀ,
ਝੂਲੀ ਗਾਵੇ
ਝੂਲੀ ਗਾਵਤੀ ਮੰਗਲ ਬਾਣੀ,
ਸਾਵਨ ਸਖਿ ਅਲਿ ਹੇ ਮਸਤ ਜਵਾਨੀ...
ਦੇਖੋ ਦੇਖੋ।
ਦੇਖੋ ਦੇਖੋ ਸਖਿ ਰੀ ਬ੍ਰਿਜ ਬਾਲਾ,
ਕਹਾਂ ਗਏ ਜਿਸ਼ੋਦਾ ਕੁਮਾਰ, ਨੰਦ ਲਾਲਾ,
...ਦੇਖੋ, ਦੇਖੋ।

ਘਰ ਦਾ ਕੰਤ ਕਿਤੇ ਪਿੰਡ ਵਿਚ ਹੀ ਰਾਹ ਨਾ ਭੁਲ ਜਾਵੇ।...ਦੇਖੋ ਦੇਖੋ ਕਿਥੇ ਗਏ ? ਕਿਸੇ ਦੀ ਝੂਲਣੀ ਤੇ ਝੂਲ ਤਾਂ ਨਹੀਂ ਰਹੇ ?

"ਚਾਹ।"

"ਕੌਣ ? ਕਮਲਾ।" ਡਾਕਟਰ ਝਿੜਕ ਜਾਂਦਾ ਹੈ।

"ਹਾਂ ਚਮਕਦੇ ਕਿਉਂ ਹੋ ? ਤੁਹਾਨੂੰ ਵੀ ਸੂਈ ਦਾ ਡਰ ਲਗਦਾ ਹੈ। ਇਹ ਮਿੱਠੀ ਦਵਾ ਨਹੀਂ, ਮਿੱਠੀ ਚਾਹ ਹੈ, ਡਾਕਟਰ ਸਾਹਿਬ। ਜਦੋਂ ਚਾਹ ਪੀ ਕੇ ਹੀ ਜੀਣਾ ਹੈ ਤਾਂ ਅੱਖ ਖੁਲ੍ਹਦਿਆਂ ਹੀ ਗਰਮ ਚਾਹ ਦੀ ਪਿਆਲੀ ਸਾਹਮਣੇ ਰਖਣ ਦੀ ਲੋੜ ਹੈ।" ਕਮਲਾ

ਨਾਲ ਦੀ ਕੁਰਸੀ ਤੇ ਬਹਿ ਕੇ ਚਾਹ ਬਣਾਉਂਦੀ ਹੈ। ਪਿਆਰੂ ਖਲੋਤਾ ਹੋਇਆ ਮੁਸਕਰਾ ਰਿਹਾ ਹੈ।...ਪਿਆਰੂ ਨੂੰ ਏਨਾ ਖੁਸ਼ ਕਦੀ ਘਟ ਹੀ ਦੇਖਿਆ ਗਿਆ ਹੈ।... "ਹੁਣ ਸਮਝਿਆ ! ਇਹ ਪਿਆਰੂ ਨਹੀਂ ਕਿ ਹਰ ਗੱਲ ਵਿਚ 'ਨਾਂਹ' ਕਹਿ ਕੇ ਟਾਲ ਦਿਤਾ।...ਚਾਹ ਬਣਾਈਏ ? ਤਾਂ ਨਹੀਂ। ਆਂਡਾ ਬਣਾਈਏ ? ਤਾਂ ਨਹੀਂ। ਖਾਣਾ ਪਰੋਸੀਏ ? ਤਾਂ ਨਹੀਂ।...ਹੁਣ ਸਮਝਿਆ।"

## ਉਨਤਾਲੀ

ਸੰਥਾਲ ਲੋਕ ਉਥੋਂ ਦੇ ਨਹੀਂ, ਬਾਹਰੋਂ ਆਏ ਆਦਮੀ ਹਨ ?

"...ਜਰਾ ਵਿਚਾਰ ਕੇ ਦੇਖੋ, ਇਹੋ ਤੰਤਰਿਮਾਂ ਦਾ ਸਰਦਾਰ ਹੈ...ਚੰਗਾ ਤੁਸੀਂ ਹੀ ਦਸੋ ਜਗਰੂ, ਤੁਸੀਂ ਲੋਕ ਕਿਹੜੇ ਤਤਮਾਂ ਹੋ ? ਮਰਾਹਿਆ ਹੋ ਨਾ ? ਚੰਗਾ ਦਸੋ, ਤੁਹਾਡੇ ਦਾਦੇ ਹੀ ਪੱਛਮ ਤੋਂ ਆਏ ਅਤੇ ਤੁਹਾਡੀ ਧੀ ਤਿਰਹੁਤਿਆ ਤੰਤਰਿਮਾਂ ਦੇ ਵਿਆਹੀ ਗਈ ਹੈ। ਮਰਾਹਿਆ ਚਾਲ-ਚਲਣ ਭੁਲ ਗਏ, ਹੁਣ ਤਿਰਹੁਤਿਆ ਅਤੇ ਮਰਾਹਿਆ ਇਕ ਹੋ ਗਏ ਹੋ। ਪਰ ਸੰਥਾਲਾਂ ਵਿਚ ਵੀ ਕਮਾਰ ਹਨ, ਮਾਂਝੀ ਹਨ। ਉਹ ਲੋਕ ਆਪਣੇ ਆਪ ਨੂੰ ਇਥੋਂ ਦੇ ਕਮਾਰ ਅਤੇ ਮਾਂਝੀਆਂ ਵਿਚ ਕਦੀ ਖਪਾ ਸਕੇ ? ਨਹੀਂ। ਉਹ ਤਾਂ ਸਦਾ ਅਸਾਂ ਲੋਕਾਂ ਨੂੰ ਹੀ ਛੋਟਾ ਕਹਿੰਦੇ ਹਨ। ਪਿੰਡੋਂ ਬਾਹਰ ਰਹਿੰਦੇ ਹਨ।...ਕਹੋ ਤਾਂ ਕਿਸੇ ਸੰਥਾਲ ਨੂੰ ਗੌਣ ਲਈ ਬਦੇਸ਼ੀਆਂ ਦਾ ਗੌਣ ਜਾਂ ਚੇਤੀ ਦੀ ਇਕ ਕਲੀ। ਕਦੀ ਨਹੀਂ ਗਾਵੇਗਾ। ਇਨ੍ਹਾਂ ਦਾ ਦਾਰੂ ਬਿਲਕੁਲ ਨਹੀਂ ਪੀਵੇਗਾ। ਜਦੋਂ ਪੀਵੇਗਾ ਤਾਂ 'ਪੰਚਾਇ' ਹੀ ਸਮਝੋ। ਸੋਚੋ "ਤਹਿਸੀਲਦਾਰ ਸਾਹਿਬ ਦਰਾਂ ਵਿਚ ਬੈਠੇ ਹੋਏ ਬੀਹਨ ਲੈਣ ਵਾਲਿਆਂ ਨੂੰ ਕਹਿੰਦੇ ਹਨ।...ਡੇਢ ਸੌ ਤੋਂ ਵੱਧ ਬੰਦੇ ਹਨ। ਕਾਲੀਚਰਨ ਜੀ ਵੀ ਹਨ, ਵਾਸੂਦੇਵ ਜੀ ਅਤੇ ਬਾਲਦੇਵ ਜੀ ਵੀ ਹਨ।

ਤਹਿਸੀਲਦਾਰ ਸਾਹਿਬ ਬਿਲਕੁਲ ਠੀਕ ਕਹਿ ਰਹੇ ਹਨ।...ਨਹੀਂ ਬਈ ਕੁਝ ਵੀ ਕਹੋ, ਤਹਿਸੀਲਦਾਰ ਸਾਹਿਬ ਹੀ ਇਕ ਆਦਮੀ ਹਨ ਜਿਹੜੇ ਕਿ ਪਿੰਡ ਦੀ ਭਲਾਈ ਬੁਰਾਈ ਦੀ ਗੱਲ ਸਮਝਦੇ ਹਨ।...ਠੀਕ ਕਹਿੰਦੇ ਹਨ, ਤਹਿਸੀਲਦਾਰ ਸਾਹਿਬ। ਇਕ ਦਮ 'ਫਾਟਕ ਖੋਲ੍ਹ' ਹੁਕਮ ਦੇ ਦਿਤੇ ਹਨ, "ਕੋਈ ਗੱਲ ਨਹੀਂ। ਐਤਕੀਂ ਤੁਹਾਨੂੰ ਸੰਦੇਹ ਕਿਉਂ ਹੋਇਆ ? ਭੋਲੀਦਾਰ ਤਾਂ ਬੀਹਨ ਦੇ ਬਾਜਵ ਹਕਦਾਰ ਹਨ ਅਤੇ ਜਿਹੜੇ ਲੋਕ ਮੇਰੇ ਭੋਲੀਦਾਰ ਨਹੀਂ ਹਨ, ਉਨ੍ਹਾਂ ਨੂੰ ਪੁਛੋ ਕਿ ਕਿਸੇ ਸਾਲ ਅਸਾਂ ਮੋੜਿਆ ਹੈ ਉਨ੍ਹਾਂ ਨੂੰ ? ਫੇਰ ਗੱਲ ਤਾਂ ਇਹ ਹੈ ਕਿ ਪਿਛਲੇ ਵਰ੍ਹੇ ਜਿੱਦਾਂ ਦੀ ਉਪਜ ਹੋਈ ਸੀ ਉਹ ਤਾਂ ਦੇਖਿਆ ਹੀ ਹੈ। ਉਸ ਤੇ ਪੇਡੀ-ਲਾਭੀ (ਪੈਡੀ ਲੇਵੀ) ਕਾਨੂੰਨ ਦਾ ਦੇਣਾ ਹਾਲੇ ਬਾਕੀ ਹੈ। ਬਹੁਤ

ਕੋਸ਼ਿਸ਼—ਪੈਰਵੀ ਕਰਕੇ ਕਿਸੇ ਤਰ੍ਹਾਂ ਇਕ ਸੌ ਮਣ ਕਰਾਇਆ ਹੈ। ਹਰਗੌਰੀ ਬਾਬੂ ਦੀ ਕਿਰਪਾ ਨਾਲ ਤਾਂ ਪੰਜ ਸੌ ਮਣ ਲਗ ਗਿਆ ਸੀ। ਇਨ੍ਹਾਂ ਨੂੰ ਦਰੋਗਾ ਸਾਹਿਬ ਨੇ ਪੁਛਿਆ ਅਤੇ ਇਨ੍ਹਾਂ ਨੇ ਦਸ ਦਿਤਾ ਕਿ ਪੰਜ ਹਜ਼ਾਰ ਮਣ ਧਾਨ ਹੁੰਦਾ ਹੈ ਉਹ ਤਾਂ ਥਾਨਾ ਕਾਂਗਰਸ ਦੇ ਸਕੱਤਰ ਕਿੰਨੀਆਂ ਕੋਸ਼ਿਸ਼ਾਂ ਕਰਕੇ ਇਹਨੂੰ ਇਕ ਸੌ ਮਣ ਬਣਾਇਆ ਹੈ।"...ਕਲ੍ਹ ਹਰਗੌਰੀ ਬਾਬੂ ਤੋਂ ਪੁੱਛ ਰਹੇ ਸਨ ਕਿ ਦਸੋ ਬਾਬੂ ਹਰਗੌਰੀ ਜੀ। ਜੇ ਪੰਜ ਸੌ ਮਣ ਧਾਨ ਹੁਣ ਦੇ ਦਿੰਦੇ ਤਾਂ ਪਿੰਡ ਵਾਲਿਆਂ ਨੂੰ ਬੀਹਨ ਅਤੇ ਖਰਚਾ ਕਿਥੋਂ ਮਿਲਦਾ ? ਤਹਿਸੀਲਦਾਰ ਬਣਨ ਨਾਲ ਹੀ ਨਹੀਂ ਹੁੰਦਾ ਹੈ...।"

ਠੀਕ ਬਾਤ। ਠੀਕ ਬਾਤ।...ਬਾਜਵ ਕਹਿੰਦੇ ਹਨ, ਤਹਿਸੀਲਦਾਰ ਸਾਹਿਬ।—

...ਕਾਲੀਚਰਨ ਦੇ ਮਨ ਵਿਚ ਬਹੁਤ ਸਾਰੇ ਸਵਾਲ ਉਠਦੇ ਹਨ, ਪਰ ਉਹ ਨਹੀਂ ਪੁਛੇਗਾ। ਉਸ ਦਿਨ ਸਕੱਤਰ ਸਾਹਿਬ ਨੇ ਸਾਫ ਕਹਿ ਦਿਤਾ ਕਿ "ਕਾਮਰੇਡ, ਹਾਲੇ ਸੰਘਰਸ਼ ਨਾ ਛੇੜੋ। ਸਭ ਤੋਂ ਪਹਿਲਾਂ ਹਾਲੇ ਕਿਸੇ ਇਕ ਇਲਾਕੇ ਵਿਚ ਇਕ ਏਰੀਆ ਲੈ ਕੇ ਇਸ ਦਾ ਇਸਪਾਰਮਿਨ (ਐਕਸਪੈਰੀਮੈਂਟ) ਕਰਾਂਗੇ। ਫੇਰ ਉਸ ਤੋਂ ਪਿਛੋਂ ਹੋਰ ਇਲਾਕਿਆਂ ਵਿਚ ਇਹਦੇ ਲਈ ਹੁਕਮ ਦਿਆਂਗੇ। ਉਸੇ ਤਰ੍ਹਾਂ ਹੀ ਸੰਘਰਸ਼ ਤੋਂ ਇਕ ਮਹੀਨਾ ਪਹਿਲਾਂ ਲੋਕਾਂ ਤੋਂ ਦਰਖਾਸਤ ਲੈਣੀ ਹੋਵੇਗੀ। ਫੇਰ ਇਨਕੁਆਰੀ, ਫੇਰ ਐਜੂਕੁਟੀ ਮੀਟਿੰਗ। ਤਦ ਕਿਤੇ ਰਾਏ ਬਣੇਗੀ ਕਿ ਸੰਘਰਸ਼ ਕਰਨਾ ਚਾਹੀਦਾ ਹੈ ਕਿ ਨਹੀਂ। ਮੇਲ-ਮਾਰਫਤ ਅਤੇ ਪੰਚਾਇਤ ਰਾਹੀਂ ਹਾਲੇ ਜਿਹੜਾ ਕੰਮ ਚਲੇ, ਚਲਾਉ। ਕੁਛ ਦਿਨਾਂ ਪਿਛੋਂ ਤਾਂ ਪਾਰਟੀ ਇਕ ਦਮ ਧਾਵਾ ਬੋਲ ਦੇਵੇਗੀ।"

"ਹਾਂ, ਤਹਿਸੀਲਦਾਰ ਸਾਹਿਬ ਠੀਕ ਕਹਿੰਦੇ ਹਨ।" ਕਾਲੀਚਰਨ ਵੀ ਕਹਿੰਦਾ ਹੈ। ਬਾਲਦੇਵ ਜੀ ਵੀ ਕਹਿੰਦੇ ਹਨ।... ਬੌਨਦਾਸ ਕਿਥੇ ਹੈ ? ਪੁਰੈਨੀਆਂ ਤੋਂ ਪਰਤ ਕੇ ਨਹੀਂ ਆਇਆ ?

ਹਰਗੌਰੀ ਬਾਬੂ ਵੀ ਚੰਗੀ ਤਰ੍ਹਾਂ ਸਮਝ ਗਏ ਹਨ ਕਿ ਕਾਲੀ ਟੋਪੀ ਵਾਲੇ ਨੌਜਵਾਨਾਂ ਦੀਆਂ ਲਾਠੀਆਂ ਤੋਂ ਵਧੇਰੇ ਖਤਰਨਾਕ ਹਥਿਆਰ ਹੈ—ਕਾਨੂੰਨੀ ਨੁਕਸ। ਤਹਿਸੀਲਦਾਰ ਵਿਸ਼ਵ ਨਾਥ ਪ੍ਰਸਾਦ ਇਹਦੇ ਮਾਹਿਰ ਹਨ। ਉਨ੍ਹਾਂ ਨਾਲ ਹਾਲੇ ਵੈਰ ਮੁੱਲ ਲੈਣਾ ਨਹੀਂ ਠੀਕ।

ਸਿੰਘ ਜੀ ਨੂੰ ਹਰਗੌਰੀ ਦੀ ਤਹਿਸੀਲਦਾਰੀ ਤੇ ਪੂਰਾ ਭਰੋਸਾ ਸੀ, ਕਾਲੀ ਟੋਪੀ ਵਾਲੇ ਸੰਯੋਜਕ ਜੀ ਤੇ ਪੂਰਾ ਵਿਸ਼ਵਾਸ ਸੀ।...ਪਰ ਤਹਿਸੀਲਦਾਰ ਸਾਹਿਬ ਨੇ ਤਾਂ ਕਾਨੂੰਨ ਦਾ ਇਹੋ ਜਿਹਾ ਫਾਨਾਂ ਲਾਇਆ ਹੈ ਕਿ ਭੂਮੀਏ ਵੀ ਮਾਤ। ਰਾਜਪੂਤ ਦਾ ਬੱਲਮ-ਬਰਛਾ ਉਹਦੇ ਅਗੇ ਕੀ ਕਰੇਗਾ ?...ਵੇਖਣ ਨੂੰ ਕਿੰਨਾ ਹਸਮੁਖ ਤੇ ਕਿੰਨਾ ਮਿੱਠ ਬੋਲੜਾ ਹੈ... ਤਹਿਸੀਲਦਾਰ ਬਿਸਬਨਾਥ, ਪਰ ਢਿਡ ਵਿਚ ਜਲੇਬੀ ਦਾ ਵਲ ਹੈ। ਰਾਜ ਦਾ ਨਵਾਂ ਸਰਕਲ ਮੈਨੇਜਰ ਦੰਦਾਂ ਥਲੇ ਉਂਗਲੀ ਦਬਦਾ ਹੈ, ਏਨਾ ਕਾਨੂੰਨਚੀ ਆਦਮੀ।...ਕਿ

ਅਸਤੀਫਾ ਦੇ ਦਿਉ। ਇਸੇ ਕਰਕੇ ਤੜਾਕ ਕਰਕੇ ਦੇ ਦਿਤਾ। ਕਾਂਗਰਸ ਦਾ ਲੀਡਰ ਬਣ ਗਿਆ ਹੈ। ਇਹਤੋਂ ਅਗੇ ਵਧਣਾ ਔਖਾ ਹੈ।

ਹਰੀਗੌਰੀ ਨੇ ਸਿੰਘ ਜੀ ਦੇ ਨਾਂ ਸੰਥਾਲ ਟੋਲੀ ਦੀ ਪੰਝੀ ਏਕੜ ਜ਼ਮੀਨ ਬੇਨਾਮੀ ਕਰਵਾਈ ਹੈ, ਜਿਸ ਵਿਚੋਂ ਦੋ ਏਕੜ ਸਿੰਘ ਜੀ ਨੂੰ ਮਿਲੇਗੀ।...

ਖਿਲਾਵਨ ਨੇ ਵੀ ਪੰਜ ਬਿਘੇ ਸੰਥਾਲ ਟੋਲੀ ਦੀ ਬੰਦੋਬਸਤੀ ਲਈ ਹੈ।

ਬੇਤਾਰ ਦਾ ਖਬਰ, ਸੁਮਰਿਤ ਦਾਸ। ਕੋਇਰੀ ਟੋਲੇ ਵਾਲਿਆਂ ਨੂੰ ਕਹਿੰਦਾ ਹੈ, "ਜੇ ਹਰਗੌਰੀ ਤਹਿਸੀਲਦਾਰ ਨੇ ਬਿਸਥ ਨਾਥ ਪ੍ਰਸਾਦ ਦੇ ਨਾਂ ਦੋ ਸੌ ਬਿਘੇ ਤੇ ਮੇਰੇ ਨਾਂ ਪੰਜਾਹ-ਬਿਘੇ ਦੀ ਲਿਖਾ ਪੜ੍ਹੀ ਨਾ ਕੀਤੀ ਤਾਂ ਫੇਰ ਦੇਖ ਲਿਓ! ਹਾਂ ਕੈਂਦਿਸਥ ਹੈ, ਖੇਡ ਨਹੀਂ।"

ਸੁਮਰਿਤ ਦਾਸ ਬੇਤਾਰ ਹੁਣ ਫੇਰ ਤਹਿਸੀਲਦਾਰ ਵਿਸ਼ਵ ਨਾਥ ਪ੍ਰਸਾਦ ਦੇ ਨਾਲ ਹੈ। ਹੁਣ ਤਾਂ ਜਿਦਾਂ ਦੇ ਹਰਗੌਰੀ ਤਹਿਸੀਲਦਾਰ, ਉਦਾਂ ਦੇ ਵਿਸ਼ਵ ਨਾਥ ਤਹਿਸੀਲ-ਦਾਰ ਪਰ ਸ਼ਰਤ ਇਹੋ ਹੈ...।

ਸੰਥਾਲਾਂ ਨੂੰ ਸਭ ਪਤਾ ਹੈ।

ਹੁਣ ਬਾਲਦੇਵ ਜੀ, ਬਾਵਨਦਾਸ ਜੀ ਅਤੇ ਕਾਲੀਚਰਨ ਜੀ ਸਭ ਇਕ ਮਿਕ ਹੋ ਗਏ। ਸੰਥਾਲ ਲੋਕ ਚੰਗੀ ਤਰ੍ਹਾਂ ਜਾਣਦੇ ਹਨ, ਕੋਈ ਸਾਥ ਦੇਣ ਵਾਲਾ ਨਹੀਂ, ਧਰਮ ਪੁਰ ਵਿਚ ਦੇਖਿਆ ਨਹੀਂ ? ਏਦਾਂ ਹੀ ਹੋਇਆ। ਇਸੇ ਲਈ ਵੱਡੇ ਵਡੇਰੇ ਠੀਕ ਕਹਿ ਗਏ ਹਨ — ਇਥੋਂ ਦੇ ਲੋਕਾਂ ਦਾ ਵਿਸ਼ਵਾਸ਼ ਬਿਲਕੁਲ ਨਹੀਂ ਕਰਨਾ। ਜਦੋਂ ਜਿਸ ਕਿਸੇ ਤੋਂ ਜਿਹੜਾ ਫਾਇਦਾ ਹੋਵੇ ਲੈ ਲੈਣਾ, ਪਰ ਕਿਸੇ ਦੇ ਨਾਲ ਨਹੀਂ ਰਲਣਾ। ਸੰਥਾਲ ਸੰਥਾਲ ਹੈ, ਅਤੇ ਦਿੱਕੂ ਦਿੱਕੂ (ਸੰਥਾਲ ਲੋਕ ਗ਼ੈਰ ਸੰਥਾਲਾਂ ਨੂੰ ਦਿੱਕੂ ਕਹਿੰਦੇ ਹਨ) ਪੰਚਾਇ ਦੇਹ ਨੂੰ ਪੱਥਰ ਵਾਂਗ ਮਜ਼ਬੂਤ ਬਣਾਉਂਦਾ ਹੈ ਅਤੇ ਪੀ ਕੇ ਦੇਖੋ ਇਥੋਂ ਦਾ ਦਾਰੂ। ਪੱਥਰ ਨੂੰ ਗਾਲ ਦੇਵੇਗਾ, ਬਿਲਕੁਲ ਨਹੀਂ। ਦਿੱਕੂ ਆਦਮੀ ਭੱਠੀ ਦਾ ਦਾਰੂ, ਇਹਦਾ ਵਿਸ਼ਵਾਸ਼ ਨਹੀਂ।...ਓਦੇ ਤੀਰ ਤਾਂ ਹੈ। ਇਹੋ ਸਭ ਤੋਂ ਵੱਡਾ ਸਾਥੀ ਹੈ। ਸਾਥੀ ਸਾਥ ਛਡ ਸਕਦਾ ਹੈ, ਤੀਰ ਕਦੀ ਨਹੀਂ ਖੁੰਝਦਾ ਹੈ...ਚੁਨਕਾ ਮਾਂਝੀ ਕੀ ਕਹਿੰਦਾ ਹੈ ?...ਡਾਕਟਰ ਤੋਂ ਕੀ ਪੁਛਣ ਗਿਆ ਸੀ ? ਪੁਛਣਾ ਸੀ ਕਾਲੀਚਰਨ ਤੋਂ ਬਾਲਦੇਵ ਜੀ ਤੋਂ ਤਹਿਸੀਲਦਾਰ ਸਾਹਿਬ ਤੋਂ।

ਬਾਲਦੇਵ ਅਤੇ ਕਾਲੀਚਰਨ ਲੋਕਾਂ ਨੂੰ ਧਾਨ ਦੁਆ ਰਹੇ ਹਨ।

"ਡਾਕਟਰ ਨੇ ਕਿਹਾ ਹੈ ਕਿ ਤੁਸੀਂ ਲੋਕ ਹੀ ਜ਼ਮੀਨ ਦੇ ਅਸਲੀ ਮਾਲਕ ਹੋ। ਕਾਨੂੰਨ ਹੈ, ਜਿਸ ਨੇ ਤਿੰਨ ਸਾਲਾਂ ਤਕ ਜ਼ਮੀਨ ਨੂੰ ਵਾਹਿਆ, ਬੀਜਿਆ ਹੈ, ਜ਼ਮੀਨ ਉਸੇ ਦੀ ਹੋਵੇਗੀ :

"ਡਾਕਟਰ ਨੇ ਕਿਹਾ ਹੈ ?"

"ਡਾਕਟਰ ਨੇ ?"...ਸੀਨਿਆਂ ਭੁਰ ਭੁਰ ਹਸਦੀਹੈ —

ਹਾ-ਹਾ-ਹਾ-ਹਾ-ਹਾ-ਹਾ। "ਡਾਕਟਰ ਸਾਡਾ ਨਾਚ ਦੇਖਣਾ ਚਾਹੁੰਦਾ ਹੈ। ਰੋਜ਼ ਟੋਕਦਾ ਹੈ। ਹਾ-ਹਾ-ਹਾ"

ਜਵਾਨ ਜੋਗਿਆ ਮਾਂਝੀ। ਤੀਰ ਦੀ ਪਛ ਨਾਲ ਜੰਗਲੀ ਹੰਸ ਦੇ ਪਰਾਂ ਨੂੰ ਬੰਨ੍ਹਦਾ ਹੋਇਆ ਕਹਿੰਦਾ ਹੈ, "ਡਾਕਟਰ ਨੇ ਖਰਗੋਸ਼ ਦਾ ਮੁੱਲ ਦਿਤਾ ਸੀ, ਦਸ ਰੁਪਏ।' ਬਾਰਾਂ ਰੁਪਏ ਦਰਜਨ ਚੂਹੇ।...ਦੋ ਗਿੱਦੜ ਦੇ ਬੱਚਿਆਂ ਦੇ ਦਾਮ ਪੰਜਾਹ ਰੁਪਏ। ਤਾਰ ਸਕਦਾ ਹੈ, ਕੋਈ ਵੱਡਾ ਆਦਮੀ ਏਨਾਂ ਮੁੱਲ ?...ਸਰਕਾਰੀ ਆਦਮੀ ਹੈ, ਪਰ ਵੱਢੀ ਖੋਰ ਨਹੀਂ।

ਕਾਲੀਚਰਨ ਨੂੰ ਇਕਾਂਤ ਵਿਚ ਕਹਿੰਦੀ ਹੈ ਮੰਗਲ ਦੇਵੀ। ਬੇਨਤੀ ਦੇ ਭਾਵ ਨਾਲ ਕਹਿੰਦੀ ਹੈ, "ਕਾਲੀ, ਤੁਸੀਂ ਨਾ ਜਾਇਓ। ਸੰਥਾਲ ਲੋਕ ਨਹੀਂ ਮੰਨਣਗੇ, ਜ਼ਰੂਰ ਤੀਰ ਚਲਾਉਣਗੇ। ਮੈਂ ਜਾਣਦੀ ਹਾਂ। ਤੁਸੀਂ ਨਹੀਂ ਜਾਣਦੇ ਕਾਲੀ ਬਾਬੂ ਇਹ ਲੋਕ ਕਿਦਾਂ ਦੇ ਹੁੰਦੇ ਹਨ। ਇਨ੍ਹਾਂ ਦੇ ਮੁਹਾਂਦਰੇ ਭਰਮ ਵਿਚ ਪਾਉਣ ਵਾਲੇ ਹਨ। ਦੇਖ ਕੇ ਪਤਾ ਲਗੇਗਾ ਕਿ ਬਹੁਤ ਸਿੱਧੇ ਹਨ, ਪਰ...। ਤੁਸੀਂ ਨਾ ਜਾਇਓ ਕਾਲੀ, ਤੁਹਾਨੂੰ ਮੇਰੇ ਸਿਰ ਦੀ ਸਹੁੰ।"

ਠੀਕ ਹੀ ਤਾਂ ਹੈ, ਜਿਹੜੇ ਲੋਕ ਸਰਗਰਮ ਮੈਂਬਰ ਹਨ, ਉਹ ਕਿਉਂ ਜਾਣਗੇ।

...ਬਾਸੁਦੇਵ, ਸੁੰਨਰਾ ਅਤੇ ਸਨਿੱਚਰ ਵੀ ਨਹੀਂ ਜਾਵੇਗਾ।

...ਹਾਂ, ਪਿਆਰੇ ਵੀ ਨਹੀਂ ਜਾਵੇਗਾ।

...ਸੋਮਾਂ ਜੱਟ ਜਾਊਗਾ ?...ਜਾਣ ਦਿਓ, ਉਹ ਮੈਂਬਰ ਨਹੀਂ ਹੈ।

ਬਾਲਦੇਵ ਜੀ ਤਾਂ ਇਹੋ ਜਿਹੀ ਥਾਂ ਜਾਣਗੇ ਹੀ ਨਹੀਂ, ਉਥੇ ਹਿੰਸਾ ਦਾ ਡਰ ਹੈ; ਉਹ ਨਹੀਂ ਜਾ ਸਕਦੇ।...ਤਹਿਸੀਲਦਾਰ ਸਾਹਿਬ ਲੀਡਰ ਬਣੇ ਹਨ, ਆਪ ਜਾਣ ਜਾਂ ਖੂੰਛੇ ਵਾਲਿਆਂ ਨੂੰ ਭੇਜਣ। ਹਿੰਸਾ ਕਰਨ ਜਾਂ ਅਹਿੰਸਾ ਕਰਨ। ਬਾਲਦੇਵ ਜੀ ਤਾਂ ਸਿਰਫ਼ ਚੁਆਨੀਏਂ ਮੈਂਬਰ ਹਨ। ਬਾਵਨਦਾਸ ਵਿਸ਼ਵ ਨਾਥ ਦੇ ਕਾਨੂੰਨ ਸਮੇਤ, ਮਾਤ ਕਰ ਦਿੰਦਾ। ਪਰ ਉਹਦਾ ਦਿਮਾਗ ਖ਼ਰਾਬ ਹੋ ਗਿਆ ਹੈ। ਸੱਤ ਦਿਨ ਹੋਏ ਚਿੱਠੀ ਲਿਖਵਾਉਣ ਗਿਆ ਹੈ, ਪਰ ਪਰਤਿਆ ਨਹੀਂ ਹੈ। ਗਾਂਧੀ ਜੀ ਨੂੰ ਚਿੱਠੀ ਭੇਜੇਗਾ।...ਗਾਂਧੀ ਜੀ ਕੋਲ ਏਨੀ ਫੁਰਸਤ ਕਿਥੇ ਹੈ ਬਾਬਾ, ਜਿਹੜਾ ਤੈਨੂੰ ਜਵਾਬ ਦੇਣਗੇ ?...ਪਰ ਨਹੀਂ, ਬਾਵਨ ਨੇ ਬੜੀ ਵਾਰ ਚਿੱਠੀ ਲਿਖਵਾਈ ਹੈ, ਅਤੇ ਹਰ ਵਾਰ ਜਵਾਬ ਆਇਆ ਹੈ — "ਭਰਾ ਬਾਵਨਦਾਸ ਜੀ, ਤੁਹਾਡਾ ਖਤ ਮਿਲਿਆ।' ਉਦੋਂ ਸਸਾਂਕ ਜੀ ਸਾਰਿਆਂ ਨੂੰ ਪੜ੍ਹ ਕੇ ਸੁਣਾ ਰਹੇ ਸਨ। – ਮਹਾਤਮਾਂ ਜੀ ਨੇ ਬਾਵਨਦਾਸ ਨੂੰ ਪ੍ਰਣਾਮ ਲਿਖਿਆ ਹੈ।...ਬਾਵਨਦਾਸ ਨੂੰ ਮਹਾਤਮਾ ਵੀ 'ਭਗਵਾਨ' ਕਹਿੰਦੇ ਸਨ। ਬਾਵਨ ਜ਼ਰੂਰ ਅਵਤਾਰੀ ਆਦਮੀ ਹੈ, ਉਹ ਠੀਕ ਕਹਿੰਦਾ ਸੀ — ਭਾਰਥ ਮਾਤਾ ਹੋਰ

ਵੀ ਜ਼ਾਰਬੇਜ਼ਾਰ ਰੋ ਰਹੀ ਹੈ।

"ਮਾਏ ਨੀ ਮਾਏ ! ਬਾਪੂ ਓਏ ਬਾਪੂ।..."

ਕੌਣ ਰੋਂਦੀ ਹੈ ? ਰਾਮ ਪਿਆਰਿਆ ਰੋਂਦੀ ਹੈ, ਉਹਦੇ ਭਰਾ ਗਨੋਰੀ ਨੂੰ ਤੀਰ ਲਗ ਗਿਆ ? ਕਿਥੇ ਲਗਾ। ਕਿਨ੍ਹੇ ਮਾਰਿਆ ?...ਸੰਥਾਲਾਂ ਨੇ ? ਕਿਥੇ ? ਲੋਕ ਨੱਸੇ ਕਿਉਂ ਆ ਰਹੇ ਹਨ ?...

ਪਿੰਡ ਵਿਚ ਕੁੱਤੇ ਭੌਂਕ ਰਹੇ ਹਨ। ਕਾਂ, 'ਕਾਂ-ਕਾਂ ਕਰ ਰਹੇ ਹਨ।...ਜੋਤਖੀ ਚਾਚਾ ਠੀਕ ਕਹਿੰਦੇ ਸਨ — ਪਿੰਡ ਵਿਚ ਇੱਲਾਂ-ਕਾਂ ਉਡਣਗੇ।

..."ਹੰਸੇਰੀ ! ਬਲਵਾਂ ! ਡਾਂਗ ਕੱਢ ਓਏ।

"ਕਿਥੇ ਹੰਸੇਰੀ ?"

"ਭਾਲਾ ਕਢ ਓਏ।"

"ਕਿਥੇ ਹੰਸੇਰੀ ? ਕਿਹੜਾ ਬਲਵਾ ? ਕੀ ਗੱਲ ਹੈ ?"

"ਸੰਥਾਲ ਲੋਕ ਤਹਿਸੀਲਦਾਰ ਵਿਸਵ ਨਾਥ ਪ੍ਰਸਾਦ ਦੇ ਚਾਲ੍ਹੀ ਬਿਘਿਆਂ ਵਾਲੇ ਬੀਹਾਨ ਖੇਤ ਵਿਚ ਬੀਹਨ ਲੁਟ ਰਹੇ ਹਨ।"

"ਨਵੀਂ ਬੰਦੋਬਸਤੀ ਵਾਲੀ ਜਮੀਨ ਵਿਚ ?"

"ਨਹੀਂ ਭਰਾਵਾ, ਆਪਣੀ ਖਾਸ ਜਮੀਨ ਵਿਚ, ਕੋਠੀ ਨਾਲ ਲਗਦੀ ਜਮੀਨ ਵਿਚ...ਡਾਂਗ ਕੱਢੋ।"

"ਗਨੋਰੀ ਨੇ ਹੱਲਾ ਕੀਤਾ, ਤੀਰ ਛੱਡ ਦਿਤਾ। ਪੱਟ ਵਿਚ ਲਗਾ ਹੈ ਤੀਰ ਲਹੂ ਦੀ ਨਦੀ ਵਗ ਰਹੀ ਹੈ। ਬੇਹੋਸ਼। ਇਸਪਿਤਾਲ ਵਿਚ ਡਾਕਟਰ ਲਿਆਂਦਾ ਗਿਆ ਹੈ।...ਸੰਥਾਲ ਲੋਕ ਬੇਖੌਫ ਧਾਨ ਦੀ ਬੀਚੜ ਪੁਟ ਰਹੇ ਹਨ।"

ਚਲੋ। ਚਲੋ। ਮਾਰੋ।...ਸਾਲੇ ਸੰਥਾਲ। ਬਾਹਰ ਦੇ ਆਦਮੀ।...ਜਾਨ ਜਾਵੇ ਤਾਂ ਜਾਵੇ। ਤਹਿਸੀਲਦਾਰ ਵਿਸ਼ਵ ਨਾਥ ਪ੍ਰਸਾਦ ਦੀ ਹੀ ਜਮੀਨ ਤੇ ਧਾਵਾ ਬੋਲਿਆ ਹੈ ?...ਚਲੋ ਓਏ।...

...ਭੌਂ-ਭੌਂ। ਕੁੱਤੇ ਪਰੇਸ਼ਾਨ ਹਨ, ਭੌਂਕ ਭੌਂਕ ਕੇ।

...ਰਿੰਗ-ਰਿੰਗ। ਰਿੰਗ ਰਿੰਗ।

...ਡਾ ਡਾ ਡਾ ਡਾ ਡਾ ਡਾ ਡਾ...

ਸੰਥਾਲਾਂ ਦੇ ਡਿੱਗਾ ਅਤੇ ਮਾਦਲ ਇਕ ਸੁਰ ਵਿਚ ਬੋਲ ਪਏ — ਰਿੰਗ ਰਿੰਗ ਰਿੰਗ ਰਿੰਗ ਡਾ ਡਾ ਡਾ ਡਾ ਡਾ।

ਅਜ ਰਿੰਗ ਰਿੰਗ ਤਾ ਧਿਨ ਤਾ ਜਾਣੀ ਡਾ ਡਿੱਗਾ ਡਾ...ਡਿੱਗਾ ਨਹੀਂ, ਸਿਰਫ ਰਿੰਗ ਰਿੰਗ ਰਿੰਗ ਡਾ ਡਾ ਡਾ ਡਾ...। ਇਹ ਖੇਤ ਵਿਚ ਬਜਾ ਰਿਹਾ ਹੈ। ਸੰਥਾਲਣਾਂ ਨੂੰ ਸੁਚੇਤ ਕਰ ਰਿਹਾ ਹੈ, ਤੁਸੀਂ ਵੀ ਤਿਆਰ ਰਹੋ...ਡਾ ਡਾ ਡਾ ਡਾ ਡਾ। ਸੰਥਾਲਣਾਂ

ਵੀ ਜਵਾਬ ਦਿੰਦਿਆਂ ਨੇ — ਰਿੰ ਰਿੰ ਰਿੰ ਰਿੰ ਰਿੰ। ਮਤਲਬ ਹੈ, ਤਿਆਰ ਹਾਂ, ਜੂੜੇ ਵਿਚ ਫੁੱਲ ਟੁੰਗਣ ਵਿਚ ਬਸ ਜਿਨੀ ਦੇਰ ਲਗੇ। ਤਿਆਰ ਹਾਂ।...

"ਜੈ ਕਾਲੀ ਮਾਈ ਦੀ।" ਦੋ ਸੌ ਸੰਘਾਂ ਦੀ ਆਵਾਜ਼ ਸੁਣ ਕੇ ਕਾਲੀ ਥਾਨ ਦੇ ਬਰੋਟੇ ਤੇ ਬੈਠੇ ਹੋਏ ਕਾਂ ਕੱਠੇ ਹੀ ਕਾਂ-ਕਾਂ ਕਰ ਕੇ ਉੜਦੇ ਹਨ। ਕੁੱਤੇ ਹੋਰ ਵੀ ਜ਼ੋਰ ਨਾਲ ਭੌਂਕਣ ਲਗਦੇ ਹਨ।

"ਜੈ ਕਾਲੀ ਮਾਈ ਦੀ ਜੈ।"

"ਮਹਾਤਮਾਂ ਗਾਂਧੀ ਦੀ ਜੈ।"

"ਇਨਕਲਾਬ ਜਿੰਦਾਬਾਦ।"

"ਭਾਰਥ ਮਾਤਾ ਦੀ ਜੈ।"

"ਸੋਸ਼ਲਿਸਟ ਪਾਟੀ ਜਿੰਦਾਬਾਦ।"

"ਝੰਡਾ ਹਿੰਦੂ ਰਾਜ ਦਾ।"

"ਤਹਿਸੀਲਦਾਰ ਬਿਸਵ ਨਾਥ ਪਰਸਾਦ ਦੀ ਜੈ।"

"ਬਾਲਦੇਵ ਜੀ ਦੀ ਜੈ।"

ਘੇਰ ਲਵੋ ਚਾਹੁੰ ਪਾਸਿਓਂ ਤੋਂ। ਨੱਸ ਨਾ ਸਕਣ ਹੋ-ਹੋ-ਹੋ-ਹੋ-ਹੋ-ਹੋ।...

ਹੁਣ ਨਾਰਾ ਨਹੀਂ, ਸਿਰਫ ਹੋ ਹੋ ਹੋ ਹੋ।

..."ਘੇਰੋ। ਘੇਰੋ...ਮਾਰੋ। ਹੋ-ਹੋ-ਹੋ-ਹੋ-ਹੋ।"

"ਤੀਰ ਚਲਾ ਰਿਹਾ ਹੈ। ਲੇਟ ਜਾਓ।...ਤੀਰ ਚਲਾਓ।"

"ਮਾਰੋ ਗੁਲੇਲਾ ਚਲਾਓ।"

"ਬਿਰਸਾ ਮਾਂਝੀ ਨਸਿਆ ਜਾ ਰਿਹਾ ਹੈ, ਮਾਰੋ ਭਾਲਾ।"

"ਬਿਰਸਾ ਪਾਣੀ ਵਿਚ ਡਿਗ ਪਿਆ ... ਛਪ ! ਭਾਲਾ ਲਗ ਗਿਆ।"

...ਸੁਖਾਨੂੰ ਨੂੰ ਕੀ ਹੋਇਆ। ਤੀਰ ਲਗ ਗਿਆ, ਕਲੇਜੇ ਵਿਚ ?

ਸੰਥਾਲਣਾਂ ਵੀ ਤੀਰ ਚਲਾਉਂਦੀਆਂ ਨੇ ?

ਬੱਚੇ ਵੀ ?

"ਬਿਰਸਾ ਮਾਂਝੀ ਡਿਗ ਪਿਆ ਓਏ।" ਡਾ ਡਾ ਡਾ ਡਾ।

...ਰਿੰ ਰਿੰ-ਰਿੰ-ਰਿੰ। ਡਿਗਣ ਦਿਓ। ਤੁਸੀਂ ਵੀ ਡਿਗੋ ?"

"ਬੈਠ ਕੇ ਤੀਰ ਚਲਾ ਸੋਨਿਆਂ।"

"ਸੁੱਖੀ ਮੁਰਮੂ ਡਿਗ ਪਿਆ। ਓਏ।" ਡਾ-ਡਾ-ਡਾ-ਡਾ।

"ਡਿਗਣ ਦਿਓ।...ਤੁਸੀਂ ਵੀ ਡਿਗੋ।"...ਰਿੰ ਰਿੰ।

"ਜਗਾਰੀ – ਪੁਤਰਾ, ਠੀਕ ਨਸ਼ਾਨਾਂ ਲਗ ਗਿਆ ਪੁਤਰਾ। ਹਰਗੌਰੀ ਤਹਿਸੀਲ ਦਾਰ ਦੇ ਕਲੇਜੇ ਵਿਚ। ਹਾਂ ਹਾਂ। ਵਾਹ ਪੁਤਰਾ।"

"ਡਾ-ਡਾ-ਡਾ-ਡਾ ।"...ਹਰਗੌਰੀ ਤਹਿਸੀਲਦਾਰ ਡਿਗ ਪਿਆ ਓਏ ।"

"ਡਿਗਣ ਦਿਓ ।"...ਰਿੰ-ਰਿੰ-ਰਿੰ-ਰਿੰ ।

"ਜਗਾਰੀ — ਪੁਤਰਾ, ਠੀਕ ਨਸ਼ਾਨਾਂ ਲਗ ਗਿਆ ਪੁਤਰਾ । ਹਿਰਗੋਰੀ ਤਹਿਸੀਦਾਰ ਦੇ ਕਲੇਜੇ ਵਿਚ । ਹਾਂ ਹਾਂ । ਵਾਹ ਪੁਤਰਾ ।"

"...ਡਾ ਡਾ-ਡਾ-ਡਾ-ਡਾ-ਡਾ ।"...ਹਰਗੌਰੀ ਤਹਿਸੀਲਦਾਰ ਡਿਗ ਪਿਆ ਓਏ ।"

"ਡਿਗਣ ਦਿਓ ।"...ਰਿੰ-ਰਿੰ-ਰਿੰ ।

...ਤਹਿਸੀਲਦਾਰ ? ਹਰਗੌਰੀ ਤਹਿਸੀਲਦਾਰ ਡਿਗ ਪਿਆ ਹੈ ?...ਨੱਸੋ ਨਾ ਸੁਣੋ । ਤੁਹਾਨੂੰ ਆਪਣੀ ਮਾਂ ਭੈਣ ਦੀ ਸਹੁੰ ਗੁਰੂ ਦੇਵਤੇ ਦੀ ਸੌਂਹ, ਕਾਲੀ ਕਿਰਿਆ । ...ਜਿਹੜਾ ਨਸੇ ਉਹ ਦੋਗਲਾ ।...ਸੰਥਾਲਾਂ ਦੇ ਤੀਰ ਖ਼ਤਮ ਹੋ ਰਹੇ ਹਨ । ਹੁਣ ਘੇਰ ਕੇ ਮਾਰੋ ।...ਮੰਗਲਦਾਸ ਨੂੰ ਸੰਭਾਲੋ । ਜੈ ਕਾਲੀ ਮਾਈ ਦੀ ਜੈ ।

'ਮਾਰੋ ਭਾਲਾ । ਓਏ ਬੱਚਾ ਨਹੀਂ ਹੈ । ਏਸੇ ਨੇ ਤਹਿਸੀਲਦਾਰ ਨੂੰ ਮਾਰਿਆ ਹੈ ।"

"ਵਾਹ ਬਹਾਦੁਰ ਠੀਕ ਹੈ ।...ਹੁਣ ਮਾਰੋ ਗੁਲੇਲਾ ਉਸ ਬੁੱਢੇ ਨੂੰ, ਸਾਲਾ ਡਿੰਗਾ ਬਜਾ ਰਿਹਾ ਹੈ ।"

"ਨੱਸ ਰਿਹਾ ਹੈ । ਸਾਲੇ ਸਭ ਨੱਸ ਰਹੇ ਹਨ । ਘੇਰੋ । ਨਸ ਨਾ ਸਕਣ । ਸੰਥਾਲਣਾਂ ਪਟਸਨ ਦੇ ਖੇਤਾਂ ਵਿਚ ਲੁਕੀਆਂ ਹੋਈਆਂ ਹਨ । ਘੇਰ ਲਵੋ ।"

...ਬਿਲਕੁਲ 'ਫਰੀ' ਆਜ਼ਾਦੀ ਹੈ, ਜੋ ਜੀ ਵਿਚ ਆਵੇ ਕਰੋ । ਬੁੱਢੀ, ਮੁਟਿਆਰ, ਬਚੀ ਜੋ ਵੀ ਮਿਲੇ । ਆਜ਼ਾਦੀ ਹੈ । ਪਟਸਨ ਦਾ ਖੇਤ ਹੈ । ਕੋਈ ਪਰਵਾਹ ਨਹੀਂ ਹੈ ।...ਫਾਂਸੀ ਹੋ ਜਾਵੇ ਜਾਂ ਕਾਲਾ ਪਾਣੀ, ਛੱਡੋ ਨਾ ।

ਸੰਥਾਲਣਾਂ ਵੀ ਰੋਂਦੀਆਂ ਹਨ । ਦਰਦ ਨਾਲ ਛਟਪਟਾਉਂਦੀਆਂ ਹਨ ?...ਚੀਕ-ਚੀਕ ਕੇ ਰੋਂਦੀਆਂ ਹਨ ਜਾਂ ਗੌਂਦੀਆਂ ਹਨ ।

...ਭਾਜੜ ਪਈ ਹੋਈ ਹੈ, ਪਟਸਨ ਦੇ ਖੇਤਾਂ ਵਿਚ, ਕੋਠੀ ਦੇ ਜੰਗਲ ਵਿਚ ।... ਕਿਥੇ ਦੋ ਸੌ ਆਦਮੀ ਅਤੇ ਕਿਥੇ ਦੋ ਦਰਜਣ ਸੰਥਾਲ, ਡੇਢ ਦਰਜਣ ਸੰਥਾਲਣਾਂ । ਸਭ ਕੁਝ ਠੰਢਾ ਸਭ ਕੁਝ ਠੰਡਾ ।

ਸੰਥਾਲ ਟੋਲੀ ਦੇ ਚਾਰ ਆਦਮੀ ਠੰਡੇ ਹੋਏ, ਸੱਤ ਜ਼ਖਮੀ ਹੋਏ ਅਤੇ ਇਕ ਮੁੰਡੇ ਦੀ ਹਾਲਤ ਖਰਾਬ ਹੈ । ਸੰਥਾਲਣਾਂ ਦੋਹਰੇ ਦਰਦ ਨਾਲ ਵਿਲਕ ਰਹੀਆਂ ਹਨ ।...

ਤਹਿਸੀਲਦਾਰ ਦੀ ਹੰਸੇਰੀ ਵਿਚ ਦਸ ਠੰਡੇ ਹੋਏ, ਬਾਰਾਂ ਬੁਰੀ ਤਰ੍ਹਾਂ ਜ਼ਖਮੀ ਹੋਏ ਅਤੇ ਤੀਹ ਆਦਮੀਆਂ ਨੂੰ ਮਾਮੂਲੀ ਜ਼ਖਮ ਲਗੇ ਹਨ ।

ਸੰਥਾਲ ਟੋਲੀ ਨੂੰ ਲੁਟ ਲਿਆ ਗਿਆ । ਤਹਿਸੀਲਦਾਰ ਹਰਗੌਰੀ ਦੀ ਹਾਲਤ ਬਹੁਤ ਖਰਾਬ ਹੈ, ਸ਼ਾਇਦ ਨਹੀਂ ਬਚਣਗੇ ।

# ਚਾਲ੍ਹੀ

ਜੋਤਖੀ ਜੀ ਕਹਿੰਦੇ ਸਨ — ਪਿੰਡ ਵਿਚ ਇੱਲਾਂ-ਕਾਂ ਉਡਣਗੇ, ਅਤੇ ਪੁਲਿਸ ਦਰੋਗਾ ਗਲੀ 'ਚ ਘੁੰਮੇਗਾ।

ਪੁਲਿਸ ਦਰੋਗਾ, ਹੌਲਦਾਰ ਅਤੇ ਮਲੇਟਰੀ, ਚਾਰ ਹਵਾ-ਗਡੀਆਂ 'ਚ ਬਹਿ ਕੇ ਆਏ ਨੇ।...ਦੁਹਾਈ ਮਾਂ ਕਾਲੀ।

ਇਸ ਪੀ, ਕਲਕਟਰ, ਹਾਕਿਮ ਹਾਲੇ ਆਉਣ ਵਾਲਾ ਹੈ।

ਲਾਸ਼ਾਂ...ਲਾਸ਼ਾਂ! ਹਾਏ ਬਾਪੂ — ਕੌਣ ਕਹਿੰਦਾ ਸੀ ਕਿ ਅੰਗ੍ਰੇਜ਼ ਬਹਾਦਰ ਦਾ ਹੁਣ ਰਾਜ ਨਹੀਂ ਰਹੇਗਾ?

"ਤਹਿਸੀਲਦਾਰ ਹਰਗੌਰੀ ਵੀ ਮਰ ਗਏ? ਹੈਂ...।...ਕੋਈ ਘਰੋਂ ਬਾਹਰ ਨਾਂ ਨਿਕਲੇ। ਪਖਾਨਾਂ ਪਸ਼ਾਬ ਸਭ ਘਰ 'ਚ ਹੀ ਕਰੋ। ਘਰੋਂ ਨਿਕਲੇ ਤਾਂ ਫੜ ਲਵੇਗਾ। ...ਦੁਹਾਈ ਕਾਲੀ ਮਾਈ।'

"ਬਾਲਦੇਵ ਜੀ ਨੂੰ ਦਰੋਗਾ ਸਾਹਿਬ ਨੇ ਬੁਲਾਇਆ ਹੈ? ਕਲੀਆ...ਕਾਲੀਚਰਨ ਨੂੰ ਵੀ? ਦੇਖੋ ਇਹ ਦੋਵੇਂ ਤਾਂ ਕਿਸੇ ਤੋਂ ਡਰਨ ਵਾਲੇ ਨਹੀਂ, ਕੀ ਹੁੰਦਾ ਹੈ?...ਦੋ ਲੀਡਰ ਤਾਂ ਹੈਨ।"

"ਓ! ਤੁਸੀਂ ਹੀ ਇਥੋਂ ਦੇ ਲੀਡਰ ਹੋ।" ਦਰੋਗਾ ਸਾਹਿਬ ਬਾਲਦੇਵ ਨੂੰ ਪੁਛਦੇ ਹਨ। ਇਸਪਿਤਾਲ ਦੇ ਫਾਲਤੂ ਘਰ ਵਿਚ ਦਰੋਗਾ ਸਾਹਿਬ ਕਚਹਿਰੀ ਲਾ ਕੇ ਬੈਠੇ ਨੇ, ਮਲੇਟਰੀ ਨੇ ਸੰਥਾਲਾਂ ਨੂੰ ਫੜ ਲਿਆ ਹੈ। ਜ਼ਖਮੀ, ਘਾਇਲ ਤੇ ਬੁੱਢੇ-ਬੱਚਿਆਂ ਨੂੰ ਵੀ।...ਸਾਰਿਆਂ ਨੂੰ ਫੜ ਲਿਆ ਹੈ? ਨਹੀਂ, ਜ਼ਖਮੀ ਲੋਕਾਂ ਦੀ ਮਲ੍ਹਮ ਪੱਟੀ ਤਾਂ ਕਲ੍ਹ ਹੀ ਡਾਕਟਰ ਸਾਹਿਬ ਨੇ ਕਰ ਦਿਤੀ ਹੈ। ਦੋ ਸੰਥਾਲ ਤੇ ਚੌਦਾਂ ਗੈਰ-ਸੰਥਾਲ ਜ਼ਖਮੀਆਂ ਨੂੰ ਪੁਰੈਨੀਆਂ ਦੇ ਵੱਡੇ ਹਸਪਤਾਲ ਭੇਜਿਆ ਗਿਆ ਹੈ। ਸਾਰਿਆਂ ਦੀਆਂ ਲਾਸ਼ਾਂ ਵੀ ਚਲੀਆਂ ਗਈਆਂ ਨੇ। ਸਿੰਘ ਜੀ, ਸ਼ਿਵ ਸ਼ੰਕਰ ਸਿੰਘ ਅਤੇ ਹਰੇ ਕੋਟਲੇ 'ਚੋਂ ਦੋ-ਚਾਰ ਬੰਦੇ ਲਾਸ਼ਾਂ ਨਾਲ ਗਏ ਨੇ। ਪਤਾ ਨਹੀਂ ਕਦੋਂ ਲਾਸ਼ਾਂ ਮਿਲਣ? ਹੂੰ। ਚੀਰ ਪਾੜ ਕੇ ਮਿਲਣਗੀਆਂ। ਹੇ ਭਗਵਾਨ।...

ਬਾਲਦੇਵ ਜੀ ਕੀ ਜਵਾਬ ਦੇਣ?...ਲੀਡਰ ਨੇ ਕਿਹਦੇ ਲੀਡਰ? ਸੰਥਾਲਾਂ ਦੇ ਜਾਂ ਗੈਰ-ਸੰਥਾਲਾਂ ਦੇ? ਖੰਘਾਰ ਕੇ ਗਲਾ ਸਾਫ ਕਰਕੇ, ਬਾਲਦੇਵ ਜੀ ਦੇ ਮੂੰਹੋਂ ਬਸ ਉਹੋ ਹੀ ਪੁਰਾਣਾਂ ਜਵਾਬ ਨਿਕਲਦਾ ਹੈ, ਜਿਹੜਾ ਉਹਨੇ ਹਰਗੌਰੀ ਨੂੰ ਦਿਤਾ ਸੀ, ਜਦੋਂ ਕਲੀਆ ਹਲਕਾ ਗਿਆ ਸੀ।

"ਨਹੀਂ ਹਜ਼ੂਰ। ਅਸੀਂ ਤਾਂ ਮੂਰਖ ਤੇ ਗਰੀਬ ਆਂ। ਮੂਰਖ ਆਦਮੀ, ਭਾਵੇਂ

ਗਰੀਬ ਆਦਮੀ ਕਦੀ ਲੀਡਰ ਬਣਿਆਂ ਹੈ ?"

ਦਰੋਗਾ ਸਾਹਿਬ ਬਾਲਦੇਵ ਜੀ ਨੂੰ ਨੇੜਲੀ ਕੁਰਸੀ ਤੇ ਬੈਠਣ ਲਈ ਕਹਿੰਦੇ ਹਨ, "ਉਹ, ਅਸੀਂ ਤੁਹਾਨੂੰ ਜਾਣਦੇ ਹਾਂ, ਬਾਲਦੇਵ ਜੀ ਬੈਠੋ।"

ਬਾਸੁਦੇਵ ਤੇ ਸੁੰਦਰ ਇਕ ਦੂਜੇ ਦਾ ਮੂੰਹ ਤਕਦੇ ਨੇ।...ਕਾਲੀਚਰਨ ਜੀ ਨੂੰ ਕੁਝ ਪੁਛਿਆ ਵੀ ਨਹੀਂ ? ਲਉ, ਤਹਿਸੀਲਦਾਰ ਸਾਬ੍ਹ ਸੰਭਾਲ ਲੈਂਦੇ ਨੇ।

"ਦਰੋਗਾ ਸਾਬ੍ਹ। ਇਹੋ ਨੇ ਕਾਲੀਚਰਨ ਬਾਬੂ, ਇਥੋਂ ਦੇ ਸੋਸ਼ਲਿਸਟਾਂ ਦੇ ਲੀਡਰ। ਬਹਾਦਰ ਨੇ। ਪਰ ਸਿਰਫ ਬਹਾਦਰ ਹੀ ਨਹੀਂ ਮਗਜ਼ ਵੀ ਹੈ ਵੇ।"

"ਓਹੋ, ਕਾਲੀਚਰਨ ਜੀ ਨੇ ? ਆਓ ਸਾਬ੍ਹ ਤੁਸੀਂ ਤਾਂ ਸਾਬ੍ਹ, ਕੀ ਕਹਿੰਦੇ ਨੇ ਜੋ ਨਾਂ ਕਰਵਾਏ।"

ਦਰੋਗਾ ਸਾਬ੍ਹ ਮੂੰਹ 'ਚ ਪਾਨ-ਜ਼ਰਦਾ ਸੁਟਦੇ ਹੋਏ ਬੋਲਦੇ ਨੇ — "ਪਰ ਇਥੇ ਤਾਂ ਸੁਣਿਆ ਕਿ ਤੁਸਾਂ ਬੜੇ ਦਿਮਾਗ ਤੋਂ ਕੰਮ ਲਿਆ ਹੈ। ਸਾਨੂੰ ਤਾਂ ਸਵੇਰੇ ਆਉਂਦਿਆਂ ਹੀ ਸਾਰੀਆਂ ਗੱਲਾਂ ਦਾ ਪਤਾ ਲਗ ਗਿਆ। ਤਾਰੀਫ ਕਰਨ ਦੇ ਕਾਬਲ ! ਵਾਹ ! ...ਬੈਠੋ।"

ਕਾਲੀਚਰਨ ਬੈਠਦਾ ਹੋਇਆ ਕਹਿੰਦਾ ਹੈ "ਦੇਖੋ ਦਾਰੋਗਾ ਸਾਬ੍ਹ, ਜੇ ਆਪਸ ਦੀ ਪੰਚਾਇਤ ਨਾਲ ਸਾਰੀਆਂ ਗੱਲਾਂ ਦਾ ਫੈਸਲਾ ਹੋ ਜਾਵੇ ਤਾਂ ਸਾਨੂੰ ਪਾਗਲ ਕੁੱਤੇ ਨੇ ਨਹੀਂ ਵਢਿਆ ਹੋਇਆ ਜਿਹੜ...।"

"ਆਪਸ ਦੀ ਪੰਚਾਇਤ ਨਾਲ ?...ਇਹ ਖੂਨੀ ਕੇਸ.. ?" ਦਰੋਗਾ ਸਾਹਬ੍ਹ ਦਾ ਪਾਨ੍ਹ-ਭਰਿਆ ਮੂੰਹ ਇਕ ਦਮ ਪੋਪਲਾ ਹੋ ਜਾਂਦਾ ਹੈ।

"ਨਹੀਂ, ਇਹ ਨਹੀਂ, ਇਹ ਅੱਧੀ ਬਟਾਈ-ਦਾਰੀ ਦਾ ਸੁਆਲ ਹੈ।"

"ਓ।" ਦਰੋਗਾ ਸਾਬ੍ਹ ਨੇ ਪੀਕ ਦੀ ਕੁਰਲੀ ਸੁਟਦਿਆਂ ਕਿਹਾ—"ਓ ! ਇਹ ਤਾਂ ਠੀਕ ਹੈ। ਉਹ ਤੁਸੀਂ ਹੀ ਹੋ, ਸੋਸ਼ਲਿਸਟ ਪਾਰਟੀ ਵਾਲੇ ਹੋ। ਦਸੋ ਤਾਂ, ਜਿਹੜਾ ਕੰਮ ਪੰਚਾਇਤ ਨਾਲ ਜਾਂ ਚਹੁੰ ਬੰਦਿਆਂ ਦੀ ਰਾਏ ਨਾਲ ਨਹੀਂ ਹੋਵੇਗਾ, ਉਹ ਕੀ ਕਹਿੰਦੇ ਨੇ, ਵਾਧੇ ਘਾਟੇ ਨਾਲ ਹੋ ਸਕਦਾ ਹੈ ?"

"ਹਿੰਸਾ ਦੇ ਰਾਹ ਤੇ ਤਾਂ ਕਦੀ ਜਾਣਾ ਹੀ ਨਹੀਂ ਚਾਹੀਦਾ," ਬਾਲਦੇਵ ਜੀ ਬਹੁਤ ਗੰਭੀਰ ਹੋ ਕੇ ਕਹਿੰਦੇ ਹਨ।

"ਕੀ ਕਹਿੰਦੇ ਹੋ।" ਦਾਰੋਗਾ ਸਾਬ੍ਹ ਬਾਲਦੇਵ ਜੀ ਦੀ ਗੱਲ ਵਿਚ ਟੀਪ ਦਾ ਬੰਨ੍ਹ ਲਾ ਦਿੰਦੇ ਹਨ।

"ਕੀ ਕਹਿੰਦੇ ਹੋ।" ਦਾਰੋਗਾ ਸਾਬ੍ਹ ਗੱਲ ਕਰਨ ਸਮੇਂ ਹੱਥ ਵਾਹਵਾ ਚਮਕੋਂਦੇ ਨੇ ਇਕ ਅੱਖ ਵੀ ਮੀਟਦੇ ਨੇ।

ਬਾਸੁਦੇਵ ਅਤੇ ਸੁਨਹਿਰਾ ਇਕ ਦੂਜੇ ਨੂੰ ਵੇਖਦੇ ਨੇ—ਬਾਲਦੇਵ ਜੀ ਜਾਣਦੇ ਹੀ ਕੀ

ਨੇ, ਜਿਹੜਾ ਬੋਲਣਗੇ। ਤੱਕੋ, ਕਾਲੀਚਰਨ ਜੀ ਨੇ ਕਿਦਾਂ ਗਟਗਟਾਕੇ ਜਵਾਬ ਦੇ ਦਿਤਾ ਹੈ।

"ਹਿੰਸਾ ਅਹਿੰਸਾ ਦਾ ਸਵਾਲ ਨਹੀਂ ਹੈ, ਬਾਲਦੇਵ ਜੀ, ਅਸਲੀ ਹੈ ਬੁੱਧੀ। ਇਥੇ ਸਾਡੀ ਪਾਰਟੀ ਦੇ ਕੋਈ ਹੋਰ ਕਾਮਰੇਡ ਰਹਿੰਦੇ ਤਾਂ ਹੋ ਸਕਦਾ, ਹੋਰ ਗੱਲ ਹੁੰਦੀ। ਬੁੱਧੀ ਦੀ ਗੱਲ ਹੈ।" ਕਾਲੀਚਰਨ ਬਾਲਦੇਵ ਜੀ ਨੂੰ ਜਵਾਬ ਦਿੰਦਾ ਹੈ।

ਕਾਲੀਚਰਨ ਅਤੇ ਬਾਲਦੇਵ ਜੀ ਨੇ ਦਾਰੋਗਾ ਜੀ ਨੂੰ ਦਿਖਾ ਦਿਤਾ ਹੈ ਕਿ ਬੁੱਧੀ ਹੈ ਵੇ। ਉਮਰ ਵੇਖ ਕੇ ਨਾ ਭੁੱਲੋ, ਦਾਰੋਗਾ ਸਾਬ੍ਹ, ਹੁਣ ਉਹ ਗੱਲ ਨਹੀਂ ਰਹੀ।

"ਅੱਛਾ ਤਾਂ ਬਾਲਦੇਵ ਬਾਬੂ, ਜਦੋਂ ਇਹ ਵਾਕਾ ਹੋਇਆ ਤਾਂ, ਕੀ ਕਹਿੰਦੇ ਨੇ, ਤੁਸੀਂ ਕਿਥੇ ਸਉ ?" ਦਾਰੋਗਾ ਸਾਬ੍ਹ ਪੁਛਦੇ ਹਨ।

ਬਾਲਦੇਵ ਜੀ ਫੇਰ ਖੰਘਾਰਦੇ ਨੇ-"ਹ-ਖ-ਜੀ ! ਹੰਜ਼ੂਰ।...ਅਸੀਂ ਤਾਂ ਮੱਠ ਵਿਚ ਸੀ।...ਜੀ ਗੱਲ ਇਹ ਹੈ ਕਿ ਅਸੀਂ ਤਾਂ ਵੈਸ਼ਣੋ ਹਾਂ। ਉਸ ਦਿਨ ਸਾਨੂੰ ਗੁਰੂ ਜੀ ਕੰਠੀ ਦੇਣ ਵਾਲੇ ਸਨ। ਸਵੇਰ ਤਾਂ ਧਾਨ ਦੁਆਣ ਵਿਚ ਹੀ ਬੀਤ ਗਈ। ਪਿਛਲੇ ਪਹਿਰ ਜਦੋਂ ਅਸੀਂ ਕੰਠੀ ਲੈ ਕੇ ਉਠੇ ਤਾਂ...ਤਤਮਾਂ ਟੋਲੀ ਦੀ ਰਾਮ ਪਿਆਰੀਆ ਰੋਂਦੀ ਹੋਈ ਗਈ।"

"ਉਹ ਤੁਹਾਨੂੰ ਪਹਿਲਾਂ ਕੁਝ ਪਤਾ ਨਹੀਂ ਸੀ ?"

ਦਾਰੋਗਾ ਸਾਬ੍ਹ ਗੰਭੀਰ ਹੋ ਕੇ ਪੁਛਦੇ ਨੇ।

"ਜੀ ਇਨ੍ਹਾਂ ਨੂ ਕੀ, ਕਿਸੇ ਨੂੰ ਪਤਾ ਨਹੀਂ।"

ਖਿਲਾਵਨ ਸਿੰਘ ਯਾਦਵ ਹਿੰਮਤ ਤੋਂ ਕੰਮ ਲੈਂਦੇ ਨੇ। ਅਖੀਰ ਦਰੋਗਾ ਸਾਬ੍ਹ ਲਈ ਖਾਣ ਪੀਣ ਦਾ ਏਨਾ ਪ੍ਰਬੰਧ ਵੀ ਤਾਂ ਉਹੋ ਹੀ ਕਰ ਰਹੇ ਹਨ। ਉਹ ਦਰੋਗਾ ਸਾਬ੍ਹ ਨਾਲ ਕਿਉਂ ਨਹੀਂ ਬੋਲਣਗੇ ? ਤਹਿਸੀਲਦਾਰ ਸਾਹਿਬ ਕੁਝ ਨਹੀਂ ਬੋਲਦੇ।

"ਓ, ਖਿਲਾਵਨ ਜੀ ! ਆਓ ਬੈਠੋ।"

"ਠੀਕ ਹੈ, ਅਸੀਂ ਇਥੇ ਹੀ ਹਾਂ।...ਜ਼ਰਾ ਹਜੂਰ ਜਲਦੀ ਕਰੋ। ਉਪਰ ਠੰਡਾ ਹੋ ਜਾਵੇਗਾ।" ਖਿਲਾਵਨ ਜੀ ਕਹਿੰਦੇ ਹਨ।

ਸਿਰਫ ਇਥੋਂ ਦੇ ਦੋ ਲੀਡਰ ਹੀ ਬੁਧੀ ਵਾਲੇ ਨਹੀਂ ਹੋਰ ਲੋਕ ਵੀ ਬੁੱਧੀ ਰਖਦੇ ਨੇ।...

"ਹਜ਼ੂਰ ! ਸਾਡਾ ਮੁੰਡਾ ਹੁਣ ਇਥੇ ਹੁੰਦਾ ਤਾਂ ਹਜ਼ੂਰ ਨਾਲ ਅੰਗਰੇਜ਼ੀ ਵਿਚ ਗੱਲਾਂ ਕਰਦਾ। ਰਮੈਨ ਵਰਗੀ ਇਕ ਕਿਤਾਬ ਐ, ਲਾਲ, ਮੋਟੀ...ਉਸ ਵਿਚ ਵੇਖ ਕੇ ਉਹ ਤੁਹਾਡੇ ਨਾਲ ਅੰਗਰੇਜ਼ੀ ਵਿਚ ਗੱਲਾਂ ਕਰ ਲੈਂਦਾ।" ਖਿਲਾਵਨ ਸਿੰਘ ਯਾਦਵ ਕਹਿੰਦੇ ਹਨ।

"ਅੱਛਾ ? ਤੁਹਾਡਾ ਪੁਤਰ ਅੰਗਰੇਜ਼ੀ ਬੋਲ ਲੈਂਦਾ ਹੈ ?"

"ਹਾਂ, ਡਾਗਡਰ ਬਾਬੂ ਨਾਲ ਅੰਗਰੇਜ਼ੀ ਵਿਚ ਬੋਲ।"

"ਮੁਕੱਦਮੇ ਦੀ ਰਾਏ ਪੜ੍ਹ ਲੈਂਦਾ ਹੈ।" ਬਾਲਦੇਵ ਜੀ ਕਹਿੰਦੇ ਹਨ।

"ਏਟ ਕਲਾਸ ਵਿਚ ਪੜ੍ਹਦਾ ਹੈ," ਕਾਲੀਚਰਨ ਜੀ ਕਹਿੰਦੇ ਨੇ।

"ਅੱਛਾ, ਤੁਸੀਂ ਕਿਥੋਂ ਤਕ ਪੜ੍ਹੇ ਹੋ ਕਾਲੀਚਰਨ ਜੀ ?...ਕਿਸੇ ਸਕੂਲ 'ਚ ਨਹੀਂ ?...ਵਾਹ ਸਾਬ੍ਹ, ਕੀ ਕਹਿੰਦੇ ਹੋ ਤੁਹਾਡੀ ਬੋਲੀ ਸੁਣ ਕੇ ਤਾਂ ਕੋਈ ਨਹੀਂ ਕਹਿ ਸਕਦਾ ਕਿ ਤੁਸੀਂ ਜਾਹਲ...ਓ। ਪੜ੍ਹ ਲਿਖ ਲੈਂਦੇ ਹੋ, ਅਖਬਾਰ ਵੀ ਪੜ੍ਹ ਲੈਂਦੇ ਹੋ ? ਵਾਹ। ਰਮੈਣ ਵੀ ਪੜ੍ਹਦੇ ਹੋ ? ਮਹਾਂਭਾਰਤ ਵੀ ? ਉਹ, ਕੀ ਕਹਿੰਦੇ ਨੇ ਕਿ...।"

"ਬਾਲਦੇਵ ਵੀ ਅਖਬਾਰ ਪੜ੍ਹਦਾ ਹੈ," ਖਿਲਾਵਨ ਸਿੰਘ ਯਾਦਵ ਕਹਿੰਦੇ ਹਨ, "ਅਕਬਾਰ ਤਾਂ ਅਸੀਂ ਵੀ ਪੜ੍ਹ ਲੈਂਦੇ ਹਾਂ।...ਪਰ ਬਹੁਤ ਝੂਠੀਆਂ ਗੱਲਾਂ ਲਿਖਦੇ ਨੇ ਅਕਬਾਰ ਵਿਚ। ਉਦੋਂ ਲਿਖਿਆ ਹੋਇਆ ਸੀ ਕਿ ਇਕ ਔਰਤ ਸੀ, ਜਿਹੜੀ ਕੁਝ ਦਿਨਾਂ ਬਾਦ ਮਰਦ ਬਣ ਗਈ। ਦਸੋ ਭਲਾ।"

"ਅੱਛਾ ਤਾਂ ਕਾਲੀਚਰਨ ਜੀ, ਤੁਸੀਂ ਕਿਥੇ ਸੀ, ਜਦੋਂ ਇਹ ਵਾਕਿਆ ਹੋਇਆ ?" ਦਰੋਗਾ ਸਾਹਿਬ ਲਕ ਦੀ ਪੇਟੀ ਖੋਲ੍ਹਦੇ ਹੋਏ ਕਹਿੰਦੇ ਹਨ।

ਅਗਮੂ ਚੌਕੀਦਾਰ ਨੂੰ ਡਰ ਲਗਦਾ ਹੈ, ਕਿਤੇ ਦਰੋਗਾ ਸਾਬ੍ਹ ਪੇਟੀ ਖੋਲ੍ਹ ਕੇ ਬਾਲਦੇਵ ਤੇ ਕਾਲੀਚਰਨ ਨੂੰ ਕੁਟਣਾਂ ਨਾ ਸ਼ੁਰੂ ਕਰ ਦੇਣ।...ਜਦੋਂ ਦਾਰੋਗਾ ਜੀ ਪੇਟੀ ਖੋਲ੍ਹਦੇ ਹਨ ਤਾਂ ਅਗਮੂ ਦਾ ਚਿਹਰਾ ਫੱਕ ਹੋ ਜਾਂਦਾ ਹੈ।...ਨਹੀਂ, ਇਉਂ ਨਹੀਂ ਕਰ ਸਕਦੇ ਦਾਰੋਗਾ ਜੀ।

"ਜੀ ਮੈਂ ਤਾਂ ਉਸੇ ਦਿਨ ਸਵੇਰੇ ਧਾਨ ਦੁਆ ਕੇ ਠੀਕ ਬਾਰਾਂ ਵਜੇ ਦਿਨ ਦੇ ਪੁਰੈਨੀਆ ਚਲਾ ਗਿਆ ਸਾਂ। ਤਹਿਸੀਲਦਾਰ ਹਰਗੌਰੀ...ਤਸੀਲਦਾਰ ਬਿਸਵਾਨਾਥ ਪ੍ਰਸਾਦ ਜੀ ਜਾਣਦੇ ਨੇ।"

"ਉਹ ਤੁਸੀਂ ਪੁਰੈਨੀਆਂ ਗਏ ਸੀ।" ਦਾਰੋਗਾ ਸਾਹਿਬ ਲੰਮਾ ਸਾਹ ਲੈਂਦੇ ਨੇ।

"ਚੰਗਾ ਤਾਂ ਹੁਣ ਦੂਜੇ ਪਹਿਰ ਕੰਮ ਕਰਿਓ ਦਾਰੋਗਾ ਸਾਬ੍ਹ," ਤਹਿਸੀਲਦਾਰ ਸਾਹਿਬ ਕਹਿੰਦੇ ਹਨ।

"ਨਹੀਂ ਤਸੀਲਦਾਰ ਸਾਬ੍ਹ। ਐਸ.ਪੀ. ਆਉਣ ਵਾਲੇ ਨੇ। ਅਸਾਂ ਹੁਣੇ ਹੀ ਸਾਰਾ ਕੰਮ ਖਤਮ ਕਰਨਾ ਹੈ। ਗਵਾਹਾਂ ਦਾ ਇਜ਼ਹਾਰ..."

"ਜੀ, ਕੁਛ ਅਸਲ ਗਵਾਹੀ, ਦੋ ਤਿੰਨ ਲਵੋ। ਹੋਰ ਸਾਰੇ ਬਾਦ ਵਿਚ। ਉਹ ਕਾਲੀ ਬਾਬੂ, ਬਾਲਦੇਵ ਬਾਬੂ, ਤੁਸੀਂ ਤਾਂ ਜਿਹੜੀ ਸੱਚੀ ਗੱਲ ਹੈ, ਉਹੋ ਹੀ ਕਹੋਗੇ। ਕੋਈ ਝੂਠੀ ਗਵਾਹੀ ਤਾਂ ਨਹੀਂ।...ਲਿਖ ਲਵੋ ਇਨ੍ਹਾਂ ਦੋਵਾਂ ਦੇ ਬਿਆਨ, ਦਸਖਤ ਕਰਨੇ ਦੋਵੇਂ ਜਾਣਦੇ ਨੇ।"

"ਤੁਹਾਡਾ ਕੀ ਖਿਆਲ ਹੈ ?" ਦਾਰੋਗਾ ਸਾਹਿਬ ਹੋਲੀ ਜਿਹੀ ਪੁਛਦੇ ਨੇ।

"ਹਾਂ ਦਸਖਤ ਕਰਨ 'ਚ ਕੀ ਹੈ ?" ਕਾਲੀਚਰਨ ਕਹਿੰਦਾ ਹੈ।

...ਕਾਲੀਚਰਨ ਜੀ ਹੱਥ ਝਾੜ ਕੇ ਦਸਖਤ ਕਰਦੇ ਨੇ, ਅਤੇ ਬਾਲਦੇਵ ਜੀ ਬੜੇ ਪ੍ਰੇਮ ਨਾਲ ਹੋਲੀ ਹੋਲੀ ਲਿਖਦੇ ਨੇ।...ਭਰਾ ਬਾਲਦੇਵ ਜੀ ਸਚ ਮੁਚ ਸਾਧੂ ਹਨ।

"ਬਾਲਦੇਵ ?" ਦਾਰੋਗਾ ਸਾਹਿਬ ਕਹਿੰਦੇ ਨੇ, "ਬਾਲਦੇਵ ਜੀ ਜ਼ਰਾ ਬਬੇ ਵਿਚ ਇਕ ਲਾਠੀ ਲਾ ਦਿਉ ਅਤੇ ਦਦੇ ਦੇ ਉਪਰ, ਕੀ ਕਹਿੰਦੇ ਨੇ, ਇਕ ਤਲਵਾਰ ਜਿਹੀ... ਅਤੇ ਬਕਲਮ ਖੁਦ।"

"ਦਾਰੋਗਾ ਸਾਹਿਬ, ਬਾਲਦੇਵ ਜੀ ਨਾਂ ਨਾਲ ਵੀ ਲਾਠੀ-ਤਲਵਾਰ ਨਹੀਂ ਲਾਂਦੇ। ਹਿੰਸਾਬਾਦ...।"ਕਾਲੀਚਰਨ ਮੁਸਕਰਾ ਕੇ ਖਲੋ ਜਾਂਦਾ ਹੈ।

ਦਾਰੋਗਾ ਸਾਹਿਬ ਖਿੜਖਿੜਾਕੇ ਹੱਸ ਪੈਂਦੇ ਨੇ। ਇਸ ਪਿਛੋਂ ਸਾਰੇ ਹੀ ਲੋਕ ਹੱਸ ਪੈਂਦੇ ਨੇ।

ਪਰ ਜਵਾਬ ਦਿਤਾ ਕਾਲੀਚਰਨ ਜੀ ਨੇ। ਦਾਰੋਗਾ ਸਾਹਿਬ ਪਾਣੀ ਪਾਣੀ ਹੋ ਗਏ।

...ਦੇਖੋ। ਬੁੱਧੀ ਹੈ ਜਾਂ ਨਹੀਂ ?

## ਇਕਤਾਲੀ

ਨੌਂ ਆਸਾਮੀਆਂ ਦਾ ਚਲਾਨ ਕਰ ਦਿਤਾ।

ਨੌਂ ਸੰਥਾਲਾਂ ਦੇ ਇਲਾਵਾ ਜਿਹੜੇ ਲੋਕ ਘਾਇਲ ਹੋ ਕੇ ਹਸਪਤਾਲ 'ਚ ਪਏ ਨੇ, ਉਹ ਲੋਕ ਵੀ ਫੜੇ ਗਏ ਨੇ। ਪੂਰੈਨੀਆਂ ਇਸਪਿਤਾਲ ਵਿਚ ਬੰਦੂਕ ਵਾਲੇ ਮਲੇਟਰੀ ਦਾ ਪਹਿਰਾ ਹੈ।

ਗੈਰ ਸੰਥਾਲਾਂ ਵਿਚੋਂ ਕੋਈ ਨਹੀਂ ਫੜਿਆ ਗਿਆ।...ਪਰ, ਇਹ ਨਾ ਸਮਝੋ ਕਿ ਮੁਖਤ 'ਚ ਹੀ ਕੰਮ ਹੋ ਗਿਆ ਹੈ...ਦਾਰੋਗਾ ਸਾਹਿਬ ਕਹਿਣ ਲਗੇ ਕਿ ਖਿਲਾਵਨ ਜੀ, ਤੁਹਾਡੇ ਬਾਰੇ ਐਸ. ਪੀ. ਸਾਬ੍ਹ ਨੂੰ ਸ਼ੱਕ ਹੋ ਗਈ ਹੈ ਕਿ ਤੁਸੀਂ ਸਾਰੇ ਯਾਦਵਾਂ ਨੂੰ ਹੰਸੇਰੀ ਵਿਚ ਜਾਣ ਲਈ ਜ਼ਰੂਰ ਹੁਕਮ ਦਿਤਾ ਹੋਵੇਗਾ।...ਖਿਲਾਵਨ ਜੀ ਦੀ ਹਾਲਤ ਪਤਲੀ ਹੋ ਗਈ। ਉਹ ਤਾਂ ਤਹਿਸੀਲਦਾਰ ਭਰਾ ਸਨ, ਤਾਂ ਕਿਤੇ ਪੰਜ ਹਜ਼ਾਰ ਤੇ ਗੱਲ ਮੁਕ ਗਈ। ਨਹੀਂ ਤਾਂ...ਹੁਣ ਹੀ ਬੜੇ ਘਰ ਦੀ ਹਵਾ ਖਾ ਰਹੇ ਹੁੰਦੇ ਖਿਲਾਵਨ ਜੀ। ਸਿੰਘ ਜੀ ਘਰ ਨਹੀਂ ਸਨ, ਸ਼ਿਵ ਸ਼ੰਕਰ ਸਿੰਘ ਵੀ ਨਹੀਂ। ਹੁਣ ਸਿੰਘ ਜੀ ਦੇ ਮਨ ਵਿਚ ਕੀ ਹੈ, ਇਹ ਕੌਣ ਜਾਣੇ ?...ਦਾਰੋਗਾ ਜੀ ਵੀ ਤਾਂ ਰਾਜਪੂਤ ਹੀ ਹਨ। ਬੰਦੇ ਦੇ ਮਨ ਦਾ ਕੋਈ ਟਿਕਾਣਾ ਨਹੀਂ ਕਦੋਂ ਕੀ ਕਰੇ।...ਮੁਖਤ 'ਚ

ਸਾਰਿਆਂ ਦੀ ਗਰਦਨ ਨਹੀਂ ਬਚੀ। ਪੰਜ ਹਜ਼ਾਰ।

ਤਹਿਸੀਲਦਾਰ !ਬਿਸਨਾਥ ਨੂੰ ਕੁਝ ਲਗਾ ਹੈ ਕਿ ਨਹੀਂ ?...ਸੁਮਰਿਤਦਾਸ ਬੇਤਾਰ ਦੇ ਢਿੱਡ ਵਿਚ ਅਜ ਤਿੰਨ ਦਿਨਾਂ ਤੋਂ ਸੂਲ ਪਿਆ ਹੋਇਆ ਹੈ, ਨਹੀਂ ਤਾਂ ਸਭ ਗੱਲਾਂ ਦਸ ਜਾਂਦਾ।...ਓਏ! ਬਹੁਤ ਦਿਨਾਂ ਤਕ ਜਾਣਗੇ ਸਮਰਿਤੇ ਦਾਸ ਜੀ। ਬਹੁਤ ਉਮਰ ਹੈ।

"ਤਾਂ ਸਾਡੀ ਉਮਰ ਤੁਸੀਂ ਲੋਕ ਕਿੰਨੀ ਦਸਦੇ ਹੋ ?"

"ਇਹੋ ਹੀ ਚਾਲੀ..."

"ਚਾਲੀ ਨਹੀਂ, ਪੈਂਤੀ।...ਜ਼ਾਮਨ ਦਾ ਸਿਰਕਾ ਬਗੈਰ ਪਾਣੀ ਦੇ ਪੀ ਗਏ ਸੀ, ਇਸ ਲਈ ਦੰਦ ਸਾਰੇ ਝੜ ਗਏ।"

"ਚੰਗਾ ਸੁਮਰਿਤਦਾਸ ਜੀ, ਕੁਛ ਪਤਾ ਹੈ ਕਿ...?"

"ਓਏ! ਇਹ ਨਾ ਸਮਝੋ ਕਿ ਸੁਮਰਿਤ ਦਾਸ ਸੂਲ ਨਾਲ ਘਰ 'ਚ ਪਿਆ ਹੋਇਆ ਸੀ। ਰਾਮ-ਝਰੋਖੇ ਬੈਠ ਕੇ ਸਭ ਦਾ ਹਾਲ ਵੇਖਿਆ। ਪੁੱਛੋ ਕੀ ਜਾਨਣਾਂ ਚਾਹੁੰਦੇ ਹੋ ?"

"ਕੀ ਤਸੀਲਦਾਰ ਸਾਬ੍ਹ ਨੂੰ ਵੀ ਰੁਪਏ ਲਗੇ ਨੇ ?"

"ਤਸੀਲਦਾਰ ਬਿਸਨਾਥ ਪ੍ਰਸਾਦ ਨੂੰ ਏਨਾ ਬੇਵਕੂਫ ਨਹੀਂ ਸਮਝਦਾ। ਉਹ ਦਾਰੋਗਾ ਤਾਂ ਇਹ ਤਸੀਲਦਾਰ। ਤੁਸੀਂ ਕਾਂ ਤੇ ਅਸੀਂ ਕੈਥ ਵਾਲੀ ਕਹਾਣੀ ਨਹੀਂ ਸੁਣੀ ?"

"ਤਸੀਲਦਾਰ ਹਰਗੌਰੀ ਵਿਚਾਰਾ..."

> "ਅਤਿ ਸੰਘਰਸ਼ ਕਰੇ ਜੋ ਕੁਊ, ਅਸਲ ਪ੍ਰਗਟ
> ਚੰਦਨ ਤੇ ਹੋਹਿਂ ! ਸੀਆਵਰ ਰਾਮ ਚੰਦਰ ਕੀ ਜੈ।"

"ਪਰ ਰਾਜਪੂਤ ਟੋਲੇ ਨੂੰ ਤਾਂ ਐਸ ਪੀ ਸਾਬ੍ਹ ਵੀ ਨਹੀਂ ਛਡ ਸਕਦੇ। ਜਾਣਦੇ ਹੋ ਐਸ. ਪੀ. ਸਾਬ੍ਹ ਕੀ ਕਹਿੰਦੇ ਸਨ ?...ਇਹ ਸਮਝ 'ਚ ਨਹੀਂ ਆਉਂਦਾ ਕਿ ਤਸੀਲਦਾਰ ਬਿਸਨਾਥ ਪ੍ਰਸਾਦ ਦੀ ਜ਼ਮੀਨ ਤੋਂ ਬੀਹੜ ਬਚਾਣ ਲਈ ਤਸੀਲਦਾਰ ਹਰਗੌਰੀ ਸਿੰਘ ਕਿਉਂ ਗਏ। ਜ਼ਰੂਰ ਕੋਈ ਗੱਲ ਹੈ। ਸਿੰਘ ਜੀ ਨੂੰ ਇਕ ਚਰਨ ਲਗੇਗਾ।"

"ਗਵਾਹੀ ਵਿਚ ਕਿੰਨ੍ਹਾਂ ਲੋਕਾਂ ਦਾ ਨਾਂ ਹੈ ?"

"ਓਏ ਗਵਾਹੀ ਕਾਹਦੀ ? ਦਸੋ ਤੁਸੀਂ ਈਮਾਨ ਧਰਮ ਨਾਲ ਕਿ ਸੰਥਾਲਾਂ ਨੇ ਜ਼ੋਰ ਜ਼ਬਰਦਸਤੀ ਕੀਤੀ ਹੈ ਕਿ ਜਾਂ ਨਹੀਂ ?"

"ਇਹਦੇ ਵਿਚ ਕਿਹੜਾ ਸ਼ੱਕ ਹੈ ?"

"ਤਾਂ ਗਵਾਹੀ ਲਈ ਕੋਈ ਗੱਲ ਨਹੀਂ।...ਪਰ ਪਿੰਡ ਦੀ ਤਕਦੀਰ ਚਮਕੀ ਹੈ। ਏਨਾ ਵੱਡਾ ਕੇਸ ਕਦੀ ਹੱਥ ਨਹੀਂ ਆਵੇਗਾ। ਇਹਦੇ ਵਿਚ ਜਿਹੜਾ ਗਵਾਹੀ ਦੇਣ ਲਈ ਜਾਵੇਗਾ, ਉਹਨੂੰ ਤਾਂ ਤਿੰਨ-ਤਿੰਨ ਖਿਲੌਣ ਵਾਲੇ ਹੋਣਗੇ। ਤਿੰਨੋ ਇਕੋ ਕੇਸ 'ਚ ਨੱਥੀ ਹਨ। ਸਮਝੇ ? ਖ਼ਬਰਦਾਰ ! ਮੇਰਾ ਨਾਂ ਨਹੀਂ ਲੈਣਾਂ ! ਹਾਂ !...ਅਤੇ ਮੇਰਾ ਵੀ ਤਾਂ ਫੈਸਲਾ ਨਹੀਂ ਹੋਇਆ। ਸਾਨੂੰ ਕੀ ਦਿੰਦੇ ਨੇ ਲੋਕ ? ਜਿੰਨਾ ਕਾਗ਼ਜ਼-ਪੱਤਰ,

ਲਿਖਾ ਪੜ੍ਹੀ ਹੋਵੇਗੀ, ਸਾਰੀ ਸੁਮਰਿਤ ਦਾਸ ਦੇ ਮੱਥੇ ਪਵੇਗੀ । ਪਰ ਐਤਕੀਂ ਨਹੀਂ । ਪਹਿਲਾਂ ਫੈਸਲਾ ਕਰ ਲੈਣ ।"

"ਸੰਥਾਲਾਂ 'ਚੋਂ ਕਿਸ-ਕਿਸ ਦੀ ਗਵਾਹੀ ਹੋਈ ?"

"ਓਏ, ਸੰਥਾਲ ਟੋਲੀ ਵਿਚ ਗਵਾਹ ਆਵੇਗਾ ਕਿਥੋਂ ? ਸਾਰੇ ਹੀ ਤਾਂ ਆਸਾਮੀ ਨੇ । ਬੜਕਾ ਮਾਂਝੀ ਦਾ ਬਾਰ੍ਹਾਂ ਵਰ੍ਹਿਆ ਦਾ ਪੁਤਰ ਵੀ ।...ਦਾਰੋਗਾ ਜੀ ਨੇ ਜਦੋਂ ਪੁਛਿਆ ਕਿ ਦਸੋ ਕਿਉਂ ਬੀਚੜ ਲੁਟ ਰਹੇ ਸੀ ਤਾਂ ਬਿਰਸਾ ਨੇ ਜਵਾਬ ਦਿਤਾ, ਅਸਾਂ ਲਾਇਆ ਹੈ, ਇਸ ਪਿਛੋਂ ਦਾਰੋਗਾ ਜੀ ਨੇ ਝਾੜ-ਝੰਬ ਕੇ ਪੁਛਿਆ ਤਾਂ ਬਿਰਸਾ ਪਿਛੋਂ ਸਾਰਿਆਂ ਨੇ ਤੁਰਤ ਕਬੂਲ ਕਰ ਲਿਆ ਕਿ ਬੀਚੜ ਬਿਸ਼ਨਾਥ ਪ੍ਰਸਾਦ ਦਾ ਹੈ। ਔਰਤਾਂ ਅਤੇ ਬੱਚਿਆਂ ਨੇ ਵੀ ਕਿਹਾ ਤਸੀਲਦਾਰ ਦਾ ਬੀਚੜ ਹੈ। ਫੇਰ ? ਤੁਸੀਂ ਜਬਰਦਸਤੀ ਕਿਉਂ ਪੁਟਦੇ ਸੀ? ਤਾਂ ਜਵਾਬ ਦਿਤਾ ਕਿ ਜਿਮੀਂਦਾਰੀ ਪ੍ਰਥਾ ਖਤਮ ਹੋ ਗਈ ਹੈ, ਪਰ ਸਾਡੇ ਪਿੰਡ ਦੇ ਜਿਮੀਂਦਾਰਾਂ ਨੇ ਰਲ ਕੇ ਸਾਡੀ ਜ਼ਮੀਨ ਛੁਡਾ ਲਈ ਹੈ ।...ਇਸ ਲਈ ਲੁਟ ਲਿਆ ।"

"ਹਾ ਹਾ ਹਾ ਹਾ ! ਸਾਫ ਜਵਾਬ ? ਜ਼ਮੀਨ ਛੁਡਾ ਲਈ ਤਾਂ ਬੀਹਨ ਲੁਟ ਲਿਆ । ਹਾ ਹਾ ਹਾ ! ਸੱਚ ? ਕਾਲੀ ਕਿਰਿਆ ! ਏਦਾਂ ਦਾ ਹੀ ਜਵਾਬ ਦਿਤਾ ?"

"ਨਹੀਂ ਤਾਂ ਤੁਸੀਂ ਸਮਝਦੇ ਹੋ ਕਿ ਸੁਮਰਿਤ ਦਾਸ ਝੂਠ ਕਹਿੰਦਾ ਹੈ ? ਓਏ, ਜੇ ਸੰਥਾਲਾਂ ਨੇ ਏਦਾਂ ਦਾ ਬਿਆਨ ਨਾ ਦਿਤਾ ਹੁੰਦਾ ਤਾਂ ਕੀ ਸਮਝਦੇ ਹੋ, ਤੁਸੀਂ ਘਰਾਂ 'ਚ ਬੈਠੇ ਹਾ-ਹਾ-ਹੀ-ਹੀ ਕਰਦੇ ? ਹੁਣ ਜੇਲ੍ਹ ਖਾਨੇ ਵਿਚ ਕੋਹਲੂ ਪੀੜ ਰਹੇ ਹੁੰਦੇ । ਸਮਝੇ ! ਦਰੋਗਾ ਜੀ ਨੇ ਭੀ ਸੋਚਿਆ ਕਿ ਅੱਗ ਲਗਦਿਆਂ ਹੀ ਝੌਂਪੜੀ ਜੋ ਮਿਲੇ ਤਾਂ ਲਾਭ ।...ਏਸੇ ਲਈ ਕਿਹਾ ਨਾ ਕਿ ਤਸੀਲਦਾਰ ਏਨਾਂ ਬੇਵਕੂਫ ਨਹੀਂ । ਫੇਰ, ਦਾਰੋਗਾ ਜੀ ਦਾ ਇਲਾਕਾ ਹੈ, ਜਿਹੜੀ ਉਪਰਲੀ ਝਾੜ-ਝੰਬ ਪਾਨ-ਸੁਪਾਰੀ ਵਸੂਲ ਕਰਨ, ਇਹਦੇ ਵਿਚ ਤਸੀਲਦਾਰ ਸਾਬ੍ਹ ਕੀ ਕਰ ਸਕਦੇ ਨੇ ? ਸਿੰਘ ਜੀ ਨੂੰ ਪੰਜ ਹਜ਼ਾਰ ਅਤੇ ਸ਼ਿਵ ਸ਼ੰਕਰ ਸਿੰਘ ਨੂੰ ਵੀ ਏਨਾ ਹੀ ਲਗੇਗਾ ।...ਡਾਗਡਰ ਤੋਂ ਕੁਛ ਪੁਛਿਆ ਹੈ ਦਾਰੋਗਾ ਸਾਬ੍ਹ ਨੇ । ਪਤਾ ਕੀਤਾ ਨਹੀਂ, ਅੰਗਰੇਜ਼ੀ 'ਚ ਕਿਹੜੀ ਡਿਮਡਾਮ ਗੱਲ ਹੋਈ। ਇਸ ਪੀ ਸਾਬ੍ਹ ਨਾਲ ਵੀ ਡਾਗਡਰ ਸਾਬ੍ਹ ਅੰਗਰੇਜ਼ੀ 'ਚ ਹੀ ਬੋਲ ਰਹੇ ਸੀ । ਬੰਦਾ ਕਾਬਲ ਹੈ । ਇਹ ਡਾਗਡਰ ।...ਹਰੇਕ ਲਾਸ਼ ਬਾਰੇ ਕੀ ਲਿਖਿਆ ਹੈ, ਜਾਣਦੇ ਹੋ ? ਲਿਖਿਆ ਹੈ ਕਿ ਸੰਥਾਲਾਂ ਦੀ ਮਾਰ ਤੋਂ ਜਾਪਦਾ ਹੈ ਅਤੇ ਜ਼ਖਮਾਂ ਦੇ ਮੂੰਹ ਵੇਖ ਕੇ ਜਾਪਦਾ ਹੈ ਕਿ ਕਿਸੇ ਨੇ ਆਪਣੀ ਜਾਨ ਬਚਾਣ ਲਈ ਹੀ ਇਸ ਤੇ ਹਮਾਲਾ ਕੀਤਾ ਹੈ।... ਹੋਰ ਏਧਰ ਵਾਲਿਆਂ ਦੀ ਲਾਸ਼ ਤੇ ਲਿਖਿਆ...।"

"ਲਾਸ਼ ?"

...ਲਾਸ਼ ! ਲਾਸ਼ । ਪੁਲਿਸ ਦਰੋਗਾ, ਮਲੇਟਰੀ, ਮਾਰ, ਜੇਲ੍ਹ ।...ਕਾਲਾ ਪਾਣੀ । ਨਹੀਂ ਫਾਂਸੀ । ਸਚਮੁਚ । ਜੇ ਤਸੀਲਦਾਰ ਬਿਸਨਾਥ ਪ੍ਰਸਾਦ ਨਾ ਹੁੰਦੇ ਤਾਂ ਅਜ

ਫਾਂਸੀ ।...ਕਾਲੀਚਰਨ ਦੇ ਆਫਿਸ 'ਚ ਜਾਣ ਨਾਲ ਹੋਰ ਗੱਲਾਂ ਦਾ ਵੀ ਪਤਾ ਲਗ ਜਾਵੇਗਾ ।

ਸੋਸ਼ਲਿਸਟ ਪਾਰਟੀ ਦੇ ਆਫਿਸ ਵਿਚ ਭੀੜ ਲਗੀ ਹੋਈ ਹੈ।...ਕਾਲੀਚਰਨ ਨੇ ਕਿਹਾ ਹੈ, ਅਜ ਸੁਰਾਜੀ ਸੋਸ਼ਲਿਸਟ ਅਤੇ ਭਗਵਾਨ ਕੀਰਤਨ ਕੱਠੇ ਹੀ ਗਾਵੇ ਜਾਣਗੇ। ਸਭ ਤੋਂ ਪਹਿਲਾਂ ਪੁਰਾਣੇ ਜ਼ਮਾਨੇ ਦਾ ਕੀਰਤਨ ਨਾਰਦ-ਭਠਿਆਲੀ ਕੀਰਤਨ ਹੋਵੇਗਾ।... ਬੁੱਢੇ ਬੰਦਿਆਂ ਦੇ ਗਲਾਂ ਵਿਚ ਹਾਲੇ ਵੀ ਜਾਦੂ ਹੈ।

ਆਜੂ ਸੋ ਬਿਹਾਜੂ ਸਿਆਮ ਕਦਲੀ ਕੋ ਛੈਈਆਂ,
ਆਵਤ ਮੋਹਨ ਲਾਲ ਬੰਸੀ ਬਜੈਈਆ ।
ਪੀਤ ਬਸਨ ਮਕਰਾਕ੍ਰਿਤ ਕੁੰਡਲ...।

ਇਹੋ ਨਾਰਦੀ ਹੈ। ਮਿਰਦੰਗ ਕਿਨ੍ਹਾਂ ਦਾ ਵਜਦਾ ਹੈ—ਧਿਧਨਕ-ਤਿਧਨਚ। ਧਿਨਕਨ ਤਿਧਨਕ।..."ਹੁਣ ਕਿਰਾਂਤੀ ਕੀਰਤਨ।...ਗੰਗਾ ਰੇ ਜਮੁਨਵਾ ਬਹੁਤ ਪੁਰਾਣਾ ਹੋ ਗਿਆ ਉਹ ਤੜਫਾਣ ਵਾਲਾ ਕੀਰਤਨ ਨਾ ਗੁਆਵੋ ਕਾਲੀਚਰਨ ਜੀ।..."

ਬਮ ਫੋੜ ਦੀਆਂ ਫਟਾਕ ਸੇ ਮਸਤਾਨਾ ਭਗਤ ਸਿੰਘ ।...ਹੈਂ, ਵਾਹ ਓਏ ਸੁਨਰੇ! ਕੀ ਸੰਭਾਲਿਆ ਹੈ। ਵਾਹ! ਭਾਰਤ ਦਾ ਵੀਰ ਲੜਾਕਾ ਸੀ, ਮਸਤਾਨਾ ਭਗਤ ਸਿੰਘ। ...ਸਿੰਘ ? ਭਗਤ ਸਿੰਘ ਕਿਹੜੀ ਜਾਤ ਦਾ ਸੀ ?

ਮਸਤਾਨਾ ਭਗਤ ਸਿੰਘ ਜਾਣਦੇ ਹੋ ?...ਕਾਲੀਚਰਨ ਜੀ ਕਹਿੰਦੇ ਸਨ, ਪੰਜ ਵਾਰ ਫਾਂਸੀ ਦੀ ਰੱਸੀ ਖਿੱਚੀ, ਦਸ-ਦਸ ਬੰਦੇ ਇਕ-ਇਕ ਪਾਸੇ ਲਟਕ ਗਏ। ਖਿਚਣ ਲਗੇ, ਖਿਚ ਕੇ ਰਹੇ ਅਤੇ ਉਧਰ ਭਗਤ ਸਿੰਘ ਦੇ ਮੂੰਹ 'ਚੋਂ ਨਿਕਲਦਾ ਜਾਂਦਾ ਸੀ — ਇਨਕਿਲਾਬ ਜਿੰਦਾਬਾਦ।

"ਇਨਕਿਲਾਬ, ਜਿੰਦਾਬਾਦ ?"

ਜੈ! ਜੈ!...

...ਹਾਂ ਅਜ ਕਿਹੜਾ ਏਨੇ ਜ਼ੋਰ ਨਾਲ ਨਾਰ੍ਹਾ ਲਾ ਰਿਹਾ ਹੈ ? ਸੋਮਾਂ ਜੱਟ ? ...ਹਾਏ ਬਾਪੂ! ਤਿੰਨ ਦਿਨਾਂ ਤੋਂ ਬਿਲਕੁਲ ਲਾਪਤਾ ਸੀ। ਪਰ ਜਾਣਦੇ ਹੋ ਹੰਸੇਰੀ 'ਚ ਸਭ ਤੋਂ ਵਧ ਮਾਰ ਕਿਨ੍ਹੇ ਮਾਰੀ ਸੀ ? ਚਹੁੰ ਨੂੰ ਸੋਮੇ ਕੱਲੇ ਨੇ ਸੁਟਿਆ ਹੈ।... ਹਾਂ ਖਬਰਦਾਰ! ਤਹਿਸੀਲਦਾਰ ਸਾਬ੍ਹ ਨੇ ਮਨਾਂਹ ਕੀਤਾ ਹੈ, ਸੋਮੇ ਦਾ ਨਾਂ ਕੋਈ ਨਾ ਲਵੇ।...ਦਾਗੀ ਹੈ। ਪਰ, ਵੇਂਹਦੇ ਹਾਂ, ਹੁਣ ਸੁਧਰ ਰਿਹਾ ਹੈ। ਕਾਲੀਚਰਨ ਜੀ ਸੁਧਾਰ ਦੇਣਗੇ।...

ਹੁਣ ਇਕ ਸੁਰਾਜੀ ਕੀਰਤਨ ਹੋਣਾ ਚਾਹੀਦਾ ਹੈ, ਹਾਂ ਭਰਾਵੋ! ਸਭ ਸੰਤਨ ਕੀ ਜੈ ਬੋਲੋ। ਪਿੰਡ ਦੇ ਦੇਵਤਿਆਂ ਦੇ ਪਰਤਾਪ ਨਾਲ, ਕਾਲੀ ਮਾਂ ਦੀ ਕਿਰਪਾ ਨਾਲ, ਮਹਾਤਮਾਂ ਗਾਂਧੀ ਜੀ ਦੀ ਦਇਆ ਨਾਲ, ਅਤੇ ਕਿਰਾਂਤੀ...ਇਨਕਿਲਾਬ ਜ਼ਿੰਦਾਬਾਘ

ਨਾਲ, ਪਿੰਡ ਦੇ ਲੋਕ ਬਾਲ-ਬਾਲ ਬਚ ਗਏ। ਸਾਰੇ ਕੀਰਤਨ ਹੋਣੇ ਚਾਹੀਦੇ ਨੇ।

ਭਾਰਥ ਦਾ ਡੰਕਾ ਲੰਕਾ ਵਿਚ,
ਬਜਵਾਇਆ ਬੀਰ ਜਮਾਹਿਰ ਨੇ।

ਰਾਜਬੱਲੀ ਮਹਿਤੋ ਵੀ ਹਰਮੋਨੀਆਂ ਬਜੌਂਦਾ ਹੈ। ਕਿਥੋਂ ਸਿਖਿਆ...ਸਿਰਫ ਦੰਦ ਵੱਡੇ ਨੇ ਸਾਹਮਣੇ ਵਾਲੇ ਗੌਣ ਵੇਲੇ ਮੂੰਹ ਕੁਦਾਲ ਵਾਂਗ ਹੋ ਜਾਂਦਾ ਹੈ।...ਭਾਰਥ ਦਾ ਡੰਕਾ ਲੰਕਾ ਵਿਚ . ਬਾਲਦੇਵ ਜੀ ਕਿਥੇ ਨੇ ?—ਸੁਣਿਆਂ ਕਿ ਬਾਲਦੇਵ ਜੀ ਸਾਧੂ ਬਣ ਰਹੇ ਨੇ। ਕੰਠੀ ਲੈ ਲਈ ਹੈ। ਕੰਠੀ ਤੇ ਕਿਸ ਦਾ ਨਾਂ ਜਾਪ ਕਰਨਗੇ ? ਮਹਾਤਮਾਂ ਜੀ ਦਾ ਜਾਂ ਸਤਗੁਰੂ ਦਾ ?

ਚਰਖਾ ਸਕੂਲ ਦੀ ਮਾਸਟਰਨੀ ਜੀ ਕਿੰਨੀ ਮੋਟੀ ਹੋ ਗਈ ਹੈ। ਹਾਏ ਬਾਪੂ।... ਸਿਰਫ ਕਾਲੀਚਰਨ ਜੀ ਨਾਲ ਹੀ ਹਸ ਕੇ ਬੋਲਦੀ ਹੈ। ਕਾਲੀਚਰਨ ਜੀ ਨੇ ਅਜ ਕੁਰਤੇ ਵਿਚ ਗੋਲ ਗੋਲ ਕੀ ਲਾਇਆ ਹੋਇਆ ਹੈ ? ਸੋਸ਼ਲਿਸਟ ਪਾਟੀ ਦੀ ਮੋਹਰ ਹੈ ?...ਦੇਖਿਆ, ਕਾਲੀਚਰਨ ਜੀ ਮੋਹਰ ਵਾਲੇ ਲੀਡਰ ਹੋ ਗਏ ਨੇ। ਬਾਲਦੇਵ ਜੀ ਕੋਲ, ਥਾਵਨਦਾਸ ਕੋਲ ਜਾਂ ਤਹਿਸੀਲਦਾਰ ਸਾਬ੍ਹ ਕੋਲ ਮੋਹਰ ਹੈ ? ਮਾਸਟਰਨੀ ਜੀ ਉਹਦੇ ਵਿਚ ਕੀ ਲਾ ਰਹੀ ਹੈ ? ਫੁੱਲ ਉ ਵਾਹ। ਹੁਣ ਹੋਰ ਫਬਿਆ ਫੁੱਲ-ਮੋਹਰ ਛਾਪ ਸਿਕਰੇਟ ਓ...ਡਾਕਟਰ ਸਾਬ੍ਹ ਦਾ ਨੌਕਰ ਕਿਥੇ ਆਇਆ ਹੈ।...ਹੈਂ ! ਚੁਪ ਰਹੋ। ਸ਼ਾਂਤੀ, ਸ਼ਾਂਤੀ।...

"ਕਾਲੀਚਰਨ ਜੀ ਨੂੰ ਡਾਕਟਰ ਬਾਬੂ ਬੁਲਾਂਦੇ ਨੇ।"

ਪਿਆਰੂ ਮੰਗਲਾ ਦੇਵੀ ਨੂੰ ਕਹਿੰਦਾ ਹੈ।

"ਅ...ਜਾ। ਕਾਲੀ। ਡਾਕਟਰ ਬਾਬੂ ਨੂੰ ਸੱਦਾ ਪੱਤਰ ਨਹੀਂ ਦਿਤਾ ? ਤਹਿਸੀਲਦਾਰ ਸਾਬ੍ਹ ਖਿਲਾਵਨ ਜੀ ਵਗੈਰਾ ਤਾਂ ਕਚਹਿਰੀ ਗਏ ਨੇ। ਡਾਕਟਰ ਸਾਬ੍ਹ ਤਾਂ ਹੈਸਨ।...ਜਾਓ ਬੁਲਾ ਰਹੇ ਨੇ।" ਕੀ ਗੱਲ ਹੈ ?...ਜ਼ਰੂਰ ਕੋਈ ਗੱਲ ਹੈ... ਸੁਮਰਿਤ ਦਾਸ ਬੇਤਾਰ ਕਿਥੇ ਹੈ ? ਇਕ ਵਾਰ ਬੋਲੋ ਪ੍ਰੇਮ ਨਾਲ...

ਕਾਲੀ ਮਾਈ ਦੀ ਜੈ।
ਮਹਾਤਮਾ ਗਾਂਧੀ ਜੀ ਜੈ।
ਸੋਸ਼ਲਿਸਟ ਪਾਟੀ ਦੀ ਜੈ।
ਇਨਕਿਲਾਸ...।
"ਕਾਲੀਚਰਨ ਜੀ।"
"ਜੀ।"

"ਇਕ ਗੱਲ ਕਹਾਂ। ਬੁਰਾ ਨਾ ਮਨਾਉਣਾਂ।...ਹਰਗੌਰੀ ਬਾਬੂ ਦੀ ਮਾਂ ਰੋ ਰਹੀ ਹੈ ਅਤੇ ਦੂਜੇ ਟੋਲੇ ਵਿਚ ਵੀ ਔਰਤਾਂ ਰੋ ਰਹੀਆਂ ਨੇ। ਤੁਸੀਂ ਲੋਕ ਕੀਰਤਨ ਕਰ

ਰਹੇ ਹੋ, ਇਹ ਚੰਗਾ ਨਹੀਂ ਲਗ ਰਿਹਾ। ਮੈਨੂੰ ਜਾਪਦਾ ਹੈ ਕਿ ਅਜ ਦੇ ਕੀਰਤਨ ਨਾਲ ਤੁਹਾਡੇ ਭਗਵਾਨ ਵੀ ਦੁਖੀ ਹੋਣਗੇ।''

''ਅਸੀਂ ਭਗਵਾਨ ਨੂੰ ਨਹੀਂ ਮੰਨਦੇ।'' ਕਾਮਰੇਡ ਬਾਸੁਦੇਵ ਨੇ ਵਿਚੋਂ ਹੀ ਟੋਕ ਦਿਤਾ।

''ਤੁਸੀਂ ਚੁਪ ਰਹੋ।'' ਕਾਲੀਚਰਨ ਕਹਿੰਦਾ ਹੈ—

''ਹਰ ਥਾਂ ਨਾ ਟਪਕਿਆ ਕਰੋ।''

ਸਾਰੇ ਚੁਪ ਨੇ। ਹਰਗੌਰੀ ਦੀ ਮਾਂ ਹੁਣ ਵੀ ਰੋ ਰਹੀ ਹੈ — ਓਏ ਰਾਜਿਆ ਪੁਤਰਾ। ...ਓਏ ਗੌਰੀ ਪੁਤਰਾ।

ਕਾਲੀਚਰਨ ਦੀਆਂ ਅੱਖਾਂ ਵੀ ਸੇਜਲ ਹੋ ਜਾਂਦੀਆਂ ਨੇ। ਬਚਪਨ ਤੋਂ ਹੀ ਉਹ ਹਰਗੌਰੀ ਨਾਲ ਖੇਡਿਆ — ਮੱਲ੍ਹਿਆ ਸੀ। ਪੂੰਜੀਵਾਦੀ ਹੋਵੇ ਜਾਂ ਬੁਰਜੂਆ, ਅਖੀਰ ਉਹ ਬਚਪਨ ਦਾ ਸਾਥੀ ਸੀ। ਉਹ ਅੱਜ ਨਹੀਂ ਰਿਹਾ। ਉਹਦੀ ਮਾਂ ਰੋ ਰਹੀ ਹੈ। ਇਹ ਹਰਗੌਰੀ ਦੀ ਮਾਂ ਨਹੀਂ ਰੋ ਰਹੀ — ਸਿਰਫ ਮਾਂ ਰੋ ਰਹੀ ਹੈ।

''ਬਾਸੁਦੇਵ।''

''.........''

''ਸਾਰਿਆਂ ਨੂੰ ਜਾ ਕੇ ਕਹੋ-ਕੀਰਤਨ ਬੰਦ ਕਰ ਦੇਣ। ..ਅਤੇ ਕੋਠੀ ਦੇ ਬਗੀਚੇ ਵਿਚ ਕਲ੍ਹ ਸੋਗ-ਸਭਾ ਹੋਵੇਗੀ। ਐਲਾਨ ਕਰ ਦਿਓ। ਸਮਝੇ ?''

ਬਾਸੁਦੇਵ ਸੋਚਦਾ ਹੈ, ਸਾਰੀ ਗੱਲ ਤਾਂ ਸਮਝ ਲਈ, ਪਰ ਸੋਗ-ਸਭਾ ਦਾ ਕੀ ਮਤਲਬ, ਭਾਖਣ ਨਹੀਂ ਹੋਵੇਗਾ ?...ਬਸ ਪੰਜ ਮਿੰਟ ਚੁਪਚਾਪ ਖੜੇ ਰਹਿਣਾ ਹੋਵੇਗਾ ? ...ਵਾਹ ਓਏ ਸਭਾ।

## ਬਤਾਲੀ

ਹਰਗੌਰੀ ਦੀ ਮਾਂ ਰੋ ਰਹੀ ਹੈ—''ਮੇਰਾ ਰਾਜਾ ਪੁਤਰ।...ਹਰਗੌਰੀ ਪੁਤਰ ਮੇਰਾ।''

ਹਰਗੌਰੀ ਦੀ ਸੋਲ੍ਹਾਂ ਵਰ੍ਹਿਆਂ ਦੀ ਇਸਤਰੀ ਬਿਨਾਂ ਮੁਕਲਾਵੇ ਦੇ ਹੀ ਆ ਗਈ ਹੈ। ਉਹ ਬਹੁਤ ਹੌਲੀ ਹੌਲੀ ਰੋ ਰਹੀ ਹੈ। ਘੁੰਡ ਅੰਦਰ ਉਹਦੀਆਂ ਅੱਖਾਂ ਸਦਾ ਵਸਦੀਆਂ ਰਹਿੰਦੀਆਂ ਨੇ।

ਸ਼ਿਵਸ਼ੰਕਰ ਸਿੰਘ ਪੂਰੇਣੀਆਂ ਤੋਂ ਪਰਤ ਆਏ ਨੇ। ਪੁਤਰ ਦਾ ਦਾਹ-ਕਾਰਜ ਕਰਕੇ ਪਰਤੇ ਹੋਏ ਪਿਤਾ ਨੂੰ ਵੇਖ ਡਰ ਲਗਦਾ ਹੈ। ਝੁਕੀ ਹੋਈ ਕਮਰ ਤੇ ਹੱਥ ਰਖੀ ਸ਼ਿੱਵ ਸ਼ੰਕਰ ਸਿੰਘ ਬਲਦਾਂ ਵਲ ਵੇਖ ਰਹੇ ਹਨ। ਦੋ ਦਿਨਾਂ ਤੋਂ ਚਾਰਾ-ਪਾਣੀ ਛੱਡੀ ਬੈਠੇ ਨੇ

ਦੋਵੇ ਬਲਦ।। ਅੱਖਾਂ 'ਚ ਅੱਥਰੂ ਭਰ ਭਰ ਕੇ ਦੋਵੇਂ ਕਦੀ ਕਦੀ ਚੌਕੰਨੇ ਹੋ ਹੋ ਏਧਰ ਉਧਰ ਤਕਦੇ ਨੇ, ਫੇਰ ਇਕ ਲੰਮਾ ਸਾਹ ਲੈ ਕੇ ਇਕ ਦੂਜੇ ਨੂੰ ਤਕਦੇ ਨੇ। ਇਕ ਦੂਜੇ ਨੂੰ ਜੀਭ ਨਾਲ ਚੱਟਦੇ ਹਨ, ਜਿਵੇਂ ਹੌਸਲਾ ਦੁਆ ਰਹੇ ਹੋਣ।...ਹਰਗੌਰੀ ਇਨ੍ਹਾਂ ਨੂੰ ਕਿੰਨਾ ਪਿਆਰ ਕਰਦਾ ਸੀ। ਜਦੋਂ ਇਹਦੋ ਵਰ੍ਹਿਆਂ ਦੇ ਬਛੜੇ ਸਨ, ਤਦ ਤੋਂ ਹੀ ਹਰਗੌਰੀ ਇਨ੍ਹਾਂ ਨਾਲ ਖੇਡਦਾ ਮੱਲਦਾ ਸੀ। ਉਹਦੀ ਆਵਾਜ਼ ਸੁਣਦਿਆਂ ਹੀ ਦੋਵੇਂ ਖ਼ੁਸ਼ੀ ਨਾਲ ਨੱਚਣ ਲਗਦੇ ਸਨ। ਜਾਨੋਂ ਵੱਧ ਪਿਆਰ ਕਰਦਾ ਸੀ ਉਹ...।

ਸ਼ਿਵ ਸ਼ੰਕਰ ਸਿੰਘ ਦੀਆਂ ਅੱਖਾਂ ਅੱਥਰੂਆਂ ਨਾਲ ਧੁੰਦਲੀਆਂ ਹੋ ਰਹੀਆਂ ਹਨ।... ਜਦੋਂ ਤਕ ਹਰਗੌਰੀ ਦੀ ਲੋਥ ਨਹੀਂ ਸੀ ਮਿਲੀ, ਉਨ੍ਹਾਂ ਨੂੰ ਆਪਣੇ ਗ੍ਰਿਫਤਾਰ ਹੋਣ ਦਾ ਡਰ ਲਗਾ ਹੋਇਆ ਸੀ। ਦਾਹ-ਕਾਰਜ ਸਮਾਪਤ ਕਰਕੇ ਵਕੀਲ ਸਾਬ੍ਹ ਨੇ ਰਾਮ ਕਿਰਪਾਲ ਸਿੰਘ ਨੂੰ ਰੋਕਿਆ, ਤਾਂ ਸ਼ਿਵ ਸ਼ੰਕਰ ਸਿੰਘ ਨੂੰ ਜਾਪਿਆ ਜਿਵੇਂ ਪੁਲ ਥੱਲੇ ਧਸ ਰਿਹਾ ਹੈ, ਧਰਤੀ ਹਿਲ ਰਹੀ ਹੈ।

ਦਾਰੋਗਾ ਸਾਹਿਬ ਰਾਮ ਕਿਰਪਾਲ ਸਿੰਘ ਨੂੰ ਗ੍ਰਿਫਤਾਰ ਕਰਕੇ ਉਧਰ ਲੈ ਗਏ ਅਤੇ ਸ਼ਿਵ ਸ਼ੰਕਰ ਸਿੰਘ ਆਪਣੇ ਸਾਥੀਆਂ ਨਾਲ ਉਥੋਂ ਹੀ ਪਰਤ ਆਏ। ਟੇਸ਼ਨ ਤਕ ਨਸਦੇ ਆਏ ਸਨ। ਪਤਾ ਨਹੀਂ ਦਾਰੋਗਾ ਸਾਬ੍ਹ ਦੇ ਮਨ ਵਿਚ ਕੀ ਹੋਵੇ ?...ਭਾਗਾਂ ਦੀ ਗੱਲ ਸੀ ਕਿ ਬਿਰਜੂ ਸਿੰਘ ਤਿਲਕਕੇ ਡਿਗ ਪਏ ਅਤੇ ਗੱਡੀ ਖਲੋ ਗਈ, ਨਹੀਂ ਤਾਂ ਸ਼ਿਵ ਸ਼ੰਕਰ ਉਥੇ ਪਲੇਟ ਫਾਰਮ ਤੇ ਹੀ ਖਲੋਤੇ ਰਹਿ ਜਾਂਦੇ। ਸਾਰਿਆਂ ਨੇ ਕੁਦ ਕੇ ਡੰਡਾ ਫੜ ਲਿਆ, ਸਿੰਘ ਜੀ ਨੇ ਜਿਵੇਂ ਹੀ ਡੰਡੇ ਨੂੰ ਹੱਥ ਪਾਇਆ ਕਿ ਇਕ ਕਾਲੇ ਕੋਟ ਵਾਲੇ ਨੇ ਫੜ ਕੇ ਖਿਚ ਲਿਆ। ਸਿਗਨਲ ਦੇ ਕੋਲ ਜਾਂਦੇ-ਜਾਂਦੇ ਬਿਰਜੂ ਡਿਗ ਪਏ ਤਾਂ ਗੱਡੀ ਖਲੋ ਗਈ। ਵਿਚਾਰੇ ਬਿਰਜੂ ਸਿੰਘ ਦਾ ਇਕ ਹੱਥ ਵੱਢਿਆ ਗਿਆ ਹੈ। ਗਾਡ ਬਾਬੂ ਉਹਨੂੰ ਕਟਿਹਾਰ ਇਸਪਿਤਾਲ 'ਚ ਲੈ ਗਏ। ਜਦੋਂ ਤਕ ਘਰ ਨਹੀਂ ਪਹੁੰਚ ਗਏ ਸਨ ਸ਼ਿਵ ਸ਼ੰਕਰ ਨੂੰ ਭਰੋਸਾ ਨਹੀਂ ਸੀ। ਪਤਾ ਨਹੀਂ ਕਿਧਰੋਂ ਲਾਲ ਪਗੜੀ ਵਾਲਾ ਟਪਕ ਪਵੇ। ਹਸਲਗਾਉਂ ਹਾਟ ਕੋਲ ਇਕ ਲਾਲ ਚਾਦਰ ਵਾਲੇ ਨੂੰ ਵੇਖ ਕੇ ਉਨ੍ਹਾਂ ਦਾ ਕਲੇਜਾ ਧੜਕ ਉਠਿਆ ਸੀ।...ਭਲੇ ਆਦਮੀ ਨੇ ਲਾਲ ਚਾਦਰ ਦੀ ਪਗੜੀ ਕਿਉਂ ਬੰਨ੍ਹ ਲਈ ਸੀ ?

ਘਰ ਆਕੇ ਹਰਗੌਰੀ ਦੀ ਮਾਂ ਨੂੰ ਛਾਤੀ ਪਿਟਦਿਆਂ ਤੇ ਜ਼ਮੀਨ ਤੇ ਲਿਟ ਕੇ ਰੋਂਦਿਆਂ ਵੇਖਿਆ ਤਾਂ ਉਹ ਵੀ ਬੱਚਿਆਂ ਵਾਂਗ ਵਿਲਖ ਵਿਲਖ ਕੇ ਰੋਣ ਲਗੇ। 'ਪੁਬਰੀਆ ਘਰ' ਦੇ ਉਦੇ ਕੋਲ ਹਰਗੌਰੀ ਦੀ ਵਿਧਵਾ ਬਹੂ ਘੁੰਡ ਕੱਢੀ ਰੋ ਰਹੀ ਸੀ। ਸਾਹਮਣੇ ਦੀਵਾਰ ਤੇ ਹਰਗੌਰੀ ਦਾ ਫੋਟੋ ਟੰਗਿਆ ਹੈ। ਰੋਹਤਟ ਮੇਲੇ ਵਿਚ ਛਪਵਾਇਆ ਸੀ—ਪਗੜੀ ਬੰਨ੍ਹ ਕੇ ਤੇ ਹੱਥ 'ਚ ਤਲਵਾਰ ਲੈ ਕੇ।

"ਪੁਤਰਾ ਓਏ।...ਗੌਰੀ ਪੁਤਰਾ ਓਏ।" ਸ਼ਿਵ ਸ਼ੰਕਰ ਸਿੰਘ ਬਲਦ ਦੀ ਧੌਣ ਫੜ ਕੇ ਰੋ ਰਹੇ ਨੇ,—"ਪੁਤਰਾ ਓਏ ! ਗੌਰੀ ਪੁਤਰਾ।"

ਸੁਮਰਿਤ ਦਾਸ ਦੇ ਕੰਨ ਵਿਚ ਸਭ ਤੋਂ ਪਹਿਲਾਂ ਆਵਾਜ਼ ਪਹੁੰਚਦੀ ਹੈ—ਉਹ ! ਸ਼ਿਵ ਸ਼ੰਕਰ ਸਿੰਘ ਆ ਗਏ ਸ਼ਾਇਦ।

"ਸ਼ਿਵ ਸ਼ੰਕਰ ਬਾਬੂ ! ਰੋਵੋ ਨਾ ! ਤਕੋ ! ਕਲੇਜਾ ਪੁਖਤਾ ਕਰੋ।...ਤੁਸੀਂ ਜੀ ਮੰਦਾ ਕਰ ਲਵੋਗੇ ਤਾਂ ਜ਼ਨਾਨੀਆਂ ਦਾ ਕੀ ਹਾਲ ਹੋਵੇਗਾ ?...ਹਾਂ...। ਹਰਗੌਰੀ ਦੀ ਮਾਂ ਮਰ ਜਾਵੇਗੀ। ਉਹਨੂੰ ਸਮਝਾਓ ਸਿੰਘ ਜੀ ! ਰੋਵੋ ਨਾ।" ਸੁਮਰਿਤ ਦਾਸ ਸ਼ਿਵ ਸ਼ੰਕਰ ਸਿੰਘ ਨੂੰ ਕਲਾਵੇ 'ਚ ਭਰ ਕੇ ਲੈ ਆਉਂਦੇ ਹਨ, ਸਮਝਾਉਂਦੇ ਹਨ ਅਤੇ ਦੁਆਲੇ ਖਲੋਤੇ ਲੋਕਾਂ ਨੂੰ ਕਹਿੰਦੇ ਨੇ—"ਭਰਾਵੋ ! ਕੀ ਸਮਝਾਇਆਂ ਜਾਵੇ, ਕਿਨੂੰ ਸਮਝਾਇਆ ਜਾਵੇ, ਪੁਤਰ ਦੇ ਸੋਗ ਤੋਂ ਵਧ ਕੇ ਹੋਰ ਕਿਹੜਾ ਸੋਗ ਹੋ ਸਕਦਾ ਹੈ ? ਅਸੀਂ ਕੀ ਸਮਝਾਵਾਂਗੇ। ਅਸੀਂ ਤਾਂ ਆਪ...ਭੋਗਿਆ ਹੋਇਆ ਹੈ। ਇਕ-ਇਕ ਕਰਕੇ ਚਹੁੰ ਲਾਲਾਂ ਨੂੰ ਕਮਲਾ ਕੰਢੇ ਆਪਣੇ ਹੱਥੀਂ ਫੂਕ ਆਏ ਹਾਂ। ਕਲੇਜਾ ਪੱਥਰ ਹੋ ਗਿਆ ਹੈ। ਪੁਤਰ ਦਾ ਸੋਗ ਹੈ। ਭਗਵਾਨ ! ਕਿਸੇ ਨੂੰ ਨਾ ਹੋਵੇ।"

ਸ਼ਿਵ ਸ਼ੰਕਰ ਸਿੰਘ ਹੋਰ ਜ਼ੋਰ-ਜ਼ੋਰ ਨਾਲ ਰੋਣ ਲਗਦੇ ਨੇ। ਹੌਲੀ ਹੌਲੀ ਭੀੜ ਵਧਦੀ ਜਾਂਦੀ ਹੈ। ਸਾਰੇ ਹੀ ਆ ਕੇ ਇਹੋ ਜਾਨਣਾ ਚਾਹੁੰਦੇ ਹਨ ਕਿ ਹੋਰ ਹੁਣ ਕੀ ਹੋਇਆ ? ਹਰਗੌਰੀ ਦੀ ਮੌਤ ਤੋਂ ਵਧ ਦਿਲ ਹਿਲੌਣ ਵਾਲੀ ਗੱਲ ਸੀ ਰਾਮ ਕਿਰਪਾਲ ਸਿੰਘ ਦੀ ਗ੍ਰਿਫਤਾਰੀ ! ਕਿਉਂ ਗ੍ਰਿਫਤਾਰ ਕੀਤਾ ? ਕਿਵੇਂ ਗ੍ਰਿਫਤਾਰ ਹੋਇਆ ? ਹੋਰ ਕਿਨ੍ਹਾਂ ਲੋਕਾਂ ਦੇ ਵਾਰੰਟ ਹਨ ? ਤਸੀਲਦਾਰ ਬਿਸਨਾਥ ਦੇ ਵੀ ?" ਤਸੀਲਦਾਰ ਸਾਬ੍ਹ ਆ ਰਹੇ ਨੇ। ਮੂੜਾ ਦਿਉ ਓਏ।"

ਤਹਿਸੀਲਦਾਰ ਨੂੰ ਦੇਖਦਿਆਂ ਹੀ ਸ਼ਿਵ ਸ਼ੰਕਰ ਸਿੰਘ ਫੇਰ ਧਰਤੀ ਤੇ ਲਿਟ ਗਏ ਤੇ ਜ਼ੋਰ ਜ਼ੋਰ ਨਾਲ ਰੋਣ ਲਗੇ — "ਬਿਸਨਾਤ ਭਰਾਵਾ ! ਕਲੇਜਾ ਟੁਕੜੇ ਟੁਕੜੇ ਹੋ ਰਿਹਾ ਹੈ। ਭਰਾਵਾ...ਕਲੇਜਾ..."

ਤਹਿਸੀਲਦਾਰ ਸਮਝਾਉਂਦੇ ਹਨ—"ਸ਼ਿਵ ਸ਼ੰਕਰ ਸਿੰਘ, ਰੋਵੋ ਨਾ। ਇਹ ਰੋਣਾ ਤਾਂ ਜ਼ਿੰਦਗੀ ਭਰ ਲਈ ਪੱਲੇ ਪੈ ਗਿਆ ਹੈ। ਇਕ ਦਿਨ ਰੋਣ ਨਾਲ ਦਿਲ ਠੰਡਾ ਨਹੀਂ ਹੋਣਾ। ਪਰ ਹਾਲੇ ਰੋਣ ਦਾ ਸਮਾਂ ਨਹੀਂ। ਜਾਪਦਾ ਹੈ, ਮੁਕੱਦਮਾ ਬਿਗੜ ਗਿਆ ਹੈ। ਸਿੰਘ ਜੀ ਦੇ ਗ੍ਰਿਫਤਾਰ ਹੋਣ ਦਾ ਮਤਲਬ ਇਹੋ ਹੈ ਕਿ ਮੁਕੱਦਮਾ ਵਿਗੜ ਗਿਆ। ਹੁਣ ਕਿਦ੍ਹੇ ਸਿਰ ਤੇ ਕਿਹੜੀ ਆਫਤ ਖਲੋਤੀ ਹੈ, ਕਿੰਨੂ ਪਤਾ ਹੈ ਖ਼ੂਨੀ ਕੇਸ ਹੈ ! ਉਠੋ, ਤੁਹਾਡੇ ਨਾਲ ਵਖਰਿਆਂ ਇਕ ਗੱਲ ਕਰਨੀ ਹੈ।"

ਸ਼ਿਵ ਸ਼ੰਕਰ ਸਿੰਘ ਝਟ ਉਠ ਖਲੋਤਾ ਤੇ ਤਹਿਸੀਲਦਾਰ ਸਾਹਿਬ ਨਾਲ ਦਰਾਂ ਤੋਂ ਜ਼ਰਾ ਦੂਰ ਚਲੇ ਗਏ। ਸੁਮਰਿਤ ਦਾਸ ਵੀ ਪ੍ਰਾਈਵੇਟ ਗੱਲ ਸੁਣੇਗਾ ?...ਤਾਂ ਠੀਕ

ਹੈ, ਅਸਲੀ ਗੱਲ ਦਾ ਪਤਾ ਹੁਣੇ ਹੀ ਝਟ ਲਗ ਜਾਵੇਗਾ।

ਦਰਾਂ ਕੋਲ ਖਲੋਤੇ ਸਾਰੇ ਹੀ ਇਕਸਾਰ ਲੰਮਾ ਸਾਹ ਲੈਂਦੇ ਨੇ—ਹੁਣ ਕਿਦ੍ਹੇ ਸਿਰ ਤੇ ਕਿਹੜੀ ਆਫਤ ਹੈ, ਕਿਨ੍ਹੂ ਪਤਾ ! ਹੇ ਭਗਵਾਨ।

"ਪਰਨਾਮ ਜੋਤਖੀ ਚਾਚਾ।"

ਜੋਤਖੀ ਚਾਚਾ ਦੇ ਨਾਲ ਖਿਲਾਵਨ ਵੀ ਆਇਆ ਹੈ। ਜੋਤਖੀ ਜੀ ਨੇੜਲੇ ਖਾਲੀ ਮੂੜੇ ਤੇ ਬੈਠ ਜਾਂਦੇ ਨੇ। ਖਿਲਾਵਨ ਵੀ ਤਹਿਸੀਲਦਾਰਸਾਬ੍ਹ ਦੀ ਪ੍ਰਾਈਵੇਟ ਗੱਲ ਵਿਚ ਜਾ ਰਲਦਾ ਹੈ। ਜੋਤਖੀ ਜੀ ਹੌਲੀ ਜਿਹੀ ਲੋਕਾਂ ਨੂੰ ਕਹਿੰਦੇ ਨੇ—"ਤੁਸੀਂ ਇਥੇ ਖਲੋਤੇ ਕੀ ਕਰ ਰਹੇ ਹੋ ?" ਉਨ੍ਹਾਂ ਦੇ ਕਹਿਣ ਦਾ ਢੰਗ ਹੀ ਏਦਾਂ ਦਾ ਸੀ, ਜਿਸ ਦਾ ਅਰਥ ਨਿਕਲਦਾ ਸੀ—"ਤੁਹਾਡੀ ਜਾਨ ਦੀ ਖੈਰ ਨਹੀਂ ਹੈ ? ਜਿੰਨੀ ਛੇਤੀ ਹੋਵੇ, ਇਥੋਂ ਖਿਸਕ ਜਾਵੋ।...ਵਰਨਾ ਕੀ ਟਿਕਾਣਾ...।"

ਸਾਰੇ ਹੀ ਮੌਕਾ ਤਾੜ ਕੇ ਉਠ ਖਲੋਂਦੇ ਨੇ। ਜੋਤਖੀ ਜੀ ਕਹਿੰਦੇ ਹਨ—"ਇਥੇ ਹੀ ਆ ਜਾਵੋ ਤਸੀਲਦਾਰ ! ਸਾਰੇ ਹੀ ਚਲੇ ਗਏ।"

"...ਪਰ ਗੱਲ ਇਹ ਹੈ ਕਿ ਐਸ. ਪੀ, ਨੇ ਇਹ ਨੁਕਸ ਫੜਿਆ ਹੈ—ਤਸੀਲਦਾਰ ਵਿਸ਼ਵਨਾਥ ਦੀ ਜ਼ਮੀਨ ਦਾ ਬੀਹਨ ਬਚੋਣ ਲਈ ਤਸੀਲਦਾਰ ਹਰਗੌਰੀ ਕਿਉਂ ਗਿਆ ਸੀ ?" ਤਹਿਸੀਲਦਾਰ ਸਾਹਿਬ ਕਹਿੰਦੇ ਹਨ।

"ਰਾਮ ਕਿਰਪਾਲ ਭਰਾ ਤਾਂ ਹੈ ਨਹੀਂ। ਅਸੀਂ ਤੁਹਾਨੂੰ ਕੀ ਕਹੀਏ ?...ਪਰ ਮੁਕੱਦਮਾ ਤਾਂ ਤੁਹਾਡਾ ਹੀ ਹੈ...। ਵਾਜਬੀ ਖਰਚ ਤਾਂ...ਤੁਹਾਨੂੰ ਹੀ ਦੇਣਾ ਚਾਹੀਦਾ ਹੈ।" ਸ਼ਿਵ ਸ਼ੰਕਰ ਸਿੰਘ ਤਰਲੇ ਨਾਲ ਕਹਿੰਦੇ ਨੇ।

ਜੋਤਖੀ ਜੀ ਕੁਝ ਕਹਿਣ ਲਈ ਖੰਘਦੇ ਨੇ, ਪਰ ਸੁਮਰਿਤਦਾਸ ਬੇਤਾਰ ਵਿਚੋਂ ਹੀ ਜਵਾਬ ਦਿੰਦਾ ਹੈ—"ਸ਼ਿਵ ਸ਼ੰਕਰ ਸਿੰਘ, ਮੁਕੱਦਮਾ ਤਸੀਲਦਾਰ ਬਿਸਨਾਥ ਦਾ ਨਹੀਂ, ਤਸੀਲਦਾਰ ਹਰਗੌਰੀ ਦਾ ਹੈ। ਪੁਛੋ ਕਿਵੇਂ ?...ਤਾਂ ਗੱਲ ਇਹ ਹੈ ਕਿ ਅਸਲ ਵਿਚ ਇਹ ਸਾਰੀ ਚੱਕ-ਥੱਲ, ਬੇਦਖਲੀ ਨੀਲਾਮੀ ਤਾਂ ਹਰਗੌਰੀ ਬਾਬੂ ਨੇ ਹੀ ਸ਼ੁਰੂ ਕੀਤੀ ਸੀ। ਸਾਥੋਂ ਵਧ ਕੌਣ ਜਾਣਦਾ ਹੈ ?...ਤਸੀਲਦਾਰੀ ਕੰਮ ਕਾਜ ਨੂੰ ਤੁਸੀਂ ਕੀ ਸਮਝੋਗੇ ? ਜੇ ਬੇਦਖਲੀ ਤੇ ਨਵੀਂ ਬੰਦੋਬਸਤੀ ਦੀ ਗੱਲ ਨਾ ਉਠਦੀ ਤਾਂ ਪਿੰਡ ਵਿਚ ਇਹ ਲੰਕਾ-ਕਾਂਡ ਨਾ ਹੁੰਦਾ। ਪਹਿਲਾਂ ਤਾਂ ਤਸੀਲਦਾਰ ਹਰਗੌਰੀ ਨੇ ਹੀ ਸ਼ੁਰੂ ਕੀਤਾ। ਤਸੀਲਦਾਰ ਬਿਸਨਾਥ ਉਨ੍ਹਾਂ ਦੇ ਮਦਤਗਾਰ ਬਣੇ ਤਾਂ ਇਨ੍ਹਾਂ ਦੀ ਜ਼ਮੀਨ ਤੇ ਸੰਥਾਲਾਂ ਨੇ ਧਾਵਾ ਕਰ ਦਿਤਾ। ਹੁਣ ਦਸੋ ਕਿ ਅਸਲ ਵਿਚ ਇਹ ਮੁਕੱਦਮਾ ਕਿਸ ਦਾ ਹੋਇਆ ? ਅਸਲੀ ਗੱਲ ਅਸੀਂ ਜਾਣਦੇ ਹਾਂ...ਦਾਰੋਗੇ ਨੂੰ ਦਸ ਹਜ਼ਾਰ ਦੇਣੇ ਹੀ ਪੈਣਗੇ।

ਖਿਲਾਵਨ ਕਹਿੰਦਾ ਹੈ—"ਤਸੀਲਦਾਰ, ਹੁਣ ਜਿਵੇਂ ਵੀ ਹੋਵੇ ਸਾਰੇ ਹੀ ਸਲਾਹ

ਕਰਕੇ ਪਿੰਡ ਦੇ ਇਸ ਗਰੋਹ ਨੂੰ ਟਾਲੇ ।"

"ਰਾਮ ਕਿਰਪਾਲ ਭਰਾ ਹੈ ਨਹੀਂ, ਅਸੀਂ ਕੀ ਕਹਾਂਗੇ ?" ਸ਼ਿਵ ਸ਼ੰਕਰ ਸਿੰਘ ਬਸ ਇਹੋ ਹੀ ਇਕ ਜਵਾਬ ਦਿੰਦੇ ਹਨ ।

ਬੜੀ ਦੇਰ ਤੋਂ ਬਾਦ ਜੋਤਖੀ ਜੀ ਕਹਿੰਦੇ ਹਨ — "ਜੋਵੀ ਹੋਵੇ, ਨਿਆਂ ਦੀ ਗੱਲ ਤਾਂ ਇਹੋ ਹੈ ਕਿ ਵਿਸ਼ਵਨਾਥ ਬਾਬੂ ਇਸ ਮੁਕੱਦਮੇ ਵਿਚ ਹਾਲੇ ਪੂਰੀ ਪੈਰਵੀ ਕਰਨ ।"

ਅੰਤ ਵਿਚ ਇਹੋ ਹੀ ਫੈਸਲਾ ਹੋਇਆ ਕਿ ਸਭ ਤੋਂ ਪਹਿਲਾਂ ਰਾਮ ਕਿਰਪਾਲ ਸਿੰਘ ਨੂੰ ਜਮਾਨਤ ਤੇ ਛੁਡਾਇਆ ਜਾਵੇ । ਉਸ ਪਿਛੋਂ ਸਾਰੇ ਹੀ ਬਹਿ ਕੇ, ਜੋ ਵੀ ਮੁਨਾਸਬ ਹੋਵੇ, ਸੋਚਣ । ਜਿਹੜਾ ਵੀ ਖਰਚਾ ਹੋਵੇਗਾ, ਸਿੰਘ ਜੀ ਲੋਕਾਂ ਨੂੰ ਦੇਣਾ ਪਵੇਗਾ ।

ਜੋਤਖੀ ਜੀ ਨੇ ਮੁਸਕਰਾਂਦਿਆਂ ਕਿਹਾ—"ਅਜ ਸੋਸ਼ਲਿਸਟ ਲੋਗ ਸੋਗ ਸਭਾ ਕਰਨ ਗਏ । ਇਕ ਵੀ ਬੰਦਾ ਸਭਾ ਵਿਚ ਨਹੀਂ ਗਿਆ । ਹੁਣ ਲੋਕ ਸਭਾ ਦਾ ਅਰਥ ਸਮਝ ਰਹੇ ਹਨ । ਹੂ ਕੋਈ ਵੀ ਗੱਲ ਹੋਵੇ ਤਾਂ ਝਟ ਸਭਾ । ਅਸੀਂ ਕਹਿੰਦੇ ਸੀ ਨਾ, ਪਿੰਡ ਵਿਚ ਇਕ ਦਿਨ ਇੱਲਾਂ ਕਾਂ ਉਡਣਗੇ ।"

"ਜੋਤਖੀ ਚਾਚਾ, ਸਭਾ-ਜਲੂਸ ਨੂੰ ਦੋਸ਼ ਨਾ ਦਿਉ ।" ਕਾਲੀਚਰਨ ਬਗਲ ਵਿਚ ਹਨੇਰੇ 'ਚ ਖਲੋਤਾ ਸੀ ।

"ਆਓ ਕਾਲੀ ।" ਤਹਿਸੀਲਦਾਰ ਸਾਹਿਬ ਹਸਦੇ ਹੋਏ ਕਹਿੰਦੇ ਹਨ—"ਤੁਹਾਨੂੰ ਗਵਾਹੀ ਦੇਣੀ ਹੋਵੇਗੀ, ਸੋ ਜਾਣਦੇ ਹੋ ਨਾ ? ਬਾਲਦੇਵ ਜੀ ਨੂੰ ਵੀ । ਤੁਹਾਡੇ ਦੋਵਾਂ ਲੀਡਰਾਂ ਦੀ ਗਵਾਹੀ ਤੇ ਹੀ ਸਾਰੀ ਗੱਲ ਹੈ ।"

ਕਾਲੀਚਰਨ ਨੇ ਮੂੜ੍ਹੇ ਤੇ ਬੈਠਦਿਆਂ ਕਿਹਾ" "ਗਵਾਹੀ ਦੇਣੀ ਪਵੇਗੀ ਤਾਂ ਦਿਆਂਗੇ । ਜਿਹੜੀ ਗੱਲ ਜਾਣਦੇ ਹਾਂ, ਉਹ ਦਸਣ 'ਚ ਕੀ ਹੈ । ਦਾਰੋਗਾ ਹੋਵੇ, ਇਸ ਪੀ ਭਾਵੇਂ ਮਜਿਸਟ-ਕਲਕਟਰ ਹੋਵੇ । ਸੱਚੀ ਗੱਲ ਕਹਿਣ 'ਚ ਕਿਦ੍ਹਾ ਡਰ ਹੈ ।"

"ਵਾਜਬ ਬਾਤ । ਵਾਜਬ ਬਾਤ ।" ਜੋਤਖੀ ਜੀ ਨੂੰ ਛਡ ਕੇ ਬਾਂਕੀ ਸਾਰੇ ਕਹਿੰਦੇ ਹਨ—'ਬਾਜਬ ਬਾਤ' ।

ਤਹਿਸੀਲਦਾਰ ਸਾਹਿਬ ਦਾ ਨੌਕਰ ਰਣਜੀਤ ਦੌੜਦਾ-ਹੌਂਕਦਾ ਹੋਇਆ ਆਉਂਦਾ ਹੈ—"ਕਮਲੀ, ਦੀਦੀ ..ਫੇਰ ।"

"ਤਾਂ ਇਥੇ ਕੀ ਹੈ ?...ਡਾਕਟਰ ਕੋਲ ਜਾਹ ।" ਤਹਿਸੀਲਦਾਰ ਸਾਹਿਬ ਝੁੰਜਲਾ ਕੇ ਉਠਦੇ ਹਨ ।...

"ਭਗਵਾਨ ਜਾਣੇ, ਕੀ ਦਵਾ ਦਿੰਦੇ ਨੇ ਡਾਕਟਰ ਲੋਕ । ਏਨੇ ਦਿਨ ਹੋ ਗਏ, ਬੀਮਾਰੀ ਸੋਲ੍ਹਾਂ ਆਨਿਆਂ ਤੋਂ ਬਾਰਾਂ ਆਨੇ ਵੀ ਨਹੀਂ ਹੋਈ ।"

...ਤਾਂ ਅਸਲੀ ਗੱਲ ਖੁਲ੍ਹ ਗਈ । ਮਾਮਲੇ ਮੁਕੱਦਮੇ ਦੀ ਜਿਹੜੀ ਸੋਲ੍ਹਾਂ ਆਨੇ ਗੱਲ ਹੈ, ਉਹ ਕਾਲੀਚਰਨ ਅਤੇ ਬਾਲਦੇਵ ਦੇ ਹੱਥ ਵਿਚ ਹੈ ।

"ਸ਼ਿਵ ਹੋ! ਸ਼ਿਵ ਹੋ।" ਜੋਤਖੀ ਚਾਚਾ ਉਠਦੇ ਹੋਏ ਕਹਿੰਦੇ ਹਨ, "ਕਾਲੀ ਬਾਬੂ, ਕਲ੍ਹ ਜ਼ਰਾ ਆਪਣਾ ਹੱਥ ਤਾਂ ਵਿਖਾਣਾ। ਦੇਖੀਏ, ਤੁਹਾਡੇ ਹੱਥ ਦੀ ਰੇਖਾ ਕੀ ਕਹਿੰਦੀ ਹੈ। ਜਨਮ ਦਿਨ ਤੇ ਮਹੀਨਾ ਯਾਦ ਹੈ ?"

ਜੋਤਖੀ ਜੀ ਦੇ ਢਿੱਡ ਵਿਚ ਡਰ ਸਮਾ ਗਿਆ ਹੈ--ਕਾਲੀਚਰਨ ਅਤੇ ਬਾਲਦੇਵ ਦੇ ਹੱਥ ਵਿਚ ਸਭ ਕੁਝ ਹੈ ਤਾਂ ਇਹ ਜਿਸ ਦਾ ਨਾਂ ਦਸ ਦੇਣ, ਉਹ ਫੜਿਆ ਜਾਵੇਗਾ–ਤੁਰਤ। ਅਤੇ ਕਾਲੀਚਰਨ ਹੀ ਕਿਉਂ ਬਾਲਦੇਵ ਵੀ ਉਨ੍ਹਾਂ ਤੇ ਮਨ ਹੀ ਮਨ 'ਚ ਨਾਰਾਜ ਹੈ।...ਬਾਲਦੇਵ ਦਾ ਤਾਂ ਉਨ੍ਹਾਂ ਨੂੰ ਡਰ ਨਹੀਂ, ਪਰ ਕਾਲੀਆ...ਸ਼ਿਵ ਹੋ! ਸ਼ਿਵ ਹੋ।

## ਤਰਤਾਲੀ

ਲੱਛਮੀ ਦਾਸਣ ਅਜ ਮਨ ਦੇ ਸਾਰੇ ਦੁਆਰੇ ਖੋਲ੍ਹ ਦੇਵੇਗੀ। ਇਹ ਲਕਸ਼ ਦੁਆਰ।

"ਬਾਲਦੇਵ ਜੀ।"

"ਜੀ।"

"ਰਾਮਦਾਸ ਫੇਰ ਬੌਰਾ ਗਿਆ ਹੈ। ਕਲ ਭੰਡਾਰੀ ਨੂੰ ਕਹਿ ਰਿਹਾ ਸੀ, ਲੱਛਮੀ ਨੂੰ ਕਹੋ, ਇਕ ਦਾਸੀ ਰਖਣ ਦੀ ਆਗਿਆ ਦੇ ਦੇਵੇ।...ਦਸੋ ਭਲਾ।"

ਬਾਲਦੇਵ ਜੀ ਕੀ ਜਵਾਬ ਦੇਣ ? ਦਾਸੀ ਰਖਣੀ ਧਰਮ ਦੇ ਖਿਲਾਫ਼ ਹੈ, ਇਹ ਉਨ੍ਹਾਂ ਨੂੰ ਨਹੀਂ ਪਤਾ।...ਦੋ ਤਿੰਨ ਮਹੀਨੇ ਹੀ ਹੋਏ ਨੇ, ਉਨ੍ਹਾਂ ਨੇ ਕੰਠੀ ਲੈ ਲਈ ਹੈ। ਮੱਠ ਦੇ ਨਿਯਮ–ਧਰਮ ਨੇਮ–ਟੇਮ ਦੇ ਬਾਰੇ ਉਹ ਕੀ ਕਹਿ ਸਕਦੇ ਨੇ।

ਪਰ ਮਹੰਥ ਸੇਵਾਦਾਸ ਨੇ ਵੀ ਤਾਂ...। ਲੱਛਮੀ ਕਹਿੰਦੀ ਹੈ, "ਤੁਸੀਂ ਉਹਨੂੰ ਸਮਝਾਓ ਬਾਲਦੇਵ ਜੀ! ਉਹ ਬੌਰਾ ਗਿਆ ਹੈ। ਅਜਕਲ ਤਤਮਾਂ ਟੋਲੀ ਵਿਚ ਆਉਣਾ ਜਾਣਾ ਸ਼ੁਰੂ ਕਰ ਦਿਤਾ ਹੈ। ਭਗਵਾਨ ਭਗਤ ਨੇ ਕਲ੍ਹ ਹਿਸਾਬ ਕੀਤਾ ਹੈ, ਰਾਮ ਪਿਆਰਿਆ ਦੀ ਮਾਂ ਨੂੰ ਚਾਰ ਸੇਰ ਚਾਵਲ ਦੁਆ ਦਿਤੇ ਨੇ ਰਾਮਦਾਸ ਨੇ। ਮੈਂ ਪੁਛਿਆ ਤਾਂ ਬੋਲਿਆ—"ਮੱਠ ਦੇ ਪੁਰਾਣੇ ਨੌਕਰ ਨੇ, ਭੁਖ ਨਾਲ ਮਰਨਗੇ ਉਹ ਲੋਕ ? ਜਦੋਂ ਦਿਨ ਭਰ ਬੈਠਕੇ ਸਿਰਫ਼ ਬੀਜਕ ਵਾਚਣ ਵਾਲਾ ਦੁੱਧ ਮਿਲਾਈ ਖਾਂਦਾ ਹੈ ਤਾਂ...।" ਲੱਛਮੀ ਕਹਿੰਦੀ–ਕਹਿੰਦੀ ਰੁਕ ਜਾਂਦੀ ਹੈ।

ਬਾਲਦੇਵ ਜੀ ਅਜ ਕਲ੍ਹ ਕੁਝ ਮਤਿਸੁੰਨ ਹੋ ਗਏ ਨੇ। ਸਿੱਧੀ ਗੱਲ ਵੀ ਸਮਝ 'ਚ ਨਹੀਂ ਆਉਂਦੀ।...ਕੁਝ ਨਹੀਂ ਸਮਝਦੇ। ਕਿੰਨੇ ਸਿੱਧੇ ਸੁੱਧੇ ਨੇ।

"ਤੁਹਾਡਾ ਮੱਠ 'ਚ ਰਹਿਣਾ ਉਹਨੂੰ ਪਸੰਦ ਨਹੀਂ।" ਲੱਛਮੀ ਬਾਲਦੇਵ ਵਲ

ਤਕਦੀ ਹੈ ।

"ਤਾਂ ਅਸੀਂ ਚਲੇ ਜਾਂਦੇ ਹਾਂ । ਜੇ ਸਾਡੇ ਰਹਿਣ ਨਾਲ ਮੱਠ ਦਾ ਨਿਯਮ ਭੰਗ ਹੁੰਦਾ ਹੈ ਤਾਂ ਅਸੀਂ ਚਲੇ ਜਾਂਦੇ ਹਾਂ ।"

"ਕਿਥੇ ਜਾਵੋਗੇ ?'

"ਚੰਨ ਪੱਟੀ ।"

ਲੱਛਮੀ ਦਾ ਕਲੇਜਾ ਧੜਕ ਉਠਦਾ ਹੈ—ਧਕ...। ਏਧਰ ਕਈ ਦਿਨਾਂ ਤੋਂ ਬਾਲਦੇਵ ਜੀ ਬਹੁਤ ਉਦਾਸ ਰਹਿੰਦੇ ਹਨ। ਖਾਣਾ ਪੀਣਾ ਵੀ ਘਟ ਗਿਆ ਹੈ । ਕਿਤੇ ਘੁੰਮਨ ਫਿਰਨ ਵੀ ਨਹੀਂ ਜਾਂਦੇ । ਆਸਣ ਤੇ ਪਏ ਬੀਜਕ ਪਾਠ ਕਰਦੇ ਰਹਿੰਦੇ ਨੇ । ਤਹਿਸੀਲਦਾਰ ਸਾਹਿਬ ਕਹਿ ਗਏ ਨੇ—"ਬਾਲਦੇਵ ਦੀ ਗਵਾਹੀ ਤੇ ਹੀ ਮੁਕੱਦਮੇ ਦੀ ਸਾਰੀ ਗੱਲ ਹੈ ।" ਬਾਲਦੇਵ ਜੀ ਸੁਣ ਕੇ ਬੋਲੇ ।

"ਗਵਾਹੀ ਲਈ ਅਸੀਂ ਕਟਹਿਰੇ ਵਿਚ ਨਹੀਂ ਖਲੋ ਸਕਦੇ ।" ਮਹਾਤਮਾ ਜੀ ਨੇ ਕਿਹਾ । ਹੈ"ਝਗੜੂ ਨ ਜਾਹੂ ਕਚਹਿਰੀਆਂ, ਬੇਇਨਵਾਂ ਕੇ ਠਾਠ ਜਹਾਂ ।" ਅਜ ਮੱਠ ਸੁੰਨਾ ਹੈ, ਅਜ ਹੀ ਲਛਮੀ ਸਭ ਕੁਝ ਕਹਿ ਦੇਵੇਗੀ ਬਾਲਦੇਵ ਜੀ ਨੂੰ ।

"ਤੁਸੀਂ ਚੰਨ ਪੱਟੀ ਚਲੇ ਜਾਵੋਗੇ...ਤਾਂ ਮੈਂ ?"

"ਤੁਸੀਂ ?"

ਲੱਛਮੀ ਬਾਲਦੇਵ ਦੀਆਂ ਅੱਖਾਂ ਵਿਚ ਅੱਖਾਂ ਪਾ ਕੇ ਵੇਖਦੀ ਹੈ । ਲੱਛਮੀ ਜਦੋਂ ਜਦੋਂ ਵੀ ਇਸ ਤਰ੍ਹਾਂ ਵੇਖਦੀ ਹੈ, ਬਾਲਦੇਵ ਪਤਾ ਨਹੀਂ ਕਿਥੇ ਗੁਆਚ ਜਾਂਦਾ ਹੈ ।... ਇਕ ਮਨੋਹਰ ਸੁਗੰਧ ਹਵਾ 'ਚ ਫੈਲ ਜਾਂਦੀ ਹੈ । ਪਵਿਤਰ ਸੁਗੰਧ । ਬੀਜਕ 'ਚੋਂ ਜਿੰਦਾਂ ਦੀ ਸੁਗੰਧ ਨਿਕਲਦੀ ਹੈ ।

"ਹਾਂ ਮੈਂ ਕਿਥੇ ਜਾਵਾਂਗੀ ? ਮੇਰਾ ਕੀ ਬਣੇਗਾ ? ਮਹੰਥ ਦੀ ਦਾਸੀ ਬਣ ਕੇ ਹੀ ਮੈਂ ਮੱਠ ਵਿਚ ਰਹਿ ਸਕਦੀ ਹਾਂ ।" ਲੱਛਮੀ ਦੀਆਂ ਅੱਖਾਂ ਭਰ ਜਾਂਦੀਆਂ ਹਨ ।

"ਨਹੀਂ ਲੱਛਮੀ ਤੂੰ ਰਾਮਦਾਸ ਦੀ ਦਾਸੀ ਨਹੀਂ ।

"ਮੈਂ...ਤੂੰ...ਆਪ ..।"

"ਬਾਲਦੇਵ ਜੀ ।" ਲੱਛਮੀ ਪਾਗਲਾਂ ਵਾਂਗ ਬਾਲਦੇਵ ਜੀ ਨਾਲ ਲਿਪਟ ਜਾਂਦੀ ਹੈ—"ਰਖਿਆ ਕਰੋ ਬਾਲਦੇਵ ਜੀ । ਤੁਸੀਂ ਕਹਿ ਦਿਓ ਇਕ ਵਾਰ—ਤੈਨੂੰ ਰਾਮਦਾਸ ਦੀ ਦਾਸੀ ਨਹੀਂ ਬਣਨ ਦਿਆਂਗਾ । ਤੁਸੀਂ ਕਹੋ—ਚੰਨ ਪੱਟੀ ਨਹੀਂ ਜਾਵਾਂਗਾ । ਮੈਨੂੰ ਛਡ ਕੇ ਨਾ ਜਾਵੋ ਬਾਲਦੇਵ । ਦੁਹਾਈ ।"

"ਲੱਛਮੀ !" ਬਾਲਦੇਵ ਜੀ ਲੱਛਮੀ ਨੂੰ ਸੰਭਾਲਦੇ ਹੋਏ ਕਹਿੰਦੇ ਹਨ—"ਕੋਈ ਵੇਖ ਲਵੇਗਾ ।"

ਲੱਛਮੀ ਬਾਲਦੇਵ ਜੀ ਦੇ ਗਲੋਂ ਹੱਥ ਛੁਡਾ ਕੇ ਅੱਡ ਬੈਠ ਜਾਂਦੀ ਹੈ । ਸਿਰ ਨੀਵਾਂ

ਕਰਕੇ ਸਿਸਕਦੀ ਹੈ।

ਬਾਲਦੇਵ ਦੀ ਸਾਰੀ ਦੇਹ ਝੱਨ-ਝੱਨ ਕਰ ਰਹੀ ਹੈ। ਪੁੜਪੁੜੀ ਕੋਲ, ਜਾਪਦਾ ਹੈ।... ਤਪਾਏ ਹੋਏ ਨਮਕ ਦੀ ਪੋਟਲੀ ਹੈ।...ਇਕ ਵਾਰ ਆਸ਼ਰਮ ਵਿਚ ਦਰਦ ਹੋਇਆ ਸੀ। ਗਾਂਗੁਲੀ ਜੀ ਨੇ ਨਮਕ ਦੀ ਪੋਟਲੀ ਨਾਲ ਸੇਕਣ ਲਈ ਕਿਹਾ ਸੀ।...ਕਲੇਜਾ ਧਕ-ਧਕ ਕਰ ਰਿਹਾ ਹੈ। ਲੱਛਮੀ ਦੀ ਬਾਂਹ ਬਿਲਕੁਲ ਬਾਲਦੇਵ ਦੀ ਨੱਕ ਨਾਲ ਲਗ ਗਈ ਸੀ। ਲੱਛਮੀ ਦੇ ਰੋਮ ਰੋਮ 'ਚੋਂ ਪਵਿਤਰ ਸੁਗੰਧੀ ਨਿਕਲਦੀ ਹੈ। ਚੰਦਨ ਵਰਗੀ ਮਨੋਹਰ ਸੀਤਲ ਗੰਧ ਨਿਕਲ ਰਹੀ ਹੈ। ਬਾਲਦੇਵ ਦਾ ਮਨ ਇਸ ਸੁਗੰਧ ਵਿਚ ਡੁਬ-ਉਭਰ ਰਿਹਾ ਹੈ ਉਹ ਲੱਛਮੀ ਨੂੰ ਛੱਡ ਕੇ ਚੰਨ ਪੱਟੀ ਵਿਚ ਕਿਵੇਂ ਰਹਿ ਸਕੇਗਾ?... ਰੂਪਮਤੀ ਮਾਇ ਜੀ, ਲੱਛਮੀ।

"ਮਹਾਤਮਾ ਜੀ ਦੇ ਪੰਥ ਨੂੰ ਨਾ ਛੱਡਿਓ ਬਾਲਦੇਵ ਜੀ! ਮਹਾਤਮਾ ਜੀ ਅਵਤਾਰੀ ਪੁਰਖ ਹਨ। ਅਜਕਲ ਉਦਾਸ ਕਿਉਂ ਰਹਿੰਦੇ ਹੋ? ਮਹਾਤਮਾ ਜੀ ਤੇ ਭਰੋਸਾ ਰਖੋ। ਜਿਸ ਨੈਣ ਨਾਲ ਮਹਾਤਮਾ ਜੀ ਦਾ ਦਰਸ਼ਨ ਕੀਤਾ ਹੈ, ਉਹਦੇ 'ਚ ਪਾਪ ਨੂੰ ਨਾ ਪਸਰਣ ਦਿਓ। ਜਿਸ ਕੰਨ ਨਾਲ ਮਹਾਤਮਾ ਜੀ ਦੇ ਉਪਦੇਸ਼ ਨੂੰ ਸਰਬਨ ਕੀਤਾ ਹੈ, ਉਹਦੇ 'ਚ ਮਾਇਆ ਦੀ ਮਿੱਠੀ ਬੋਲੀ ਨੂੰ ਨਾ ਜਾਣ ਦਿਉ। ਮਹਾਤਮਾ ਜੀ ਸਤਿਗੁਰੂ ਦੇ ਭਗਤ ਹਨ।" ਲੱਛਮੀ ਅੱਖਾਂ ਮੀਟ ਕੇ ਧਿਆਨ ਦੀ ਆਸਣੀ ਤੇ ਬੈਠੀ ਹੈ। ਸਫੇਦ ਮਲਮਲ ਦੀ ਸਾੜ੍ਹੀ ਤੇ ਬਿਖਰੇ ਹੋਏ ਲੰਮੇ ਲੰਮੇ ਕਾਲੇ ਵਾਲ।...ਅਤੇ ਗੋਰਾ ਮੁੱਖ ਮੰਡਲ! ਧਿਆਨ ਆਸਣ ਤੇ ਇਸ ਤਰ੍ਹਾਂ ਬੈਠ ਕੇ ਉਪਦੇਸ਼ ਦੇਣ ਵਾਲੀ ਇਹ ਲੱਛਮੀ ਕੋਈ ਹੋਰ ਹੈ।...ਬਾਲਦੇਵ ਜੀ ਦੇ ਹੱਥ ਆਪਣੇ ਆਪ ਹੀ ਜੁੜ ਜਾਂਦੇ ਹਨ।

ਲੱਛਮੀ ਦੀ ਪਵਿਤਰ ਆਤਮਾ ਦੀ ਵਾਣੀ ਫੇਰ ਮੁਖਰਿਤ ਹੁੰਦੀ ਹੈ—'ਦੁਨੀਆਂ ਦੇ ਦੋਖ-ਗੁਣ ਨੂੰ ਦੇਖਣ ਤੋਂ ਪਹਿਲਾਂ ਆਪਣੀ ਕਾਇਆ ਨੂੰ ਨਿਹਾਰੋ! ਮਨ ਮੈਲਾ ਤਨ ਸੁਥਰੇ, ਉਲਟੀ ਜੱਗ ਕੀ ਰੀਤ।...ਪਹਿਲਾਂ ਮਨ ਨੂੰ ਸਾਫ ਕਰੋ। ਮਨ ਪਵਿਤਰ ਨਹੀਂ, ਇਸ ਲਈ ਉਹ ਦੁਖੀ ਹੁੰਦਾ ਹੈ, ਨਿਰਾਸ ਹੁੰਦਾ ਹੈ। ਤੁਸੀਂ ਪਥ ਤੇ ਉਦਾਸ ਹੋ ਕੇ ਕਿਉਂ ਬਹਿ ਰਹੇ ਹੋ...ਡਰਦੇ ਕਿਉਂ ਹੋ?..."

ਚਲਤੇ ਚਲਤੇ ਪਗੁ ਥਕਾ,
ਨਗਰ ਰਹਾ ਨੌਂ ਕੋਸ।
ਬੀਚਹਿੰ ਮੇਂ ਡੇਰਾ ਪਰਾ,
ਕਹਹੁ ਕੌਨ ਕਾ ਦੋਖ।

ਬਾਲਦੇਵ ਨੂੰ ਜਾਪਦਾ ਹੈ, ਖੁਦ ਭਾਰਤ ਮਾਤਾ ਬੋਲ ਰਹੀ ਹੈ। ਇਹੋ ਰੂਪ ਹੈ। ਬਿਲਕੁਲ ਇਹੋ ਹੀ ਰੂਪ ਹੈ। ਜਿਨ੍ਹਾਂ ਦੇ ਪੈਰ ਖ਼ੂਨ ਨਾਲ ਲਥਪੱਥ ਨੇ। ਜਿੰਨ੍ਹਾਂ ਦੇ

ਵਾਲ ਬਿਖਰੇ ਹੋਏ ਨੇ।...ਬਾਵਨ ਦਾਸ ਕਹਿੰਦਾ ਸੀ, ਭਾਰਤ ਮਾਤਾ ਜ਼ਾਰ-ਬੇਜ਼ਾਰ ਰੋ ਰਹੀ ਹੈ। ਨਹੀਂ ਮਾਂ ਰੋ ਨਹੀਂ ਰਹੀ...। ਹੁਣ ਪੱਥ ਦਰਸਾ ਰਹੀ ਹੈ: ਠੀਕ ਪੱਥ ਤੇ ਗਲਤ ਕੰਮ ਕਰਨ ਵਾਲਿਆਂ ਨੂੰ ਚੇਤਾ ਕਰਾ ਰਹੀ ਹੈ। ਬਾਵਨ ਦਾਸ 'ਭਰਮ' ਗਿਆ ਹੈ।...ਅਤੇ ਖੁਦ ਬਾਲਦੇਵ, ਮਹਾਤਮਾ ਜੀ ਦੇ ਪੱਥ ਤੇ ਨਿਰਾਸ ਅਤੇ ਉਦਾਸ ਹੋ ਕੇ ਚਲ ਰਿਹਾ ਹੈ।

"ਭਾਰਥ ਮਾਤਾ ਦੀ ਜੈ! ਮਹਾਤਮਾ ਜੀ ਦੀ ਜੈ! ਭਾਰਥ ਮਾਤਾ, ਭਾਰਥ ਮਾਤਾ।"

ਮਹੰਤ ਰਾਮਦਾਸ ਬੜੀ ਦੇਰ ਤੋਂ ਕਨਲ ਗਾਠ ਦੀ ਓਟ ਵਿਚ ਖਲੋ ਕੇ ਦੇਖ-ਸੁਣ ਰਹੇ ਸਨ। ..ਧਿਆਨ ਆਸਣ ਤੇ ਬੈਠੀ ਹੋਈ ਲੱਛਮੀ ਉਪਦੇਸ਼ ਦੇ ਰਹੀ ਹੈ ਅਤੇ ਬਾਲਦੇਵ ਜੀ ਹਥ ਜੋੜੀ ਇਕ-ਟਕ ਲੱਛਮੀ ਨੂੰ ਦੇਖ ਰਹੇ ਹਨ। ਅਚਾਨਕ ਬਾਲਦੇਵ ਜੀ ਲੱਛਮੀ ਦੇ ਚਰਣ ਫੜ ਕੇ ਹੱਲਾ ਕਰਨ ਲਗੇ—ਭਾਰਤ ਮਾਤਾ ਦੀ ਜੈ।

'ਭੰਡਾਰੀ! ਭੰਡਾਰੀ।" ਮਹੰਥ ਰਾਮਦਾਸ ਪਿਛਵਾੜੇ ਵਲ ਨਸਦੇ ਹੋਏ ਚੀਕਦੇ ਹਨ—"ਭੰਡਾਰੀ! ਬਾਲਦੇਵ ਪਾਗਲ ਹੋ ਗਿਆ! ਦੌੜ।"

ਮੱਠ ਵਿਚ ਤੁਰੰਤ ਭੀੜ ਲਗ ਗਈ। ਡਾਕਟਰ ਸਾਹਿਬ, ਤਹਿਸੀਲਦਾਰ ਸਾਹਿਬ, ਕਾਲੀਚਰਨ ਅਤੇ ਖਿਲਾਵਨ ਯਾਦਵ ਵੀ ਆਏ ਹਨ। ਬਾਲਦੇਵ ਦੀ ਬੁੱਢੀ ਮਾਸੀ ਵਿਚ-ਵਿਚ ਗੌਂ ਕੇ ਰੋਣ ਦੀ ਤਿਆਰੀ ਕਰਦੀ ਹੈ, ਪਰ ਇਕ ਸਾਰ ਹੀ ਏਨੇ ਲੋਕ ਡਾਂਟ ਦਿੰਦੇ ਹਨ ਕਿ ਉਹ ਚੁਪ ਹੋ ਜਾਂਦੀ ਹੈ, ਅਤੇ ਵਾਰੀ ਵਾਰੀ ਨਾਲ ਸਭ ਦੇ ਚਿਹਰਿਆਂ ਵਲ ਤਕਦੀ ਹੈ। ਕੁਝ ਦੇਰ ਪਿਛੋਂ ਉਹ ਫੇਰ ਸ਼ੁਰੂ ਕਰਦੀ ਹੈ—"ਬਾਬੂ ਵੇ।"

"ਓਇ ਬੁੱਢੀ ਈ! ਠਹਿਰ...ਚੁਪ।"

ਡਾਕਟਰ ਸਾਹਿਬ ਬਾਲਦੇਵ ਦੀ ਬਾਂਹ ਵਿਚ ਰਬੜ ਦੀ ਪੱਟੀ ਬੰਨ੍ਹ ਕੇ, ਮੁੱਠੀ ਨਾਲ ਇਕ ਛੋਟੀ ਜਿਹੀ ਗੇਂਦ ਨੂੰ ਘੁਟਦੇ ਹਨ। ਉਹ ਇਸੇ ਮਸੀਨ ਨਾਲ ਤਾਂ ਤਸੀਲਦਾਰ ਦੀ ਧੀ ਕਮਲੀ ਦੀ ਵੀ ਪਰਖ ਹੁੰਦੀ ਹੈ। ਉਹ।

ਬਾਲਦੇਵ ਜੀ ਵਾਰ-ਵਾਰ ਬਾਹਾਂ ਅਕੜਾ ਕੇ, ਹੱਥ ਛੁਡਾ ਕੇ ਉਠ ਖਲੋਂਦੇ ਹਨ, "ਤੁਸੀਂ ਲੋਕ ਕੀ ਸਮਝਦੇ ਹੋ, ਮੈਂ ਪਾਗਲ ਹੋ ਗਿਆ ਹਾਂ? ਕਦੀ ਨਹੀਂ, ਹਰਗਿਸ ਨਹੀਂ।...ਸਾਨੂੰ ਪਾਗਲ ਕਹਿੰਦੇ ਹੋ? ਇਸ ਪਿੰਡ ਵਿਚ ਕੀ ਸੀ? ਕੋਈ ਜਾਣਦਾ ਵੀ ਸੀ ਇਸ ਪਿੰਡ ਦਾ ਨਾਂ? ਇਸ ਨੂੰ ਹੋਲ ਇੰਡੀਆ ਵਿਚ ਮਸ਼ਹੂਰ ਕਿੰਨੇ ਕੀਤਾ, ਸਾਨੂੰ ਛਡ ਦਿਉ। ਅਸੀਂ ਮਹਾਤਮਾ ਜੀ ਦੇ ਪੱਥ ਤੋਂ ਨਹੀਂ ਹਟ ਸਕਦੇ।"

ਭੀੜ ਵਿਚੋਂ ਕੋਈ ਕਹਿੰਦਾ ਹੈ—"ਮੱਠ ਵਿਚ ਰਹਿਣ ਨਾਲ ਗਾਂਜਾ ਪੀਣ ਦੀ ਆਦਤ ਪੈ ਜਾਂਦੀ ਹੈ।"

"ਕੌਣ ਕਹਿੰਦਾ ਹੈ ਅਸੀਂ ਗਾਂਜਾ ਪੀਂਦੇ ਹਾਂ?...ਦਾਰੂ-ਗਾਂਜਾ ਭੰਗ ਦੀ ਦੁਕਾਨ ਵਿਚ ਪਿਕਟਿਨ ਕੀਤੀ ਹੈ, ਅਸਾਂ, ਅਤੇ ਗਾਂਜਾ ਪੀਵਾਂਗੇ? ਛੀ: ਛੀ:। ਅਸੀਂ ਮਹਾਤਮਾ

ਜੀ ਦੇ ਪੰਥ ਨੂੰ ਕਦੀ ਨਹੀਂ ਛਡ ਸਕਦੇ । ਸਾਥੀ ਨੇ ਮਹਾਤਮਾ ਜੀ ।"

ਬਾਲਦੇਵ ਦੀ ਬੁੱਢੀ ਮਾਸੀ ਹੁਣ ਨਹੀਂ ਮੰਨਦੀ। ਉਹ ਕੀਰਨੇ ਪਾ ਰਹੀ ਹੈ—"ਡਾਕਡਰ ਤਸੀਲਦਾਰ ਦੀ ਧੀ ਕਮਲਾ ਦੀ ਬੀਮਾਰੀ ਨੂੰ ਲਾਹ ਕੇ ਬਾਲਦੇਵ 'ਤੇ ਚੜ੍ਹਾ ਰਿਹਾ ਹੈ। ਇਹ ਭਲੇ ਬੰਦੇ ਦਾ ਕੰਮ ਨਹੀਂ। ਤਸੀਲਦਾਰ ਦੀ ਧੀ ਹਾਲੇ ਤਕ ਕੁਆਰੀ ਐ। ਹੇ ਭਗਵਾਨ। ਹੁਣ ਬਾਲਦੇਵ ਦਾ ਵਿਆਹ ਨਹੀਂ ਹੋਵੇਗਾ। ਦੇਬਾ ਵੇਦੇਬਾ ।"

"ਬਾਲਦੇਵ ਜੀ।" ਲੱਛਮੀ ਕਹਿੰਦੀ ਹੈ, "ਚਿੱਤ ਨੂੰ ਸ਼ਾਂਤ ਕਰੋ।"

"ਉਹ। ਲੱਛਮੀ।...ਲੱਛਮੀ ਦਾਸਣ। ਸਹੇਬ ਬੰਦਗੀ। ਠੀਕ, ਹੈ, ਕੋਈ ਗੱਲ ਨਹੀਂ। ਸਾਡੇ ਤੇ ਕਦੀ ਕਦੀ ਮਹਾਤਮਾਂ ਜੀ ਦਾ 'ਭਾਰ' ਪੈਂਦਾ ਹੈ। ਚੁੰਨੀ ਗੁਸਾਈਂ ਨੂੰ ਤਾਂ ਰੋਜ਼ ਸਰਘੀ ਵੇਲੇ ਪੈਂਦਾ ਹੈ।" ਬਾਲਦੇਵ ਜੀ ਚੁਪਚਾਪ ਬੈਠ ਜਾਂਦੇ ਹਨ।

"ਡਾਕਟਰ ਸਾਬ੍ਹ। ਬਾਲਦੇਵ ਜੀ ਪਿਛਲੇ ਕਈ ਦਿਨਾਂ ਤੋਂ ਬੜੇ ਉਦਾਸ ਰਿਹਾ ਕਰਦੇ ਸਨ। ਰਾਤੀਂ ਨੀਂਦ ਪਤਾ ਨਹੀਂ ਆਉਂਦੀ ਸੀ ਜਾਂ ਨਹੀਂ। ਇਕ ਹਫਤਾ ਪਹਿਲਾਂ, ਇਕ ਦਿਨ ਬੁਖਾਰ ਚੜ੍ਹਿਆ ਸੀ। ਬੁਖਾਰ ਦੀਆਂ ਪੀਲੀਆਂ ਗੋਲੀਆਂ ਇਕੋ ਵਾਰ ਹੀ ਸੱਤ-ਅੱਠ ਖਾ ਗਏ।"

"ਪੀਲੀਆਂ ਗੋਲੀਆਂ ? ਸਤੇ ਇਕੋ ਵਾਰ ?" ਡਾਕਟਰ ਹੈਰਾਨੀ ਨਾਲ ਪੁੱਛਦਾ ਹੈ।

"ਜੀ। ਬੁਖਾਰ ਦੀਆਂ ਪੀਲੀਆਂ ਗੋਲੀਆਂ ਵੰਡਣ ਲਈ ਮਿਲੀਆਂ ਸਨ ਨਾਂ। ਉਨ੍ਹਾਂ ਵਿਚੋਂ ਸੱਤ-ਅੱਠ ਇਕੋ ਵਾਰ ਹੀ ਖਾ ਗਏ। ਕਹਿਣ ਲਗੇ ਕਿ ਨਿਤ-ਨਿਤ ਕਿਹੜਾ ਖਾਵੇ। ਇਕੋ ਵਾਰ ਸੱਤ ਦਿਨ ਦੀ ਖੁਰਾਕ ਲੈਂਦੇ ਹਾਂ।"

ਡਾਕਟਹ ਖੁਲ੍ਹ ਕੇ ਹਸਦਾ ਹੈ — "ਕਿੰਨਾਂ ਵਧੀਆ ਹਿਸਾਬ ਹੈ। ਬਾਲਦੇਵ ਜੀ, ਦਸ ਦਿਨਾਂ ਤਕ ਘੋਲ ਦਾ ਸ਼ਰਬਤ ਪੀਵੋ। ਠੀਕ ਹੋ ਜਾਵੋਗੇ।... ਕੁਝ ਨਹੀਂ ਹੋਇਆਂ ਦਵਾ ਦੀ ਗਰਮੀ ਹੈ।"

ਰਾਮਕਿਰਪਾਲ ਸਿੰਘ ਕਹਿੰਦੇ ਹਨ — "ਬਦਾਨਾਂ, ਅਨਾਰ, ਸੰਤਰੇ ਦਾ ਰਸ ਤਾਂ ਠੰਡਾ ਹੁੰਦਾ ਹੈ। ਗਰਮੀ ਨੂੰ ਸ਼ਾਂਤ ਕਰੇਗਾ।...ਜੇਲ੍ਹ ਵਿਚ ਅਸੀਂ ਸਿਰਫ ਬਦਾਨਾਂ ਸੰਤਰਾ ਖਾ ਕੇ ਰਹਿੰਦੇ ਸਾਂ। ਹਾਲੇ ਵੀ ਮੇਰੇ ਕੋਲ ਬਦਾਨਾਂ ਹੈ ਵੇ।"

ਬਾਲਦੇਵ ਅਤੇ ਕਾਲੀਚਰਨ ਦੇ ਬਿਆਨ ਉਪਰ ਹੀ ਨਿਰਭਰ ਹੈ। ਜਿਸ ਨੂੰ ਚਾਹੁਣ ਫਸਾ ਦੇਣ, ਭਾਵੇਂ ਬਚਾ ਲੈਣ। ਖੁਦ ਦਾਰੋਗਾ ਸਾਬ੍ਹ ਕਹਿੰਦੇ ਸਨ ਕਿ ਬਾਲਦੇਵ ਦੀ ਗਵਾਹੀ ਦੀ ਬੜੀ ਕੀਮਤ ਹੈ।

ਖਿਲਾਵਨ ਸਿੰਘ ਯਾਦਵ ਅੱਜ ਕਲ ਕਾਲੀਚਰਨ ਦਾ ਅੱਗਾ ਪਿੱਛਾ ਕਰਦੇ ਨੇ। ਪਾਟੀ ਆਫਿਸ ਨਾਲ ਇਕ ਚੋਖੜਾ ਘਰ ਬਣਵਾ ਦੇਣਗੇ, ਕਹਿੰਦੇ ਨੇ, 'ਸਾਥੀ ਨਿਵਾਸ' ਘਰ। ਜਿੰਦਾ ਦਾ ਘਰ ਜਿਲਾ ਪਾਟੀ ਆਫ਼ਿਸ ਦਾ ਹੈ। ਮੀਟਿੰਗ ਦੇ ਦਿਨ ਜਿੰਨੇ ਸਾਥੀ ਆਉਂਦੇ ਨੇ, ਉਸੇ ਘਰ 'ਚ ਰਹਿੰਦੇ ਨੇ। ਜਿਹੜਾ ਸਕੱਤਰ ਹੋਵੇਗਾ ! ਉਹ ਆਫ਼ਿਸ

ਘਰ ਵਿਚ ਰਵ੍ਹੇਗਾ।...ਕਾਲੀਚਰਨ ਨੇ ਖਿਲਾਵਨ ਸਿੰਘ ਨੂੰ ਕਿਹਾ ਤਾਂ ਉਹ ਤੁਰਤ ਤਿਆਰ ਹੋ ਗਏ।

ਜੋਤਖੀ ਜੀ ਨੇ ਕਾਲੀਚਰਨ ਦਾ ਹੱਥ ਵੇਖਿਆ ਹੈ — ਬੜਾ ਨਛਤਰ ਬਲੀ ਹੈ ਕਾਲੀਚਰਨ। ਰਾਜ ਸਭਾ ਵਿਚ ਜਸ ਹੈ। ਧੀ-ਪੁੱਤਰ ਵੀ ਹੈ। ਧਨ ਵੀ ਹੈ। ਪਰ ਇਕ ਗ੍ਰਹਿ ਬੜਾ 'ਜੱਬੜ' ਹੈ......।"

ਸਿੰਘ ਜੀ ਬਲਦੇਵ ਜੀ ਨੂੰ ਬਦਾਨਾਂ ਸੰਤਰਾ ਖਾਣ ਲਈ ਮਨਾ ਰਹੇ ਹਨ—"ਖਾ ਲਵੋ ਬਾਲਦੇਵ ਬੜੀ ਪੁਸ਼ਟੀ ਕਾਰੀ ਚੀਜ਼ ਹੈ। ਦਵਾ ਦੀ ਗਰਮੀ ਦੂਰ ਹੋ ਜਾਵੇਗੀ।"

ਗਵਾਹੀ ਨੇ ਬਾਲਦੇਵ ਜੀ ਦੀ ਗੁਆਚੀ ਹੋਈ ਕੀਮਤ ਨੂੰ ਫੇਰ ਬਹੁਤ ਤੇਜ਼ ਕਰਦਿੱਤਾ ਹੈ।

ਬਾਲਦੇਵ ਜੀ ਕਹਿੰਦੇ ਹਨ—"ਮਹਾਤਮਾਂ ਜੀ ਦਾ ਰਸਤਾ ਅਸੀਂ ਕਦੀ ਨਹੀਂ ਛੱਡ ਸਕਦੇ। ਝਗੜੂ ਨਾ ਚਾਹੂ ਕਚਹਿਰੀਆਂ, ਦਲ ਲਵਾ ਕੇ ਠਾਠ ਜਹਾਂ।"

ਪਰ ਬਾਲਦੇਵ ਜੀ ਨੂੰ ਤਾਂ ਕੁਝ ਵੀ ਨਹੀਂ ਕਹਿਣਾ ਪਵੇਗਾ। ਉਨ੍ਹਾਂ ਨੂੰ ਪੁਛਿਆ ਜਾਵੇਗਾ ਕਿ ਇਹ ਦਸਖਤ ਤੁਹਾਡੇ ਹੀ ਹਨ ? ਇਹ ਕਹਿਣਗੇ—ਹਾਂ। ਬਸ ਹੋਰ ਕੁਝ ਕਹਿਣਾ ਹੀ ਨਹੀਂ ਹੈ। ਦਸਖਤ ਤਾਂ ਬਾਲਦੇਵ ਜੀ ਨੇ ਕੀਤਾ ਸੀ। ਇਹ ਤਾਂ ਝੂਠੀ ਗੱਲ ਨਹੀਂ। ਕਾਲੀਚਰਨ ਨੇ ਵੀ ਕੀਤਾ ਸੀ। ...... ਭਾਵੇਂ ਕਿਵੇਂ ਵੀ ਹੋਵੇ, ਬਾਲਦੇਵ ਜੀ ਨੂੰ ਗਵਾਹੀ ਦੇਣ ਲਈ ਰਾਜ਼ੀ ਕਰਨਾ ਹੀ ਪਵੇਗਾ, ਨਹੀਂ ਤਾਂ ਸਾਰੇ ਪਿੰਡ ਤੇ ਆਫ਼ਤ ਹੈ। ...ਕੁਠਾਰਨ ਲੱਛਮੀ ਦਾਸਣ ਨੂੰ ਤਹਿਸੀਲਦਾਰ ਸਾਹਿਬ ਸਮਝਾ ਕੇ ਕਹਿ ਦੇਣ ਤਾਂ ਗੱਲ ਠੀਕ ਹੋ ਜਾਵੇਗੀ।

## ਚੁਤਾਲੀ

ਏਧਰ ਕੁੱਝ ਦਿਨਾਂ ਤੋਂ ਡਾਕਟਰ ਮਾਸੀ ਕੋਲ ਬੜੀ ਦੇਰ ਤਕ ਬੈਠਣ ਲੱਗ ਪਿਆ ਹੈ। ਮਾਸੀ ਕੋਲ ਜਦੋਂ ਤਕ ਰਹਿੰਦਾ ਹੈ, ਇਉਂ ਜਾਪਦਾ ਹੈ, ਜਿਵੇਂ ਉਹ ਠੰਡੀ ਛਾਂ ਥੱਲੇ ਹੋਵੇ। ਕੰਮ ਵਿਚ ਜੀ ਨਹੀਂ ਲਗਦਾ। ਜਾਪਦਾ ਹੈ, ਉਹਦਾ ਸਾਰਾ ਉਤਸ਼ਾਹ ਸਿਪਿਰਿਟ ਵਾਂਗ ਉਡ ਗਿਆ ਹੈ। ਕੀ ਹੋਵੇਗਾ, ਮਾਨਵ-ਕਲਿਆਣ ਕਰਕੇ ? ਮੰਨ ਲਿਆ ਕਿ ਉਹਨੇ ਕਾਲਾ-ਆਜ਼ਾਰ ਦੀ ਇਕ ਰਾਮਬਾਣ ਔਸ਼ਧੀ ਦੀ ਖੋਜ ਕਰ ਲਈ ਅੰਮ੍ਰਿਤ ਦੀ ਇਕ ਛੋਟੀ ਸ਼ੀਸ਼ੀ ਉਹਦੇ ਹੱਥ ਆ ਗਈ। ਪਰ ਇਸ ਪਿਛੋਂ ? ਇਸ ਪਿਛੋਂ ਜੋ ਹੁੰਦਾ ਆਇਆ ਹੈ, ਹੋਵੇਗਾ। ਅਖੀਰ, ਪੰਜ ਆਨਿਆਂ ਵਾਲਾ ਇਕ ਏਂਪੂਲ ਪੰਜਾਹ ਰੁਪਏ ਤਕ ਵਿਕੇਗਾ। ਇਥੋਂ ਤਕ ਉਹਦੀ ਪਹੁੰਚ ਨਹੀਂ ਹੋਵੇਗੀ। ...ਅਤੇ ਇਥੋਂ ਦਾ ਆਦਮੀ ਜੀ ਕੇ ਕਰੇਗਾ ਵੀ ਕੀ ? ਅਜਿਹੀ ਜ਼ਿੰਦਗੀ ? ਪਸ਼ੂਆਂ ਤੋਂ ਵੀ

ਸਿੱਧੇ ਨੇ ਇਹ ਇਨਸਾਨ। ਪਸ਼ੂਆਂ ਤੋਂ ਵੀ ਵੱਧ ਖੂੰਖਾਰ ਹਨ ਇਹ। ...ਪੇਟ। ਇਹੋ ਹੀ ਇਨ੍ਹਾਂ ਦੀ ਵੱਡੀ ਕਮਜ਼ੋਰੀ ਹੈ। ਮੌਜੂਦਾ ਸਮਾਜਿਕ ਨਿਆਇ-ਵਿਧਾਨ ਨੇ ਇਨ੍ਹਾਂ ਨੂੰ ਅਪਣੀ ਸੈਂਕੜੇ ਬਾਹਵਾਂ ਵਿਚ ਜਕੜ ਕੇ ਏਨਾ ਲਾਚਾਰ ਕਰ ਦਿਤਾ ਹੈ ਕਿ ਇਹ ਬਿਰਕ ਤਕ ਨਹੀਂ ਸਕਦੇ। ...ਫੇਰ ਵੀ ਇਹ ਜੀਣਾਂ ਚਾਹੁੰਦੇ ਹਨ। ਉਹ ਉਨ੍ਹਾਂ ਨੂੰ ਬਚਾਉਣਾ ਚਾਹੁੰਦਾ ਹੈ। ਕੀ ਹੋਵੇਗਾ ?

ਮਾਸੀ ਕਹਿੰਦੀ ਹੈ, "ਪੁਤਰ। ਤੂੰ ਭਾਗਵਤ ਗੀਤਾ ਨਹੀਂ ਪੜ੍ਹਦਾ ?"

ਡਾਕਟਰ ਮਾਸੀ ਵਲ ਡੌਂਬਰ ਕੇ ਵੇਖਦਾ ਹੈ। ਜੇਲ੍ਹ 'ਚ ਉਹਨੇ 'ਗੀਤਾ ਰਹਿਸ' ਪੜ੍ਹਣ ਦੀ ਚੇਸ਼ਟਾ ਕੀਤੀ ਸੀ। ਮਮਤਾ ਵੀ ਸਦਾ ਗੀਤਾ ਤੇ 'ਰਾਮ-ਕ੍ਰਿਸ਼ਨ ਕਥਾ-ਅੰਮ੍ਰਿਤ' ਝੋਲੀ 'ਚ ਲਈ ਫਿਰਦੀ ਹੈ। ਸ਼ਾਇਦ ਸਮਝਦੀ ਵੀ ਹੋਵੇ। ਮਮਤਾ ਨੇ ਕਈ ਵਾਰ ਕਿਹਾ— ਫੁਰਸਤ ਵੇਲੇ ਗੀਤਾ ਜ਼ਰੂਰ ਪੜ੍ਹੋ ਨਹੀਂ ਸਮਝੋਂ, ਕੁਝ ਲਭੋ। ਕੁਝ ਨਾ ਕੁਝ ਜ਼ਰੂਰ ਮਿਲੇਗਾ।".. ਉਹ ਗੀਤਾ ਪੜ੍ਹੇਗਾ।

"ਡਾਕਟਰ ਸਾਬ੍ਹ ! ਜੈ ਹਿੰਦ।"

"ਆਓ ਕਾਲੀਚਰਨ। ਕੀ ਹਾਲ ਹੈ ? ਤੁਸੀਂ ਵੀ ਪੂਰਣੀਆਂ ਗਏ ਸੀ ਨਾ ?"

"ਜੀ। ਹੁਣੇ ਝੱਟ ਪੱਟ ਆ ਹੀ ਰਿਹਾ ਹਾਂ। ਉਮੀਦ ਹੈ, ਪਿੰਡ ਦੇ ਸਾਰੇ ਲੋਕ ਛੁੱਟ ਜਾਣਗੇ। ਸਾਨੂੰ ਤਾਂ ਸੱਤੇ ਬਾਬੂ ਵਕੀਲ ਨੇ ਬਹਿਸ ਵਿਚ ਬਹੁਤ ਭੰਨਣਾਂ ਚਾਹਿਆ, ਪਰ ਉਨ੍ਹਾਂ ਨੂੰ ਵੀ ਪਤਾ ਲੱਗ ਗਿਆ। ਬਾਲਦੇਵ ਜੀ ਦੀ ਗੱਲ ਅਸੀਂ ਨਹੀਂ ਜਾਣਦੇ। ਪਰ ਸੁਣਿਆਂ, ਉਹਨੇ ਵੀ ਖੂਬ ਡਟ ਕੇ ਜਵਾਬ ਦਿਤੇ ਨੇ। ...ਸਾਨੂੰ ਕਿਹਾ ਕਿ ਤੁਸੀਂ ਪੜ੍ਹਨਾ ਲਿਖਣਾ ਨਹੀਂ ਜਾਣਦੇ, ਤੁਸੀਂ ਦਸਖਤ ਕਰਨਾ ਨਹੀਂ ਜਾਣਦੇ। ਮੈਂ ਕਿਹਾ ਮੈਂ ਪੜ੍ਹਨਾ ਲਿਖਣਾ ਵੀ ਜਾਣਦਾ ਹਾਂ ਅਤੇ ਦਸਖਤ ਕਰਨਾ ਵੀ। ਦਾਰੋਗਾ ਸਾਬ੍ਹ ਦੇ ਸਾਹਮਣੇ ਵੀ ਦਸਖਤ ਕੀਤੇ ਸੀ। ਤੁਸੀਂ ਕਹੋ ਤਾਂ ਤੁਹਾਨੂੰ ਵੀ ਦਿਖਾ ਦਿਆਂ।... ਹਾਕਿਮ ਨੇ ਕਿਹਾ ਕਿ ਤੁਸੀਂ ਆਪਣਾ ਦਸਖਤ ਉਲੀਕੋ। ਸਾਨੂੰ ਵੀ ਕਿਤੇ ਚਸ਼ਮੇ ਦੀ ਜਰੂਰਤ ਸੀ ? ਫਟਾਕ ਦੇ ਕੇ ਉਲੀਕ ਦਿਤੇ।"

"ਪਰ ਜਿਸ ਕਾਗਜ਼ ਤੇ ਤੁਸੀਂ ਦਸਖਤ ਕੀਤੇ ਸਨ, ਉਸ ਉਪਰ ਕੀ ਲਿਖਿਆ ਹੋਇਆ ਸੀ ?" ਡਾਕਟਰ ਪੁਛਦਾ ਹੈ।

"ਕੀ ਲਿਖਿਆ ਹੋਇਆ ਸੀ ? ਉਹ ਤਾਂ ...ਉਹ ਤਾਂ ਨਹੀਂ ਪੜ੍ਹਿਆ। ਦਾਰੋਗਾ ਸਾਬ੍ਹ ਨੇ ਤਾਂ ਅੰਗਰੇਜ਼ੀ 'ਚ ਲਿਖਿਆ ਸੀ। ...ਸਰਕਾਰੀ ਕਾਗਜ਼ ਤੇ ਕੋਈ ਖਿਲਾਫ ਗੱਲ ਥੋੜ੍ਹੇ ਲਿਖੂਗਾ।"

"ਹੋ-ਹੋ-ਹੋ-ਹੋ।" ਡਾਕਟਰ ਖੁਲ੍ਹ ਕੇ ਹੱਸ ਪੈਂਦਾ ਹੈ—"ਅਤੇ ਬਾਲਦੇਵ ਜੀ ਨੇ ਵੀ ਇਹੋ ਹੀ ਕਿਹਾ ਹੋਵੇਗਾ।"

"ਹਾਂ, ਪਰ ਇਹਦੇ ਵਿਚ ਹੱਸਣ ਵਾਲੀ ਕਿਹੜੀ ਗੱਲ ਹੈ ?" ਕਾਲੀਚਰਨ ਜ਼ਰਾ

ਰੁੱਖਾ ਹੋ ਕੇ ਕਹਿੰਦਾ ਹੈ।

"ਹਾਂ, ਭਰਾਵਾ, ਹੱਸਣ ਦੀ ਗੱਲ ਨਹੀਂ।...ਗੱਲ ਰੋਣ ਵਾਲੀ ਹੈ, ਕਾਲੀਚਰਨ। ਮੈਨੂੰ ਤਾਂ ਕੁਝ ਕਹਿਣਾ ਨਹੀਂ ਚਾਹੀਦਾ ਪਰ...। ਇਹ ਨਾ ਸਮਝਣਾ ਕਿ ਸੰਥਾਲਾਂ ਦੀ ਜ਼ਮੀਨ ਛੁਡਾਕੇ ਹੀ ਜ਼ਮੀਂਦਾਰ ਸਬਰ ਕਰ ਲਵੇਗਾ। ਹੁਣ ਪਿੰਡ ਦੇ ਕਿਸਾਨਾਂ ਦੀ ਵਾਰੀ ਆਵੇਗੀ, ਅਤੇ ਤੁਹਾਨੂੰ ਤੇ ਬਾਲਦੇਵ ਜੀ ਨੂੰ ਹੀ ਉਨ੍ਹਾਂ ਨੇ ਆਪਣਾ ਪਹਿਲਾ ਹਥਿਆਰ ਬਣਾ ਕੇ ਇਸਤੇਮਾਲ ਕੀਤਾ ਹੈ। ਇਹ ਰੋਣ ਵਾਲੀ ਗੱਲ ਨਹੀਂ?" ...ਡਾਕਟਰ ਇਕੋ ਸਾਰੇ ਸਭ ਕੁਝ ਕਹਿ ਗਿਆ।

"ਪਰ...ਪਰ ਤੁਸਾਂ ਵੀ ਤਾਂ ਲਿਖ ਦਿਤਾ ਹੈ ਕਿ ਸੰਥਾਲਾਂ ਦੀ ਮਾਰ ਨੂੰ ਵੇਖ ਕੇ ਪਤਾ ਲਗਦਾ ਹੈ ਕਿ ਕਿਸੇ ਨੇ ਆਪਣੀ ਜਾਣ ਬਚੌਣ ਲਈ ਇਨ੍ਹਾਂ ਤੇ ਹਮਲਾ ਕੀਤਾ ਹੈ?" ਕਾਲੀਚਰਨ ਤਮਕ ਪਿਆ।

"ਇਹ ਕਿੰਨ੍ਹੇ ਕਿਹਾ ਤੁਹਾਨੂੰ?" ਡਾਕਟਰ ਹੈਰਾਨੀ ਨਾਲ ਮੂੰਹ ਪਾੜ ਕੇ ਕਹਿੰਦਾ ਹੈ—"ਏਦਾਂ ਕਿਤੇ ਲਿਖਿਆ ਜਾਂਦਾ ਹੈ? ਮੈਂ ਤਾਂ ਸਿਰਫ ਜ਼ਖਮ ਬਾਰੇ ਲਿਖਿਆ ਹੈ। ਸੰਥਾਲਾਂ ਜਾਂ ਗੈਰ-ਸੰਥਾਲ ਮੈਂ ਨਹੀਂ ਜਾਣਦਾ। ਮੈਂ ਤਾਂ ਰੋਗ ਅਤੇ ਜ਼ਖਮਾਂ ਦੀ ਜਾਤ ਬਾਰੇ ਹੀ ਜਾਣਦਾ ਹਾਂ।" ਡਾਕਟਰ ਉਤੇਜਿਤ ਹੋ ਕੇ ਕਹੀ ਜਾਂਦਾ ਹੈ—"ਕਾਲੀ, ਤੁਸਾਂ ਲੋਕਾਂ ਨੇ ਚੰਗਾ ਨਹੀਂ ਕੀਤਾ। ਪਰ ਤੁਹਾਨੂੰ ਲੋਕਾਂ ਨੂੰ ਦੋਸ਼ ਵੀ ਤਾਂ ਨਹੀਂ ਦੇ ਸਕਦਾ।"

"ਤਸੀਲਦਾਰ ਸਾਬ੍ਹ ਤਾਂ ਤੁਹਾਨੂੰ ਖ਼ੂਬ ਜਾਣਦੇ ਨੇ।" ਕਾਲੀਚਰਨ ਸਿੱਧੀ ਗੱਲ ਕਰਨੀ ਜਾਣਦਾ ਹੈ। "ਕਮਲੀ ਦੀਦੀ...ਕਮਲੀ ਦੀਦੀ..."।

"ਕੀ ਮਤਲਬ?" ਡਾਕਟਰ ਵਿਚੋਂ ਟੋਕ ਦਿੰਦਾ ਹੈ।

"...ਕੀ ਕਹਿਣਾ ਚਾਹੁੰਦਾ ਏਂ?" ਮਾਸੀ ਕਹਿੰਦੀ ਹੈ, "ਕਮਲੀ ਦੀਦੀ ਖ਼ੂਬ ਮੰਨਦੀ ਹੈ। ਉਹਦੀ ਮਾਂ ਵੀ ਇੱਜ਼ਤ ਖਾਤਰ ਕਰਦੀ ਹੈ। ਇਹੋ ਨਾ?"

"ਹਾਂ।" ਕਾਲੀਚਰਨ ਨੂੰ ਜਿਵੇਂ ਸਹਾਰਾ ਮਿਲਦਾ ਹੈ।

"ਤਾਂ ਕੀ ਹੋਇਆ? ਤਸੀਲਦਾਰ ਸਾਬ੍ਹ ਪਿੰਡ ਦੇ ਰਈਸ ਨੇ। ਮੈਥੋਂ ਉਮਰ 'ਚ ਵੱਡੇ ਹਨ। ਕਮਲਾ ਦੀ ਬੀਮਾਰੀ ਕਾਰਣ ਮੈਨੂੰ ਕੁਝ ਬਹੁਤਾ ਹੀ ਆਉਣਾ ਜਾਣਾ ਪੈਂਦਾ ਹੈ। ਉਹ ਮੈਨੂੰ ਬਹੁਤ ਪਿਆਰ ਕਰਦੇ ਨੇ। ਮੈਂ ਵੀ ਉਨ੍ਹਾਂ ਦੀ ਇੱਜ਼ਤ ਕਰਦਾ ਹਾਂ। ਪਰ ਇਹਦਾ ਇਹ ਮਤਲਬ ਨਹੀਂ ਕਿ ਮੈਂ ਤਸੀਲਦਾਰ ਦੀ ਬੇਇਨਸਾਫੀ ਦਾ ਵੀ ਸਮਰਥਨ ਕਰਾਂਗਾ ਜਾਂ ਪੱਖ ਲਵਾਂਗਾ।"

ਕਮਲਾ ਬੜੀ ਦੇਰ ਤਕ ਮਾਸੀ ਦੇ ਆਂਗਣ 'ਚ ਖਲੋਤੀ ਸੁਣ ਰਹੀ ਸੀ। ਡਾਕਟਰ ਦੀਆਂ ਆਖਰੀ ਗੱਲਾਂ ਨੂੰ ਸੁਣ ਕੇ ਉਹਦਾ ਕਲੇਜਾ ਧਕ-ਧਕ ਕਰਨ ਲਗਦਾ ਹੈ। ਉਹ ਆਪਣੇ ਆਪ ਨੂੰ ਸੰਭਾਲ ਨਹੀਂ ਸਕਦੀ। ਉਹਦੇ ਤੇ ਘਟਨਾਵਾਂ ਦੀ ਪ੍ਰਤਿਕ੍ਰਿਆ

ਬੜੀ ਤੇਜ਼ ਗਤੀ ਨਾਲ ਹੁੰਦੀ ਹੈ। ਨਾਟਕੀ ਅੰਦਾਜ਼ 'ਚ ਉਹ ਪ੍ਰਵੇਸ਼ ਕਰਦੀ ਹੈ।

"ਇਸੇ ਲਈ ਤੁਸੀਂ ਅੱਜ ਕਲ੍ਹ ਮੇਰੇ ਕੋਲ ਨਹੀਂ ਆਉਂਦੇ, ਇਸੇ ਲਈ ਤੁਸਾਂ ਉਸ ਦਿਨ ਕਹਾ ਭੇਜਿਆ ਸੀ ਕਿ ਤਸੀਲਦਾਰ ਸਾਹਿਬ ਕਮਲੀ ਨੂੰ ਪਟਨੇ ਲੈ ਜਾਣ, ਇਥੇ ਇਲਾਜ ਨਹੀਂ ਹੋਵੇਗਾ। ਕਿਉਂ ?"

ਸਾਰੇ ਹੀ ਇਕੋ ਸਮੇਂ ਚਮਕ ਉਠਦੇ ਹਨ। ਮਾਸੀ ਹੱਸ ਕੇ ਕਹਿੰਦੀ ਹੈ—"ਅੱਜ ਤੂੰ ਲੜਨ ਲਈ ਕਮਰ ਕੱਸ ਕੇ ਆਈ ਏਂ ? ਪਗਲੀ।...ਬੈਠ।"

ਡਾਕਟਰ ਕਮਲਾ ਵਲ ਟਿਕਟਿਕੀ ਲਾ ਕੇ ਵੇਖ ਰਿਹਾ ਹੈ।—ਚਿਹਰਾ ਲਾਲ ਹੋ ਗਿਆ ਹੈ ਕਮਲਾ ਦਾ। ਅੱਖਾਂ ਡੁਬਡੁਬਾਈਆਂ ਹੋਈਆਂ ਨੇ। ਗਲ ਕੋਲੋਂ ਰਗ ਬੜੀ ਤੇਜ਼ ਗਤੀ ਨਾਲ ਫੜਕ ਰਹੀ ਹੈ।...ਡਾਕਟਰ ਨੇ ਬੜੀ ਵੱਡੀ ਬੇਇਨਸਾਫੀ ਕੀਤੀ ਹੈ। ਖ਼ੂਨ ਦਾ ਦੌਰਾ ਜ਼ਰੂਰ ਤੇਜ਼ ਹੋ ਗਿਆ ਹੋਵੇਗਾ। ਕਮਲਾ ਦੇ ਬੁਲ੍ਹ ਫੜਕ ਰਹੇ ਨੇ, ਥਰ ਥਰਾ ਰਹੇ ਨੇ। ਉਹ ਰੋ ਪੈਂਦੀ ਹੈ —"ਮਾਸੀ"।

"ਕਮਲਾ।" ਡਾਕਟਰ ਜ਼ੋਰ ਨਾਲ ਕਹਿੰਦਾ ਹੈ, "ਤੂੰ ਕੁਝ ਸੋਚਿਆ ਸਮਝਿਆ ਨਹੀਂ ਤੇ ਲਗੀ ਆ ਕੇ ਵਰ੍ਹਣ। ਮੈਂ ਤਾਂ ਕਾਲੀਚਰਨ ਨੂੰ ਸਮਝਾ ਰਿਹਾ ਸਾਂ ਕਿ ਜੇ ਮੈਂ ਕਿਸੇ ਰਾਜਨੀਤਿਕ ਪਾਰਟੀ ਵਿਚ ਹੁੰਦਾ ਤਾਂ ਏਦਾਂ ਨਾ ਕਰਦਾ।"

ਡਾਕਟਰ ਨੇ ਵਾਤਾਵਰਣ ਨੂੰ ਹਲਕਾ ਬਨਾਉਣ ਦੀ ਪੂਰੀ ਕੋਸ਼ਿਸ਼ ਕੀਤੀ। ਪਰ ਚੰਗਾ ਹੁੰਦਾ ਜੇ ਕਮਲਾ ਉਹਦੇ ਨਾਲ ਰੁਸੀ ਰਹਿੰਦੀ। ਉਹ ਏਸੇ ਦਿਨ ਦੀ ਉਡੀਕ ਵਿਚ ਸੀ। ਅਜ ਕਮਲਾ ਨੂੰ ਪੂਰੀ ਤਰ੍ਹਾਂ ਸਿਹਤ ਮੰਦ ਬਣਾਇਆ ਜਾ ਸਕਦਾ ਸੀ। ਪਰ ਹੁਣ ਉਹ ਉੱਕ ਗਿਆ।...ਉਹ ਹੁਣ ਨਤੀਜੇ ਲਈ ਤਿਆਰ ਰਹਿਣਾ ਹੈ। ਜਦੋਂ ਡਾਕਟਰ ਬੋਲਦਾ ਰਿਹਾ, ਕਮਲਾ ਚੁਪਚਾਪ ਸੁਣਦੀ ਰਹੀ। ਅਚਾਨਕ ਉਹਦੇ ਮੁਖ ਮੰਡਲ ਤੇ ਫੈਲੇ ਹੋਏ ਬਦਲ ਛੰਡ ਗਏ। ਇਹ ਹਲਕੀ ਜਿਹੀ ਮੁਸਕਣੀ ਉਹਦੇ ਬੁੱਲ੍ਹਾਂ ਤੇ ਹੌਲੀ-ਹੌਲੀ ਜਗਣ ਲਗੀ, ਨੱਕ ਦੇ ਨਾਲ ਦੀ ਨੀਲੀ ਰੇਖਾ ਹੌਲੀ-ਹੌਲੀ ਖਿੜ ਰਹੀ ਹੈ। ਜਿਵੇਂ ਕਮਲ ਦੀਆਂ ਪੰਖੜੀਆਂ ਹੌਲੀ-ਹੌਲੀ ਖੁਲ੍ਹ ਰਹੀਆਂ ਹੋਣ।

ਮਾਸੀ ਚੁਪਚਾਪ ਕਮਲਾ ਵਲ, ਕਦੀ ਡਾਕਟਰ ਵਲ ਵੇਖਦੀ ਹੈ। ਉਹਦੇ ਬੁਲ੍ਹਾਂ ਤੇ ਵੀ ਮੰਦ ਮੁਸਕਣੀ ਫੈਲੀ ਹੋਈ ਹੈ।

"ਪਿਆਰੂ ਸਾਡੇ ਘਰ ਦੋ ਵਾਰ ਲਭ ਗਿਆ ਹੈ। ਸ਼ਾਇਦ ਅੱਜ ਵੀ ਕੋਈ ਖਰਗੋਸ਼ ਨੱਸ ਗਿਆ ਹੈ।" ਕਮਲੀ ਖਾਮੋਸ਼ੀ ਤੋੜਦੀ ਹੈ। ਉਹਦੀ ਆਵਾਜ਼ ਸਹਿਜ ਹੋ ਗਈ ਹੈ।

ਕਾਲੀਚਰਨ ਕਮਲਾ ਦੇ ਚਿਹਰੇ ਤੇ ਕੁਝ ਵੇਖ ਕੇ ਚਮਕ ਉਠਦਾ ਹੈ। ਉਹਦੇ ਨਾਲ ਗੱਲਾਂ ਕਰਦਿਆਂ, ਕਦੀ ਕਦੀ ਮੰਗਲਾ ਦੇ ਚਿਹਰੇ ਤੇ ਇਹੋ ਜਿਹੇ ਭਾਵ ਆ ਜਾਂਦੇ ਨੇ। ਇਸੇ ਤਰ੍ਹਾਂ ਥਿਰਕ-ਥਿਰਕ ਕੇ ਬੋਲਦੀ ਹੈ। ਉਹ ਡਾਕਟਰ ਵਲ ਵੇਖਦਾ ਹੈ, ਫੇਰ

ਉਠ ਖਲੋਂਦਾ ਹੈ—

"ਚੰਗਾ, ਤਾਂ ਬੈਠੋ ਡਾਕਟਰ ਸਾਬ੍ਹ ! ਅਸੀਂ ਵੀ ਚਲਦੇ ਹਾਂ।...ਫੇਰ ਕਲ੍ਹ ਭੇਂਟ ਕਰਾਂਗੇ।"

ਮਾਸੀ ਵੀ ਉਠ ਕੇ ਜਾਂਦੀ ਹੋਈ ਕਹਿੰਦੀ ਹੈ "ਤੁਸੀਂ ਚਾਹ ਤਾਂ ਜ਼ਰੂਰ ਪੀਓਗੇ।"

ਕੁਝ ਦੇਰ ਤਕ ਦੋਵੇਂ ਚੁਪ ਰਹਿੰਦੇ ਨੇ।...ਕਮਲਾ ਨੇੜੇ ਪਈ ਸੀਂਕੀ ਦੀ ਬਣੀ ਹੋਈ ਇਕ ਫੁਲ-ਡਲੀ ਨੂੰ ਚੁਕ ਕੇ ਉਹਦੀ ਬਨਾਵਟ ਵੇਖਣ ਲਗਦੀ ਹੈ। ਡਾਕਟਰ ਮੁਸਕਰਾ ਕੇ ਪੁਛਦਾ ਹੈ "ਇਕ ਗੱਲ ਪੁੱਛਾਂ ਕਮਲਾ, ਬੁਰਾ ਤਾਂ ਨਾ ਮਨਾਵੇਂਗੀ ? ਆਪਣੇ ਬਾਪ ਦੀ ਸ਼ਿਕਾਇਤ ਕੋਈ ਨਹੀਂ ਬਰਦਾਸ਼ਤ ਕਰ ਸਕਦਾ। ਕਿਉਂ ?"

"ਕਿਵੇਂ ਬਰਦਾਸ਼ਤ ਕਰ ਸਕਦਾ ਹੈ ਕੋਈ ?"

"ਮੈਨੂੰ ਕੀ ਪਤਾ ? ਮੈਨੂੰ...ਮੈਨੂੰ ਅਪਣੇ ਬਾਪ ਦੀ ਯਾਦ ਨਹੀਂ।"

ਕਮਲਾ ਮੁਸਕਰਾਈ ਜਾਂਦੀ ਹੈ। ਕਹਿੰਦੀ ਹੈ "ਵਿਆਹ ਦੇ ਗੀਤ ਵਿਚ...ਇਕ ਥਾਂ ਸ਼ਿਵਜੀ ਪਾਰਵਤੀ ਦੇ ਪਿਤਾ ਦੀ ਟੋਕਰੀ-ਭਰ ਸ਼ਿਕਾਇਤ ਕਰਦੇ ਨੇ—

ਏਕ ਬੇਰ ਗੇਲੀਂ ਗੌਰਾ ਤੋਹ ਰੋ ਨੈਹਰਵਾ ਸੇ,
ਬਇਨੇ ਲੈ ਦੇਲ੍ਹਕ ਪੁਆਰ,
ਕੋਟੇ ਕੇ ਖਿਚੁੜੀ ਰੰਧਾਉਲ ਮੋਲਾਂ ਸਾਸੂ...।

"ਹਾ-ਹਾ-ਹਾ-ਹਾ-ਹਾ-ਹਾ।"

"ਹਾ-ਹਾ-ਹਾ-ਹਾ-ਹਾ-ਹਾ।"

ਦੋਵੇਂ ਕੱਠੇ ਹੀ ਹੱਸ ਪੈਂਦੇ ਨੇ। ਜਿਵੇਂ ਪੰਛੀ ਦਾ ਇਕ ਜੋੜਾ ਇਕੋ ਵੇਲੇ ਦਿਲ ਖੋਲ੍ਹਕੇ ਕਿਲਕ ਪਿਆ ਹੋਵੇ। ਨਰ ਤੇ ਨਾਰੀ ਦੇ ਪਵਿਤਰ ਆਕਰਸ਼ਣ ਦੀ ਰੁਪਹਿਲੀ ਡੋਰ ਥਿਰਕ ਰਹੀ ਹੈ। ਨਰ ਅਗੇ ਵਧਦਾ ਹੈ...ਨਾਰੀ ਨੂੰ ਖਿਚ ਲੈਂਦਾ ਹੈ...।

ਵੱਡੀਆਂ ਵੱਡੀਆਂ ਮਦ-ਭਰੀਆਂ ਅੱਖਾਂ ਦੀ ਜੋੜੀ ਨੇ ਮੁਸਕਰਾ ਕੇ ਪੁਛਿਆ— "ਤੁਸੀਂ...ਮੇਰੀ ਸ਼ਿਕਾਇਤ ਬਰਦਾਸ਼ਤ ਕਰ ਸਕਦੇ ਹੋ ?"

"ਰੋਜ਼ ਤਾਂ ਕਰ ਰਿਹਾ ਹਾਂ।" ਦੋ ਲਾਪਰਵਾਹ ਅੱਖਾਂ ਨੇ ਜਿਵੇਂ ਚੁਟਕੀ ਭਰੀ, "ਕਮਲੀ ਦਵਾ ਨਹੀਂ ਪੀਂਦੀ। ਕਮਲੀ ਰਾਤੀਂ ਦੇਰ ਤਕ ਬੈਠ ਕੇ ਪੜ੍ਹਦੀ ਹੈ। ...ਕਮਲੀ ਪਗਲੀ ਹੈ।...ਪਗਲੀ ਹੈ ਕਮਲੀ।...ਤੂੰ ਪਗਲੀ ਏਂ। ਤੂੰ ਮੇਰੀ ਪਗਲੀ ਏਂ। ਪਾਗਲ-ਪਗਲੀ...।"

ਅਧਰਕ ਮਧੂ ਜਬ ਚਾਖਨ ਕਾਨ੍ਹ,
ਤੋਹਰ ਸਾਬ ਹਮ ਕਿਛੂ ਯਦਿ ਜਾਨਿ।

# ਇਕ

ਸੁਰਾਜ ਮਿਲ ਗਿਆ ?

"ਹਾਲੇ ਮਿਲਿਆ ਨਹੀਂ। ਪੰਦਰਾਂ ਤਰੀਕ ਨੂੰ ਮਿਲੇਗਾ ਬਹੁਤੇ ਦਿਨਾਂ ਦੀ ਦੇਰ ਨਹੀਂ। ਅਗਲੇ ਹਫ਼ਤੇ ਹੀ ਮਿਲ ਜਾਏਗਾ। ਦਿੱਲੀ 'ਚ ਗੱਲਬਾਤ ਹੋ ਗਈ ਹੈ। ...ਹਿੰਦੂ ਲੋਕ ਹਿੰਦੁਸਤਾਨ ਵਿਚ, ਮੁਸਲਮਾਨ ਲੋਕ ਪਾਕਿਸਤਾਨ ਵਿਚ ਚਲੇ ਜਾਣਗੇ।" ਬਾਵਨਦਾਸ ਜੀ ਫੇਰ ਇਕ ਖਬਰ ਲੈ ਆਏ। ਤਾਜੀ ਖਬਰ।

...ਦਫਾ 40 ਲੋਟਸ ਵਾਂਗ ਝੂਠਮੂਠ ਕੋਈ ਫਰੂਾ ਤਾਂ ਨਹੀਂ ਲੈ ਆਇਆ ਹੈ, ਬਾਵਨਦਾਸ ?...ਝੂਠ ਨਹੀਂ, ਸੱਚੀ ਗੱਲ ਹੈ। ਡਾਗਡਰ ਬਾਬੂ ਦੇ ਬੇਤਾਰ ਵਿਚ ਵੀ ਬੋਲਿਆ ਹੈ, ਸੁਣਦੇ ਹਾਂ ?

"ਤਸੀਲਦਾਰ ਸਾਬ੍ਹ ਭੋਜ ਖੁਐਣਗੇ ਉਸ ਦਿਨ।" ਸੁਮਰਿਤਦਾਸ ਬੇਤਾਰ ਘਰ ਘਰ ਖਬਰ ਫੈਲਾ ਰਿਹਾ ਹੈ। "ਸਾਰਾ ਇਸਮਿਟ (ਐਸਟੀਮੇਟ) ਹੁਣੇ ਹੀ ਅਸੀਂ ਪੱਕਾ ਕਰਕੇ ਆ ਰਹੇ ਹਾਂ। ਪੂਰੀ ਜਲੇਬੀ, ਹਲਵਾ ਦਹੀਂ ਤੇ ਚੀਨੀ।"

"ਜੈ ਹੋ ! ਜੈ ਹੋ।"

"ਮਹਾਤਮਾ ਗਾਂਧੀ ਦੀ ਜੈ।"

ਮਹੰਥ ਸਾਬ੍ਹ ਦੇ ਭੰਡਾਰੇ ਤੋਂ ਵੀ ਬੜਾ ਵੱਡਾ ਭੋਜ ਹੋਵੇਗਾ। ਤੀਨ ਮੇਰ (ਦਲ) ਨਾਚ ਹੋਵੇਗਾ — ਬਲਵਾਹੀ, ਬਦੇਸੀਆ ਕਮਲਾ ਅਤੇ ਮਹਿਮਦਿਆ ਦੀ ਨੌਂਟੰਕੀ ਕੰਪਨੀ। ਕਾਲੀਚਰਨ ਦਾ ਸੁਸ਼ੀਲ ਕੀਰਤਨ ਵੀ ਹੋਵੇਗਾ। ਪੁਰੈਨੀਆਂ ਤੋਂ ਅੰਗ੍ਰੇਜ਼ੀ ਬਾਜਾ ਵੀ ਆਵੇਗਾ।...ਓਏ ! ਅੰਗ੍ਰੇਜ਼ੀ ਬਾਜਾ ਨਹੀਂ ਜਾਣਦੇ ? ਰੌਤਹੱਟ ਮੇਲੇ ਵਿਚ ਸਰਕਲ ਦੇ ਨਾਚ ਵਿਚ ਬਜਦਾ ਨਹੀਂ ਸੁਣਿਆ — ਭੇਕਰ ਭੇਕਰ ਭੈਂ ਭੈਂ... ਧਮਦਾਹਾ-ਸੰਕਰਪੁਰ ਦਾ ਬਿੱਦਾਪਦ। ਬੰਸਗੜ੍ਹਾ ਦੀ ਬਲਵਾਹੀ, ਔਰਾਹੀ ਹਿੰਗਨਾਂ ਦਾ ਭਠਿਆਲੀ ਕੀਰਤਨ। ਸੁਧ ਨਾਰਦੀ (ਨਾਰਦੀ ਸੁਰ) ਗੌਂਦੇ ਨੇ ਔਰਾਹੀ ਵਾਲੇ। ਕੋਇਲੂ ਖੇਲਵਾਹਾ ਅਤੇ ਸੀਤਾਨਾਥ ਬਾਬੂ ਮੂਲਗੈਨ। ਸੀਤਾਨਾਥ ਬਾਬੂ ਦਾ ਗਲਾ ਬੁੱਢੇ ਵਾਰੇ ਵੀ ਕਿੰਨਾਂ ਤੇਜ਼ ਹੈ।

"ਮੁਸਲਮਾਨਾਂ ਦੇ ਹਿੱਸੇ ਦਾ ਸੁਰਾਜ ਪਾਕਿਸਤਾਨ ਵਿਚ ਚਲਾ ਜਾਵੇਗਾ ?... ਬਿਲਕੁਲ ਕੱਟ ਕੱਟ ਕੇ ਹਿੱਸਾ ਲੈਣਗੇ ?"

"ਹਾਂ, ਜਦੋਂ ਹਿੰਦੂ ਮੁਸਲਮਾਨ ਭਰਾ-ਭਰਾ ਹਨ ਤਾਂ ਭਰਾ ਦੇ ਹਿੱਸੇ ਦੀ ਰਕਮ ਅੱਠ ਆਨੇ ਦੇ ਹਿਸਾਬ ਨਾਲ ਹੀ ਮਿਲੇਗੀ।"

"ਬਾਵਨਦਾਸ ਨੇ ਸੁਰਾਜ ਨੂੰ ਕਟਦਿਆਂ ਦੇਖਿਆ ਹੈ ਜਾਂ ਅੰਦਾਜ਼ੇ ਨਾਲ ਹੀ ਕਹਿ

ਰਿਹਾ ਹੈ। ਚਲੋ, ਪੁਛੀਏ।"

ਬਾਵਨਦਾਸ ਕਹਿੰਦਾ ਹੈ — ਓਏ ਸੁਰਾਜ ਕੋਈ ਹਲਵਾ-ਕੱਦੂ ਹੈ, ਜਿਹੜਾ ਕੱਟ ਕੇ ਵੰਡਿਆ ਜਾਏਗਾ ?"

...ਫੇਰ ਸੁਰਾਜੀ ਕੀਰਤਨ ਵਿਚ ਜਿਹੜਾ ਕਿਹਾ ਹੈ ਕਿ, "ਜਦੋਂ ਤਕ ਫਲ ਸੁਰਾਜ ਨਹੀਂ ਪਾਉਣ, ਗਾਂਧੀ ਜੀ ਚਰਖਾ ਚਲੌਣ, ਮੋਹਨ ਹੋ। ਗਾਂਧੀ ਜੀ ਚਰਖਾ ਚਲੌਣ..."

"ਕੀਰਤਨ ਦੀ ਗੱਲ ਛੱਡੋ। ਸੁਰਾਜ ਦਾ ਮਤਲਬ..." ਬਾਵਨਦਾਸ ਜੀ ਸਮਝੌਂਦੇ ਨੇ, "ਸੁਰਾਜ ਦਾ ਮਤਲਬ ਹੈ ਆਪਣਾ ਰਾਜ, ਭਾਰਥ ਵਾਸੀਆਂ ਦਾ ਰਾਜ। ਹੁਣ ਅੰਗ੍ਰੇਜ਼ ਲੋਕ ਇਥੇ ਰਾਜ ਨਹੀਂ ਕਰ ਸਕਦੇ।... ਓਏ ਅੰਗ੍ਰੇਜ਼ੋ! ਭਾਰਥ ਛਡੋ। "ਕਿਉਂ ਕਿਹਾ ਸੀ ਗਾਂਧੀ ਜੀ ਨੇ ? ਇਸੇ ਲਈ।"

"ਆਪਣੇ ਪਿੰਡ ਦਾ ਰਾਜ ਤਾਂ ਤਸੀਲਦਾਰ ਸਾਬ੍ਹ ਨੂੰ ਹੀ ਮਿਲੇਗਾ। ਰਾਜ ਪਾਰਬੰਗਾ ਦੇ ਤਸੀਲਦਾਰ ਹਰਗੌਰੀ ਤਾਂ ਹੁਣ ਰਹੇ ਨਹੀਂ।"

ਬਾਲਦੇਵ ਜੀ ਦਾ ਦਿਮਾਗ ਬਹੁਤ ਸ਼ਾਂਤ ਹੋ ਗਿਆ ਹੈ, ਜਿਸ ਦਿਨ ਉਨ੍ਹਾਂ ਨੇ ਪਰਸਾਦ ਚੁਕਿਆ (ਵੈਰਾਗੀ ਧਰਮ ਸਵੀਕਾਰ ਕੀਤਾ) ਉਸੇ ਦਿਨ ਦਾ ਮੱਥਾ ਠੰਡਾ ਹੋ ਗਿਆ। ਲੱਛਮੀ ਤਿੰਨ ਚਾਰ ਦਿਨਾਂ ਤਕ ਸਤਿਸੰਗ ਕਰਦੀ ਰਹੀ ਅਖ਼ੀਰ ਬਾਲਦੇਵ ਜੀ ਹਾਰ ਗਏ, ਬਾਲਦੇਵ ਜੀ ਹੁਣ ਗ੍ਰਿਸਥੀ ਨਹੀਂ ਰਹੇ।...ਮੁੱਛ ਭੱਦਣ ਕਰਵਾ ਕੇ ਬਾਲਦੇਵ ਜੀ ਦਾ ਮੂੰਹ ਬਿਲਕੁਲ ਸੋਲਾਂ ਪਟਨੀਆਂ ਆਲੂ ਵਾਂਗ ਹੋ ਗਿਆ ਹੈ।

"...ਸਾਹਿਬ ਬੰਦਗੀ ਬਾਲਦੇਵ ਜੀ।"

"ਸਾਹਿਬ ਬੰਦਗੀ! ਜਾਇ ਹਿੰਦ।" ਬਾਲਦੇਵ ਜੀ ਅਜਕਲ ਸਾਹਿਬ ਬੰਦਗੀ ਅਤੇ ਜਾਇ ਹਿੰਦ ਨੂੰ ਕੱਠਿਆਂ ਨੱਥੀ ਕਰਕੇ ਬੋਲਦੇ ਹਨ।

"ਜੈ ਹਿੰਦ ਕਾਮਰੇਡ ਬਾਲਦੇਵ ਜੀ।" ਕਾਲੀਚਰਨ ਮੁੱਠ ਮੀਟ ਕੇ ਕਹਿੰਦਾ ਹੈ। ਕੌਮਰੇਡ।

"ਨਹੀਂ। ਅਸੀਂ ਕੌਮਰੇਡ ਨਹੀਂ ਹਾਂ।" ਬਾਲਦੇਵ ਜੀ ਨੇ ਨੱਕ ਸਕੋੜਦੇ ਹੋਏ ਕਿਹਾ, "ਸਾਨੂੰ ਕੌਮਰੇਡ ਕ੍ਰਿਉਂ ਕਹਿੰਦੇ ਹੋ ?"

"ਕੌਮਰੇਡ ਕੋਈ ਗਾਲ੍ਹ ਨਹੀਂ, ਬਾਲਦੇਵ ਜੀ। ਕੌਮਰੇਡ ਮਾਨੇ ਸਾਥੀ। ਜਿਹੜਾ ਵੀ ਦੇਸ ਦਾ ਕੰਮ ਕਰੇ, ਪਬਲਿਕ ਦਾ ਕੰਮ ਕਰੇ, ਉਹ ਕੌਮਰੇਡ ਹੈ।" ਕਾਲੀਚਰਨ ਹਸਦਾ ਹੋਇਆ ਕਹਿੰਦਾ ਹੈ।

"ਤੁਸੀਂ ਨਹੀਂ ਜਾਣਦੇ।" ਬਾਲਦੇਵ ਜੀ ਚਿੜ੍ਹ ਕੇ ਕਹਿੰਦੇ ਹਨ, "ਤੁਸੀਂ ਤਾਂ ਅੱਜ ਆਏ ਹੋ, ਅਸੀਂ ਸੰਨ ਤੀਹ ਤੋਂ ਹੀ ਜਾਣਦੇ ਹਾਂ। ਬਿਲਕੁਲ ਮੁੱਛਾਂ ਕਟ ਕੇ ਮੁਰਗੀ ਦਾ ਆਂਡਾ ਖੁਆ ਕੇ ਕੌਮਰੇਡ ਬਣਾਇਆ ਜਾਂਦਾ ਹੈ। ਕੈਂਫ ਜੇਲ ਵਿਚ ਕਿੰਨੇ ਲੋਕਾਂ ਨੂੰ ਕੌਮਰੇਡ ਹੁੰਦਿਆਂ ਦੇਖਿਆ ਹੈ।...ਮੌਜੱਫਰਪੁਰ ਦੇ ਇਕ ਸੋਸ਼ਲਿਸਟ ਨੇਤਾ ਸਨ।

ਉਨ੍ਹਾਂ ਦਾ ਕੰਮ ਹੀ ਇਹੋ ਸੀ — ਲੋਕਾਂ ਦੀਆਂ ਠੀਕ ਮੁੱਛਾਂ ਕੱਟਣੀਆਂ। ਬੋਝੇ ਵਿਚ ਕੈਂਚੀ ਰਖਦੇ ਸਨ, ਜਾਤ ਦੇ ਬਾਹਮਣ ਸਨ।...ਅਤੇ ਸਾਨੂੰ ਕੌਮਰੇਡ ਦਾ ਅਰਥ ਸਿਖਾਂਦੇ ਹੋ ਤੁਸੀਂ ?"

ਜਾਪਦਾ ਹੈ ਬਾਲਦੇਵ ਜੀ ਫੇਰ ਸਣਕੀ ਹੋ ਜਾਣਗੇ। ਸਾਰਿਆਂ ਨੇ ਇਕ ਮੱਤ ਹੋ ਕੇ ਕਿਹਾ, "ਹਾਂ ਕਾਲੀਚਰਨ ਬਾਬੂ, ਇਹ ਗਲਤੀ ਤੁਹਾਥੋਂ ਹੋ ਗਈ। ਅਜ ਤੁਸੀਂ ਲੀਡਰ ਬਣ ਗਏ ਹੋ, ਖੁਸ਼ੀ ਦੀ ਗੱਲ ਹੈ, ਪਰ ਹੈਗੇ ਤਾਂ ਤੁਸੀਂ ਬਾਲਦੇਵ ਜੀ ਦੇ ਚੇਲੇ ਹੋ। ਤੁਸੀਂ ਮੰਨੋ ਜਾਂ ਨਾ ਮੰਨੋ ਗੱਲ ਬਾਜਿਵ ਹੈ।"

ਕਾਲੀਚਰਨ ਸੁਣੀ ਜਾਂਦਾ ਹੈ।...ਫੇਰ ਉਸ ਦਿਨ ਸਕੱਤਰ ਸਾਹਿਬ ਜਿਹੜਾ ਕਹਿ ਰਹੇ ਸਨ, ਪਿਓ ਪੁੱਤਰ ਦੋਵੇਂ ਕੌਮਰੇਡ ਹੋ ਸਕਦੇ ਹਨ ?...ਸ਼ਾਇਦ ਸੁਣਨ ਵਿਚ ਹੀ ਗ਼ਲਤੀ ਲਗ ਗਈ।...ਉਹ ਆਪਣੀ ਗਲਤੀ ਮੰਨ ਲੈਂਦਾ ਹੈ। — "ਹਾਂ, ਅਭਿਮਨੂ ਬੱਧ ਨਾਟਕ ਵਿਚ ਅਰਜੁਨ ਨੇ ਦੂਰਨਾਚਾਰਜ ਦੇ ਪੈਰ ਵਿਚ ਫੁੱਲਾਂ ਦਾ ਤੀਰ ਮਾਰਿਆ ਸੀ।"

ਵਾਹ ਉਏ ਕਾਲੀਚਰਨ। ਹੁਣ ਗੱਲ ਸਮਝਦਾ ਹੈ। ਅਗੇ ਤਾਂ ਗੱਲ ਸਮਝਣ ਤੋਂ ਪਹਿਲਾਂ ਹੀ ਝਗੜਾ ਕਰ ਲੈਂਦਾ ਸੀ।

ਬਾਲਦੇਵ ਜੀ ਵੀ ਹਸਦੇ ਹਨ। ਕਹਿੰਦੇ ਹਨ, "ਸੁਰਾਜ ਉਤਸਬ ਲਈ ਤੁਹਾਡੇ ਲੋਕਾਂ ਦੀ ਪਾਟੀ ਵਲੋਂ ਕੀ ਹੁਕਮ ਆਇਆ ਹੈ ?"

"ਠੀਕ ਹੈ। ਸੁਰਾਜ ਕੋਈ ਕੱਲੀ ਕਾਂਗਰਸ ਨੂੰ ਹੀ ਮਿਲਿਆ ਹੈ ?"

"ਸੁਰਾਜ ਉਤਸਬ ਦੇ ਦਿਨ ਰਹੋਗੇ ਜਾਂ ਨਹੀਂ ?" ਬਾਲਦੇਵ ਜੀ ਪੁਛਦੇ ਹਨ।

"ਜਰੂਰ ! ਉਦਣ ਹਾਥੀ ਤੇ ਭਾਰਥ ਮਾਤਾ ਦੀ ਮੂਰਤੀ ਬਿਠਾ ਕੇ ਜਲੂਸ ਨਿਕਲੇਗਾ।" ਕਾਲੀਚਰਨ ਗਰਵ ਨਾਲ ਹਿੱਕ ਤਾਣ ਤੇ ਕਹਿੰਦਾ ਹੈ। ਆਪਣੇ ਪਿੰਡ ਦਾ ਜਲੂਸ, ਕਟਹਾ ਥਾਣੇ ਵਿਚ ਹੀ ਕਿਉਂ, ਹੋਲ ਇੰਡੀਆ ਵਿਚ ਫਸਟ ਹੋਵੇਗਾ, ਮੂਰਤੀ ਦਾ ਔਡਰ ਦੇ ਦਿਤਾ ਹੈ।

ਬਾਲਦੇਵ ਜੀ ਦੀਆਂ ਅੱਖਾਂ ਸਾਹਮਣੇ ਭਾਰਥ ਮਾਤਾ ਦੇ ਭਿੰਨ ਭਿੰਨ ਰੂਪ ਆ ਰਹੇ ਹਨ, — ਮਾਂ, ਰੂਪਮਤੀ, ਮਾਏ ਜੀ ਅਤੇ ਲੱਛਮੀ।

...ਲੱਛਮੀ ਨੂੰ ਹਾਥੀ ਤੇ ਨਹੀਂ ਬਿਠਾਇਆ ਜਾ ਸਕਦਾ ? ਭਾਰਥ ਮਾਤਾ ਦਾ ਰੂਪ ? ਅਜ ਕਲ੍ਹ ਲੱਛਮੀ ਦੇਵੀ ਵੀ ਖੱਦਰ ਪਹਿਨਦੀ ਹੈ, ਚਰਖਾ ਕੱਤਦੀ ਹੈ।... ਬਰੀਕ ਸੂਤ ਕੱਤਣਾਂ ਤਾਂ ਉਹ ਪਹਿਲਾਂ ਤੋਂ ਹੀ ਜਾਣਦੀ ਹੈ।

ਜੈ ਭਾਰਥ ਮਾਤਾ ਦੀ ਜੈ।

## ਦੋ

ਮੁਕੱਦਮੇ ਵਿਚ ਵੀ ਸੁਰਾਜ ਮਿਲ ਗਿਆ।

ਸਾਰੇ ਸੰਥਾਲਾਂ ਨੂੰ ਉਮਰ ਭਰ ਦੀ ਕੈਦ ਹੋ ਗਈ। ਧੂਮਧਾਮ ਨਾਲ ਸੈਸ਼ਨ ਦੇ ਕੇਸ ਚਲਿਆ। ਸੰਥਾਲਾਂ ਵਲੋਂ ਵੀ ਪਟਣੇ ਤੋਂ ਬਾਲਿਸਟਰ ਆਇਆ ਸੀ। ਬਾਲਿਸਟਰ ਦਾ ਖਰਚਾ ਸੰਥਾਲਣਾਂ ਨੇ ਗਹਿਣੇ ਵੇਚ ਕੇ ਦਿਤਾ ਸੀ। ਬਾਲਿਸਟਰ ਉਪਰ ਵੀ ਬਾਲਿਸਟਰ ਹਨ। ਜੇ ਕਰ ਏਸ ਮੁਕੱਦਮੇ ਵਿਚ ਤਸੀਲਦਾਰ ਸਾਬ੍ਹ ਵਰਗੇ ਕਾਨੂੰਨਚੀ ਆਦਮੀ ਨਾ ਲਗਦੇ ਤਾਂ ਇਸ ਖੂਨੀ ਕੇਸ ਨਾਲ ਸ਼ਿਵਸ਼ੰਕਰ ਸਿੰਘ, ਰਾਮਕਿਰਪਾਲ ਸਿੰਘ ਅਤੇ ਖਿਲਾਵਨ ਸਿੰਘ ਤਾਂ ਬਿਲਕੁਲ ਨਾ ਛੁਟਦੇ।...ਖਰਚਾ ? ਓਏ ਭਰਾਵਾ ! ਜਾਨ ਹੈ ਤਾਂ ਜਹਾਨ ਹੈ। ਜਦੋਂ ਫਾਂਸੀ ਹੀ ਹੋ ਜਾਂਦੀ ਤਾਂ ਜਗ੍ਹਾ-ਜਮੀਨ, ਰੁਪਿਆ-ਪੈਸਾ ਕਿਸ ਕੰਮ ਔਂਦਾ ?

ਰਾਮਕਿਰਪਾਲ ਸਿੰਘ ਨੇ ਸੰਥਾਲ ਟੋਲੀ ਦੀ ਨਵੀਂ ਬੰਦੋਬਸਤੀ ਵਾਲੀ ਜ਼ਮੀਨ ਵਿਚੋਂ ਦਸ ਏਕੜ ਤਸੀਲਦਾਰ ਵਿਸ਼ਵਨਾਥ ਪ੍ਰਸਾਦ ਨੂੰ ਲਿਖ ਦਿਤੀ ਹੈ।...ਖਿਲਾਵਨ ਸਿੰਘ ਯਾਦਵ ਨੂੰ ਵੀ ਦੇਣਾ ਪੈ ਗਿਆ ਹੈ। ..ਦੇਣਾ ਕਿਵੇਂ ਨਾ ਪੈਂਦਾ ਭਰਾਵੋ, ਕੋਲ ਜਿੰਨਾਂ ਕੱਚਾ ਰਪਿਆ ਸੀ, ਉਹ ਤਾਂ ਦਰੋਗਾ ਸਾਬ੍ਹ ਦੀ ਪਾਨ ਸੁਪਾਰੀ ਵਿਚ ਚਲਾ ਗਿਆ। ਪੁਰਾਣਾ ਪਟੁਆ ਹੱਥੋਂ ਪਹਿਲਾਂ ਹੀ ਨਿਕਲ ਗਿਆ ਸੀ ਇਸ ਲਈ ਲਗਭਗ ਡੇਢ ਹਜ਼ਾਰ ਹੱਥ ਫੇਰ ਪੈਂਚਾ ਹੋ ਗਿਆ ਹੈ। ਤਸੀਲਦਾਰ ਸਾਬ੍ਹ ਨੇ ਕਿਹਾ, ਕਾਗਜ਼ ਬਣਾਨ ਦੀ ਕੀ ਜ਼ਰੂਰਤ ਹੈ, ਜਦੋਂ ਸਣ-ਪਟੁਆ ਵਿਕੇ ਤਾਂ ਦੇ ਦੇਣਾ।"

ਮੁਕੱਦਮਾਂ ਉਤਸਬ ਵੀ ਸੁਰਾਜ ਉਤਸਬ ਵਾਲੇ ਦਿਨ ਹੋਵੇਗਾ ?...ਹਾਂ ਸੁਰਾਜ ਉਤਸਬ ਦਿਨੇ ਤੇ ਮੁਕੱਦਮਾਂ ਉਤਸਬ ਰਾਤੀਂ।

ਤਸੀਲਦਾਰ ਸਾਬ੍ਹ ਨੇ ਕਿਹਾ ਹੈ, ਮਹਿਮਦਿਆ ਦੀ ਨੌਂਟੰਕੀ ਕੰਪਨੀ ਜਿੰਨੇ ਵਿਚ ਹੋਵੇ, ਇਕ ਸੌ, ਦੋ ਸੌ ਜਾਂ ਲਵੇ, ਪਰ ਸੱਟਾ ਕਰਾ ਲੈਣਾ। ਸੁਮਰਿਤ ਦਾਸ ਕਹਿੰਦੇ ਹਨ — "ਇਹਦੇ ਵਿਚ ਕਨਕਸਨ ਹੈ, ਬਾਦ ਵਿਚ ਦਸਾਂਗੇ।"

"ਮਹਿਮਦਿਆ ਵਾਲੇ ਵੀ ਪੂਰੀ ਤਿਆਰੀ ਕਰ ਰਹੇ ਹਨ। ਲਖਨਊ ਤੋਂ ਬਾਈ ਜੀ ਮੰਗਵਾਈ ਹੈ, ਚੰਦਾ ਕਰਕੇ, ਨੌਂਟੰਕੀ ਦੇ ਕੰਪਨੀ (ਮਾਲਿਕ) ਹਨ ਨਿਤਲਰੈਨ ਬਾਬੂ। ਲੱਛਮੀ ਮਹਾਰਾਨੀ ਨੇ ਉਨ੍ਹਾਂ ਨੂੰ ਖੂਬ ਤਕਿਆ ਹੈ, ਆਪਣੀਆਂ ਅੱਖਾਂ ਨਾਲ ਹੀ ਤਕਿਆ ਹੈ।

ਇਸ ਇਲਾਕੇ ਦੇ ਮੱਧਵਰਗ ਦੇ ਕਿਸਾਨਾਂ ਕੋਲ ਜੇਕਰ ਥੋੜੀ ਪੂੰਜੀ ਹੋ ਗਈ, ਤਮਾਖੂ, ਧਾਨ, ਸਣ ਅਤੇ ਮਿਰਚ ਦਾ ਭਾਅ ਇਕ ਸਾਲ ਚੜ੍ਹ ਗਿਆ, ਘਰ ਵਿਚ

ਸ਼ਾਦੀ ਗਮੀ ਨਾ ਹੋਈ ਤਾਂ ਉਹ ਤੁਰਤ ਟਨਮਨਾਂ (ਖੁਸ਼ਹਾਲ ਹੋਣਾ) ਜਾਂਦੇ ਹਨ। ਜੇਕਰ ਮਾਲਕ ਗੱਭਰੂ ਹੋਵੇ ਤਾਂ ਝਟ ਫੂੰ ਫਾਂ ਕਰਨ ਲਗਦਾ ਹੈ, ਹਰਮੂਨੀਆਂ, ਫਰਸ਼, ਸਤਰੰਜੀ, ਸ਼ਾਮਿਆਨਾ, ਜਾਜਮ, ਲੇਟ, ਪੰਚਲੈਟ, ਪਹਾੜਿਆ, ਘੋੜਾ, ਸੰਪਨੀ, ਟੇਬਲ-ਕੁਰਸੀ, ਬੈਂਚ ਖਰੀਦ ਕੇ ਢੇਰ ਲਾ ਦਿੰਦਾ ਹੈ। ਇਹਦੇ ਨਾਲ ਵੀ ਜਦੋਂ ਗਰਮੀ ਨਾ ਉਤਰੇ ਤਾਂ ਬੰਦੂਕ ਦੇ ਲਸੰਸ ਲਈ ਅਫ਼ਸਰਾਂ ਨੂੰ ਡਾਲੀ ਦੇਣੀ ਸ਼ੁਰੂ ਕਰਦਾ ਹੈ ਅਤੇ ਦਿਨ ਭਰ ਅਫ਼ਸਰਾਂ ਨਾਲ ਕਚਹਿਰੀ ਵਿਚ ਘੁੰਮਦਾ ਹੈ। ਬੰਦੂਕ ਦੇ ਲਸੰਸ ਤੋਂ ਬਾਦ ਨੌਟੰਕੀ ਕੰਪਨੀ ਖੋਲ੍ਹਦਾ ਹੈ। ਇਹਦੇ ਨਾਲ ਵੀ ਮਗਜ਼ ਠੰਡਾ ਨਹੀਂ ਹੁੰਦਾ ਤਾਂ ਕੋਈ ਖੂਨੀ ਕੇਸ ਹੋ ਕੇ ਕੀਰਤਨ ਸੋਹਿਲਾ।...ਮਹਿਮਦਿਆ ਦੇ ਨਿਤਲ ਰੇਨ ਬਾਬੂ ਨੌਟੰਕੀ ਦੇ ਕੰਪਨੀ ਹਨ। ਤਸੀਲਦਾਰ ਸਾਬ੍ਹ ਨੇ ਕਿਹਾ ਹੈ ਮਹਿਮਦਿਆ ਦੀ ਨੌਟੰਕੀ ਕੰਪਨੀ ਦਾ ਸੱਟਾ ਲਿਖਿਆ ਜਾਣਾ ਚਾਹੀਦਾ ਹੈ।

"ਬੜਾ ਭਾਰੀ ਕਨਕਸ਼ਨ ਹੈ ਜੀ ਇਹਦੇ ਵਿਚ।" ਸੁਮਰਿਤ ਦਾਸ ਬੇਤਾਰ ਕਦੋਂ ਤਕ ਢਿਡ ਵਿਚ ਗੱਲ ਰਖੇ "ਇਕ ਦਮ ਪ੍ਰਾਈਵੇਟ ਗੱਪ ਹੈ। ਮਹਿਮਦਿਆ ਵਾਲਿਆਂ ਨੂੰ ਕਿਉਂ ਬੁਲਾਇਆ ਜਾ ਰਿਹਾ ਹੈ, ਸਮਝੇ ਨਹੀਂ ? ਨੌਟੰਕੀ ਦੀ ਬਾਈ ਜੀ ਦੇ ਬਿਲੌਜ ਤੇ ਟਕਾ ਸਾਟਾ ਜਾਵੇਗਾ। ਹੁਣ ਸਮਝੇ ਕੁਝ ?"

ਸੰਥਾਲ ਲੋਕ ਇਸ ਸੁਰਾਜ ਉਤਸਬ ਵਿਚ ਨਚਣਗੇ।...ਕਿਤੇ ਨੱਚਣ ਵੇਲੇ ਤੀਰ ਚਲਾ ਦੇਣ, ਤਦ ? ਨਹੀਂ, ਨਹੀਂ ਡਾਗਡਰ ਸਾਬ੍ਹ ਕਹਿੰਦੇ ਸਨ ਕਿ ਸੰਥਾਲਣਾਂ ਆਪ ਆ ਕੇ ਕਹਿ ਗਈਆਂ ਹਨ — ਨਾਚਬੋਂ। ਤਸੀਲਦਾਰ ਸਾਬ੍ਹ ਨੂੰ ਵੀ ਇਹਦੇ ਵਿਚ ਇਤਰਾਜ਼ ਨਹੀਂ ਹੋਣਾ ਚਾਹੀਦਾ।...ਭਰਾਵੋ ਕੁਝ ਵੀ ਕਹੋ, ਸੰਥਾਲੀ ਨਾਚ ਦੇਖਦਿਆਂ ਹੋਸ਼ ਗੁੰਮ ਹੋ ਜਾਂਦੀ ਹੈ। ਜੂੜੇ ਵਿਚ ਸਾਦੇ ਫੁੱਲਾਂ ਦੇ ਗੁੱਛੇ, ਕਸ਼ਮਕਸ਼ ਦੇਹ, ਨਿਖਰੇ ਹੋਏ ਦੰਦਾਂ ਦੀ ਲੜੀ ਦੀ ਚਮਕ। ਚਿੱਟਾ ਆਂਚਲ। ਜਦੋਂ ਝੁਮਰ ਝੁਮਰ ਕਰਕੇ ਨੱਚਣ ਲਗਦੀਆਂ ਹਨ ਤਾਂ ਮਨ ਚਾਹੁੰਦਾ ਹੈ, ਨਾਚ ਵਿਚ ਕੁੱਦ ਪਈਏ।

ਡਾ ਡਿੱਗਾ ਡਾ ਡਿੱਗਾ।
ਰਿੰ ਰਿੰ ਤਾ ਧਿਨ ਤਾ।

ਅਜ ਤੋਂ ਹੀ ਉਹ ਪਰਾਟਿਸ ਕਰ ਰਹੇ ਹਨ।...ਪਰ ਮਾਂਦਰ ਅਤੇ ਡਿਗਾ ਦੀ ਬੋਲੀ ਸੁਣ ਕੇ ਡਰ ਲਗਦਾ ਹੈ। ਹੰਸੇਰੀ ਦੇ ਦਿਨ ਤਾਂ ਇਉਂ ਲਗਦਾ ਸੀ ਕਿ ਯਮਰਾਜ ਨਗਾਰਾ ਬਜਾ ਰਿਹਾ ਹੈ ਅਤੇ ਯਮਦੂਤ ਸਾਰੇ ਉਸੇ ਤਾਲ ਤੇ ਨੱਚ ਕੇ ਤੀਰ ਚਲਾ ਰਹੇ ਹਨ।

## ਤਿੰਨ

"ਖ਼ਬਰਦਾਰ ! ਗਰਮ ਜਲੇਬੀ ਨਾ ਖਾਣੀ।"

ਅਜ ਕਲ ਸੁਮਰਿਤਦਾਸ ਬੇਤਾਰ ਦਾ ਬੋਲਬਾਲਾ ਹੈ। ਸਦਾ ਇਕ ਨਵੀਂ ਖਬਰ। ਅਜ ਕਲ੍ਹ ਕਿਸੇ ਵੀ ਟੋਲੇ ਦੇ ਨੌਜਵਾਨ ਨੂੰ ਮਿਲਦਿਆਂ ਹੀ ਉਹ ਫਿਕਾ ਜਿਹਾ ਹੱਸ ਕੇ ਮਸ਼ਕਰੀ ਕਰ ਦਿੰਦਾ ਹੈ। "ਖ਼ਬਰਦਾਰ ! ਗਰਮ ਜਲੇਬੀ ਨਾ ਖਾਣੀ।"

"ਮਤਲਬ ?"

"ਮਤਲਬ ਸੁਣੋਂਗੇ ? ਗਰਮ ਜਲੇਬੀ ਦੀ ਤਸੀਰ ਬੜੀ ਗ਼ਰਮ ਹੁੰਦੀ ਹੈ। ਸਰਦੀ ਨਾਲ ਨੱਕ ਬੰਦ ਹੋਵੇ, ਸਿਰ ਦੁਖ ਰਿਹਾ ਹੋਵੇ, ਗਰਮ ਜਲੇਬੀ ਖਾ ਲਵੋ। ਭੱਕ ਦੇ ਕੇ ਨੱਕ ਖੁਲ੍ਹ ਜਾਵੇਗੀ। ਏਨੀ ਛੇਤੀ ਅਸਰ ਹੁੰਦਾ ਹੈ।...ਅਜ ਅਸੀਂ ਡਾਗਡਰੀ ਵਿਚ ਜ਼ਰਾ ਦਾਦ ਦੀ ਦਵਾ ਲੈਣ ਗਏ ਸਾਂ, ਜਾਣਦੇ ਹੋ ? ਡਾਗਡਰ ਬਾਬੂ ਨੇ ਫੁਲੀਆ — ਉਏ ਉਹੋ ਹੀ ਮਹਿੰਗੂ ਦਾਸ ਦੀ ਧੀ ਫੁਲੀਆ — ਬਾਰੇ ਕੀ ਕਿਹਾ ਹੈ ? ...ਫੁਲੀਆ ਨੂੰ ਗਰਮੀ ਦੀ ਬੀਮਾਰੀ ਹੋ ਗਈ ਹੈ, ਚਿਹਰੇ ਤੇ ਫਿਣਸੀਆਂ ਦੇ ਦਾਣੇ ਨਿਕਲ ਆਏ ਹਨ। ਡਾਗਡਰ ਨੇ ਕਿਹਾ ਕਿ ਪੁਰੈਨੀਆ ਜਾਓ। ..ਇਸੇ ਲਈ ਨੌਜਵਾਨ ਲੋਕਾਂ ਨੂੰ ਕਹਿੰਦੇ ਹਾਂ ਕਿ ਖ਼ਬਰਦਾਰ ! ਗਰਮ ਜਲੇਬੀ ਨਾ ਖਾਓ।"

"ਪਰ ਦਾਸ ਜੀ ! ਨੌਜਵਾਨਾਂ ਤੋਂ ਪਹਿਲਾਂ ਬੁੱਢਿਆਂ ਨੂੰ ਸੰਭਾਲੋ।"

"ਚੁਪ, ਚੁਪ। ਸਾਰੇ ਬੇਪੜਦ ਹੋ ਜਾਣਗੇ।"

ਸੁਮਰਿਤਦਾਸ ਬੇਤਾਰ ਜਦੋਂ ਫਿੱਕਾ ਜਿਹਾ ਹਸਦਾ ਹੈ ਤਾਂ ਉਹਦੇ ਲਾਲ ਮਸੂੜ੍ਹੇ ਦਿਸਦੇ ਹਨ। ਤਾਲ ਹਾਸਾ ਹਸਦਾ ਹੈ ਬੇਤਾਰ।...ਬੇਤਾਰ ਫੇਰ ਫਿੱਕਾ ਹਾਸਾ ਹੱਸ ਕੇ ਕਹਿੰਦਾ ਹੈ, "ਹੋਰ ਕੁਛ ਪਤਾ ਲੱਗਾ ? ਮਹੰਥ ਰਾਮਦਾਸ ਜੀ ਰਾਮਪਿਆਰੀਆ ਨੂੰ ਦਾਸਣ ਰਖਣਗੇ। ਕੁਠਾਰਨ ਨੇ ਹੁਕਮ ਦੇ ਦਿਤਾ ਹੈ।...ਬਾਲਦੇਵ ਤਾਂ ਕੁਠਾਰਨ ਪਿਛੇ ਵਿਰਾਗੀ ਹੀ ਹੋ ਗਿਆ।"

ਕਾਲੀਚਰਨ ਦਾ ਚਿਹਰਾ ਅਚਾਨਕ ਉਤਰ ਜਾਂਦਾ ਹੈ। ਹੁਣ ਮੰਗਲਾ ਬਾਰੇ ਤਾਂ ਕੁਛ ਨਹੀਂ ਕਹੇਗਾ ਬੇਤਾਰ ? ਪਰ ਬੇਤਾਰ ਜਾਣਦਾ ਹੈ ਕਿ ਕਿਥੇ ਕਿਦਾਂ ਦੀ ਗੱਲ ਕਰਨੀ ਚਾਹੀਦੀ ਹੈ। ਗੱਲਾਂ ਵਿਚ ਉਹਨੂੰ ਜਿਤਣਾ ਮੁਸ਼ਕਲ ਹੈ।

ਚਰਖਾ ਸੈਂਟਰ ਦੇ ਮਾਸਟਰਾਂ ਅਤੇ ਮਾਸਟਰਾਣੀ ਵਿਚ ਲੜਾਈ ਝਗੜੇ ਹੋ ਗਏ ਹਨ। ਟੂਨਟੂਨ ਜੀ ਅਸਤੀਫ਼ਾ ਦੇ ਕੇ ਚਲੇ ਗਏ। ਦੂਸਰੇ ਮਾਸਟਰ ਸਾਹਿਬ ਨੂੰ ਸੂਲ ਪੈ ਗਿਆ, ਦੇਸ ਚਲੇ ਗਏ। ਹੁਣ ਕੱਲੀ ਮੰਗਲਾ ਦੇਵੀ ਉਥੇ ਚਰਖਾ ਸੈਂਟਰ ਦੇ ਨਾਂ ਤੇ ਪਿੰਡ ਦੇ ਘਰਾਂ 'ਚ ਘੁੰਮਦੀ ਹੈ, ਗੱਲਾਂ ਕਰਦੀ ਹੈ ਗਾਂਧੀ ਜੀ ਦੀਆਂ, ਜਮਾਹਿਰ

ਲਾਲ ਦੀਆਂ ਅਤੇ ਸੁਰਾਜ ਦੀਆਂ...ਕਾਲੀਚਰਨ ਕਹਿੰਦਾ ਹੈ, "ਹਾਥੀ ਉਪਰ ਭਾਰਥ ਮਾਤਾ ਦੀ ਮੂਰਤੀ ਕੋਲ ਬੈਠ ਕੇ ਚੌਰ ਝੁਲੌਣ ਲਈ ਮੰਗਲਾ ਦੇਵੀ ਨੂੰ ਹੀ ਕਹਿਣਾ ਚਾਹੀਦਾ ਹੈ।"

ਬਾਲਦੇਵ ਜੀ ਤਹਿਸੀਲਦਾਰ ਸਾਹਿਬ ਨੂੰ ਕਹਿੰਦੇ ਹਨ, "ਪਰ ਜੇ ਆਪਣੇ ਪਿੰਡ ਵਿਚ ਸੁਆਣੀਆਂ ਨਾ ਹੋਣ ਤਾਂ ਬਾਹਰੋਂ ਆਈ ਔਰਤ ਨੂੰ ਕਹਿਣਾ ਚਾਹੀਦਾ ਹੈ। ਜੇ ਪਿੰਡ ਵਿਚ ਹੀ ਮਿਲ ਜਾਵੇ। ਕਮਲੀ ਦੀਦੀ ਹੀ ਕਿਉਂ ਨਾ ਬੈਠੇਗੀ ?"

"ਨਹੀਂ ਕਮਲੀ ਦੀ ਬੀਮਾਰੀ ਦਾ ਬੜਾ ਡਰ ਹੈ, ਪਤਾ ਨਹੀਂ ਕਦੋਂ ਕੀ ਹੋ ਜਾਵੇ।"

"ਫੇਰ ਕੁਠਾਰਨ ਜੀ ਨੂੰ ਕਿਹਾ ਜਾਵੇ। ਹੁਣ ਤਾਂ ਖੱਦਰ ਪਹਿਨਦੀ ਹੈ, ਖੂਬ ਨੇਮ ਟੇਮ ਵੀ ਕਰਦੀ ਹੈ। ਰੋਜ਼ ਨਹਾਉਣ ਪਿਛੋਂ ਮਹਾਤਮਾਂ ਗਾਂਧੀ ਜੀ ਦੀ ਤਸਵੀਰ ਤੇ ਫੁੱਲ ਚਾੜ੍ਹਦੀ ਹੈ।"

...ਲੈ ਲਉ ਮਜ਼ਾ ! ਮੰਗਲਾ ਦੇਵੀ ਨੂੰ ਹਾਥੀ ਦਾ ਬੜਾ ਡਰ ਹੈ। ਹਾਥੀ ਨੂੰ ਦੇਖਦਿਆਂ ਹੀ ਉਹਦਾ ਸਾਰਾ ਸਰੀਰ ਕੇਲੇ ਦੇ ਪੱਤੇ ਵਾਂਗ ਥਰ ਥਰ ਕੰਬਣ ਲਗਦਾ ਹੈ। ਕਾਲੀਚਰਨ ਨੇ ਕਿੰਨਾਂ ਸਮਝਾਇਆ ਬੁਝਾਇਆ "ਬੂਧ ਭਰੋਸਾ" ਦਿਤਾ, ਪਰ ਤਿਆਰ ਨਹੀਂ ਹੋਈ। ਅਖ਼ੀਰ ਵਿਚ ਕਹਿਣ ਲਗੀ, ਕਾਲੀਚਰਨ ਜੇ ਨਾਲ ਰਵ੍ਹੇ ਤਾਂ ਤੇ ਉਹ ਹਾਥੀ ਤੇ ਚੜ੍ਹ ਸਕਦੀ ਹੈ। ਪਰ ਕਾਲੀਚਰਨ ਨੂੰ ਸ਼ਰਮ ਆ ਗਈ, ਸ਼ਾਇਦ। ਬੋਲਿਆ — "ਧੱਤ।"

ਦੁਲਰੀਆ ਵੀ ਅਣੋਖੀ ਗੱਲ ਜੋੜਦਾ ਹੈ। ਏਧਰ ਉਧਰ ਦੇਖ ਕੇ ਅੱਖ ਮਟਕਾ ਕੇ ਹੱਥ ਫੈਲਾ ਕੇ ਕਹਿੰਦਾ ਹੈ — "ਮੰਗਲਾ ਦੇਵੀ ਜੀ ਜਦੋਂ ਨੀਲੀ ਸਲਵਾਰ ਪਹਿਨ ਕੇ ਨਿਕਲਦੀ ਹੈ ਤਾਂ ਜਾਪਦਾ ਹੈ ਕਿ ਮੁਟਿਆਰ ਹਥਣੀ ਝੂਮਦੀ ਹੋਈ ਚਲੀ ਜਾ ਰਹੀ ਹੈ।"

"ਹੋ-ਹੋ-ਹੋ-ਹੋ-ਹੋ। ਹਾ-ਹਾ-ਹਾ ਖੀ-ਖੀ।"

"ਹਾ ਥੋ।...ਔ...ਔ।"

ਡਾਕਟਰ ਸਾਹਿਬ ਦੀ ਘੜੀ ਦੇ ਵਿਚ ਠੀਕ ਦੋਪਹਿਰ ਰਾਤ ਦਾ ਟੈਮ ਦੇਖ ਕੇ ਟੀਨ ਦੇ ਧੁਰਤਰੂ ਵਿਚ ਮੂੰਹ ਪਾ ਕੇ ਕਾਲੀਚਰਨ ਨੇ ਮਲਕੜੇ ਜਿਹਾ ਕਿਹਾ, "ਭੋਂ ਔਂ ਥ ...ਔ ਔ।" ਇਸ ਪਿਛੋਂ ਨੌਜਵਾਨਾਂ ਨੇ ਦੁਹਰਾਇਆ — "ਭਾਰਥ ਆਜ਼ਾਦ।"

ਮੱਠ ਵਿਚ ਖੰਜੜੀ ਡਿਮਕ ਉਠੀ – ਡਿਮ ਡਿਮ ਡਿਮ ਡਿਮਿਕ ! ਬਾਲਦੇਵ ਜੀ ਨੇ ਭਾਵੁਕ ਹੋ ਕੇ ਚੌਕੀਦਾਰ ਵਾਂਗ ਹਾਕ ਮਾਰੀ — "ਹਾ-ਹਾ-ਹਾ-ਹਾ-ਹਾ ! ਭਾਰਥ ਆਜ਼ਾਦ ਹੋ ਗਿਆ ਹਾ-ਹਾ-ਹਾ-ਹਾ-ਹਾ- ਹੋਏ। ਮਹਾਤਮਾਂ ਗਾਂਧੀ ਦੀ ਜੈ।

ਰਿੰ ਰਿੰ ਰਿੰ ਤਾ ਧਿਨ ਤਾ।

ਡਾ ਡਿੱਗਾ।

ਸੰਥਾਲ ਟੋਲੀ ਵਿਚ ਮਾਂਦਰ ਅਤੇ ਡਿੱਗਾ ਥਿਰਕ ਉਠਦੇ ਹਨ।

ਤੂ ਉ ਉ ਉ ਉ ਉ ਮਾਸੀ ਸੰਖ ਪੂਰਦੀ ਹੈ। ਤੂਉ ਉ ਉ

ਸੱਤ ਮੀਲ ਦੱਖਣ ਵਿਚ ਕਟਿਹਾਰ ਦੀਆਂ ਪੰਜੇ ਵੱਡੀਆਂ ਵੱਡੀਆਂ ਮਿੱਲਾਂ ਦੇ ਘੁਗੂ ਕੱਠੇ ਵਜ ਰਹੇ ਹਨ — ਭੋਂ ਔਂ...ਔਂ...ਔਂ...ਧੂ ਉ...ਉ। "ਆਵਾਜ਼ ਬਿਲਕੁਲ ਸਾਫ ਸੁਣਾਈ ਦਿੰਦੀ ਹੈ।

...'ਡਿੱਲੀ' (ਦਿੱਲੀ) ਵਿਚ ਵੰਡ ਵੰਡਾ ਕਰਕੇ ਸੁਰਾਜ ਮਿਲ ਗਿਆ। ਜੈ। ਜੈ। ਇਸਲਾਮਪੁਰ ਪਾਖਿਸਤਾਨ ਵਿਚ ਰਵ੍ਹੇਗਾ ਜਾਂ ਹਿੰਦੁਸਤਾਨ ਵਿਚ ? ਪਾਖਿਸਤਾਨ ਵਿਚ ? ਹਾਲੇ ਪਾਖਿਸਤਾਨ ਵਿਚ ਤਾਂ ਖੁਸ਼ੀ ਨਾਲ ਖਚਾ ਖਚ ਗੋਰਿਆਂ ਦੀ ਕਟਾਈ ਹੋ ਰਹੀ ਹੋਵੇਗੀ।...ਦਦੱਬ। ਗੋਰਿਆਂ ਨੇ ਕੀ ਵਿਗਾੜਿਆ ਹੈ।...ਵੱਡ ਭਾਗਾਂ ਨਾਲ ਮੇਰੀਗੰਜ ਬਚ ਗਿਆ। ਦਸ ਮੁਸਲਮਾਨ ਵੀ ਹੁੰਦੇ ਤਾਂ ਪਾਖਿਸਤਾਨ ਲੈ ਕੇ ਹੀ ਛਡਦੇ।

## ਚਾਰ

ਭੋਂ ਔਂ ਔਂ ! ਔਂ ਔਂ।

ਕਾਲੀਚਰਨ ਦਾ ਗਲਾ ਬੈਠ ਗਿਆ। ਨਾਰ੍ਹਾ ਲਾਉਣ ਵੇਲੇ ਸਰਸਰਾਹਟ ਵਾਂਗ ਗਲੇ 'ਚੋਂ ਆਵਾਜ਼ ਨਿਕਲਦੀ ਹੈ — ਫੋਏਂ ਫੋਏਂ ਸੋਏਂ ਸੋਏਂ।...ਸਵੇਰ ਤੋਂ ਹੀ ਕਾਮਰੇਡ ਬਾਸੁਦੇਵ ਅਤੇ ਕਾਮਰੇਡ ਸੋਮਾਂ ਜੱਟ ਬਾਰੀ ਬਾਰੀ ਨਾਰਾ ਲਾ ਰਹੇ ਹਨ .. ਨਾਰਾ ਬੰਦ ਨਾ ਹੋਵੇ, ਜਾਰੀ ਰਵ੍ਹੇ- 'ਅਸ਼ਠਜਾਮ' ਕੀਰਤਨ ਵਾਂਗ। ਸੁਰਾਜ ਉਤਸਬ ਜਦੋਂ ਤਕ ਖਤਮ ਨਾ ਹੋਵੇ, ਨਾਰਾ ਬੰਦ ਨਾ ਹੋਵੇ।

ਟਨ ਟਨਾਕ, ਟਨ ਟਨਾਕ। ਸ਼ਿੰਗਾਰੀ ਹੋਈ ਮੁਟਿਆਰ ਹਥਣੀ ਜਾ ਰਹੀ ਹੈ।

ਢਨ ਢਨ ਢਿਨਾਂਗ ਢਿਨਾਂਗ। ਕੀਰਤਣੀਆਂ ਦਾ ਘੜਿਅਲ ਬੋਲ ਰਿਹਾ ਹੈ।

ਧੂ ਉ ਉ ਉ ਤੂ ਤੂ ਤੂ ਤੂ। ਸ਼ੰਖਨਾਦ।

ਭੋਂ ਔਂ ਪੋਂ।...ਭੋਂ ਪੋਂ ਪੋਂ। ਅੰਗਰੇਜ਼ੀ ਬਾਜਾ।

ਤਕ ਤਕ ਤਕ ਤਕ ਤਕ ਧਿਨਾਂਗ ਧਿਨਾਂਗ। ਅਮਹਰਾ ਦਾ ਚਾਨਖੋਲ (ਬਾਜਾ) ਬਜਿਆ।

ਪੀਂ ਪੀਂ ਪੀਂ ਈਂ ਈਂ ਈਂ ਈਂ ਪੀਂ ਪੀਂ ਪੀ...ਚਾਨਖੋਲ ਵਾਲਿਆਂ ਦੀ ਪੀਪਨੀ ਬਜ ਰਹੀ ਹੈ।

ਚਾਂਦੋ ਬਨਿਆਂ ਸਾਜਿਲੋ ਬਾਰਾਤ ਔ ਹੋ
ਏਕ ਲਾਖ ਹਾਥੀ ਸਾਜਿਲੋ, ਦੂਈ ਲਾਖ ਘੋੜਾ,

ਚਾਰ ਲਾਖ ਪੈਦਲ, ਦੂਲਹਾ ਬਾਲਾ ਲਖਿੰਦਰ ।

ਪੀਪਨੀ ਤੇ ਬਿਹਲਾ (ਸਤੀ ਬਿਹਲਾ) ਨਾਚ ਦਾ ਬਰਾਤ ਵਾਲਾ ਗੀਤ ਬਜ ਰਿਹਾ ਹੈ ।

ਧੂ ਧੂ ਧੂ ਧੂ ਧੂ ਧੂ ਧੂ ਧੂ ਤੂ ਧੂ ਤੂ ਧੂ ਤੂ । ਪਹਿੜਿਆ ਘੋੜਾ ਹਿਣਕਦਾ ਹੈ। ਕਿਸ ਦਾ ਘੋੜਾ ਹੈ ?

ਧਰਮਨਾਥ ਬਾਬੂ ਦਾ ਜਾਂ ਹਰੀ ਬਾਬੂ ਦਾ ?
ਭਾਰਤ ਮੇਂ ਆਇਲ ਸੁਰਾਜ,
ਚਲੁ ਸਖੀ ਦੇਖਨ ਕੋ...

ਨਵਾਂ ਸੁਰਾਜ ਕੀਰਤਨ ਕਿਨ੍ਹੇ ਬਣਾਇਆ ਹੈ ? ਵਾਹ । ਇਕਦਮ ਤਾਜਾ ਮਾਲ ਹੈ। ਸੁਣੋ ਸੁਣੋ ।

ਕਥਿ ਜੇ ਚੜਿਏ ਆਏਲ,
ਭਾਰਥ ਮਾਤਾ,
ਚਲੁ ਸਖੀ ਦੇਖਨ ਕੋ ।
ਕਥਿ ਜੇ ਚੜ੍ਹਏ ਆਏਲ,
ਵੀਰ ਜਮਾਹਿਰ,
ਕਥਿ ਪਰ ਗਾਂਧੀ ਮਹਾਰਾਜ । ਚਲ ਸਖੀ...
ਹਾਥੀ ਚੜ੍ਹਲ ਆਵੇ ਭਾਰਥ ਮਾਤਾ
ਡੋਲੀ ਮੇਂ ਬੈਠਾਲ ਸੁਰਾਜ । ਚਲ ਸਖੀ ਦੇਖਨ ਕੋ,
ਘੋੜਾ ਚੜ੍ਹਏ ਆਏ ਵੀਰ ਜਮਾਹਿਰ ।
ਪੈਦਲ ਗਾਂਧੀ ਮਹਾਰਾਜ । ਚਲ ਸਖੀ ਦੇਖਨ ਕੋ ।

ਵਾਹ ! ਖੂਬ ਕੀਰਤਨ ਜੋੜਿਆ ਹੈ, ਉਜਾੜੂਦਾਸ ਨੇ । ਉਜਾੜੂਦਾਸ ਨੂੰ ਨਹੀਂ ਪਛਾਣਦੇ ਹੋ ? ਬਾੜਾ ਮਾਨਿਕੀ ਪੁਰ ਵਿਚ ਘਰ ਹੈ। ਉਹ ਵੀ ਸੰਨ ਤੀਹ ਤੋਂ ਹੀ ਸੁਰਾਜੀ ਵਿਚ ਹੈ ।

ਕੂ ਕੂ । ਮੁਟਿਆਰ ਹਥਣੀ ਠੀਕ ਤਾਲ ਤੇ ਕਿਵੇਂ ਝੂਕਦੀ ਹੈ । ਵਾਹ ਵਾ । ਬੜੀ ਫੱਬ ਨਾਲ ਸ਼ਿੰਗਾਰਿਆ ਹੈ ਫ਼ਿਲਵਾਨ ਨੇ । ਮਸਤਕ ਉਤੇ ਕਮਲ ਦਾ ਫੁੱਲ ਬਣਾਇਆ ਹੈ — ਫੁੱਲ ਖੱਲੀ ਨਾਲ। ਕਿੰਨਾਂ ਰੰਗ ਪੋਚਿਆ ਹੈ । ਭਾਰਥਮਾਤਾ ਦੀ ਮੂਰਤੀ ਤਾਂ ਬਿਲਕੁਲ ਦੁਰਗਾ ਮਾਈ ਦੀ ਮੂਰਤੀ ਵਰਗੀ ਲਗਦੀ ਹੈ। ਲੱਛਮੀ ਸੁਰਸਤੀ, ਪਾਰਬਤੀ-ਗੌਰਾ ਅਤੇ ਭਾਰਥਮਾਤਾ ਸਭ ਸਕੀਆਂ ਭੈਣਾਂ ਹਨ । ਓ ।...ਏਸੇ ਲਈ ! ਬਾਲਦੇਵ ਜੀ ਦੇਖਦੇ ਹਨ — ਸਾਦੇ ਖੱਦਰ ਦੀ ਸਾੜ੍ਹੀ । ਗਲੇ ਵਿਚ ਫੁੱਲਾਂ ਦੀ ਮਾਲਾ । ਲੰਮੇ ਲੰਮੇ ਕਾਲੇ ਬਾਲ ਕੰਡ ਤੇ ਬਿਖਰੇ ਹੋਏ । ਭਾਰਥਮਾਤਾ ਦੇ ਬੁੱਲ੍ਹਾਂ ਤੇ ਜਿਸ ਤਰ੍ਹਾਂ ਦੀ ਮੁਸਕਣੀ ਹੈ, ਕੁਠਾਰਨ ਉਹੋ ਜਿਹਾ ਹੀ ਹਾਸਾ ਹਸ ਰਹੀ ਹੈ

ਅਤੇ ਮਲਕੜੇ ਮਲਕੜੇ ਚੌਰ ਝੁਲਾ ਰਹੀ ਹੈ ।

ਧਿਨ, ਤਕ ਤਕ ਤਕ ਤਕ, ਤਾਕ, ਧਿਨਾਂ ਧਿਨ । ਭਠਿਆਲੀ ਕੀਰਤਨ ਦਾ ਖੋਲ ਬੋਲ ਰਿਹਾ ਹੈ — ਤਾਕ ਧਿਨਾਂ ਧਿਨ ਤਿੱਨਕ ਤਿੱਨਕ ।

ਹਾਂ ਰੇ ਮੇਰੀ ਰੇ ਏ ਏ ਏ ਏ । ਹਾਂ ਆ ਆਂ ।
ਆਂ ਆਂ ਆਂ ਆਰੋ ਹੇ ।
ਬਹੁ ਕਸਟੇ ਸੁਰਾਜ ਪੇਲੋਂ ਰੇ
ਭਾਰਅ ਅਬਅ ਸੰਤਾਨ ਓ ਰੇ
ਕੋਟਿ ਕੋਟਿ ਛਇਲਾ ਪੇਯੇਲਾ
ਦਿਲੋ ਬੋ ਦਿ ਦਾਨ ਆ ਰੇ
ਹਾਂ ਰੇ ਮੇਰੀ ਰੇ ਏ ਏ ਏ । ਹਾਂ ਆਂ ਆਂ ।

ਔਰਾਹੀ ਹਿੰਗਨਾਂ ਦਾ ਭਗਤ ਹੈ, ਬਾਬੂ । ਕੋਈ ਖੇਡ ਨਹੀਂ । ਸੀਤਾਨਾਥ ਬਾਬੂ ਨੇ ਪੂਰਵੀ ਬੋਲੀ (ਬੰਗਲਾ ਬੋਲੀ) ਵਿਚ ਕਿਦਾਂ ਦਾ ਭਠਿਆਲੀ ਕੀਰਤਨ ਜੋੜਿਆ ਹੈ, ਤਕੋ । ..ਸੀਤਾਨਾਥ ਬਾਬੂ ਨੇ ਜੋੜਿਆ ਹੈ ਕਿ ਉਨ੍ਹਾਂ ਦੇ ਛੋਟੇ ਪੁੱਤਰ ਮਹਿੰਦਰ ਨੇ ?... ਮਹਿੰਦਰ ਬਾਬੂ ਵੀ ਖੂਬ ਗੀਤ ਜੋੜਦੇ ਹਨ, ਸੁਣਿਆ ਹੈ ।

ਭਰਰ ਭਰਰ ਭਰ ਭਰਰ ਰ ਰ ਰ । ਇਕ ਪੂਰਾ ਢੋਲ ਤਾਂ ਸਭ ਬਾਜਿਆਂ ਨੂੰ ਮਾਤ ਕਰ ਦਿੰਦਾ ਹੈ। ਸਾਰੇ ਬਾਜਿਆਂ ਨੂੰ 'ਝਾਪ' ਲਿਆ ਹੈ ।

ਡਮਾਕ ਡਿਮਾਕ ਡਿਮ । ਇਕ ਪੂਰੇ ਢੋਲ ਦੇ ਨਾਲ ਇਕ ਛੋਟੀ ਢੋਲਕੀ ਬੋਲਦੀ ਹੈ ।

ਭੋ ਐ ਥ । ਐ ਐ ।

"ਮਹਾਤਮਾਂ ਗਾਂਧੀ ਦੀ ਜੈ ।"

"ਜਮਾਹਿਰ ਲਾਲ ਨਹਿਰੂ ਦੀ ਜੈ ।"

"ਰਜਿੰਨਰ ਬਾਬੂ ਦੀ ਜੈ ।"

"ਜੈਪਰਗਾਸ ਜਿੰਦਾਬਾਗ ।"

"ਇਹ ਆਜ਼ਾਦੀ ਝੂਠੀ ਹੈ ।"

"ਦੇਸ ਦੀ ਜਨਤਾ ਭੁੱਖੀ ਹੈ ।"...ਇਹ ਨਵਾਂ ਨਾਰਾ ਕੌਣ ਲੌਂਦਾ ਹੈ ?

"ਐ ! ਐ ।...ਨਹੀਂ ਹੋਇਆ ।"

"ਸੁਣ ਲਵੋ ਪਹਿਲਾਂ ।"

"ਆਜ਼ਾਦੀ ਝੂਠੀ । ਮਾਰੇ ਸਾਲੇ ਨੂੰ ਕਿਹੜਾ ਬੋਲਿਆ ।"

"ਜ਼ਰੂਰ ਪਿੰਡ ਦਾ ਨਹੀਂ ਉਪਰਾ ਆਦਮੀ ਹੈ ।

"ਐ ਐ । ਬਾਜਾ ਬੰਦ ਕਰੋ ।"

"ਹਟੋ । ਹਟੋ ।"

"ਓਏ ਕਾਲੀਚਰਨ । ਓਏ ਵਾਸੂਦੇ...।"

"ਬਾਲਦੇਵ ।...ਸ਼ਾਂਤੀ ਕਰੋ ।"

"ਓਏ । ਗੱਲ ਕੀ ਹੋਈ ?"

"ਹਰ ਗੱਲ ਵਿਚ ਇਵੇਂ ਹੀ ਕੋਈ 'ਪਰ' ਲਾਉਣਗੇ ਇਹ ਲੋਕ ?"

"ਸੁਣੋ ਤਸੀਲਦਾਰ ਸਾਬ੍ਹ । ਗੱਲ ਇਹ ਹੋਈ ਕਿ" ...ਬਾਲਦੇਵ ਜੀ ਅੱਜ ਫੇਰ ਸਣਕੇ ਹਨ, "ਗੱਲ ਇਹ ਹੋਈ ਕਿ ਬਾਬੂ ਕਾਲੀਚਰਨ ਦੇ ਢਿਡ ਵਿਚ ਹੁੰਦਾ ਹੈ ਕੁਛ ਹੋਰ ਅਤੇ ਕਹਿੰਦਾ ਹੈ ਕੁਛ ਹੋਰ ।...ਅਸੀਂ ਇਸ ਤੋਂ ਪਹਿਲਾਂ ਹੀ ਪੁੱਛ ਲਿਆ ਸੀ ਕਿ ਤੁਹਾਡੀ ਪਾਰਟੀ ਵਲੋਂ ਕੀ ਹੁਕਮ ਹੋਇਆ ਹੈ, ਸੁਰਾਜ ਉਤਸਬ ਬਾਰੇ, ਤਾਂ ਕਹਿਣ ਲਗਾ ਕਿ ਸੁਰਾਜ ਕੀ ਸਿਰਫ਼ ਕਾਂਗਰਸੀਆਂ ਨੂੰ ਮਿਲਿਆ ਹੈ ।...ਹੁਣ ਤਕੋ, ਸੁਭ ਸਗਨ ਕਰ ਕੇ ਜਦੋਂ ਅਸਾਂ ਜਲੂਸ ਕਢਿਆ ਹੈ ਤਾਂ ਓਪਰੇ ਬੰਦਿਆਂ ਨੂੰ ਮੰਗਵਾ ਕੇ ਸਾਡੇ ਉਤਸਬ ਨੂੰ ਖ਼ਰਾਬ ਕਰ ਰਿਹਾ ਹੈ। ਇਹ ਕੀ ਗੱਲ ਹੋਈ। ਓਏ ਭਰਾਵਾ, ਹਿੰਗਨਾਂ ਔਰਾਹੀ ਦਾ ਸੋਸ਼ਲਿਟ ਹੈ ਤਾਂ ਹਿੰਗਨਾਂ ਔਰਾਹੀ ਵਿਚ ਜਾ ਕੇ ਆਪਣੇ ਪਿੰਡ ਦਾ ਨਾਰਾ ਲਾਵੇ, ਇਥੇ ਕਾਬਲੀਅਤ ਛਾਂਟਨ ਦੀ ਕਿਹੜੀ ਲੋੜ ਸੀ ? ਆਪਣਾ ਮੂੰਹ ਹੈ — ਬ ਸਲਾ ਦਿਤਾ ਨਾਰਾ — ਇਹ ਆਜ਼ਾਦੀ ਝੂਠੀ ਹੈ ।"

"ਠੀਕ ਗੱਲ ਹੈ । ਬਾਜਿਵ ਗੱਲ ਹੈ ।" ਜਨਤਾ ਇਕੋ ਵੇਲੇ ਕਹਿੰਦੀ ਹੈ ।

"ਓਏ ਸੋਏਂ ਸੋਏਂ..." ਕਾਲੀਚਰਨ ਕੀ ਕਹਿੰਦਾ ਹੈ, ਸਮਝਿਆ ਵੀ ਨਹੀਂ ਜਾਂਦਾ ।

"ਓਏ ਹਾਂ ਹਾਂ, ਗਲਤੀ ਹੋ ਗਈ ।" ਕਾਮਰੇਡ ਬਾਸੂਦੇਵ ਸਮਝਾ ਰਿਹਾ ਹੈ। ਯਾਨੀ ਕਾਲੀਚਰਨ ਦੀ ਗੱਲ ਨੂੰ ਜ਼ੋਰ ਜ਼ੋਰ ਨਾਲ ਸੁਣਾ ਰਿਹਾ ਹੈ । — "ਓਏ ਗਲਤੀ ਹੋ ਗਈ। ਉਹ ਨਹੀਂ ਸੀ ਜਾਣਦਾ। ਚਮੜੇ ਦੀ ਜੀਭ ਹੈ, ਲਟਪਟਾ ਗਈ। ਕਾਲੀਚਰਨ ਜੀ ਦਾ ਇਹਦੇ ਵਿਚ ਕੋਈ ਦੋਸ਼ ਨਹੀਂ ।"

ਇਥੋਂ ਦੀ ਸੋਸ਼ਲਿਟ ਪਾਟੀ ਵਾਲਿਆਂ ਨੂੰ ਵੀ ਇਹ ਗੱਲ ਚੰਗੀ ਨਹੀਂ ਲਗਦੀ। ...ਦੂਜੇ ਪਿੰਡੋਂ ਆ ਕੇ ਇਥੇ ਨਾਰਾ ਲਾਉਣ ਦੀ ਕੀ ਲੋੜ ਸੀ ? ਕਾਲੀਚਰਨ ਜੀ ਦਾ ਗਲਾ ਬੁਝ ਗਿਆ ਸੀ ਤਾਂ ਬਾਸੂਦੇਵ ਅਤੇ ਸੋਮਾਂ ਤਾਂ ਨਾਰਾ ਲਾ ਹੀ ਰਹੇ ਹਨ, ਵਿਚ ਇਹ ਕੜ੍ਹੀ ਘੋਲ ਕੇ ਸਭ ਕੁਝ ਗੜਬੜ ਕਰ ਦਿਤਾ ।

"ਚੰਗਾ ! ਚੰਗਾ ਮਾਫ਼ ਕਰ ਦਿਓ ।"

"ਹਾਂ ਹਾਂ ਛੱਡੋ । ਅਜ ਸੁਰਾਜ ਦਾ ਦਿਨ ਹੈ ।"

ਟਨ ਟਨਾਂਕ ਟਨ-ਟਨਾਕ । ਮੁਟਿਆਰ ਹਥਣੀ ਫੇਰ ਤੁਰ ਪਈ। ਜਲੂਸ ਅਗੇ ਵਧਿਆ ਸਾਰੇ ਢੋਲ ਇਕ ਸਾਰ ਬਜਣ ਲਗੇ। ਡਿਮ ਡਿਮ ਝਰਰ ਝਰਰ ..ਪੀ ਓ ਧੂ ਓ ਤਕ ਤਕ ਧਿਨ ।

ਕੂਈ ਕੂ ! ਕੂਈ ਕੂ । ਮੁਟਿਆਰ ਹਥਣੀ ਤਾਲ ਤੇ ਕੂਕਦੀ ਹੈ ।

ਬਾਲਦੇਵ ਜੀ ਕੀ ਫੇਰ ਸਣਕੇ ਨੇ ? ਹੱਥ ਵਿਚ ਝੰਡਾ ਲੈ ਕੇ ਹੁਣ ਹਥਣੀ ਦੇ ਅਗੇ ਅਗੇ ਨੱਚ ਰਹੇ ਨੇ। ਝੰਡੇ ਨੂੰ ਇਸ ਤਰ੍ਹਾਂ ਹਿਲੌਂਦੇ ਹਨ ਜਿਵੇਂ ਗਾਡ ਸਾਬ੍ਹ ਰੇਲ ਗੱਡੀ ਨੂੰ ਝੰਡੀ ਦਿਖਾ ਰਹੇ ਹੋਣ। ਹਾਂ ਭਰਾ, ਸੁਰਾਜ ਦਾ ਅਸਲੀ ਹਥਿਆਰ ਹੈ, ਤਿਰੰਗਾ ਝੰਡਾ। ਪਹਿਲੇ ਜ਼ਮਾਨੇ ਵਿਚ ਤਲਵਾਰ ਦੇ ਨਾਲ ਲੜਾਈ ਹੁੰਦੀ ਸੀ, ਇਸ ਲਈ ਲੋਕ ਹੱਥ ਵਿਚ ਤਲਵਾਰ ਲੈ ਕੇ ਨੱਚਦੇ ਸਨ। ਸੁਰਾਜ ਦੀ ਲੜਾਈ ਦਾ ਹਥਿਆਰ ਝੰਡਾ ਹੈ। ਇਸ ਲਈ ਝੰਡਾ ਨਚਾ ਰਹੇ ਹਨ, ਬਾਲਦੇਵ ਜੀ! ਸਣਕੇ ਨਹੀਂ। ਜਿਸ ਦਾ ਜਿਹੜਾ ਹਥਿਆਰ...।

ਕਿਰਰ ਰ ਰ ਘਨ ਘਨ ਧੜਾਮ ਥਾ, ਧੜਾਮ ਧਾ। ਨੌਟੰਕੀ ਦਾ ਨਗਾਰਾ ਬੋਲ ਰਿਹਾ ਹੈ।

...ਭੋਜਨ ਤਾਂ ਦਿਨੇ ਤੋਂ ਹੀ ਖਾਂਦਿਆਂ ਖਾਂਦਿਆਂ ਮਨ ਅੱਕ ਗਿਆ ਹੈ।...ਏਧਰ ਦੇਰੀ ਹੋਈ ਤਾਂ ਅਗੋਂ ਜਗ੍ਹਾ ਨਹੀਂ ਮਿਲੇਗੀ। ਚਲੋ, ਜਲਦੀ।

ਕਿਰਰ ਰਰ ਘਨ ਘਨ ਧੜਾਮ ਧਾ ਧੜਾਮ ਧਾ।
ਅਰੇ ਖਿੱਸਾ ਹੋਤਾ ਸੁਰੂ ਅਬ ਸੁਨਹੂ ਪੰਚ ਭਗਵਾਨੋਂ ਕੀ
ਗਾਂਧੀ ਮਹਤਮ ਬੀਰ ਜਮਾਹਿਰ ਕਰੇ ਸਦਾ ਕਲਿਆਨੋਂ ਕੀ
ਕਿਰਰ ਰਰ ਘਨ ਘਨ ਧੜਾਮ ਧਾ, ਧੜਾਮ ਧਾ।

...ਕੌਣ ਖੇਲਿਆ ਹੋਵੇਗਾ ? ਕੀ ਕਿਹਾ ? ਮਸਤਾਨਾਂ ਭਗਤ ਸਿੰਘ। ਵਾਹ। ਹੁਣੇ ਜਾ ਕੇ ਰੰਗ ਮਲ ਲਿਆ ਦਿਨੇ ਪੁਛਦੇ ਸਾਂ ਤਾਂ ਕਹਿੰਦਾ ਸੀ ਕਿ ਸੁਲਤਾਨਾਂ ਡਾਕੂ ਦਾ ਪਾਟ ਹੋਵੇਗਾ।

ਜਿਸ ਦਾ ਹਥਿਆਰ।...ਭਗਤ ਸਿੰਘ ਦਾ ਪਾਟ ਖੁਦ ਨਿੱਤਲ ਰੈਨ ਬਾਬੂ ਨੇ ਲਿਆ ਹੈ। ਸੱਜੇ ਹੱਥ ਵਿਚ ਪਿਸਤੌਲ ਹੈ ਅਤੇ ਖੱਬੇ ਹੱਥ ਵਿਚ ਬੇਲ ਬਰਾਬਰ ਗੋਲਾ ਕੀ ਹੈ ? ਬੰਬ। ਹਾਇ ਬਾਪੂ। ਹਾਂ, ਜਿਸ ਦਾ ਜਿਹੜਾ ਹਥਿਆਰ। ਭਗਤ ਸਿੰਘ ਦਾ ਹਥਿਆਰ ਤਾਂ ਬੰਬ ਪਿਸਤੌਲ ਹੀ ਸੀ।

ਕਿਰਰ ਰ ਘਨ ਘਨ ਧੜਾਮ ਧਾ।
ਅਜੀ ਬੇਟਾ ਹਮ ਮਾਦਰੇ ਬਤਨ ਭਾਰਥ ਕਾ,
ਹਮੇਂ ਡਰ ਨਹੀਂ ਫਾਂਸੀ ਸੂਲੀ ਕਾ...।
ਕਿਰਰ ਰ ਰ·ਕਿਰ ਕਿਰਰ ਧੜਾਮ ਧੜਾਮ ਧੜਾਮ।

ਭਗਤ ਸਿੰਘ ਨਚ ਰਿਹਾ ਹੈ। ਇਕ ਹੱਥ ਵਿਚ ਬੰਬ ਅਤੇ ਦੂਸਰੇ 'ਚ ਪਿਸਤੌਲ। ਨੱਚ ਕੇ ਸਟੇਜ ਦੇ ਇਕ ਕੋਨੇ ਤੋਂ ਦੂਜੇ ਕੋਨੇ ਤੇ ਜਾਂਦਾ ਹੈ। ਖੂਬ ਨਗਾਰਾ ਬਜੌਂਦਾ ਹੈ। ਨਗਾਰੇ ਵਾਲਾ ਬਿਲਕੁਲ ਪੰਨਾਂ ਲਾਲ ਕੰਪਨੀ ਵਾਂਗ। ਇਟਹਰਾ ਦਾ ਨੱਕ ਛੇਦੀ ਹੈ। ਹੋਰ ਕੌਣ ਏਨਾਂ ਸਾਫ ਹੱਥ ਚਲਾਵੇਗਾ।...ਸਿਰਫ਼ ਤਾਲ ਕੱਟਣ ਸਮੇਂ ਜ਼ਰਾ ਡਰ

ਲਗਦਾ ਹੈ। ਤਾਲ ਕੱਟਣ ਸਮੇਂ ਧੜਾਮ ਧਾ ਧੜਾਮ ਧਾ ਤਾਲ ਤੇ ਭਗਤ ਸਿੰਘ ਬੰਬ ਵਾਲੇ ਹੱਥ ਨੂੰ ਦੋ ਵਾਰ ਪਬਲਿਕ ਵਲ ਉਲਾਰਦਾ ਹੈ, ਜਿਵੇਂ ਬੰਬ ਸੁਟ ਰਿਹਾ ਹੋਵੇ ਅਤੇ ਜਦੋਂ ਵੀ ਉਹ ਏਦਾਂ ਕਰਦਾ ਹੈ, ਸਾਹਮਣੇ ਬੈਠੇ ਸਾਰੇ ਲੋਕ ਜ਼ਰਾ ਪਾਸਾ ਮੋੜ ਕੇ ਇਕ ਦੂਜੇ ਦੀ ਕੰਡ ਪਿਛੇ ਮੂੰਹ ਲੁਕਾ ਲੈਂਦੇ ਹਨ।...ਕੀ ਪਤਾ, ਕਿਤੇ ਏਧਰ ਹੀ ਸੁਟ ਦੇਵੇ ਤਾਂ ?...ਕਦੀ ਨਕਲੀ ਤਲਵਾਰ ਨਾਲ ਸ਼ਰੀਰ ਨਹੀਂ ਕਟਿਆ ਜਾਂਦਾ ? ਫੇਰ ਨਕਲੀ ਬੰਬ ਹੋਵੇ ਭਾਵੇਂ ਅਸਲੀ ਹਥੋਂ ਛੁੱਟਣ ਨਾਲ ਕੁਛ ਨਾ ਕੁਛ ਵੱਢ ਕੱਟ ਤਾਂ ਜ਼ਰੂਰ ਕਰੇਗਾ।...ਓਏ ਨਖਲੋ ਦੀ ਬਾਈ ਜੀ ਕਿਥੇ ਹੈ ? ਉਹਨੂੰ ਸਾਹਮਣੇ ਲਿਆਓ, ਡੋਲੀ ਵਿਚ ਕਿਉਂ ਲੁਕਾ ਰਖਿਆ ਹੈ ?...ਤਾੜੀ ਬਜਾਓ ਤਾਂ ਨਿਕਲੇਗੀ।

"ਆ ਗਈ, ਹੈਂ ਦੇਖੋ ਨਖਲਊ ਦੀ ਬਾਈ ਜੀ ਨੂੰ।"

"ਆ ਕੇ ਚੁਪਚਾਪ ਕਿਉਂ ਖੜੋ ਗਈ ?"

"ਗਲੇ ਤੋਂ ਤਾਂ ਜ਼ਰੂਰ ਫੜੀ ਜਾਵੇਗੀ, ਗੌਣ ਤਾਂ ਦਿਓ ਜ਼ਰਾ।"

"ਰੋਗਨ ਪੌਡਰ ਲਾ ਕੇ ਖ਼ੂਬਸੂਰਤ ਲਗਦੀ ਹੈ।"

"ਦਿਨੇ ਦੇਖਣਾਂ ਖਪਰੀ ਦੀ ਪੈਂਦੀ ਵਰਗੀ...।"

"ਹੋ-ਹੋ-ਹੋ। ਸਾਲਾ ਦੁਲਰੀਆ ਗੱਲ ਬਣੌਣੀ ਜਾਣਦਾ ਹੈ।"

ਬਾਈ ਜੀ ਸ਼ੁਰੂ ਕਰਦੀ ਹੈ:

ਖਾਦੀ ਕੇ ਚੁਨਰਿਆ ਰੰਗ ਦੇ ਛਾਪੇਦਾਰ ਰੇ ਰੰਗਰੇਜਬ
ਬਹੁਤ ਦਿਨਨ ਸੇ ਲਾਗਲ ਬਾ ਮਨ ਹਮਾਰ ਰੇ ਰੰਗਰੇ ਜਬ।
ਧਮ ਧੜਾਮ। ਧਮ ਧੜਾਮ।

"ਨੱਚਦੀ ਹੈ, ਤਾਂ ਨੱਚੇ, ਦੰਦ ਕਢਕੇ ਹਸਦੀ ਕਿਉਂ ਹੈ ?"

"ਹੇ ਰਾਮ। ਦੰਦ ਤੇ ਬੁਲ੍ਹ ਤਾਂ ਬਿਲਕੁਲ ਕਾਲਾ ਭੁਜੰਗ ਹੈ।"

"ਉਏ ਦੰਦ ਨਹੀਂ, ਕਾਬਲੀ ਅਨਾਰ ਦੇ ਦਾਣੇ ਹਨ ਦਾਣੇ।

...ਹੋ ਹੋ। ਹੋ ਹੋ। ਵਾਹ। ਠੀਕ ਕਿਹਾ ਦੁਲਰੀਆ ਨੇ।

ਬਾਈ ਜੀ ਗੌਂ ਰਹੀ ਹੈ :

ਕਹੀ ਪੇ ਛਾਪੋ ਗਾਂਧੀ ਮਹਤਮਾ
ਚਰਖਾ ਮਸਤ ਚਲਾਤੇ ਹੈਂ,
ਕਹੀ ਪੇ ਛਾਪੋ ਵੀਰ ਜਮਾਹਿਰ
ਜੇਲ ਕੇ ਭੀਤਰ ਜਾਤੇ ਹੈ,
ਅੰਚਰਾ ਪੇ ਛਾਪੋ ਝੰਡਾ ਤਰੰਗਾ
ਬਾਂਕਾ ਲਹਿਰਦਾਰ ਰੇ ਰੰਗਰੇ ਜਬਾ।...
ਕਿਰਰ ਰਿ ਰਿ ਰਿ ਰਿ ਧੜਕ ਧੜਕ ਧੜੱਮ।

ਧਾ ਧੜਮ ਧਾ।

ਅਜੀ ਆਗਿਆ ਪਰ ਛਾਪੋ...।

...ਏਂ ! ਏ ! ਵਾਹ । ਹੋ-ਹੋ ।...ਵਾਹ ਵਾਹ।

"ਸੁਟੋ ਇਹਦੇ ਬਿਲੌਜ ਤੇ ਟਕਾ ।" ਇਕ ਆਵਾਜ਼ ਔਂਦੀ ਹੈ।

"ਜ਼ਰੂਰ ਸੁੱਟੋ ?"

"ਓਏ ਟਕਾ ਨਾ ਬੋਲੋ, ਮਿਡਿਲ ਕਹੋ ਮਿਡਿਲ ! ਪੇਂਡੂਆਂ ਵਾਂਗ ਕਿਉਂ ਗੱਲਾਂ ਕਰਦੇ ਹੋ। ਚਾਂਦੀ ਦੀ ਚਕਲੀ ਨੂੰ 'ਮਿਡਿਲ' ਕਹਿੰਦੇ ਹਨ।"

"ਸੁਣੋ...ਭਗਤ ਫੇਰ ਕਿਉਂ ਸਟੇਜ ਤੇ ਆਇਆ ?"

"ਪਿਆਰੇ ਭਰਾਵੋ, ਤੁਸੀਂ ਹੋ ਹੱਲਾ ਨਾ ਕਰੋ...। — ਹੁਣ ਇਕ ਗੌਣ ਹੋਵੇਗਾ — "ਮੇਰਾ ਬਾਂਕਾ ਸਿਪਾਹੀ ਟੱਟੂ ਤੋਂ ਡਿਗ ਡਿਗ ਜਾਵੇ।"

"ਉਏ ਲਕਚਰ ਕਿਉਂ ਝਾੜਦਾ ਏਂ ? ਬਜਾਓ ਨਗਾਰਾ।...ਰਾਤ ਭਰ ਦਾ ਸੱਟਾ ਹੈ। ਤੇਰੇ ਸਿਪਾਹੀ ਦੀ ਐਸੀ ਤੈਸੀ। ਖੇਲ੍ਹ ਸ਼ੁਰੂ ਕਰੋ।"

"ਹਾਂ, ਇਹ ਲੋਕ ਤਾਂ ਚਾਹੁੰਦੇ ਹਨ ਕਿ ਇਸੇ ਤਰ੍ਹਾਂ "ਡਿਬ-ਡਿਬ ਵਿਚ ਹੀ ਰਾਤ ਕਟ ਦੇਣ।...ਨੱਚੋ।"

"ਐ। ਪੰਚਲੈਟ ਵਿਚ ਹਵਾ ਭਰੋ। ਭਕ ਭਕ ਕਰ ਰਿਹਾ ਹੈ।"

"ਹਵਾ ਕੀ ਦੇਵੇਗਾ, ਹਨੇਰੀ ਆ ਰਹੀ ਹੈ। ਪਾਣੀ ਵੀ ਵਰ੍ਹੇਗਾ।"

ਕਿਰਰ ਘਨ ਘਨ ਧੜਾਮ ਧਾ, ਧੜਾਮ ਧਾ। ਨਗਾਰਾ ਵਜਿਆ।

ਗੁੜਗੁੜੁਮ। ਆਸਮਾਨ ਵਿਚ ਬੱਦਲ ਘੁੰਮੇ। ਫਟਾਕ ਪਟਾਕਾ ਚਲਿਆ।

ਅਜੀ ਭਗਤ ਸਿੰਘ ਹੈ ਨਾਮੀ ਇਨ ਮੈਂ ਸਰਦਾਰ

ਅਜੀ ਕਰਨਾ ਹੈ ਉਸ ਕੋ ਗਿਰਫਤਾਰ

ਕਿਰਰ ਕਿਰਰ ਘਨ ਘਨ ਧੜਾਮ ਧਾ।

"ਮਾਰੋ ਸਾਲੇ ਨੂੰ। ਸਭ ਇਹੋ ਸਾਲੇ ਦੇਸ਼ ਧ੍ਰੋਹੀ ਨੇ। ਪਛਾਣ ਰਖੋ।"

"ਮਾਰੋ। ਮਾਰੋ।...ਉਏ ਮਾਰੋ ਸਾਲੇ ਨੂੰ।"

"ਹੋ ਹੋ। ਹੋ ਹੋ।" ਹਨੇਰੀ ਆ ਰਹੀ ਹੈ ਸ਼ਾਇਦ...। ਗਊਆਂ-ਬੋਲਦਾਂ ਨੂੰ ਘਰੋਂ ਬਾਹਰ ਕਰਨਾ ਹੋਵੇਗਾ। ਚੁਲ੍ਹੇ ਵਿਚ ਅੱਗ ਛੱਡ ਕੇ ਹੀ ਜਨਾਨੀਆਂ ਸੌਂ ਜਾਂਦੀਆਂ ਨੇ। ਬੜੀ ਭੈੜੀ ਆਦਤ ਏ। ਅੱਗ ਰਖਦੀਆਂ ਨੇ ਹੁੱਕਾਂ ਪੀਣ ਨੂੰ। ਉਏ ਚਲੋ...। ਬਾਂਸ ਦੇ ਘਰ ਦਾ ਕੀ ਟਿਕਾਣਾ। ਹਨੇਰੀ ਆਈ, ਉਡਾ ਲੈ ਗਈ, ਵਰਖੀ ਹੋਈ ਤਾਂ ਚੋਣ ਲਗੀ ਅਤੇ ਚੰਗਿਆੜਾ ਵੀ ਕਦੀ ਉਡਿਆ ਤਾਂ ਸੁਆਹ।...ਚਲੋ ! ਕੀ ਦੇਖਾਂਗੇ ਹੁਣ ਨਾਚ। ਕਟੀਹਾਰ ਦੇ ਚੁਆਨੀ ਮਾਲ ਨੂੰ ਚੁਕ ਲਿਆਏ ਨੇ, ਅਤੇ ਕਹਿੰਦੇ ਨੇ ਕਿ ਲਖਨਊ ਦੀ ਹੈ। ਚਲੋ।"

ਗੁੜ ਗੁੜਾਮ । ਗੁੜ ਗੁੜਾਮ ।

ਕਮਲਾ ਨੂੰ ਡਾਕਟਰ ਨੇ ਆਪਣੀਆਂ ਬਾਹਵਾਂ ਵਿਚ ਜਕੜ ਲਿਆ ਹੈ...ਤਿੰਨ ਵਜੇ ਦਿਨੇ ਸੰਥਾਲੀ ਨਾਚ ਦੇਖਣ ਹਸਪਤਾਲ ਆਈ ਸੀ ਕਮਲੀ । ਨਾਚ ਖਤਮ ਹੋ ਗਿਆ, ਸ਼ਾਮ ਪੈ ਗਈ । ਓਧਰ ਨੌਟੰਕੀ ਕਦੋਂ ਸ਼ੁਰੂ ਹੋਈ, ਕਦੋਂ ਖ਼ਤਮ ਹੋਈ, ਸ਼ਾਇਦ ਦੋਵਾਂ 'ਚੋਂ ਕੋਈ ਨਹੀਂ ਦਸ ਸਕੇਗਾ।...ਜਦੋਂ ਬੱਦਲ ਗਰਜੇ, ਬਿਜਲੀਆਂ ਚਮਕੀਆਂ ਅਤੇ ਸ਼ੂਕਦੀ ਹੋਈ ਵਰਖਾ ਹੋਣ ਲਗੀ ਤਾਂ ਕਮਲੀ ਨੂੰ ਡਾਕਟਰ ਨੇ ਆਪਣੀਆਂ ਬਾਹਵਾਂ ਵਿਚ ਜਕੜ ਲਿਆ।

ਕਮਲੀ ਨੇ ਬਾਹਵਾਂ ਛੁਡਾਣ ਦੀ ਇਕ ਹਲਕੀ ਕੋਸ਼ਿਸ਼ ਕੀਤੀ। ਬਿਜਲੀ ਚਮਕੀ।

ਗੁੜ ਗੁੜ ਮ ।
ਰਿ ਰਿ ਤਾ ਧਿਨ ਤਾ
ਡਿੱਗਾ ਡਾ ਡਿੱਗਾ ।

ਸੰਥਾਲੀ ਨਾਚ ਦੇ ਮਾਂਦਰ ਅਤੇ ਡਿੱਗਾ ਦੇ ਤਾਲ ਤੇ ਦੋਵਾਂ ਦੀ ਧੁਕਧੁਕੀ ਵਜ ਰਹੀ ਹੈ। ਛੱਮ ਛੱਮ।...ਅਜ ਕਮਲੀ ਇਸ ਇਲਾਕੇ ਵਿਚ ਪਹਿਨੇ ਜਾਣ ਵਾਲੇ ਸਭ ਤਰ੍ਹਾਂ ਦੇ ਗਹਿਣਿਆਂ ਨਾਲ ਲੱਦੀ ਹੋਈ ਹੈ।...ਬਾਂਕ ਹੰਸੁਲੀ, ਬਾਜੂ ਕੰਗਨਾ, ਅਨੰਤ, ਚੂਰ, ਝਨਝਨੀ: ਅਰਥਾਤ ਝੁਨਕ ਕੁਨੁਕ ਬੱਜਣ ਵਾਲੀਆਂ ਬੇੜੀਆਂ, ਜਿਸ ਨੂੰ 'ਝਨਝਨੀ ਕੜਾ' ਕਹਿੰਦੇ ਹਨ।...

ਅਤੇ ਚੂਰ ਤਾਂ ਦੇਹ ਦੀ ਸਿਹਰਨ ਨਾਲ ਵੀ ਛਣਕਦੇ ਹਨ—ਟੁਨ ਟੁਨ।

ਟੁਨ ਟੁਨ।
ਛਮ ਛਮ ।
ਗੁੜ ਗੁੜਾਮ।
ਛੱਮ ਛਮ। ਛੱਮ ਛਮ।
ਟੁਨ ਟੁਨ।

ਡਾਕਟਰ ! ਡਾਕਟਰ ! ਓ !...ਪ੍ਰਸ਼ਾਂਤ ਮਹਾਂਸਾਗਰ, ਰਾਜ ਕਮਲ।...

## ਪੰਜ

ਬਾਵਨ ਦਾਸ ਨੂੰ ਹੁਣ ਆਪਣੇ ਤੇ ਵੀ ਪ੍ਰਤੀਤ ਨਹੀਂ ਹੁੰਦੀ।...ਬਾਲਦੇਵ ਜੀ ਕਹਿੰਦੇ ਹਨ ਚਿਤ ਚੰਚਲ ਹੋ ਗਿਆ ਹੈ ਬੌਨਦਾਸ ਦਾ ਅਤੇ ਕੁਝ 'ਭਰਮ' ਵੀ ਗਿਆ ਹੈ। ਬਸ ਸਿਰਫ ਗਾਂਧੀ ਜੀ ਤੇ ਭਰੋਸਾ ਹੈ ਬਾਵਨ ਦਾਸ ਨੂੰ।...ਬਾਪੂ ਸਬ ਪਾਰ

ਲਾਉਣਗੇ। ਬੜੀ ਵੱਡੀ ਕਠਿਨ ਪ੍ਰੀਖਿਆ ਵਿਚ ਬਾਪੂ ਕੱਲੇ ਸਭ ਨੂੰ ਸੰਭਾਲ ਲੈਣਗੇ। ਜੈ। ਬਾਬਾ ਬਾਬੂ।

ਪਰ ਉਹਦੇ ਦਿਲ ਵਿਚ ਪਤਾ ਨਹੀਂ ਕੀ ਸਮਾ ਗਿਆ ਹੈ ਕਿ ਹਰ ਗਲ ਦਾ ਖਰਾਬ ਰੂਪ ਹੀ ਪਹਿਲਾਂ ਵੇਖਦਾ ਹੈ, ਸੰਦੇਹ ਆਤਮਕ ਦ੍ਰਿਸ਼ਟੀਕੋਣ ਨਾਲ ਹੀ ਉਹ ਸਾਰੀ ਦੁਨੀਆਂ ਨੂੰ ਪਰਖਦਾ ਹੈ। ਬਾਬੂ ਨੇ ਚਿੱਠੀ ਦਾ ਜਵਾਬ ਦਿਤਾ ਹੈ :

ਭਗਵਾਨੂੰ ਦਾਸ ਜੀ ! "ਤੁਸੀਂ ਹੀ ਧੀਰਜ ਛੱਡ ਦਿਓਗੇ ਤਾਂ ਭਗਤ ਜਨਾਂ ਦਾ ਕੀ ਬਣੇਗਾ ? .. ਬਾਪੂ ਦੇ ਪ੍ਰਣਾਮ।"

ਬਾਵਨ ਰੁੱਖਾ ਹਾਸਾ ਹੱਸ ਕੇ ਕਹਿੰਦਾ ਹੈ, "ਗੰਗੁਲੀ ਜੀ ! ਬਾਪੂ ਨੂੰ ਦੇਖੋ।...ਹੁਣ ਅਸੀਂ ਕੀ ਕਰੀਏ ? ਮਨ ਵਿਚ ਸੰਦੇਹ ਹੁੰਦਾ ਹੈ, ਦਿਲ ਉਦਾਸ ਹੋ ਜਾਂਦਾ ਹੈ। ਫੇਰ ਆਦਮੀ ਨੂੰ ਆਪਣੇ ਆਪ ਤੇ ਵੀ ਵਿਸ਼ਵਾਸ਼ ਕਿਵੇਂ ਹੋਵੇ ? ਬਾਪੂ ਨੂੰ ਪੁਛਦੇ ਹਾਂ ਤਾਂ ਮਸ਼ਕਰੀ ਵਿਚ ਹੀ ਟਾਲ ਦਿੰਦੇ ਹਨ। ਲਿਖਦੇ ਹਨ ਕਿ ਤੁਸੀਂ ਧੀਰਜ ਛੱਡ ਦਿਓਗੇ ਤਾਂ...। ਹੇ ਛਲੀਏ ਓਏ ! ਜਨਮ ਜਨਮ ਛਲ ਕਰਕੇ ਠੱਗਿਆ, ਕਦੀ ਰਾਮ ਔਤਾਰ ਤਾਂ ਕਦੀ ਕਿਸ਼ਨਾਂ ਔਤਾਰ ਅਤੇ..."।

"ਕਦੀ ਬਾਵਨ ਅਵਤਾਰ।" ਗੰਗੁਲੀ ਜੀ ਝਟ ਕਹਿ ਦਿੰਦੇ ਹਨ।

"ਧੱਤ ! ਤੁਸੀਂ ਵੀ ਤਾਂ...ਹੋ-ਹੋ-ਹੋ।" ਬੜੇ ਦਿਨਾਂ ਪਿਛੋਂ ਅੱਜ ਹੀ ਬਾਵਨ ਏਦਾਂ ਦਿਲ ਖੋਲ੍ਹ ਕੇ ਹੱਸਿਆ ਹੈ।

ਬਾਵਨਦਾਸ ਜਦੋਂ ਦਿਲ ਖੋਲ੍ਹ ਕੇ ਹੱਸਦਾ ਹੈ ਤਾਂ ਉਹਦੀਆਂ ਅੱਖਾਂ ਆਪਣੇ ਆਪ ਬੰਦ ਹੋ ਜਾਂਦੀਆਂ ਹਨ ਅਤੇ ਫੇਰ ਏਦਾਂ ਲਗਦਾ ਹੈ ਜਿਵੇਂ ਇਕ ਵੱਡਾ ਸਾਰਾ ਸੇਲੂਲਾਇਡ ਦਾ ਖਿਲੌਣਾ ਹਿਲ ਰਿਹਾ ਹੋਵੇ।

ਰਾਵਨ ਅਵਤਾਰ। ਇਹ ਚੱਲਿਤਰ ਰਾਵਨ ਦਾ ਔਤਾਰ ਬਣ ਕੇ ਆਇਆ ਭਰਾਵਾ, ਸੁਣਦੇ ਹੋ ਜਾਂ ਨਹੀਂ। ਹੱਸਲ ਗੰਜ ਦੇ ਹਰਖੂ ਤੇਲੀ ਦੇ ਘਰ ਡਕੈਤੀ ਹੋ ਗਈ।

...ਆਏਂ। ਕਦੋਂ ? ..ਸੁਰਾਜ ਉਤਸਬ ਦੀ ਰਾਤੀਂ ? ਬੰਦੂਕ ਵਾਲੇ ਸਨ ? ਜ਼ਖਮੀ ਤਾਂ ਨਹੀਂ ਹੋਇਆ ਕੋਈ ? ...ਦੋ ਖ਼ੂਨ ? ਹੈਂ ?

ਸੁਮਰਿਤ ਦਾਸ ਬੇਤਾਰ ਹੁਣੇ ਹੀ ਕਟਿਹਾਰ ਤੋਂ ਆਇਆ ਹੈ।

"ਗੱਲ ਇਹ ਹੈ ਕਿ ਹੱਸਲ ਗੰਜ ਦੇ ਹਰਖੂ ਤੇਲੀ ਦੀ ਕੰਜੂਸੀ ਬਾਰੇ ਤਾਂ ਜਾਣਦੇ ਹੀ ਹੋ।. ਚੱਲਿਤਰ ਕਰਮਕਾਰ ਜਾਂ ਭਗਵਾਨ ਜਾਣੇ ਕੌਣ ਸੀ ਉਹ, ਇਕ ਦਿਨ ਠੀਕ ਦੁਪਹਿਰੇ ਉਹਦੇ ਦਰਵਾਜੇ ਤੇ ਆਇਆ, ਪਾਣੀ ਪੀਣ ਲਈ ਮੰਗਿਆ ਤਾਂ ਸੁਣਦੇ ਹਾਂ ਕਿ ਪੈਸੇ ਮੰਗੇ। ਪਰ ਸ਼ਾਹਣੀ ਕਹਿੰਦੀ ਹੈ, ਦੁਕਾਨ ਤੇ ਜਲਪਾਨ ਕਰਕੇ ਹੱਥ ਮੂੰਹ ਧੋ ਕੇ ਜਾਣ ਲਗਾ ਤਾ ਅਸੀਂ ਪੈਸੇ ਮੰਗੇ। ਕਹਿਣ ਲਗਾ ਕਿ ਤੁਹਾਡੇ ਕੋਲ ਇਕ ਗਲਾਸ ਪਾਣੀ ਪੀਆਂਗੇ ਤਾਂ ਪੈਸੇ ਮੰਗੋਗੀ ? ਭਰਾਵੋ, ਅਸੀਂ ਵੀ ਉਡਦੀ ਉਡਦੀ ਗੱਲ ਸੁਣ ਕੇ

ਕਹਿੰਦੇ ਹਾਂ ਅਸਲੀ ਭੇਤ ਇਕ ਦੋ ਦਿਨਾਂ ਵਿਚ ਆਪੇ ਹੀ ਖੁਲ੍ਹ ਜਾਵੇਗਾ।...ਸੁਣਦੇ ਹਾਂ ਕਿ ਸੁਰਾਜ ਉਤਸਬ ਦੀ ਰਾਤੀਂ ਇਕ ਦਰਜਣ ਲੋਕਾਂ ਨੂੰ ਲੈ ਕੇ ਪਹੜਿਆ ਘੋੜ-ਸਵਾਰ ਹੋ ਕੇ ਆ ਗਿਆ। ਔਂਦਿਆਂ ਹੀ ਬੋਲਿਆ—ਕਿਥੇ ਸ਼ਾਹਣੀ। ਪੂਰੀ ਬਣਾਉ। ...ਕਿਵੇਂ ਨਹੀਂ ਬਣਾਏਗੀ ? ਹੱਥ ਵਿਚ ਰਫਲ ਬੰਦੂਕ ਲੈ ਕੇ ਦੋ ਦੋ ਬੰਦੇ ਸ਼ਾਹਣੀ ਦੇ ਦੁਆਲੇ ਇਕ ਦਮ ਤਿਆਰ। ਹਰਖੂ ਸਾਹ ਨੂੰ ਚਹੁੰ ਪਾਸਿਆਂ ਤੋਂ ਘੇਰ ਕੇ ਚੌਂਕੀ ਤੇ ਬਿਠਾਇਆ ਤੇ ਕਿਹਾ ਕਿ ਰਮੈਨ ਪੜ੍ਹ। ਪਿੰਡ ਵਿਚ ਦੋ ਬੰਦੇ ਚਲੇ ਗਏ, ਲੋਕਾਂ ਨੂੰ ਕਿਹਾ ਕਿ ਅਸੀਂ ਹਰਖੂ ਸ਼ਾਹ ਦੀ ਲੜਕੀ ਵੇਖਣ ਆਏ ਹਾਂ। ...ਸਵੇਰ ਹੋਣ ਤਕ ਸਾਰਾ ਕੰਮ ਖਤਮ। ਜਿਥੇ ਜਿਥੇ ਮਿੱਟੀ ਥੱਲੇ ਘੜੇ ਨੂੰ ਦੱਬ ਕੇ ਰਖਿਆ ਸੀ, ਸਭ ਪੁਟ ਲਿਆ। ਇਕ ਥਾਂ ਪੁਟ ਕੇ ਗਿਣਦਾ ਸੀ ਤੇ ਹਿਸਾਬ ਕਰਕੇ ਕਹਿੰਦਾ ਸੀ, 'ਨਹੀਂ', ਹੋਰ ਹੈ। ਦਸ ਬਢਿਆ ਨਹੀਂ ਤਾਂ ਚੜ੍ਹਾਓ ਇਹਨੂੰ ਚੁਲ੍ਹੇ ਤੇ, ਸੁਟੋ ਉਪਰੋਂ ਮਿਟੀ ਦਾ ਤੇਲ।" ਸ਼ਾਹਣੀ ਤਾਂ ਰਾਤ ਭਰ ਪੂਰੀਆਂ ਛਾਣਦੀ ਰਹੀ ਤੇ ਮਠਿਆਈ ਬਣੌਂਦੀ ਰਹੀ। ਸੁਣਦੇ ਹਾਂ ਕਿ ਸ਼ਾਹਣੀ ਵਿਚ ਵਿਚ ਕਹਿੰਦੀ ਸੀ—'ਓਏ ਪੁਤਰਾ ! ਤੀਰਥ ਖਾਤਰ ਕੁਝ ਰੱਖ ਲਈ ਹੈ, ਕੁਛ ਛੱਡ ਦੇ।..." ਉਹਨੂੰ ਇਕ ਹਜ਼ਾਰ ਰੁਪਿਆ ਦੇ ਦਿਤਾ। ਹਰਖੂ ਸ਼ਾਹ ਨੂੰ ਕਿਹਾ ਕਿ ਤੂੰ ਅੱਠ ਸਾਲਾਂ ਤੋਂ ਇਕੋ ਹੀ ਧੋਤੀ ਪਹਿਣ ਰਿਹਾ ਏਂ ਤੈਨੂੰ ਰੁਪਏ ਦੀ ਕੀ ਜ਼ਰੂਰਤ ਹੈ।... ਜ਼ਨਾਨੀਆਂ ਦੀ ਦੇਹ ਨੂੰ ਹੱਥ ਵੀ ਨਹੀਂ ਲਾਇਆ। ਸੁਣਦੇ ਹਾਂ। ਪਰ ਜਾਂਦੇ ਜਾਂਦਿਆਂ ਨੇ ਦੋ ਖ਼ੂਨ ਕਰ ਦਿਤੇ।

ਸੁਮਰਿਤ ਦਾਸ ਗੱਲਾਂ ਕਰਦੇ ਆਲੇ ਦੁਆਲੇ ਦੇਖਦੇ ਹਨ। ਕਿਉਂ ?...ਕਹਿੰਦੇ ਕਹਿੰਦੇ ਰੁਕ ਕਿਉਂ ਜਾਂਦੇ ਹਨ ? ਅਜ ਖੁਲ੍ਹ ਕੇ ਹੱਸਦੇ ਵੀ ਨਹੀਂ। ਮੂੰਹ ਬੜਾ ਚਟ-ਪਟਾਇਆ ਹੋਇਆ ਦੇਖਦੇ ਨੇ। ਕੀ ਗੱਲ ਹੈ ? ਇਉਂ ਤਾਂ ਕਦੀ ਨਹੀਂ ਦੇਖਿਆ ? "...ਸੁਣਦੇ ਹਾਂ, ਸੁਣਦੇ ਹਾਂ" ਦੀ ਝੜੀ ਲਾਈ ਹੋਈ ਹੈ। ਅਖੀਰ ਅਸਲੀ ਗੱਲ ਕੀ ਹੈ ?"

"ਓਏ ਦਾਸ ਜੀ ! ਕੋਈ ਪ੍ਰਾਈਵਿਟ ਗੱਲ ਹੈ ?"

"ਨਹੀਂ, ਪ੍ਰਾਈਵਿਟ ਗੱਲ ਕੁਝ ਨਹੀਂ ਹੈ। ..ਦੰਗਾ ਹੋ ਰਿਹਾ ਹੈ। ਸੁਣਦੇ ਹਾਂ ਕਿ ਦਿੱਲੀ, ਕਲਕਤਾ, ਨਖਲੀ, ਪਟਨਾ ਸਭ ਥਾਂ ਹਿੰਦੂ ਮੁਸਲਮਾਨਾਂ ਵਿਚ ਲੜਾਈ ਹੋ ਰਹੀ ਹੈ। ਪਿੰਡਾਂ ਦੇ ਪਿੰਡ ਸਾਫ...ਅੱਗ ਲਾ ਦਿੰਦੇ ਹਨ।" ਸੁਮਰਿਤਦਾਸ ਹੱਥ ਵਿਚ ਲੋਟਾ ਲੈ ਕੇ ਜੰਗਲ ਪਾਣੀ ਲਈ ਚਲੇ ਜਾਂਦੇ ਹਨ।

...ਬਾਲਦੇਵ ਅਨਸਨ ਕਰਨਗੇ। ਕਿਉਂ, ਕੀ ਗੱਲ ਹੋ ਗਈ ਐਤਕੀਂ ? ਬਾਲਦੇਵ ਜੀ ਕਹਿੰਦੇ ਹਨ, "ਪਿਆਰੇ ਭਰਾਵੋ ! ਅਸੀਂ ਹੁਣੇ ਹੀ ਡਾਕਟਰ ਸਾਹਿਬ ਦੇ ਬੇਤਾਰ ਵਿਚ ਖਬਰ ਸੁਣ ਕੇ ਆ ਰਹੇ ਹਾਂ। ਹਨੇਰ ਹੋ ਗਿਆ। ਇਕਦਮ ਸਾਰੇ ਪਗਲੇ ਹੋ ਗਏ ਨੇ, ਇਉਂ ਲਗਦਾ ਹੈ ਗਾਂਧੀ ਜੀ ਖਿਲਾਫ਼ਤ ਦੇ ਜ਼ਮਾਨੇ ਤੋਂ ਹੀ ਕਹਿ ਰਹੇ ਹਨ—ਹਿੰਦੂ

ਮੁਸਲਮਾਨ ਭਰਾ ਭਰਾ ਹਨ। ਤੇਵਾਰੀ ਜੀ ਨੇ ਵੀ ਗੀਤ ਵਿਚ ਅਜ ਤੋਂ ਪੰਦਰਾਂ ਵੀਹ ਵਰ੍ਹੇ ਪਹਿਲਾਂ ਕਿਹਾ ਹੈ :—

ਅਰੇ ਚਮਕੇ ਮੰਦਿਰਵਾ ਮੇਂ ਚਾਂਦ
ਮਸਜਿਦਵਾ ਮੇਂ ਬੰਸੀ ਬਜੇ।
ਮਿਲੀ ਰਹੁ ਹਿੰਦੂ-ਮੁਸਲਮਾਨ
ਮਾਨ ਅਪਮਾਨ ਤਜੋ।

"...ਸੋ, ਗਾਂਧੀ ਜੀ ਦੀ ਗੱਲ ਮੋੜ ਕੇ ਜਿਹੜੇ ਲੋਕ ਇਹ ਸਾਰਾ ਹਨੇਰ ਕਰ ਰਹੇ ਹਨ, ਉਹ ਵੀ ਇਕ ਦਿਨ ਆਪਣੀ ਗਲਤੀ ਮੰਨ ਲੈਣਗੇ।...ਗਾਂਧੀ ਜੀ ਅਨਸਨ ਕਰਨਗੇ। ਸ਼ਾਇਦ। ਅਜਕਲ ਨੁਆਖਲੀ ਗਏ ਹਨ। ਹੁਣੇ ਹੀ ਬਾਵਨਦਾਸ ਆਇਆ ਹੈ ਪੂਰੈਨੀਆਂ ਤੋਂ। ਕਹਿੰਦਾ ਹੈ ਕਿ ਗਾਂਧੀ ਜੀ ਨੇ ਰਾਮਲਾਲ ਬਾਬੂ ਨੂੰ ਨੁਆਖਲੀ ਬੁਲਾਇਆ ਹੈ। ਗਾਂਧੀ ਜੀ ਨੇ ਸ਼ਿਵਨਾਥ ਚੌਧਰੀ ਜੀ ਨੂੰ ਚਿੱਠੀ ਦਿਤੀ ਕਿ ਸੰਨ ਤੀਹ ਵਿਚ ਗਾਂਧੀ ਆਸ਼ਰਮ ਵਿਚ ਜਿਹੜਾ ਬੰਦਾ ਪੂਰੈਨੀਆਂ ਤੋਂ ਆਇਆ ਸੀ, ਉਹਨੂੰ ਨੁਆਖਲੀ ਭੇਜ ਦਿਓ। ਰਮੈਨ ਪੜ੍ਹੇਗਾ।

ਰਾਮਲਾਲ ਬਾਬੂ ਜਦੋਂ ਗਾ ਗਾ ਕੇ ਰਮੈਨ ਪੜ੍ਹਨ ਲਗਦੇ ਹਨ ਤਾਂ ਸੁਣਨ ਵਾਲਿਆਂ ਦੀਆਂ ਅੱਖਾਂ 'ਚੋਂ ਉਹ ਖੁਦ ਹੀ ਬੂਰ ਚਲਣ ਲਗਦਾ ਹੈ...।

ਜੋਤਖੀ ਚਾਚਾ ਅੱਜ ਕਲ੍ਹ ਬਹੁਤ ਚੁਪ ਰਹਿੰਦੇ ਹਨ। ਫੇਰ ਵੀ ਏਡੀਆਂ ਵੱਡੀਆਂ ਵੱਡੀਆਂ ਘਟਨਾਵਾਂ ਬਾਰੇ ਉਹ ਕੁਝ ਨਹੀਂ ਕਹਿਣਗੇ, ਇਹ ਕਿਵੇਂ ਹੋ ਸਕਦਾ ਹੈ ? ਉਨ੍ਹਾਂ ਦੀ ਰਾਏ ਹੈ ਕਿ ਇਹ ਸਾਰਾ ਸਿਰਫ ਸੁਰਾਜ ਦਾ ਨਤੀਜਾ ਹੈ। ...ਜਿਸ ਬਾਲਕ ਦੇ ਜਨਮ ਲੈਂਦਿਆਂ ਹੀ ਮਾਂ ਨੂੰ ਲਕਵਾ ਹੋ ਗਿਆ ਅਤੇ ਦੂਸਰੇ ਦਿਨ ਘਰ ਵਿਚ ਅੱਗ ਲਗ ਗਈ, ਉਹ ਅਗੇ ਚਲ ਕੇ ਹੋਰ ਕੀ ਕੀ ਕਰੇਗਾ, ਵੇਖ ਲੈਣਾ। ਕਲਜੁਗ ਤਾਂ ਹੁਣ ਸਮਾਪਤੀ ਤੇ ਹੈ। ਏਸੇ ਤਰ੍ਹਾਂ ਹੀ ਲੜ ਝਗੜ ਕੇ ਸਾਰੇ ਖਤਮ ਹੋ ਜਾਣਗੇ।

ਹੁਣ ਲੋਕ ਸੋਸ਼ਲਿਸਟ ਪਾਰਟੀ ਆਫਿਸ ਵਿਚ ਵੀ ਦਰਖਾਸਤ ਫਰਿਆਦ ਲੈ ਕੇ ਆਉਂਦੇ ਹਨ। ਜੁਮਰਾਤੀ ਮੀਆਂ ਰੋਂਦਾ ਹੋਇਆ ਔਂਦਾ ਹੈ। ਸੁਮਰਿਤਦਾਸ ਨੇ ਉਹਦੇ ਕੋਲੋਂ ਪੰਜ ਰੁਪਏ ਖੋਹ ਲਏ ਹਨ। "ਕਾਲੀ ਬਾਬੂ ਜ਼ੁਲਮ.. ਹੁਣ ਗਰੀਬ ਲੋਕ, ਕਿਵੇਂ ਰਹਿਣਗੇ ?"

"ਚੰਗਾ ਚੰਗਾ। ਅੱਜ ਸ਼ਾਮੀ ਇਥੇ ਪਾਰਟੀ ਆਫ਼ਿਸ ਵਿਚ ਰਹੋ। ਰਾਤੀਂ ਅਸੀਂ ਤੁਹਾਡੀ ਪੰਚੈਤੀ ਕਰ ਦਿਆਂਗੇ।" ਕਾਲੀਚਰਨ ਵਿਸ਼ਵਾਸ਼ ਦੁਆਉਂਦਾ ਹੈ।

"ਹ ਮਰੇਡ ਬਾਸੁਦੇਵ ।...ਸੁਮਰਿਤਦਾਸ ਨੂੰ ਤਾਂ ਬੁਲਾ ਲਿਆ ।" ਸ਼ਾਮੀ ਕਾਲੀਚਰਨ ਮੁਦਰਾ ਬਣਾਈ ਬੈਠਾ ਹੈ।

ਮਚ ਮਚ-ਮਚ। ਬਾਸੁਦੇਵ ਕਲ੍ਹ ਪੂਰੈਨੀਆਂ ਤੋਂ ਪਰਤਿਆ ਹੈ। ਭਾਟਾ ਕੰਪਨੀ ਦਾ

ਜੋੜਾ ਖਰੀਦਿਆ ਹੈ। ਚੱਵੀ ਰੁਪਿਆਂ 'ਚ। ਟੁਰਨ ਵੇਲੇ ਮਚ-ਮਚ ਕਰਦਾ ਹੈ। ਰਾਤ ਵੇਲੇ ਵੀ, ਅੱਖਾਂ ਤੇ ਧੁੱਪ ਛਾਂ ਵਾਲਾ ਕਾਲਾ ਚਸ਼ਮਾਂ ਲਾ ਕੇ, ਪਜਾਮਾਂ ਕੁਰਤਾ ਪਾ ਕੇ ਜੋੜਾ ਮਚ-ਮਚਾ ਕੇ ਚਲਣ ਸਮੇਂ ਕੁਝ ਨਸ਼ਾ ਜਿਹਾ ਜਾਪਦਾ ਹੈ। ਪਰੇਡ ਕਰਦੇ ਹੋਏ ਟੁਰਨ ਦਾ ਮਜ਼ਾ ਆ ਜਾਂਦਾ ਹੈ। ...ਬਾਸੂਦੇਵ ਸਟੇਸ਼ਨ ਤੇ ਪਾਨ-ਬੀੜੀ ਸਿਗਟ ਵਾਲਿਆਂ ਵਾਂਗ ਗੱਲ ਨੂੰ ਅਕੜਾ ਕੇ ਆਵਾਜ਼ ਗਹਿਰੀ ਕਰ ਕੇ ਪੁਕਾਰਦਾ ਹੈ—

"ਸੋ ਮ ਰੇ ਟ ਡੈ ਸ।"

ਸੁਮਰਿਤਦਾਸ ਦੀ ਪਿੱਲੀ ਚਮਕ ਗਈ ਹੋਵੇਗੀ। ਬਾਸੂਦੇਵ ਮਨ ਹੀ ਮਨ 'ਚ ਹੱਸਦਾ ਹੈ—"ਸੋ ਮ ਰੇ ਟ ਡੈ ਸ।"

ਇਕ ਛੋਟੀ ਜਿਹੀ ਛਪਰੀ ਵਿਚ ਕਿਧਰ ਲੁਕਣਗੇ ਦਾਸ ਜੀ। ਬਾਸੂਦੇਵ ਨੇ ਪਹਿਲਾਂ ਹੀ ਵੇਖ ਲਿਆ ਹੈ। ਉਹ ਉਹਨੂੰ ਹੱਥ ਫੜ ਕੇ ਘਸੀਟ ਲਿਆਉਂਦਾ ਹੈ। ਸੁਮਰਿਤਦਾਸ ਥਰ ਥਰ ਕੰਬ ਰਹੇ ਹਨ "ਹਜ਼ੌਰ ਦੁਹਾਈ...।"

"ਬੇਤਾਰ, ਬੁਲੌਂਦੇ ਨੇ।" ਬਾਸੂਦੇਵ ਹਸਦਾ ਹੋਇਆ ਕਹਿੰਦਾ ਹੈ।

"ਕੌ...ਕੌਣ, ਬਾ...ਬਾਸੂਦੇਵ ? ਹੱਤ ! ਅਸੀਂ ਸਮਝੇ ਕਿ ..ਦਰੋਗਾ ਸਾਹਿਬ ਹਨ। ਵਾਹ ! ਖੂਬ ਡਰਾਇਆ। ਅਨੋਖੀ ਬੋਲੀ ਸਿਖੇ ਹੋ ਬਾਬੂ। ਹੋਣੀ ਹੀ ਚਾਹੀਦੀ ਹੈ। ਦੇਸ਼ ਬਦੇਸ਼ ਘੁੰਮੇ ਹੋ। ਤੁਸੀਂ ਲੋਕ। ਕਿਨ੍ਹੇ ਬੁਲਾਇਆ ਹੈ ?...ਕਾਲੀਚਰਨ ਨੇ ? ਚੰਗਾ ਇਕ ਗੱਲ ਬੜੇ ਦਿਨਾਂ ਤੋਂ ਪੁਛਣ ਪੁਛਣ ਕਰਦੇ ਭੁਲ ਜਾਂਦੇ ਹਾਂ। ਦਸੋ ਤਾਂ ਤੁਹਾਡੀ ਪਾਟੀ ਵਿਚ ਵੀ ਦੋ ਪਾਟੀ ਨੇ ਕੀ ..?"

"ਕਿਉਂ ?"

"ਪਹਿਲਾਂ ਦਸੋ ਤਾਂ" ਸੁਮਰਿਤਦਾਸ ਫਿੱਕਾ ਹਾਸਾ ਹੱਸਦਾ ਹੈ।

"ਨਹੀਂ, ਪਹਿਲਾਂ ਤੁਸੀਂ ਦਸੋ" ਬਾਸੂਦੇਵ ਘਟ ਜਿੱਦੀ ਨਹੀਂ ਹੈ।

"ਇਹੋ ਹੀ.. ਕਾਲੀਚਰਨ ਇਕ ਦਿਨ ਕਹਿ ਰਿਹਾ ਸੀ ਕਿ ਸਕੱਤਰ ਸਾਹਿਬ ਬਾਸੂਦੇਵ ਤੇ ਵਿਸ਼ਵਾਸ਼ ਨਹੀਂ ਕਰਦੇ। ਅਸੀਂ ਕਿਹਾ ਕਿ ਬਾਸੂਦੇਵ ਵਿਚ ਤਾਂ ਕੋਈ ਡਿਫਿਕਟ ਨਹੀਂ ਤਾਂ ਕਹਿਣ ਲਗੇ ਕਿ ਦਾਸ ਜੀ ਤੁਸੀਂ ਲੋਕ ਕੀ ਜਾਣੋਗੇ ਅੰਦਰਲੀ ਗੱਲ।...ਏਸੇ ਲਈ ਪੁਛਦੇ ਹਾਂ ਕਿ......।"

"ਓਦੇ ਹਾ-ਹਾਂ ਦਾਸ ਜੀ, ਅਸੀਂ ਸਮਝ ਗਏ। ਅਸਲ ਵਿਚ ਕਾਲੀਚਰਨ ਹੈ ਧਰਮਪੁਰੀ ਜੀ ਦੀ ਪਾਟੀ ਦਾ। ਧਰਮਪੁਰੀ ਜੀ ਵੀ ਸੋਸ਼ਲਿਟ ਪਾਟੀ ਵਿਚ ਹੀ ਹਨ, ਪਰ ਸਾਡੇ ਸਕੱਤਰ ਸਾਹਿਬ ਦੇ ਸਾਹਮਣੇ ਉਹ ਕੁਛ ਨਹੀਂ ਹੈ। ਬਿਲਕੁਲ ਠੰਡੇ ਖਿਆਲ ਦੇ ਬੰਦੇ ਹਨ। ਸਾਰਿਆਂ ਨਾਲ ਹੱਸ ਹੱਸ ਕੇ ਬੋਲਣਗੇ। ਕਾਂਗਰਸੀਆਂ ਨਾਲ ਬਹਿ ਕੇ ਦੁਕਾਨ ਵਿਚ ਦਹੀਂ-ਚੂੜਾ ਖਾਂਦੇ ਹਨ। ਹੁਣ ਸੋਚੋ ਕਿ...ਇਹ ਗੱਲ ਆਹਾਰ ਕਰਨ ਵਾਲਾ ਆਦਮੀ ਇਸ ਕਿਰਾਂਤੀ ਪਾਟੀ ਵਿਚ ਕਿਵੇਂ ਕਿਵੇਂ...। ਤੁਸੀਂ ਹੀ ਸੋਚੋ

ਦਾਸ ਜੀ।''

"ਓ। ਓ...ਓ! ਇਹ ਗੱਲ ਹੈ ?" ਸੁਮਰਿਤ ਦਾਸ ਗੰਭੀਰ ਹੋ ਕੇ ਕਹਿੰਦਾ ਹੈ, "ਬਾਜਿਵ ਗੱਲ ਹੈ।"

"ਹਾਂ ਅਤੇ ਇਹ ਕਾਲੀਚਰਨ ਜੀ ਉਨ੍ਹਾਂ ਦੀ ਪਾਟੀ ਵਿਚ ਹਨ।" ਫੇਰ ਮਲਕੜੇ ਜਿਹੇ ਕਿਹਾ, "ਮੰਗਲਾ ਦੇਵੀ ਨਾਲ ਅੱਜ ਕਲ ਉਹ ਰਾਸਲੀਲਾ ਹੁੰਦੀ ਏ ਕਿ ਕੀ ਕਹੀਏ। ਇਹ ਸਾਰੀਆਂ ਗੱਲਾਂ ਅਸੀਂ ਸਕੱਤਰ ਸਾਹਿਬ ਨੂੰ ਦਸੀਆਂ। ਕਾਲੀਚਰਨ ਨੂੰ ਸਕੱਤਰ ਸਾਹਿਬ ਨੇ ਤਾੜਿਆ ਹੈ। ਇਸੇ ਲਈ ਇਉਂ ਕਹਿੰਦਾ ਹੋਵੇਗਾ।...ਤਕੋ ਨਾ। ਐਤਕੀਂ ਮਜ਼ਾ ਆਵੇਗਾ, ਸਮੇਲਣ ਵਿਚ ਜਾਣ ਸਮੇਂ।"

"ਓ ਓ ਓ।...ਹਾਂ ਭਰਾ। ਹਰ ਥਾਂ ਇਹ ਪਾਟੀਬਾਜੀ ਠੀਕ ਨਹੀਂ।...ਫੇਰ ਵੀ ਆਖਰ ਇਕ ਹੱਦ ਹੈ। ਧਰਮਪੁਰੀ ਜੀ ਬਾਰੇ ਤੁਸਾਂ ਜਿਵੇਂ ਕਿਹਾ, ਏਦਾਂ ਦਾ ਆਦਮੀ ਕਿਰਾਂਤੀ ਪਾਟੀ ਵਿਚ ਕਿਵੇਂ ਰਹਿ ਸਕਦਾ ਹੈ ? ਬਾਜਿਵ ਗੱਲ।...ਅਲੱਬਾ...ਬੋਲਦਾ ਹੈ, ਤੁਹਾਡਾ ਸਕੱਤਰ ਕਿਸਨ ਕਾਂਤ ਜੀ—ਗਰਮਾਗਰਮ। ਬੋਲਣ ਸਮੇਂ ਜਦੋਂ ਬਾਂਹ ਮਰੋੜਦਾ ਹੈ ਤਾਂ ਲਗਦਾ ਹੈ ਕਿ...। ਚੰਗਾ ਹਾਕਮ ਦਾ ਪਰਵਾਨਾ ਕਿਉਂ ਜਾਰੀ ਹੋਇਆ ਹੈ ? ਕਿਉਂ ਬੁਲਾਇਆ ਹੈ ?"

"ਓਏ ਉਸੇ ਜੁਮਰਾਤੀ ਮੀਆਂ ਨੇ ਪਤਾ ਨਹੀਂ ਕੀ ਕੀ ਕਿਹਾ ਹੈ ਜਾ ਕੇ ? ਕਹਿੰਦਾ ਸੀ ਕਿ ਰੁਪਏ ਖੋਹ ਲਏ ਹਨ।" ਬਾਸੁਦੇਵ ਅੱਖਾਂ ਤੇ ਕਾਲਾ ਚਸ਼ਮਾ ਚੜ੍ਹਾਂਦਾ ਹੋਇਆ ਕਹਿੰਦਾ ਹੈ। "ਮੁਸਲਮਾਨਾਂ ਦਾ ਕੀ ਬਿਸਾਹ ?"

"ਮੈਂ ਜਾ ਕੇ ਕਹਿ ਦਿਆਂਗਾ ਕਿ ਘਰ ਨਹੀਂ ਹਨ। ਕੋਈ ਲਾਟ ਸਾਹਿਬ ਤਾਂ ਨਹੀਂ ਜਿਹੜਾ ਕਿ ਲੋਕ ਹੱਥ ਬੰਨ੍ਹੀ ਖੜੇ ਰਹਿਣਗੇ। ਅਸੀਂ ਕਿਸੇ ਦੀ ਪਰਵਾਹ ਨਹੀਂ ਕਰਦੇ।" ਬਾਸੁਦੇਵ ਪੈਕਟ 'ਚੋਂ ਸਿਗਰੇਟ ਕੱਢ ਕੇ ਤੀਲਾਂ ਦੀ ਡੱਬੀ ਤੇ ਠੋਕਦਾ ਹੈ—"ਦਿਨ ਭਰ ਅਸੀਂ ਲੇਕਚਰ ਝਾੜਦੇ ਰਹੇ ਹਾਂ, ਸਿਗਟ ਨਾ ਪੀਓ, ਆਂਡੇ ਨਾ ਖਾਓ। ਅਤੇ ਅੰਦਰ ਹੀ ਅੰਦਰ...।" ਬਾਸੁਦੇਵ ਤੀਲੀ ਬਾਲ ਕੇ ਸੁਲਗਾਣ ਲਗਦਾ ਹੈ।

...ਤੀਲੀ ਦੀ ਰੋਸ਼ਨੀ ਚਸ਼ਮੇ ਦੇ ਦੋਵਾਂ ਸ਼ੀਸ਼ਿਆਂ ਉਪਰ ਚਮਕ ਉਠਦੀ ਹੈ। ਕਾਲੇ ਚਸ਼ਮੇ ਉਤੇ ਬਲਦੀ ਹੋਈ ਤੀਲੀ। ਸੁਮਰਿਤਦਾਸ ਦੇ ਸਾਰੇ ਸਰੀਰ ਵਿਚ ਇਕ ਝੁਨਝੁਨੀ ਫੈਲ ਜਾਂਦੀ ਹੈ, ਲੂੰ ਕੰਡੇ ਖੜੇ ਹੋ ਜਾਂਦੇ ਹਨ ..ਪਰ ਉਹ ਹੱਸਦਾ ਹੋਇਆ ਕਹਿੰਦਾ ਹੈ—"ਡੁਬ ਕੇ ਪਾਣੀ ਪੀਓ। ਇਕਾਦਸ਼ੀ ਨੂੰ ਬਾਪ ਵੀ ਨਾ ਜਾਣੇ।"

"ਹੂੰ।" ਬਾਸੁਦੇਵ ਧੂਏਂ ਦਾ ਗੁਬਾਰਾ ਛੱਡਦਾ ਹੋਇਆ ਖੰਘਦਾ ਹੈ।

ਦਾਰੂ ਦੀ ਮਹਿਕ। ਸੁਮਰਿਤਦਾਸ ਦੀਆਂ ਅੱਖਾਂ ਚਮਕ ਉਠਦੀਆਂ ਹਨ, "ਬਾਸੁਦੇਵ ਬਾਬੂ ਕੀ ਕੁਛ ਨਿਪਾਲੀ ਮਾਲ ਆਇਆ ਹੈ ? ਜ਼ਰਾ ਸਾਨੂੰ ਵੀ ਛਕਾਓ।"

"ਔਲ ਰੈਟ। ਕਲ੍ਹ ਛਕਾਵਾਂਗਾ। ਲਾਲ ਸਲਾਮ।"

# ਛੇ

ਮਚ ਮਚ, ਮਚ ਮਚ।

ਤੰਤਰਿਮਾ ਟੋਲੀ ਵਿਚ ਅੱਜ ਘਮਾਘੰਮ (ਗਰਮਾਗਰਮ) ਪੰਚਾਇਤ ਹੋ ਰਹੀ ਹੈ।

ਬੜੇ ਦਿਨਾਂ ਤੋਂ ਬੰਦਿਸ ਹੈ ਕਿ ਪੰਚਾਇਤ ਵਿਚ ਕੋਈ ਘਰ ਦੀ ਬੋਲੀ ਨਾਂ ਬੋਲੇ। ਚਾਹੇ ਕੂਹੇ, ਯਾਨੀ ਗਚਰਾਹੀ ਮੋਗਲਾ ਹੀ (ਕਚਹਿਰੀ ਵਿਚ ਬੋਲੀ ਜਾਣ ਵਾਲੀ ਉਰਦੂ) ਜਿੰਨੀ ਬੋਲ ਸਕੇ, ਚੰਗਾ ਹੈ। ਪੰਚਾਇਤ ਵਿਚ ਕੋਈ ਹਟਾ ਨਹੀਂ ਸਕਦਾ। ਨੌਜਵਾਨਾਂ ਦੇ ਦਲ ਨੇ ਰਾਮ ਪਿਆਰੀਆ ਦੇ ਦਾਸਣ ਬਨਣ ਦਾ ਵਿਰੋਧ ਕੀਤਾ ਹੈ।

"ਇਹ ਕੋਈ ਖੇਲ੍ਹ ਐ ? ਜਾਤ ਹੈ ਕਿ ਠੱਠਾ ਹੈ ? ਜਦੋਂ ਜਿਸ ਕਿਸੇ ਦਾ ਜੀ ਕੀਤਾ ਰਖੇਲ ਬਣ ਗਈ, ਦਾਸਣ ਬਣ ਗਈ, ਰੰਡੀ ਬਣ ਗਈ ?" ਅੱਜ ਗਭਰੂ ਵੀ ਗਰਮ ਹੋ ਕੇ ਬੋਲਦਾ ਹੈ।

ਪੰਚਾਇਤ ਵਿਚ ਸਾਰਿਆਂ ਨੂੰ ਬੋਲਣ ਦਾ ਹੱਕ ਹੈ, ਏਸੇ ਲਈ ਘਮਾਘੰਮ ਪੰਚਾਇਤ ਹੋ ਰਹੀ ਹੈ।

"ਕਿਥੇ ਹੈ ਰਾਮ ਪਿਆਰੀਆ ਦੀ ਮਾਂ ?"

ਸਭ ਦੀਆਂ ਨਜ਼ਰਾਂ ਪਰਦੇ ਦੀ ਓਟ ਵਿਚ ਖਲੋਤੀਆਂ ਔਰਤਾਂ ਵਲ ਜਾਂਦੀਆਂ ਹਨ। ਰਮਜੂਦਾਸ ਦੀ ਇਸਤਰੀ ਘਰੋੜ ਕੇ ਗਲਾ ਸਾਫ਼ ਕਰਦੀ ਹੈ, "ਰਾਮਪਿਆਰੀਆ ਦੀ ਮਾਂ ਨੂੰ ਕੀ ਕਹਿੰਦੇ ਹੋ ?"

"ਤੂੰ ਨਾ ਬੋਲ।"

"ਧਾਨ ਨਾ ਬੋਲੇ, ਬੋਲੇ ਭੂਸਾ ਟਨ।"

"ਅਸੀਂ ਬੋਲਾਂਗੇ ਹੀ।" ਰਮਜੂਦਾਸ ਦੀ ਇਸਤਰੀ ਉਠ ਖਲੋਂਦੀ ਹੈ।...ਲਗਦਾ ਹੈ ਅਜ ਕੁਟ ਕੁਟਾਪਾ ਵੀ ਹੋਵੇਗਾ।

"ਕਿਥੇ ਉਚਿਤ ਤੇ ਨੇਖੇ। ਖੂੰਡੇ ਵਾਲੇ ਕਾਹਦੇ ਬਣੇ ਹੋਏ ਹੋ ?"

"ਹਾਂ, ਕੁਟਾਪੇ ਲਈ ਕਹੋ।...ਜਿਹੜਾ ਨਾ ਖੂੰਡੇ ਨਾਲ ਕੁਟਾਪਾ ਚਾੜ੍ਹੂ ਉਹ ਦੋਗਲੇ ਦਾ ਪੁਤਰ।...ਰਾਮਪਿਆਰੀਆ ਦੀ ਮਾਂ ਦੇ ਮੂੰਹ 'ਚ ਜੀਭ ਨਹੀਂ ਹੈ ਤਾਂ ਅੱਜ ਕਪਟੀ ਦਾ ਵੀ ਮੂੰਹ ਖੁਲ੍ਹਾ ਹੈ।...ਰਾਮ ਪਿਆਰੀਆ ਮੁਟਿਆਰ ਹੈ, ਓਹਦੇ ਜੀ 'ਚ ਜੋ ਕੁਝ ਆਵੇ, ਕਰ ਸਕਦੀ ਹੈ।...ਪੰਚਾਇਤ ਵਿਚ ਤਾਂ ਬੜਾ ਫੜਫੜ ਕਰਦੇ ਹੋ ਗਭਰੂ, ਰਾਮਪਿਆਰੀਆ ਤਾਂ ਤੁਹਾਡੀ ਭਤੀਜੀ ਲਗੇਗੀ ਨਾਂ ? ਬੋਲ, ਖੋਲ੍ਹ ਦਈਏ ਗੱਲ ? ਸੱਤਾਂ ਪੁਤਰਾਂ ਦਾ ਪਿਓ ਹੈ ਛੀਤਨ, ਇਹਨੂੰ ਪੁਛੋ ਕਿ ਰਾਮਪਿਆਰੀ ਦੀ ਮਾਂ ਦੇ ਮਚਾਨ ਤੇ ਦਿਨ-ਰਾਤ, ਭੁਖ ਤ੍ਰੇਹ ਭੁਲ ਕੇ ਢਿਡ ਭਾਰ ਕਿਉਂ ਪਿਆ ਰਹਿੰਦਾ ਹੈ ? ਇਹੋ

'ਨਿਸਾਫ ਹੈ...? ਓਦੇ ਜਵਾਨ-ਜਹਾਨ ਦੀ ਗੱਲ ਹੋਵੇ ਤਾਂ ਕਿਹਾ ਜਾ ਸਕਦਾ ਹੈ ਕਿ ਇਕ ਦਿਨ ਪੈਰ ਤਿਲਕ ਗਿਆ। ਇਸ ਘੁਰ-ਘੁਰ ਵਿਚ ਬੁੱਢੇ ਦੇ ਇਹ ਚਾਲੇ।"

"ਚੁਪ ਰਹੋ।...ਐਂ ਚੁਪ।...ਕਿਥੇ ਛੀਤਨ ?"

"ਸਿਰ ਵਿਚ ਤਾਂ ਹੁਣ ਇਕ ਵੀ ਕਾਲਾ ਵਾਲ ਲਭ ਕੇ ਹੀ ਦਿਸੂਗਾ ਤੇ ਇਹ ਤੇਜ਼ੀ ?...ਕਿਉਂ ਜੀ ਛੀਤਨ ਕੀ ਕਹਿੰਦੀ ਹੈ ਰਾਮ ਪਿਆਰਿਆ ਦੀ ਮਾਂ ?"

"ਮੂੰ ਸੰਭਾਲ ਕੇ ਬੋਲੋ" ਛੀਤਨ ਦਾ ਮੁੰਡਾ ਗਰਮੀ ਖਾਂਦਾ ਹੈ।

"ਮਾਰੋ। ਪਕੜੋ।"

"ਐਂ। ਐ।"

"ਪਾਉ ਗਲ ਵਿਚ ਸਾਫਾ। ਮਾਰੋ ਉਤੋਂ ਝਾੜੂ।...ਆਕੜ ਦਿਖੇਂਦਾ।"

ਨੌਖੇ ਤੇ ਉਚਿਤਦਾਸ ਛੜੀਦਾਰ ਹਨ। ਪੰਚਾਇਤ ਜਦੋਂ ਘਮਾਘਮ ਹੋਣ ਲਗਦੀ ਹੈ ਤਾਂ ਉਹ ਦੋਵੇਂ ਛੜੀ ਹੱਥ 'ਚ ਲੈ ਕੇ ਨਚੇਂਦੇ ਰਹਿੰਦੇ ਨੇ। ਨੌਖੇ ਅਤੇ ਉਚਿਤਦਾਸ ਛੀਤਨ ਨੂੰ ਫੜ ਕੇ ਗਲੇ 'ਚ ਸਾਫਾ ਪਾ ਲੈਂਦੇ ਹਨ। ਮਹਿੰਗੂ ਦਾਸ, ਚੇਤਰੂ, ਮੁਸਹਰੂ, ਅਨਪੂ, ਅਤੇ ਘੋਤਨ ਵਿਚ ਬਚਾਅ ਕਰਦੇ ਹਨ—"ਮਾਰੋ ਨਾ।"

"ਸਭ ਬੁੱਢੇ ਇਸ ਪਾਸੇ ਨੇ।" ਇਕ ਆਵਾਜ਼ ਆਉਂਦੀ ਹੈ।

ਹੁਣ ਰਾਮ ਪਿਆਰੀਆ ਦੀ ਮਾਂ ਬਦਲੇ ਛੀਤਨ ਦਾਸ ਦੀ ਪੰਚੈਤੀ ਹੁੰਦੀ ਹੈ। ਛਿ: ਛਿ:। ਸੁਰਖ਼ ਨਾਲ ਡੁਬ ਮਰਨ ਵਾਲੀ ਗੱਲ ਹੈ। ਐਤਕੀਂ ਪੰਜ ਰੁਪਏ ਹੀ ਜੁਰਮਾਨਾ ਹੋਇਆ। ਸਸਤੇ ਛੁਟ ਗਏ।

ਛੀਤਨ ਦਾਸ ਨੂੰ ਪੰਜ ਰੁਪਏ ਜੁਰਮਾਨਾ ਹੋਇਆ ਅਤੇ ਉਹਦੇ ਤੋਤਲੇ ਪੁਤਰ ਨੂੰ ਪੰਜ ਵਾਰ ਕੰਨ ਫੜ ਕੇ ਉਠਣ ਬੈਠਣ ਦੀ ਸਜ਼ਾ। ਨੌਖੇ ਗਿਣਦਾ ਹੈ—"ਇਕ, ਦੋ, ਤਿੰਨ, ਚਾਰ, ਪੰਜ, ਬਸ।"

ਰਾਮਪਿਆਰੀਆ ਦੀ ਮਾਂ ਨੂੰ ਇਕ ਸ਼ਾਮ ਭੋਜਨ ਦੇਣਾ ਹੋਵੇਗਾ। ਮਹੰਥ ਸਾਹਿਬ ਜਾਤ ਲੈ ਰਹੇ ਹਨ ਤਾਂ ਭਾਤ ਦੇਣ।...ਕੀ ਕਹਿੰਦੀ ਹੈ ਰਾਮਪਿਆਰੀਆ ਦੀ ਮਾਂ...? ਦੇਵੇਗੀ ?... ਤਾਂ ਠੀਕ ਹੈ। ਬੋਲੋ, ਪੰਚ ਪਰਮੇਸ਼ਰ ਕੀ ਵਿਚਾਰ ਹੈ ?...ਜਿਹੜਾ ਦਸਾਂ ਦਾ ਵਿਚਾਰ।

ਦਸਾਂ ਦਾ ਵਿਚਾਰ ਹੋ ਗਿਆ—ਰਾਮਪਿਆਰੀਆ ਦਾਸਣ ਬਣ ਸਕਦੀ ਹੈ। ਜਾਤ ਦੀ ਬੰਦਿਸ਼ ਵਿਚ ਜ਼ਰਾ ਢਿੱਲ ਦੇਣ ਨਾਲ ਸਭ ਕੁਝ ਗੜਬੜਾ ਜਾਂਦਾ ਹੈ। ਏਸੇ ਤਰ੍ਹਾਂ ਲਗਾਤਾਰ ਪੰਚਾਇਤ ਹੁੰਦੀ ਰਵੇ ਤਾਂ ਤੇ ? ਹੁਣ ਇਹ ਭੋਜ ਤਾਂ ਫੋਟਕ ਵਿਚ ਚਲਾ ਜਾਂਦਾ ਹਥੋਂ।

ਰਮਜੂ ਦੀ ਇਸਤਰੀ ਰਾਮਪਿਆਰੀਆ ਦੀ ਮਾਂ ਦੇ ਆਂਗਣ ਵਿਚ ਬੈਠੀ ਸਮਝਾ ਰਹੀ ਹੈ ਰਾਮਪਿਆਰੀਆ ਨੂੰ—"ਜਦੋਂ ਦੁੱਧ ਦੀ ਫਾਲੀ ਅਤੇ ਮਾਲ ਭੋਜ ਕੇਲਾ ਖਾ ਕੇ

ਅੱਖਾਂ ਤੇ ਚਰਬੀ ਚੜ੍ਹ ਜਾਵੇਗੀ, ਤਦ ਮਾਸੀ ਨੂੰ ਪਛਾਣੇਗੀ ਵੀ ਨਹੀਂ। ਮਹੰਤ ਨੂੰ ਕਹਿ ਦੇਣਾ, ਜੋੜਾ ਸਾੜ੍ਹੀ ਨਾਲ ਕੰਮ ਨਹੀਂ ਚਲੂਗਾ । ਦਹੀਂ ਖੁਆਣ ਨਾਲ ਬਾਕੀ ਮੰਜ਼ੂਰ ਨਹੀਂ ਹੋਵੇਗਾ।...ਕੰਠਸਰ ਲੈ ਕੇ ਛਡਾਂਗੇ।"

ਰਾਮਪਿਆਰੀਆ ਹਸਦੀ ਹੈ-"ਉਨ੍ਹਾਂ ਨੂੰ ਤਾਂ ਕਹਾਂਗੇ, ਕਰਨਗੇ। ਪਰ ਕੋਠਾਰਨ..."

"ਕਹੀ ਪਗਲੀ ਏਂ ਨੀ। ਕੁਠਾਰਨ ਉਹ ਕੇਹੀ ? ਹੁਣ ਤਾਂ ਕੋਠਾਰਨ ਤੂੰ ਏਂ। ਏਸੇ ਮੂੰਹ ਨਾਲ ਮੱਠ ਵਿਚ ਰਵ੍ਹੇਗੀ ਨੀਂ ? ਲੱਛਮੀ ਨੂੰ ਘਟ ਨਾ ਸਮਝੀ। ਉਹਦਾ ਜ਼ਹਿਰੀਲਾ ਦੰਦ ਜੇ ਨਾ ਉਖਾੜ ਸਕੀ ਤਾਂ ਤੁਹਾਡਾ ਮਹੰਥ ਸਾਰੇ ਦਿਨ ਖੰਜੜੀ ਵਜਾ ਕੇ ਫਟਿਕਨਾਥ ਗਿਰਧਾਰੀ ਗੌਂਦਾ ਰਹੇਗਾ। ਪਗਲੀਏ। ਏਸੇ ਲੂਰ ਮੂੰਹ ਨਾਲ..."

"ਸੁਣਦੀ ਏਂ ਨੀਂ। ਰਾਮਪਿਆਰੀਆ। ਕਿਥੇ ਗਈਂ ਉਠ ਕੇ ?...ਸ਼ਾਇਦ ਮਹੰਥ ਆਇਆ ਹੈ...ਓ" ਉਹਦੀ ਮਾਂ ਬਲੋਂਦੀ ਹੈ।

"ਸਾਹਿਬ ਬੰਦਗੀ ਹੋਵੇ। ਮਹੰਥ। ਪਿਛਵਾੜੇ ਹੁਣ ਕਿਉਂ ਲੁਕੇ ਹੋ ? ਹੁਣ ਤਾਂ ਤੁਸੀਂ ਆਪਣੇ ਬੰਦੇ ਹੋਏ...ਏਧਰ ਆਉ।" ਰਮਜੂ ਦੀ ਇਸਤਰੀ ਅੱਖ ਦੱਬ ਕੇ ਮੁਸਕਰਾਉਂਦੀ ਹੈ।

ਮਹੰਥ ਸਾਬ੍ਹ ਰਾਮਪਿਆਰੀਆ ਨਾਲ ਕੇਲਾਬਾੜੀ 'ਚੋਂ ਨਿਕਲ ਕੇ ਆਂਗਣ 'ਚ ਆਉਂਦੇ ਹਨ।

"ਪੀੜ੍ਹੀ ਦਿਉ ਨੀ।...ਬੈਠੋ।"

"ਜਾਤ ਵਾਲੇ ਤਾਂ ਭਾਤ ਮੰਗ ਰਹੇ ਹਨ। ਅਸਾਂ ਤਾਂ ਕਬੂਲ ਲਿਆ ਹੈ।" ਰਾਮ-ਪਿਆਰੀਆ ਦੀ ਮਾਂ ਚਿਲਮ ਫੂਕਦੀ ਹੋਈ ਕਹਿੰਦੀ ਹੈ।

"ਲੱਛਮੀ ਨੂੰ ਪੁਛਾਂਗੇ।" ਮਹੰਥ ਸਾਬ੍ਹ ਅੱਖਾਂ ਨੀਵੀਆਂ ਕਰਕੇ ਕਹਿੰਦੇ ਹਨ। ਰਾਮਪਿਆਰੀਆ ਦੀ ਮਾਂ ਹੁਣ ਉਨ੍ਹਾਂ ਨੂੰ ਸੱਸ ਦੇ ਸਾਮ੍ਹਣੇ ਜ਼ਰਾ ਲਿਹਾਜ ਨਾਲ ਗੱਲਾਂ ਕਰਨੀਆਂ ਚਾਹੀਦੀਆਂ ਹਨ।

"ਕੀ ਕਿਹਾ ?" ਰਮਜੂ ਦੀ ਇਸਤਰੀ ਫਟੇ ਹੋਏ ਕਨਸਤਰ ਵਾਂਗ ਝਨਝਨਾ ਉਠਦੀ ਹੈ। "ਲੱਛਮੀ ਨੂੰ ਪੁਛਣਗੇ ? ਰਾਮ ਪਿਆਰੀਆ ਦੀ ਮਾਂ। ਸੁਣਦੀ ਏਂ ? ਅਸੀਂ ਕਿਹਾ ਸੀ ਨਾ ਉਹਨੇ ਤਾਂ ਇਨ੍ਹਾਂ ਨੂੰ ਭੇਡੂ ਬਣਾ ਲਿਆ ਹੈ। ਉਏ ਮਹੰਥ ਸਾਬ੍ਹ। ਲੱਛਮੀ ਕੀ ਲਗਦੀ ਹੈ। ਜਿਹੜਾ ਤੁਸੀਂ ਉਸ ਤੋਂ ਪੁਛੋਗੇ ?"

"ਨਹੀਂ, ਉਹਨੇ ਕਿਹਾ ਹੈ...।"

"ਮਹੰਤ ਸਾਬ੍ਹ, ਬੁਰਾ ਨਾ ਮਨਾਇਓ, ਤੁਸੀਂ ਹਿਜੜੇ ਹੋ।" ਰਮਜੂ ਦੀ ਇਸਤਰੀ ਜਾਣ ਲਈ ਉਠ ਖਲੋਂਦੀ ਹੈ। "ਰਾਮਪਿਆਰੀਆ ਨੂੰ ਲੱਛਮੀ ਦੀ ਲੌਂਡੀ ਬਨੌਣਗੇ ਮਹੰਤ ਸਾਬ੍ਹ। ਅਸੀਂ ਸਭ ਸਮਝ ਗਏ।"

"ਨਹੀਂ, ਨਹੀਂ। ਇਉਂ ਨਹੀਂ ਹੋ ਸਕਦਾ। ਰਾਮਪਿਆਰੀ ਜੋ ਕਹੇਗੀ ਜੋ ਕਹੇਗੀ,

ਉਹੋ ਹੋਵੇਗਾ।" ਰਾਮਦਾਸ ਜੀ ਦੇ ਦੋਵੇਂ ਹੱਥ ਜੁੜ ਜਾਂਦੇ ਹਨ।

"...ਰਮਪਿਆੜੀ ਜੋ ਕਹੇਗੀ।" ਮਹੰਤ ਸਾਬ੍ਹ ਹਰ ਗੱਲ ਵਿਚ ਹੁਣ ਕਹਿੰਦੇ ਹਨ— "ਜਾਣੇ ਰਮਮਿਆੜੀ"।

"ਰਾਮਪਿਆਰੀਆ ਕੀ ਜਾਣਦੀ ਹੈ?" ਲੱਛਮੀ ਖਿਝ ਜਾਂਦੀ ਹੈ, "ਸਾਲ ਭਰ ਤਾਂ ਉਹਨੂੰ ਮੱਠ ਦੇ ਨੇਮ ਟੇਮ ਸਿਖਣ ਵਿਚ ਹੀ ਲਗ ਜਾਵੇਗਾ। ਹੱਥ ਦੀਆਂ ਸਾਰੀਆਂ ਉਂਗਲੀਆਂ ਨੂੰ ਸਹੀ ਸਹੀ ਗਿਣ ਵੀ ਨਹੀਂ ਸਕਦੀ ਅਤੇ ਉਹਦੇ ਕੋਲ ਜਨ ਮਜੂਰੀ ਦਾ ਹਿਸਾਬ ਹੈ। ਸਤਿਗੁਰੂ ਹੋ, ਸਤਿਗੁਰੂ ਹੈ।"

ਜਿਸ ਦਿਨ ਤੋਂ ਰਾਮਪਿਆਰੀਆ ਮੱਠ ਵਿਚ ਦਾਸਣ ਬਣ ਕੇ ਆਈ ਹੈ, ਲੱਛਮੀ ਦਾ ਮੂੰਹ ਤੋਰੀ ਵਾਂਗ ਲਟਕਿਆ ਰਹਿੰਦਾ ਹੈ।...ਮਹੰਤ ਰਾਮਦਾਸ ਸਭ ਕੁਝ ਸਮਝਦੇ ਹਨ। ਰਾਮਪਿਆਰੀਆ ਨੂੰ ਮਜੂਰਾਂ ਦੀ ਮਜੂਰੀ ਦਾ ਧਾਨ ਨਾਪਣ ਲਈ ਕਹਿੰਦੇ ਹਨ ਮਹੰਤ ਸਾਬ੍ਹ।

"ਨਹੀਂ ਜਾਣਦੀ ਹਿਸਾਬ ਕਿਤਾਬ ਤਾਂ ਸਮਝਾ ਦੇ। ਸਿਖਾਵੇਗੀ ਪੜ੍ਹਾਵੇਗੀ ਤਾਂ ਕੁਛ ਨਹੀਂ, ਬਸ ਖਾਲੀ ਲੈਕਚਰ ਝਾੜਦੀ ਰਵ੍ਹੇਗੀ।"

"ਮੈਂ ਲਕਚਰ ਝਾੜਦੀ ਹਾਂ? ਸਤਿਗੁਰੂ ਹੋ। ਮੈਨੂੰ ਆਪਣੇ ਕੋਲ ਬੁਲਾ ਲਵੋ ਪ੍ਰਭੂ। ਹਾਲੇ ਉਹਦੀ ਦੇਹ ਵਿਚ ਇਕ ਮਣ ਸਾਬਣ ਧਸੂ ਤਦ ਕਿਤੇ ਉਹਦੇ ਸਰੀਰ ਵਿਚੋਂ ਗੰਦੇ ਲਸਣ ਦੀ ਗੰਧ ਘਟੇਗੀ। ਸਰਘੀ ਵੇਲੇ ਉਠਣਾ ਸਿਖਾਓ। ਮੂੰਹ ਤਾਂ ਕਦੀ ਧੋਂਦੀ ਵੀ ਨਹੀਂ। ਬੀੜੀ ਪੀਂਦੀ ਹੈ। ਜੰਗਲ ਪਾਣੀ ਤੋਂ ਆ ਕੇ ਨਹਾਉਂਦੀ ਵੀ ਨਹੀਂ। ਜੂਠੇ ਹੱਥਾਂ ਨਾਲ ਬੀਜਕ ਚੁਕਦੀ ਹੈ। ਮੈਂ ਕੀ ਸਿਖਾਵਾਂ ਪੜ੍ਹਾਵਾਂਗੀ? ਤੁਸੀਂ ਕੀ ਕਹਿੰਦੇ ਹੋ? ਆਂਚਲ ਨਾਲ ਚਾਬੀ ਲਟਕੌਣ ਦਾ ਸ਼ੌਕ ਨਹੀਂ ਹੈ। ਜਾਣਦੇ ਹਨ ਸਤਿਗੁਰੂ।" ਲੱਛਮੀ ਝੰਨ ਦੇ ਕੇ ਚਾਬੀਆਂ ਦਾ ਗੁੱਛਾ ਸੁਟ ਦਿੰਦੀ ਹੈ।

ਮਹੰਥ ਰਾਮਦਾਸ ਦੇਖਦੇ ਹਨ, ਇਹ ਤਾਂ ਸਿਰਫ ਗੋਦਾਮ ਘਰ ਦੀ ਚਾਬੀ ਹੈ। ਸੰਦੂਕ ਦੀ ਚਾਬੀ ਕਿਥੇ ਹੈ?..."ਚਾਬੀ ਕਿਉਂ ਸੁਟਦੀ ਏਂ? ਗੱਲ ਗੱਲ ਵਿਚ ਏਨਾ ਗੁੱਸੇ ਹੋਣ ਨਾਲ ਕਿਵੇਂ ਕੰਮ ਚਲੇਗਾ?" ਮਹੰਥ ਸਾਬ੍ਹ ਗੰਭੀਰ ਹੋ ਕੇ ਕਹਿੰਦੇ ਹਨ, "ਤੂੰ ਮੇਰੀ ਗੁਰੂ ਭਾਈ ਏਂ...ਰਮਪਿਆੜੀ ਨੂੰ ਰਾਹੇ ਪੌਣਾ ਤੇਰਾ ਕੰਮ ਹੈ।"

"ਦੇਹ ਦੀ ਮੈਲ ਵੀ ਮੈਂ ਹੀ ਲਾਹ ਦਿਆਂਗੀ? ਕਪੜੇ ਮੈਂ ਹੀ ਸਾਫ ਕਰ ਦਵਾਂਗੀ? ...ਦਸ ਦਿਨ ਵੀ ਨਹੀਂ ਹੋਏ ਗੱਦੀ ਘਰ (ਬੀਜਕ ਅਤੇ ਮਹੰਤ ਦੇ ਰਹਿਣ ਦਾ ਕਮਰਾ) ਦੀ ਦੀਵਾਰ ਤੇ ਥੁੱਕ ਦੇ ਗੁਲਫਿਆਂ ਦੀ ਢੇਰੀ ਲਗ ਗਈ ਹੈ, ਬੀੜੀ ਦੇ ਟੋਟਿਆਂ ਨਾਲ ਘਰ ਭਰਿਆ ਹੋਇਆ ਹੈ। ਉਹ ਵੀ ਮੈਂ ਹੀ ਸਾਫ ਕਰੂੰਗੀ?...ਹੁਣ ਇਹ ਮੱਠ ਨਹੀਂ, ਸੂਰ ਦਾ ਬਾੜਾ ਹੈ ਬਾੜਾ।"

"ਤੈਨੂੰ ਰਮਪਿਆੜੀ ਦੀ ਦੇਹ ਦੀ ਮੈਲ ਲਾਹੁਣ ਲਈ ਕਹਾਂਗੇ। ਅਸੀਂ ਪਾਗਲ

ਨਹੀਂ ਹਾਂ। ਤੂੰ ਬਾਬੂ ਬਾਲਦੇਵ ਦੀ ਗਰਦਨ ਦੀ ਮੈਲ ਲਾਹ।" ਮਹੰਤ ਰਾਮਦਾਸ ਕਿਉਂ ਛਡ ਦਿੰਦੇ ? ਸੱਤੀ ਗੱਲ ਤਾਂ ਲੋਕ ਆਪਣੇ ਪਿਉ ਦੇ ਮੂੰਹ ਤੇ ਵੀ ਕਹਿ ਦਿੰਦੇ ਹਨ।

"ਬਾਲਦੇਵ ਜੀ ਦਾ ਨਾਂ ਨਾ ਲਉ।"

"ਕਿਉਂ ਨਾ ਲਈਏ ?. ਮੱਠ ਨੂੰ ਸੂਰਾਂ ਦਾ ਬਾੜਾ ਕਿੰਨੇ ਬਣਾਇਆ ?"

"ਮੈਂ ਬਣਾਇਆ ਹੈ ?"

"ਹਾਂ, ਤੂੰ ਬਣਾਇਆ। ਮੇਰਾ ਅੰਦਰ ਸੜ ਰਿਹਾ ਹੈ। ਗੱਲ ਨਾ ਵਧਾ।"

"ਅੰਦਰ ਸੜ ਰਿਹਾ ਹੈ ਤਾਂ ਮਾਰ ਕੇ ਠੰਡਾ ਕਰ ਲਉ।"

ਕੁਟ ਮਾਰ ਦਾ ਨਾਂ ਸੁਣ ਕੇ ਬਾਲਦੇਵ ਜੀ ਕਿਵੇਂ ਚੁਪ ਰਹਿਣ। ਹਿੰਸਾਵਾਦ ਦਾ ਡਰ ਹੈ।

"ਮਹੰਤ ਸਾਹਿਬ।...ਕੋਠਾਰਨ ਜੀ। ਸ਼ਾਂਤੀ। ਸ਼ਾਂਤੀ ਨਾਲ ਸਾਰੀ ਗੱਲ ਕਰੋ।"

"ਆਹਾ-ਹਾ। ਕੋਠਾਰਨੇ ਨੀਂ ਕੁਠਾਰਨੇ।"

ਰਾਮਪਿਆਰੀਆ ਨੂੰ ਬਚਪਨ ਤੋਂ ਹੀ ਝਗੜਨ ਦੀ ਸਿਖਿਆ ਮਿਲੀ ਹੈ। ਉਹ ਕਿਵਾੜ ਦੀ ਓਟ 'ਚੋਂ ਨਿਕਲ ਆਉਂਦੀ ਹੈ ਅਤੇ ਹੱਥ ਫੈਲਾ ਫੈਲਾ ਕੇ ਕਹਿੰਦੀ ਹੈ— "ਰੋਜ਼ ਅੱਧੀ ਰਾਤੀਂ ਕੋਠਾਰਨ ਦੀ ਕੋਠੜੀ ਖੁਲ੍ਹਦੀ ਹੈ। ਸੰਦੂਕ ਦੀ ਚਾਬੀ ਕਿਥੇ ਹੈ ?...ਗੋਦਾਮ ਘਰ ਵਿਚ ਕੀ ਹੈ ? ਸਭ ਕੁਝ ਬੇਚ ਬਾਚ ਕੇ ਛੁਟੀ ਕਰ ਦਿਤਾ।"

ਲੱਛਮੀ ਦੀਆਂ ਨਾਸਾਂ ਫੜਕਣ ਲਗਦੀਆਂ ਨੇ। ਜਾਪਦਾ ਹੈ ਕਿਸੇ ਨੇ ਬਾਂਸ ਦੀ ਪਤਲੀ ਛਿਟੀ ਨਾਲ ਉਹਦੀ ਕੰਡ ਉਪਰ ਸ਼ਪਾਕ ਦੇ ਮਾਰ ਦਿਤਾ ਹੈ।...ਬਾਰ੍ਹਾਂ ਵਜੇ ਰਾਤੀਂ ਕੋਠੜੀ ਖੁਲ੍ਹਦੀ ਹੈ।...ਸਭ ਬੇਚ ਬਾਚ ਕੇ ਛੁੱਟੀ ਕਰ ਦਿਤੀ।...ਸਤਿਗੁਰੂ ਹੋ। ਕਿਹੜੇ ਪਾਪ ਦਾ ਦੰਡ ਦੇ ਰਹੇ ਹੋ ਪ੍ਰਭੂ।

"ਰਾਮਦਾਸ। ਆਪਣੀ ਲੂਬੜੀ ਦਾ ਮੂੰਹ ਬੰਦ ਕਰ, ਨਹੀਂ ਤਾਂ ਚੰਗਾ ਨਹੀਂ ਹੋਵੇਗਾ। ਕੀ ਚਾਹੁੰਦੇ ਹੋ ਤੁਸੀਂ ਲੋਕ ? ਸੰਦੂਕ ਦੀ ਚਾਬੀ ਲਈ ਕਲੇਜਾ ਆਕੜ ਰਿਹਾ ਹੈ ਤਾਂ ਲੈ ਲਓ।" ਲੱਛਮੀ ਸੰਦੂਕ ਦੀ ਚਾਬੀ ਵੀ ਸੁਟ ਦਿੰਦੀ ਹੈ।

ਰਾਮਪਿਆਰੀਆ ਹੁਣ ਗੱਦੀ ਤੋਂ ਸਕਰ ਸਕਰ ਕਰ ਰਹੀ ਹੈ। ਅਲਬੱਤ ਬੋਲ ਸਕਦੀ ਹੈ ਰਾਮਪਿਆਰੀਆ। ਲੌਂਗੀ ਮਿਰਚਾਂ ਵਾਂਗ ਉਹ ਤੇਜ਼ ਹੈ। ਉਹਦੀਆਂ ਗੱਲਾਂ ਸੁਣ ਕੇ ਦੇਹ ਕੰਬਣ ਲਗਦੀ ਹੈ। ਗੱਲ ਵਿਚ ਵੀ ਏਨਾ...ਝਾਲ ?

"ਲੜੀ ਮਰੇ ਵਰਦਾ, ਬੈਠਲ ਖਾਏ ਤੁਰੰਗ। ਦਿਨ ਭਰ ਬੈਠ ਕੇ ਮਹਾਤਮਾ ਜੀ ਮਹਾਤਮਾ ਜੀ ਕਰਦਾ ਹੈ ਬਾਲਦੇਵ, ਕਦੀ ਇਕ ਲੋਟਾ ਪਾਣੀ ਵੀ ਕਿਸੇ ਬਿਰਛ ਨੂੰ ਪਾਵੇ ਤਾਂ ਸਮਝੀਏ ਕਿ ਹਾਂ। ਸਵੇਰ ਤੋਂ ਸ਼ਾਮ ਤਕ ਕੰਘੀ ਸ਼ੀਸ਼ਾ ਲੈ ਕੇ ਮਹਾਰਾਣੀ ਸਿੰਗਾਰ ਪਟਾਰ ਕਰੇਗੀ। ਇਥੇ ਕੋਈ ਕਿਸੇ ਦਾ ਨੌਕਰ ਨਹੀਂ।...ਮੇਰੀ ਦੇਹ ਵਿਚ

ਮੈਲ ਹੈ, ਮਨ ਵਿਚ ਨਹੀਂ। ਉਪਰੋਂ ਤਾਂ ਮੁਸਕਣਾਂ ਸਾਬਣ ਤੇ ਚੰਬਾ ਚੰਬੇਲੀ ਦਾ ਤੇਲ ਲਾਉਂਦੀ ਹੈ — ਅੰਦਰੋਂ ਰਾਮ ਰਾਮ। ਰਾਤ ਭਰ ਮੂੰਹ ਨਾਲ ਮੂੰਹ ਜੋੜ ਕੇ ਸੌਣ ਵਾਲੀ, ਤੜਕ ਸਾਰ ਮੂੰਹ ਧੋ ਕੇ ਸ਼ੁੱਧ ਤਾਂ ਨਹੀਂ ਹੋ ਸਕਦੀ।...ਨੱਟੀ। ਕਸਵੀ।" ਰਾਮ ਪਿਆਰੀਆ ਬੁੜ ਬੁੜਾ ਰਹੀ ਹੈ।

"ਤ੍ਰਮਪਿਆਰੀ। ਏਦਾਂ ਨਾ ਬੋਲ, ਸਿਰ ਪੀੜ ਹੋ ਜਾਵੇਗੀ।" ਰਾਮਦਾਸ ਜੀ ਕਹਿੰਦੇ ਹਨ, "ਏਨਾ ਜਾਣਦਾ ਤਾਂ...।"

ਲਛਮੀ ਦਾਸਣ ਕੁਝ ਨਹੀਂ ਬੋਲਦੀ। ਚੁਪਚਾਪ ਟਿਕਟਿਕੀ ਲਾ ਕੇ ਨਿੰਬੂ ਦੇ ਬਿਰਛ ਵਲ ਦੇਖਦੀ ਹੈ।

ਰਾਮਪਿਆਰੀਆ ਦੀ ਇਕ ਇਕ ਗੱਲ ਤੀਰ ਵਾਂਗ ਉਹਦੇ ਮਰਮਸਥਲ ਵਿਚ ਗੁਥ ਗਈ ਹੈ।...ਮੁਸ਼ਕਣਾਂ ਸਾਬਣ ਅਤੇ ਚਮੇਲੀ ਦਾ ਤੇਲ...ਮਹੰਤ ਸੇਵਾਦਾਸ ਨੇ ਉਹਨੂੰ ਏਹੋ ਇਕ ਬੜੀ ਖਰਾਬ ਆਦਤ ਪਾ ਦਿਤੀ ਹੈ, ਬਿਨਾਂ ਸਾਬਣ ਦੇ ਉਹ ਨ੍ਹਾ ਹੀ ਨਹੀਂ ਸਕਦੀ। ਮਨ ਪਵਿਤਰ ਹੀ ਨਹੀਂ ਹੁੰਦਾ ਬਿਨਾਂ ਸਾਬਣ ਦੇ। ਕੇਸ਼ ਰੰਜਨ ਤੇਲ ਤਾਂ ਸਿਰ ਪੀੜ ਵਾਲੇ ਦਿਨ ਹੀ ਹੁਣ ਲੈਂਦੀ ਹੈ ਉਹ।...ਮਹੰਥ ਸਾਬ੍ਹ ਜਦੋਂ ਪੂਰੈਨੀਆਂ ਕਚਹਿਰੀ ਤੋਂ ਪਰਤਦੇ ਸਨ ਤਾਂ ਝੋਲੇ ਵਿਚ ਤੇਲ, ਸਾਬਣ, ਕਿਸ਼ਮਿਸ਼, ਅਖਰੋਟ ਅਤੇ ਤਰਾਂ ਤਰਾਂ ਦਾ ਫਲ ਮੇਵਾ ਲੈ ਆਉਂਦੇ ਸਨ। ਕੋਈ ਵੀ ਨਵੀਂ ਚੀਜ਼ ਵਿਕਦੀ ਦੇਖੀ, ਬਸ ਖਰੀਦ ਲਈ।

ਮਹੰਤ ਸੇਵਾਦਾਸ ਨਾਲ ਸਾਰੇ ਤੀਰਥ ਕਰ ਚੁਕੀ ਹੈ, ਲੱਛਮੀ।.. ਕੀ ਏਸੇ ਨਰਕ ਭੋਗਣ ਲਈ ? ਉਹਦੀ ਤਕਦੀਰ ਹੀ ਖਰਾਬ ਹੈ। ਹੁਣ ਮੱਠ ਵਿਚ ਰਹਿਣਾ ਨਰਕ ਵਾਸ ਹੈ ਛੀ: ਛੀ: ਦਸ ਦਿਨ ਹੋਏ, ਪ੍ਰਸਾਦ ਜ਼ਰਾ ਵੀ ਚੰਗਾ ਨਹੀਂ ਲਗਦਾ, ਪਾਣੀ ਵਿਚੋਂ ਮੱਛਲੀ ਦੀ ਬੂ ਪਹਿਲੇ ਦਿਨ ਹੀ ਆ ਗਈ, ਸੋ ਹੁਣ ਪਾਣੀ ਪੀਂਦਿਆਂ ਹੀ ਉਲਟੀ ਆ ਜਾਂਦੀ ਹੈ।...ਮੱਠ ਵਿਚ ਔਣ ਸਮੇਂ ਰਾਮਪਿਆਰੀਆ ਦੀ ਮਾਂ ਨੇ ਤੁੰਨ ਤੁੰਨ ਕੇ ਮੱਛਲੀ ਖੁਆ ਦਿਤੀ ਸੀ। ਸਤਿਗੁਰੂ ਹੇ।...ਸਭ ਕੁਝ ਕਰੋ, ਪੰਥ ਨਾ ਭ੍ਰਸ਼ਟ ਕਰਨਾ ਗੁਰੂ । ਉਹ ਕਲ੍ਹ ਹੀ ਵੱਖ ਹੋ ਜਾਵੇਗੀ ਮੱਠ ਤੋਂ। ਮਹੰਤ ਸਾਹਿਬ ਉਹਦੇ ਨਾਵੇਂ ਤੀਹ ਬਿਘੇ ਜ਼ਮੀਨ ਅਤੇ ਕਲਮੀ ਅੰਬਾਂ ਦਾ ਇਕ ਬਾਗ ਲਿਖ ਗਏ ਹਨ। ਉਹਦੇ ਤੇ ਮੱਠ ਦਾ ਕੋਈ ਅਧਿਕਾਰ ਨਹੀਂ।...ਇਕ ਹਫਤੇ ਵਿਚ ਹੀ ਸਭ ਕੁਝ ਸਤਿਗੁਰੂ ਦੀ ਕਿਰਪਾ ਨਾਲ ਠੀਕ ਹੋ ਜਾਵੇਗਾ।

ਲੱਛਮੀ ਦੀਆਂ ਅੱਖਾਂ ਸਾਹਮਣੇ ਸੁਪਨਿਆਂ ਦੀ ਇਕ ਦੁਨੀਆਂ ਵਸ ਰਹੀ ਹੈ। ਕਲਮੀ ਅੰਬਾਂ ਦੇ ਬਾਗ ਵਿਚ ਠੀਕ ਬੰਬਈ ਅੰਬ ਦੇ ਬਿਰਛ ਕੋਲ ਦੋ ਖੂਬਸੂਰਤ ਝੌਂਪੜੀਆਂ ਹਨ। ਉਹ ਚਰਖਾ ਚਲਾ ਰਹੀ ਹੈ, ਬਾਲਦੇਵ ਜੀ ਬੀਜਕ ਵਾਚ ਰਹੇ ਹਨ।...

"ਬਾਲਦੇਵ ਜੀ। ਹੁਣ ਆਸਣ ਤੋੜੋ।"

ਬਾਲਦੇਵ ਜੀ ਲੱਛਮੀ ਦੇ ਚਿਹਰੇ ਵਲ ਅਰਥ ਭਾਵਹੀਨ ਦ੍ਰਿਸਟੀ ਨਾਲ ਦੇਖਦੇ ਹਨ। ਜਦੋਂ ਜਦੋਂ ਉਹ ਲੱਛਮੀ ਦੀਆਂ ਅੱਖ਼ਾਂ ਵਿਚ ਝਾਕਦੇ ਹਨ, ਉਨ੍ਹਾਂ ਦਾ ਚਿਹਰਾ ਬਿਲਕੁਲ ਇਉਂ ਹੀ ਅਰਥ ਭਾਵਹੀਨ ਹੋ ਜਾਂਦਾ ਹੈ।...ਆਸਨ ਤੋੜਨਾ ਹੋਵੇਗਾ ?

"ਹਾਂ, ਆਸਨ ਤੋੜਨਾ ਹੋਵੇਗਾ। ਇਥੇ ਧਰਮ ਨਹੀਂ ਬਚੇਗਾ।" ਲੱਛਮੀ ਦੀ ਅੱਖਾਂ ਭਰ ਜਾਂਦੀਆਂ ਹਨ ।

ਆਰੇ ਜੋਗੀਆਂ ਕੇ ਨਗਰ ਬਸੇ ਮਤਿ ਕੋਈ,
ਆਹੇ ਸੰਤੋ ..ਜੋ ਰੇ ਬਸੇ ਸੋ...ਜੋਗੀਆ ਹੋਈ,
...ਡਿਮ ਡਿਮਿਕ ਡਿਮਿਕ, ਡਿਮ ਡਿਮਿਕ ।
ਡਿਮਿਕ ।

## ਸੱਤ

ਕਮਲੀ ਦਿਨੋਂ ਦਿਨ ਖ਼ੂਬਸੂਰਤ ਹੁੰਦੀ ਜਾ ਰਹੀ ਹੈ । ਗਲ ਵਿਚ ਹੁਣ ਦੋ ਰੇਖਾਵਾਂ ਅਜਿਹੀਆਂ ਉਭਰੀਆਂ ਨੇ ਜਿਹੜੀਆਂ ਉਹਦੇ ਮੁਖ ਮੰਡਲ ਨੂੰ ਹੋਰ ਵੀ ਆਕਰਸ਼ਕ ਬਣਾ ਦਿੰਦੀਆਂ ਹਨ। ਅੱਖਾਂ ਵਿਚ ਚੰਚਲਤਾ ਨਹੀਂ, ਇਕ ਮਸਤੀ ਹੈ।...ਅਚਾਨਕ ਵੇਖਣ ਤੋਂ ਲਗਦਾ ਹੈ ਕਿ ਅੱਖਾਂ ਵਿਚ ਕਜਲ ਪਿਆ ਹੋਇਆ ਹੈ।

"ਮਾਂ। ਹੁਣ ਤੁਹਾਡਾ ਡਾਕਟਰ...ਆਪ ਬੇਹੋਸ਼ ਹੋਣ ਲਗ ਪਿਆ ਹੈ। ਅੱਧੇ ਘੰਟੇ ਤੋਂ ਦੀਵਾਰ ਵਲ ਇਕ ਟਕ ਤਕ ਰਿਹਾ ਹੈ।" ਕਮਲਾ ਆਪਣੇ ਕਮਰੇ ਵਿਚ ਕੇਸ ਛੰਡ ਰਹੀ ਹੈ। ਮਾਂ ਡਾਂਟਦੀ ਹੈ—"ਕਮਲੀ ਡਾਕਟਰ ਸਾਬ੍ਹ ਗੋਲ ਕਮਰੇ 'ਚ ਬੈਠੇ ਨੇ।"

"ਫੇਰ ਕੀ ਹੋਇਆ ?"

ਕਈ ਦਿਨਾਂ ਤੋਂ ਮਾਂ ਚਾਹੁੰਦੀ ਹੈ ਕਿ ਕਮਲੀ ਨੂੰ ਕਹੇ ਏਨਾ ਹੇਮ-ਮੇਲ ਚੰਗਾ ਨਹੀਂ। ਪਰ ਹੁਣ ਉਹਦੇ ਵਲ ਤਕਦਿਆਂ ਹੀ ਪਤਾ ਨਹੀਂ ਮਾਂ ਨੇ ਕੀ ਵੇਖਿਆ ਕਿ ਮੋਮ ਵਾਂਗ ਪਿਘਲ ਗਈ । ਦੁਧੀਆਂ ਅਤੇ ਵਰਣ, ਸੁਡੌਲ ਬਾਹਵਾਂ, ਲੰਮੇ ਲੰਮੇ ਕੇਸ, ਗੱਠੀਆਂ ਹੋਈਆਂ ਰਗਾਂ, ਅਤੇ ਅੱਖਾਂ ਵਿਚ ਇਹ ਕੀ ?...ਕੰਬ ਜਾਂਦੀ ਹੈ ਮਾਂ। ਇਹ ਕੀ ਨੀ ਅਭਾਗੀਏ ? ਦੁਰਭਾਗੀਏ । ਆਂਚਲ ਨੂੰ ਮੈਲਾ ਨਾ ਕਰੀਂ ਧੀਏ, ਦੁਹਾਈ। ਨਹੀਂ, ਨਹੀਂ...ਉਹ ਵੀ ਕੇਹੀ ਐ ? ਉਹਦੀ ਧੀ ਤਾਂ ਕਮਲਾ ਹੈ... ਉਹ ਜੋ ਚਾਹਵੇ ਕਰੇ। ਮਾਂ ਦੇ ਬੁਲ੍ਹਾਂ ਤੇ ਸੁਭਾਵਿਕ ਮੁਸਕਣੀ ਪਰਤ ਆਉਂਦੀ ਹੈ, "ਜਾਪਦਾ ਹੈ, ਤੇਰਾ ਰੋਗ ਲਾਹ ਕੇ ਡਾਕਟਰ ਨੇ ਆਪਣੇ ਉਪਰ ਲੈ ਲਿਆ ਹੈ।"

"ਹੋ-ਹੋ।" ਡਾਕਟਰ ਹੁਣ ਹਾਸਾ ਰੋਕ ਨਹੀਂ ਸਕਦਾ।

www.PunjabiLibrary.com

"ਹੋ-ਹੋ।" ਕਮਲਾ ਪਰਦੇ ਦੀ ਓਟ 'ਚੋਂ ਗਰਦਨ ਕਢਕੇ ਇਸ਼ਾਰੇ ਨਾਲ ਕਹਿੰਦੀ ਹੈ, "ਚੁਪ! ਤੁਸੀਂ ਬੀਮਾਰ ਹੋ। ਪਤੈ ?"

ਤਸੀਲਦਾਰ ਸਾਹਿਬ ਦੀਆਂ ਖੜਾਵਾਂ ਖੜਕਦੀਆਂ ਨੇ। ਹਾਸਾ ਸੁਣ ਕੇ ਉਹ ਭਲਾ ਕੋਈ ਹੋਰ ਕੰਮ ਕਰ ਸਕਦੇ ਨੇ।

ਡਾਕਟਰ ਨੂੰ ਤਹਿਸੀਲਦਾਰ ਸਾਹਿਬ ਦੇ ਦੋਵਾਂ ਰੂਪਾਂ ਦੇ ਦਰਸ਼ਨ ਹੋ ਚੁਕੇ ਹਨ। ਜਦੋਂ ਉਹ ਘਰ-ਗ੍ਰਿਹਸਤੀ, ਮਾਮਲੇ-ਮੁਕੱਦਮੇ, ਲੈਣ-ਦੇਣ, ਹਾਣ ਲਾਭ ਦੀਆਂ ਗੱਲਾਂ ਕਰਦੇ ਰਹਿੰਦੇ ਹਨ ਤਾਂ ਉਨ੍ਹਾ ਦਾ ਕੋਈ ਹੋਰ ਰੂਪ ਦਿਸਦਾ ਹੈ। ਘਰ ਵਿਚ, ਆਰਾਮ ਨਾਲ ਬਹਿ ਕੇ ਦੀਨ-ਦੁਨੀਆਂ ਦੀਆਂ ਗੱਲਾਂ ਕਰਦਿਆਂ ਅਤੇ ਰਾਮਾਇਨ-ਮਹਾ ਭਾਰਤ, ਦੇਸ਼ ਵਿਦੇਸ਼ ਤੇ ਲੈ ਕੇ ਘਰੇਲੂ ਚੀਜ਼ਾਂ ਤੇ ਟੀਕਾ ਟਿਪਣੀ ਕਰਦਿਆਂ ਕਿਸੇ ਹੋਰ ਤਸੀਲਦਾਰ ਨੂੰ ਤੁਸੀਂ ਤਕੋਗੇ।...ਹੱਸੋੜ, ਰਸਿਕ ਅਤੇ ਕੁਸ਼ਲ ਗ੍ਰਿਹਸਥੀ! ਭੋਲਾ ਭਾਲਾ ਇਨਸਾਨ।

ਡਾਕਟਰ ਨੂੰ ਉਨ੍ਹਾਂ ਦੇ ਪਹਿਲੇ ਰੂਪ ਨਾਲ ਬੇਹੱਦ ਘਿਰਣਾ ਹੈ, ਪਰ ਦੂਜੇ ਰੂਪ ਦੇ ਇੰਦਰਜਾਲ ਵਿਚ ਤਾਂ ਉਹ ਫਸ ਹੀ ਚੁਕਾ ਹੈ।

"ਕੀ ਗੱਲ ਸੀ?" ਤਸੀਲਦਾਰ ਸਾਹਿਬ ਹਾਸੇ ਦਾ ਕਰਾਰਾ ਸੁਆਲ ਲੈਣ ਲਈ ਤੁਰਤ ਪੁਛ ਬਹਿੰਦੇ ਹਨ—"ਕਮਲੀ ਦੀ ਮਾਂ! ਕੀ ਗੱਲ ਸੀ ? ਇਹ ਦੋਵੇਂ ਨਹੀਂ ਦਸਣਗੇ।"

"ਓ ਜੀ, ਤੁਹਾਡੀ ਪਗਲੀ ਧੀ ਦੇ ਮੂੰਹ 'ਚ ਜੋ ਕੁਝ ਆਉਂਦਾ ਹੈ, ਬਕ ਦਿੰਦੀ ਹੈ। ਤੁਹਾਡੀ ਚਮਲਾਈ ਹੋਈ ਧੀ ਹੁਣੇ ਹੀ ਕਹਿ ਰਹੀ ਸੀ ਕਿ ਡਾਕਟਰ ਸਾਹਿਬ ਹੁਣ ਖੁਦ ਬੇਹੋਸ਼ ਹੋ ਜਾਂਦੇ ਨੇ।"

"ਅੱਛਾ...ਫੇਰ ?" ਤਸੀਲਦਾਰ ਸਾਹਿਬ ਮੁਸਕਰਾਹਟ ਨੂੰ ਰੋਕਣ ਦੀ ਮੁਦਰਾ ਬਣਾ ਕੇ ਚਾਹ ਦੇ ਪਿਆਲੇ 'ਚੋਂ ਚੁਸਕੀ ਲੈਂਦੇ ਹੋਏ ਪੁਛਦੇ ਨੇ।

"ਤਦ ਫੇਰ ?"

ਮਾਂ ਹਾਸਾ ਰੋਕਦੀ ਹੋਈ ਕਹਿੰਦੀ, ਹੈ "ਤਾਂ ਮੈਂ ਕਿਹਾ ਕਿ ਜਾਪਦਾ ਹੈ, ਤੇਰਾ ਰੋਗ ਲਾਹ ਕੇ ਉਨ੍ਹਾ ਨੇ ਆਪਣੇ ਉਪਰ ਚੜ੍ਹਾ ਲਿਆ ਹੈ ਡਾਕਟਰ ਸਾਹਿਬ ਵੀ ਸੁਣ ਰਹੇ ਸਨ...।"

"ਹਾ-ਹਾ-ਹਾ।" ਤਸੀਲਦਾਰ ਦੇ ਏਸ ਹਾਸੇ ਨੂੰ ਕਮਲੀ ਕਹਿੰਦੀ ਹੈ, ਬਾਬਾ ਪਛਤੀਆਂ (ਦੇਰ ਨਾਲ ਫਲਣ ਫੁਲਣ ਵਾਲਾ) ਹਾਸਾ ਹਸਦੇ ਹਨ।

ਤਹਿਸੀਲਦਾਰ ਸਾਹਿਬ ਵੀ ਦੇਖਦੇ ਹਨ, ਕਮਲਾ ਦੇ ਸੁਭਾ ਵਿਚ ਬਹੁਤ ਪਰਿਵਰਤਨ ਹੋਏ ਹਨ। ਅਜਿਹੀ ਧੀ ਦਾ ਪਿਓ ਚੁਪ ਚਾਪ ਬੈਠਾ ਹੈ; ਲਾਚਾਰ ਕੇ। ਭਗਵਾਨ ਸੰਕਰ ਭਗਵਾਨ। ਕਮਲੀ ਤੇ ਕਿਰਪਾ ਦ੍ਰਿਸ਼ਟੀ ਕਰੋ।

ਡਾਕਟਰ ਤਹਿਸੀਲਦਾਰ ਸਾਹਿਬ ਦੇ ਬੁਝਦੇ ਹੋਏ ਹਾਸੇ ਨੂੰ ਗੌਰ ਨਾਲ ਤਕਦੇ ਨੇ।... ਇਹ ਸ਼ਾਇਦ ਇਕ ਤੀਸਰਾ ਰੂਪ ਹੈ, ਜਿਨ੍ਹੂੰ ਵੇਖ ਕੇ ਪੱਥਰ ਵੀ ਪਿਘਲ ਜਾਵੇ।

ਕਿੰਨਾ ਕਰੁਣ ।

"ਡਾਕਟਰ ਸਾਬ੍ਹ ।" ਮਾਂ ਦੋ ਪਲੇਟਾਂ ਵਿਚ ਜਲ-ਪਾਣ ਲੈ ਆਉਂਦੀ ਹੈ, "ਕਮਲੀ ਰੇਡੀਓ ਦੀ ਦੀਦੀ ਤੋਂ ਮਟਰ-ਪਲਾਅ ਸਿਖ ਕੇ ਆਈ ਹੈ ਓਦਣ ।"

"ਤਾਂ ਇਹ ਆਲ ਇੰਡੀਆ ਰੇਡੀਓ ਵਾਲਾ ਮਾਮਲਾ ਹੈ। ਸ਼ੁਰੂ ਕਰੋ ਡਾਕਟਰ ਸਾਬ੍ਹ। ਤਕੋ ਕਿ ਮਟਰ ਦੀ ਘੁਘਨੀ ਨੂੰ ਕਿੰਨੀ ਸਫਾਈ ਨਾਲ ਮਟਰ-ਪਲਾਅ ਬਣਾ ਦਿਤਾ ਹੈ।"

"ਕੁਝ ਵੀ ਹੋਵੇ, ਖਿਆਲੀ ਪਲਾਅ ਨਾਲੋਂ ਤਾਂ ਚੰਗਾ ਹੈ।" ਡਾਕਟਰ ਕਮਲਾ ਵਲ ਹਸਦੇ ਹੋਏ ਤਕਦੇ ਨੇ।

"ਹੋ-ਹੋ-ਹੋ-ਹੋ ।"

ਹਾਸ-ਸੁਖ ਦੇ ਇੰਦਰਜਾਲ ਵਿਚ ਫਸ ਕੇ ਡਾਕਟਰ ਆਪਣੇ ਕਰਤਵ ਨੂੰ ਵਿਸਾਰ ਤਾਂ ਨਹੀਂ ਰਿਹਾ ? ਓਹ ਕਦੀ ਕਦੀ ਰੁਕ ਰੁਕ ਕੇ ਸੋਚਦਾ ਹੈ—ਉਹ ਜੋ ਕੁਝ ਵੀ ਕਰ ਰਿਹਾ ਹੈ, ਉਹਦੇ ਵਿਰੋਧ ਵਿਚ ਹਿਰਦੇ ਦੇ ਕਿਸੇ ਕੋਣੇ ਦਾ ਤਾਰ ਬੇਸੁਰਾ ਤਾਂ ਨਹੀਂ ਵਜ ਉਠਦਾ ?...ਨਹੀਂ, ਉਹ ਜੋ ਵੀ ਕਰ ਰਿਹਾ ਹੈ, ਸਹੀ ਹੋਵੇ, ਭਾਵੇਂ ਗਲਤ, ਚੰਗਾ ਲਗਦਾ ਹੈ, ਉਹਨੂੰ ।

ਪਿਆਰੂ ਨੇ ਕਈ ਵਾਰ ਕਿਹਾ ਹੈ, ਆਂਗਣ ਵਲ ਖੁਲ੍ਹਣ ਵਾਲੀ ਖਿੜਕੀ ਤੇ ਵੀ ਪਰਦਾ ਹੋਣਾ ਚਾਹੀਦਾ ਹੈ। ਨੰਗੀ ਜਿਹੀ ਲਗਦੀ ਹੈ ਇਹ ਖਿੜਕੀ। ਡਾਕਟਰ ਪਿਆਰੂ ਨੂੰ ਏਸੇ ਲਈ ਏਨਾ ਪਿਆਰ ਕਰਦਾ ਹੈ।...ਕਮਲਾ ਹੁਣ ਰੋਜ਼ਡਾ ਕਟਰ ਦੇ ਆਉਂਦੀ ਹੈ।

"ਮਾਸੀ ਕਹਿੰਦੀ ਸੀ...ਕਹਿੰਦੀ ਸੀ ਕਿ...ਤੂੰ ਗਲਤ ਕਰ ਰਹੀ ਏਂ । ਤੁਸੀਂ ਦੋਵੇਂ ਗਲਤ ਕਰ ਰਹੇ ਹੋ । ਇਸ ਪਿਛੋਂ ਕੀ ਹੋਵੇਗਾ, ਸੋਚਿਆ ਹੈ ਕਦੀ ? ਕੀ ਹੋਵੇਗਾ। ਇਹਦੇ ਪਿਛੋਂ ? ਡਾਕਟਰ ਦਸੋ ਤਾਂ।" ਕਮਲਾ ਅੰਬ ਦੀਆਂ ਫੰਕੜੀਆਂ ਵਰਗੀਆਂ ਅੱਖਾਂ 'ਚੋਂ ਮਧੂ ਡੋਲ੍ਹਦੀ ਹੋਈ ਪੁਛਦੀ ਹੈ।

"ਦਸੋ ਤਾਂ ਡਾਕਟਰ, ਕੀ ਹੋਵੇਗਾ ?"

"ਕੀ ਹੋਵੇਗਾ ? ਕੁਝ ਵੀ ਹੋਵੇ, ਬੁਰਾ ਨਹੀਂ ਹੋਵੇਗਾ ।"

"ਤੁਸੀਂ ਸਦਾ ਮੇਰੇ ਕੋਲ ਨਹੀਂ ਰਹਿ ਸਕਦੇ ?"

"ਫੇਰ ਪਾਗਲਪਨ ?"

"ਡਾਕਟਰ ਤੁਸੀਂ ਜਿੰਨ ਤਾਂ ਨਹੀਂ ?"

"ਜਿੰਨ ? ਕਿਹੜਾ ਜਿੰਨ ?

"ਜਿੰਨ ਇਕ ਪੀਰ ਦਾ ਨਾਂ ਹੈ। ਉਹ ਕਦੀ ਕਦੀ ਮਨ ਮੋਹਨ ਵਾਲਾ ਰੂਪ ਧਾਰ ਕੇ ਕੁਆਰੀਆਂ ਤੇ ਵਿਧਵਾ ਕੁੜੀਆਂ ਨੂੰ ਭਰਮਾਉਂਦਾ ਹੈ । ਗਰੀਬ ਤੋਂ ਗਰੀਬ ਨੂੰ ਧਨੀ ਬਣਾ ਦੇਣਾ ਉਹਦੇ ਚੁਟਕੀ ਬਜਾਉਣ ਜਿੰਨੀ ਗੱਲ ਹੈ। ਜਿਸ ਤੇ ਬਿਗੜੇ ਬਰਬਾਦ ਕਰ ਦੇਵੇ । ਜਿਸ ਤੇ ਤ੍ਰੁੱਠੇ ਉਹਨੂੰ ਨਿਹਾਲ ਕਰ ਦੇਵੇ। ਕਮਲਾ ਦੇ ਗਲੇ

ਦੀਆਂ ਦੋਵੇਂ ਨਵੀਆਂ ਰੇਖਾਵਾਂ ਜਲਦੀ-ਜਲਦੀ ਨਾਲ ਬਣਦੀਆ ਬਿਗੜਦੀਆਂ ਨੇ...। ਉਹ ਡਰ ਤਾਂ ਨਹੀਂ ਰਹੀ ?...ਉਹ ਡਾਕਟਰ ਨੂੰ ਫੜ ਲੈਂਦੀ ਹੈ।

"ਕਿਉਂ ਝੂਠੀ ਮੂਠੀ ਡਰਨ ਲਗੀ ਏਂ ? ਫਜ਼ੂਲ ਗੱਲਾਂ ਭਰੀ ਰਖਦੀ ਏਂ ਦਿਮਾਗ ਵਿਚ।"

"ਨਹੀਂ, ਮੈਨੂੰ ਡਰ ਨਹੀਂ ਲਗਦਾ। ਜੇਕਰ ਤੁਸੀਂ ਜਿੰਨ ਵੀ ਹੋਵੇ ਤਾਂ।" ...

"ਮੈਂ ਤੁਹਾਨੂੰ ਜਿਤ ਲਿਆ।"

"ਏਨਾ ਭਰੋਸਾ ?" ਡਾਕਟਰ ਕਮਲਾ ਦੀਆਂ ਅੱਖਾਂ ਵਿਚ ਚਮਕਦੇ ਵਿਸ਼ਵਾਸ ਦਾ ਸਪਸ਼ਟ ਰੂਪ ਵੇਖ ਲੈਂਦਾ ਹੈ।...ਕਮਲਾ ਨਿਰੋਗ ਹੈ। ਸੁਆਸਤ ਹੈ ਕਮਲਾ।

"ਤੂੰ ਬਾਹਵਾਂ 'ਚ ਓਦਣ ਕਿਹੜਾ ਜੇਵਰ ਪਹਿਨ ਕੇ ਆਈ ਸੀ ? ਹੁਣ ਕਿਉਂ ਨਹੀਂ ਪਹਿਨਦੀ ?"

"ਬਾਜੂ...ਕਿਉਂ ਗੁਆਲਣ ਵਰਗੀ ਲਗਦੀ ਸੀ ਨਾ ? ਗੁਕੁਲ ਦੀ ਗੁਆਲਣ।" ਕਮਲਾ ਜ਼ੋਰ ਨਾਲ ਹੱਸ ਪੈਂਦੀ ਹੈ।

ਇਸੇ ਨੂੰ ਰਾਸ ਲੀਲਾ ਕਹਿੰਦੇ ਹਨ।...ਦੇਖਦੇ ਹੋ ? ਹੁਣੇ ਹੀ ਦੋਪਹਿਰ ਰਾਤ ਨੂੰ ਡਾਕਟਰ ਦਾ ਨੜਾ ਨੌਕਰ ਲੈਟ ਭੁਕਭੁਕਾਂਦਾ ਹੋਇਆ ਤਸੀਲਦਾਰ ਦੀ ਧੀ ਨੂੰ ਘਰ ਪੁਜਾਣ ਜਾਂਦਾ ਹੈ।...ਸ਼ਾਦੀ ਹੀ ਕਿਉਂ ਨਹੀਂ ਕਰਾ ਦਿੰਦੇ ? ਬਿਲਕੁਲ ਸਾਹਿਬ ਮੇਮ। ਡਾਕਟਰ ਸਾਹਿਬ ਵੀ ਕਿਦਾਂ ਦੇ ਬੰਦੇ ਨੇ !

"ਡਾਕਟਰ ਸਾਹਿਬ ਕਿਦਾਂ ਦੇ ਬੰਦੇ ਨੇ ?" ਅਗਮੂ ਚੌਕੀਦਾਰ ਤੋਂ ਕਟਰਾ ਥਾਣੇ ਦੇ ਨਵੇਂ ਦਾਰੋਗਾ ਸਾਹਿਬ ਪੁਛਦੇ ਹਨ।

"ਹਜ਼ੂਰ ! ਚੰਗਾ ਬੰਦਾ ਹੈ, ਪਰ..."

"ਪਰ ਕੀ ਓਏ ! ਸਾਲਾ ਅੱਧੀ ਗੱਲ ਕਰਦਾ ਹੈ, ਬਟਚ...ਅੱਧੀ ਗੱਲ ਢਿਡ ਵਿਚ ਰਖਦਾ ਹੈ...। ਸਾਲਿਆ, ਸਾਨੂੰ ਪਛਾਣ ਲੈ। ਅਸੀ ਦੂਸਰੇ ਜ਼ਿਲੇ ਦੇ ਨਹੀਂ, ਸਾਡਾ ਘਰ ਇਸੇ ਜ਼ਿਲੇ ਵਿਚ ਹੈ। ਜਾਣਦੇ ਹੋ ਨਾ ? ਸਾਥੋਂ ਸਾਲਿਆ ਗੱਲ ਲੁਕਾਂਦਾ ਏਂ ? ਪਰ ਕੀ?" ਨਵੇਂ ਦਾਰੋਗਾ ਸਾਹਿਬ ਜਲ ਜਲ ਕਰਦੇ ਨੇ। ਹਵਾ ਨੂੰ ਵੀ ਗਾਲ੍ਹਾਂ ਕਢਦੇ ਨੇ, "ਸਾਲਾ ! ਰਾਤੀਂ ਬਟਕ...ਸਾਲੀ ਉਹ ਹਵਾ ਵਗਦੀ ਸੀ। ਹਵਲਦਾਰ ਸਾਬ੍ਹ ਦੀ ਲੀਂਢ ਤਾਂ ਬੁਝ ਕਿ ਬੁਝ ਦਿਤੀ। ਹਵਲਦਾਰ ਸਾਬ੍ਹ ਜ਼ਰਾ ਔਹ ਫਾਈਲ ਫੜਾਓ ਭਾਂ। ਦੇਖੀਏ, ਕੀ ਕੀ ਪੁਛਿਆ ਹੈ ? ਨਵੀਂ ਨਵੀਂ ਪਾਰਟੀ ਹੁੰਦੀ ਹੈ, ਸਾਲਾ ਸਾਡੇ ਲੋਕਾਂ ਦੀ ਭਾਅ ਦੀ ਬਣ ਜਾਂਦੀ ਹੈ।"

ਦਾਰੋਗਾ ਸਾਹਿਬ ਨਵੀਂ ਉਮਰ ਦੇ ਹਨ। ਕਹਿੰਦੇ ਹਨ ਕਿ ਇਸ ਜ਼ਿਲੇ ਦੇ ਪਹਿਲੇ ਪੰਜ ਦਾਰੋਗਿਆਂ ਵਿਚੋਂ ਇਕ ਹਨ। ਗੱਲਾਂ ਕਰਨ ਸਮੇਂ ਉਹ ਇਹ ਕਹਿਣਾ ਨਹੀਂ ਭੁੱਲਦੇ—"ਸਾਬ੍ਹ ! ਮੈਂ ਓਪਰਾ ਬੰਦਾ ਨਹੀਂ, ਏਸੇ ਜ਼ਿਲੇ ਦਾ ਹਾਂ।" ਹਰ ਮੌਕੇ ਤੇ

ਇਹਦੀ ਵਧੀਆ ਵਰਤੋਂ ਕਰਦੇ ਨੇ ।

"ਮੈਂ ਜੇਕਰ ਇਕ ਪੈਸਾ ਖਾ ਵੀ ਲਵਾਂਗਾ ਤਾਂ ਇਸੇ ਜ਼ਿਲੇ 'ਚ ਰਹੇਗਾ ।" ਦਾਰੋਗਾ ਸਾਹਿਬ ਜ਼ਬਰਦਸਤ ਗਲਤ ਫਹਿਮੀ ਨਾਲ ਪਰੇਸ਼ਾਨ ਕਹਿੰਦੇ ਹਨ ਕਿ ਬਾਹਰੋਂ ਜਿੰਨੇ ਵੀ ਲੋਕ ਇਥੇ ਆਏ ਹਨ, ਉਨ੍ਹਾਂ ਦੇ ਹਿੱਸੇ ਦਾ ਹੀ ਸੁਖ-ਆਨੰਦ ਮਾਣ ਰਹੇ ਹਨ ।... ਫ਼ਾਰਬਿਸ਼ਗੰਜ ਦੇ ਨਵਤੁਰੀਆ ਨੇਤਾ ਛੋਟਨ ਬਾਬੂ ਜਿਲਾ ਕਾਂਗਰਸ ਦੇ ਸਕੱਤਰ ਹੋਏ ਨੇ ।...ਲਿਖਿਆ ਹੈ...ਇਹ ਡਾਕਟਰ ਕੋਮਨਿਸਟ ਪਾਰਟੀ ਦਾ ਹੈ ।

ਦਾਰੋਗਾ ਸਾਹਿਬ ਨੇ ਹਸਪਤਾਲ ਨੂੰ ਚਹੁੰ ਪਾਸਿਆਂ ਤੋਂ ਇਕ ਦਰਜਨ ਸਿਪਾਹੀਆਂ ਨਾਲ ਘਿਰਵਾ ਲਿਆ ਹੈ ।

"ਤੁਹਾਡਾ ਘਰ...ਅਸਲ ਵਿਚ ਕਿਥੇ ਹੈ ?" ਦਾਰੋਗਾ ਸਾਹਿਬ ਹੈਰਾਨ ਹੋ ਕੇ ਪੁਛਦੇ ਨੇ ।

"ਵਿਰਾਟ ਨਗਰ ।"

"ਵਿਰਾਟ ਨਗਰ ਤਾਂ ਨੇਪਾਲ ਵਿਚ ਹੈ । ਤੁਸੀਂ ਨੇਪਾਲੀ ਹੋ ?"

"ਨਹੀਂ ।"

"ਫੇਰ ?"

"ਤੁਸੀਂ ਏਨਾ ਹੈਰਾਨ ਕਿਉਂ ਹੋ ਰਹੇ ਹੋ, ਦਾਰੋਗਾ ਸਾਹਿਬ ? ਮੈਂ ਜੋ ਕੁਝ ਵੀ ਕਹਿੰਦਾਂ ਹਾਂ, ਲਿਖਦੇ ਜਾਵੋ ।"

"ਸੋ...ਲਿਖਦੇ ਜਾਈਏ ਵਾਹ ।...ਅਖੀਰ ਕੀ ਲਿਖੀਏ ?"

"ਮੈਂ ਜਿਹੜਾ ਵੀ ਜਵਾਬ ਦਿੰਦਾ ਹਾਂ ।"

ਤਹਿਸੀਲਦਾਰ ਸਾਹਿਬ ਪ੍ਰਸੀਨੇ ਨਾਲ ਤਰ ਬਤਰ ਹੋ ਰਹੇ ਨੇ । ਪਿਆਰੂ ਦਾ ਮੂੰਹ ਸੁਕ ਗਿਆ ਹੈ । ਗੱਲ ਕੀ ਹੈ, ਕੁਝ ਪਤਾ ਨਹੀਂ ਲਗਦਾ । ..ਮਾਸੀ ਦਾ ਕਲੇਜਾ ਧੜਕ ਰਿਹਾ ਹੈ ।...ਪਰ ਹੈਰਾਨੀ । ਕਮਲੀ ਤੇ ਇਹਦੀ ਕੋਈ ਪ੍ਰਤਿਕ੍ਰਿਆ ਨਹੀਂ ਹੁੰਦੀ ।... ਡਾਕਟਰ ਨੂੰ ਕੁਝ ਨਹੀਂ ਹੋ ਸਕਦਾ । ਕੋਈ ਗੱਲ ਨਹੀਂ ਹੈ ।" ਕਮਲੀ ਨੂੰ ਦ੍ਰਿੜ੍ਹ ਵਿਸ਼ਵਾਸ ਹੈ ।

ਦਾਰੋਗਾ ਸਾਹਿਬ ਡਾਕਟਰ ਨੂੰ ਦੋ ਗੱਲਾਂ ਵਿਚ ਹੀ ਪਛਾਣ ਗਏ ਹਨ—"ਅਜੀਬ ਕਿਸਮ ਦਾ ਬੰਦਾ ਹੈ ਇਹ ਡਾਕਟਰ ।"

ਸੁਮਰਿਤਦਾਸ ਬੇਤਾਰ ਨੂੰ ਅਜ ਬੱਚਾ-ਬੱਚਾ ਪੁਛਦਾ ਹੈ—"ਸੁਮਰਿਤਦਾਸ, ਡਾਗਡਰ ਸਾਬ੍ਹ ਨੇ ਕੀ ਕੀਤਾ ਹੈ ਜੁ ਦਰੋਗਾ ਸਾਬ੍ਹ ਫੜਣ ਆਏ ਨੇ ?...ਵੱਢੀ ਲੈਣ ਦੀ ਸ਼ਿਕਾਇਤ ਤਾਂ ਨਹੀਂ ਕੀਤੀ ਕਿਸੇ ਨੇ ?"

"ਤਕੋ ਨਾ ਜੀ ! ਬੜੀ ਖਰਾਬ ਹੈ ਇਹ ਦੁਨੀਆਂ । ਕਿਸੇ ਦਾ ਬਿਸਵਾਸ ਨਹੀਂ । ...ਰਮੈਨ ਵਿਚ ਕਿਹਾ ਹੈ ਕਿ ਨਾ-ਬਿਸਰਸ ਕਨਕ ਘਟ ਜੈਸੇ ਇਹ ਡਾਕਟਰ ਤਾਂ

ਸੁਣਦੇ ਹਾਂ ਕਿ...ਜਰਮਨ ਵਾਲਿਆਂ ਦਾ ਬੰਦਾ ਹੈ। ਜੋਤਖੀ ਜੀ ਠੀਕ ਹੀ ਕਹਿੰਦੇ ਸਨ...ਜਰਮਨ ਵਾਲਿਆਂ ਦਾ ਸੀ. ਆਈ. ਡੀ. ਭੀ ਹੈ ਇਹ ਡਾਕਟਰ । ਇਥੋਂ ਦੇ ਲੋਕਾਂ ਨੂੰ ਸੂਈ ਚੋਭ ਕੇ ਕਮਜ਼ੋਰ ਕਰਨ ਦਾ ਕੰਮ ਕਰਦਾ ਸੀ। ਧੂੰਏਂ ਵਿਚ ਦਵਾ ਸੁੱਟ ਕੇ ਸਚਮੁਚ ਦਾ ਹੈਜ਼ਾ ਫੈਲਾਇਆ ਹੈ। ਜਰਮਨ ਵਾਲਿਆਂ ਦੀ ਇਕ ਪਾਟੀ ਹੈ ਇਥੇ, ਕਮਸੀਨ...ਕੌਮਨਸ਼ਨ ਪਾਟੀ ਸੁਣਦੇ ਹਾਂ, ਉਸੇ ਪਾਟੀ ਦਾ ਬੰਦਾ ਹੈ।''

ਇਸ ਦਰੋਗੇ ਦੀਆਂ ਹਰਕਤਾਂ ਤੇ ਡਾਕਟਰ ਨੂੰ ਹੈਰਾਨੀ ਹੁੰਦੀ ਹੈ। ਵਾਰ-ਵਾਰ ਕਹਿੰਦਾ ਹੈ, ਅਸੀਂ ਏਸੇ ਜ਼ਿਲੇ ਦੇ ਹਾਂ। ਬੇਵਕੂਫ਼ਾਂ ਵਾਂਗ ਸਵਾਲ ਕਰਦਾ ਹੈ, "ਤੁਹਾਡਾ... ਬਹੁਤ ਕੁੜੀਆਂ ਨਾਲ ਤਾਲੁੱਕ ਰਿਹਾ ਹੈ ?"

"ਰਿਹਾ ਹੈ। ਘਟੋ ਘਟ ਚਾਰ ਸੌ ਕੁੜੀਆਂ ਨਾਲ ਮੈਂ ਦਿਨੇਂ ਰਾਤੀਂ ਰਹਿ ਚੁਕਾ ਹਾਂ।" ਡਾਕਟਰ ਮੁਸਕਰਾਉਂਦਾ ਹੈ।

"ਚਾਰ ਸੌ ?" ਦਾਰੋਗਾ ਸਾਹਿਬ ਨੂੰ ਜਦੋਂ ਕਿਸੇ ਗੱਲ ਤੇ ਹੈਰਾਨੀ ਹੁੰਦੀ ਹੈ ਤਾਂ ਉਹਨਾਂ ਦੀਆਂ ਅੱਖਾਂ ਉਲੂ ਦੀਆਂ ਅੱਖਾਂ ਵਾਂਗ ਗੋਲ ਹੋ ਜਾਂਦੀਆਂ ਹਨ, "ਚਾਰ...ਚਾਰ ਸੌ ? ਬਟਚ...ਏਨੀਆਂ ਕੁੜੀਆਂ ਕਿਥੋਂ ਮਿਲੀਆਂ ?"

"ਮੈਡੀਕਲ ਕਾਲਜ ਹੋਸਟਲ ਵਿਚ।"

"ਓਏ !...ਨਹੀਂ, ਮੇਰੇ ਪੁਛਣ ਦਾ ਮਤਲਬ ਹੈ ਕਿ ਭਲੇ ਦੀਆਂ ਘਰ ਕੁੜੀਆਂ...।"

"ਕਿਉਂ ਹੋਸਟਿਲ ਵਿਚ ਭਲੇ ਘਰ ਦੀਆਂ ਕੁੜੀਆਂ ਨਹੀਂ ਜਾਂਦੀਆਂ ?"

"ਮੇਰਾ ਮਤਲਬ ਹੈ...। ਖੈਰ, ਛੱਡੋ ਇਨ੍ਹਾਂ ਗੱਲਾਂ ਨੂੰ। ਕੌਮਨਸ਼ਟ ਪਾਰਟੀ ਵਾਲਿਆਂ ਨਾਲ ਤੁਹਾਡਾ ਕੀ ਰਿਸ਼ਤਾ ਹੈ ?"

"ਮੇਰੇ ਬਹੁਤ ਸਾਰੇ ਦੋਸਤ ਕਮਿਊਨਿਸਟ ਹਨ।"

"ਤੁਸਾਂ ਸੰਥਾਲਾਂ ਨੂੰ ਭੜਕਾਇਆ...ਸਮਝਾਇਆ ਸੀ ਕਿ ਜ਼ਮੀਨ ਤੇ ਜਬਰਦਸਤੀ ਹਮਲਾ ਕਰ ਦਿਉ ? ਸੰਥਾਲਾਂ ਨੇ ਆਪਣੇ ਬਿਆਨ ਵਿਚ ਕਿਹਾ ਹੈ।"

"ਸੰਥਾਲ ਸਮੇਂ ਸਮੇਂ ਮੈਥੋਂ ਪੁਰਾਣੇ ਕਾਗਜ਼ਾਤ ਪੜ੍ਹਾਣ ਆਇਆ ਕਰਦੇ ਸਨ— ਜਜਮੈਂਟ ਵਗੈਰਾ..."

"ਤੁਸੀਂ ਆਪਣੀਆਂ ਕਿਤਾਬਾਂ ਵਿਖਾ ਸਕਦੇ ਹੋ ?"

"ਦਾਰੋਗਾ ਸਾਹਿਬ ਉਠ ਕੇ ਕਿਤਾਬਾਂ ਵਾਲੀ ਅਲਮਾਰੀ ਕੋਲ ਜਾਂਦੇ ਹਨ।"

...ਸਾਲਾ ਸਭ ਡਾਕਟਰੀ ਕਿਤਾਬਾਂ ਹਨ।...ਚਿਲਡਰਨ ਆਫ ਯੂ. ਐਸ. ਐਸ. ਆਰ. ਲਾਲ ਰੂਸ, ਲੇਖਕ...ਬੇਨੀਪੁਰੀ।...ਲਾਲਚੀਨ, ਲੇਖਕ ਬੇਨੀਪੁਰੀ।

"ਇਹ ਸਾਰੀਆਂ ਤਾਂ ਰੂਸੀ ਕਿਥਾਬਾਂ ਹਨ।"

"ਰੂਸ ਦੀਆਂ ਨਹੀਂ, ਰੂਸ ਬਾਰੇ ਹਨ।"

"ਦੋਵੇਂ ਇਕੋ ਗੱਲਾਂ ਹਨ।" ਦਾਰੋਗਾ ਸਾਹਿਬ ਉਸ ਕਿਤਾਬ ਨੂੰ ਕੱਢ ਕੇ ਉਲਟਦੇ

ਹਨ—ਜਿਵੇਂ ਕਿਤਾਬ ਦੇ ਪੰਨਿਆਂ ਵਿਚ ਬੰਬ ਲੁਕਿਆ ਹੋਇਆ ਹੋਵੇ । ਬੜੇ ਹੁਸ਼ਿਆਰ ਹੋ ਕੇ ਸਫ਼ੇ ਪਰਤਦੇ ਹਨ।...ਡਾਕਟਰ ਸਾਬ੍ਹ ਗਿਰਿੱਫ । ਜ਼ੁਲਮ ਗੱਲ । ਸੰਥਾਲਾਂ ਨੂੰ ਡਾਗਡਰ ਸਾਬ੍ਹ ਨੇ ਹੀ ਭੜਕਾਇਆ ਸੀ । ਪਿੰਡ ਵਿਚ ਹੈਜ਼ਾ ਵੀ ਉਨ੍ਹਾਂ ਨੇ ਹੀ ਫੈਲਾਇਆ ਸੀ।...ਪਿੰਡ ਦੇ ਲੋਕਾਂ ਨੂੰ ਕਮਜ਼ੋਰ ਕਰ ਦਿਤਾ ।...ਹਾਂ, ਹੈਜ਼ੇ ਦੀ ਸੂਈ ਲਾਣ ਪਿਛੋਂ...ਅਜ ਵੀ ਜਦੋਂ ਕੰਮ ਧੰਦਾ ਕਰਨ ਲਗਦੇ ਹਨ ਤਾਂ ਅੱਖਾਂ ਅਗੇ ਜੁਗਨੂੰ ਉਡਣ ਲਗਦੇ ਨੇ ।...ਵੇਖਣ ਨੂੰ ਕਿਦਾਂ ਦਾ ਬਮਭੋਲਾ ਸੀ । ਜਾਪਦਾ ਸੀ ਦੇਵਤਾ ਹੈ । ਅੰਦਰ ਹੀ ਅੰਦਰ ਕਿੰਨਾਂ ਵੱਡਾ ਬੁਰਛਾ ਸੀ, ਕੀ ਪਤਾ ਸੀ । ਜੋਤਖੀ ਚਾਚਾ ਠੀਕ ਹੀ ਕਹਿੰਦੇ ਸਨ ।

...ਗੋਨੋਰੀ ਦੇ ਘਰ ਫਾਰਬਿਸਗੰਜੋਂ ਇਕ ਪ੍ਰਾਹੁਣਾ ਆਇਆ ਹੈ, ਕਹਿੰਦਾ ਹੈ, ਉਹਦੇ ਪਿੰਡ ਕੋਲ, ਸਿਝਵਾ-ਗਟੀਆ ਵਿਚ ਇਕ ਡਾਗਡਰ ਹੈ, ਜਿਹੜਾ ਡਕੈਤੀ ਕਰਾਉਂਦਾ ਹੈ । ਡਾਗਡਰ ਤਾਂ ਘਰ ਘਰ ਜਾਂਦਾ ਹੈ, ਅੱਗਾ ਪਿੱਛਾ ਸਾਰਾ ਵੇਖਦਾ ਹੈ, ਰੁਪਿਆਂ ਦਾ ਬਕਸਾ ਵੀ ਉਹ ਵੇਖਦਾ ਹੈ । ..ਉਹ ਆਪਣੇ ਦਲ ਵਾਲਿਆਂ ਨੂੰ ਪੂਰਾ ਨਕਸ਼ਾ ਦਸ ਦਿੰਦਾ ਹੈ । ਘਰ ਵਾਲਿਆਂ ਨੂੰ ਸੌਣ ਦੀ ਦਵਾ ਦੇ ਦਿੰਦਾ ਹੈ, ਉਧਰ ਕੋਈ ਚੋਰੀ ਡਕੈਤੀ ਕਰਵਾ ਦਿੰਦਾ ਹੈ । ਪਿੰਡ ਦੇ ਆਲੇ ਦੁਆਲੇ ਦੇ ਲੋਕਾਂ ਨੂੰ ਸੂਈ ਖੋਭ ਕੇ ਡਰਪੋਕ ਬਣਾ ਦਿੰਦਾ ਹੈ ।...ਜਿਹੜਾ ਉਹਦੀ ਗੱਲੋਂ ਬਾਹਰ ਹੋਇਆ ਉਹਦਾ ਬਲਦ-ਗਊ ਕਟਵਾ ਦਿੰਦਾ ਹੈ, ਮੱਝ ਚੋਰੀ ਕਰਵਾ ਦਿੰਦਾ ਹੈ, ਜਾਂ ਘਰ 'ਚ ਅੱਗ ਲੁਆ ਦਿੰਦਾ ਹੈ । ਕਈ ਵਾਰ ਬੇਲ-ਕੇਸ (ਬੀ ਐਲ ਕੇਸ) ਉਹਦੇ ਤੇ ਚਲਿਆ, ਪਰ ਰੁਪਏ ਖਰਚ ਕੇ ਜਿਤ ਜਾਂਦਾ ਹੈ । ਨਾਂ ਵੀ ਅਜੀਬ ਹੈ—ਡਾਗਡਰ ਨਟਖਟ ਪਰਸਾਦ ।

"ਹਾਂ ਭਰਾਵਾ, ਕਿਸੇ ਦਾ ਵਿਸਵਾਸ਼ ਨਹੀਂ ।"

"ਸੋਮਾਂ ਜਟ ਕਲ ਤਾਮਗੰਜ ਮੇਲੇ ਵਿਚ ਗਿਰਿੱਫ ਹੋ ਗਿਆ ।" ਸੋਮਨ ਮੋਚੀ ਕਹਿੰਦਾ ਹੈ —

"ਹੁਣੇ ਹੀ ਮੇਲਿਓਂ ਜਿਹੜੇ ਲੋਕ ਆਏ ਨੇ, ਕਹਿ ਰਹੇ ਨੇ ।...ਹੁਣ ਅਸੀਂ ਅਖਾੜੇ ਵਿਚ ਢੋਲ ਨਹੀਂ ਬਜਾਵਾਂਗੇ ।"

## ਅੱਠ

ਜੋਤਖੀ ਚਾਚਾ ਅੱਜਕਲ ਬਹੁਤ ਖੁਸ਼ ਰਹਿੰਦੇ ਹਨ । ਪਿੰਡ ਦੇ ਲੋਕ ਅੱਜਕਲ ਦਿਨ ਵਿਚ ਪੰਜ ਵਾਰ ਪ੍ਰਣਾਮ ਕਰਦੇ ਹਨ ।...ਅਲਬੱਤ ਬ੍ਰਹਮ ਗਿਆਨੀ ਹਨ, ਜੋਤਖੀ ਚਾਚਾ । ਕਲਜੁਗ ਵਿਚ ਵੀ ਜੇ ਕੁਝ ਤੇਜ ਬਾਕੀ ਹੈ ਤਾਂ ਬਾਹਮਣ ਵਿਚ ਹੀ ।...ਜੋਤਸ਼ ਵਿਦਿਆ

ਮਖੌਲ ਮਸ਼ਕਰੀ ਨਹੀਂ ।...ਬ੍ਰਹਮ ਤੇਜ ਹਾਲੇ ਵੀ ਹੈ । ਸੋਨਾ ਜੇ ਚਿੱਕੜ ਵਿਚ ਰਹੇ ਤਾਂ ਉਹਦੇ ਤੇ ਕਾਈ ਨਹੀਂ ਲਗ ਸਕਦੀ।...ਪ੍ਰਣਾਮ ਜੋਤਖੀ ਚਾਚਾ ।

"ਜੀਂਦੇ ਰਹੋ, ਆਓ ਬੈਠੋ । ਕੀ ਗੱਲ ਹੈ ?"

"ਜੋਤਖੀ ਚਾਚਾ, ਅਸੀਂ ਤਾਂ ਲੁੱਟੇ ਗਏ । ਮੇਰਾ ਤੋਤਾ ਕਲ੍ਹ ਉਡ਼ ਗਿਆ । ਹਸਦਿਆਂ ਖੇਡਦਿਆਂ ਹੀ ਚਲਾ ਗਿਆ ਜੋਤਖੀ ਚਾਚਾ ।" ਪੋਲੀਆ ਟੋਲੀ ਦਾ ਹੀਰੂ ਜੋਤਖੀ ਚਾਚਾ ਦੇ ਪੈਰਾਂ ਤੇ ਲਿਟ ਕੇ ਰੋਂਦਾ ਹੈ ।

"ਹੈਂ, ਹੀਰੂ, ਕੀ ਹੋਇਆ ?" ਜੋਤਖੀ ਚਾਚਾ ਜੀ ਪੁੱਛਦੇ ਹਨ ।

"ਮੇਰਾ ਪੁਤਰ ! ਮੇਰਾ ਬੱਚਾ ਜੀਵਾਨੰਦ ਕਲ੍ਹ ਹੀ...ਇਕ ਦਿਨ ਦੇ ਬੁਖਾਰ ਨਾਲ... ਕਲੇਜਾ ਤੋੜ ਕੇ ਚਲਾ ਗਿਆ । ਮੇਰਾ ਸਿਖਾਇਆ ਪੜ੍ਹਾਇਆ ਤੋਤਾ ਉਡ਼ ਗਿਆ ਜੋਤਖੀ ਚਾਚਾ ।" ਹੀਰੂ ਹੁਣ ਸਿਰ ਤੇ ਹੱਥ ਰੱਖ ਕੇ ਝੁਕ ਕੇ ਬੈਠਾ ਹੋਇਆ ਰੋ ਰਿਹਾ ਹੈ ।

"ਏਨੀ ਛੇਤੀ ? ਕਲ੍ਹ ਕਿਹੜਾ ਦਿਨ ਸੀ—ਸੋਮਵਾਰ ? ਹੂੰ ! ਸੋਮ ਨੂੰ ਮਰਿਆ ਹੈ ਨਾਂ ?'

"ਕਰਿਸ਼ਮਾਂ ਹੈ । ਡਾਇਨ ਦਾ ਕਰਿਸ਼ਮਾਂ । ਸਮਝੇ ਹੀਰੂ ? ਸ਼ੁਕਰਵਾਰ ਨੂੰ ਮੱਸਿਆ ਹੈ । ਜਿਸ ਤੇ ਤੈਨੂੰ ਸ਼ੱਕ ਹੋਵੇ, ਉਹਦੇ ਪਿਛਵਾੜੇ ਬੈਠਾ ਰਵ੍ਹੀਂ । ਠੀਕ ਦੋ ਪਹਿਰ ਰਾਤ ਨੂੰ ਉਹ ਨਿਕਲੇਗੀ । ਉਹਦਾ ਪਿੱਛਾ ਕਰੀਂ । ਉਹ ਤੇਰੇ ਬੱਚੇ ਨੂੰ ਜਿਵਾ ਕੇ ਤੇਲ-ਫਲੇਲ ਲਾ ਕੇ ਗੋਦੀ ਵਿਚ ਲੈ ਕੇ ਜਦੋਂ ਨੱਚਣ ਲਗੇਗੀ ਤਾਂ...ਉਸ ਵੇਲੇ ਜੇ ਉਹਦੇ ਕੋਲੋਂ ਬੱਚਾ ਖੋਹ ਲਿਆ ਤਾਂ ਫੇਰ ਉਸ ਬੱਚੇ ਨੂੰ ਕੋਈ ਮਾਰ ਹੀ ਨਹੀਂ ਸਕਦਾ...ਇੰਦਰ ਦਾ ਬੱਜਰ ਵੀ ਫੁੱਲ ਬਣ ਜਾਵੇਗਾ ।"

"ਇਹਦੇ ਵਿਚ ਹੋਰ ਸ਼ੱਕ ਦੀ ਕਿਹੜੀ ਗੱਲ ਹੈ ਜੋਤਖੀ ਚਾਚਾ ।...ਬਿਲਕੁਲ ਸਾਫ ਸ਼ੀਸ਼ੇ ਵਾਂਗ ਗੱਲ ਝਲਕਦੀ ਹੈ ।...ਪੰਜ ਮਹੀਨੇ ਪਹਿਲਾਂ ਦਫ਼ਾ 40 ਵੇਲੇ ਜਦੋਂ ਸਾਰੇ ਲੋਕ ਦਰਖਾਸਤ ਦੇਣ ਲਗੇ ਤਾਂ ਅਸੀਂ ਵੀ ਦੇ ਦਿਤੀ । ਮੇਰਾ ਸਾਲਾ ਕਚਹਿਰੀ ਵਿਚ ਮੁਹੱਰਰ ਹੈ । ਉਹਦੀ ਪੈਰਵੀ ਨਾਲ ਜਮੀਨ ਸਾਨੂੰ ਨਗਦੀ ਹੋ ਗਈ । ਸਾਰਿਆਂ ਦੀ ਦਰਖਾਸਤ ਨਾ ਮੰਜ਼ੂਰ ਹੋ ਗਈ ਅਤੇ ਸਾਡੀ ਜਮਾਂ ਬੰਨ੍ਹ ਦਿਤੀ । ਇਕ ਦਿਨ ਪਾਰਬਤੀ ਦੀ ਮਾਂ ਕਣਕ ਦਾ ਹਿੱਸਾ ਮੰਗਣ ਲਗੀ ਤਾਂ ਅਸੀਂ ਕਹਿ ਦਿਤਾ ਕਿ ਹੁਣ ਵੰਡ ਕੇ ਨਹੀਂ ਦਿਆਂਗੇ । ਸਾਨੂੰ ਨਗਦੀ ਹੋ ਗਈ ਹੈ ਜਮੀਨ —ਦਫਾ 40 ਵਿਚ । ਬਸ ਤੁਰਤ ਸਰਾਪ ਦੇਣ ਲਗੀ । ਉਹਦੀ ਦਸ ਬਿਘੇ ਜਮੀਨ ਅਸੀਂ ਵਾਹੁੰਦੇ ਸਾਂ । ਬਸ, ਉਹੋ ਗੁੱਸਾ ਮਨ 'ਚ ਪਾਲਦੀ ਰਹੀ ਅਤੇ ਕਲ੍ਹ ਸਾਨੂੰ ਲੁਟ ਲਿਆ ਰਾਖਸ਼ਣੀ ਨੇ ।"

"ਓਏ ਹੀਰੂ ਰੋ ਨਾ । ਹੱਲਾ ਨਾ ਕਰ । ਚੁਪਚਾਪ । ਮੱਸਿਆ ਦੀ ਰਾਤ ਨੂੰ ਦੋ ਪਹਿਰ ਰਾਤੀਂ...। ਯਾਦ ਰੱਖੀਂ ।"

ਮੱਸਿਆ ਦੀ ਰਾਤ ।

ਪਾਰਬਤੀ ਦੀ ਮਾਂ ਦੇ ਪਿਛਵਾੜੇ ਬੰਦੇ ਬੰਦੇ ਜਿੜੀ ਭੰਗ ਦੀ ਝਾੜੀ ਹੈ। ਹੀਰੂ ਉਸੇ ਝਾੜੀ ਵਿਚ ਬੈਠ ਕੇ ਖੈਨੀ ਚੁਣਦਾ ਤੇ ਖਾਂਦਾ ਹੈ।...ਮੋਰੰਗੀਆਂ ਗਾਂਜੇ ਦਾ ਨਸ਼ਾ ਬੜਾ ਤਿੱਖਾ ਹੁੰਦਾ ਹੈ। ਕੱਤਕ ਦੇ ਮਹੀਨੇ ਤੋਂ ਹੀ ਰਾਤਾਂ ਨੂੰ ਠੰਡ ਪੈਣ ਲਗਦੀ ਹੈ। ਹੀਰੂ ਦੀ ਦੇਹ ਇਕ ਦਮ ਠੰਡੀ ਹੋ ਗਈ ਹੈ। ਖੈਨੀ ਖਾ ਕੇ ਗਰਮ ਹੋ ਲੈਂਦਾ ਹੈ : ਕਹਿੰਦਾ ਹੈ— "ਸਾਲੀ ਘਰ ਵਿਚ ਗੁਟਰ ਗੁਟਰ ਕੇ ਬੋਲਦੀ ਹੈ, ਬਾਹਰ ਨਹੀਂ ਨਿਕਲਦੀ। ਨਿਕਲ ਅਜ।...ਕਿਤੇ ਘਰ ਵਿਚ ਹੀ ਤਾਂ ਨਹੀਂ ਨਚੇਗੀ ? ਜੇ ਬਾਹਰ ਨਹੀਂ ਹੋ...ਤਦ ? ਜੋਤਖੀ ਚਾਚੇ ਨੇ ਵੀ ਨਹੀਂ ਦਸਿਆ।"

ਮਾਸੀ ਨੂੰ ਸ਼ਾਮ ਤੋਂ ਹੀ ਪਰੇਸ਼ਾਨ ਕਰ ਰੱਖਿਆ ਹੈ ਗਣੇਸ਼ ਨੇ। ਅਜ ਉਹਦੀਆਂ ਅੱਖਾਂ 'ਚੋਂ ਨੀਂਦ ਉਡ ਗਈ ਹੈ। ਪਲ ਪਲ ਪਿਛੋਂ ਉਹ ਇਸ ਤਰ੍ਹਾਂ ਦੀ ਗੱਲ ਪੁਛਦਾ ਹੈ ਕਿ ਮਾਸੀ ਨੂੰ ਚੰਗੀ ਤਰ੍ਹਾਂ ਸੋਚ ਸਮਝ ਕੇ ਜਵਾਬ ਦੇਣਾ ਪੈਂਦਾ ਹੈ।

"ਮਾਮੇ ਨੂੰ ਜੇਲ ਵਿਚ ਮਾਰਦੇ ਹੋਣਗੇ ?"

"ਨਹੀਂ ਓਏ। ਤੇਰਾ ਮਾਮਾ ਚੋਰ ਡਕੈਤ ਨਹੀਂ।"

"ਤਾਂ ਫੇਰ ਫੜਿਆ ਕਿਉਂ ? ਜੇਲ ਕਿਉਂ ਲੈ ਗਏ ?"

"ਸਰਕਾਰ ਦੀ ਜੋ ਮਰਜ਼ੀ।"

"ਸਰਕਾਰ ਦੀ ਜੋ ਮਰਜ਼ੀ। ਸਰਕਾਰ ਤੋਂ ਤੂੰ ਕਿਉਂ ਨਹੀਂ ਪੁਛਦੀ ?"

"ਚੁਪ ਰਹਿ। ਸੌਂ ਜਾ ਪੁਤਰਾ।"

"ਨਾਨੀ ?"

"ਬਾਬੂ।"

"ਸਾਨੂੰ ਬਾਹਰ ਲੈ ਚਲ।...ਪਿਸ਼ਾਬ ਕਰਨਾ ਹੈ।"

"ਚਲ।"

"ਹੱਟ।" ਕਿਵਾੜ ਖੋਲ੍ਹਦੀ ਹੈ, ਮਾਸੀ। ਪਿਛਵਾੜਿਓਂ ਭੰਗ ਦੀ ਝਾੜੀ ਹਿਲਦੀ ਹੈ, ਹੀਰੂ ਬੋਤਲ ਵਿਚ ਦਾਰੂ ਲੈ ਆਇਆ ਹੈ, ਛੇਤੀ ਛੇਤੀ ਬੋਤਲ ਨੂੰ ਮੂੰਹ ਲਾ ਕੇ ਪੀਂਦਾ ਹੈ, ਹਾਂ ਨਿਕਲੀ ਤਾਂ ਠੀਕ ਦੋ ਪਹਿਰ ਰਾਤ ਹੈ। ਰਾਮ ਡੰਡੀ ਸਿਰ ਤੇ ਹੈ। ਗਿੱਦੜ ਬੋਲ ਰਹੇ ਨੇ। ਠੀਕ ਦੋ ਪਹਿਰ ਰਾਤ ਹੈ।...ਕਪੜਾ ਕਿਉਂ ਸੰਭਾਲਦੀ ਹੈ ? ਨੰਗੀ ਹੋ ਰਹੀ ਹੈ...?

—ਸਟਾਕ।...!

" ਆ...ਹਾ। ਬੇਟਾ ਗ...ਨੇ...ਸ਼।"

"ਨਾਂ...ਨੀ।"

—ਸਟਾਕ। ਸਟਾਕ। ...ਫਟ ਸਟਾਕ।

"ਗਿ ਗਿ ਗਿ ਗਿ...ਗਿ ਗਿ..."

"ਨਾਨੀ ! ਕਮਲੀ ! ਦੀਦੀ ! ਨਾਨੀ !"

ਸਭ ਸ਼ਾਂਤੀ । ਪਰ ਜੀਵਾਨੰਦ...ਹੀਰੂ ਦਾ ਪੁਤਰ ਕਿਥੇ ਹੈ ? ਹੀਰੂ ਦਾ ਨਸ਼ਾ ਅਚਾਨਕ ਟੁਟ ਗਿਆ । ਸਰ—ਸਰਬਹਿੰਦੀ ਹੋਈ ਖੂਨ ਦੀ ਧਾਰ ਨੂੰ ਦੇਖ ਕੇ ਉਹ ਥਰ-ਥਰ ਕੰਬਣ ਲਗਦਾ ਹੈ । ਲਾਠੀ ਉਹਦੇ ਹੱਥੋਂ ਛੁਟ ਕੇ ਡਿੱਗ ਪੈਂਦੀ ਹੈ । ਖ਼ੂਨ ?

ਪੁਲਿਸ ਦਰੋਗਾ...ਜੇਲ...ਫਾਂਸੀ—ਸੂਲੀ । ਹੀਰੂ ਨੱਸਦਾ ਹੈ ।

ਸਭ ਤੋਂ ਪਹਿਲਾਂ ਤਸੀਲਦਾਰ ਸਾਹਿਬ ਹੱਲਾ ਕਰਦੇ ਹੋਏ ਬੰਦੂਕ ਦੇ ਦੋ ਤਿੰਨ ਫੈਰ ਕਰਦੇ ਹਨ, ਠਾ ਠਾ ।

ਸਾਰਾ ਪਿੰਡ ਜਾਗ ਪਿਆ ਹੈ । ਕੁੱਤਿਆਂ ਕਾਰਣ ਕੁਝ ਸੁਣਿਆਂ ਵੀ ਨਹੀਂ ਜਾਂਦਾ ਕਿ ਹੱਲਾ ਕਿਧਰ ਹੋਇਆ, ਕਿਉਂ ਹੋਇਆ ? ਕੀ ਹੈ ? ਸਾਰੇ ਆਪਣੇ ਆਂਗਣ ਪਿਛੋਂ ਹੀ ਪੁਛਦੇ ਹਨ । ਕੀ ਹੈ, ਰਾਮ ਦੇਲ ? ਓਏ ਨਾਗਸਰ ਕੀ ਹੈ ?...ਪਤਾ ਨਹੀਂ ?

ਤਹਿਸੀਲਦਾਰ ਸਾਹਿਬ ਚੀਖਦੇ ਹਨ, "ਓਏ ਕਾਲੀਚਰਨ । ਆਵਾਜ਼ ਪਾਰਬਤੀ ਦੀ ਮਾਂ ਵਰਗੀ ਲੱਗੀ । ਤੁਸੀਂ ਲੋਕ ਘਰੋਂ ਕਿਉਂ ਨਹੀਂ ਨਿਕਲਦੇ ?...ਜਾਪਦਾ ਹੈ ਸਾਰੇ ਪਿੰਡ ਦੇ ਲੋਕ ਮੁਰਦੇ ਹੋ ਗਏ ਨੇ ।"

ਪਾਰਬਤੀ ਦੀ ਮਾਂ ।...ਹਾਏ ਬਾਪੂ । ਲਹੂ ਨਾਲ ਨ੍ਹਾਤੀ ਗਈ ਹੈ । ਸਾਹ ਦੇਖੋ । ਮਰੀ ਹੈ ਜਾਂ...। ਧੁਕ ਧੁਕ ਕਰਦੀ ਹੈ ? ਫੇਰ ਹਾਲੇ ਜਾਨ ਹੈ । ਅਤੇ...ਇਹ ਗਣੇਸ਼ ਹੈ ?...ਦੰਦਲ ਪਈ ਹੋਈ ਹੈ । ਪਾਣੀ ਲਿਆਉ ।...ਕਿਦ੍ਹਾ ਕਾਰਾ ਹੈ ਇਹ ? ਹੇ ਭਗਵਾਨ ।...ਲਾਠੀ ਹੈ ? ਤਸੀਲਦਾਰ ਸਾਹਿਬ ਦੇ ਹਵਾਲੇ ਕਰ ਦਿਓ ਲਾਠੀ । ਏਸੇ ਤੋਂ ਪਤਾ ਲਗ ਜਾਵੇਗਾ ।

"ਅਗਮੂ ।" ਤਸੀਲਦਾਰ ਸਾਹਿਬ ਕਹਿੰਦੇ ਹਨ, "ਤੂੰ ਹੁਣੇ ਦੌੜ ਜਾ ਥਾਣੇ ।...ਕਲ ਪੂਰਣੀਆਂ ਹਸਪਤਾਲ ਜੋ ਠੀਕ ਵੇਲੇ ਸਿਰ ਪਹੁੰਚ ਜਾਵੇ..."

"ਨਾਨੀ...ਨਾਨੀ । ਮਾਮਾ । ਡਾਕਟਰ ਮਾਮਾਂ । ਦੀ, ਦੀਦੀ ।" ਗਣੇਸ਼ ਰੋਈ ਜਾਂਦਾ ਹੈ । ਕਮਲੀ ਅੱਖਾਂ ਝਪਕਦੀ ਹੋਈ ਗਣੇਸ਼ ਨੂੰ ਆਪਣੇ ਘਰ ਲੈ ਆਉਂਦੀ ਹੈ । ਅਕਲ ਜੇ ਘਟ ਹੁੰਦੀ ਗਣੇਸ਼ ਨੂੰ ਤਾਂ ਚੰਗਾ ਸੀ ।...ਕਮਲੀ ਨ੍ਹਾਲ ਉਹ ਔਂਦਾ ਹੈ ।...ਗੱਲਾਂ ਵੀ ਕਰਦਾ ਹੈ । ਕਮਲੀ ਕਹਿੰਦੀ ਹੈ, "ਭਗਵਾਨ ਸਾਡੇ ਸਾਰਿਆਂ ਦੇ ਪਿਤਾ ਹਨ...ਉਨ੍ਹਾਂ ਨੇ ਨਾਨੀ ਨੂੰ ਆਪਣੇ ਕੋਲ ਬੁਲਾ ਲਿਆ ਹੈ ।"

"ਹੈਂ...ਐਂ..." ਲੰਮੇ ਹਟਕੋਰੇ ਤੇ ਗਣੇਸ਼ ਕਾਬੂ ਨਹੀਂ ਪਾ ਸਕਦਾ, "ਨਾਨੀ । ...ਕਮਲੀ ਦੀਦੀ । ਨਾਨੀ ।"

"ਹਾਏ ਓਏ ਅਭਾਗਿਆ । ਤੇਰੀ ਕਮਲੀ ਦੀਦੀ ਕਿਦ੍ਹੇ ਕੋਲ ਰੋਣ ਜਾਵੇ ? ਬਾਬੂ । ਗਣੇਸ਼...ਤੇਰਾ ਮਾਮਾ ਆਵੇਗਾ । ਰੋ ਨਾ ।"

ਹੀਰੂ ਫੜਿਆ ਗਿਆ ਹੈ ।...ਫੜਿਆ ਕਿਵੇਂ ਨਹੀਂ ਜਾਵੇਗਾ ਭਰਾਵਾ । ਪਿੰਡ ਵਿਚ

ਕਿਸ ਦੀ ਲਾਠੀ ਨੂੰ ਕੌਣ ਨਹੀਂ ਪਛਾਣਦਾ। ਹੀਰੂ ਦੀ ਠੁੱਠੀ ਲਾਠੀ ਤਾਂ ਮਸ਼ਹੂਰ ਹੈ— ਹਰ ਹੰਸੇਰੀ ਵਿਚ ਉਹਦੀ ਠੁੱਠੀ ਲਾਠੀ ਕਮਾਲ ਕਰ ਦਿਖੌਂਦੀ ਸੀ ਨਾ। ਜਾਤੀਂ ਹੀ ਲੋਕਾਂ ਨੇ ਪਛਾਣ ਲਿਆ, ਪਰ ਡਰਦਾ ਨਹੀਂ ਬੋਲਿਆ ਕੋਈ।...ਇਸ ਦੇ ਇਲਾਵਾ ਉਹਦੇ ਦੋਵੇਂ ਪੈਰ ਖ਼ੂਨ ਨਾਲ ਲਥਪਥ। ਧੋਤੇ ਵੀ ਨਹੀਂ ਸਨ।...ਜਾਪਦਾ ਹੈ, ਮਾਰਨ ਪਿਛੋਂ ਲੋਥ ਨੂੰ ਕੁਝ ਦੂਰ ਘਸੀਟਣ ਦੀ ਕੋਸ਼ਿਸ਼ ਕੀਤੀ ਸੀ ਹੀਰੂ ਨੇ।...ਸਵੇਰੇ ਤਾਂ ਬਿਲਕੁਲ ਕਮਲਿਆਂ ਵਾਂਗ ਜਾਪਦਾ ਸੀ। ਉਹਨੂੰ ਦੇਖ ਕੇ ਡਰ ਲੱਗਦਾ ਸੀ...ਉਹਦੀਆਂ ਅੱਖਾਂ ਦੱਸਦੀਆਂ ਸਨ ਕਿ ਉਹ ਹਾਲੇ ਹੋਰ ਵੀ ਕਈ ਖ਼ੂਨ ਕਰ ਸਕਦਾ ਹੈ।...ਮੂੰਹ 'ਚੋਂ ਲਾਲਾਂ ਡਿੱਗਦੀਆਂ ਸਨ। ਦਾਰੋਗੇ ਨੇ ਗਰਿੱਫ ਕਰ ਲਿਆ, ਪਰ ਉਹੋ ਜਿਹਾ ਹੀ। ਦਾਰੋਗੇ ਨੇ ਦੋ ਲੱਤਾਂ ਮਾਰੀਆਂ, ਹਵਲਦਾਰ ਨੇ ਦੋ ਤਿੰਨ ਹੰਟਰ ਗਰਮ ਕੀਤੇ। ਅਤੇ ਸਪਾਹੀ ਨੇ ਤਿੰਨ ਚਾਰ ਥੱਪੜ ਜੜੇ, "ਸਾਲਾ! ਬਕਦਾ ਕਿਉਂ ਨਹੀਂ...ਨਾਂ ਗਿਣਾ ਆਪਣੇ ਬਾਪ ਦੇ ਜਿਦ੍ਹੇ ਨਾਲ ਰਹਿੰਦਾ ਏਂ। ਹੁਣੇ ਮੂੰਹ ਨੂੰ ਦੇਖ ਅ ਤਾੜ ਅ ਚਾਚੇ ਵਲ ਦੇਖ ਕੇ ਬੋਲ ਅ। ਸਾਲਾ ਹਤਿਆਰਾ ਕਿਤੋਂ ਦਾ।...ਨਰਕ ਵਿਚ ਵੀ ਥਾਂ ਨਹੀਂ ਮਿਲਣੀ ਸਹੁਰਿਆ।"

ਪਰ ਉਹ ਬਕਦਾ ਰਿਹਾ—"ਮੈਂ ਕੱਲੇ ਨੇ ਮਾਰਿਆ।"

"ਸਹੁਰਿਆ। ਉਹ ਨੀਲ ਗਾਂ ਵਰਗੀ ਜਨਾਨੀ ਨੂੰ ਤੂੰ ਕੱਲੇ ਨੇ ਮਾਰਿਆ? ਬੰਦੂਕ ਬੰਦਾਕ..."।

"ਐ ਸਿਪਾਹੀ ਜੀ! ਛੱਡ ਦਿਓ।" ਛੋਟੇ ਦਰੋਗਾ ਸਾਬ੍ਹ ਬੜੇ ਭਲੇ ਆਦਮੀ ਨੇ। ਕਹਿੰਦੇ ਹਨ, "ਸਾਲਿਆ! ਜੇ ਫਾਂਸੀ ਤੋਂ ਬਚਣ ਲਈ ਪਾਗਲ ਹੋ ਗਿਆ ਏਂ ਤਾਂ ਦੋ ਦਿਨਾਂ ਦੀ ਕੁੱਟ ਨਾਲ ਹੀ ਮਰ ਜਾਵੇਂਗਾ।"

ਲੋਥ ਨੂੰ ਬਿਲਕੁਲ ਢੱਕ ਕੇ ਪਾਲਕੀ ਵਿਚ ਲੈ ਜਾਣ ਦਾ ਪ੍ਰਬੰਧ ਕਰਦੇ ਹਨ ਦਰੋਗਾ ਸਾਹਿਬ। ਇਕ ਉਂਗਲੀ ਵੀ ਨਹੀਂ ਦਿਸੀ।...ਅਤਰ ਗੁਲਾਬ ਵੀ ਤਰੌਂਕ ਦਿਤਾ। ਓਏ ਲੋਥ ਦੇ ਨਾਲ ਗਣੇਸ਼ ਵੀ ਜਾਵੇਗਾ? ਪਿਆਰੂ ਨਾਲ ਜਾ ਰਿਹਾ ਹੈ। ਪੁਰੈਨੀਆਂ ਖਜਾਂਚੀ ਧਰਮਸ਼ਾਲਾ ਦੇ ਕੋਲ ਹੀ ਗਣੇਸ਼ ਦੀ ਇਕ ਚਾਚੀ ਰਹਿੰਦੀ ਹੈ।...ਜੇਕਰ ਉਹ ਨਾ ਹੋਈ ਤਾਂ ਯਤੀਮ ਖਾਨੇ ਵਿਚ...।

ਮਾਸੀ ਚਲੀ ਗਈ, ਸਦਾ ਲਈ।...

ਕਮਲੀ ਫੁਟ ਫੁਟ ਕੇ ਰੋ ਪੈਂਦੀ ਹੈ।

ਜੋਤਖੀ ਜੀ ਨੂੰ ਲੱਕਵਾ ਮਾਰ ਗਿਆ—ਅਧਰੰਗ। ਮੂੰਹ ਟੇਢਾ ਹੋ ਗਿਆ ਹੈ। ਇਕ ਅੱਖ ਬਿਲਕੁਲ ਪਥਰਾ ਗਈ ਹੈ। ਪਖਾਨਾ-ਪਸ਼ਾਬ ਸਾਰਾ ਬਿਛੌਣੇ ਤੇ ਹੀ ਹੁੰਦਾ ਹੈ, ਰਾਮਨਰੈਣ ਉਹਦੇ ਕੋਲ ਕੱਲਾ ਬੈਠਣ ਤੋਂ ਡਰਦਾ ਹੈ। ਰਾਮ ਨਰੈਣ ਜਾਣਦਾ ਹੈ ਸਾਰੀਆਂ ਗੱਲਾਂ।...ਪਾਰਬਤੀ ਦੀ ਮਾਂ ਦੀ ਹੱਤਿਆ ਵਾਲੀ ਰਾਤ ਨੂੰ ਹੀ ਉਨ੍ਹਾਂ ਦੀ ਹਾਲਤ

ਖਰਾਬ ਹੋ ਗਈ ਸੀ। ਪੇਟ ਖੂਬ ਵਗਿਆ। ਖੂਨ ਦਾ ਪਖਾਨਾ ਹੋਣ ਲਗਾ—ਬਿਲਕੁਲ ਮਰੋੜ! ਲਾਲ-ਲਾਲ...ਇਸ ਪਿਛੋਂ ਜਿਉਂ ਹੀ ਪਿੰਡੋਂ ਲੋਥ ਨਿਕਲੀ, ਲਕਵਾ ਮਾਰ ਗਿਆ। ਭਗਵਾਨ ਦੇ ਇਸ ਸ਼ੁਧ ਇਨਸਾਫ ਨੂੰ ਦੇਖ ਕੇ ਰਾਮਨਰੈਣ ਡਰ ਗਿਆ ਸੀ। ਏਨੀ ਛੇਤੀ ਪਾਪ ਨੂੰ ਫੈਲਦਿਆਂ ਘਟ ਹੀ ਦੇਖਿਆ ਹੈ।...ਪਖਾਨੇ ਵਿਚ ਏਨੀ ਦੁਰਗੰਧ ਹੈ ਕਿ ਚਾਰ ਬਿਘੇ ਆਲੇ ਦੁਆਲੇ ਦੇ ਲੋਕਾਂ ਨੂੰ ਵੀ ਕੈ ਆ ਜਾਵੇ। ਨਰਕ ਭੋਗ ਹੋਰ ਕਿਸ ਨੂੰ ਕਹਿੰਦੇ ਹਨ।

...ਪਰ, ਜੋਤਖੀ ਜੀ ਨੇ ਕਿਹਾ ਠੀਕ ਸੀ...ਸੁਣਦੇ ਹਾਂ ਜਿਸ ਦਿਨ ਪਾਰਬਤੀ ਦੀ ਮਾਂ ਦੇ ਕੇਸ ਵਿਚ ਦਰੋਗਾ ਸਾਹਿਬ ਆਏ, ਉਸ ਦਿਨ ਵੀ ਬੋਲੇ ਹਨ, "ਹਾਲੇ ਕੀ ਹੋਇਆ ਹੈ...ਹੋਰ ਵੀ ਬਾਕੀ ਹੈ।"

ਭਗਵਾਨ ਜਾਣੇ ਹੋਰ ਕੀ ਕੀ ਹੋਵੇਗਾ।

ਜੈ ਬਾਬਾ 'ਜਿਨ-ਪੀਰ', ਪਿੰਡ ਦੀ ਰੱਖਿਆ ਕਰੋ ਮਹਾਤਮਾਂ।

## ਨੌਂ

ਕੋਠਾਰਿਨ ਲੱਛਮੀ ਦਾਸਣ ਬਾਲਦੇਵ ਜੀ ਨਾਲ ਮੱਠ ਤੋਂ ਅਲਗ ਹੋ ਗਈ।

ਕਲਮੀ ਬਾਗ ਵਿਚ ਬਾਂਸ-ਫੂਸ ਦੇ ਤਿੰਨ ਸੁੰਦਰ ਬੰਗਲੇ ਖੜੇ ਹੋ ਗਏ ਹਨ। ਇਸ ਇਲਾਕੇ ਦੀ ਇਹ ਵੀ ਇਕ ਵੱਡੀ ਕਾਰੀਗਰੀ ਹੈ—ਬਾਂਸ-ਫੂਸ ਦਾ ਚੋਖੜਾ। ਇਕੋ ਡਰ ਹੁੰਦਾ ਹੈ—ਅੱਗ ਦਾ। ਪਰ ਹੁੰਦਾ ਹੈ ਖੂਬ। ਮਹਿਰਾਬ ਅਤੇ ਜਾਫਰੀ ਗੁੱਥ ਲਾ ਦਿਤੀ ਹੈ। ਫੁੱਲ ਤਾਂ ਪਹਿਲਾਂ ਹੀ ਲਗੇ ਹੋਏ ਹਨ। ਬਾਗ ਦੀ ਖੂਬਸੂਰਤੀ ਤਾਂ ਅਠਾਰਾਂ ਗੁਣਾ ਵਧ ਗਈ ਹੈ। ਵਾਹ ਨੀ ਕੁਠਾਰਿਨੇ। ਚਾਰ ਸੌ ਰੁਪਏ ਵਿਚ ਇਕ ਜੋੜੀ ਬੈੜ੍ਹਿਆਂ ਦੀ ਖਰੀਦ ਕੇ ਮੰਗਵਾਈ ਹੈ—ਮੋਤੀ ਚੂਰ ਹਾਟ ਤੋਂ। ਬੜੇ ਤਿਖੇ ਹਨ। ਸੋਹਲ ਜਿਹੀ ਬੈੜ੍ਹਿਆਂ ਦੀ ਗੱਡੀ ਬਣਵਾਈ ਹੈ। ਬਾਂਸ ਦੇ ਪੋਰ-ਪੋਰ ਨੂੰ ਛਿੱਲ ਕੇ ਉਹਦੇ ਵਿਚ ਤਰ੍ਹਾਂ-ਤਰ੍ਹਾਂ ਦੇ ਰੰਗ ਲਾਏ ਗਏ ਹਨ। ਹਰੇਕ ਗੰਢ ਨੂੰ ਅਤੇ ਖਾਸ ਕਰਕੇ ਬੱਲੇ ਦੀ ਡੋਰੀ ਨੂੰ ਸਤਰੰਗੇ ਲੜਾਂ ਵਿਚ ਪਰੋਇਆ ਹੈ। ਛੋਟੇ-ਛੋਟੇ ਝੂਲਦੇ ਫੁੰਮਣ ਲਾਲ; ਹਰੇ, ਪੀਲੇ, ਨੀਲੇ। ਬੈੜ੍ਹਿਆਂ ਦੇ ਸਿਰਾਂ ਤੇ ਪਿੱਤਲ ਦੇ ਪਾਨ ਹਨ, ਗਲਾਂ ਵਿਚ ਕੌਡੀਆਂ ਦੀਆਂ ਝਾਲਰਾਂ ਅਤੇ ਘੰਟੀਆਂ। ਇਕ ਪਾਸੇ ਮਿੱਠੀ ਝੁਨਕੀ ਨੂੰ ਵੀ। ਝੁਨ-ਝੁਨ ਟੁਨ-ਟੁਨ।...ਸੁਣੋ...ਉਹੋ ਹੀ।...ਬਾਲਦੇਵ ਜੀ ਗੋਸਾਈਂ ਸਾਹਿਬ ਦੀ ਬੱਘੀ ਕੰਪਨੀ ਨਿਕਲੀ। ਝੁਨ-ਝੁਨ, ਟੁਨ-ਟੁਨ।...ਬਾਲਦੇਵ ਜੀ ਹੁਣ ਕਿੰਨੇ ਸਾਫ ਸੁਥਰੇ ਰਹਿੰਦੇ ਹਨ। ਬਗਲੇ ਦੇ ਖੰਭਾਂ ਵਰਗੀ ਖੱਦਰ ਦੀ ਲੂੰਗੀ ਅਤੇ ਮਿਰਜਈ ਦਪ ਦਪ ਕਰਦੀ ਹੈ। ਦੇਹ ਵੀ ਕੁਝ ਸਾਫ ਹੋ

ਗਈ ਹੈ। ਲੱਛਮੀ ਆਪਣੇ ਹੱਥੀਂ ਸੇਵਾ ਕਰਦੀ ਹੈ।...ਮੱਠ ਵਿਚ ਤਾਂ ਹੁਣ ਕਾਂ-ਮੈਨਾਂ ਦੇ 'ਗੂੰਹ' ਨਾਲ ਬੰਦਿਆਂ ਦੇ ਵੀ ਪਖਾਨੇ ਭਿਣਕਦੇ ਰਹਿੰਦੇ ਨੇ। ਰਾਮਪਿਆਰੀਆ, ਦੀ ਮਾਂ ਦਿਨ ਭਰ ਪਈ ਰਹਿੰਦੀ ਹੈ: ਨਾਲ ਤਿੰਨ ਚਾਰ ਨਿੱਕੇ ਨਿਆਣੇ ਵੀ ਹੁੰਦੇ ਹਨ। ਭੰਡਾਰੀ ਉਸ ਦਿਨ ਆ ਕੇ ਕਲਪ ਰਿਹਾ ਸੀ "ਦਾਸਣ, ਪਰਸਾਦ ਮਨੋਂ ਲਹਿ ਗਿਆ ਹੈ। ਰੋਜ਼ ਰਾਤੀਂ ਸੁਪਨੇ ਦੇਖਦੇ ਹਾਂ ਕਿ ਪੀਣ ਵਾਲੇ ਪਾਣੀ ਵਿਚ ਮਛਲੀਆਂ ਛਲਛਲਾ ਰਹੀਆਂ ਨੇ...ਸਤਗੁਰੂ ਹੋ।"

ਇਕ ਮਹੀਨੇ ਵਿਚ 'ਰਾਮਪਿਆਰੀ' ਨੇ ਮਾਇਆ ਦੇ ਜਾਲ ਵਿਚ ਮਹੰਥ ਸੇਵਾਦਾਸ ਦੇ ਅੰਗ ਅੰਗ ਨੂੰ ਫਸਾ ਲਿਆ ਹੈ।

ਮਹੰਥ ਸਾਹਿਬ ਇਸ ਜਾਲ ਵਿਚੋਂ ਨਿਕਲ ਕੇ ਨੱਸਣ ਲਈ ਛਟਪਟਾ ਰਹੇ ਨੇ, ਪਰ ਜਾਲ ਦੀਆਂ ਗੰਢਾਂ ਹੋਰ ਪੀਡੀਆਂ ਹੁੰਦੀਆਂ ਜਾਂਦੀਆਂ ਨੇ।...ਕਲ੍ਹ ਗਾਲ੍ਹ-ਮੰਦਾ ਤੇ ਕੁਟ-ਕੁਟਾਪਾ ਹੋ ਗਿਆ। ਮਹੰਥ ਸਾਹਿਬ ਨੇ ਰੌਤਹੱਟ ਦੀ ਹੱਟੀ ਤੋਂ ਸਵੇਰੇ ਇਕ ਭਰੀ ਗਾਂਜਾ ਮੰਗਵਾਇਆ ਸੀ; ਰਾਤੀਂ ਸੌਣ ਵੇਲੇ ਰਾਮਪਿਆਰੀ ਨੇ ਕਿਹਾ—"ਮਹੰਥ ਸਾਬ੍ਹ ਗਾਂਜਾ ਮੁਕ ਗਿਆ।" ਸੁਣਦਿਆਂ ਹੀ ਮਹੰਥ ਸਾਹਿਬ ਚਿੜ੍ਹ ਗਏ—"ਹੈਂ ਸਵੇਰੇ ਹੀ ਤਾਂ ਇਕ ਭਰੀ ਲਿਆ ਕੇ ਦਿਤੀ ਐ ਭੰਡਾਰੀ ਨੇ।"

ਰਾਮਪਿਆਰੀਆ ਮਹੰਥ ਸਾਹਿਬ ਦੀ ਮਰਦਾਨਗੀ ਦੇਖ ਚੁਕੀ ਹੈ। ਉਹ ਚੁਪ ਕਿਵੇਂ ਰਵ੍ਹੇ ? ਦਮ ਲਾਉਣ ਵੇਲੇ ਹੋਸ਼ ਹੁੰਦੀ ਹੈ ਕਿ ਨਹੀਂ।

"ਦਿਨ ਭਰ ਘੋੜੇ ਦੀ ਪੂਛ ਵਾਂਗ ਚਿਲਮ ਮੂੰਹ ਨੂੰ ਲਗੀ ਹੀ ਰਹਿੰਦੀ ਹੈ...।"

"ਚੁਪ ਚਮਾਰੀਏ, ਅਖਾੜੇ ਨੂੰ ਭ੍ਰਸ਼ਟ ਕਰ ਦਿਤਾ। ਸਤਗੁਰੂ ਹੋ...ਲੱਛਮੀ ਠੀਕ ਕਹਿੰਦੀ ਸੀ...।"

ਇਸ ਪਿਛੋਂ ਰਾਮਪਿਆਰੀਆ ਦੀ ਮਾਂ ਅਤੇ ਨਿਆਣਿਆਂ ਨੇ ਰਲ ਕੇ ਉਹ ਹੱਲਾ ਮਚਾਇਆ ਕਿ ਕੋਈ ਗੱਲ ਸਮਝ ਵਿਚ ਹੀ ਨਾ ਆਈ।...ਮਹੰਥ ਰਾਮਦਾਸ ਚੀਖ ਰਹੇ ਹਨ, ਚੁਮਟਾ, ਖੜਕਾ ਰਹੇ ਹਨ ਅਤੇ ਰਾਮਪਿਆਰੀਆ ਵੈਣ ਪਾ ਪਾ ਕੇ ਸਿਰ ਚਾੜ੍ਹ ਕੇ ਰੋ ਰਹੀ ਹੈ—"ਵੇ ਤੇਰੇ...ਅ ਹੱਥਾਂ ਵਿਚ ਕੋਹੜ ਫੁੱਟੇ ਵੇ ਕੋੜੀਆ। ਵੇ ਲੱਛਮੀ ਦੀ ਖਾਤਰ...।"

ਸਤਗੁਰੂ ਹੋ। ਸਤਗੁਰੂ ਹੋ। ਬੰਦ ਕਰੋ ਬੰਦ ਕਰੋ।

ਬਾਲਦੇਵ ਜੀ ਨੂੰ ਪਾਰਬਤੀ ਦੀ ਮਾਂ ਦੇ ਖ਼ੂਨ ਤੋਂ ਬਾਦ ਰਾਤ ਨੂੰ ਬੜਾ ਡਰ ਲਗਦਾ ਹੈ। ਰਾਤ ਭਰ...ਕਲੇਜਾ ਧਕ-ਧਕ ਕਰਦਾ ਰਹਿੰਦਾ ਹੈ। ਜ਼ਰਾ ਵੀ ਕੋਈ ਆਵਾਜ਼ ਹੋਈ ਕਿ ਝਟ ਵਿਛੌਣੇ ਤੇ ਤੜਫ ਉਠਦੇ ਹਨ। ਲੱਛਮੀ ਕਹਿੰਦੀ ਹੈ—ਨਿਰਮਲ ਚਿੱਤ ਤੇ ਖਰਾਬ ਅਸਰ ਪੈਣ ਨਾਲ ਇਉਂ ਹੀ ਹੁੰਦਾ ਹੈ।...ਬਾਲਦੇਵ ਜੀ ਦੀਆਂ ਅੱਖਾਂ ਹੀ ਦਸ ਰਹੀਆਂ ਨੇ।

ਡਿਮ ਡਿਮਿਕ ਡਿਮਿਕ, ਰੁਨ ਝੁਨਕ ਝੁਨਕ। ਲੱਛਮੀ ਅੱਜ ਆਪ ਖੰਜੜੀ ਵਜਾ ਰਹੀ ਹੈ। ਬਾਲਦੇਵ ਜੀ ਆਸਣੀ ਤੇ ਬੈਠੇ ਹੋਏ ਨੇ। ਖਿੜਕੀ ਵਾਲੇ ਕਮਰੇ ਵਿਚ ਚਾਨਣੀ ਦਾ ਇਕ ਟੁਕੜਾ ਉਤਰ ਆਇਆ ਹੈ। ਦੀਵਾਰ ਗੀਰ ਦੀ ਹਲਕੀ ਰੋਸ਼ਨੀ ਵਿਚ ਲੱਛਮੀ ਦੀਆਂ ਅੱਖਾਂ ਸਪਸ਼ਟ ਨਹੀਂ ਦਿਸਦੀਆਂ।

ਜਵਾਲਾ ਬਿਰਹ ਵਿਯੋਗ ਕੀ ਰਹੀ ਕਲੇਜੇ ਛਾਇ,
ਪ੍ਰੇਮੀ ਮਨ ਮਾਨੇ ਨਹੀਂ, ਦਰਸਨ ਸੁ ਅਕੁਲਾਇ।

ਬਾਲਦੇਵ ਜੀ ਟਿਕਟਿਕੀ ਲਾ ਕੇ ਲੱਛਮੀ ਵਲ ਤਕ ਰਹੇ ਨੇ। ਖੰਜੜੀ ਵਜਾ ਕੇ ਗੌਣ ਵੇਲੇ ਲਗਦਾ ਹੈ ਕਿ ਲੱਛਮੀ ਦੀ ਬੋਟੀ-ਬੋਟੀ ਨੱਚ ਰਹੀ ਹੈ। ਪੈਰਾਂ ਭਾਰ ਬੈਠੀ ਹੈ। ਇੰਦਰ ਸਭਾ ਨਾਟਕ ਵਿਚ 'ਹੂਰ ਪਰੀ' ਮਸ਼ਹੂਰ ਪਰੀ, ਸਬਜ਼ ਪਰੀ' ਝੰਝਨੀ ਵਜਾ ਕੇ ਜਿਵੇਂ ਗੌਂਦੀ ਸੀ, ਉਸੇ ਤਰ੍ਹਾਂ ਹੀ।...ਵਾਰ-ਵਾਰ ਹੀ ਪਾਰਬਤੀ ਦੀ ਮਾਂ ਦੀ ਖ਼ੂਨ ਨਾਲ ਲਥਪਥ ਲੋਥ ਦੀ ਯਾਦ ਆ ਜਾਂਦੀ ਹੈ, ਇਕ ਪਲ ਭਰ ਲਈ...ਬਾਲਦੇਵ ਜੀ ਅੱਖਾਂ ਮੁੰਦ ਲੈਂਦੇ ਨੇ।...ਲੱਛਮੀ ਦੀ ਦੇਹ ਵਿਚੋਂ ਜਿਹੜੀ ਸੁਗੰਧੀ ਨਿਕਲਦੀ ਹੈ, ਉਹ ਅੱਜ ਹੋਰ ਤੇਜ਼ ਹੋ ਗਈ ਹੈ। ਲੱਛਮੀ ਦੀ ਆਵਾਜ਼ ਕੰਬ ਰਹੀ ਹੈ।...ਰੋ ਰਹੀ ਹੈ ਲੱਛਮੀ? ਹੈਂ?.. ਗੱਲ੍ਹਾਂ ਤੇ ਬੂੰਦਾਂ ਢਲਕ ਪਈਆਂ ਨੇ?...ਲੱਛਮੀ "ਲੱਛਮੀ! ਲੱਛਮੀ! ਰੋ ਨਾ ਲੱਛਮੀ।" ਬਾਲਦੇਵ ਜੀ ਦੀਆਂ ਬਾਹਵਾਂ ਵਿਚ ਵੀ ਏਨਾਂ ਬਲ ਹੈ?...ਲੱਛਮੀ ਨੂੰ ਬਾਹਵਾਂ ਵਿਚ ਕਸਿਆ ਹੋਇਆ ਹੈ। ਲੱਛਮੀ ਗੌਂਦੀ ਹੀ ਜਾਂਦੀ ਹੈ।

ਗ੍ਰਹ ਆਂਗਨ ਬਨ ਗਏ ਪਰਾਏ,
ਕਿ ਆਹੋ ਸੰਤੋ ਹੋ
ਤੁਮ ਬਿਨ ਕੰਤ ਬਹੁਤ ਦੁਖ ਪਾਏ...।
ਡਿਮਿਕ ਡਿਮਿਕ ਡਿਮਿਕ।
ਰੁਨ ਝੁਨੁਕ ਝੁਨੁਕ।
ਏਕੇ ਗ੍ਰਹ ਏਕੇ ਸੰਗ ਮੇਂ ਹੋ, ਬਿਰਹਿਣ ਸੰਗ ਕੰਮ,
ਕਬ ਪ੍ਰੀਤਮ ਹੰਸ ਬੋਲਿਹੋਂ ਜੋਹ ਰਹੀ ਮੈਂ ਪੰਥ।

ਢਨ ਢਨ ਰੁਨੁਕ — ਝੁਨੁਕ! ਝਨ-ਨ ਖੰਜੜੀ ਹਥੋਂ ਛੁਟ ਕੇ ਡਿਗ ਪੈਂਦੀ ਹੈ। ਬਾਲਦੇਵ ਜੀ ਦੇ ਬੁੱਲ੍ਹਾਂ ਤੇ ਅਜ ਪਹਿਲੀ ਵਾਰ ਅਜਿਹੀ ਮੁਸਕਣੀ ਵੇਖਦੀ ਹੈ ਲੱਛਮੀ। ਕਣਕ ਵੰਨਾ ਮੁਖ-ਮੰਡਲ। ਨਿੱਕੀਆਂ ਨਿੱਕੀਆਂ ਦਾੜ੍ਹੀ-ਮੁੱਛਾਂ...

...ਬਾਲਦੇਵ ਜੀ ਦੇ ਪੈਰਾਂ ਦੇ ਅੰਗੂਠਿਆਂ ਨਾਲ ਅੱਖਾਂ ਛੁਹਾਂਦੀ ਹੋਈ ਲੱਛਮੀ ਨਜ਼ਰ ਮਿਲਾਉਂਦੀ ਹੈ, "ਸਾਹਿਬ ਬੰਦਗੀ।"

## ਦੱਸ

ਕਾਮਰੇਡ ਬਾਸੁਦੇਵ ਅਤੇ ਸੁੰਦਰ ਲਾਲ ਵੀ ਗਿਰਿੱਫ।...ਕਿਵੇਂ ਨਹੀਂ ਗਿਰਿੱਫ ਹੋਵੇਗਾ ਭਰਾਵਾ। ਇਕ ਵਰ੍ਹਾ ਪਹਿਲਾਂ ਤਕ ਕਿਸੇ ਨੇ ਕਦੀ ਗੰਜੀ ਵੀ ਨਹੀਂ ਪਹਿਨਦਾ ਤਕਿਆ। ਸੁਨਰੇ ਨੂੰ, ਤੇ ਇਸ ਗਰਮੀ ਦੇ ਮੌਸਮ ਵਿਚ ਕੋਟ, ਪੈਂਟ, ਗੁਲੂਬੰਦ, ਮੌਜੇ, ਜੁਤੀ ਤੇ ਚਸ਼ਮਾ ਲਾ ਕੇ ਕਟਿਹਾਰ ਜੰਕਸ਼ਨ ਦੇ ਮੁਸਾਫਰ ਖ ਨੇ ਵਿਚ ਬੈਠਣ ਨਾਲ ਲੋਕ ਸ਼ੱਕ ਨਹੀਂ ਕਰਨਗੇ ? ਇਕ ਡੱਬਾ ਸਿਗਟ—ਖਰੀਦ ਕੇ ਦਸ ਟਕੀਆ ਲੋਟ ਤੁੜਾਂਦੇ ਸਨ ਦੋਵੇਂ। ਸੁਣਦੇ ਹਾਂ, ਅੱਧੇ ਘੰਟੇ ਵਿਚ ਹੀ ਦੋਵਾਂ ਨੇ ਲਗਭਗ ਸਾਰਿਆਂ ਹੀ ਫੇਰੀ ਵਾਲਿਆਂ ਨੂੰ ਬੁਲਾਇਆ ਅਤੇ ਸੌਦਾ ਕੀਤਾ ਹੈ, "ਓਏ ਚਾਹ ਵਾਲੇ ਸੁਣਦਾ ਨਹੀਂ, ਕੀ ਪੇਂਡੂ ਸਮਝ ਲਿਆ ਹੈ ?...ਚਾਹ ਲਿਆ। ਬਿਸਕੁਟ ਖਾਓਗੇ ਜੀ ਸੁਨਰ ? ਓਏ, ਥੜ ਕਲਾਸੀ ਬਿਸਕੁਟ ਕੀ ਖਾਓਗੇ ਜੀ।"ਕਟਿਹਾਰ ਦੇ ਫੇਰੀ ਵਾਲੇ ਕਿੰਨੇ ਕਾਇਆ ਹੁੰਦੇ ਨੇ, ਇਹ ਤਾਂ ਸਭ ਨੂੰ ਪਤਾ ਹੀ ਹੈ। ਉਨ੍ਹਾਂ ਨੇ ਬਹੁਤ ਵੱਡੇ ਵੱਡੇ ਲੋਕਾਂ ਨੂੰ ਤਕਿਆ ਹੈ, ਪਰ ਏਦਾਂ ਦੇ ਨਹੀਂ। ਭਿਖਾਰੀ ਨੂੰ ਚੁਆਨੀ ਦੇ ਦਿਤੀ — "ਜਾਓ ਨਾਸ਼ਤਾ ਕਰ ਲਵੋ।" ਲੜਾਈ ਦੇ ਜ਼ਮਾਨੇ ਵਿਚ ਅਮਰੀਕਨ ਸਾਬ੍ਹ ਲੋਕ ਇਸੇ ਤਰ੍ਹਾਂ ਸਿਗਰਟ ਤੇ ਬਿਸਕੁਟ ਲੁਟੌਂਦੇ ਸਨ। ਬਸ, ਸੀ ਆਈ ਡੀ ਕਿਥੇ ਨਹੀਂ ਹੈ। ਤੁਰੰਤ ਦੋਵਾਂ ਨੂੰ ਗਿਰਿੱਫ ਕਰ ਲਿਆ। ਭਗਵਾਨ ਜਾਣੇ ਹੁਣ ਹੋਰ ਕਿਸ ਕਿਸ ਦਾ ਨਾਂ ਆਉਂਦਾ ਹੈ।

ਜੋਤਖੀ ਜੀ ਕਹਿੰਦੇ ਸਨ — ਹਾਲੇ ਕੀ ਹੋਇਆ ਹੈ, ਹਾਲੇ ਹੋਰ ਬਾਕੀ ਹੈ।

"ਬਾਸੁਦੇਵ ਨੇ ਕਾਲੀਚਰਨ ਦਾ ਨਾਂ ਵੀ ਦਸਿਆ ਹੈ, ਸੁਣਦੇ ਹਾਂ।"

"ਐਂ...। ਕਾਲੀਚਰਨ ਹੈ ਕਿਥੇ ?"

"ਮੰਗਲਾ ਦੇਵੀ ਨੂੰ ਕਟਿਹਾਰ ਛੱਡਣ ਗਿਆ ਹੈ।"

ਮੰਗਲਾ ਦੇਵੀ ਕਟਿਹਾਰ ਚਲੀ ਗਈ। ਪਿੰਡ ਦਾ ਚਰਖਾ ਸੈਂਟਰ ਟੁੱਟ ਗਿਆ। ...ਕਟਿਹਾਰ ਵਿਚ ਮੰਗਲਾ ਦੇ ਦੂਰੋਂ ਪਾਰੋਂ ਰਿਸ਼ਤੇਦਾਰ ਦੇ ਭਣੋਈਏ ਰਹਿੰਦੇ ਹਨ। ਕਾਲੀਚਰਨ ਛੱਡਣ ਗਿਆ ਹੈ। ਪਾਟੀ ਆਫਿਸ ਵਿਚ ਸੁਮੇਰਨ ਜੀ ਕਹਿਣ ਲਗੇ— "ਸੁਣਦੇ ਹਾਂ, ਤੁਹਾਡੇ ਵੀ ਵਾਰੰਟ ਹੈਨ।"

"ਵਾਰੰਟ ?"

"ਹਾਂ, ਬਾਸੁਦੇਵ ਤੇ ਸੁਨਰੇ ਨੇ ਤੁਹਾਡਾ ਨਾਂ ਵੀ ਦਸਿਆ ਹੈ...ਜ਼ਰਾ ਹੁਸ਼ਿਆਰੀ ਨਾਲ ਘਰ ਪਰਤਣਾਂ।"

"ਬਾਸੁਦੇਵ ! ਸੁਨਰਾ !...ਬੇਈਮਾਨ, ਝੂਠਾ।"

ਕਾਲੀਚਰਨ ਹਨੇਰੇ ਵਿਚ ਕੋਠੀ ਦੇ ਬਾਗ ਕੋਲ ਲੁਕਿਆ ਹੋਇਆ ਹੈ। ਰਤਾ ਰਾਤ ਢਲ ਜਾਵੇ ਫੇਰ ਘਰ ਜਾਵੇਗਾ। ਬਾਸੁਦੇਵ ਅਤੇ ਸੁਨਰਾ ਨੂੰ ਸੋਮੇ ਨੇ ਏਨਾਂ ਅਗੇ ਵਧਾ ਦਿਤਾ। ਉਹਨੂੰ ਹੈਰਾਨੀ ਹੁੰਦੀ ਹੈ। ਡਕੈਤੀ ਦੇ ਤਿੰਨ ਦਿਨਾਂ ਬਾਦ ਹੀ ਕਾਲੀਚਰਨ ਨੂੰ ਸਭ ਕੁਝ ਪਤਾ ਲਗ ਗਿਆ ਸੀ। ਸਕੱਤਰ ਸਾਹਿਬ ਨੂੰ ਚੁਪਚਾਪ ਦਸਣ ਲਈ ਉਹ ਪੁਰੈਨੀਆ ਗਿਆ, ਪਰ ਸਕੱਤਰ ਸਾਹਿਬ ਪਟਨੇ ਚਲੇ ਗਏ ਸਨ। ਸਕੱਤਰ ਸਾਹਿਬ ਨਾਲ ਸਾਰੀਆਂ ਗੱਲਾਂ ਕਰਨੀਆਂ ਹੋਣਗੀਆਂ, ਚਲਿੱਤਰ ਕਰਮਕਾਰ ਨਾਲ ਹੇਲ ਮੇਲ ਵਧਾਉਣ ਦਾ ਇਹੋ ਹੀ ਫਲ ਹੈ। ਸਾਡੇ ਤੇ ਵਿਸ਼ਵਾਸ਼ ਨਹੀਂ ਹੋਇਆ ਉਨ੍ਹਾਂ ਨੂੰ ਤਾਂ.. ਬਾਸੁਦੇਵ ਨੂੰ ਖਾਰਿਜ ਦਿਤਾ ਕਿ ਚਲਿੱਤਰ ਨੂੰ ਮਿਲਦੇ ਰਵ੍ਹੇ।...ਬੰਦੂਕ ਪਸਤੌਲ ਚਲਿੱਤਰ ਦਿੰਦ ਹੈ। ਕਾਲੀ ਨੂੰ ਜੇਲ੍ਹ ਦਾ ਡਰ ਨਹੀਂ, ਪਾਟੀ ਦੀ ਕਿਡੀ ਭਾਰੀ ਬਦਨਾਮੀ ਹੋਈ।...ਓਏ ਬਾਪੂ ਪਟਨੇ ਦੇ ਵੱਡੇ ਲੀਡਰਾਂ ਨੂੰ ਕਿਵੇਂ ਮੂੰਹ ਦਿਖਾਵਾਂਗੇ ? ਸਭ ਕੁਝ ਚੌਪਟ ਕਰ ਦਿਤਾ। ਕੋਈ ਆ ਰਿਹਾ ਹੈ ਸ਼ਾਇਦ।

ਕੋਠੀ ਬਾਗ ਦੇ ਕੋਲ ਹੀ ਹਨੇਰੇ ਵਿਚ ਚੇਥਰੂ ਨਾਲ ਮੁਲਾਕਾਤ ਹੋਈ। ਜੜੀ ਬੂਟੀ ਪੁਟਣ ਆਇਆ ਸੀ। ਉਹਨੇ ਦਸਿਆ ਪਿੰਡ ਵਿਚ ਪੁਲਿਸ ਦਾਰੋਗਾ ਕੈਂਪ ਲੈ ਕੇ ਆਏ ਨੇ। ਕਾਲੀਚਰਨ ਨੇ ਚੇਥਰੂ ਨੂੰ ਦੋ ਰੁਪਏ ਦਿਤੇ — "ਮਾਂ ਨੂੰ ਦੇ ਦੇਣੇ।...ਔਹ ਤੂੰ ਲੈ ਇਕ ਰੁਪਿਆ।"

ਜੜੀ ਬੂਟੀ ਦੀ ਬਜਾਏ ਚੇਥਰੂ ਪਿੰਡ ਵਲ ਨਸਿਆ।...ਫਿਰਾਰੀ ਕਿਰਾਂਤੀ ਨੂੰ ਫੜਾ ਦੇਣ ਵਾਲੇ ਨੂੰ ਬਹੁਤ ਸਾਰੇ ਰੁਪਏ ਇਨਾਮ 'ਚ ਮਿਲਦੇ ਨੇ। ਤੁਰਤ ਹੀ ਉਹਨੇ ਦਾਰੋਗਾ ਸਾਹਿਬ ਨੂੰ ਚੁਪਚਾਪ ਖਬਰ ਦਿਤੀ, "ਅਸਾਂ ਕਾਲੀਚਰਨ ਨੂੰ ਕੋਠੀ ਦੇ ਬਗੀਚੇ ਵਿਚ ਦੇਖਿਆ ਹੈ।"...ਦਾਰੋਗਾ ਸਾਹਿਬ ਮਲੇਟਰੀ ਲੈ ਕੇ ਜਦੋਂ ਤਕ ਆਉਂਦਾ, ਕਾਲੀਚਰਨ ਹਵਾ ਹੋ ਗਿਆ ਸੀ।

"ਚੇਥਾਰੂ ਕਹਿੰਦਾ ਹੈ, ਇਥੋਂ ਪੱਛਮ ਵਲ ਹਿਣਕਦਾ ਹੋਇਆ ਚਲਾ ਗਿਆ ਹੈ, ਘੋੜੇ ਵਾਂਗ।"

ਖਿਲਾਵਨ ਸਿੰਘ ਯਾਦਵ ਵਿਚਾਰੇ ਨੂੰ ਫੇਰ ਇਕ ਚਰਨ ਲਗ ਗਿਆ। ਏਧਰ ਖਿਲਾਵਨ ਜ਼ਰਾ ਜਿਆਦਾ ਹੀ ਹੇਲ ਮੇਲ ਰਖਦਾ ਸੀ ਕਾਲੀਚਰਨ ਨਾਲ। ਦਾਰੋਗਾ ਸਾਹਿਬ ਨੇ ਕਿਹਾ "ਜ਼ਰੂਰ ਡਕੈਤੀ ਦਾ ਮਾਲ ਤੁਹਾਡੇ ਕੋਲ ਰਖਦਾ ਹੈ। ਤੁਸੀਂ ਉਨ੍ਹਾਂ ਲੋਕਾਂ ਨੂੰ ਚੌਖੜਾ ਘਰ ਬਣਵਾ ਕੇ ਦਿਤਾ ਹੈ। ਕਿਉਂ ?"

...ਜਾਪਦਾ ਹੈ ਖਿਲਾਵਨ ਸਿੰਘ ਯਾਦਵ ਦੇ ਦਿਨ ਹੁਣ ਢਹਿੰਦੀਆਂ ਕਲਾਂ ਵਾਲੇ ਨੇ। ਜਦੋਂ ਚੜ੍ਹਦੀਆਂ ਕਲਾਂ ਵਾਲੇ ਹੁੰਦੇ ਨੇ ਕਿਸੇ ਦੇ ਦਿਨ, ਉਦੋਂ ਉਹ ਮਿੱਟੀ ਵੀ ਛੋਹ ਲਵੇ ਤਾਂ ਸੋਨਾ ਹੋ ਜਾਵੇਗਾ। ਦਿਨ ਬਿਗੜਨ ਤੇ ਚਹੁੰ ਪਾਸਿਆਂ ਤੋਂ ਬੁਰੀਆਂ ਖਬਰਾਂ ਹੀ ਆਉਂਦੀਆਂ ਹਨ।...ਤਹਿਸੀਲਦਾਰ ਸਾਹਿਬ ਦਾ ਡੇਢ ਹਜ਼ਾਰ ਰੁਪਿਆ

ਮੂੰਹ ਜ਼ਬਾਨੀ ਸੀ ਬਾਕੀ।...ਕਮਲਾ ਕਿਨਾਰੇ ਵਾਲੀ ਬੰਦੋਬਸਤੀ ਵਾਲੀ ਜ਼ਮੀਨ ਵਿਚੋਂ ਦਸ ਬਿੱਘੇ ਸੂਦ ਤੇ ਰਹਿਣ ਰਖ ਕੇ ਹੋਰ ਵੀ ਇਕ ਹਜ਼ਾਰ ਰੁਪਿਆ ਤਹਿਸੀਲਦਾਰ ਤੋਂ ਲਿਆ ਹੈ ਖਿਲਾਵਨ ਨੇ। ਕਲ੍ਹ ਅਰਰੀਆ ਬੈਰਗਾਡੀ ਤੋਂ ਖਬਰ ਆਈ ਹੈ, ਸਕਲਦੀਪ ਨਾਨੀ ਦਾ ਦਸ ਭਰ ਸੋਨਾ ਚੁਰਾ ਕੇ ਪਤਾ ਨਹੀਂ ਕਿਥੇ ਨਸ ਗਿਆ ਹੈ। ...ਸੁਣਦੇ ਹਾਂ, ਮਦਨ ਪੁਰ ਮੇਲੇ ਵਿਚ ਇਕ ਥੇਟਰ ਕੰਪਨੀ ਆਈ ਸੀ ਕਲਕੱਤਿਉਂ। ਉਹਦੇ ਵਿਚ ਇਕ ਲੈਲਾ ਸੀ। ਉਹਨੇ ਹੀ ਸਕਲਦੀਪ ਨੂੰ ਫਸਾ ਲਿਆ ਹੈ। ਮੁਟਿਆਰ ਲੁਸ ਲੁਸ ਕਰਦੀ ਬਹੂ ਘਰ ਵਿਚ ਹੈ। ਸਕਲਦੀਪ ਦਾ ਸਹੁਰਾ ਆਸਿਨ ਬਾਬੂ ਤਾਂ ਵੱਡੇ ਆਦਮੀ ਹਨ, ਖੋਜ ਕਰ ਲੈਣਗੇ।...ਖਿਲਾਵਨ ਦੀ ਇਸਤਰੀ ਕਹਿੰਦੀ ਹੈ — "ਜਿਸ ਪੀਰ ਬਾਬੇ ਦੀ ਦਰਗਾਹ ਤੇ ਘਰ ਨਹੀਂ ਹੈ, ਉਥੇ ਇਕ ਝੋਂਪੜੀ ਬਨਾਣ ਲਈ ਤਿੰਨ ਵਰ੍ਹਿਆਂ ਤੋਂ ਕਹਿ ਰਹੀ ਸਾਂ, ਅਖੀਰ ਨਹੀਂ ਬਣਾਈ। ਕਾਲੀਚਰਨ ਦੀ ਗੱਲ ਤੇ ਫੁੱਚ ਹੋ ਗਏ, ਚੌਖੜਾ ਘਰ ਬਣਵਾ ਦਿਤਾ।...ਦੁਹਾਈ ਬਾਬਾ ਮਿਨ ਪੀਰ। ਭੁਲ ਚੁਕ ਮਾਫ ਕਰੋ। ਮੇਰੇ ਬੱਚੇ ਨੂੰ ਸੁਮੱਤ ਬਖਸ਼ੋ ਮਹਾਤਮਾਂ। ਸਿਰਨੀ ਤੇ ਬੱਦੀ ਚੜ੍ਹਾਵਾਂਗੀ, ਇਕ ਭਰੀ ਗਾਂਜਾ ਦਿਆਂਗੀ।"

ਮਹਿੰਗੂ ਦਾਸ ਕੋਲ ਖਲਾਸੀ ਜੀ ਆਏ ਹਨ।...ਫੁਲੀਆ ਦੀ ਸਾਰੀ ਦੇਹ ਵਿਚ ਜ਼ਖਮ ਹੋ ਗਏ ਨੇ। ਪੇਟਮਾਨ ਜੀ ਕੋਲ ਕਈ ਵਾਰ ਸੰਵਾਦ ਭੇਜਿਆ ਫੁਲੀਆ ਨੇ। ਇਤਬਾਰੀ ਬੁੱਢੇ ਨੂੰ ਉਸ ਦਿਨ ਭੇਜਿਆ ਤਾਂ ਪਤਾ ਲਗਾ ਕਿ ਪੈਟਮਾਨ ਜੀ ਦੀ ਬਦਲੀ ਹੋ ਗਈ ਬਥਨਾਹਾ, ਨੇਪਾਲ ਸੀਮਾਂ ਕੋਲ। ਚੌਕੀ ਚਾਰਪਾਈ ਵਗੈਰਾ ਸਭ ਕੁਝ ਵੇਚ ਦਿਤਾ ਹੈ ਪੈਟਮਾਨ ਜੀ ਨੇ। ਸਰਕਾਰੀ ਨੌਕਰੀ ਵਾਲੇ ਦੀ ਜਦੋਂ ਬਦਲੀ ਹੁੰਦੀ ਹੈ ਤਾਂ ਉਹ ਸਾਰੀਆਂ ਚੀਜ਼ਾਂ ਵੇਚ ਦਿੰਦਾ ਹੈ। ਨਵੀਂ ਥਾਵੇਂ ਜਾ ਕੇ ਨਵੀਆਂ ਚੀਜ਼ਾਂ ਮਿਲਦੀਆਂ ਹਨ।...ਇਸ ਲਈ ਕੀ ਜ਼ਨਾਨੀ ਨੂੰ ਵੀ ਛੱਡ ਦੇਵੇਗਾ ਕੋਈ ? ਖਲਾਸੀ ਜੀ ਨੇ ਸੁਣਿਆਂ ਤਾਂ ਦੌੜੇ ਆਏ ਹਨ।...ਕੋਈ ਕੁਛ ਕਹੇ, ਖਲਾਸੀ ਦਾ ਕੋਈ ਦੋਸ਼ ਨਹੀਂ। ਸਾਰਾ ਦੋਸ਼ ਫਲੀਆ ਦਾ ਹੈ।...ਜਿਸ ਵਿਚਾਰੇ ਨੇ ਏਨਾ ਖਰਚ ਕਰ ਕੇ ਤੇਰੇ ਨਾਲ ਚੁਮੌਨਾ ਕੀਤਾ, ਉਹ ਤੇਰੇ ਗੋਡੇ ਮੁੱਢ ਬੈਠਾ ਰਵ੍ਹੇਗਾ ਤਾਂ ਚੁਲ੍ਹਾ ਕਿਵੇਂ ਬਲੇਗਾ ? ਖਲਾਸੀ ਵਿਚਾਰਾ ਦਿਨ ਭਰ ਰੇਲਵੇ ਲਾਈਨ ਤੇ ਕੰਮ ਕਰਦਾ ਸੀ ਅਤੇ ਏਧਰ ਪੈਟਮਾਨ ਜੀ ਲੈਨ ਕਲੀਅਰ ਦੇ ਕੇ ਗੱਡੀ ਪਾਸ ਕਰਨ ਪਿਛੋਂ ਫੁਲੀਆ ਦੇ ਘਰ ਆ ਕੇ ਬੈਠੇ ਰਹਿੰਦੇ ਸਨ। ਅਖੀਰ ਇਕ ਦਿਨ ਲੜਾਈ-ਝਗੜਾ, ਮਾਰ-ਕੁਟਾਈ ਕਰ ਕੇ ਫੁਲੀਆ ਉਨ੍ਹਾਂ ਕੋਲ ਨਸ ਗਈ। ਖਲਾਸੀ ਜੀ ਦਾ ਇਹਦੇ 'ਚ ਕੀ ਕਸੂਰ ਹੈ ? ਪਾਪ ਭਲਾ ਲੁਕਿਆ ਹੈ ? ਸਾਰੀ ਦੇਹ ਗਲ ਗਈ ਹੈ। ਪਰ ਹਾਲੇ ਵੀ ਹੋਸ਼ ਨਹੀਂ ਆਈ ਫੁਲੀਆ ਨੂੰ।...ਰਾਮਪਿਆਰੀਆ ਉਹਦੇ ਕੋਲ ਰੋਜ਼ ਆਉਂਦੀ ਹੈ ਅਤੇ ਫੁਲੀਆ ਫੁਸਰ ਫੁਸਰ ਕਰ ਕੇ ਉਹਨੂੰ ਸਿਖਾਂਦੀ ਹੈ — ਮਹੰਥ ਕੋਲੋਂ ਕੋਈ ਚੀਜ਼ ਮੰਗਣ ਦਾ ਕਿਹੜਾ ਵੇਲਾ

ਹੈ...ਕਿਵੇਂ ਕੀ ਕਹਿਣਾ ਚਾਹੀਦਾ ਹੈ।

ਖਲਾਸੀ ਜੀ ਕਹਿੰਦੇ ਹਨ, "ਦੁਨੀਆਂ ਭਰ ਦੇ ਲੋਕਾਂ ਦੀ ਗਰਮੀ ਦੀ ਬਿਮਾਰੀ ਠੀਕ ਕਰੀਏ ਅਸੀਂ ਅਤੇ ਸਾਡੀ ਘਰ ਵਾਲੀ ਇਸ ਰੋਗ ਨੂੰ ਭੋਗੇ ?...ਤਿੰਨ ਗੋਲੀਆਂ ਨਾਲ ਹੀ ਠੀਕ ਹੋ ਜਾਵੇਗੀ। ਇਕ ਗੱਲ ਹੈ, ਗਰਮੀ ਨਿਕਲੇਗੀ ਤਾਂ ਇਕ ਅੰਗ ਨੂੰ ਲੈ ਕੇ — ਅੱਖ, ਨੱਕ, ਦੰਦ, ਉਂਗਲੀ ਇਹਦੇ ਵਿਚੋਂ ਕੋਈ ਇਕ ਝੂਠਾ ਪੈ ਜਾਵੇਗਾ।"

ਪਿੰਡ ਬਾਰੇ ਖਲਾਸੀ ਜੀ ਕਹਿੰਦੇ ਹਨ, "ਪਿੰਡ ਵਿਚ ਬਾਂਦਰ ਭੂਤ ਫਿਰ ਰਿਹਾ ਹੈ। ਬਾਂਦਰ ਦਾ ਭੂਤ! ਪਿੰਡਾਂ ਦੇ ਪਿੰਡ ਏਦਾਂ ਹੀ ਸਾਫ਼ ਹੋ ਜਾਂਦੇ ਨੇ। ਕੋਈ ਬਾਂਦਰ ਮਾਰਿਆ ਸੀ ਇਸ ਪਿੰਡ ਵਿਚ ?"

"ਠੀਕ ਗੱਲ। ਇਕਦਮ ਠੀਕ। ਡਾਗਡਰ ਬਾਬੂ ਤਾਂ ਤਿੰਨ ਬਾਂਦਰ ਪਾਲਦੇ ਸਨ। ਪਤਾ ਨਹੀਂ ਕਿਹੜੀ ਸੂਈ ਲਾਈ ਕਿ ਦੋਵੇਂ ਚੀਕਦੇ ਚੀਕਦੇ ਮਰ ਗਏ।...ਰਾਤ ਭਰ ਚੀਕਿਆ ਸੀ ਯਾਦ ਨਹੀਂ ?"

"ਠੀਕ ਗੱਲ! ਠੀਕ ਗੱਲ! ਐਹ, ਇਹ ਡਾਗਡਰ ਏਨਾਂ ਜ਼ੁਲਮੀ ਆਦਮੀ ਸੀ। ਸਾਰੇ ਪਿੰਡ ਨੂੰ ਚੋਪਟ ਕਰ ਦਿਤਾ।"

"ਕੋਈ ਪਰਵਾਹ ਨਹੀਂ।" ਖਲਾਸੀ ਜੀ ਕਹਿੰਦੇ ਹਨ, "ਅਸੀਂ ਰਾਤੀਂ ਚੱਕਰ ਪੂਜਾ ਕਰ ਕੇ ਇਸ ਟੋਲੇ ਨੂੰ ਬੰਨ੍ਹ ਦਿਆਂਗੇ। ਕੁਝ ਨਹੀਂ ਹੋਵੇਗਾ।"

ਰਮਜੂਦਾਸ ਦੇ ਗੁਹਾਲ ਵਿਚ ਚੱਕਰ ਪੂਜਿਆ ਹੈ, ਖਲਾਸੀ ਨੇ...ਚਾਵਲ, ਦੁੱਧ ਅਤੇ ਅੜਹਲ ਦੇ ਫੁੱਲ ਨਾਲ ਚੱਕਰ ਬਣਾਇਆ ਹੈ। ਵਿਚਕਾਰ ਮਿਟੀ ਦਾ ਇਕ ਵੱਡਾ ਸਾਰਾ ਦੀਵਾ ਹੈ, ਅਤੇ ਉਹਦੇ ਵਿਚ ਵੱਡੀ ਸਾਰੀ ਬੱਤੀ ਜਗ ਰਹੀ ਹੈ। ਇਕ ਬੋਤਲ ਦਾਰੂ ਪੀ ਕੇ ਖਲਾਸੀ ਜੀ ਬੈਠੇ ਹਨ। ਰੁਕ ਰੁਕ ਦੇ ਦੀਵੇ ਦੀ ਜਗਦੀ ਬੱਤੀ ਨੂੰ ਮੂੰਹ ਵਿਚ ਲੈ ਲੈਂਦੇ ਹਨ।...ਹਾਏ ਦਾਪੂ! ਅਲਬੱਤ ਓੜਝਾ ਹਨ। ਖਲਾਸੀ ਜੀ। ...ਅਰੇ! ਰੇ! ਰੇ!...ਜੀਭ ਵਿਚ ਸੂਈ ਚੋਭ ਲਈ, ਇਸ ਪਾਰੋਂ ਉਸ ਪਾਰ।...

ਅਰੇ ਆਜੂ ਕੇ ਰੈਲਿਗੇ ਮਈਆ,
ਬੜਾ ਅਨੁਕਾਲ ਲਾਗੇ,
ਦਾਹਿਨੇ ਡਾਕਿਨ, ਬਾਮੇ ਪਿਚਾਸ ਬੋਲੇ।
ਹੂ...ਹੂੰ...ਹੂੰ...ਹੂੰ...ਹੂੰ।...
ਡੋਹਾਇ ਗੌਰਾ ਪਾਰਬਤੀ ਇਸਰੇ ਮਹਾਦੇਵ
ਨੈਨਾ ਜੋਗਿਨ, ਜੋ ਸੱਤ ਬੇਸਤ ਜਾਇ
...ਅੰਗ ਅੰਗ ਫੂਟ ਬਹਰਾਇ।
—ਫੂਤ...ਫੂਤ।
ਹਿੰ — ਹਿੰ — ਹਿੰ — ਹਿੰ...।

"ਹੁਣ ਗਾਵੋ ਤੁਸੀਂ ਸਾਰੇ ਗੋਚਰ।"

ਪਿੰਡ ਦੇ ਕੀਰਤਨੀਏ ਲੋਕ ਸ਼ੁਰੂ ਕਰਦੇ ਨੇ — ਮ੍ਰਿਦੰਗ ਤੇ ਦੇਵੀ ਦਾ ਗੀਤ "ਗੋਚਰ।"

ਧਿਧਨਕ ਤਿਧਿਨਕ।
ਕਹੰਵਾਂ ਕੇ ਜੇ ਆ ਗੇ ਭਈਆ ਆ ਆ

ਖਲਾਸੀ ਦੀਵੇ ਦੀ ਬੱਤੀ ਨੂੰ ਨਚਾ ਰਹੇ ਹਨ ਅਤੇ ਮੂੰਹ ਵਿਚ ਲੈ ਕੇ ਬੱਤੀ ਬੁਝਾਉਂਦੇ ਹਨ, ਫੂਕ ਮਾਰ ਕੇ ਭਕ ਦੇ ਕੇ ਫੇਰ ਦੀਵਾ ਬਾਲਦੇ ਹਨ।...ਕਬੂਤਰ ਨੂੰ ਕੱਚਾ ਹੀ ਚੱਬ ਕੇ ਖਾ ਰਹੇ ਹਨ।...ਅਸਲੀ ਓਝਾ ਹਨ ਖਲਾਸੀ ਜੀ।

## ਗਿਆਰਾਂ

"ਕਮਲੀ ਦੇ ਬਾਬੂ! ਕਮਲੀ ਦੇ ਬਾਬੂ!..."

ਨੀਂਦ ਵਿਚ ਤਹਿਸੀਲਦਾਰ ਸਾਹਿਬ ਦੀਆਂ ਨਾਸਾਂ ਬੋਲਦੀਆਂ ਹਨ — ਖੁ ਰ ਰ — ਕਮਲਾ ਦੀ ਮਾਂ ਪਲੰਗ ਕੋਲ ਖਲੋਤੀ ਹੈ। ਉਹਦੇ ਚਿਹਰੇ ਤੇ ਭੈ ਦੀ ਕਾਲੀ ਰੇਖਾ ਫੈਲੀ ਹੋਈ ਹੈ — "ਕਮਲੀ ਦੇ ਬਾਬੂ?"

"ਊਂ ਐਂ!...ਕੀ ਹੈ?"

ਮਾਂ ਮਲਕੜੇ ਜਿਹੇ ਪਲੰਗ ਤੇ ਬੈਠ ਜਾਂਦੀ ਹੈ।...

ਤਹਿਸੀਲਦਾਰ ਸਾਹਿਬ ਹੋਰ ਵੀ ਘਬਰਾ ਜਾਂਦੇ ਹਨ—

"ਕੀ ਹੈ?"

"ਕੁਛ ਪਤਾ ਨਹੀਂ" ਮਾਂ ਫੁਸਾ ਕੇ ਕਹਿੰਦੀ ਹੈ — "ਕਮਲਾ ਨੇ...ਕਮਲਾ ਨੇ ਤਾਂ ਆਂਚਲ ਨੂੰ ਦਾਗ ਲੁਆ ਲਿਆ ਹੈ।"

"ਆਂ ਏ? ਆਂਚਲ ਨੂੰ?" ਤਹਿਸੀਲਦਾਰ ਸਾਹਿਬ ਨੂੰ ਲਗਾ ਕਿ ਕਮਲਾ ਦੇ ਕਪੜਿਆਂ ਨੂੰ ਅੱਗ ਲਗ ਗਈ ਹੈ। ਝੁਲਸਾ ਸੜ ਰਹੀ ਹੈ।

"ਹਾਂ, ਚਾਰ ਮਹੀਨੇ ..।"

ਤਹਿਸੀਲਦਾਰ ਸਾਹਿਬ ਅਤੇ ਮਾਂ ਦੋਵੇਂ ਕੱਠੇ ਹੀ ਲੰਮਾਂ ਸਾਹ ਲੈਂਦੇ ਹਨ।

"ਹੇ ਭਗਵਾਨ।"

"ਹੁਣ ਕੀ ਹੋਵੇਗਾ?"

"ਨਜਿੱਠੋ।"

"ਕਿਵੇਂ ਪਤਾ ਲੱਗਾ?"

"ਮੈਨੂੰ ਤਾਂ ਪਿਛਲੇ ਮਹੀਨੇ ਹੀ ਕੁਝ ਸੰਦੇਹ ਹੋ ਗਿਆ ਸੀ। ਅਜ ਪੁਛਣ ਲਗੀ ਤਾਂ ਚੁਪ ਚਾਪ ਬਿਟਰ ਬਿਟਰ ਮੂੰਹ ਤਕਣ ਲਗੀ।...ਡਾਕਟਰ ਨੇ ਤਾਂ ਖੂਬ ਇਲਾਜ ਕੀਤਾ। ਹੁਣ ਮੂੰਹ ਤੇ ਜਿਹੜੀ ਕਾਲਖ ਲਗੀ ਹੈ, ਉਹਨੂੰ ਕੌਣ ਲਾਹਵੇਗਾ ?"

ਤਹਿਸੀਲਦਾਰ ਸਾਹਿਬ ਦਾ ਮੂੰਹ ਸੁਕ ਜਾਂਦਾ ਹੈ। ਅੱਖਾਂ ਸਾਹਮਣੇ ਡਰੌਣੇ ਦ੍ਰਿਸ਼ ਇਕ-ਇਕ ਕਰ ਕੇ ਆਉਂਦੇ-ਜਾਂਦੇ ਹਨ — ਉਨ੍ਹਾਂ ਦੇ ਮੂੰਹ ਤੇ ਕਾਲਖ ਪੁਚੀ ਹੋਈ ਹੈ, ਅਤੇ ਸਾਰੇ ਲੋਕ ਤਾੜੀ ਮਾਰ ਕੇ ਹਸ ਰਹੇ ਹਨ, ਪਿਛੇ-ਪਿਛੇ ਦੌੜ ਰਹੇ ਹਨ।

"ਮੈਂ ਪਹਿਲਾਂ ਹੀ ਕਹਿੰਦੀ ਸਾਂ, ਏਨਾਂ ਹੇਲ ਮੇਲ ਚੰਗਾ ਨਹੀਂ। ਅੱਗ ਤੇ ਫੂਸ ਕਦੋਂ ਤਕ ਕੱਠੇ ਰਹੇ ?...ਅਤੇ ਤੁਹਾਡੀ ਦੁਲਾਰੀ ਤੇ ਤਾਂ ਜਾਦੂ ਕਰ ਦਿਤਾ ਸੀ ਡਾਕਟਰ ਨੇ। ਹੁਣ ਵੀ ਕਹਿ ਰਹੀ ਹੈ, ਡਾਕਟਰ ਨੇ ਕਿਹਾ ਹੈ...।"

"ਕੀ ਕਿਹਾ ਹੈ ਡਾਕਟਰ ਨੇ ?" ਤਹਿਸੀਲਦਾਰ ਸਾਹਿਬ ਤਿਣਕੇ ਦਾ ਸਹਾਰਾ ਲਭ ਰਹੇ ਹਨ।

"ਸਾਫ਼ ਸਾਫ਼ ਕਦੋਂ ਦਸਦੀ ਹੈ ਕੁਛ। ਕਹਿੰਦੀ ਹੈ ਕਿ ਡਾਕਟਰ ਨੇ ਕਿਹਾ ਹੈ — ਜੋ ਕੁਝ ਹੋਵੇਗਾ, ਮੰਗਲ ਹੋਵੇਗਾ।"

"ਮੰਗਲ। ਹੂੰਹ ! ਮੰਗਲ ! ਪਾਜੀ, ਸੂਰ, ਨਮਕਹਰਾਮ, ਕੁੱਤੇ ਦਾ ਬੱਚਾ ਸਾਲਾ। ਹੁਣ ਗਲ ਵਿਚ ਰੱਸੀ ਪਾ ਕੇ ਮਾਰੋ ਕਮਲਾ ਦੀ ਮਾਂ।...ਕੀ ਕਰੇਂਗੀ ?"

"ਪਰ ਮੈਂ ਸਹੁੰ ਖਾ ਕੇ ਕਹਿ ਸਕਦੀ ਹਾਂ, ਮੇਰੀ ਧੀ ਦਾ ਇਹਦੇ 'ਚ ਕੋਈ ਦੋਸ਼ ਨਹੀਂ...।" ਮਾਂ ਰੋ ਪੈਂਦੀ ਹੈ, "ਕਮਲੀ ਦਾ ਕੋਈ ਕਸੂਰ ਨਹੀਂ। ਡਾਕਟਰ ਨੇ ਫੁਸਲਾ ਕੇ ਉਹਦਾ ਸਤਿਆਨਾਸ ਕਰ ਦਿਤਾ ਹੈ।"

ਕਮਲੀ ਵੀ ਆਪਣੇ ਵਿਛੌਣੇ ਤੇ ਜਾਗਦੀ ਪਈ ਹੈ। ਅਜ ਉਹਨੂੰ ਵਾਰ-ਵਾਰ ਡਾਕਟਰ ਦੀ ਯਾਦ ਆਉਂਦੀ ਹੈ। ਡਾਕਟਰ ਦਾ ਹਸਣਾ, ਬੋਲਣਾ, ਰੁਸਣਾ ਝਗੜਨਾ, ਮਿੱਠੀਆਂ-ਮਿੱਠੀਆਂ ਗੱਲਾਂ ਕਰਨੀਆਂ ਅਤੇ ਬਾਹਵਾਂ 'ਚ ਜਕੜ ਕੇ...। ਉਹਦੀਆਂ ਅੱਖਾਂ ਭਰ ਭਰ ਆਉਂਦੀਆ ਨੇ। ਪਰ ਡਾਕਟਰ ਨੇ ਕਿਹਾ ਹੈ, ਜੋ ਹੋਵੇਗਾ, ਮੰਗਲ ਹੋਵੇਗਾ।...ਜੇ ਡਾਕਟਰ ਨੂੰ ਦਾਮੁਲ ਹੇਜ ਹੋ ਜਾਵੇ ਤਾਂ ? ਮਾਂ ਰੋਂਦੀ ਕਿਉਂ ਸੀ ? ਮਹਾਭਾਰਤ ਵਿਚ ਕੁੰਤੀ, ਦੇ ਵਿਧਾਨੀ ਅਹੱਲਿਆ, ਦ੍ਰੋਪਦੀ, ਕਿਹੜੀ ਅਜਿਹੀ ਨਹੀਂ ਹੈ, ਜਿਸ ਨੂੰ...? ਡਾਕਟਰ ਨੇ ਕਿਹਾ ਹੈ, ਸਾਨੂੰ ਦੋਵਾਂ ਨੂੰ ਕੋਈ ਅਲਗ ਨਹੀਂ ਕਰ ਸਕਦਾ।

"ਡਾਕਟਰ ਨੇ ਕੀ ਕਿਹਾ ਹੈ ?" ਤਹਿਸੀਲਦਾਰ ਸਾਹਿਬ, ਸਵੇਰ ਵੇਲੇ ਚਾਹ ਪੀਣ ਸਮੇਂ ਪੁਛਦੇ ਨੇ — "ਪੁੱਛੋ ਕਮਲਾ ਨੂੰ ਸਹੀ ਸਹੀ ਡਾਕਟਰ ਨੇ ਕੀ ਕਿਹਾ ਹੈ ?"

"ਕਹਿੰਦੀ ਹੈ, ਡਾਕਟਰ ਕਹਿੰਦਾ ਸੀ, ਸਾਨੂੰ ਕੋਈ ਅਲਗ ਨਹੀਂ ਕਰ ਸਕਦਾ।" ਮਾਂ ਹੌਲੀ ਹੌਲੀ ਏਧਰ ਉਧਰ ਦੇਖ ਕੇ ਕਹਿੰਦੀ ਹੈ।

"ਉਹ ਤਾਂ ਸਮਝਿਆ।" ਤਹਿਸੀਲਦਾਰ ਸਾਹਿਬ ਦਾ ਚਿਹਰਾ ਫੇਰ ਬੁਝ ਜਿਹਾ ਜਾਂਦਾ ਹੈ — "ਪਰ ਸਵਾਲ ਤਾਂ ਇਹ ਹੈ ਕਿ ਉਹ ਤਾਂ ਜੇਲ੍ਹ ਵਿਚ ਹੈ, ਹੁਣ ਕੀ ਸਜ਼ਾ ਹੁੰਦੀ ਹੈ, ਇਹ ਕੌਣ ਜਾਣੇ ?...ਫੇਰ ਮਰਦ ਦੀ ਗੱਲ ਦਾ ਕੀ ਟਿਕਾਣਾ ?...ਕਮਲਾ ਕੋਲ ਉਹਦੀ ਕੋਈ ਚਿੱਠੀ ਪੱਤਰੀ ਹੈ ?"

ਤਹਿਸੀਲਦਾਰ ਸਾਹਿਬ ਕਾਨੂੰਨਚੀ ਬੰਦੇ ਹਨ। ਕਾਗਜ਼ਾਂ ਤੇ ਤੁਹਾਡੇ ਹੱਥ ਦਾ 'ਕਾ' ਵੀ ਲਿਖਿਆ ਰਵ੍ਹੇ ਤਾਂ ਉਸ ਤੋਂ ਉਹ ਸਾਰੀ ਦਸਤਾਵੇਜ਼ ਏਦਾਂ ਦੀ ਬਣਾ ਦੇਣ ਕਿ ਪਟਨੇ ਦਾ ਇਸਪਾਟ (ਵਿਸ਼ੇਸ਼ਗ) ਵੀ ਨਾ ਪਛਾਣ ਸਕੇ ਕਿ ਅਸਲੀ ਹੈ ਜਾਂ ਜਾਲ੍ਹੀ।

"ਚਿੱਠੀ ਪੱਤਰੀ ਜੇ ਹੋਵੇਗੀ ਤਾਂ ਉਹ ਦੇਵੇਗੀ ਨਹੀਂ। ਉਹ ਕਹਿ ਰਹੀ ਸੀ ਕਿ ਸਾਨੂੰ ਗੁਦਾਮ ਘਰ ਵਿਚ ਬੰਦ ਰਖੋ। ਲੋਕ ਤਾਂ ਜਾਣਦੇ ਹੀ ਹਨ ਕਿ ਕਮਲਾ ਬੀਮਾਰ ਹੈ। ਤਦ ਤਕ ਡਾਕਟਰ ਆ ਜਾਵੇਗਾ।...ਕੁੜੀ ਦੀਆਂ ਗੱਲਾਂ ਸੁਣ ਦੇ ਕਲੇਜਾ ਸਥਿਰ ਨਹੀਂ ਰਹਿੰਦਾ। ਕਹਿੰਦੀ ਸੀ, ਮਾਂ ਅਪਰਾਧ ਲਈ ਅਖੀਰ ਕੋਈ ਸਜ਼ਾ ਤਾਂ ਮਿਲਣੀ ਹੀ ਚਾਹੀਦੀ ਹੈ। ਸਾਨੂੰ ਘਰ 'ਚ ਹੀ ਜੇਲ੍ਹ ਦੇ ਦਿਉ।"

"ਇਸ-ਇਸ।" ਤਹਿਸੀਲਦਾਰ ਸਾਹਿਬ ਦਾ ਵੀ ਦਿਲ ਕਸਕ ਪੈਂਦਾ ਹੈ। "ਕਮਲਾ ਦੀ ਮਾਂ! ਮੇਰੀ ਧੀ ਹੁਣ ਮੇਰੇ ਸਾਹਮਣੇ ਨਹੀਂ ਆਊਗੀ ? ਕਿਉਂ ? ਇਕ ਵਾਰ ਉਹਦੇ ਨਾਲ ਗੱਲ ਕਰਨੀ ਚਾਹੁੰਦਾ ਹਾਂ। ਤੂੰ ਕੀ ਕਹਿੰਦੀ ਏਂ ?"

ਉਠ! ਕਮਲਾ ਦੇ ਚਿਹਰੇ ਤੇ ਦਿਨੋ ਦਿਨ ਤੇਜ਼ ਆਉਂਦਾ ਜਾ ਰਿਹਾ ਹੈ। ਮੁਖ-ਮੰਡਲ ਚਮਕ ਰਿਹਾ ਹੈ, ਪਰ ਅਜ ਉਹਦੀਆਂ ਨਿਗਾਹਾਂ ਨੀਵੀਆਂ ਹਨ। ਚੁਪ ਚਾਪ ਆ ਕੇ ਪਰਦੇ ਦੀ ਓਟ ਵਿਚ ਖਲੋ ਜਾਂਦੀ ਹੈ।

"ਦੀਦੀ।"

"........"

"ਏਧਰ ਆ ਦੀਦੀ। ਤੁਹਾਡਾ ਕੋਈ ਕਸੂਰ ਨਹੀਂ ਬੇਟਾ।"

"ਬਾਬੂ ਜੀ, ਮੇਰੀ ਸੂਰਤ ਨਾ ਦੇਖੋ।...ਮੈਨੂੰ ਗੁਦਾਮ ਘਰ 'ਚ ਬੰਦ ਕਰ ਦਿਓ।" ਕਮਲੀ ਰੋ ਪੈਂਦੀ ਹੈ। ਮੁਸ-ਮੁਸ ਕਰ ਕੇ।

ਕਮਲਾ ਕਹਿੰਦੀ ਹੈ, ਜਾਪਦਾ ਹੈ ਕਿ ਇਹ ਡਾਕਟਰ ਨਹੀਂ ਜਿੰਨ ਹੈ...ਇਕ ਵਾਰੀ ਗੌਰੀ ਮਾਸੀ ਨੇ ਜਿੰਨ-ਪੀਰ ਦੀ ਕਹਾਣੀ ਸੁਣਾਈ ਸੀ।"

"ਡਰ ਤਾਂ ਨਹੀਂ ਲਗਦਾ ?"

"ਨਹੀਂ ਮਾਂ! ਡਾਕਟਰ ਹੁਣ ਸਦਾ ਮੇਰੇ ਕੋਲ ਰਹਿੰਦਾ ਹੈ। ਮੈਨੂੰ ਡਰ ਨਹੀਂ ਲਗਦਾ। ਏਸੇ ਲਈ ਮੈਂ ਇਕਾਂਤ ਵਿਚ ਹਨੇਰੇ ਵਿਚ ਰਹਿਣਾ ਚਾਹੁੰਦੀ ਹਾਂ। ਮਾਂ, ਡਾਕਟਰ ਦਾ ਕੋਈ ਕਸੂਰ ਨਹੀਂ, ਉਹ ਸਚੀ ਮੁਚੀ ਜਿੰਨ ਹੈ।"

ਸੁਣਦੇ ਹਾਂ ਕਿ ਜਿੰਨ ਜਿਸ ਕਿਸੇ ਤੇ ਪ੍ਰਸੰਨ ਹੋਵੇ ਉਹਨੂੰ ਤੁਰਤ ਕੁਝ ਤੋਂ ਕੁਝ

ਬਣਾ ਦਿੰਦਾ ਹੈ। ਰੁਪਏ ਪੈਸੇ, ਜਗ੍ਹਾ-ਜਮੀਨ ਤੁਰਤ ਢੇਰ ਲਾ ਦਿੰਦਾ ਹੈ। ਅਤੇ ਜਿੰਨ ਜਦੋਂ ਲੈਣ ਲਗੇ ਤਾਂ ਧਾਨ ਦੀਆਂ ਬੁਖਾਰੀਆਂ ਦੀਆਂ ਬੁਖਾਰੀਆਂ 'ਚ ਚੂਹੇ ਲਗ ਜਾਣਗੇ...ਤਮਾਖੂ ਤੇ ਪੱਥਰ ਡਿਗ ਪਵੇਗਾ।...ਕਿਸੇ ਵੱਡੇ ਸੈਸ਼ਨ ਕੇਸ ਵਿਚ ਫਸਣਾ ਪਵੇਗਾ।...ਤਹਿਸੀਲਦਾਰ ਸਾਹਿਬ ਹਿਸਾਬ ਕਰ ਕੇ ਵੇਖਦੇ ਹਨ, ਡਾਕਟਰ ਜਦੋਂ ਤੋਂ ਉਨ੍ਹਾਂ ਦੇ ਪਰਿਵਾਰ ਵਿਚ ਘੁਲਿਆ ਮਿਲਿਆ ਹੈ, ਰੋਜ਼ ਆਲਮ-ਗਲਮ 'ਚੋਂ ਆਮਦਨੀ ਹੁੰਦੀ ਹੀ ਰਹਿੰਦੀ ਹੈ, ਜਿਸ ਗੱਲ ਨਾਲ ਸਾਰੇ ਪਿੰਡ ਦਾ ਨੁਕਸਾਨ ਹੋਇਆ, ਉਸ ਵਿਚੋਂ ਵੀ ਨਫਾ ਹੀ ਰਿਹਾ ਤਹਿਸੀਲਦਾਰ ਨੂੰ। ਮੁਕੱਦਮੇ ਵਿਚ ਮੁੱਲ ਫਸ ਗਏ ਅਤੇ ਏਡਾ ਵੱਡਾ ਸੈਸ਼ਨ ਕੇਸ ਦੂਜਿਆਂ ਦੇ ਸਿਰ ਹੀ ਮੜ੍ਹਿਆ ਗਿਆ। ਆਪਣੇ ਘਰੋਂ ਤਾਂ ਇਕ ਪੈਸਾ ਵੀ ਨਹੀਂ ਲਗਾ, ਉਪਰੋਂ ਪੰਜ ਹਜ਼ਾਰ ਦੇ ਲਗਭਗ ਫਾਇਦਾ ਹੀ ਹੋਇਆ। ਖਿਲਾਵਨ, ਰਾਮ-ਕਿਰਪਾਲ ਸਿੰਘ ਵਗੈਰਾ ਦੀ ਜ਼ਮੀਨ ਮਿਲੀ ਸੋ ਮੁਫਤ ਵਿਚ ਹੀ। ਕਮਲਾ ਠੀਕ ਕਹਿੰਦੀ ਹੈ — ਡਾਕਟਰ ਜਿੰਨ ਹੈ।

"ਕਮਲੀ ਨੇ ਇਕ ਹਫਤਾ ਬੜੇ ਮੌਜ 'ਚ ਕਟ ਦਿਤਾ। ਕੁਝ ਕਿਤਾਬਾਂ ਪੜ੍ਹਨ ਲਈ ਮੰਗੀਆਂ ਨੇ — "ਵਿਸ਼ ਬ੍ਰਿਕਸ਼, ਇੰਦਿਰਾ, ਰਾਜ ਸਿੰਘ, ਆਨੰਦ ਮਠ, ਦੇਵਦਾਸ, ਸ੍ਰੀ ਕਾਂਤ, ਰੰਗਭੂਮੀ, ਗੋਦਾਨਅ ਤੇ...ਹਰਿਮੋਹਨ ਬਾਬੂ ਦੀ ਕੰਨਿਆਦਾਨ। ਬਸ ਹਾਲੇ ਏਨਾਂ ਹੀ। ਡਾਕਟਰ ਸਾਹਿਬ ਦੀ ਅਲਮਾਰੀ ਵਿਚ ਹਨ ਕਿਤਾਬਾਂ।...ਹਾਂ, ਹਾਂ... ਕਢਾਉ।...ਪਿਆਰੂ ਨੂੰ ਕਹੋ।"

ਗੁਦਾਮ ਘਰ ਦੀਆਂ ਉਪਰਲੀਆਂ ਖਿੜਕੀਆਂ ਵਿਚ ਦੀ ਚੰਨ ਝਾਕਦਾ ਹੈ।... ਸਿਆਲਨੇ ਦੀ ਚਾਨਣੀ। ਚੰਨ ਬੱਦਲਾਂ ਵਿਚ ਲੁਕ ਜਾਂਦਾ ਹੈ। ..ਮਾਂ ਦੁਰਗਾ ਦੇ ਆਉਣ ਦੀ ਸੂਚਨਾ ਮਿਲ ਗਈ ਹੈ। ਐਤਕੀਂ ਦੇਵੀ ਕਿਸ ਚੀਜ਼ ਤੇ ਚੜ੍ਹ ਕੇ ਆਵੇਗੀ, ਬਾਬਾ ਨੂੰ ਲਿਖ ਕੇ ਪੁਛਣਾ ਪਵੇਗਾ। ਜ਼ਰੂਰ ਹਾਥੀ ਤੇ ਆਈ ਹੋਵੇਗੀ। ਜਦੋਂ ਹਾਥੀ ਤੇ ਆਉਂਦੀ ਹੈ ਮਾਂ...।

## ਬਾਰ੍ਹਾਂ

ਜੈ ! ਦੁਰਗਾ ਮਾਤਾ ਦੀ ਜੈ।

ਚੰਪਾਪੁਰ ਦੇ ਕੁਮਾਰ ਸਾਹਿਬ ਨੇ ਐਤਕੀ ਫੇਰ ਬੜੇ-ਬੜੇ ਭਲਵਾਨਾਂ ਨੂੰ ਬੁਲਾਇਆ ਹੈ। ਕੁਸ਼ਤੀ, ਸ਼ਿਕਾਰ, ਸੰਗੀਤ ਅਤੇ ਸਾਹਿਤ, ਸਾਰਿਆਂ ਦਾ ਇਕ ਮਿਲਿਆ-ਜੁਲਿਆ ਸਥਾਨ ਰਹੀ ਹੈ ਚੰਪਾਪੁਰ ਦੀ ਡਿਉੜੀ।

ਬੁੱਢੇ ਰਾਜੇ ਦੇ ਸਮੇਂ ਦੀ ਗੱਲ ਜਾਣ ਦਿਉ। ਹਾਲੇ ਵੀ ਕੁਝ ਘੱਟ ਨਹੀਂ— ਵਿਸ਼ਵ

ਕਵੀ ਰਾਵਿੰਦਰ ਨੇ ਜਿਸ ਦਿਉੜੀ ਦੀ ਸਾਹਿਤ ਗੋਸ਼ਠੀ ਵਿਚ ਵਿਚ ਆਪਣੀ ਪ੍ਰਸਿੱਧ ਰਚਨਾ ਰਾਜਾ-ਰਾਣੀ ਕਹੀ ਹੈ, ਜਿਥੇ ਸੰਗੀਤ ਮੰਡਲੀ ਵਿਚ ਪੂਰੇ ਇਕ ਹਫਤੇ ਤਕ ਵਿਆਜ਼ ਖਾਂ ਦੀ ਅਮਰ ਸੁਰ ਲਹਿਰੀ ਥਿਰਕ ਚੁਕੀ ਹੈ। ਬੁਢੇ ਰਾਜੇ ਨੇ ਸ਼ਿਕਾਰ ਤੇ ਕਈ ਕਿਤਾਬਾਂ ਲਿਖੀਆਂ ਹਨ...।

...ਪੰਜਾਬੀ ਭਲਵਾਨ ਮੁਸ਼ਤਾਕ ਦਾ ਚੇਲਾ 'ਚੰਦ' ਆਇਆ ਹੈ ਐਤਕੀਂ। ਜੰਮੇਗਾ!...ਕਾਲੀਚਰਨ ਬੰਨਮੰਖੀ ਕੋਲ ਇਕ ਪਿੰਡ ਵਿਚ ਹੈ। ਦੂਰ ਦੇ ਰਿਸ਼ਤੇਦਾਰ ਬੜੇ ਚਲਾਕ ਬੰਦੇ ਹਨ। ਉਹਦਾ ਨਾਂ ਬਦਲ ਦਿਤਾ ਹੈ — ਰੁਸਤਮ ਖਾਂ। ਲੋਕਾਂ ਨੂੰ ਕਹਿੰਦਾ ਹੈ, ਰੁਸਤਮ ਖਾਂ ਤਮਾਖੂ ਦਾ ਦਲਾਲ ਹੈ, ਪੂਰਣੀਆਂ ਹੈ। ਕਲ ਚੰਦ ਅਖਾੜੇ ਵਿਚ ਜਾਂਘੀਆ ਲਾ ਕੇ ਨਿੱਤਰਿਆ. ਪਰ ਸੁਣਦੇ ਹਾਂ ਕਿ ਕੋਈ ਜੋੜ ਹੀ ਨਹੀਂ ਮਿਲਿਆ।...ਕਾਲੀਚਰਨ ਆਕੜ ਜਾਂਦਾ ਹੈ। ਉਹ ਜਾਵੇਗਾ, ਜ਼ਰੂਰ-ਜ਼ਰੂਰ।

...ਚੰਪਾਪੁਰ ਮੇਲੇ ਦਾ ਦੰਗਲ ਹੈ ਬਾਬੂ।...ਦੇਖਣ ਵਾਲਿਆਂ ਵਿਚ ਕਦੀ ਕਦੀ ਏਨੇ ਜੋਸ਼ ਸੁਆਰ ਹੁੰਦਾ ਹੈ ਕਿ ਆਲੇ ਦੁਆਲੇ ਦੇ ਲੋਕਾਂ ਵਿਚ ਧੱਕਾ ਮੁੱਕੀ ਸ਼ੁਰੂ ਹੋ ਜਾਂਦੀ ਹੈ। ਸਿਪਾਹੀ ਜੀ ਲੋਕ ਸੋਟੀ ਨਾ ਹਿਲਾਉਂਦੇ ਰਹਿਣ ਤਾਂ ਹਰ ਸਾਲ ਇਕ ਦੋ ਬੰਦੇ ਦੱਬ ਕੇ ਮਾਰ ਜਾਣ।

ਅੱਜ ਵੀ ਚੰਦ ਜਾਂਘੀਆ ਲਾ ਕੇ ਘੁੰਮ ਰਿਹਾ ਹੈ। ਕਾਲੀਚਰਨ ਭੀੜ ਵਿਚੋਂ ਦੇਖਦਾ ਹੈ, "ਵਾਹ! ਬਲਿਹਾਰੀ ਮਿਤਰਾ! ਸਰੀਰ ਤਾ ਖੂਬ ਕਮਾਇਆ ਹੈ। ਬਲਿਹਾਰੀ ਮਿਤਰਾ।"

...ਹੈਂ! ਅਜ ਵੀ ਚੰਦ ਦਾ ਜੋੜ ਨਹੀਂ ਮਿਲਿਆ।...ਜੈ-ਜੈ! ਦੁਰਗਾ ਮਾਈ ਦੀ ਜੈ। ਜੋੜ ਨਹੀਂ ਮਿਲਿਆ। ਜੈ।

ਭਿੰਪੋਂ ਭਿੰਪੋਂ ਭੈਂ ਭੈਂ...ਪੋਂ ਪੋਂ।

"ਅ...ਜ...ਜ...ਜਾ। ਆ...ਆਲੀ।" ਹਾਫ ਕਮੀਜ ਅਤੇ ਪਜਾਮਾ ਪਾੜ ਕੇ ਚੀਥੜੇ ਕਰਦਾ ਹੋਇਆ ਕਾਲੀਚਰਨ ਮੈਦਾਨ ਵਿਚ ਨਿਤਰ ਪੈਂਦਾ ਹੈ!

"ਹੈ! ਹੈਂ ਪਾਗਲ ਹੈ, ਮਾਰੋ, ਮਾਰੋ।"

"ਨਹੀਂ ਜੀ।...ਜਾਂਘੀਆ ਹੈ ਅੰਦਰ।"

...ਓਏ! ਵਾਹ। ਇਹ ਤਾਂ ਅਸਲ ਜੋੜ ਹੈ।. ਕੌਣ ਹੈ? ਅਖਾੜੇ ਵਿਚ ਨਿਤਰਨ ਦਾ ਢੰਗ ਹੀ ਕੁਝ ਅਜਿਹਾ ਹੈ ਕਿ ਸਭ ਦੀਆਂ ਅੱਖਾਂ ਚਮਕ ਉਠਦੀਆਂ ਨੇ...। ਸਭ ਦੀਆਂ ਨਿਗਾਹਾਂ ਆਪਸ ਵਿਚ ਮਿਲਦੀਆਂ ਨੇ— ਹਾਂ, ਇਹੋ ਹੈ ਚੰਦ ਦੀ ਜੋੜੀ।

ਮੰਡਲ ਜੀ ਨਾਮ ਧਾਮ ਪੁਛ ਕੇ ਛੇਤੀ ਨਾਲ ਕੁਸ਼ਤੀ ਸ਼ੁਰੂ ਕਰਵਾਣ ਦਾ ਹੁਕਮ ਦੇ ਰਹੇ ਹਨ, ਸਰਕਾਰ।

ਸਾਰੇ ਬਾਜੇ ਗਾਜੇ ਅਚਾਨਕ ਰੁਕ ਗਏ ਹਨ...ਕੀ ਹੋਇਆ? ਕੁਸ਼ਤੀ ਹੋਵੇਗੀ ਜਾਂ

ਨਹੀਂ ?, ਭਲਵਾਨ ਮੁਸ਼ਤਾਕ ਅਲੀ ਹੱਥ ਜੋੜ ਕੇ ਕੀ ਕਹਿ ਰਿਹਾ ਹੈ, ਵੱਡੇ ਕੁਮਾਰ ਸਾਹਿਬ ਨੂੰ ? ਕੀ ਨਾਂ ਦਸਿਆ ?...ਰੁਸਤਮ ਅਲੀ ? ਜੋਗਬਨੀ ਦਾ ? ਮੋਰੰਗੀਆ ਹੈ ? ਨਹੀਂ ਨਹੀਂ ਨਹੀਂ ਦੇਸੀਆ ਹੀ ਹੈ।...ਵਾਹ, ਅਲਬੱਤ ਜੋੜਾ ਹੈ।

ਚਟਾਕ ਚਟ ਧਾ ! ਚਟ ਧਾ ਗਿੜ ਧਾ।

ਓਏ ਵਾਹ ਉਸਤਾਦ। ਲੈ-ਲੈ-ਲੈ...ਬਚ ਗਿਆ। ..ਓਏ, ਇਹ ਤਾਂ ਬਿਜਲੀ ਹੈ—ਬਿਜਲੀ। ਚੰਦ ਨੱਚ ਰਿਹਾ ਹੈ। ਇਹ ਪੰਜਾਬੀ ਪੈਂਤੜਾ ਹੈ। ਰੁਸਤਮ ਚੁਪਚਾਪ ਮੁਸਕਰਾ ਰਿਹਾ ਹੈ।...'ਮੰਗਲਾ...ਉਸਤਾਦ। ਅਜ ਦੀ ਬਾਜੀ ਜੇ ਹਾਰ ਗਏ ਤਾਂ ਸਮਝਾਂਗੇ ਕਿ ਮੰਗਲਾ ਨੂੰ ਛੂਹਣਾ ਪਾਪ ਹੋਇਆ।...ਜੇ ਜਿੱਤ ਗਏ ਤਾਂ...ਇਹੋ ਪ੍ਰੀਖਿਆ ਹੈ ਮੇਰੀ।'... ਚੰਦ ਨੂੰ ਇਹ ਕੀ ਐਬ ਲਾ ਦਿਤਾ ਹੈ ਉਹਦੇ ਗੁਰੂ ਨੇ ? ਏਨਾ ਪਾਗਲ ਹੋ ਕੇ ਟੁਟਦਾ ਕਿਉਂ ਹੈ ? ਕਾਲੀ...ਰੁਸਤਮ ਮੁਸਕਰਾ ਕੇ ਇਕ ਛੋਟੀ ਦੁਲਕੀ ਲੈਂਦਾ ਹੈ, ਚੰਦ ਨੇ ਅਚਾਨਕ ਹੀ ਫੇਰ ਹਮਲਾ ਕੀਤਾ।

"ਅ-ਜਾ-ਜਾ।"...ਭਰਾਵਾ, ਇਹ ਰੁਸਤਮ ਖਾਂ ਵੀ ਤਾਂ ਕਮਾਲ ਹੈ। ਕੀ ਕੋਈ ਜਾਦੂ ਜਾਣਦਾ ਹੈ ? ਹਾਂ, ਚੰਦ ਨੂੰ ਪਤਾ ਲਗ ਗਿਆ ਹੈ।

"ਨਹੀਂ ਜੀ, ਕਿਥੇ ਪੰਜਾਬੀ ਅਤੇ ਕਿਥੇ ਦਸੀਆ।"

...ਕਿਤੇ ਦਰੋਗਾ ਸਾਹਿਬ ਤਾਂ ਨਹੀਂ ਦੇਖ ਰਹੇ...ਕੀ ਟਿਕਾਣਾ। ਖੇਲ ਦਿਖੌਣ ਦਾ ਸਮਾਂ ਨਹੀਂ। ਛੇਤੀ ਫੈਸਲਾ ਹੋ ਜਾਣਾ ਚਾਹੀਦਾ ਹੈ...।

"ਓਏ, ਲਾ ਲਾ ਰਾ ਜਾ ਹਾ ਹਾ ਹਾ...ਹਾਂ, ਹੋ ਹੋ, ਜੈ ਜੈ ਜੈ।"

ਪਿਛੇ ਵਾਲੇ ਉਛਲ ਉਛਲ ਕੇ ਦੇਖਦੇ ਹਨ। ਨੇੜੇ ਦੇ ਬਿਰਛ ਦੀ ਇਕ ਡਾਲੀ ਟੁੱਟ ਗਈ। ਕੀ ਹੋਇਆ ?

...ਸਾਫ ?...ਕੌਣ ? ਡੇੜ ਗਜ਼ ਦੇ ਇਕ ਛੋਟੇ ਜਿਹੇ ਚੱਕਰ ਵਿਚ ਰੁਸਤਮ ਘੁੰਮਿਆਂ ਅਤੇ ਚੰਦ ਨੂੰ ਆਸਮਾਨ ਦਿਖਾ ਦਿਤਾ।

"ਕਿਥੇ ਗਿਆ ? ਰੁਸਤਮ ਕਿਥੇ ਗਿਆ ? ਵੱਡੇ ਕੁਮਾਰ ਸਾਹਿਬ ਭਾਵ-ਵਿਹਵਲ ਹੋ ਕੇ ਪੁਕਾਰ ਰਹੇ ਹਨ। ਸ਼ਕਤੀ ਦਾ ਪੁਜਾਰੀ ਖੋਜ ਰਿਹਾ ਹੈ—"ਰੁਸਤਮ। ..ਭੀੜ ਨੂੰ ਹਟਾਓ। ਰੁਸਤਮ ਕਿਥੇ ਗਿਆ ?"

—ਜਾਪਦਾ ਹੈ, ਜੌਹਰੀ ਨੂੰ ਕੀਮਤੀ ਪੱਥਰ ਮਿਲ ਗਿਆ ਹੈ। ਨਹੀਂ, ਨਹੀਂ, ਹੱਥ ਆਉਂਦਾ ਆਉਂਦਾ ਗੁਆਚ ਗਿਆ ਹੈ। ਕਿਥੇ ਗਿਆ।...

ਰੁਸਤਮ ਲਾ ਪਤਾ ਹੋ ਗਿਆ।

ਬਹੁਤਿਆਂ ਨੇ ਕਿਹਾ—ਚਲਿੱਤਰ ਕਰਮਕਾਰ ਹੀ ਨਾਂ ਬਦਲ ਕੇ ਅਖਾੜੇ ਵਿਚ ਉਤਰਿਆ ਸੀ। ਚਲਿੱਤਰ ਨੂੰ ਸੁਣਦੇ ਹਾਂ, ਲਾਲ ਧੁਜਾ, ਹਨੂਮਾਨੀ ਝੰਡੇ ਦਾ ਮਹਾਤਮ ਮਿਲਿਆ ਹੈ। ਉਹ ਕਿਤੇ ਹਾਰ ਨਹੀਂ ਸਕਦਾ।

ਮੇਲੇ ਵਿਚ ਲਾਲ ਪਰਚਾ ਵੰਡਿਆ ਗਿਆ ਹੈ। ਲਿਖਿਆ ਹੈ—"ਕਮਿਊਨਿਸਟ ਪਾਰਟੀ ਦੇ ਲਾਲ ਝੰਡੇ ਨੂੰ ਬੁਲੰਦੀ ਨਾਲ ਚੁਕਣ ਵਾਲੇ ਚਲਿੱਤਰ ਕਰਮਕਾਰ ਉਤੋਂ ਵਰੰਟ ਹਟਾਓ।"

ਕਾਲੀਚਰਨ ਬੰਨਮੰਖੀ ਦੇ ਰਿਸ਼ਤੇਦਾਰ ਦੇ ਘਰੋਂ ਫਾਰਵਿਸ ਗੰਜ ਵਲ ਚਲਾ ਜਾਂਦਾ ਹੈ। ਸਕੱਤਰ ਸਾਹਿਬ ਉਹਨੂੰ ਨਹੀਂ ਮਿਲਣਾ ਚਾਹੁੰਦੇ। ਪਰ ਉਹ ਮਿਲੇਗਾ। ਸੁਣਦੇ ਹਾਂ, ਸਕੱਤਰ ਸਾਹਿਬ ਨੇ ਕਿਹਾ ਹੈ, ਕਾਲੀਚਰਨ ਬਗੈਰਾ ਪਾਰਟੀ ਦੇ ਮੈਂਬਰ ਨਹੀਂ, ਕਿਸਾਨ ਸਭਾ ਦੇ ਦੁਆਨੀਏਂ ਮੈਂਬਰ ਹਨ ।ਮਿਲ ਕੇ ਉਹ ਸਾਰੀਆਂ ਗੱਲਾਂ ਸਮਝਾਵੇਗਾ। ਉਸ ਰਾਤੀਂ ਉਹ ਪਾਟੀ ਆਫਿਸ ਵਿਚ ਧਰਮਪੁਰੀ ਜੀ ਨਾਲ ਵੀ ਮੁਲਾਕਾਤ ਨਹੀਂ ਹੋਈ, ਬੰਬਈ ਗਏ ਹਨ। ਕਾਲੀਚਰਨ ਆਪਣੀ ਪੂਰੀ ਸਫ਼ਾਈ ਦੇ ਕੇ ਹੀ ਹਾਜ਼ਰ ਹੋਵੇਗਾ।

"ਹੈਂ। ਤੁਸੀਂ।...ਕਾਲੀ।" ਮੰਗਲਾ ਡਰਦੀ ਡਰਦੀ ਸੰਭਲ ਗਈ, "ਕੀ ਡਫਾਲੀ ਮੀਆਂ ਵਰਗੀ ਸੂਰਤ ਬਣਾਈ ਹੈ। ਅੰਦਰ ਆ ਜਾਓ। ਕੋਈ ਡਰ ਨਹੀਂ। ਕੱਲੀ ਹਾਂ।"

ਕਾਲੀਚਰਨ ਮੰਗਲਾ ਨੂੰ ਮਿਲਣ ਆਇਆ ਹੈ—ਅਚਾਨਕ।

ਕਾਲੀਚਰਨ ਨੂੰ ਇਕ ਪੁਰਾਣੇ ਰੇਲਵੇ ਕੁਆਟਰ ਦੇ ਅੰਦਰ ਵਾਲੇ ਕਮਰੇ ਵਿਚ ਬਿਠਾ ਕੇ ਮੰਗਲਾ ਲੋਟਾ ਗਿਲਾਸ ਲੈ ਕੇ ਪਾਣੀ ਦੇ ਨਲਕੇ ਤੇ ਚਲੀ ਜਾਂਦੀ ਹੈ। ਕਾਲੀਚਰਨ ਦੇਖਦਾ ਹੈ—ਚਰਖਾ ਹੈ, ਪਿੰਜਣੀ ਵੀ ਹੈ, ਮੰਜੇ ਤੇ ਕੰਬਲ ਉਪਰ ਚਿੱਟੇ ਖੱਦਰ ਦੀ ਚਾਦਰ ਹੈ।...ਉਹਦੀਆਂ ਅੱਖਾਂ ਵਿਚ ਖੁਮਾਰੀ ਹੈ। ਰਾਤ ਭਰ ਬੈਲਗਡੀ ਤੇ ਜਾਗਦਾ ਹੀ ਰਿਹਾ ਹੈ। ਰੇਲ ਵਿਚ ਵੀ ਉਪਰ ਵਾਲੇ ਫੱਟੇ ਤੇ ਲੇਟਿਆ ਆਇਆ ਹੈ।...ਲੋਟਾ ਗਿਲਾਸ ਖੜਕਦਾ ਹੈ। ਠੰਡਾ ਪਾਣੀ। ਨਿੰਬੂ ਦਾ ਸ਼ਰਬਤ।

ਮੰਗਲਾ ਗਿਲਾਸ ਵਧਾਉਂਦੀ ਹੋਈ ਮੁਸਕਰਾਉਂਦੀ ਹੈ। "ਮੈਂ ਤਾਂ ਡਫਾਲੀ ਮੀਆਂ ਹੀ ਕਹਾਂਗੀ। ਰੁਸਤਮ ਅਲੀ ਤਾਂ ਜੋਗਬਨੀ ਮਿੱਲ੍ਹ ਦਾ ਬੁੱਢਾ ਸਰਦਾਰ ਹੈ।"

ਕਾਲੀਚਰਨ ਹੱਥ ਵਿਚ ਗਿਲਾਸ ਲੈ ਕੇ ਟਿਕਟਿਕੀ ਲਾ ਕੇ ਮੰਗਲਾ ਵਲ ਤਕਦਾ ਹੈ। ਮੰਗਲਾ ਕਿੰਨੀ ਮਾੜੀ ਹੋ ਗਈ ਹੈ। ਰੰਗ ਵੀ ਜ਼ਰਾ ਫਿੱਕਾ ਪੈ ਗਿਆ ਹੈ।

"ਖਬਰਦਾਰ! ਹੈਂਡਜ਼ ਅਪ।"

ਖਟ-ਖਟ, ਖਟ, ਖਟ।

...ਦਰੋਗਾ ਸਾਹਿਬ ਪਿਸਤੌਲ ਤਾਣੀ ਖਲੋਤੇ ਹਨ। ਅੱਠ ਦਸ ਸਿਪਾਹੀ ਬੰਦੂਕ ਦੀ ਨਾਲੀ ਨੂੰ ਇਸ ਤਰ੍ਹਾਂ ਤਾਣੀ ਖਲੋਤੇ ਹਨ, ਜਿਵੇਂ ਫੈਰ ਕਰ ਦੇਣਗੇ।

"ਦਾਰੋਗਾ ਸਾਬ੍ਹ। ਪਾਣੀ ਪੀ ਲੈਣ ਦਿਓ।" ਮੰਗਲਾ ਨੂੰ ਥਾਣੇ ਪੁਲਿਸ ਦਾ ਕੀ ਡਰ!

"ਤੁਸੀਂ...ਤੂੰ ਕੀ ਲਗਦੀ ਏਂ ਇਹਦੀ ? ਤੂੰ ਕੀ ਕਰਦੀ ਏਂ, ਤੈਨੂੰ ਵੀ ਗਿਰਫਤਾਰ ਕੀਤਾ ਜਾਂਦਾ ਹੈ।"

"ਦਾਰੋਗਾ ਸਾਬ੍ਹ ! ਇਨ੍ਹਾਂ ਨੂੰ ਪਾਣੀ ਪੀ ਲੈਣ ਦਿਓ।"

ਮੰਗਲਾ ਆਪਣਾ ਸਰਟੀਫਿਕੇਟ ਦੇਖਣ ਲਈ ਦਿੰਦੀ ਹੈ।

"ਔਹ ! ਤੁਸੀਂ ਚਰਖਾ ਸੈਂਟਰ ਦੀ ਮਹਿਲਾ ਹੋ..." ਦਰੋਗਾ ਸਾਹਿਬ ਮੰਗਲਾ ਦੇ ਸਰਟੀਫਿਕੇਟ ਨੂੰ ਦੇਖ ਕੇ ਵਾਪਸ ਕਰਦੇ ਹਨ।

"ਹਾਂ, ਮੇਰੀਗੰਜ ਵਿਚ ਕੰਮ ਕਰਦੀ ਸੀ। ਜਾਣ-ਪਛਾਣ ਸੀ, ਕੱਠਿਆਂ ਕੰਮ ਕੀਤਾ ਸੀ। ਇਸੇ ਲਈ...।"

"ਪੁੱਟ ਲਵੇ ਇਸ ਸਾਲੇ ਦੀ ਦਾੜ੍ਹੀ। ਤੇਰੀ ਮਾਂ ਨੂੰ...।"

"ਆਹ !" ਮੰਗਲਾ ਝਟ ਦੇ ਕੇ ਦਰਵਾਜ਼ਾ ਬੰਦ ਕਰ ਲੈਂਦੀ ਹੈ।

ਉਪਰੋਂ ਬੰਦੂਕ ਦੇ ਕੁੰਦੇ ਜੜ ਰਹੇ ਹਨ ਕਾਲੀ ਦੇ ਮੌਰਾਂ ਤੇ। ਉਹ ਸ਼ਰਬਤ ਦਾ ਢਕਾਰ ਲੈਂਦਾ ਹੋਇਆ ਪੁਲਿਸ ਲਾਰੀ ਵਿਚ ਜਾ ਬੈਠਦਾ ਹੈ। ਕੱਤਕ ਮਹੀਨੇ ਦੇ ਕਾਗਜ਼ੀ ਨਿੰਬੂ ਵਿਚ ਕਿੰਨੀ ਸੁਗੰਧ ਹੁੰਦੀ ਹੈ ।...ਸਿਰ 'ਚੋਂ ਝਰ ਝਰ ਖੂਨ ਡਿਗ ਰਿਹਾ ਹੈ, ਪਰ ਉਹਦਾ ਸਾਰਾ ਸਰੀਰ ਸੰਤੁਸ਼ਟ ਹੈ, ਸੁੰਨ ਹੈ।

ਦਰੋਗਾ ਸਾਹਿਬ ਉਹਦੇ ਮੂੰਹ ਵਿਚ ਹੰਟਰ ਤੁੰਨਦੇ ਹੋਏ ਕਹਿੰਦੇ ਹਨ—"ਸਾਲਾ ! ਮਰ ਜਾਵੇਗਾ, ਪਰ ਕਬੂਲੇਗਾ ਨਹੀਂ । ਸੋਮਾਂ ਸਾਲਾ ਵੀ ਬਿਲਕੁਲ ਏਦਾਂ ਦਾ ਹੀ ਹੈ। ਓਏ ! ...ਚਲਿੱਤਰ ਕਰਮਕਾਰ ਤੇਰੀ ਮਾਂ ਦਾ ਖਸਮ ਹੈ, ਹੈ ਨਾਂ ?"

ਕਾਲੀਚਰਨ ਦੇ ਹੱਥਾਂ ਦੀ ਹੱਥਕੜੀ ਇਕ ਵਾਰ ਛਣਕ ਉਠੀ। ਘਾਇਲ ਮੌਰਾਂ ਵਿਚ ਨਵਾਂ ਦਰਦ ਉਭਰ ਆਇਆ, ਅੱਖਾਂ ਵਿਚ ਖੂਨ ਉਤਰ ਆਇਆ...ਪਰ ਨਹੀਂ। ਉਹਦੀ ਪਾਟੀ ਬਦਨਾਮ ਹੋ ਰਹੀ ਹੈ, ਉਹ ਸਭ ਕੁਛ ਸਹੂਗਾ।

"ਭੇਜ ਦਿਉ ਸਾਲੇ ਨੂੰ।...ਬਾਸੂਦੇਵਾ ਤੇ ਸੁਨਰਾ ਤਾਂ ਦੋ ਹੀ ਥੱਪੜਾਂ ਵਿਚ ਬਕ ਕੇ ਉਗਲਣ ਲਗੇ। ਉਨ੍ਹਾਂ ਦੋਵਾਂ ਨੂੰ ਕੀ ਹੈ ? ਸਰਕਾਰੀ ਗੁਆਹ ਬਣ ਗਏ ਹਨ। ਛੁਟ ਜਾਣਗੇ ਦੋਵੇਂ। ਮਰਨਗੇ ਇਹ ਦੋਵੇਂ।...ਡਕੈਤੀ ਵਿਚ ਮਰਡਰ।"

ਨਿੰਬੂ ਦਾ ਸ਼ਰਬਤ ।...ਢਕਾਰ ਹਾਲੇ ਵੀ ਆ ਰਿਹਾ ਹੈ, ਕਾਲੀਚਰਨ ਨੂੰ।

—ਮੰਗਲਾ, ਮੈਨੂੰ ਮਾਫ ਕਰੀਂ।

## ਤੇਰਾਂ

ਬਾਲਦੇਵ ਜੀ ਰਾਮਕਿਸੂਨ ਆਸ਼ਰਮ ਵਿਚ ਬੜੇ ਦਿਨਾਂ ਪਿਛੋਂ ਆਏ ਹਨ।...

ਬਿਲਕੁਲ ਬਦਲ ਗਿਆ ਹੈ ਆਸ਼ਰਮ ਲੋਕ ਵੀ ਬਦਲ ਗਏ ਹਨ, ਕੁਝ ਚਾਲ-ਚਲਨ ਵੀ ਬਿਗੜ ਗਿਆ ਹੈ ਆਸ਼ਰਮ ਦਾ। ਹੁਣ ਤਾਂ ਲੋਕ ਮੱਛਲੀ ਅਤੇ ਆਂਡੇ ਵੀ ਚੌਂਕ ਵਿਚ ਬੈਠ ਕੇ ਖਾਂਦੇ ਹਨ। ਅਮੀਨ ਬਾਬੂ ਸਕੱਤਰ ਬਣੇ ਹਨ। ਕਹਿੰਦੇ ਹਨ, "ਮੱਛੀ-ਮਾਸ ਆਸ਼ਰਮ ਵਿਚ ਨਾ ਤਾਂ ਧੋਇਆ ਬਣਾਇਆ ਜਾਂਦਾ ਹੈ ਅਤੇ ਨਾਂ ਚੁਲ੍ਹੇ ਤੇ ਪਕਦਾ ਹੀ ਹੈ। ਲੋਕ ਸ਼ਹਿਰੋਂ ਪੱਕਿਆ ਪਕਾਇਆ ਲੈ ਆਉਂਦੇ ਹਨ, ਖਾਂਦੇ ਹਨ। ਇਹਦੇ ਵਿਚ ਕੀ ਹਰਜ਼ ਹੈ ?"

"ਹਰਜ਼ ਕੀ ਹੈ ?" ਬਾਲਦੇਵ ਜੀ ਹੱਕੇ-ਬੱਕੇ ਹੋ ਕੇ ਅਮੀਨ ਬਾਬੂ ਦਾ ਮੂੰਹ ਤਕਦੇ ਹਨ," ਪਰ...ਪਹਿਲਾਂ ਤਾਂ ਆਸ਼ਰਮ ਦੇ ਹਾਤੇ ਵਿਚ ਵੀ ਨਹੀਂ ਆਉਂਦਾ ਸੀ।"

"ਇਹ ਜਿਹੜਾ ਨਵਾਂ ਰਸੋਈ ਘਰ ਬਣਿਆ ਹੈ, ਇਹ ਆਸ਼ਰਮ ਦੀ ਜ਼ਮੀਨ ਵਿਚ ਨਹੀਂ, ਕੁਬੇਰ ਸਾਹ ਦੀ ਜ਼ਮੀਨ ਵਿਚ ਹੈ। ਹੁਣ ਤਾਂ ਤੁਸੀਂ ਜਗ੍ਹਾ ਜਮੀਨ ਵਾਲੇ ਆਦਮੀ ਹੋ ਗਏ, ਖਾਤਾ ਖਤਿਆਣ, ਨਕਸ਼ਾ ਪਰਚਾ ਦੇਖਣਾ ਤਾਂ ਜਰੂਰ ਸਿਖ ਗਏ ਹੋਵੋਗੇ।... ਜਾਓ, ਜਾ ਕੇ ਕਚਹਿਰੀ ਵਿਚ ਨਕਲ ਨਿਕਾਸ ਕਰਵਾ ਕੇ ਦੇਖ ਲਉ। ਸਮਝਿਆ।" ਫਾਰਵਿਸ ਗੰਜ ਦੇ ਨਵਤੁਰੀਆ ਨੇਤਾ ਛੋਟਨ ਬਾਬੂ ਕਹਿੰਦੇ ਹਨ।

ਬਾਲਦੇਵ ਜੀ ਕੱਟਮਟਾ ਕੇ ਉਨ੍ਹਾਂ ਵਲ ਦੇਖਦੇ ਹਨ। ਛੋਟਨ, ਫਾਰਵਿਸ ਗੰਜ ਦਾ ਇਹ ਲੁੱਚਾ ਲਫੰਗਾ ਹਰ ਗੱਲ ਵਿਚ ਢੁੱਚ ਢੁਚ ਕਰਦਾ ਹੈ। ਅਮੀਨ ਬਾਬੂ ਨਾਲ ਦਿਨੇ ਰਾਤੀਂ ਰਹਿੰਦਾ ਹੈ ਨਾ, ਇਸੇ ਲਈ ਮੂੰਹ ਜ਼ੋਰ ਵੀ ਹੋ ਗਿਆ ਹੈ।...ਝੂਠਾ ਤਾਂ ਨੰਬਰ ਇਕ ਹੈ। ਫਾਰਵਿਸ ਗੰਜ ਦਾ ਨਾਂ ਫਰੇਵ ਗੰਜ ਕਹੂਗਾ ਇਹ, ਇਹਦੇ ਵਿਚ ਕੋਈ ਸ਼ਕ ਨਹੀਂ।

"ਛੋਟਨ ਬਾਬੂ। ਖਾਤਾ-ਖਤਿਆਨ, ਨਕਸ਼ਾ-ਪਰਚਾ ਦੇਖ ਕੇ ਅਸੀਂ ਕੀ ਕਰਾਂਗੇ। ਰਾਮਕਿਸ਼ੁਨ ਬਾਬੂ ਦੇ ਜ਼ਮਾਨੇ ਵਿਚ......।"

"ਰਾਮਕਿਸ਼ੁਨ ਬਾਬੂ ਦਾ ਜ਼ਮਾਨਾਂ ਰਾਮਕਿਸ਼ੁਨ ਬਾਬੂ ਨਾਲ ਚਲਾ ਗਿਆ।" ਛੋਟਨ ਬਾਬੂ ਦਾ ਟੰਡੇਲ ਭੋਲਟੀਅਰ (ਨੇਤਾ ਦਾ ਨਿੱਜੀ ਨੌਕਰ) ਮਟਰਾ ਵੀ ਬੋਲਦਾ ਹੈ," "ਇਹ ਕਾਂਗਰਸ ਆਫਿਸ ਹੈ, ਬਾਬਾ ਜੀ ਦਾ ਮੱਠ ਨਹੀਂ।"

ਬਾਲਦੇਵ ਜੀ ਦੀ ਅਕਲ ਗੁੰਮ ਹੋ ਰਹੀ ਹੈ।

ਖੈਨੀ ਨਾਲ ਸੜੇ ਹੋਏ ਦੰਦ ਕੱਢ ਕੇ ਮਟਰਾ ਹੱਸਦਾ ਹੈ। ਫੇਰ ਮਟਕੀ ਮਾਰ ਕੇ ਕਹਿੰਦਾ ਹੈ, "ਕਬੀਰਾਹਾ ਵਿਚ ਤਾਂ ਸਭ ਧਨ ਸਾਹਿਬ ਦਾ ਹੀ ਹੁੰਦਾ ਹੈ।...ਖੰਜੜੀ ਬਜੌਣਾਂ ਸਿਖੇ ਹੋ ਕਿ ਨਹੀਂ ?"

"ਹਾ-ਹਾ-ਹਾ-ਹਾ।" ਸਾਰੇ ਖੁਲ੍ਹ ਕੇ ਹਸਦੇ ਹਨ।

ਚੰਨਪਟੀ ਦਾ ਗੁਦਰੂ ਕਹਿੰਦਾ ਹੈ—"ਬਾਲਦੇਵ! ਹੁਣ ਉਹ ਆਪਣੇ ਪਿੰਡ ਵਿਚ ਆਉਗੇ ਤਾਂ ਜਤਿਆਰੀ ਭੋਜ ਵਿਚੋਂ ਫੜਕੇ ਉਠਾ ਦਿਤੇ ਜਾਉਗੇ।"

"ਬਾਲਦੇਵ ਮੇਰੀਗੰਜ ਦਾ ਇਕਾਂਤੀ ਮਜ਼ਾ ਛੱਡ ਕੇ ਪਿੰਡ ਕਿਉਂ ਜਾਵੇਗਾ?...ਅੰਨ੍ਹਿਆਂ ਵਿਚ ਕਾਣਾਂ ਬਣਕੇ ਮੌਜ ਕਰ ਰਿਹਾ ਹੈ।"

"ਹਾ-ਹਾ-ਹਾ-ਹਾ-ਹਾ-ਹਾ-ਹਾ-ਹਾ-ਹਾ।"

ਬਾਲਦੇਵ ਜੀ ਦੀਆਂ ਅੱਖਾਂ ਵਿਚ ਅਥਰੂ ਆ ਜਾਂਦੇ ਹਨ। ਜੇ ਦੇਰਿਕ ਸਰਮਾਂ ਆ ਜਾਂਦੇ ਤਾਂ ਉਹ ਫੁਟ ਫੁਟ ਕੇ ਰੋ ਪੈਂਦਾ ਹੈ। ਸਰਮਾਂ ਨੇ ਔਂਦਿਆਂ ਹੀ ਕਿਹਾ—"ਕੀ ਹੈ, ਕੀ ਹੈ ? ਬਾਲਦੇਵ ਜੀ ਨੂੰ ਤੁਸੀਂ ਲੋਕ ਕਿਉਂ ਚਿੜਾ ਰਹੇ ਹੋ ?"

"ਚਿੜੌਂਦੇ ਕਿਥੇ ਹਾਂ ? ਅਸੀਂ ਤਾਂ ਸਤਿਸੰਗ ਕਰਦੇ ਹਾਂ।" ਛੋਟਨ ਬਾਬੂ ਹੱਸ ਕੇ ਕਹਿੰਦੇ।

ਸਰਮਾਂ ਨੇ ਨਾਲ ਦੀ ਖਾਲੀ ਕੁਰਸੀ ਤੇ ਬਾਲਦੇਵ...ਜੀ ਨੂੰ ਬੈਠਾਂਦਿਆਂ ਕਿਹਾ—"ਬਾਲਦੇਵ ਜੀ ! ਇਥੇ ਬੈਠੋ, ਅਸੀਂ ਜਵਾਬ ਦਿੰਦੇ ਹਾਂ।...ਸਤਿਸੰਗ ਦੀ ਗੱਲ ਕਰਦੇ ਹਨ ਛੋਟਨ ਜੀ। ਇਹ ਬਾਲਦੇਵ, ਦੇਰਿਕ ਸਰਮਾਂ, ਨੇਵਾਲਾਲ, ਫਗੁਆ, ਸਹਿਦੇਵਾ, ਬੌਨਦਾਸ, ਉਜਾੜੂ, ਚੁੰਨੀਦਾਸ, ਪਿਰਥੀ, ਜਗਰਨਥੀਆ, ਛੱਦੀ ਗੰਗਾਰਾਮ, ਵਗੈਰਾ ਦੇ ਸਤਿਸੰਗ ਦਾ ਹੀ ਫਲ ਹੈ ਕਿ ਤੁਹਾਡੇ ਵਰਗੇ ਲਾਲ ਪੈਦਾ ਹੋਏ ਹਨ।...ਹਾਲੇ ਚੋਥਰ ਲੇਟ (ਸ਼ਿਵਰਲੈਟ) ਗੱਡੀ ਤੇ ਲੀਡਰੀ ਸਿੱਖ ਰਹੇ ਹੋ ਤੁਸੀਂ। ਤੁਸੀਂ ਕੀ ਜਾਣੋਗੇ ਕਿ ਸੱਤ ਸੱਤ ਘੰਟੇ ਵੱਕ ਕੇ ਸੋ ਸੋ ਮੀਲ ਪੈਦਲ ਚਲ ਕੇ ਪਿੰਡ ਪਿੰਡ ਕਾਂਗਰਸ ਦਾ ਝੰਡਾ ਕਿਸ ਨੇ ਲਹਿਰਾਇਆ ? ਮੱਮਿਟ ਵਿਚ ਤੁਸਾ ਸਕੂਲ ਵਿਚ ਆਪਣੇ ਪੰਚਮ ਜਾਰਜ ਦਾ ਫੋਟੋ ਤੋੜ ਦਿਤਾ, ਹੈਡ ਮਾਸਟਰ ਨੂੰ ਆਫਿਸ ਵਿਚ ਤਾਲਾ ਲਾ ਕੇ ਕੈਦ ਕਰ ਦਿਤਾ, ਬਸ ਅਜ ਤੁਸੀ ਲੀਡਰ ਹੋ ਗਏ। ਇਹ ਭੇਤ ਅਸਾਂ ਲੋਕਾਂ ਨੂੰ ਮਾਲੂਮ ਹੁੰਦਾ ਤਾਂ ਅਸੀਂ ਵੀ ਨਿਰੀ ਫੋਟੋ ਤੋੜਦੇ।...ਪਿੰਡ ਦੇ ਜਿਮੀਂਦਾਰ ਤੋਂ ਲੈ ਕੇ ਥਾਣੇ ਦੇ ਚੌਕੀਦਾਰ, ਦਫਾਦਾਰ ਜਿਨ੍ਹਾਂ ਦੇ ਬੈਰੀ। ਕਦੀ ਕਦੀ ਪਿੰਡ ਵਾਲੇ ਦਲ ਬੰਨ੍ਹ ਕੇ ਸਾਨੂੰ ਹੜਕੌਂਦੇ ਸਨ। ਜਿਵੇਂ ਮੁੜਬਲੀਆ (ਬਿਨਾਂ ਸਿਰ ਦਾ ਪ੍ਰੇਤ) ਨੂੰ ਲੋਕ ਸੂਪ ਤੇ ਖੱਪਰੀ ਬਜਾ ਕੇ ਹੜਕੌਂਦੇ ਹਨ।...ਤੁਸੀਂ ਨਹੀਂ ਜਾਣੋਗੇ ਛੋਟਨ ਬਾਬੂ। ਤੁਹਾਡਾ ਜਨਮ ਵੀ ਨਹੀਂ ਹੋਇਆ ਸੀ। ਉਸ ਵੇਲੇ ਤੁਹਾਡੇ ਬਾਬੂ ਜੀ ਦਾਰੂ ਦੀਆਂ ਦੁਕਾਨਾਂ ਦੀ ਠੇਕੇਦਾਰੀ ਕਰਦੇ ਸਨ।...ਅਸੀਂ ਲੋਕ ਉਨ੍ਹਾਂ ਦੀਆਂ ਗਾਲ੍ਹਾਂ ਸੁਣ ਚੁਕੇ ਹਾਂ।...ਕਿਉਂ ਬਾਲਦੇਵ ਯਾਦ ਹੈ ?...ਉਹੋ ਕੱਟਫਰ ਭੱਠੀ ਵਾਲੀ ਗੱਲ ?"

"ਧੂਦਰ ਤੁਰਤ ਰੰਗ ਬਦਲਣਾ ਜਾਣਦਾ ਹੈ...ਉਹ ਵੀ ਤਾਂ ਨਿਮਕ ਕਾਨੂੰਨ ਦੇ ਸਮੇਂ ਤੋਂ ਹੀ ਝੋਲਾ ਚੁਕੀ ਫਿਰਦਾ ਹੈ—"ਸ਼ਰਮਾਂ ਜੀ। ਗਿੱਧਵਾਸ ਹੱਟੀ ਤੇ...।

"ਚੁਪ ਝੂਠਾ ਕਿਤੋਂ ਦਾ।" ਸ਼ਰਮਾ ਜੀ ਡਾਂਟਦੇ ਹਨ, "ਜਿਧਰ ਚੰਦ ਉਧਰ ਸਲਾਮ।"...ਬਾਲਦੇਵ ਜੀ ਨੂੰ ਸਾਰੇ ਰਲ ਕੇ ਛੇੜਦੇ ਸੀ; ਕਿਉਂ ਓਏ !...ਬਾਲਦੇਵ ਜੀ ਜਰਾ ਸਾਫ ਕਪੜੇ ਪਹਿਨਣ ਲਗੇ ਹਨ; ਪਰਬਦਾ ਚੱਕਰ ਖਰੀਦਦੇ ਹਨ। ਚਿਹਰਾ

ਮੋਹਰਾ ਪਹਿਲਾਂ ਨਾਲੋਂ ਜ਼ਰਾ ਲਿਸ਼ਕਿਆ ਹੋਇਆ ਹੈ, ਕੋਲ ਪੈਸੇ ਵੀ ਹਨ, ਇਸੇ ਲਈ ਤੁਹਾਡਾ ਕਲੇਜਾ ਸੜ ਰਿਹਾ ਹੈ।...ਚਲੋ ਬਾਲਦੇਵ ਜੀ ਗੰਗੋਲੀ ਜੀ ਵਲ ਅਸੀਂ ਵੀ ਬੜੇ ਦਿਨਾਂ ਤੋਂ ਨਹੀਂ ਗਏ।"

"ਹੁਣੇ ਮਿਟਿਨ ਜਿਉਂ ਹੈ" ਬਾਲਦੇਵ ਜੀ ਕਹਿੰਦੇ ਹਨ।

"ਓਏ ਤੁਸੀਂ ਵੀ ਤਾਂ ਬਾਲਦੇਵ ਜੀ ਉਹੋ ਜਿਹੇ ਹੀ ਰਹੇ।...ਮਿਟਿੰਗ ਵਿਚ ਰਹਿ ਕੇ ਕੀ ਕਰੋਗੇ ? ਫਾਰਵਿਸ ਗੰਜ ਵਾਲਿਆਂ ਦੇ ਝਗੜੇ ਦਾ ਫੈਸਲਾ ਹੋਣ ਵਾਲਾ ਹੈ। ਖੁਸ਼ੀਆ ਬਾਬੂ ਇਕ ਘੋੜਾ ਗੱਡੀ ਵਿਚ ਭਰ ਕੇ ਕਾਗਜ਼ ਪੱਤਰ ਫਾਈਲ-ਰਜਿਸਟਰ, ਬੋਚਰ, ਡੁਪਲੀਕੇਟ ਅਤੇ ਮੁਕੱਦਮਿਆਂ ਦੇ ਕਾਗਜ਼ ਲੈ ਆਏ ਹਨ। ਉਧਰ ਫਗੁਨੀ ਸਿੰਘ ਵੀ ਇਕ ਸੌ ਆਦਮੀਆਂ ਨੂੰ ਭਜਾ ਕੇ ਲੈ ਆਏ ਹਨ। ਅਜ ਰਾਤ ਭਰ ਖੂਬ ਘਮਾਘੰਮ ਹੋਵੇਗਾ। ਚਲੋ ਕੀ ਦੇਖੋਗੇ ਰਾੜ੍ਹੋ ਬੇਟਖੋਕੀ ਦਾ ਝਗੜਾ।"

ਬਾਲਦੇਵ ਜੀ ਦੌਰਿਕ ਸ਼ਰਮਾਂ ਨਾਲ ਚਲੇ ਗਏ ਤਾਂ ਗੁਦਰ ਨੇ ਅੱਖ ਮਾਰ ਕੇ ਫੁਸ-ਫਸਾਹਟ ਨਾਲ ਕਿਹਾ—"ਓਏ ! ਗੰਗੋਲੀ ਜੀ ਕੋਲ ਥੋੜੇ ਜਾਂਦੇ ਨੇ। ਜਾ ਰਹੇ ਹਨ ਤਿਰਪਿਤ ਭੰਡਾਰ ਵਿਚ, ਹੁਣ ਬਾਲਦੇਵ ਜੀ ਨੂੰ ਨਿਸ਼ਾਨਾ ਬਣਾਏਗਾ। ਰਸਗੁੱਲਾ ਝਾੜੇਗਾ।"

ਛੋਟਨ ਬਾਬੂ ਕਹਿੰਦੇ ਹਨ, "ਅਮੀਨ ਬਾਬੂ ਨੂੰ ਕਹਿਣਾ ਪਵੇਗਾ ਮੇਰੀਗੰਜ ਵਿਚ ਹੁਣ ਬਾਲਦੇਵ ਨਾਲ ਕੰਮ ਨਹੀਂ ਚਲੇਗਾ। ਚਰਖਾ ਸੰਟਰ ਨੂੰ ਚੌਪਟ ਕਰ ਦਿਤਾ। ਘਰ ਘਰ ਵਿਚ ਸੋਸ਼ਲਿਸਟ ਘੁੰਮਣ ਲਗੇ। ਹਾਲੇ ਤਾਂ ਸਾਰੇ ਡਕੈਤੀ ਕੇਸ ਵਿਚ ਅਰੈਸਟ ਨੇ। ਉਸ ਪਿੰਡ ਦਾ ਡਾਕਟਰ ਕੋਮਨਿਸਟ ਸੀ, ਉਹ ਵੀ ਅਰੈਸਟ ਹੈ...ਉਹਨੂੰ ਤਾਂ ਅਸੀਂ ਹੀ ਅਰੈਸਟ ਕਰਾਇਆ ਹੈ। ਕਟਹਾ ਦਾ ਨਵਾਂ ਦਰੋਗਾ ਸਾਡਾ ਕਲਾਸ ਫਰੈਂਡ ਹੈ।"

"ਲਉ ਇਕ ਬ੍ਰਹਮ ਗਿਆਨੀ ਗਏ ਤਾਂ ਦੂਸਰੇ ਕਠ ਪਿੰਗਲ ਜੀ ਆ ਰਹੇ ਹਨ। ...ਇਹ ਤਾਂ ਅਜਕਲ੍ਹ ਹੋਰ ਵੀ ਕਾਬਲ ਹੋ ਗਿਆ ਹੈ।"

ਬਾਵਨਦਾਸ ਜੀ ਆ ਰਹੇ ਹਨ।...ਆਸ਼ਰਮ ਦੇ ਬੁੱਢੇ ਕੁੱਤੇ ਬਿਲੈਕ ਪੀ (ਬਲੈਕ ਪ੍ਰਿੰਸ) ਨੇ ਬਾਵਨਦਾਸ ਨੂੰ ਦੂਰੋਂ ਹੀ ਪਛਾਣ ਲਿਆ ਹੈ। ਅਸ਼ੋਕ ਬਿਰਛ ਥੱਲੇ ਉਹ ਇਸੇ ਤਰ੍ਹਾਂ ਲਿਟਿਆ ਰਹਿੰਦਾ ਹੈ ਅਤੇ ਹਰੇਕ ਆਉਣ ਜਾਣ ਵਾਲੇ ਨੂੰ ਦੇਖਦਾ ਰਹਿੰਦਾ ਹੈ। ਬਾਵਨਦਾਸ ਨੂੰ ਦੇਖ ਕੇ ਕੰਨ ਖੜੇ ਕਰਕੇ ਤੇ ਗਰਦਨ ਚੁਕ ਕੇ ਦੇਖਦਾ ਹੈ। ਪੂਛ ਵੀ ਹਿਲਾ ਰਿਹਾ ਹੈ।...ਸੰਸਾਕ ਜੀ ਨੇ ਇਸ ਕੁੱਤੇ ਦਾ ਨਾਂ ਰਖਿਆ ਸੀ—ਬਲੈਕ ਪ੍ਰਿੰਸ। ਸੋਸ਼ਲਿਸਟ ਪਾਰਟੀ ਦੇ ਚਿੰਗਾਰੀ ਜੀ ਨੇ 'ਲਾਲ ਪਤਾਕਾ' ਵਿਚ ਜਿਲੇ ਦੇ ਇਕ ਮਾਰਵਾੜੀ ਨੂੰ ਬਲੈਕ ਪ੍ਰਿੰਸ ਲਿਖਿਆ ਸੀ, ਅਰਥਾਤ ਜਿਹੜਾ ਬਲੈਕ ਕਰਨ ਵਿਚ ਮਸ਼ਹੂਰ ਹੋਵੇ। ਕਿਉਂਕਿ ਮਾਰਵਾੜੀ ਬਿਲਕੁਲ ਨੌਜਵਾਨ ਸੀ, ਇਸ ਲਈ ਪ੍ਰਿੰਸ ਲਿਖਿਆ ਸੀ। ਮਾਰਵਾੜੀ ਨੇ ਮੁਕੱਦਮਾ ਠੋਕ ਦਿਤਾ ਸੀ ਕਿ ਲਾਲ ਪਤਾਕਾ ਦੇ ਸੰਪਾਦਕ ਨੇ ਉਹਨੂੰ

ਕੁੱਤਾ ਕਿਹਾ ਹੈ ।...ਬਿਲੈਕ ਪੀ ਨੇ ਠੀਕ ਪਛਾਣਿਆ ਹੈ ।...ਬਾਵਨਦਾਸ ਜੀ ਵੀ ਅਸ਼ੋਕ ਦੀ ਛਾਵੇਂ ਬਿਲੈਕ ਪੀ ਕੋਲ ਆ ਕੇ ਬੈਠ ਗਏ । ਅ...ਹਾ...ਹਾ । ਪਿਆਰ ਦਾ ਭੁੱਖਾ ਬਿਲੈਕ ਪੀ । ਖੁਸ਼ੀ ਨਾਲ ਉਛਲਦਾ ਕੁਦਦਾ, ਦੌੜਕੇ ਕਦੀ ਬਾਵਨਦਾਸ ਜੀ ਦੀ ਝੋਲੀ ਦੰਦਾਂ, 'ਚ ਫੜਕੇ ਖਿਚਦਾ ਹੈ ਕਦੀ ਲਾਠੀ ਲੈ ਕੇ ਨੱਸਦਾ ਹੈ ਆ ਹਾ...ਹਾ ।

"ਅ-ਹਾ-ਹਾ । ਬਿਲੈਕ ਪੀ ਓਏ ।...ਬਾਲ ਝੜ ਰਹੇ ਨੇ । ਪਹਿਲਾਂ ਤਾਂ ਐਤਵਾਰ ਨੂੰ ਨਿਰਜਲਾ ਅਨਸ਼ਨ ਕਰਦੇ ਸੀ । ਤੁਸੀਂ ਦੁੱਧ ਹਲਵਾ ਵੀ ਨਹੀਂ ਸੁੰਘਦੇ ਸੀ। ਸੁਣਦੇ ਹਾਂ, ਅਜਕਲ੍ਹ ਮੁਰਗੀ ਦੀ ਹੱਡੀ ਚੱਬਦੇ ਹੋ । ਤੁਹਾਡਾ ਕੀ ਕਸੂਰ ਭਰਾ ਮੇਰਿਆ । ਜਖਮ ਵੀ ਹੋ ਗਿਆ ਹੈ ।...ਬਦਮਾਸੀ ਨਾ ਕਰੋ । ਝੋਲੀ ਵਿਚ ਕੀ ਹੈ, ਦੇਣ ਨੂੰ ਜਾਓ ਝੋਲੀ ਵਿਚ ਕੁਝ ਨਹੀਂ ਹੈ।"

"ਭੌਂ ਕੌਂ ਭੌਂ ।" ਬਿਲੈਕ ਪੀ ਧਰਤੀ ਤੇ ਚਿੱਤ ਲਿਟਿਆ ਹੋਇਆ ਭੌਂ-ਕੌਂ ਕਰ ਰਿਹਾ ਹੈ ਅਤੇ ਬਾਵਨਦਾਸ ਦੀ ਝੋਲੀ ਨੂੰ ਦੰਦਾਂ ਨਾਲ ਖਿੱਚ ਰਿਹਾ ਹੈ।

ਬਾਵਨਦਾਸ ਜੀ ਮਲਕੜੇ ਜਿਹੇ ਇਕ ਕਾਗਜ਼ ਵੀ ਪੁੜੀ ਕਢਦੇ ਹਨ । ਬਿਲੈਕ ਪੀ ਹੋਰ ਵੀ ਜ਼ੋਰ ਜ਼ੋਰ ਨਾਲ ਕਾਓਂ ਕਾਓਂ ਕਰਨ ਲਗਦਾ ਹੈ। ਉਹਦੀ ਇਹੋ ਆਦਤ ਹੈ। ਬਾਵਨਦਾਸ ਜਦੋਂ ਆਉਂਦਾ ਹੈ, ਉਹਦੇ ਲਈ ਇਕ ਆਨੇ ਦਾ ਮੰਡਾ ਖਰੀਦ ਲਿਔਂਦਾ ਹੈ। ਦਸ ਵਰ੍ਹਿਆਂ ਤੋਂ ਮੰਡਾ ਖਾ ਰਿਹਾ ਹੈ, ਬਿਲੈਕ ਪੀ । ਹੁਣ ਬਿਲਕੁਲ ਬੁੱਢਾ ਹੋ ਗਿਆ । ਬਾਵਨਦਾਸ ਇਕ ਟੁਕੜਾ ਮੰਡੇ ਦਾ ਉਹਨੂੰ ਦਿੰਦਾ ਹੈ । ਬਿਲੈਕ ਪੀ ਝਟ ਖਾ ਕੇ ਮੂੰਹ ਤਕਦਾ ਹੈ, ਬਾਵਨਦਾਸ ਦਾ ।

"ਹੁਣ ਕੀ ਲਵੇਗਾ, ਆਂਡਾ ?"

## ਚੌਦਾਂ

ਤਹਿਸੀਲਦਾਰ ਸਾਹਿਬ ਆਪਣੇ ਨਵੇਂ ਦੁਮੰਜਿਲੇ ਦੀ ਛੱਤ ਤੇ ਬੈਠਕੇ ਦੇਖਦੇ ਨੇ—ਧਾਨ ਦੇ ਖੇਤਾਂ ਵਿਚ ਹੁਣ ਧਾਨੀ ਰੰਗ ਉਤਰ ਆਇਆ ਹੈ । ਬਾਲੀਆਂ ਝੁਕ ਗਈਆਂ ਹਨ । ਕੱਤਕ ਦੇ ਪੰਜੀ ਦਿਨ ਬੀਤ ਗਏ ਹਨ। ਅਖਤਾ ਧਾਨ ਦੀ ਹੁਣ ਕਟਾਈ ਸ਼ੁਰੂ ਹੋ ਜਾਵੇਗੀ ।...ਚਹੁੰ ਪਾਸੀਂ ਤਹਿਸੀਲਦਾਰ ਸਾਹਿਬ ਦੀ ਜਮੀਨ—ਪੂਰਬ ਔਹ ਜਿਹੜਾ ਤਾੜ ਦਾ ਬਿਰਛ ਦਿਖਾਈ ਦਿੰਦਾ ਹੈ, ਕਮਲਾ ਦੇ ਉਸ ਪਾਸੇ...ਉਥੋਂ ਤਕ । ਅਤੇ ਉਤਰ-ਬੁੱਢੇ ਬਰੋਟੇ ਤਕ । ਦੱਖਣ ਵਿਚ, ਸੰਥਾਲਾਂ ਦੀ ਜਮੀਨ ਦਖਲ ਕਰਨ ਪਿਛੋਂ, ਪਿਪਰਾ ਪਿੰਡ ਤਕ, ਤਹਿਸੀਲਦਾਰ ਦੇ ਢਿਡ ਵਿਚ ਚਲਾ ਗਿਆ ਹੈ, ਘਰ ਦੀ ਪੱਛਮ ਦੀ ਤਤਮਾਂ ਟੋਲੇ ਦੇ ਕੋਲ ਪੰਜਾਹ ਏਕੜ ਜਮੀਨ ਤਾਂ ਇਕੋ ਹੀ ਜਮਾਂ ਹੈ। ਖਜਾਨਾਂ

ਲਗਦਾ ਹੈ, ਸਿਰਫ ਦਸ ਰੁਪਏ । ਤਹਿਸੀਲਦਾਰ ਸਾਹਿਬ ਦੇ ਬਾਪ ਨੇ ਵੀ ਇਸ ਜਮਾਂ ਨੂੰ ਦਖਲ਼ ਕਰਨ ਦੀ ਹਰ ਤਰ੍ਹਾਂ ਦੀ ਕੋਸ਼ਿਸ਼ ਕੀਤੀ ਸੀ, ਪਰ ਬੱਟ ਨਹੀਂ ਬੈਠੀ । ਤਹਿਸੀਲਦਾਰ ਸਾਹਿਬ ਨੇ ਵੀ ਆਪਣੀ ਤਹਿਸੀਲਦਾਰੀ ਦੇ ਸਮੇਂ ਬੜੀ ਕਲਮ ਚਲਾਈ, ਪਰ ਤੁਸੀਂ ਕੈਥ ਤਾਂ ਉਹ ਭੂਮੀਹਾਰ । ਉਹ ਜਮੀਨ ਧਰਮਪੁਰ ਦੇ ਭੈਰੋਂ ਬਾਬੂ ਦੀ ਹੈ । ਤਹਿਸੀਲਦਾਰ ਸਾਹਿਬ ਦੀ ਅੱਖ ਰੜਕ ਹੈ, ਉਹ ਜਮੀਨ । ਇਸ ਦੁਮੰਜਿਲੇ ਦੀ ਛੱਤ ਤੇ ਬੈਠਣ ਨਾਲ ਜਮੀਨ ਦੀ ਭੁੱਖ ਹੋਰ ਤਿੱਖੀ ਹੋ ਜਾਂਦੀ ਹੈ । ਲਿਖਾ ਪੜ੍ਹੀ, ਦਲੀਲ ਦਸਤਾਵੇਜ਼ ਮੁਰੰਮਤ ਤੋਂ ਲੈ ਕੇ, ਇਕਾਂਤ ਵਿਚ ਕੱਲਿਆਂ ਬਹਿ ਕੇ ਤਰ੍ਹਾਂ-ਤਰ੍ਹਾਂ ਦੇ ਨੁਕਤੇ ਵੀ ਇਥੇ ਹੀ ਸੋਚਦੇ ਹਨ ਉਹ...ਥੱਲੇ ਉਤਰਦਿਆਂ ਹੀ ਉਨ੍ਹਾਂ ਦਾ ਚਿਹਰਾ ਉਤਰ ਜਾਂਦਾ ਹੈ । ਤਦ ਪੋਖਰ ਵਿਚ ਅਸ਼ਨਾਨ ਕਰਨ ਤੋਂ ਲੈ ਕੇ ਭੋਜਨ ਲਈ ਬੈਠਣ ਤਕ ਉਹ ਪਤਾ ਨਹੀਂ ਕਿਹੜੇ ਸ਼ਾਸਤਰ ਦਾ ਮੰਤਰ ਮਿਣ-ਮਿਣ ਕਰਦੇ ਰਹਿੰਦੇ ਹਨ । ਉੱਗ ਮਿਰਿੰਗ...ਸ਼ਿਵਾ...ਆ...ਯ ੳ ਉੱਗ ਮਿਰਿੰਗ...।

ਰੋਜ਼ ਖਾਣੇ ਦੇ ਮੌਕੇ ਤੇ ਤਹਿਸੀਲਦਾਰ ਸਾਹਿਬ ਮਲਕੜੇ ਜਿਹੇ ਪੁਛਦੇ ਹਨ, "ਦੀਦੀ ਕਿਵੇਂ ਹੈ ?"

"ਅਜ ਬਹੁਤ ਖੁਸ਼ ਹੈ ਤੁਹਾਡੀ ਬੇਟੀ ।"

"ਸੱਚੀਂ ? ਕਮਲਾ ਦੀ ਮਾਂ ਰਾਤੀਂ ਤਾਂ ਮੈਨੂੰ ਨੀਂਦ ਹੀ ਨਹੀਂ ਆਈ ।" ਤਹਿਸੀਲਦਾਰ ਸਾਹਿਬ ਜਿਸ ਦਿਨ ਖਾਣੇ ਦੇ ਮੌਕੇ ਤੇ ਖੁਸ਼ ਹੋਏ, ਉਸ ਦਿਨ ਜੋ ਕੁਝ ਵੀ ਰਿੱਧਾ-ਪੱਕਾ, ਮਿੱਠਾ-ਨਮਕੀਨ, ਸਾਹਮਣੇ ਹੋਵੇ, ਸਾਰਾ ਖਾ ਜਾਂਦੇ ਹਨ ।

"ਹੁਣੇ ਕਹਿੰਦੀ ਸੀ ਕਿ 'ਇੰਦਰਾ' ਨੂੰ ਉਹਦਾ ਸੁਆਮੀ ਮਿਲ ਗਿਆ ।...ਬੜੀ ਖੁਸ਼ ਹੈ ।"

"ਪਗਲੀ ।" ਤਹਿਸੀਲਦਾਰ ਸਾਹਿਬ ਹੱਸਦੇ ਹਨ ।

ਰਾਤੀਂ ਅਚਾਨਕ ਕਮਲਾ ਦੇ ਕਮਰੇ 'ਚੋਂ ਰੋਣ ਦੀ ਆਵਾਜ਼ ਆਈ ।...ਕਮਲਾ ਹਟਕੋਰੇ ਭਰ ਕੇ ਰੋ ਰਹੀ ਸੀ । ਮਾਂ ਨੂੰ ਤਾਂ ਹੱਡ ਭੰਨਣੇ ਬੁਖਾਰ ਵਾਂਗ ਕਾਂਬਾ ਛਿੜ ਗਿਆ ਸੀ । ਤਹਿਸੀਲਦਾਰ ਸਾਹਿਬ ਦੀਆਂ ਅੱਖਾਂ 'ਚੋਂ ਹੰਝੂਆਂ ਦੀ ਝੜੀ ਲਗ ਗਈ । ਮਾਂ ਨੇ ਆਪਣੇ ਆਪ ਨੂੰ ਬੜਾ ਸੰਭਾਲ ਕੇ ਪੁਛਿਆ ਸੀ, "ਕੀ ਹੈ ਬੇਟੀ ਕੀ ਹੋਇਆ, ਬੋਲ ਕਮਲ । ਕਮਲੀ, ਬੇਟੀ ਬੋਲ ਬੇਟਾ, ਮੇਰੀ ਮੈਨਾਂ ।"

"ਮਾਂ ! ਮੈਂ ਆਪਣੇ ਲਈ ਨਹੀਂ ਰੋਂਦੀ ਹਾਂ ।...ਐਹ...ਤੱਕੋ ਨਾ । ਇੰਦਰਾ ਲਈ...।" ਕਮਲਾ ਕਹਿੰਦੀ ਕਹਿੰਦੀ ਫੇਰ ਹਟਕੋਰੇ ਭਰਦੀ ਹੈ ।

"ਕਿਹੜੀ ਇੰਦਰਾ ? ਕੌਣ ਹੈ ਉਹ ?"

"ਕਿਹੜੀ ਇੰਦਰਾ ?...ਹਾਂ, ਤੂੰ ਕੀ ਜਾਣੇ ।"

"ਮੈਂ ਇਸ ਕਿਤਾਬ ਵਿਚਲੀ ਇੰਦਰਾ ਲਈ ਰੋ ਰਹੀ ਹਾਂ ।...ਵਿਚਾਰੀ ਪਹਿਲੀ ਵਾਰ

ਸਹੁਰੀਂ ਜਾ ਰਹੀ ਸੀ, ਡੋਲੀ ਚੜ੍ਹ ਕੇ। ਮਨ ਵਿਚ ਕਿੰਨੇ ਫੁਰਨੇ ਸੰਭਾਲ ਕੇ ਵਹੁਟੀ ਇੰਦਰਾ ਸਹੁਰੀਂ ਜਾ ਰਹੀ ਸੀ। ਇਕ ਪੁਰਾਣੇ ਤਲਾਬ ਕੰਢੇ ਡੋਲੀ ਰੁਕੀ, ਉਹ ਪੋਖਰ ਬਿੱਜੂਬਨ-ਬਿੱਜੂਖੰਡ ਵਰਗੇ ਇਕ ਜੰਗਲ ਕੋਲ ਹੀ ਸੀ। ਬੜੀ ਖੂਨੀ ਥਾਂ ਸੀ। ਇਸੇ ਲਈ ਨਾਲ ਸਿਪਾਹੀ ਵੀ ਸਨ, ਪਰ ਇੰਦਰਾ ਨੂੰ ਡਕੈਤ ਲੋਕ ਡੋਲੀ ਸਮੇਤ ਚੁਕ ਕੇ ਲੈ ਗਏ। ਦਿਨ ਦਿਹਾੜੇ ਡਕੈਤੀ ਹੋ ਗਈ। ਪਰ ਮਾਂ ਉਹਦੀ ਸਭ ਤੋਂ ਕੀਮਤੀ ਚੀਜ਼ ਬਚ ਗਈ ਹੈ, ਉਹਦੀ ਇੱਜ਼ਤ। ਹਾਲੇ ਉਹ ਉਸੇ ਬਿੱਜੂਬਨ-ਬਿੱਜੂ-ਖੰਡ ਵਰਗੇ ਘੋਰ ਜੰਗਲ ਵਿਚ ਹੀ ਹੈ ਮਾਂ। ਵਿਚਾਰੀ ਇੰਦਰਾ।"

ਕਮਲਾ ਬੰਕਿਮਬਾਬੂ ਦੀ ਪੁਸਤਕ 'ਇੰਦਰਾ' ਪੜ੍ਹ ਕੇ ਰੋ ਰਹੀ ਸੀ।...ਅਜ ਉਹ ਖੁਸ਼ ਹੈ। ਇੰਦਰਾ ਨੂੰ ਉਹਦਾ ਸੁਆਮੀ ਫੇਰ ਮਿਲ ਗਿਆ।

ਤਹਿਸੀਲਦਾਰ ਸਾਹਿਬ ਕਹਿੰਦੇ ਹਨ, "ਇਹ ਪਾਗਲ ਪਨ ਨਹੀਂ ਕਮਲਾ ਦੀ ਮਾਂ! ਬੇਟੀ ਮੇਰੀ ਬੜੀ ਸਮਝਦਾਰ ਹੈ। ਮੋਮ ਦਾ ਕਲੇਜਾ ਹੈ। ਬਾਬਾ ਵਿਸ਼ਵ ਨਾਥ ਸੁਖ ਹੋਵੇ।"

"ਕਲ੍ਹ ਡਾਕਟਰ ਨਾਲ ਮੁਲਾਕਾਤ ਕੀਤੀ ਜਾਂ ਨਹੀਂ?" ਮਾਂ ਪੁਛਦੀ ਹੈ।

"ਹਾਂ, ਰਾਤੀਂ ਤਾਂ ਸੁਣਾ ਹੀ ਨਹੀਂ ਸਕਿਆ ਬੜੇ ਝੰਝਟ ਦਾ ਕੰਮ ਹੈ। ਦਰਖਾਸਤ ਦਿਤੀ ਤਾਂ ਪੁਛਿਆ ਕਿ ਡਾਕਟਰ ਤੁਹਾਡੇ ਕੀ ਹਨ। ਮੈਂ ਕੀ ਜਵਾਬ ਦਿਆਂ? ਕਿਹਾ ਕੋਈ ਨਹੀਂ। ਬਸ ਨਾ ਮੰਜ਼ੂਰ ਕਰ ਦਿਤੀ ਦਰਖਾਸਤ। ਕਿਰਾਨੀ ਬਾਬੂ ਬੜੇ ਭਲੇ ਆਦਮੀ ਹਨ, ਉਹ ਕਹਿਣ ਲਗੇ ਕਿ ਡਾਕਟਰ ਸਾਹਿਬ ਨਜ਼ਰਬੰਦ ਹਨ, ਇਸ ਲਈ ਉਹ ਸਿਰਫ ਮਾਂ ਬਾਪ, ਇਸਤਰੀ ਅਤੇ ਭੈਣ ਨਾਲ ਹੀ ਖਤੋ ਖਿਤਾਬਤ ਕਰ ਸਕਦੇ ਜਾਂ ਮਿਲ ਸਕਦੇ ਹਨ। ਕਾਹਦਾ ਕਾਨੂੰਨ ਹੈ। ਭੈਣ ਨੂੰ ਚਿੱਠੀ ਪਾ ਸਕਦੇ ਹਨ। ਭਣੋਈਏ ਨੂੰ ਨਹੀਂ। ਇਸਤਰੀ ਨਾਲ ਮੁਲਾਕਾਤ ਕਰ ਸਕਦੇ ਹਨ, ਪਰ ਨਾਲ ਸਹੁਰਾ ਹੋਵੇ ਤਾਂ ਉਹ ਵਿਚਾਰਾ ਕੀ ਆਪਣੇ ਜੁਆਈ ਦਾ ਮੂੰਹ ਵੀ ਨਹੀਂ ਵੇਖ ਸਕਦਾ। ਤਹਿਸੀਲਦਾਰ ਸਾਹਿਬ ਮੂੰਹ ਧੋ ਕੇ ਨਾਲ ਦੇ ਕਮਰੇ 'ਚ ਜਾਂਦੇ ਹੋਏ ਕਹਿੰਦੇ ਹਨ, "ਪਿਆਰੂ ਉਥੇ ਪੂਰਣੀਆਂ ਵਿਚ ਹੀ ਰਹਿੰਦਾ ਹੈ, ਇਕ ਹੋਟਲ ਵਿਚ ਖਾਂਦਾ ਪੀਂਦਾ ਹੈ। ਜੇਲ ਅੰਦਰੋਂ ਹੀ ਡਾਕਟਰ ਨੇ ਗਣੇਸ਼ ਦਾ ਪ੍ਰਬੰਧ ਕਰ ਦਿਤਾ ਹੈ, ਬਰਮੋਂ ਸਮਾਜ ਮੰਦਿਰ ਵਿਚ। ਹਰ ਮਹੀਨੇ ਦਸਤਖਤ ਕਰਕੇ ਚੈਕ ਭੇਜ ਦਿੰਦਾ ਹੈ। ਡਾਕਟਰ। ਪਿਆਰੂ ਅਤੇ ਗਣੇਸ਼ ਦੇ ਨਾਂ ਅਲਗ ਅਲਗ ਚੈੱਕ ਦਿੰਦਾ ਹੈ। ਕੁਝ ਵੀ ਕਹੋ ਆਦਮੀ ਬਹੁਤ ਚੰਗਾ ਹੈ ਡਾਕਟਰ। ਪਿਆਰੂ ਕਹਿੰਦਾ ਸੀ, ਇਕ ਦਿਨ ਉਹ ਦੁੱਧ ਦੇ ਠੇਕੇਦਾਰ ਕੋਲ ਅੰਦਰ ਚਲਾ ਗਿਆ। ਅੰਦਰ ਜਾ ਕੇ ਫਾਟਕ ਕੋਲ ਹੀ ਡਾਕਟਰ ਸਾਬ੍ਹ ਨਾਲ ਮੁਲਾਕਾਤ ਹੋ ਗਈ। ਡਾਕਟਰ ਸਾਬ੍ਹ ਜੇਲ ਆਫਿਸ ਵਿਚ ਆ ਰਹੇ ਸਨ। ਪਿਆਰੂ ਨੂੰ ਦੇਖ ਕੇ ਘਬਰਾ ਗਏ ਡਾਕਟਰ ਸਾਬ੍ਹ ਫੇਰ ਕਿਹਾ, ਕਿਉਂ ਆਇਆ ਏਂ? ਪਿਆਰੂ ਨੇ ਕੋਈ ਜਵਾਬ ਨਾ ਦਿਤਾ ਤਾਂ

ਪੁਛਿਆ ਮੇਰੀਗੰਜ ਤੋਂ ਕਦੋਂ ਆਇਆ ਏਂ ?...ਕਮਲਾ ਕਿਵੇਂ ਹੈ ?"

"ਹੈਂ ? ਪੁਛਿਆ ? ਡਾਕਟਰ ਨੇ ਪੁਛਿਆ ਸੀ ? ਪਿਆਰੂ ਨੇ ਜਵਾਬ ਦਿਤਾ ?" ਕਮਲਾ ਦੀ ਮਾਂ ਇਕੋ ਸਾਹੇ ਉਤਾਵਲੀ ਹੋ ਕੇ ਪੁਛਦੀ ਹੈ, "ਪਤਾ ਨਹੀਂ ਕੀ ਦਸ ਦਿਤਾ ਉਹਨੇ ?" "ਨਹੀਂ ਪਿਆਰੂ ਮੂਰਖ ਨਹੀਂ ਹੈ। ਜਵਾਬ ਦਿਤਾ, ਚੰਗੀ ਹੈ। ਤੁਹਾਡਾ ਫੋਟੋ ਲੈ ਗਈ ਹੈ, ਰੋਜ਼ ਸਵੇਰੇ ਉਠ ਕੇ ਦੇਖਦੀ ਹੈ।"

"ਅੱਛਾ ? ਕਿਹਾ ਉਹਨੇ ? ਕਿੰਨਾਂ ਹੁਸ਼ਿਆਰ ਹੈ ਪਿਆਰੂ। ਆ-ਹਾ-ਹਾ ਭਗਵਾਨ ਵੀ ਕਿਹੋ ਜਿਹਾ ਹੈ, ਕੋਈ ਨਹੀਂ ਹੈ ਵਿਚਾਰੇ ਦਾ।...ਤਦ ਡਾਕਟਰ ਨੇ ਕੀ ਕਿਹਾ ?"

"ਕਹਿੰਦਾ ਸੀ, ਹੱਸਦੇ ਹੱਸਦੇ ਚਲੇ ਗਏ।" ਤਹਿਸੀਲਦਾਰ ਸਾਹਿਬ ਨੇ ਮੂੰਹ ਵਿਚ ਪਾਨ ਪਾ ਲਿਆ।...ਹੁਣ ਗੱਲ ਬਣ ਗਈ।

ਖੁਸ਼ੀ ਨਾਲ ਕਮਲਾ ਦੀ ਮਾਂ ਢਿੱਡ ਭਰਕੇ ਖਾ ਵੀ ਨਹੀਂ ਸਕਦੀ। ਮਾਵਾਂ ਧੀਆਂ ਕੱਠੀਆਂ ਹੀ ਖਾਂਦੀਆਂ ਨੇ ਰੋਜ਼। ਅਜ ਕਮਲਾ ਵਾਰ ਵਾਰ ਟੋਕਦੀ ਹੈ, "ਮਾਂ ਖਾ ਵੀ, ਪੁਰੈਨੀਆਂ ਦੀ ਕਥਾ ਫੇਰ ਕਰੀਂ।...ਮੇਰੀ ਬਲਾ ਦੇਖੇ ਕਿਸੇ ਦਾ ਫੋਟੋ।" ਅਜ ਤੋਂ ਮਾਂ ਬਹਿ ਕੇ ਨਾਵਲ ਸੁਣੇਗੀ। ਕਮਲਾ ਫੇਰ ਸ਼ੁਰੂ ਤੋਂ ਇੰਦਰਾ ਪੜ੍ਹਕੇ ਸੁਣਾ ਰਹੀ ਹੈ। ਕਮਲਾ ਕਹਿੰਦੀ ਹੈ, "ਮਾਂ ਸ਼ਕੁੰਤਲਾ, ਸਵਿਤਰੀ ਆਦਿ ਦੀ ਕਥਾ ਪੜ੍ਹ ਕੇ ਮਨ ਲਗਦਾ ਹੈ, ਪਰ ਨਾਵਲ ਪੜ੍ਹਦੇ ਸਮੇਂ ਇਉਂ ਜਾਪਦਾ ਹੈ ਕਿ ਇਹ ਦੇਵੀ ਦੇਵਤਾ, ਰਿਸ਼ੀ ਮੁਨੀ ਦੀ ਕਹਾਣੀ ਨਹੀਂ, ਜਿਵੇਂ ਇਹ ਸਾਡੇ ਲੋਕਾਂ ਦੇ ਪਿੰਡਾਂ ਘਰਾਂ ਦੀ ਗੱਲ ਹੋਵੇ।"

ਅਜ ਦੋ ਦਿਨਾਂ ਤੋਂ ਖਾਣ ਪੀਣ ਪਿਛੋਂ ਕਮਲਾ ਦੇ ਗਰਭ ਵਿਚ ਪਲਦਾ ਹੋਇਆ ਬੱਚਾ ਹੱਥ ਪੈਰ ਮਾਰਦਾ ਹੈ। ਲਾਜ ਕਾਰਣ ਉਹ ਕੁਝ ਕਹਿੰਦੀ ਨਹੀਂ ਹੈ ਮਾਂ ਨੂੰ। ਪਰ ਜਦੋਂ ਤੋਂ ਉਹਨੂੰ ਆਉਣ ਵਾਲੇ ਦੀ ਬਿੜਕ ਮਿਲੀ ਹੈ, ਕਮਲਾ ਦਾ ਮਨ ਕਿਸੇ ਦੂਰ ਦੇਸ਼ ਵਿਚ ਗੁਆਚ ਜਿਹਾ ਗਿਆ ਹੈ। ਇਕੋ ਵੇਲੇ ਬਹੁਤ ਸਾਰੇ ਬੱਚਿਆਂ ਦੇ ਮੁਖੜੇ ਖਿੜ ਉਠਦੇ ਹਨ, ਉਹਦੀਆਂ ਅੱਖਾਂ ਸਾਹਮਣੇ। ਬੱਚੇ ਉਹਦੇ ਨਾਲ ਅੱਖ ਮਿਚੋਲੀ ਖੇਲ ਰਹੇ ਹਨ ? ਕੌਣ ਹੈ ਉਹ ? ਸਭ ਦੇ ਸਭ ਲਾਡਲੇ। ਸਜਰੇ ਕਮਲ ਵਾਂਗ ਖਿੜੇ ਹੋਏ। ਉਹ ਕਿਦ੍ਹਾ ਹੱਥ ਫੜੇ ? ਉਹ ਇਕ ਚੰਚਲ ਬਾਲ ਨੂੰ ਚੁਕ ਕੇ ਗੋਦੀ ਲੈ ਲੈਂਦੀ ਹੈ, ਕਿੰਨੇ ਮਲੂਕੜੇ ਹਨ, ਉਹਦੇ ਹੱਥ ਪੈਰ ਕਿੰਨੀ ਮਿੱਠੀ ਮੁਸਕਣੀ ਹੈ। ਕਿੰਨਾ ਚੰਚਲ। ਮੇਰਾ...ਚੁਲਬੁਲਾ ਰਾਜਾ ਵੇ।...ਕਮਲਾ ਦੀ ਹਿੱਕ 'ਚੋਂ ਦੁੱਧ ਸਿੰਮਣ ਲਗਦਾ ਹੈ।

"ਕਮਲਾ ਦੀ ਮਾਂ।" ਤਹਿਸੀਲਦਾਰ ਸਾਹਿਬ ਦੁਮੰਜਿਲੇ ਦੀ ਕੋਠੜੀ 'ਚੋਂ ਬਲੌਂਦੇ ਹਨ।

"ਜ਼ਰਾ ਏਧਰ ਤਾਂ ਆ ਕਮਲਾ ਦੀ ਮਾਂ।"

ਦੁਮੰਜਿਲੇ ਤੇ ਪੈਰ ਰਖਦਿਆਂ ਹੀ ਤਹਿਸੀਲਦਾਰ ਸਾਹਿਬ ਦੀ ਅਕਲ ਉਨ੍ਹਾਂ ਦੇ ਵਿਚਾਰ, ਉਨ੍ਹਾਂ ਦੀ ਬੋਲੀ ਬਾਲੀ ਸਭ ਬਦਲ ਜਾਂਦੀ ਹੈ। ਜਬਾੜੇ ਦੀਆਂ ਹੱਡੀਆਂ

ਆਪਣੇ ਆਪ ਚਲਦੀਆਂ ਰਹਿੰਦੀਆਂ ਨੇ ਜਿਵੇਂ ਕੋਈ ਚੀਜ਼ ਚੱਬ ਰਹੇ ਹੋਣ।

"ਕਮਲਾ ਦੀ ਮਾਂ ! ਮੈਂ ਹੁਣ ਫਾਹਾ ਲੈ ਕੇ ਮਰ ਜਾਵਾਂਗਾ। ਮੈਨੂੰ ਨੀਂਦ ਨਹੀਂ ਆਉਂਦੀ। ਕੀ ਹੋਵੇਗਾ ? ਕੁਝ ਸੋਚਦੀ ਏਂ ? ਦੁਸ਼ਮਣ ਨੂੰ ਵੀ ਕਦੀ ਇਹ ਦਿਨ ਨਾ ਦੇਖਣੇ ਪੈਣ। ਤੂੰ ਤਾਂ ਹੁਣ ਧੀ ਕੋਲ ਹੀ ਰਹਿੰਦੀ ਏਂ, ਮੇਰੇ ਕੱਲੇ ਦਾ ਜੀ ਘਬਰੋਂਦਾ ਹੈ। ਤੇਰੀ ਨਾਗਣ ਧੀ ਨੇ ਇਸ ਤਰ੍ਹਾਂ ਡਸਿਆ ਹੈ ਕਿ..." ਤਹਿਸੀਲਦਾਰ ਸਾਹਿਬ ਆਵੇਸ਼ ਵਿਚ ਉਠ ਖੜੋਂਦੇ ਹਨ।

"ਹਾਏ ਕਮਲਾ ਦੇ ਬਾਬੂ। ਕਿਦਾਂ ਦੀਆਂ ਗੱਲਾਂ ਕਰਦੇ ਹੋ?"

" ਚੁਪ ਰਹਿ ਤੂੰ। ਤੁਸਾਂ ਦੋਵਾਂ ਨੇ ਮੈਨੂੰ...। ਹਟ ਜਾ।"

"ਕਮਲਾ ਦੇ ਬਾਬੂ ਬੈਠ ਜਾਓ। ਰੌਲਾ ਨਾ ਪਾਓ। ਕੁੜੀ ਸੁਣ ਲਵੇਗੀ।"

"ਸੁਣ ਲਵੇਗੀ। ਹੂ, ਵੱਡੀ ਆਈ ਲਾਟ ਸਾਬ੍ਹ ਦੀ ਧੀ।"

"ਕਮਲਾ ਦੇ ਬਾਬੂ।"

"ਚੁਪ।"

"ਬੁੱਢੀ ਨੌਕਰਾਣੀ ਆ ਕੇ ਕਹਿੰਦੀ ਹੈ, "ਚਾਹ ਪੀ ਲਵੋ।

"ਚਲੋ।"

ਕਮਲਾ ਹੁਣ ਵੀ ਰੋਜ਼ ਦੋਨੋਂ ਵੇਲੇ ਆਪਣੇ ਹੱਥੀਂ ਚਾਹ ਬਣਾ ਕੇ ਭੇਜਦੀ ਹੈ ਆਪਣੇ ਬਾਪ ਨੂੰ। ਕਮਲਾ ਕਹਿੰਦੀ ਹੈ, "ਬਾਪੂ ਇਕ ਸੌ ਪਿਆਲੀਆਂ ਵਿਚੋਂ ਸਿਰਫ ਰੰਗ ਦੇਖ ਕੇ ਮੇਰੀ ਬਣਾਈ ਹੋਈ ਚਾਹ ਪਛਾਣ ਲੈਣਗੇ।"

"ਥੱਲੇ ਦੇ ਕਮਰੇ ਵਿਚ ਬੈਠ ਕੇ ਚਾਹ ਦੀ ਪਿਆਲੀ ਵਿਚੋਂ ਚੁਸਕੀ ਲੈਂਦਿਆਂ ਹੀ ਤਹਿਸੀਲਦਾਰ ਸਾਹਿਬ ਦੀਆਂ ਰਗਾਂ ਢਿਲੀਆਂ ਪੈ ਜਾਂਦੀਆਂ ਹਨ, ਚਿਹਰਾ ਸੁਭਾਵਕ ਹੋ ਜਾਂਦਾ ਹੈ।

"ਸੇਬੀਆ ਨੂੰ ਰਜਾਈ ਭਰਵਾ ਦਿਉ ਐਤਕੀਂ, ਨਹੀਂ ਤਾਂ ਬੁੱਢੀ ਇਸ ਸਰਦੀ ਵਿਚ ਗਠੀਏ ਤੋਂ ਨਹੀਂ ਬਚ ਸਕੇਗੀ।" ਤਹਿਸੀਲਦਾਰ ਸਾਹਿਬ ਕਹਿੰਦੇ ਹਨ।

"ਤੁਹਾਡੀ ਧੀ ਤੁਹਾਡੇ ਲਈ ਉੱਨ ਦੀ ਗੰਜੀ ਉਣ ਰਹੀ ਹੈ।...ਕਿਤਾਬ ਖੋਲ੍ਹ ਕੇ ਸਾਹਮਣੇ ਰਖ ਲੈਂਦੀ ਹੈ, ਦੋਵਾਂ ਹੱਥਾਂ ਵਿਚ ਸਲਾਈਆਂ ਲੈ ਕੇ ਕਿਤਾਬ ਦੇਖ ਦੇਖ ਕੇ ਜਦੋਂ ਉੱਣਨ ਲਗਦੀ ਹੈ ਕਮਲਾ, ਤਾਂ ਜਾਪਦਾ ਹੈ, ਹੱਥ ਨਹੀਂ ਮਸ਼ੀਨ ਹੈ।"

"ਸਚੀਂ ਆਹਾ। ਵਿਚਾਰੀ...! ਮੇਰੇ ਵਰਗੇ ਅਭਾਗੇ ਦੇ ਘਰ ਜਨਮ ਲੈ ਕੇ ਬਚਪਨ ਤੋਂ ਦੁਖ ਹੀ ਦੁਖ ਭੋਗਦੀ ਆ ਰਹੀ ਹੈ ਦੀਦੀ ਮੇਰੀ ! ਕਮਲਾ ਦੀ ਮਾਂ ਤੈਨੂੰ ਯਾਦ ਹੈ, ਜਦੋਂ ਸਿਰਫ ਇਕ ਸਾਲ ਦੀ ਸੀ ਕਮਲਾ, ਉਸ ਸਮੇਂ ਮੈਂ ਕਿਹਾ ਸੀ ਕਿ ਮੇਰੀ ਧੀ ਸੰਤੋਖ ਦੀ ਪੁਤਲੀ ਬਣ ਕੇ ਆਈ ਹੈ।"

ਸੇਬੀਆ ਹਸਦੀ ਹੋਈ ਅਧੂਰਾ ਸਵੈਟਰ ਲੈ ਆਉਂਦੀ ਹੈ।

"ਇਹ ਤੱਕੋ ।" ਮਾਂ ਹੱਥ'ਚ ਲੈ ਕੇ ਦਿਖੌਂਦੀ ਹੈ, "ਆਪਣੀ ਧੀ ਦੀ ਕਾਰੀਗਰੀ ਤਕੋ ।"

ਤਹਿਸੀਲਦਾਰ ਸਾਹਿਬ ਮੁਸਕਰਾਂਦੇ ਹੋਏ ਦੇਖਦੇ ਹਨ, ਫੇਰ ਸੇਬੀਆ ਨੂੰ ਇਸ਼ਾਰਾ ਕਰਦੇ ਹੋਏ ਕਹਿੰਦੇ ਹਨ, ਇਹ ਤਾਂ ਬਹੁਤ ਵੱਡਾ ਹੋਵੇਗਾ, ਮੇਰੀ ਦੇਹ ਲਈ ਮੇਰੇ ਲਈ ਮੇਰੇ ਲਈ ਤਾਂ ਏਨਾ ਛੋਟਾ (ਇਕ ਬੱਚੇ ਬਰਾਬਰ) ਚਾਹੀਦਾ ਹੈ। ਏਨਾ ਛੋਟਾ ।"

"ਹੂੰ ।" ਸੇਬੀਆ ਗੱਲ੍ਹ ਤੇ ਹੱਥ ਰਖ ਕੇ ਹਸਦੀ ਹੋਈ ਕਹਿੰਦੀ ਹੈ, "ਪਾਗਲ ।"

ਮਾਂ ਕਹਿੰਦੀ ਹੈ, "ਦੇ ਆ । ਕਹੀਂ, ਬਹੁਤ ਵਧੀਆ ਹੈ ।"

ਬਹੁਤ ਪੁਰਾਣੀ ਨੌਕਰਾਣੀ ਹੈ ਸੇਬੀਆ । ਕਮਲਾ ਦੀ ਮਾਂ ਦੇ ਬਚਪਨ ਦੀ ਸਹੇਲੀ ਹੈ ਉਹ । ਕੱਠੀਆਂ ਖੇਲੀਆਂ ਨੇ । ਬਚਪਨ ਵਿਚ ਹੀ ਵਿਧਵਾ ਹੋ ਗਈ, ਚੁਮੌਨੇ ਦੀ ਗਲ ਸੁਣਦਿਆਂ ਹਫ਼ਤਿਆਂ ਤਕ ਰੋਂਦੀ ਰਹਿੰਦੀ ਅਤੇ ਨਦੀ ਵਲ ਡੁੱਬਣ ਜਾਂਦੀ । ਕਮਲਾ ਦੀ ਮਾਂ ਨਾਲ ਏਥੇ ਆ ਗਈ ਅਤੇ ਹੁਣ ਤਕ ਹੈ । ਗਠੀਆ ਦੇ ਕਾਰਣ ਸਰੀਰ ਬਹੁਤ ਕਮਜ਼ੋਰ ਹੋ ਗਿਆ ਹੈ ਅਤੇ ਇਕ ਕੰਨ ਤੋਂ ਘੱਟ ਸੁਣਦੀ ਹੈ । ਕਮਲਾ ਕਹਿੰਦੀ ਹੈ— ਸੇਬੀਆ ਮਾਈ ।

"ਔਹ ਸੇਬੀਆ ਮਾਈ ।"

ਬੁੱਢੀ ਰੋਜ਼ ਚੋਰੀ ਚੁਲ੍ਹੇ ਦੀ ਲਾਲ ਮਿੱਟੀ ਦੇ ਟੁਕੜੇ ਦੇ ਆਉਂਦੀ ਹੈ ਕਮਲਾ ਨੂੰ । ਕਿੰਨੀ ਸੋਂਧੀ ਲਗਦੀ ਹੈ, ਚੁਲ੍ਹੇ ਦੀ ਮਿੱਟੀ ।

"ਮਾਂ ਸੇਬੀਆ ਮਾਈ ਪੁਛਦੀ ਸੀ ਪਰਾਹੁਣਾ ਕਦੋਂ ਆਵੇਗਾ ?"

ਤਹਿਸੀਲਦਾਰ ਸਾਹਿਬ ਦੁਮੰਜ਼ਿਲੇ ਦੀ ਛੱਤ ਤੇ ਖਲੋਤੇ ਦੇਖ ਰਹੇ ਹਨ । ਪੱਛਮ ਵਲ ਡੁਬਦੇ ਸੂਰਜ ਦੀ ਲਾਲ ਰੋਸ਼ਨੀ 'ਧਰਮਪੁਰ-ਮਲਿਕ' ਦੇ ਖੇਤਾਂ ਤੇ ਫੈਲੀ ਹੋਈ ਹੈ, ਰੰਗ ਹੌਲੀ ਹੌਲੀ ਬਦਲ ਰਿਹਾ ਹੈ, ਲਾਲ, ਧੁੰਦਲਾ ਲਾਲ, ਮਟਮੈਲਾ...। ਹੁਣ ਹਨੇਰਾ ਵਧਿਆ ਆ ਰਿਹਾ ਹੈ ।...ਤਹਿਸੀਲਦਾਰ ਦੀ ਡਿਉੜੀ, ਚਾਰ ਦੀਵਾਰੀ ਵੀ ਹੁਣ ਹਨੇਰੇ ਵਿਚ ਡੁਬ ਗਈ ।

## ਪੰਦਰਾਂ

ਬਾਲਦੇਵ ਜੀ ਘੋੜਾ ਗੱਡੀ ਵਾਲੇ ਨੂੰ ਕਹਿੰਦੇ ਹਨ—"ਦੇਖੋ ਜੀ ਅਜ ਜੇ ਟਰੇਨ ਫੜਾ ਦਿਉ ਤਾਂ ਅੱਠ ਆਨੇ ਬਕਸ਼ੀਸ਼ ਦਿਆਂਗੇ ।"

"ਦੇਖੋ, ਆਪਣੇ ਵਲੋਂ ਤਾਂ ਅਸੀਂ ਰੱਜ ਕੇ ਕੋਸ਼ਿਸ਼ ਕਰਾਂਗੇ," ਚਲ ਪੁਤਰਾ । ਕਦਮ ਕਦਮ ਵਧਾ ਕੇ । ਘੋੜੇ ਵਾਲਾ ਛੋਕਰਾ ਘੋੜੇ ਨੂੰ ਛੈਂਟਾ ਮਾਰਦਾ ਹੋਇਆ ਕਹਿੰਦਾ ਹੈ, "ਝਗੜਾ ਸ਼ੁਰੂ ਹੋਇਆ ਹੈ, ਸਾਰੇ ਹਿੰਦੁਸਤਾਨ ਵਿਚ, ਹਿੰਦੂ-ਮੁਸਲਮਾਨਾਂ ਵਿਚ ਹੈ ਨਾ ।"

ਬਾਲਦੇਵ ਜੀ ਨੂੰ ਅਜ ਪਤਾ ਲਗਾ ਕਿ ਮਹਾਤਮਾ ਜੀ ਦੋ ਮਹੀਨਿਆਂ ਤੋਂ ਲਗਾਤਾਰ ਪਟਨੇ ਵਿਚ ਸਨ। ਰੋਜ਼ ਪ੍ਰਾਰਥਨਾ ਸਭਾ ਵਿਚ ਭਾਸ਼ਨ ਦਿੰਦੇ ਸਨ ਮਹਾਤਮਾ ਜੀ !... ਅਜਕਲ੍ਹ ਦਿੱਲੀ ਵਿਚ ਹਨ।

...ਹੈਂ ! ਕਿਹੜੀ ਗੱਡੀ ਨੇ ਵਿਸਲ ਦਿਤਾ ?

"ਹਾਲੇ ਸਿੰਗਲ ਡੌਨ ਨਹੀਂ ਹੋਇਆ ਹੈ ? ਦੇਰ ਹੈ।"

"ਦੇਰ ਹੈ ? ਵਾਹ ਬਹਾਦਰਾ।"

ਸਟੇਸਨ ਤੇ ਬਾਲਦੇਵ ਜੀ ਨੇ ਭਾੜੇ ਦੇ ਇਲਾਵਾ ਇਕ ਅਠਿਆਨੀ ਬਕਸ਼ੀਸ਼ ਵਿਚ ਦਿਤੀ ਤਾਂ ਤਾਂਗੇ ਵਾਲੇ ਛੋਕਰੇ ਨੇ ਬੜੇ ਕੈਦੇ ਨਾਲ ਹੱਥ ਚੁਕ ਕੇ ਸਲਾਮ ਕੀਤਾ, "ਸਲਾਮ ਹਜ਼ੂਰ।"

ਕਿਸੇ ਮੁਟਿਆਰ ਜ਼ਨਾਨੀ ਨੂੰ ਦੇਖਦਿਆਂ ਹੀ ਬਾਲਦੇਵ ਜੀ ਨੂੰ ਝੱਟ ਲੱਛਮੀ ਦੀ ਯਾਦ ਆ ਜਾਂਦੀ ਹੈ, ਮਨ ਹੀ ਮਨ ਵਿਚ ਸੋਚਦੇ ਹਨ, ਜੇ ਗੰਗੁਲੀ ਜੀ ਕੋਲ ਕੁਝ ਦੇਰ ਹੋਰ ਲਗ ਜਾਂਦੀ ਤਾਂ ਅਜ ਸ਼ਰਮਾ ਜੀ ਔਣ ਹੀ ਨਾ ਦਿੰਦੇ। ਤੁਰਨ ਸਮੇਂ ਸ਼ਰਮਾ ਜੀ ਨੇ ਅਖੀਰ ਮਸਕਰੀ ਕਰ ਦਿਤੀ, "ਚੰਗਾ ਤਾਂ ਬਾਲਦੇਵ ਜਾਉ। ਅਸੀਂ ਮੂਰਖ ਤਾਂ ਨਹੀਂ ਜੁ ਤੈਨੂੰ ਰੋਕਾਂਗੇ ? ਤੈਨੂੰ ਇਥੇ ਰੋਕ ਲਈਏ ਅਤੇ ਉਧਰ ਤੁਹਾਡੀ ਕੁਠਾਰਿਨ ਕਿਸੇ ਨਾਲ 'ਸਤਸੰਗ' ਕਰਨ ਲਗ ਪਵੇ ਤਾਂ। ਹਾ-ਹਾ-ਹਾ ਮਾਫ ਕਰੀਂ, ਚੰਗਾ ਜੈ ਹਿੰਦ।"

"ਜੈ ਹਿੰਦ ਬਾਲਦੇਵ ਜੀ।"

"ਕੌਣ ? ਖਲਾਸੀ ਜੀ। ਕਹੋ ਕੀ ਹਾਲ ਹੈ ?"

"ਅਸੀਂ ਤਾਂ ਹੁਣੇ ਹੀ ਆ ਰਹੇ ਹਾਂ ਮੇਰੀ ਗੰਜੋਂ।...ਜਾਉ ਰੌਤਹੱਟ ਟੇਸ਼ਨ ਤੇ ਤੁਹਾਡੇ ਲਈ ਬੈਲਗੱਡੀ ਖਲੋਤੀ ਹੈ। ਗਏ ਸੀ ਬਦਾਇਗੀ ਲਈ। ਅਜ ਦਸ ਦਿਨਾਂ ਪਿਛੋਂ ਪਰਤੇ ਹਾਂ। ਸਾਡੀ ਜਨਾਨੀ ਨੂੰ ਬਾਹਰਲੀ ਹਵਾ (ਭੂਤ ਪ੍ਰੇਤ ਦੀ ਹਵਾ) ਲਗ ਗਈ ਸੀ। ਹੱਥ ਹੌਲਾ ਕਰਨ ਲਈ ਨਾਲ ਲੈ ਆਏ ਸਾਂ।...ਆਹਾ। ਅਜ ਦਸ ਵਜੇ ਅਸੀਂ ਤੁਹਾਡੇ ਆਸ਼ਰਮ ਵਲ ਗਏ ਸਾਂ, ਇਕ ਜੜੀ ਬੂਟੀ ਲੱਭਣ ਲਈ। ਆਸ਼ਰਮ ਦੇਖ ਕੇ ਜੀ ਕਰਦਾ ਸੀ ਕਿ ਉਥੋਂ ਕਿਤੇ ਨਾ ਜਾਈਏ। ਤੁਸੀਂ ਤਾਂ ਸੀਗੇ ਨਹੀਂ, ਕੋਠਾਰਨ ਜੀ ਸੀ। ਸਾਹਿਬ ਬੰਦਗੀ ਕੀਤੀ, ਸਪਾਰੀ-ਕਸੈਲੀ ਖਾਧੀ। ਇਕ ਨਵਤੁਰੀਆ ਸਾਧੂ ਜੀ ਏਨਾ ਵਧੀਆ ਗਾ ਗਾ ਕੇ ਬੀਜ਼ਕ ਪੜ੍ਹ ਰਹੇ ਸਨ ਕਿ ਜੀ ਕਰਦਾ ਸੀ ਬੈਠੇ ਰਹੀਏ।"...ਚੰਗਾ ਤਾਂ ਜੈ ਹਿੰਦ।"

ਨਵਤੁਰੀਆ ਸਾਧੂ ? ਕਾਸ਼ੀ ਜੀ ਦਾ ਵਿਦਿਆਰਥੀ ਜੀ ਹੈ। ਮਹੰਥ ਸੇਵਾਦਾਸ ਦੇ ਵੇਲੇ ਤੋਂ ਹੀ ਮੱਠ ਵਿਚ ਔਂਦਾ ਹੈ, ਵਰ੍ਹੇ ਚੋਂ ਵਰ੍ਹਿਆਂ ਬਾਦ। ਮਹੰਥ ਸਾਹਿਬ ਜਾਣ ਵੇਲੇ ਧੋਤੀ ਚਾਦਰ, ਕਿਤਾਬ ਦੇ ਦਾਮ ਅਤੇ ਰਾਹ ਖਰਚ ਦਿੰਦੇ ਸਨ।...ਮੋਤੀਆਂ ਵਰਗੇ ਅੱਖਰ ਲਿਖਦਾ ਹੈ।...ਲੱਛਮੀ ਨੇ ਜਿਹੜਾ ਬੀਜਕ ਦਿਤਾ ਸੀ ਬਾਲਦੇਵ ਜੀ

ਨੂੰ, ਏਸੇ ਵਿਦਿਆਰਥੀ ਜੀ ਦਾ ਲਿਖਿਆ ਹੋਇਆ ਸੀ। ਐਤਕੀਂ ਆਏ ਤਾਂ ਕਹਿੰਦੇ ਸਨ ਕਿ ਮੱਠ ਵਿਚ ਜੀ ਨਹੀਂ ਲਗਦਾ। ਪਰ ਲੱਛਮੀ ਤਾਂ ਹੁਣ ਮੱਠ ਦੀ ਕੋਠਾਰਨ ਨਹੀਂ। ਇਕ ਭਲੇ ਘਰ ਦੀ 'ਇਸਤਰੀ' ਹੈ।

...ਜਦੋਂ ਮੈਂ ਘਰ ਨਹੀਂ ਸਾਂ ਤਾਂ ਉਹ ਕਿਉਂ ਗਿਆ ? ਅਖੀਰ ਲੋਕ ਕੀ ਸੋਚਦੇ ਹੋਣਗੇ ? ਨਹੀਂ, ਇਹ ਚੰਗੀ ਗੱਲ ਨਹੀਂ, ਲੱਛਮੀ ਨੂੰ ਸਮਝੌਣਾ ਪਵੇਗਾ।

ਬਾਲਦੇਵ ਜੀ ਦੀ ਮਾਸੀ ਰੋਜ਼ ਸਵੇਰੇ ਹੀ ਉਨ੍ਹਾਂ ਦੇ ਆਸ਼ਰਮ ਸਾਹਮਣੇ ਆ ਬੈਠਦੀ ਹੈ ਅਤੇ ਗਿਣ ਗਿਣ ਕੇ ਗਾਲ੍ਹਾਂ ਸੁਣਾ ਜਾਂਦੀ ਹੈ, "ਓਏ ਭੜੂਏ।...ਏਸੇ ਦਿਨ ਲਈ ਪਾਲ-ਪੋਸ ਕੇ ਏਨਾ ਵੱਡਾ ਕੀਤਾ ਸੀ ਵੇ।...ਓਏ ਯਤੀਮਾਂ ! ਲੱਛਮੀ ਨੇ ਤਾਂ ਤੈਨੂੰ ਤਵੀਤ ਖੁਆ ਕੇ ਵਸ ਕਰ ਲਿਆ ਹੈ, ਭੇਡੂ ਬਣਾ ਕੇ ਰਖ ਲਿਆ ਹੈ। ਓਏ ਨਿਰਲੱਜਾ ਘਰ ਦਿਆਂ ਦੀ ਸੂਰਤ ਕਿਵੇਂ ਭੁਲ ਗਿਆ ਏਂ।" ਅਤੇ ਲੱਛਮੀ ਕਦੀ ਸੇਰ ਦੋ ਸੇਰ ਚੌਲ, ਪਾਈਆ ਦਾਲ ਅਤੇ ਕਣਕ ਆਲੂ ਵਗੈਰਾ ਦੇ ਕੇ ਉਹਨੂੰ ਤੋਰ ਦਿੰਦੀ ਹੈ।

ਸ਼ਾਮ ਢਲ ਰਹੀ ਹੈ। ਸਰਦੀ ਕਾਫੀ ਵਧ ਗਈ ਹੈ। ਬਾਲਦੇਵ ਜੀ ਚਾਦਰ ਨਾਲ ਕੰਨਾਂ ਨੂੰ ਢਕ ਲੈਂਦੇ ਹਨ, ਪਰ ਕੰਨ ਤਾਂ ਗਰਮ ਹਨ।...ਵਿਦਿਆਰਥੀ ਜੀ...

"ਓਏ ਹਾਂ ਹਾਂ। ਠਹਿਰ। ਸਾਲਾ। ਆਦਮੀ ਦੇਖ ਕੇ ਵੀ ਭੜਕਦਾ ਹੈ ?" ਗੱਡੀ ਵਾਲੇ ਨੇ ਬਲਦਾਂ ਨੂੰ ਰੋਕਦਿਆਂ ਕਿਹਾ, "ਗੁਸਾਈਂ ਜੀ।...ਉਠੋ ਆ ਗਿਆ ਘਰ।"

ਬਾਲਦੇਵ ਜੀ ਜਾਗਦੇ ਹੀ ਹਨ। ਉਠਦਿਆਂ ਹੀ ਉਨ੍ਹਾਂ ਨੇ ਪਰ੍ਹੇ ਬਿਰਛ ਦੀ ਛਾਵੇਂ ਕਿਸੇ ਨੂੰ ਜਾਂਦਿਆਂ ਤਕਿਆ। ਉਹ। ਵਿਦਿਆਰਥੀ ਜੀ ਹੁਣ ਜਾ ਰਹੇ ਹਨ। ਇਸੇ ਲਈ ਬਲਦ ਬੇਚੈਨ ਹੋਏ ਨੇ।

"ਸਾਹਿਬ ਬੰਦਗੀ।" ਲੱਛਮੀ ਪੈਰ ਛੂਹ ਕੇ ਸਾਹਿਬ ਬੰਦਗੀ ਕਰਦੀ ਹੈ।

ਬਾਲਦੇਵ ਜੀ ਮਿਣ ਮਿਣ ਕਰਕੇ ਕੁਛ ਕਹਿੰਦੇ ਹਨ ਅਤੇ ਸਿੱਧੇ ਆਪਣੀ ਆਸਣੀ ਤੇ ਚਲੇ ਜਾਂਦੇ ਹਨ।

"ਮੇਰਾ ਕੰਬਲ ਕਿੰਨੇ ਲਿਆ ਸੀ ?" ਬਾਲਦੇਵ ਜੀ ਵਿਛੌਣੇ ਤੇ ਪਏ ਹੋਏ ਕੰਬਲ ਨੂੰ ਨੱਕ ਚਾੜ੍ਹ ਕੇ ਦੇਖਦੇ ਹੋਏ ਪੁਛਦੇ ਹਨ। "ਮੇਰਾ ਕੰਬਲ ਕਿਉਂ ਲਿਆ ਸੀ ਉਹਨੇ ?"

"ਕੌਣ ?"

"ਹੋਰ ਕੌਣ ? ਜਾਪਦਾ ਹੈ ਸੁਪਨਾ ਦੇਖਦੀ ਏਂ।" ਬਾਲਦੇਵ ਜੀ ਦਾ ਮੱਥਾ ਗਰਮ ਹੈ।

"ਰਾਮ ਫਲ।...ਤੁਸੀਂ ਲੋਕ ਖਾ ਲਵੋ। ਸਾਨੂੰ ਭੁਖ ਨਹੀਂ। ਅਸੀਂ ਨਹੀਂ ਖਾਵਾਂਗੇ।" ਬਾਲਦੇਵ ਜੀ ਜ਼ੋਰ ਜ਼ੋਰ ਨਾਲ ਕੰਬਲ ਝਾੜਦੇ ਹੋਏ ਕਹਿੰਦੇ ਹਨ, "ਦੁਨੀਆਂ ਭਰ ਦੇ ਆਦਮੀ ਆ ਕੇ ਆਸਣ ਤੇ ਸੌਣਗੇ।"

ਲੱਛਮੀ ਕਈ ਦਿਨਾਂ ਤੋਂ ਤਕ ਰਹੀ ਹੈ, ਬਾਲਦੇਵ ਜੀ ਗੱਲ ਗੱਲ ਤੇ ਰੁਸ ਜਾਂਦੇ

ਹਨ, ਉਹ ਆ ਕੇ ਦਰਵਾਜ਼ੇ ਕੋਲ ਖਲੋ ਜਾਂਦੀ ਹੈ, "ਆਸਣ ਝਾੜਿਆ ਹੋਇਆ ਹੈ।... ਵਿਦਿਆਰਥੀ ਜੀ ਤਾਂ ਬਾਹਰ ਬੈਠੇ ਸਨ।"

"ਕਿਉਂ ? ਬਾਹਰ ਕਿਉਂ ਸਨ ? ਘਰ ਕਿਉਂ ਨਹੀਂ ਬੈਠਦੇ ਵਿਦਿਆਰਥੀ ਜੀ ? ਸੁੰਨੇ ਘਰ ਵਿਚ ਜਿਵੇਂ ਘਰ ਤਿਵੇਂ ਬਾਹਰ।" ਬਾਲਦੇਵ ਜੀ ਦੇ ਬੁਲ੍ਹ ਫਰਕ ਰਹੇ ਨੇ। "ਵਿਦਿਆਰਥੀ ਜੀ ਔਂਦੇ ਹਨ, ਸਤਸੰਗ ਕਰਨ ਲਈ...।"

"ਹਾਂ, ਹਾਂ। ਖੂਬ ਸਮਝਦੇ ਹਾਂ ਸਤਸੰਗ...। ਹੂੰ...ਸਤਸੰਗ।" ਬਾਲਦੇਵ ਜੀ ਘਿਰਣਾ ਨਾਲ ਮੂੰਹ ਘੁਟ ਲੈਂਦੇ ਹਨ।

ਪਤਾ ਨਹੀਂ ਕਿਉਂ ਅਜ ਸਤਸੰਗ ਸੁਣਦਿਆਂ ਹੀ ਉਨ੍ਹਾਂ ਦੀ ਦੇਹ ਨੂੰ ਝਟਕਾ ਜਿਹਾ ਲਗਦਾ ਹੈ। ਛੋਟਨ ਬਾਬੂ ਨੇ ਕਿਹਾ ਸੀ—"ਸਤਸੰਗ ਕਰ ਰਹੇ ਹਨ।"...ਦੇਰਿਕ ਸ਼ਰਮੇ ਨੇ ਅਖੀਰ ਕਹਿ ਦਿਤਾ—"ਕੋਠਾਰਿਨ ਕਿਸੇ ਨਾਲ ਸਤਸੰਗ ..।"

"ਸਤਸੰਗ ਹੀ ਕਰਨਾ ਹੈ ਤਾਂ ਉਨ੍ਹਾਂ ਦੀ ਆਸਣੀ ਏਥੇ ਲਾ ਦੇ। ਦਿਨ ਰਾਤ ਰੱਜ ਕੇ ਸਤਸੰਗ ਕਰਦੀ ਰਹੀਂ।" ਬਾਲਦੇਵ ਜੀ ਬੁਲ੍ਹ ਵਿੰਗਾ ਕਰਕੇ ਤੇ ਇਕ ਅਜੀਬ ਮੁਦਰਾ ਬਣਾ ਕੇ ਹੱਥ ਮਾਰ ਕੇ ਕਹਿੰਦੇ ਹਨ, "ਸਤਸੰਗ।"

"ਗੁਸਾਂਈਂ ਸਾਬ੍ਹ।" ਲੱਛਮੀ ਦੀਆਂ ਵੀ ਨਾਸਾਂ ਫੜਕ ਉਠਦੀਆਂ ਹਨ, "ਇਦਾਂ ਕਿਉਂ ਬਕਦੇ ਹੋ ?"

"ਤੂੰ ਸਾਡੇ ਨਾਲ ਟਰਕਾਬਾਜ਼ੀ ਕਰਦੀ ਏਂ ?...ਅਸੀਂ ਸਭ ਸਮਝਦੇ ਹਾਂ।"

"ਕੀ ਸਮਝਦੇ ਹੋ ?"

ਬਾਹਾਂ ਕਿਉਂ ਮਰੋੜਦੀ ਹੈ ਲੱਛਮੀ ?...ਕਿ ਪਿੱਟ ਸਿਆਪਾ ਕਰੇਗੀ ? ਗੁੱਸੇ ਨਾਲ ਥਰ-ਥਰ ਕੰਬਦੀ ਹੈ, "ਬੋਲੋ ! ਕੀ ਸਮਝਦੇ ਹੋ...ਕੀ ਰੰਡੀ ਸਮਝ ਲਿਆ ਹੈ ? ਠੀਕ ਹੀ ਕਿਹਾ ਹੈ, ਜਾਨਵਰ ਦੀ ਗਰਦਨ ਪਲੋਸਣ ਨਾਲ ਗਲ ਦਾ ਫਾਹਾ ਛਡੌਂਦਾ ਹੈ, ਪਰ ਆਦਮੀ ਦੀ ਗਰਦਣ...।"

"ਅਸੀਂ ਤੇਰੇ ਪਾਲਤੂ ਕੁੱਤੇ ਨਹੀਂ। ਅਸੀਂ ਹੁਣੇ ਹੀ ਚੰਨਪਟੀ ਚਲੇ ਜਾਵਾਂਗੇ, ਹੁਣੇ ਹੀ।" ਬਾਲਦੇਵ ਜੀ ਉਠ ਖਲੋਂਦੇ ਹਨ।

"ਗੁੱਸੇ ਨਾ ਹੋਵੋ ਗੁਸਾਂਈ ਸਾਬ੍ਹ। ਕਰੋਧ ਪਾਪ ਦੀ ਜੜ। ਜਾਣ ਲਗਿਆਂ ਦੇਹ ਨੂੰ ਕਲੰਕ ਲਾ ਕੇ ਨਾ ਜਾਉ।"

ਬਾਲਦੇਵ ਜੀ ਕੁਝ ਸੋਚ ਕੇ ਬੈਠ ਜਾਂਦੇ ਹਨ।...ਲੱਛਮੀ ਦੀ ਦੇਹ'ਚੋਂ ਗੰਧ ਨਿਕਲਦੀ ਹੈ। ਉਹ ਚੁਪ ਚਾਪ ਲੱਛਮੀ ਵਲ ਦੇਖਦੇ ਹਨ। ਲੱਛਮੀ ਚੁਪਚਾਪ ਦਰਾਂ ਦੇ ਸਹਾਰੇ ਖਲੋਤੀ ਹੰਝੂ ਪੂੰਝਦੀ ਹੋਈ ਸਿਸਕਦੀ ਹੈ, "ਮੇਰੀ ਤਕਦੀਰ ਹੀ ਮਾੜੀ ਹੈ।"

ਲੱਛਮੀ ਰੋ ਰਹੀ ਹੈ ?...ਬਾਲਦੇਵ ਜੀ ਦਾ ਗੁੱਸਾ ਹੌਲੀ ਹੌਲੀ ਉਤਰ ਜਾਂਦਾ ਹੈ। ਉਹ ਉਠਦੇ ਹਨ, ਲੱਛਮੀ ਦੇ ਸਿਰ ਨੂੰ ਪਲੋਸਦੇ ਹੋਏ ਕਹਿੰਦੇ ਹਨ, "ਰੋ ਨਾ ! ਤੇਰੇ ਤੇ

ਭਲਾ ਸ਼ੱਕ ਕਰਾਂਗੇ ? ਰੋ ਨਾ ! ਪਰ ਤੈਨੂੰ ਹੁਣ ਆਪੇ ਹੀ ਸਮਝਣਾ ਚਾਹੀਦਾ ਹੈ ਕਿ ਤੂੰ ਹੁਣ ਮੱਠ ਦੀ ਕੋਠਾਰਿਨ ਨਹੀਂ, ਮੇਰੀ ਇਸਤਰੀ ਏਂ । ਲੋਕਾਂ ਕੀ ਕਹਿਣਗੇ...।"

ਲੱਛਮੀ ਬਾਲਦੇਵ ਜੀ ਦੇ ਪੈਰਾਂ ਤੇ ਡਿੱਗ ਪੈਂਦੀ ਹੈ, "ਖਿਮਾਂ ਪ੍ਰਭੂ । ਦਾਸੀ ਦਾ ਅਪਰਾਧ...।"

"ਛੀ ਛੀ । ਲੱਛਮੀ ਉਠ; ਚਲ ਭੁਖ ਲੱਗੀ ਹੈ ।"

## ਸੋਲਾਂ

ਡਾਕਟਰ ਨਜ਼ਰਬੰਦ ਹੈ ।

ਜੇਲ੍ਹ ਹਸਪਤਾਲ ਦੇ ਇਕ ਸੈੱਲ ਵਿਚ ਉਹਨੂੰ ਰਖਿਆ ਗਿਆ ਹੈ । ਹਰ ਹਫਤੇ ਕੋਈ ਨਾ ਕੋਈ ਅਫਸਰ ਆ ਕੇ ਉਹਨੂੰ ਘੰਟਿਆਂ ਬੱਧੀ ਪਰੇਸ਼ਾਨ ਕਰਦਾ ਹੈ, ਤਰ੍ਹਾਂ ਤਰ੍ਹਾਂ ਦੇ ਪ੍ਰਸ਼ਨ ਪੁਛਦਾ ਹੈ।...ਚਲਿੱਤਰ ਕਰਮਕਾਰ ਦੇ ਦਲ ਨਾਲ ਡਾਕਟਰ ਦਾ ਕੋਈ ਸੰਬੰਧ ਸਾਬਤ ਕਰਨ ਲਈ ਪੁਲਿਸ ਜੀ ਤੋੜ ਮਿਹਨਤ ਕਰ ਰਹੀ ਹੈ।

"ਤੁਸੀਂ ਜਾਣਦੇ ਹੋ ਚਲਿੱਤਰ ਕਰਮਕਾਰ ਕਿਸ ਪਾਟੀ ਦਾ ਮੈਂਬਰ ਹੈ ?"

"ਜੀ ਨਹੀਂ । ਮੈਂ ਚਲਿੱਤਰ ਕਰਮਕਾਰ ਦਾ ਨਾਂ ਵੀ ਨਹੀਂ ਸੁਣਿਆ ।"

"ਨਹੀਂ ਸੁਣਿਆਂ ? ਜਿਲੇ ਭਰ ਦੇ ਬੱਚੇ ਵੀ ਜਾਣਦੇ ਹਨ ।"

ਚਲਿੱਤਰ ਨੂੰ ਕੌਣ ਨਹੀਂ ਜਾਣਦਾ । ਬਿਹਾਰ ਸਰਕਾਰ ਵਲੋਂ ਪੰਦਰਾਂ ਹਜ਼ਾਰ ਦੇ ਇਨਾਮ ਦਾ ਐਲਾਨ ਕੀਤਾ ਗਿਆ ਹੈ । ਹਰ ਸਟੇਸ਼ਨ ਦੇ ਮੁਸਾਫਰਖਾਨੇ ਵਿਚ ਉਹਦੀ ਵੱਡੀ ਸਾਰੀ ਤਸਵੀਰ ਟੰਗੀ ਗਈ ਹੈ । ਪੁਲਿਸ ਸੀ. ਆਈ ਡੀ. ਅਤੇ ਮਿਲਟਰੀ ਦਾ ਇਕ ਸਪੈਸ਼ਲ ਜੱਥਾ ਉਹਨੂੰ ਗਿਰਫ਼ਤਾਰ ਕਰਨ ਲਈ ਸਾਲ ਭਰ ਤੋਂ ਜਿਲੇ ਦੇ ਕੋਨੇ ਕੋਨੇ ਵਿਚ ਘੁੰਮ ਰਿਹਾ ਹੈ । ਨਵੇਂ ਐਸ. ਪੀ. ਸਾਹਿਬ ਨੇ ਪ੍ਰਤਿੱਗਿਆ ਕੀਤੀ ਹੈ, ਜਾਂ ਤਾਂ ਚਲਿੱਤਰ ਨੂੰ ਗਿਰਫਤਾਰ ਕਰਾਂਗੇ ਨਹੀਂ ਤਾਂ ਨੌਕਰੀ ਛੱਡ ਦਿਆਂਗੇ।...ਘਰ ਘਰ ਵਿਚ ਚਲਿੱਤਰ ਦੀਆਂ ਕਹਾਣੀਆਂ ਹੁੰਦੀਆਂ ਨੇ । ਨੇਤਾ ਜੀ ਸਿੰਘਾਪੁਰ ਵਿਚ ਔਣ ਸਮੇਂ ਪਿੰਡੀ-ਘਰੀਂ ਘਾਟ-ਬਾਟ ਨਾਚ ਤਮਾਸ਼ੇ ਵਿਚ ਲੋਕ ਜਿਵੇਂ ਚਰਚਾ ਕਰਦੇ ਸਨ, ਉਵੇਂ ਹੀ ਚਰਚਾ ਚਲਿੱਤਰ ਦੀ ਵੀ ਹੁੰਦੀ ਹੈ ।...ਕਟਹਾ ਦੇ ਵੱਡੇ ਦਰੋਗੇ ਕੋਲ ਥਾਣੇ ਵਿਚ ਜਾ ਕੇ ਮੁਲਾਕਾਤ ਕਰਕੇ ਗੱਲ ਬਾਤ ਕਰਕੇ ਪਾਨ ਖਾ ਕੇ ਅਤੇ ਨਮਸਤੇ ਕਰਕੇ ਜਦੋਂ ਉਠਿਆ ਤਾਂ ਹੱਸ ਕੇ ਕਿਹਾ, ਅਸੀਂ ਹੀ ਚਲਿੱਤਰ ਕਰਮਕਾਰ ਆਂ । ਦਰੋਗਾ ਸਾਹਿਬ ਨੂੰ ਦੰਦਲ ਪੈ ਗਈ।...ਕਲਕਟਰ ਸਾਹਿਬ ਦਾਰਜਿਲਿੰਗ ਰੋਡ ਤੇ ਕਿਤੇ ਜਾ ਰਹੇ ਸਨ, ਡੰਗਰਾਂ ਘਾਟ ਦੀ ਬੇੜੀ ਰੁੜ੍ਹ ਗਈ ਸੀ। ਕਲਕਟਰ ਸਾਹਿਬ

ਪਰਤ ਰਹੇ ਸਨ ਕਿ ਇਕ ਆਦਮੀ ਨੇ ਆ ਕੇ ਸਲਾਮ ਕੀਤੀ ਅਤੇ ਕਿਹਾ ਕਿ ਚਲੋ ਦੂਜੇ ਪਾਰ ਪੁਚਾ ਦਿੰਦੇ ਹਾਂ। ਕਲਕਟਰ ਸਾਹਿਬ ਤਾਂ ਮੋਟਰ ਵਿਚ ਬੈਠੇ ਹੀ ਰਹੇ ਉਸ ਆਦਮੀ ਨੇ ਮੋਟਰ ਸਮੇਤ ਕਲਕਟਰ ਸਾਹਿਬ ਨੂੰ ਨਦੀ ਤਰ ਕੇ ਪਾਰ ਕਰ ਦਿਤਾ। ਸਿਰਫ ਮੋਟਰ ਦਾ ਇਕ ਪਹੀਆ ਇਕ ਹੱਥ ਨਾਲ ਫੜੀ ਰਖਿਆ। ਉਸ ਪਾਰ ਜਾ ਕੇ ਕਲਕਟਰ ਸਾਹਿਬ ਨੇ ਖੁਸ਼ ਹੋ ਕੇ ਇਨਾਮ ਦੇਣ ਲਈ ਨਾਂ ਥੇਹ ਪੁਛਿਆ ਤਾਂ ਦਸਿਆ–ਚਲਿੱਤਰ ਕਰਮਕਾਰ। ਕਲਕਟਰ ਸਾਹਿਬ ਦੇ ਹਥੋਂ ਕਲਮ ਛੁਟ ਕੇ ਡਿਗ ਪਈ।...ਰੋਂਦੇ ਬੱਚੇ ਨੂੰ ਰਾਤੀ ਮਾਂ ਡਰੌਂਦੀ ਹੈ — ਆ ਓਏ! ਚਲਿੱਤਰ, ਘੋੜੇ ਚੜ੍ਹ ਕੇ ਆ।

ਅਤੇ ਡਾਕਟਰ ਕਹਿੰਦਾ ਹੈ ਕਿ ਉਹਨੇ ਚਲਿੱਤਰ ਦਾ ਨਾਂ ਵੀ ਨਹੀਂ ਸੁਣਿਆ। ਕਿਵੇਂ ਵਿਸ਼ਵਾਸ਼ ਕੀਤਾ ਜਾਵੇ?...ਵਿਰਾਟ ਨਗਰ ਦੇ ਵੱਡੇ ਹਾਕਿਮ ਨੇ ਲਿਖਿਆ ਹੈ, ਡਾਕਟਰ ਨੇਪਾਲ ਦੀ ਪਰਜਾ ਨਹੀਂ. ਬੰਗਾਲ ਦਾ ਜਵਾਬ ਆਇਆ ਹੈ, ਬੰਗਾਲ ਨਾਲ ਉਹਦਾ ਕੋਈ ਸੰਬੰਧ ਨਹੀਂ। ਤਾਂ ਅਖ਼ੀਰ ਕਿਥੋਂ ਦਾ ਆਦਮੀ ਹੈ? ਪੁਰਾਣੀਆਂ ਫਾਈਲਾਂ ਨੂੰ ਫੋਲਣ ਨਾਲ ਗੱਲਾਂ ਹੋਰ ਵੀ ਉਲਝ ਜਾਂਦੀਆਂ ਹਨ। ਅਜੀਬ ਬਖੇੜਾ ਹੈ। ਉਧਰ ਵਿਧਾਨ ਸਭਾ ਵਿਚ ਪ੍ਰਸ਼ਨ ਪੁਛਿਆ ਗਿਆ ਹੈ — ਡਾਕਟਰ ਨੂੰ ਕਿਉਂ ਨਜ਼ਰਬੰਦ ਕੀਤਾ ਗਿਆ ਹੈ? ਬੜੀ ਮੁਸ਼ਕਲ ਹੈ। ਐਸ. ਪੀ. ਸਾਹਿਬ ਬਹੁਤ ਵੱਡੇ ਆਦਮੀ ਹਨ। ਕਟਹਾ ਦੇ ਛੋਟੇ ਦਰੋਗੇ ਨੂੰ ਬਚਾ ਕੇ ਠੀਕ ਕਰ ਦਿਤਾ ਹੈ।

ਜੇਲ੍ਹ ਵਿਚ ਦਾਖਲ ਹੋਣ ਪਿਛੋਂ ਡਾਕਟਰ ਨੂੰ ਜਾਪਿਆ, ਇਹਦੀ ਬਹੁਤ ਵੱਡੀ ਜ਼ਰੂਰਤ ਸੀ। ਜੇਲ੍ਹ! ਹਸਪਤਾਲ ਦਾ ਇਹ ਮੇਲ। ਅਫਸਰਾਂ ਦਾ ਆਉਣਾ ਜਾਣਾ ਅਤੇ ਪੁੱਛ ਗਿੱਛ ਪੰਦਰਾਂ ਵੀਹ ਦਿਨਾਂ ਪਿਛੋਂ ਹੀ ਬੰਦ ਹੋ ਗਈ।...ਗਾਂਧੀ ਜੀ ਪਟਨਾ ਦੀ ਪ੍ਰਾਰਥਨਾਂ ਸਭਾ ਵਿਚ ਰੋਜ਼ ਪ੍ਰਵਚਨ ਦਿੰਦੇ ਹਨ। ਦੈਨਿਕ ਪੱਤਰਾਂ ਦੇ ਇਹ ਸਫੇ ਕਦੀ ਪੁਰਾਣੇ ਨਹੀਂ ਹੋਣਗੇ। ਇਨ੍ਹਾਂ ਪ੍ਰਵਚਨਾਂ ਤੇ ਬਹਿਸ ਨਹੀਂ ਕੀਤੀ ਜਾ ਸਕਦੀ ਕਿਸੇ ਜੇਲ੍ਹ ਵਿਚ ਬੈਠ ਕੇ ਇਸ ਦਾ ਅਧਿਅਨ ਕੀਤਾ ਜਾ ਸਕਦਾ ਹੈ।...ਹਾਲੇ ਕਲ੍ਹ ਹੀ ਕੁਝ ਫਿਰਕਾ ਪ੍ਰਸਤਾਂ ਦੇ ਇਕ ਵੱਡੇ ਜਲਸੇ ਦਾ ਉਦਘਾਟਨ ਕੀਤਾ ਹੈ, ਪ੍ਰਾਂਤ ਦੇ ਇਕ ਬੜੇ ਕਹਿੰਦੇ ਕਹਾਉਂਦੇ ਨੇਤਾ ਨੇ।...ਜਾਪਦਾ ਹੈ ਚਾਲਬਾਜ਼ੀ ਬੜੀ ਦੂਰ ਤਕ ਚਲੀ ਗਈ ਹੈ। ਮਹਾਤਮਾ ਗਾਂਧੀ ਤੋਂ ਵੀ ਕਾਲੀ ਟੋਪੀ ਸਵੈਸੇਵਕ ਦਲ ਲਈ ਪ੍ਰਸੰਸਾ ਦੇ ਸ਼ਬਦ ਵਸੂਲਣੇ ਹਾਸੇ-ਠੱਠੇ ਦੀ ਗੱਲ ਨਹੀਂ। ਮਨ ਵਿਚ ਕਿਸੇ ਨੇ ਕਿਹਾ ਸੀ, ਉਨ੍ਹਾਂ ਨੂੰ ਧੋਖਾ ਦਿਤਾ ਗਿਆ ਹੈ, ਅਤੇ ਦੂਜੇ ਹੀ ਦਿਨ ਗੱਲ ਸਪਸ਼ਟ ਹੋ ਗਈ। ਗਾਂਧੀ ਜੀ ਨੇ ਬਿਆਨ ਵਿਚ ਕਿਹਾ, "ਇਸ ਸੰਸਥਾ ਦੇ ਸੰਚਾਲਕਾਂ ਨੇ ਮੇਰੇ ਕੋਲ ਆਪਣੀ ਸੰਸਥਾ ਦਾ ਉਦੇਸ਼ ਲੁਕਾਇਆ, ਇਹਦਾ ਮਤਲਬ ਹੋਇਆ, ਉਨ੍ਹਾਂ ਦੀ ਆਤਮਾਂ ਕਹਿੰਦੀ ਹੈ ਕਿ ਉਹ ਅਸੱਤ ਮਾਰਗ ਤੇ ਹਨ। ਫੇਰ ਕੋਈ ਸਹੀ ਦਿਮਾਗ ਵਾਲਾ ਆਦਮੀ ਉਨ੍ਹਾਂ ਨੂੰ ਕਿਵੇਂ ਕਹੇਗਾ ਕਿ ਉਹ ਸਹੀ ਰਾਹ ਤੇ ਹਨ।"...ਮੇਰੀ ਗੰਜ ਦਾ ਚੇਤਾ ਆਉਂਦਾ

ਹੈ।...ਕਮਲਾ ਦੀ ਬੜੀ ਚਿੰਤਾ ਸੀ, ਪਰ ਸੁਣਿਆ, ਉਹ ਠੀਕ ਹੈ। ਕਮਲਾ ਦੀ ਯਾਦ ਔਂਦਿਆਂ ਹੀ ਜੇਲ੍ਹ ਦੀਆਂ ਸਾਰੀਆਂ ਬੁਰਾਈਆਂ ਸਾਹਮਣੇ ਆ ਖਲੋਂਦੀਆਂ ਨੇ। ਕਾਲੀਚਰਨ, ਬਾਸੁਦੇਵ ਵਗੈਰਾ ਡਕੈਤੀ ਦੇ ਕੇਸ ਵਿਚ ਫਸ ਕੇ ਆਏ ਹਨ। ਬਾਸੁਦੇਵ, ਸੁੰਦਰ ਅਤੇ ਸੋਮੇ ਦੀ ਗੱਲ ਨਹੀਂ ਜਾਣਦਾ, ਪਰ ਕਾਲੀਚਰਨ ? ਵਿਸ਼ਵਾਸ਼ ਨਹੀਂ ਹੁੰਦਾ, ਕੁਝ ਕਿਹਾ ਵੀ ਨਹੀਂ ਜਾ ਸਕਦਾ।...ਤਸੀਲਦਾਰ ਵਿਸ਼ਵ ਨਾਥ ਪ੍ਰਸ਼ਾਦ ਦੀਆਂ ਹੁਣ ਪੰਜੇ ਉਂਗਲੀਆਂ ਘਿਉ ਵਿਚ ਹੋਣਗੀਆਂ। ਪਰ ਇਹ ਬੇਇਨਸਾਫੀ ਕਿੰਨੇ ਦਿਨਾਂ ਤਕ ਚੱਲੇਗੀ ?...ਤਹਿਸੀਲਦਾਰ ਵਿਸ਼ਵ ਨਾਥ ਪ੍ਰਸਾਦ ਨੇ ਇਕ ਦਿਨ ਹੱਸ ਕੇ ਕਿਹਾ ਸੀ — "ਜਿਸ ਦਿਨ ਧਨੀ, ਜ਼ਮੀਦਾਰ, ਸੇਠ ਅਤੇ ਮਿਲ-ਮਾਲਕਾਂ ਨੂੰ ਲੋਕ ਤੁਰਦੇ ਫਿਰਦੇ ਕੋਹੜੀ ਅਤੇ ਪਾਗਲ ਸਮਝਣ ਲਗਣਗੇ, ਉਸੇ ਦਿਨ ਅਸਲੀ ਸੁਰਾਜ ਹੋ ਜਾਵੇਗਾ। ਤੁਸੀਂ ਕਹਿੰਦੇ ਹੋ ਕਿ ਅਜਿਹਾ ਜ਼ਮਾਨਾ ਆਵੇਗਾ। ਜਦੋਂ ਜ਼ਮਾਨਾ ਆਵੇਗਾ ਤਾਂ ਸਾਡੀ ਜ਼ਮੀਨ ਜਾਇਦਾਦ ਖੋਹੀ ਜਾਵੇਗੀ ਹੀ। ਅਤੇ ਹਾਲੇ ਤਾਂ ਜਾਇਦਾਦ ਬਣੌਣ ਤੇ ਕੋਈ ਰੋਕ ਨਹੀਂ। ਤਾਂ ਫੇਰ ਕਿਉਂ ਬੈਠਾ ਰਵ੍ਹਾਂ ?" ਤਹਿਸੀਲਦਾਰ ਸਾਹਿਬ ਵੀ ਅਜੀਬ ਆਦਮੀ ਹਨ। ਪਰ ਉਹ ਜੇਲ੍ਹੋਂ ਨਿਕਲ ਕੇ ਮੇਰੀਗੰਜ ਹੀ ਜਾਵੇਗਾ। ਹੋਰ ਕਿਥੇ ਜਾਵੇਗਾ ਉਹ ?...ਨੇਪਾਲ ? ਨੇਪਾਲ ਦੇ ਲੋਕਾਂ ਨੇ 'ਨੇਪਾਲ ਰਾਸ਼ਟਰੀ ਕਾਂਗਰਸ' ਦੀ ਸਥਾਪਨਾ ਕੀਤੀ ਹੈ। ਨਹੀਂ, ਰਾਜਨੀਤੀ ਵਿਚ ਉਹ ਨਹੀਂ ਜਾਵੇਗਾ। ਉਹ ਰਾਜਨੀਤੀ ਦੇ ਕਾਬਲ ਨਹੀਂ। ਇਕ ਵਾਰ ਮਮਤਾ ਨੇ ਗੱਲਾਂ ਕਰਦਿਆਂ ਰਾਜਨੀਤੀ ਦੀ ਤੁਲਨਾ ਡਾਇਣ ਨਾਲ ਕੀਤੀ ਸੀ।...ਡਾਇਣ !....ਮਾਸੀ ਨੂੰ ਲੋਕਾਂ ਨੇ ਮਾਰ ਹੀ ਸੁੱਟਿਆ 'ਮਾਸੀ'...ਗਣੇਸ਼ ! ਕਮਲਾ ! ਲੱਖ ਕੋਸ਼ਿਸ਼ ਕਰਨ ਤੇ ਵੀ ਉਹਦੀ ਸੂਰਤ ਅੱਖਾਂ ਸਾਹਮਣੇ ਆ ਖਲੋਂਦੀ ਹੈ।

"ਡਾਕਟਰ ਸਾਬ੍ਹ।" ਅਸਿਸਟੈਂਟ ਜੇਲਰ ਸਾਹਿਬ ਆਏ ਹਨ, "ਬ੍ਰਹਮ ਸਮਾਜ ਮੰਦਿਰ ਦੇ ਸਕੱਤਰ ਆਏ ਹਨ। ਤੁਹਾਡਾ ਭਾਣਜਾ ਬਿਮਾਰ ਹੈ। ਤੁਹਾਡੇ ਕੋਲੋਂ ਉਹਦੇ ਇਲਾਜ ਬਾਰੇ ਕੋਈ ਸਲਾਹ ਲੈਣ ਆਏ ਹਨ। ਜੇਲਰ ਸਾਬ੍ਹ ਤੁਹਾਨੂੰ ਬੁਲਾ ਰਹੇ ਹਨ।"

"ਓ ਚਲੋ।"

## ਸਤਾਰਾਂ

ਡੇਢ ਮਹੀਨੇ ਤੋਂ ਕਾਲੀਚਰਨ ਜੇਲ੍ਹ ਵਿਚ ਹੈ। ਬਾਸੁਦੇਵ, ਸੁੰਦਰ, ਜਗਦੇਵਾ, ਸੋਮਾਂ ਅਤੇ ਸੋਨਮਾਂ, ਸਾਰੇ ਇਕੋ ਹੀ ਕੇਸ ਵਿਚ ਨੱਥੀ ਹਨ। ਇਸੇ ਦੌਰਾਨ ਵਿਚ ਇਕ ਤਰੀਕ ਦੀ ਕਚਹਿਰੀ ਦੇ ਮਜਿਸਟਰੀ-ਇਜਲਾਸ ਵਿਚ ਹਾਜ਼ਰੀ ਹੋਈ ਹੈ। ਇਕ ਗੱਡੀ

ਮਿਲਟਰੀ ਦੀ ਅਗੇ ਅਤੇ ਇਕ ਗੱਡੀ ਪਿਛੇ। ਸਾਰਿਆਂ ਨੂੰ ਹੱਥਕੜੀਆਂ ਅਤੇ ਬੇੜੀਆਂ ਪਾ ਕੇ ਕਚਹਿਰੀ ਵਿਚ ਲਿਆਂਦਾ ਗਿਆ ਸੀ। ਉਸ ਦਿਨ ਕਾਲੀਚਰਨ ਦੀ ਨਜ਼ਰ, ਪੁਲਸ ਦੀ ਲਾਰੀ ਤੋਂ ਜਿੰਨੀ ਦੂਰ ਜਾ ਸਕਦੀ ਸੀ, ਚਾਰਦੀਵਾਰੀ ਤੇ ਸੀ। ..ਕਚਹਿਰੀ ਦੀ ਹਾਜਤ ਵਿਚ ਪਿਸ਼ਾਬ ਦੀ ਬੂ ਏਨੀ ਤੇਜ਼ ਕਿਉਂ ਹੁੰਦੀ ਹੈ । ਕਾਲੀਚਰਨ ਦੀ ਨਜ਼ਰ ਸਕੱਤਰ ਸਾਹਿਬ ਤੇ ਪਈ, ਉਨ੍ਹਾਂ ਨਾਲ ਅੱਖਾਂ ਵੀ ਮਿਲੀਆਂ। ਕਾਲੀਚਰਨ ਦਾ ਚਿਹਰਾ ਖਿੜ ਗਿਆ। ਤਿੰਨ ਮਹੀਨਿਆਂ ਤੋਂ ਜਿਨ੍ਹਾ ਦੀ ਸੂਰਤ ਅੱਖਾਂ ਅਗੇ ਨਚ ਰਹੀ ਸੀ। "ਸਕੱਤਰ ਸਾਹਿਬ।...ਕ੍ਰਿਸ਼ਨਕਾਂਤ ਮਿਸਰ ਜੀ।" ਕਾਲੀਚਰਲ ਨੇ ਜ਼ੋਰ ਨਾਲ ਕਿਹਾ, "ਜੈ ਹਿੰਦ ਕਾਮਰੇਡ।" ਸਕੱਤਰ ਸਾਹਿਬ ਨੇ ਝੱਟ ਗਰਦਨ ਇਉਂ ਘੁਮਾ ਲਈ ਜਿਵੇਂ ਕੰਨ ਕੋਲ ਅਚਾਨਕ ਮਧੂਮੱਖੀ ਨੇ ਕੱਟ ਲਿਆ ਹੋਵੇ। ਫੇਰ ਉਸੇ ਤਰ੍ਹਾਂ ਗਰਦਨ ਟੇਢੀ ਕਰ ਕੇ ਅਗੇ ਵਧਦੇ ਗਏ। ਕਾਲੀਚਰਨ ਨੂੰ ਸਿਪਾਹੀ ਨੇ ਡਾਂਟ ਦਿਤਾ, "ਕੀ ਐ ਓਏ ਸਹੁਰੀ ਦਿਆ। ਹੰਟਰ ਬਿਨਾਂ ਨਹੀਂ ਮੰਨਣਾਂ।" ਉਧਰ ਸਕੱਤਰ ਸਾਹਿਬ ਕੰਡਿਆਂ ਵਾਲੀ ਤਾਰ ਦੇ ਘੇਰੇ ਵਿਚ ਫਸਦੇ ਫਸਦੇ ਬਚੇ।...ਇਕ ਮੂੰਹਾ ਹੋ ਕੇ ਜਿਹੜਾ ਟੁਰੇਗਾ ਉਹ ਕੰਡਿਆਂ ਵਿਚ ਤਾਂ ਜ਼ਰੂਰ ਫਸੇਗਾ ਫੇਰ ਏਧਰ ਸਿਪਾਹੀ ਜੀ ਨੇ ਕਾਲੀਚਰਨ ਨੂੰ ਡਾਂਟਿਆ...ਸੁਨਰਾ ਤਾਂ ਖਿੜਖਿੜਾ ਕੇ ਹੱਸ ਪਿਆ। ਪਰ ਇਹਦੇ ਵਿਚ ਸਕੱਤਰ ਸਾਹਿਬ ਦਾ ਕੀ ਕਸੂਰ। ਚੋਰ-ਡਕੈਤਾਂ ਤੋਂ ਸਭ ਭਲੇ ਲੋਕਾਂ ਨੂੰ ਦੂਰ ਰਹਿਣਾ ਚਾਹੀਦਾ ਹੈ। ਬਾਸੁਦੇਵ, ਸੁਨਰਾ, ਸੋਮਾਂ, ਸਨਿੱਚਰਾ ਵਗੈਰਾ ਅਖੀਰ ਡਕੈਤ ਹੀ ਤਾਂ ਹਨ।... ਅਤੇ ਸਕੱਤਰ ਸਾਹਿਬ ਉਹਨੂੰ ਵੀ ਡਕੈਤ ਸਮਝ ਰਹੇ ਹਨ। ਕੋਈ ਉਪਾਅ ਨਹੀਂ।

...ਕੋਈ ਉਪਾਅ ਨਹੀਂ ? ਪਰ ਅੱਜ ਮੀਟ ਦਾ ਦਿਨ ਹੈ। ਸਰਦੀਆਂ ਵਿਚ ਹਫਤੇ ਵਿਚ ਇਕ ਸ਼ਾਮੀ, ਕੈਦੀਆਂ ਨੂੰ ਮੀਟ ਮਿਲਦਾ ਹੈ। ਸ਼ਾਮੀ ਬੈਸਨਵ ਅਤੇ ਸ਼ਾਕਤ ਨੂੰ ਖੁਐਦਿਆਂ ਪਿਐਦਿਆਂ ਕਾਫ਼ੀ ਹਨੇਰਾ ਹੋ ਜਾਂਦਾ ਹੈ। ਹਸਪਤਾਲ ਦੇ ਪਿਛਵਾੜੇ ਦੇ ਵਾਰਡਨ ਸਾਹਿਬ ਮੀਟ ਜੁਗਾੜ ਕਰਨ ਲਈ ਚਲੇ ਜਾਂਦੇ ਹਨ। ਅੱਜ ਕੋਸ਼ਿਸ਼ ਕਰ ਕੇ ਦੇਖ ਲੈਣਾ ਚਾਹੀਦਾ ਹੈ।...ਕਾਲੀਚਰਨ ਨੇ ਫੈਸਲਾ ਕਰ ਲਿਆ ਹੈ। ਜੇ ਮੌਕਾ ਮਿਲਿਆ ਤਾਂ ਉਹ ਜ਼ਰੂਰ ਕੋਸ਼ਿਸ਼ ਕਰੇਗਾ। ਹਾਂ, ਉਹ ਨਸੇਗਾ ਹੋਰ ਕੋਈ ਉਪਾਅ ਨਹੀਂ। ਉਹਨੇ ਸਾਰਾ ਪਤਾ ਕਰ ਲਿਆ ਹੈ। ਜੇਲੋਂ ਨਸਣ ਦੀ ਸਜ਼ਾ ਸਿਰਫ਼ ਛੇ ਮਹੀਨੇ ਹੈ। ਡੰਡਾ-ਬੇੜੀ ਅਤੇ ਲਾਲ ਟੋਪੀ ਪਹਿਨਣੀ ਪਵੇਗੀ।...ਲੋਕ ਕਹਿਣਗੇ — ਲਾਲ ਟੋਪੀਆ, ਹੋਰ ਕੀ ? ਲਾਲ ਰੰਗ ਬੁਰਾ ਤਾਂ ਨਹੀਂ।...ਸਕੱਤਰ ਸਾਬ੍ਹ ਅਤੇ ਧਰਮਪੁਰੀ ਜੀ ਨੂੰ ਮਿਲ ਕੇ ਉਹ ਗੱਲ ਕਰਨੀ ਚਾਹੁੰਦੀ ਹੈ। ਉਸ ਪਿਛੋਂ ਉਹਨੂੰ ਫਾਂਸੀ-ਸੂਲੀ ਜੋ ਵੀ ਮਿਲੇ ਉਹ ਖੁਸ਼ੀ ਨਾਲ ਝਲ ਲਵੇਗਾ। ਪਾਰਟੀ ਦੀ ਏਨੀ ਭਾਰੀ ਬਦਨਾਮੀ ਕਰਾ ਕੇ ਉਹ ਜੀ ਕੇ ਹੀ ਕੀ ਕਰੇਗਾ।...ਬਾਸੁਦੇਵ, ਸੁਨਰਾ ਅਤੇ ਸਨਿੱਚਰਾ ਤਾਂ ਡਕੈਤਾਂ ਨਾਲ ਇਸ ਤਰ੍ਹਾਂ ਰਲ-ਮਿਲ ਗਏ ਹਨ ਕਿ ਉਨ੍ਹਾਂ ਨੂੰ ਦੇਖ ਕੇ ਸ਼ਰਮ ਆਉਂਦੀ ਹੈ

ਕਾਲੀਚਰਨ ਨੂੰ। ਬਾਸੁਦੇਵ ਨੇ ਡਾਕਟਰ ਨਟਖਟ ਪ੍ਰਸਾਦ ਨਾਲ ਯਾਰੀ ਲਾ ਲਈ ਹੈ। ਡਾਕਟਰ ਨਟਖਟ ! ਮੰਨਿਆਂ ਹੋਇਆ ਸ਼ੇਖਚਿਲੀ ਹੈ ਇਹ ਡਾਕਟਰ ਫਾਰਵਿਸ ਗੰਜ ਵਲ ਦਾ ਹੈ। ਡਕੈਤੀ ਕੇਸ ਵਿਚ ਆਇਆ ਹੈ। ਹੈਰਾਨੀ ਦੀ ਗੱਲ ਹੈ, ਉਸ ਡਾਕਟਰ ਨੂੰ ਦੇਖ ਕੇ ਕਿਸੇ ਨੂੰ ਵਿਸ਼ਵਾਸ਼ ਹੀ ਨਹੀਂ ਹੋਵੇਗਾ ਕਿ ਉਹਨੇ ਆਦਮੀਆਂ ਨੂੰ ਮਾਰਨ ਦੇ ਇਲਾਵਾ ਕਦੀ ਜੀਂਦੇ ਕਰਨ ਦਾ ਕੰਮ ਵੀ ਕੀਤਾ ਹੈ। ਚਿਹਰਾ ਬਿਲਕੁਲ ਕਸਾਈ ਵਰਗਾ ਹੈ। ਬਾਸੁਦੇਵ ਦਾ ਉਹਦੇ ਨਾਲ ਵੀ ਕਾਫ਼ੀ ਮੇਲ-ਮਿਲਾਪ ਹੈ। ਰਾਤੀਂ ਜੂਆ ਵੀ ਖੇਲਦਾ ਹੈ। ਉਹ ਦੂਸਰੇ ਅਹਾਤੇ ਵਿਚ ਰਹਿੰਦਾ ਹੈ। ਉਸ ਦਿਨ ਡਿਉੜੀ ਵਿਚ ਥੋੜੀ ਦੇਰ ਲਈ ਮੁਲਾਕਾਤ ਹੋਈ। ਕਾਲੀਚਰਨ ਨੇ ਸਿਰਫ਼ ਏਨਾਂ ਹੀ ਪੁਛਿਆ, "ਬਾਸੁਦੇਵ, ਤੂੰ ਇਹੋ ਕੁਝ ਕਰਨਾ ਸੀ ?"...ਬਾਸੁਦੇਵ ਨਾਲ ਕਲਕੱਤੇ ਦਾ ਇਕ ਜੇਬਕਤਰਾ ਵੀ ਸੀ। ਦੋਵੇਂ ਕੱਠੇ ਹੀ ਖਿੜਖਿੜਾ ਕੇ ਹੱਸ ਪਏ। ਜਾਣ ਲਗਿਆ ਬਾਸੁਦੇਵ ਨੇ ਕਿਹਾ, "ਜਿਸ ਦਿਨ ਸੱਤ ਸੌ ਰੁਪਏ ਦੀ ਪੋਟਲੀ ਬੰਨ੍ਹ ਕੇ ਸਕੱਤਰ ਸਾਬ੍ਹ ਨੂੰ ਦੇਣ ਗਏ ਸੀ, ਉਦਣ ਕਿਉਂ ਨਹੀਂ ਸੀ ਪੁਛਿਆ ਕਿ ਚਹੁੰ ਦਿਨਾਂ ਵਿਚ ਏਨਾਂ ਰੁਪਿਆ ਕਿਥੋਂ ਵਸੂਲ ਹੋਇਆ ?"...ਉਸ ਸ਼ਾਮ ਨੂੰ ਪਾਣੀ ਦੀ ਟੈਂਕੀ ਕੋਲ ਡਾਕਟਰ ਨਟਖਟ ਨੇ ਉਹਨੂੰ ਰੋਕ ਕੇ ਕਿਹਾ ਸੀ, "ਕਾਲੀਚਰਨ, ਕੋਈ ਰਾਹ ਨਹੀਂ ਰਿਹਾ। ਤੂੰ ਜੇ ਚਾਹੇਂ ਤਾਂ ਤੇਰਾ ਕੋਈ ਜਮਾਨਤੀ ਵੀ ਹੋਵੇਗਾ ਅਤੇ ਮੁਕੱਦਮੇਵਿਚ ਬੇਦਾਗ ਛੁਟ ਹੀ ਜਾਏਗਾ। ਸੋਚੀਂ, ਸੋਚ ਕੇ ਦੇਖੀਂ। ਪਾਟੀ ਵਾਟੀ ਨੇ ਕੋਈ ਕੰਮ ਨਹੀਂ ਦੇਣਾਂ।"

...ਥੂ ! ਥੂ ! ਜੇਲ੍ਹ ਵਿਚ ਆ ਕੇ ਕਾਲੀਚਰਨ ਨੂੰ ਖੈਨੀ ਦੀ ਆਦਤ ਪੈ ਗਈ ਹੈ। ਡਾਕਟਰ ਸਾਬ੍ਹ...ਆਪਣੇ ਪਿੰਡ ਦੇ ਡਾਕਟਰ ਨੇ। ਜਮਾਦਾਰ ਨੂੰ ਉਸ ਦਿਨ ਜੇਲ-ਗੇਟ ਕੋਲ ਹੱਸ ਕੇ ਕਿਹਾ ਸੀ, "ਸਿਪਾਹੀ ਜੀ ! ਕਾਲੀਚਰਨ ਦਾ ਜ਼ਰਾ ਖਿਆਲ ਰਖਿਓ।" ...ਦੇਵਤਾ ਹੈ, ਡਾਕਟਰ ਸਾਬ੍ਹ ! ਜ਼ਰੂਰ ਹੀ ਦੇਵਤਾ ਹੈ।...ਸਿਰਫ਼ ਖੈਨੀ ਹੀ ਨਹੀਂ ਕਦੀ ਕਦੀ ਬੀੜੀ ਵੀ ਜਮਾਂਦਾਰ ਸਾਬ੍ਹ ਦੇ ਦਿੰਦੇ ਹਨ।...ਥੂ. ਥੂ ! ਮੈਂ ਥੁਕਦਾ ਵੀ ਨਹੀਂ ਇਹੋ ਜਿਹੇ ਪੈਸੇ ਤੇ। ਡਾਕਟਰ ਨਟਖਟ ਪ੍ਰਸਾਦ ਦੀ ਗੱਲ ਉਹ ਨਹੀਂ ਮੰਨੇਗਾ। ਸੋਮੇ ਨੇ ਵੀ ਇਕ ਵਾਰ ਮਲਕੜੇ ਜਿਹੇ ਕਹਿਣ ਦੀ ਕੋਸ਼ਿਸ਼ ਕੀਤੀ ਸੀ — "ਉਸਤਾਦ ...ਉ "ਚੁਪ ਓਏ ਉਸਤਾਦ ਦੇ ਬੱਚੇ।" ਕਾਲੀਚਰਨ ਨੇ ਡਾਂਟ ਦਿਤਾ ਸੀ।

ਉਸਤਾਦ ! ਜੇਲ੍ਹ ਬਾਹਰ, ਭੌਗੋੜੇ ਦੀ ਹਾਲਤ ਵਿਚ ਚਲਿੱਤਰ ਕਰਮਕਾਰ ਨਾਲ ਉਹਦੀ ਮੁਲਾਕਾਤ ਹੋਈ ਸੀ।...ਕੌਣ ਕਹਿੰਦਾ ਹੈ ਕਿ ਉਹ ਬੜੇ ਵੱਡੇ ਜਿਗਰੇ ਵਾਲਾ ਆਦਮੀ ਹੈ। ਭਸਿਆਰ ਗਾ ਟੇਸ਼ਨ ਕੋਲ ਬੜਕਾ-ਧੱਤਾ ਦੇ ਵਿਚਕਾਰ ਦੋ ਗੱਡੀਆਂ ਦੀ ਛਾਵੇਂ ਮੁਲਾਕਾਤ ਹੋਈ ਸੀ। ਕਾਲੀਚਰਨ ਨੂੰ ਦੇਖਦਿਆਂ ਹੀ ਉਹ ਆਪਣੇ ਸਾਥੀਆਂ ਨਾਲ ਹਥਿਆਰ ਲੈ ਕੇ ਖਲੋ ਗਿਆ ਸੀ।...

ਹੈਨਸ ਅਪ (ਹੈਂਡਸ ਅਪ) ਦਰੋਗਾ ਸਾਹਿਬ ਜਿਸ ਤਰ੍ਹਾਂ ਚੀਕੇ ਸਨ। ਉਸੇ ਤਰ੍ਹਾਂ

ਚੀਕਿਆ ਸੀ ਚਲਿੱਤਰ।...ਕਾਲੀਚਰਨ ਨੂੰ ਹਾਸਾ ਆ ਗਿਆ ਸੀ। ਉਹਦੇ ਮੂੰਹੋਂ ਸਹਿਬਨ ਹੀ ਨਿਕਲ ਗਿਆ ਸੀ, "ਓਏ ! ਅਸੀਂ ਹਾਂ ਉਸਤਾਦ। ਖਾਲੀ ਹੱਥ ਪਾਟੀ ਵਾਲਾ ਕਾਲੀਚਰਨ।" ਚਲਿੱਤਰ ਨੇ ਇਕ ਵਾਰ ਕਿਹਾ ਸੀ, "ਇਸ ਖਾਲੀ ਹੱਥਾਂ ਵਾਲੀ ਪਾਟੀ ਵਿਚ ਰਹਿ ਕੇ ਸਦਾ ਖਾਲੀ ਹੱਥ ਹੀ ਰਹੇਂਗੇ।" ਫੇਰ ਤਾਂ ਬੜੀ ਬਹਿਸ ਹੋਈ। ਅਖੀਰ ਵਿਚ ਚਲਿੱਤਰ ਨੇ ਕਿਹਾ ਸੀ, "ਤੂੰ ਸਾਨੂੰ ਉਸਤਾਦ ਕਿਹਾ ਹੈ, ਕਦੀ ਭੀੜ ਬਣਨ ਤੇ ਯਾਦ ਕਰੀਂ।" ਕਾਲੀਚਰਨ ਨੇ ਹੱਸ ਕੇ ਕਿਹਾ ਸੀ — "ਉਹਦੀ ਜ਼ਰੂਰਤ ਨਹੀਂ ਪੈਣੀ...।" ਦੁਬਾਰਾ ਉਸਤਾਦ ਕਹਿੰਦਿਆਂ ਉਹ ਰੁਕ ਗਿਆ ਸੀ।...ਅੱਜ ਵੀ ਚਲਿੱਤਰ ਦੀ ਉਹ ਗੱਲ ਕੰਨ ਵਿਚ ਗੂੰਜ ਰਹੀ ਹੈ, "ਦੇਖਣੀ ਹੈ ਤੁਹਾਡੀ ਉਸਤਾਦੀ।"

...ਪਰ, ਅੱਜ ਬਾਸੁਦੇਵ ਤੇ ਸੋਮੇ ਦੀ ਮਦਦ ਲੈਣੀ ਹੀ ਹੋਵੇਗੀ। ਇਕ ਵਾਰ ਮਿਲ ਤਾਂ ਜਾਵੇ, ਉਹ ਪੱਟੂ ਪਾ ਲਵੇਗਾ।

ਗੋਠ ਪੈ ਗਈ।...ਸੋਮੇ ਤੇ ਬਾਸੁਦੇਵ ਨੂੰ ਕਾਲੀਚਰਨ ਨੇ ਪੱਟੂ ਪਾ ਲਿਆ।

ਠੀਕ ਹੈ, ਹਸਪਤਾਲ ਦੇ ਪਿਛਵਾੜੇ ਦੀਵਾਰ ਦੀ ਛਾਵੇਂ ਬਾਸੁਦੇਵ ਅਤੇ ਸੋਮਾਂ ਹੀ ਹਨ। ਠੀਕ ਹੈ। ਦੋਵਾਂ ਨੇ ਮੋਢੇ ਵਲ ਇਸ਼ਾਰਾ ਕੀਤਾ।

...ਸਭ ਠੀਕ। ਹੱਤ ਤੇਰੇ ਦੀ। ਕਾਲੀਚਰਨ ਡਿਗ ਪਿਆ। ਤਦ ਬਾਸੁਦੇਵ ਤੇ ਸੋਮਾਂ ਮੋਢੇ ਨਾਲ ਮੋਢਾ ਜੋੜ ਕੇ ਖੜੇ ਹੋਏ।...ਠੀਕ ਹੈ।...ਥੋੜਾ ਜਿਹਾ, ਥੋੜਾ ਜਿਹਾ ਹੋਰ। ਬਸ, ਚਾਰ ਉਂਗਲਾਂ ਬਾਸੁਦੇਵ ਅਤੇ ਸੋਮੇ ਦੇ ਮੋਢੇ ਤੇ ਕਾਲੀਚਰਨ ਜ਼ਰਾ ਉਛਲ ਦਾ ਹੈ। ਦੋਵਾਂ ਦੇ ਮੋਢੇ ਦਾ ਭਾਰ ਹਲਕਾ ਜਾਪਦਾ ਹੈ, "ਹੈ ਠੀਕ ਹੈ।...ਨੱਸੋ..."

"ਨੱਸ ਗਿਆ। ਨੱਸ ਗਿਆ।"

ਟੂ ਟੂ ਊ ਊ...ਟੂ ਟੂ ਊ ਊ।

ਜੇਲ੍ਹ ਹਸਪਤਾਲ ਦੇ ਪਿਛਵਾੜਿਉਂ ਸਿਪਾਹੀ ਸੀਟੀ ਵਜੇਂਦਾ ਹੈ।

ਟੂ ਟੂ ਟੂ ਟੂ ਟੂ। ਬਹੁਤ ਸਾਰੀਆਂ ਸੀਟੀਆਂ ਦੀ ਰਲੀ ਮਿਲੀ ਆਵਾਜ਼।

ਢਨ, ਢਨ, ਢਨਾਂਗ ਢਨਾਂਗ...। ਜੇਲ੍ਹ ਫਾਟਕ ਦਾ ਵੱਡਾ ਘੜਿਆਲ ਖੜਕਦਾ ਹੈ।

...ਕਾਲੀਚਰਨ ਪੰਜ ਮਿੰਟਾਂ ਤਕ ਜੇਲੋਂ ਬਾਹਰ ਦੀਵਾਰ ਕੋਲ ਜ਼ਮੀਨ ਤੇ ਬੇਸੁੱਧ ਪਿਆ ਰਿਹਾ।...ਸੀਟੀ ਤੇ ਘੜਿਆਲ ਦੀ ਆਵਾਜ਼ ਨੇ ਉਹਨੂੰ ਸਜੀਵ ਕਰ ਦਿਤਾ। ...ਨਹੀਂ, ਜ਼ਿਆਦਾ ਸੱਟ ਨਹੀਂ ਲਗੀ। ਸਿਰਫ ਕਮਰ ਵਿਚ ਮੋਚ ਆ ਗਈ ਹੈ। ...ਢਨਾਂਗ ਢਨਾਂਗ।...ਜੇਲ੍ਹ ਦਾ ਘੜਿਆਲ ਖੜਕ ਰਿਹਾ ਹੈ...ਉਹ ਨੱਸਦਾ ਹੈ।

ਫਰਰ...ਫਰਰ ਫਰਰ-ਰਰ ਕੱਠੀਆਂ ਹੀ ਕਈ ਬੰਦੂਕਾਂ ਗਰਜ ਉਠੀਆਂ।

...ਹਨੇਰੇ ਵਿਚ ਕੁਛ ਸੁਝਦਾ ਵੀ ਤਾਂ ਨਹੀਂ। ਇਕ ਘੜੀ ਰਾਤ ਵੀ ਨਹੀਂ ਬੀਤੀ। ਔਸ ਨਾਲ ਧਰਤੀ ਚਿਪਚਿਪ ਕਰਦੀ ਹੈ, ਪੈਰ ਤਿਲਕ ਜਾਂਦੇ ਹਨ।...

ਫੁਰਰਲ ਫੁਰਰ ਰਰ, ਸਾਹਮਣੇ ਦਾਰਜੀਲਿੰਗ ਰੋਡ ਤੇ ਪੰਜ ਸੱਤ ਫੌਜੀ ਲਾਰੀਆਂ

ਦੌੜ ਰਹੀਆਂ ਨੇ।

ਕਾਲੀਚਰਨ, ਪੰਚ ਬਾਬੂ ਵਕੀਲ ਦੇ ਘਰ ਦੇ ਪਛਵਾੜੇ ਦੀ ਇਕ ਝਾੜੀ ਵਿਚ ਲੁਕ ਕੇ ਹੌਂਕਦਾ ਹੈ।...ਸੜਕ ਕਿਵੇਂ ਟੱਪੀ ਜਾਵੇ ?...ਕਿਧਰੋਂ ਦੀ ਜਾਣਾ ਠੀਕ ਹੋਵੇਗਾ ? ਖੱਬੇ ਪਾਸੇ ਵੀ ਲੋਕ ਹੋ-ਹੱਲਾ ਕਰਨ ਲਗੇ ਹਨ। ਨੇੜੇ ਦੀ ਗਲੀ ਵਿਚੀਂ ਹੋ ਕੇ ਘੋੜ ਸਵਾਰ ਜਾ ਰਹੇ ਹਨ।...

ਕਾਲੀਚਰਨ ਫੈਸਲਾ ਕਰਦਾ ਹੈ, ਸਾਹਮਣੇ ਬਾਂਸਬਾੜੀ ਪਾਰ ਕਰ ਕੇ ਮੋਰਬਲੀ ਸਾਹਿਬ ਦੀ ਪੁਰਾਣੀ ਕੋਠੀ ਦੇ ਨਾਲ ਦੀ ਜਾਣਾ ਹੀ ਠੀਕ ਹੋਵੇਗਾ। ਹੁਣ ਦੇਰ ਨਹੀਂ ਕਰਨੀ ਚਾਹੀਦੀ...ਹੈਂ ? ਮੋਰਬਲੀ ਸਾਹਿਬ ਦੀ ਕੋਠੀ ਕੋਲ ਕਾਲੀਚਰਨ ਨੂੰ ਜਾਪਿਆ ਜਿਵੇਂ ਪਿਛਿਉਂ ਕੋਈ ਟਾਰਚ ਮਾਰ ਰਿਹਾ ਹੋਵੇ ..ਹਾਂ, ਇ। ਤਾਂ ਟਾਰਚ ਦੀ ਹੀ ਰੋਸ਼ਨੀ ਹੈ...ਉਹ ਜੰਗਲ ਵਿਚ ਲੁਕ ਜਾਂਦਾ ਹੈ। ਬਸ, ਕੁਝ ਦੇਰ ਇਥੇ ਸਾਹ ਲੈ ਕੇ ਟਾਰਚ ਵਾਲੇ ਨੂੰ ਦੇਖ ਕੇ ਫੇਰ ਇਕ ਸ਼ੂਟ। ਇਕ ਖੁਰਾਕ ਖੈਨੀ ਦਿਨੇ ਹੀ ਉਹਨੇ ਚੁਣ ਕੇ ਡੱਬ ਵਿਚ ਬੰਨ੍ਹ ਲਈ ਸੀ। ਚੰਗੇ ਮੌਕੇ ਤੇ ਉਹਨੂੰ ਹੱਥ ਪੈ ਗਿਆ। ਖੈਨੀ ਖਾ ਕੇ ਉਹ ਮਲ੍ਹਿਆਂ ਕੋਲੋਂ ਨਿਕਲ ਕੇ ਖੁਲ੍ਹੇ ਮੈਦਾਨ ਵਲ ਆ ਜਾਂਦਾ ਹੈ।...ਕਿਥੇ ਹੈ ਟਾਰਚ, ਦੀ ਰੋਸ਼ਨੀ ? ਬਾਪੂ। ਬਿਲਕੁਲ ਨੇੜੇ ਹੀ।...ਕਾਲੀਚਰਨ ਨੱਸਦਾ ਹੈ। ਟਾਰਚ ਦੀ ਤੇਜ਼ ਰੋਸ਼ਨੀ ਉਹਦਾ ਪਿੱਛਾ ਕਰ ਰਹੀ ਹੈ। ਅਤੇ ਫੇਰ ਜੰਗਲ ਦੀ ਖਾਮੋਸ਼ੀ ਨੂੰ ਤੋੜ ਕੇ ਰਾਈਫਲ ਦੀ ਆਵਾਜ਼ ਗੂੰਜ ਉਠਦੀ ਹੈ। ਫੜਰ ੜ ੜ।

ਝਾੜ ਜੰਗਲ ਕੰਡੇ ਅਤੇ ਟੋਏ ਟਿੱਬੇ ਨੂੰ ਟਪਦਾ ਹੋਇਆ ਕਾਲੀਚਰਨ ਨਸਦਾ ਹੈ। ਜੰਗਲ ਦੀ ਝਾੜੀ ਪੈਰ ਬੰਨ੍ਹ ਦਿੰਦੀ ਹੈ, ਪਰ ਉਹ ਝਾੜ ਦਿੰਦਾ ਹੈ।...ਪੱਟ ਵਿਚ ਜਾਪਦਾ ਹੈ ਝਰੀਟ ਲਗ ਗਈ ਹੈ।

...ਪਾਰਟੀ ਆਫਿਸ ਦੇ ਪਿਛਵਾੜੇ ਵਿਚ ਜਿਹੜਾ ਸੰਘਣਾ ਜੰਗਲ ਹੈ, ਉਥੇ ਪਹੁੰਚ ਕੇ ਉਹਨੂੰ ਲਗਾ, ਉਹ ਹੁਣ ਸੁਤੰਤਰ ਹੈ...ਓਏ। ਇਹ ਤਾਂ ਝਰੀਟ ਨਹੀਂ ਹਾਇ ਬਾਪੂ ! ਏਨਾਂ ਖੂਨ। ਅੱਧਾ ਬਿੱਤਾ ਮਾਸ ਉਧੇੜ ਦਿਤਾ ਹੈ। ਲੋਥੜਾ ਲਟਕ ਰਿਹਾ ਹੈ। ਓਹ ! ਗੋਲੀ ਲਗੀ ਹੈ ਸ਼ਾਇਦ।...ਖੂਨ ਬੰਦ ਨਹੀਂ ਹੋ ਰਿਹਾ।...

"ਕੌ ਐ ਐ ਣ ?...ਕਾਲੀਚਰਨ ?" ਆਫਿਸ ਸਕੱਤਰ ਰਾਜਬਲੀ ਜੀ ਬੂਹਾ ਖੋਲ੍ਹ ਕੇ ਸਚਮੁਚ ਅਵਾਕ ਹੋ ਗਏ। ਜੀਭ ਦੀ ਨੋਕ ਤੇ ਬੋਲੀ ਚੜ੍ਹੀ ਹੀ ਨਹੀਂ।...

"ਹੈਂ ? ਕੌਣ ? ਕਾਲੀਚਰਨ ?" ਸਕੱਤਰ ਸਾਹਿਬ ਵੀ ਫੜਕ ਕੇ ਕਮਰੇ 'ਚੋਂ ਬਾਹਰ ਆਉਂਦੇ ਹਨ — "ਓਹ ਕਾਲੀਚਰਨ। ਤੁਸੀਂ ਹੋ ?...ਏਸੇ ਲਈ ਸ਼ਹਿਰ ਵਿਚ ਏਨਾਂ ਹੱਲਾ ਹੋ ਰਿਹਾ ਹੈ...ਜੇਲੋਂ ਨੱਸ ਆਏ ਹੋ ?"

"ਜੀ ! ਜਾਪਦਾ ਹੈ, ਪੱਟ ਵਿਚ ਗੋਲੀ ਲੱਗ ਗਈ ਹੈ...।"

"ਤੁਹਾਡੇ ਕਲੇਜੇ ਵਿਚ ਗੋਲੀ ਦਾਗੀ ਜਾਣੀ ਚਾਹੀਦੀ ਹੈ। ਡਕੈਤ ! ਬਦਮਾਸ਼।"

"ਸਕੱਤਰ ਸਾਬੁ ! ਏਸੇ ਲਈ ਤਾਂ...ਤੁਹਾਡੇ ਕੋਲ ਆਏ ਹਾਂ । ਸੁਣ ਲਵੋ ।...ਸੌਂਹ ਮਾਂ ਦੀ, ਗੁਰੂ ਦੀ ਸੌਂਹ, ਦੇਵਤਿਆਂ ਦੀ । ਜਿਸ ਰਾਤੀਂ...ਉਸ ਰਾਤੀਂ ਤਾਂ ਅਸੀਂ... ਇਥੇ ਜਿਲਾ ਪਾਟੀ ਆਫਿਸ ਵਿਚ ਸਾਂ...।"

"ਰਾਜਬੱਲੀ ਜੀ ! ਤੁਹਾਨੂੰ ਭੁਘੋਸ ਲਗ ਗਿਆ ਹੈ ? ਦਰਵਾਜ਼ਾ ਬੰਦ ਕਰੋ । ਹਟਾਓ ਇਹਨੂੰ ।...ਬਾਬੂ, ਮਿਹਰਬਾਨੀ ਕਰ, ਚਲੇ ਜਾਓ । ਨਹੀਂ ਤਾਂ...।"

"ਆ ਆ ਆ ਆ ਪ ਹੱਲਾ ਕਿਉਂ ਕਰਦੇ ਹੋ । ਆ ਆਪ ਅੰਦਰ ਜਾਓ ।" ਰਾਜਬੱਲੀ ਜੀ ਖਾਮੋਸ਼ੀ ਤੋੜਦੇ ਹਨ ।

ਕਾਲੀਚਰਨ ਪੱਥਰ ਦੇ ਬੁੱਤ ਵਾਂਗ ਖਲੋਤਾ ਹੈ ।

ਮੋਰਬਲੀ ਸਾਹਿਬ ਦੀ ਕੋਠੀ ਵਲ ਧੜਾਧੜ ਫਾਇਰ ਹੋ ਰਹੇ ਹਨ ਫੜਰ ਭੜ ਭੜ ।

"ਸਾਥੀ ਰਾਜਬੱਲੀ ਜੀ ! ਸਕੱਤਰ...ਸਾਬੁ...ਨੂੰ ਸਮਝਾ ਦੇਣਾ । ਮੇਰਾ ਕੋਈ... ਕਸੂਰ...ਨਹੀਂ ।"

ਕਾਲੀਚਰਨ ਹਿੱਲਦਾ ਹੈ । ਕੁਝ ਦੇਰ ਖਲੋਤੇ ਰਹਿਣ ਪਿਛੋਂ, ਹੁਣ ਤਾਂ ਟੁਰਿਆ ਵੀ ਨਹੀਂ ਜਾਂਦਾ । ਉਹ ਦੋਵਾਂ ਪੈਰਾਂ ਨੂੰ ਵਾਰੀ ਵਾਰੀ ਨਾਲ ਝਾੜਦਾ ਹੈ । ਸਾਹਮਣੇ ਕਚੂ ਦੇ ਪੱਤਿਆਂ ਵਿਚ ਕੁਝ ਝਰਝਰਾ ਕੇ ਡਿਗਿਆ ।...ਉਹ ਹੌਲੀ ਹੌਲੀ ਫੇਰ ਨਾਲ ਦੇ ਜੰਗਲ ਵਿਚ ਚਲਾ ਜਾਂਦਾ ਹੈ ।...ਹੁਣ ? ...ਉਹ ਪੁਰਾਣੀ ਧੋਤੀ ਦੇ ਇਕ ਲੜ ਨੂੰ ਪਾੜ ਕੇ ਜ਼ਖ਼ਮ ਨੂੰ ਬੰਨ੍ਹਦਾ ਹੋਇਆ ਸੋਚਦਾ ਹੈ— ਹੁਣ ।

...ਚਲਿੱਤਰ ਕਰਮਕਾਰ ਨੇ ਕਿਹਾ ਸੀ—"ਭੀੜ ਬਣਨ ਤੇ ਯਾਦ ਕਰ ਲਵੀਂ ।.."

ਚਲਿੱਤਰ ਕਰਮਕਾਰ ।

## ਅਠਾਰਾਂ

"ਨੱਸੋ ! ਨੱਸੋ ! ਮਿਲਟਰੀ, ਮਿਲਟਰੀ...।"

"ਓਏ ਬਾਪੂ । ਲਾਲ ਪਗੜੀ ਵਾਲੀ ਪੁਲਸ ਨਹੀਂ ਹੈ, ਇਕਦਮ...ਗੋਰਖਾ ਮਿਲਟਰੀ । ਸੁਣਦੇ ਹਾਂ, ਗੋਰਾ ਮਿਲਟਰੀ ਤੋਂ ਵੀ ਵਧੇਰੇ ਚਾਂਸ ਵਾਲਾ ਹੁੰਦਾ ਹੈ ਗੋਰਖਾ । ਮਾਰਨ ਲਗੇ ਤਾਂ ਮਾਰ-ਮਾਰ ਕੇ ਜਾਨੋਂ ਹੀ ਮਾਰ ਦੇਵੇਗਾ ।...ਹੱਸਲਗੰਜ ਹਾਟ ਤੇ ਕਟਿਹਾਰ ਵਾਲੇ ਬਾਬੂ ਸਾਹਿਬ ਦੀ ਕਚਹਿਰੀ ਤੇ ਸਵੇਰ ਤੋਂ ਹੀ ਆ ਕੇ ਖਲੋਤੀ ਹੋਈ ਹੈ—ਦੋ ਮੋਟਰ ਗੱਡੀਆਂ—ਠਸਾਠਸ ! ਮੁਹੱਰਰ ਜੀ ਕਹਿਣ ਲਗੇ ਕਿ ਪਿੰਡ ਵਿਚ ਰੇਂਡ ਕਰਨ ਆਏ ਹਨ ।...ਰਾਤੀਂ ਕੌਣ ਕਰੇਗਾ ?...ਗੋਰਖਾ ਮਿਲਟਰੀ ?

"ਓਏ, ਕੀ ਗੱਲ ਹੈ ?...ਕਿਹੜਾ ਝੂਠੀ ਖਬਰ ਲਿਆਇਆ ਹੈ ?"

"ਝੂਠੀ ਨਹੀਂ। ਤਤਮਾਂ ਟੋਲੀ ਦਾ ਬਬੁਆਨ ਹੁਣੇ ਹੀ ਦੌੜਦਾ ਹਫਦਾ ਹੋਇਆ ਆਇਆ ਹੈ। ਉਹਨੂੰ ਧਰਮ ਅਮਾਨ ਤੇ ਮਾਈ ਦੀ ਸਹੁੰ ਖੁਆ ਕੇ ਪੁਛੋ ਤਾਂ।"

"ਹੈਂ।...ਸੁਣੋ। ਮੋਟਰਗੱਡੀ ਦੀ ਆਵਾਜ਼ ਹੋਈ ਹੈ ਨਾਂ ?"

"ਹਾਂ।...ਪਛਿਆਰੀ ਟੋਲੇ ਕੋਲ ਆ ਰਹੀਆਂ ਨੇ ਮੋਟਰ ਗੱਡੀਆਂ।"

..."ਨੱਸੋ। ਬਿਲਕੁਲ ਲਾਲ ਗੁੜਹਾਲ ਰੰਗ ਦੀ ਮੋਟਰਗੱਡੀ ਆ ਰਹੀ ਹੈ।"

"ਨੱਸੋਗੇ ਕਿਧਰ ? ਮੋਟਰ ਗੱਡੀ ਤਾਂ ਆ ਗਈ।"

ਭਰਰ ਰਰ ਕੇਕ ਕੇਕ ਭਰਰ...।

ਮਿਲਟਰੀ ਦੀ ਲਾਰੀ ਲੀਕ ਛੱਡ ਕੇ ਬਿਨਾਂ ਲੀਕੋਂ ਹੀ ਖਾਈਆਂ ਖੋਲੇ ਟੱਪਦੀ ਹੋਈ, ਤਹਿਸੀਲਦਾਰ ਸਾਹਿਬ ਦੇ ਦਰਵਾਜ਼ੇ ਵਲ ਜਾਂਦੀ ਹੈ।

"ਕੌਣ ? ਸੁਮਰਿਤਦਾਸ ਬੇਟਾ...?"

"ਹਿਸ਼ ! ਚੁੱਪ...।" ਸੁਮਰਿਤਦਾਸ ਫੁਸਫੁਸਾ ਕੇ ਕਹਿੰਦਾ ਹੈ, "ਕਲੀਆ ਜੇਲ੍ਹੋਂ ਨਸ ਗਿਆ ਹੈ। ਇਸੇ ਲਈ ਮਿਲਟਰੀ ਆਈ ਹੈ। ..ਖ਼ਬਰਦਾਰ ? ਸੋਸ਼ਲਿਸਟ ਪਾਰਟੀ ਦਾ ਨਾਂ ਵੀ ਨਹੀਂ ਲੈਣਾ। ਪੁਛਣ ਤਾਂ ਕਹਿਣਾ, ਅਸੀਂ ਤਾਂ ਕਾਂਗਰਸੀ ਹਾਂ। ਕਾਲੀਚਰਨ ਨਾਲ ਕੋਈ ਸਬੰਧ ਨਾਂ ਦਸਣਾਂ...। ਸਮਝੇ। ਲਾਲ ਝੰਡਾ ਜਿਦ੍ਹੇ ਘਰੋਂ ਨਿਕਲਿਆ ਫ਼ੌਰਨ ਫੜਿਆ ਜਾਵੇਗਾ।"

ਸੁਮਰਿਤਦਾਸ ਬੇਤਾਰ ਦੀ ਦੇਹ ਵਿਚ ਇਸ ਬੁੱਢਾਪੇ ਵਿਚ ਵੀ ਕਿੰਨੀ ਤੇਜ਼ੀ ਹੈ। ਪੁਰਾਣਾ ਪਾਣੀ ਪੀਤਾ ਹੋਇਆ ਹੈ ਬੁੱਢੇ ਨੇ।...ਕਲੀਆ ਤਾਂ ਆਪਣੇ ਨਾਲ ਆਪਣਾ ਘੜਾ-ਘਰ ਗੜੇ-ਗੁਆਂਢੀ ਅਤੇ ਪਿੰਡ ਦੇ ਭਾਈਚਾਰੇ ਨੂੰ ਲੈ ਡੁਬਣਾ ਚਾਹੁੰਦਾ ਹੈ।... ਕੀ ਹੈ, ਲਾਲ ਸਾਲੂ ? ਖ਼ਬਰਦਾਰ ਝੰਡੇ ਤੇ ਸਾਲੂ ਵਿਚ ਕੀ ਫ਼ਰਕ ਹੈ। ਫ਼ਾਰਮ ਪਰਚੇ ਸਾਰੇ ਸਾੜ ਦਿਓ।...ਸਭ ਫਸਣਗੇ।

"ਖ਼ਬਰਦਾਰ ! ਕਲੀਆ ਤਾਂ ਭਗੌੜਾ ਹੋ ਗਿਆ ਹੈ। ਸੋਸ਼ਲਿਸਟ ਪਾਰਟੀ ਤੇ ਕਾਲੀਚਰਨ ਦਾ ਨਾਂ...ਹਰਗਿਜ਼ ਨਹੀਂ ਲੈਣਾ।...ਲੱਛਣ ਦਸਦੇ ਹਨ, ਸਮੁੱਚੇ ਪਿੰਡ ਦੀ ਕੁਰਕੀ ਕਰੇਗਾ।"

"ਹੈਂ। ਕੌਣ ?" ਕਾਲੀਚਰਨ ਦੀ ਅੰਨ੍ਹੀ ਮਾਂ ਹੁੱਕਾ ਪੀਣਾ ਬੰਦ ਕਰ ਕੇ ਪੁਛਦੀ ਹੈ। "...ਸਰਸਤੀਆ, ਪਰਮੇਸਰੀ...ਤਰਾਬੱਤੀ...ਓਏ ਕੌਣ ਨੱਸ ਗਿਆ ਧੀਏ ?"

"ਓਏ ਕੌਣ ?...ਤੁਹਾਡੇ ਕੁਲਡੋਬੂ ਪੁੱਤਰ ਕਾਲੀਚਰਨ ਦੇ ਨੱਸਣ ਨਾਲ ਅੱਜ ਸਾਰਾ ਪਿੰਡ ਬੰਨ੍ਹਿਆ ਜਾ ਰਿਹਾ ਹੈ।"

"ਨੱਸੋ ! ਨੱਸੋ ! ਮਿਲਟਰੀ।"

ਗੋਰਖੇ ਸਿਪਾਹੀਆਂ ਨੇ ਕਾਲੀਚਰਨ ਦੇ ਘਰ ਨੂੰ ਚਹੁੰ ਪਾਸਿਆਂ ਤੋਂ ਘੇਰ ਲਿਆ ਹੈ।

ਐਸ. ਪੀ. ਸਾਹਿਬ ਕਾਲੀਚਰਨ ਦੀ ਬੁੱਢੀ ਮਾਂ ਨੂੰ ਪੁਛਦੇ ਹਨ, "ਹੂੰ...ਅੰਨ੍ਹੀ ਹੈ ਢੌਂਗ ਰਚਦੀ ਐ ? ਸੁਣ ਬੁੱਢੀਏ ਤੇਰਾ ਕਲੀਆ ਜੇਲੋਂ ਨੱਸ ਆਇਆ ਹੈ। ਹੁਣ ਰੋਣਾ-ਧੋਣਾ ਛੱਡ ਕੇ ਸਿੱਧੀ ਤਰ੍ਹਾਂ ਦਸ ਉਹ ਏਥੇ ਆਇਆ ਕਿ ਨਹੀਂ ?"

"ਮੇਰਾ ਪੁੱਤਰ ।...ਉਹ ਡਕੈਤ ਨਹੀਂ ਦਰੋਗਾ ਬਾਬੂ ।...ਦੁਸ਼ਮਣ ਲਗਾ ਹੋਇਆ ਹੈ, ਉਹਦੇ ਪਿਛੇ ਹਜ਼ੂਰ। ਸੂਰਜ ਭਗਵਾਨ ਜਾਣਦੇ ਨੇ ।"

"ਸਹੀ ਸਹੀ ਦਸ । ਉਹਦੇ ਨਾਲ ਹੋਰ ਕੌਣ ਕੌਣ ਹੈ...ਉਹਦੇ ਸੰਗੀ ਸਾਥੀਆਂ ਦਾ ਨਾਂ ਦਸ ।"

"ਹਜ਼ੂਰ ।...ਸਾਨੂੰ ਕੁਛ ਨਈਂ ਪਤਾ ।"

"ਚੰਗਾ, ਸਭ ਪਤਾ ਲਗ ਜਾਵੇਗਾ ।...ਲੈ ਚਲੋ ਬੁੱਢੀ ਨੂੰ ।"

ਕਾਲੀਚਰਨ ਦੀ ਮਾਂ ਨੂੰ ਹੱਡ-ਭੰਨਣਾ ਬੁਖ਼ਾਰ ਹੋ ਗਿਆ ।...ਜਿਵੇਂ ਹੀ ਨੇਪਾਲੀ ਸਿਪਾਹੀ ਨੇ ਉਹਦੀ ਬਾਂਹ ਫੜੀ, ਉਹ ਜ਼ੋਰ ਜ਼ੋਰ ਨਾਲ ਕੰਬਣ ਲਗੀ — ਲੋਹੇ ਨਾਲ ਦਾਗਣ ਸਮੇਂ ਗਊ ਬਲਦ ਵਗ਼ੈਰਾ ਜਿਵੇਂ ਕੰਬਦੇ ਹਨ, ਉਸੇ ਤਰ੍ਹਾਂ ।

"ਅ ਯ ਬਾਂ ਬਾਂ ਬਾਂ ਆਂ . . .।"

ਮਾਘ ਦੀ ਸ਼ਾਮ ਠਰਦੇ ਹੋਏ ਪਿੰਡ ਨੂੰ ਹੌਲੀ ਹੌਲੀ ਆਪਣੇ ਆਂਚਲ ਵਿਚ ਲੁਕਾ ਰਹੀ ਹੈ। ਡਰੇ ਹੋਏ ਪਸ਼ੂ ਦੀਆਂ ਅੱਖਾਂ ਵਾਂਗ ਕਿਸੇ ਕਿਸੇ ਘਰ ਵਿਚ ਦੀਵੇ ਦੀ ਲੋਅ ਭੜਕ ਰਹੀ ਹੈ । . . . ਡੰਗਰਾਂ ਕੋਲ ਅੱਜ ਕਿਹੜਾ ਹੋਵੇਗਾ । ਸਾਰੇ ਆਪਣੇ ਆਪਣੇ ਘਰਾਂ ਦੇ ਕੋਨਿਆਂ ਵਿਚ ਵੜੇ ਹੋਏ ਹਨ । . . . ਖ਼ਮੋਸ਼ੀ ਅਤੇ ਇਸ ਖ਼ਮੋਸ਼ੀ ਨੂੰ ਚੀਰ ਕੇ ਕਾਲੀਚਰਨ ਦੀ ਮਾਂ ਦੀ ਇਹ ਦਰਦ ਭਰੀ ਪੁਕਾਰ ਪਿੰਡ ਦੇ ਕੋਨੇ ਕੋਨੇ ਵਿਚ ਫੈਲ ਗਈ । . . .

"ਏ ਹੈਂਊ ਉਏ ਬਾਪੂ । ਜਾਪਦਾ ਹੈ ਬੁੱਢੀ ਨੂੰ ਕਿਰਚ ਨਾਲ ਜਬ੍ਹਾ ਕਰ ਰਿਹਾ ਹੈ । . . . ਹੇ ਭਗਵਾਨ ।"

ਕਾਲੀਚਰਨ ਦੀ ਮਾਂ ਦੀ ਲੇਰ ਵਿਚ ਕੋਈ ਅਜਿਹੀ ਗੱਲ ਸੀ ਕਿ ਐਸ. ਪੀ. ਸਾਹਿਬ ਦਾ ਦਿਲ ਪਸੀਜ ਗਿਆ । ਉਨ੍ਹਾਂ ਨੇ ਕਿਹਾ — "ਛੱਡ ਦਿਓ । . . . ਛੱਡ ਦਿਓ ਬੁੱਢੀ ਨੂੰ ।"

ਬੁੱਢੀ ਅਚਾਨਕ ਚੁੱਪ ਕਰ ਗਈ ।

ਪਿੰਡ-ਘਰ ਬਗ਼ੀਚੇ-ਬਾੜੀਆਂ ਅਤੇ ਅਗਵਾੜੇ ਪਿਛਵਾੜੇ ਸਾਹ ਘੁਟ ਕੇ ਲੁਕੇ ਹੋਏ ਲੋਕਾਂ ਸਮਝਿਆ-ਬੁੱਢੀ ਨੂੰ ਸੱਚਮੁੱਚ ਜ਼ਬ੍ਹਾ ਕਰ ਦਿਤਾ ।

"ਕਿਸ ਦੀ ਆਵਾਜ਼ ਹੈ, ਪਹਿਲਾਂ ਪਛਾਣ ਲਵੋ । . . . ਪਰਦੇ ਪਿਛੇ ਕੰਨ ਲਾ ਕੇ ਸੁਣੋ ।"

"ਅਗਮੂ ਚੌਂਕੀਦਾਰ ਹੈ । . . . ਸੁਮਰਿਤਦਾਸ ਵੀ ਹੈ ।"

"ਜੈ ਭਗਮਾਨ ! ਜੈ ਭਗਮਾਨ ।"

"ਉਹ ਭਗਮਾਨ ਭਗਤ । ਭਗਮਾਨ ਭਗਤ . . . ਦਰਵਾਜ਼ਾ ਖੋਲ੍ਹੋ ਜੀ ।" ਸੁਮਰਿਤਦਾਸ ਖੰਘੂਰਾ ਮਾਰਦੇ ਹਨ, "ਅਹ ਖ ਖ । . . . ਭਗਮਾਨ ਭਗਤ । ਡਰਨ ਦੀ ਕੋਈ ਗੱਲ ਨਹੀਂ . . . ਸਿਗਟ ਹੈ ਸਿਗਟ ? ਮਿਲਟਰੀ ਸਾਬ੍ਹ ਹਨ . . . ਪੈਸੇ ਦੇਣਗੇ ।"

ਪਿਛਲੀ ਕੋਠੜੀ ਵਿਚ ਸੰਦੂਕ ਪਿਛੇ ਭਗਮਾਨ ਭਗਤ ਸਾਹ ਰੋਕ ਕੇ ਲੁਕੇ ਹੋਏ ਹਨ । "ਹਾਏ ਓਏ ਬਾਪੂ । ਇਹ ਤਾਂ ਸਾਡਾ ਨਾਂ ਲੈਂਦੇ ਨੇ . . . ।" ਭਗਤਣੀ ਫੁਸਫੁਸਾ ਕੇ ਕਹਿੰਦੀ ਹੈ, "ਓਏ ਜਾ ਨਾ । . . . ਕੋਈ ਬਘਿਆੜ ਤਾਂ ਨਹੀਂ ਉਹ ।" ਭਗਤ ਡਾਂਟਦਾ ਹੈ, "ਚੁੱਪ ਨੀ ।"

"ਆਹ ਖ । . . . ਕੌਣ ? ਦਾਸ ਜੀ ?" ਭਗਤਣੀ ਖੰਘੂਰਾ ਮਾਰ ਕੇ ਅੰਦਰੋਂ ਪੁਛਦੀ ਹੈ, "ਕੀ ਲਵੋਗੇ ?"

"ਔਂਹ ਖੋਲ ਭਗਤਣੀਏ । ਭਗਤ ਜੀ ਕਿਥੇ ਨੇ ?"

ਭਗਤਣੀ ਟੀਨ ਦੀ ਖਿੜਕੀ ਖੋਲ੍ਹ ਕੇ ਦੇਖਦੀ ਹੈ "ਰਾਮ ਰਾਮ । . . . ਇਹ ਕਿਹੜੇ ਦੇਸ ਦੇ ਬੰਦੇ ਨੇ ਦੇਵਾ । ਤੋੜੇ ਵਰਗੇ ਮੂੰਹ । . . ."

"ਦਾਸ ਜੀ । ਅੰਦਰ ਆ ਕੇ ਆਪ ਲੈ ਜਾ . . . ਬੁੱਢੇ ਨੂੰ ਬੁਖ਼ਾਰ ਐ, ਸਾਡਾ ਸਿਰ ਦੁਖਦੈ . . . ।"

ਸੁਮਰਿਤਦਾਸ ਟੀਨ ਦੇ ਪਰਦੇ ਨੂੰ ਪਾਸੇ ਕਰ ਕੇ ਅੰਦਰ ਜਾਂਦਾ ਹੈ, "ਹਿਸ . . . ਜਾਪਦਾ ਹੈ, ਤੁਹਾਡਾ ਕਲੇਜਾ ਤਾਂ ਹੈ ਹੀ ਨਹੀਂ । ਝੂਠ ਨਹੀਂ ਕਹਿੰਦੇ ਬਣੀਏ ਦਾ ਕਲੇਜਾ ਨਹੀਂ ਧਨੀਆਂ । 'ਇਸ ਪੀ' ਸਾਬ੍ਹ ਹੁਣੇ ਝਟ ਸਾਰਿਆਂ ਨੂੰ ਬੁਲਾ ਰਹੇ ਨੇ, ਤਸੀਲਦਾਰ ਦੇ ਦਰਾਂ ਤੇ . . . ਮੀਟਿੰਗ ਐ । ਹੁਣੇ ਹੀ ਇਹਦੇ ਵਿਚ ਜਿਹੜਾ ਨਹੀਂ ਆਵੇਗਾ, ਉਹਨੂੰ ਕਾਲੀਚਰਨ ਦੀ ਪਾਟੀ ਦਾ ਬੰਦਾ ਸਮਝਿਆ ਜਾਵੇਗਾ । . . . ਦਿਓ ਪੰਜ ਪੈਗਟ ਅਸਲੀ ਕੈਂਚੀ ਮਾਰ ਸਿਗਟ । . . . ਕਾਲੀਆ ਜੇਲੋਂ ਨੱਸ ਗਿਆ ।"

"ਹੈ ਹੰ ਖ । . . . ਕੀ ਈ ? ਸੁਮਰਿਤ ਭਰਾਭਵਾ ?" ਭਗਮਾਨ ਭਗਤ ਹੌਂਕਦਾ ਹੋਇਆ ਆਉਂਦਾ ਹੈ, "ਓਏ ! ਇਹ ਬੁਖਾਰ ਤਾਂ ਜਾਨ ਲੈ ਕੇ ਛੱਡੂ । ਕੀ ਗੱਲ ਐ ?"

"ਗੱਲ ਕੀ ਐ ।" ਸੁਮਰਿਤਦਾਸ ਹੱਥ ਫੈਲਾ ਫੈਲਾ ਕੇ ਕਹਿੰਦੇ ਹਨ, ". . . ਚੀਨੀ ਪੰਜ ਸੇਰ, ਗਰਮ ਮਸਾਲਾ ਅੱਠ ਆਨਿਆਂ ਦਾ, ਚਾਰ ਪੈਕਟ ਸਿਗਟਾਂ ਦੇ ਲੈ ਕੇ ਹੁਣੇ ਹੀ ਤਸੀਲਦਾਰ ਸਾਬ੍ਹ ਨੇ ਬੁਲਾਇਆ ਹੈ । . . . ਇਸ ਪੀ ਸਾਬ੍ਹ ਮੀਟਿੰਗ ਬੁਲਾ ਰਹੇ ਹਨ, ਸਾਰਿਆਂ ਦੀ । . . . ਹਾਂ ਸਿਪਾਹੀ ਜੀ ਨੂੰ ਪੰਜ ਪੈਕਟ ਦਿਤੇ ਐ, ਇਹਦੇ ਵੀ ਪੈਸੇ ਲਵੋਗੇ ?"

"ਓਦੇ ਅਸੀਂ ਕੋਈ ਹੁਕਮ ਤੋਂ ਬਾਹਰੇ ਆਂ।"...ਚਲੋ ਅਸੀਂ ਔਨੇ ਹਾਂ। ਭਗਤ ਗਲ ਨੂੰ ਚਿਥਦੇ ਹੋਏ ਕੰਨ ਖੁਰਕਦਾ ਹੈ।

ਗੋਰਖਾ ਮਿਲਟਰੀ ਕਹਿੰਦਾ ਹੈ. "ਊ ਹੂੰ। ਨਹੀਂ ਅਸੀਂ ਮੁਖਤ ਨਹੀਂ ਲਵਾਂਗੇ। ਕਿਉਂ ਲਈਏ? ਅਸੀਂ ਪੈਸੇ ਤਾਰ ਕੇ ਚੁਰਟ ਲਵਾਂਗੇ।...ਕਿਉਂ ਲਈਏ? ਅਸੀਂ ਬਾਰੂ ਦਾ ਮਿਲਟਟੀ ਨਹੀਂ, ਅਸੀਂ ਏਸੇ ਦੇਸ ਦਾ ਹਾਂ। ਮੁਖਤ ਕਿਉਂ ਲਈਏ?"

ਤਹਿਸੀਲਦਾਰ ਸਾਹਿਬ ਦੇ ਦਰਾਂ ਅਗੇ ਲੋਕ ਜਮਾਂ ਹੋ ਰਹੇ ਹਨ। ਅਗਮੂ ਚੌਕੀਦਾਰ ਅਤੇ ਅਬਦੁੱਲਾ ਬਕਸ਼ੀ ਸਾਰਿਆਂ ਨੂੰ ਹਿੱਕ ਕੇ ਲਿਆ ਰਿਹਾ ਹੈ। "ਪੈਰ ਵਧਾਓ।... ਘੁਸਰ ਮੁਸਰ ਕੀ ਕਰਦੇ ਓ।"...ਜਾਪਦਾ ਹੈ ਧਾਨ ਕਢਣ ਲਈ ਬਲਦਾਂ ਨੂੰ ਹੱਕ ਕੇ ਲਿਆਇਆ ਜਾ ਰਿਹਾ ਹੈ।...ਬਾਲਦੇਵ ਜੀ ਵੀ ਹਨ, ਰਾਮਕਿਰਪਾਲ ਸਿੰਘ ਜੀ ਵੀ ਹਨ। ਬੜੇ ਦਿਨਾਂ ਤੋਂ ਰਾਮਕਿਰਪਾਲ ਸਿੰਘ ਜੀ ਪੜੀ-ਪੰਚੈਤੀਂ ਜਾਂ ਮੜੀ ਮੀਟਿੰਗ ਵਿਚ ਨਹੀਂ ਜਾਂਦੇ। ਬਿਲਕੁਲ ਗੁਮਸੁਮ ਰਹਿੰਦੇ ਹਨ...ਪੰਜਾਹ ਬਿਘੇ ਜ਼ਮੀਨ ਧੰਨਹਰ, ਇਕ ਲਾਟ ਬੰਦੀ (ਹੋਲਡਿੰਗ) ਇਕੋ ਹੀ ਜਮਾਂ, ਅਤੇ ਖਜ਼ਾਨਾ ਸਿਰਫ ਪੰਜ ਰੁਪਏ। ਅਜਿਹੀ ਜਮੀਨ ਜਿਸ ਦੀ ਬਿਕ ਜਾਵੇ, ਜਾਂ ਮਹਾਜਨ ਕੋਲ ਸੂਦ ਤੇ ਰਖ ਦਿਤੀ ਜਾਵੇ ਤਾਂ ਦਿਲ ਚਕਨਾ ਚੂਰ ਹੋਵੇਗਾ ਕਿ ਨਹੀਂ...ਖਿਲਾਵਨ ਸਿੰਘ ਯਾਦਵ ਦਾ ਕਲੇਜਾ ਧੜਕ ਰਿਹਾ ਹੈ।—ਜਗ੍ਹਾ-ਜ਼ਮੀਨ, ਰੁਪਿਆ-ਪੈਸਾ ਤਾਂ ਪਹਿਲਾਂ ਹੀ ਮੁਕੱਦਮੇ ਵਿਚ ਸੁਆਹ ਹੋ ਗਿਆ। ਹੁਣ ਇਕ ਕੋਰੀ ਮੱਝ ਹੈ। ਤਹਿਸੀਲਦਾਰ ਦੀ ਉਸ ਤੇ ਨਜ਼ਰ ਟਿਕੀ ਹੋਈ ਹੈ।

ਐਸ. ਪੀ. ਸਾਹਿਬ ਚਾਹ ਪੀ ਕੇ ਉਠ ਖਲੋਂਦੇ ਹਨ ਜੈ ਭਗਵਾਨ। ਦੁਹਾਈ ਕਾਲੀ ਮਾਈ।

"ਪਿਆਰੇ ਭਰਾਵੋ। ਮੈਂ ਤੁਹਾਨੂੰ ਇਕ ਬੜੇ ਵੱਡੇ ਕੰਮ ਵਿਚ ਮਦਦ ਕਰਨ ਲਈ ਬੁਲਾਇਆ ਹੈ। ਤੁਸੀਂ ਲੋਕ ਡਰੋ ਨਾ। ਮੈਂ ਬਦਮਾਸ਼ਾਂ ਲਈ ਮਹਾਂ ਬਦਮਾਸ਼ ਹਾਂ ਅਤੇ ਸਿਧੇ ਸਾਦੇ ਲੋਕਾਂ ਦਾ ਸੇਵਕ ਹਾਂ। ਹਾਂ ਅਸੀਂ ਤਾਂ ਤੁਹਾਡੇ ਨੌਕਰ ਹਾਂ।"

"ਜੈ ਹੋ। ਜੈ ਹੋ।...ਧੰਨ ਹੈ, ਧੰਨ ਹੈ।" ਲੋਕਾਂ ਦੀ ਦੇਹ ਵਿਚ ਹੁਣ ਥੋੜੀ ਜਿਹੀ ਗਰਮੀ ਔਂਦੀ ਹੈ।

ਐਸ. ਪੀ. ਸਾਹਿਬ ਕਹਿੰਦੇ ਹਨ, "ਹੁਣੇ ਹੀ ਇਸ ਜਿਲੇ ਵਿਚ ਇਕ ਬੜਾ ਵੱਡਾ ਡਕੈਤ ਹੁਲੜ ਮਚੌਂਦਾ ਰਿਹਾ ਹੈ। ਉਹਦਾ ਨਾਂ ਤੁਸਾਂ ਜ਼ਰੂਰ ਸੁਣਿਆ ਹੋਵੇਗਾ?"

"ਜੀ ਨਹੀਂ।...ਅਸੀਂ ਲੋਕ ਤਾਂ ਖੂਹ ਦੇ ਡੱਡੂ ਹਾਂ।"

"ਦੇਖੋ ਝੂਠ ਨਾ ਬੋਲੋ। ਦਾਈ ਤੋਂ ਪੇਟ ਲੁਕੌਂਦੇ ਹੋ?... ਚਲਿੱਤਰ ਕਰਮਕਾਰ ਇਸ ਪਿੰਡ ਵਿਚ ਕਦੀ ਨਹੀਂ ਆਇਆ?"

"ਹਾਂ, ਹਾਂ ਚਲਿੱਤਰ।"

"ਨਹੀਂ, ਨਹੀਂ...ਨਹੀਂ ਆਇਆ।"

"ਤੱਕੋ। ਜ਼ਰਾ ਰੋਸ਼ਨੀ ਹੋਰ ਨੇੜੇ ਲਿਆਉ।...ਤੱਕੋ ਇਹੋ ਹੈ ਉਹਦਾ ਫੋਟੋ।"

"ਹਾਂ, ਠੀਕ ਹੈ। ਇਹੋ ਹੈ।"

"ਦੇਖੋ ਫੇਰ। ਤੁਸੀਂ ਝੂਠ ਕਿਉਂ ਬੋਲਦੇ ਸੀ। ਜਾਣਦੇ ਓ ਡਕੈਤ ਤੋਂ ਵੱਧ ਕੇ ਹੁੰਦਾ ਹੈ ਡਕੈਤ ਦਾ ਸ਼ੁਪੇਤ। ਤੁਸੀਂ ਲੋਕਾਂ ਨੇ ਸ਼ੁਪੇਂਤ ਦਾ ਕੰਮ ਕੀਤਾ ਹੈ।"

"ਨਹੀਂ ਹਜ਼ੂਰ, ਮਾਈ ਬਾਪ। ਪਤਾ ਨਹੀਂ ਸੀ।"

"...ਖੈਰ। ਸੁਣ ਲਵੋ। ਚਲਿੱਤਰ ਕਰਮਕਾਰ ਨੂੰ ਨਾ ਤਾਂ ਦੇਸ਼ ਨਾਲ ਮਤਲਬ ਹੈ, ਨਾ ਪਿੰਡ ਤੇ ਨਾ ਭਾਈਚਾਰੇ ਨਾਲ। ਉਹਦਾ ਪੇਸ਼ਾ ਹੈ ਡਕੈਤੀ ਕਰਨਾ, ਲੁਟਣਾ। ਉਹ ਸਮਾਜ ਦਾ ਦੁਸ਼ਮਣ ਹੈ, ਦੇਸ਼ ਦਾ ਦੁਸ਼ਮਣ ਹੈ।...ਹੁਣ ਦੇਖੋ, ਹਾਲੇ ਹੁਣੇ ਹੀ ਕਮਿਊ-ਨਿਸਟ ਪਾਰਟੀ ਵਾਲਿਆਂ ਨੇ ਇਕ ਪਰਚਾ ਕਢਿਆ ਹੈ। ਲਿਖਿਆ ਹੈ, 'ਕਾਮਰੇਡ ਚਲਿੱਤਰ ਤੋਂ ਵਰੰਟ ਹਟਾਓ। ਚਲਿੱਤਰ ਕਰਮਕਾਰ ਕਿਸਾਨਾਂ ਅਤੇ ਮਜ਼ਦੂਰਾਂ ਦਾ ਪਿਆਰਾ ਨੇਤਾ ਹੈ।'...ਹੁਣ ਤੁਸੀਂ ਹੀ ਦੱਸੋ ਕਿ ਕੋਈ ਹਤਿਆਰਾ ਅਤੇ ਡਕੈਤ ਕਿਵੇਂ ਕਿਸੇ ਦਾ ਪਿਆਰਾ ਨੇਤਾ ਹੋ ਸਕਦਾ ਹੈ।...ਖੈਰ ਮੇਰਾ ਵੀ ਨਾਂ ਬਜਰੰਗੀ ਸਿੰਘ ਹੈ। ਮੈਂ ਇਹੋ ਜਿਹੇ ਬਹੁਤ ਸਾਰੇ ਹਤਿਆਰਿਆਂ ਨੂੰ ਠੀਕ ਕੀਤਾ ਹੈ, ਫਾਹੇ ਲੁਆਇਆ,... ਇਹੋ ਜਿਹਾ ਬੰਦਾ ਕਿਸੇ ਦੀ ਵੀ ਹਤਿਆ ਕਰ ਸਕਦਾ ਹੈ।"

"ਬਾਬਾ।...ਗਾਂਧੀ ਜੀ ਮਾਰੇ ਗਏ।" ਕਮਲੀ ਅੰਦਰੋਂ ਦਲਾਨ ਵਿਚੋਂ ਹੀ ਪਾਗਲਾਂ ਵਾਂਗ ਚੀਕਦੀ ਹੈ, "ਗਾਂਧੀ ਜੀ—।"

"ਕੀ ਹੋਇਆ ?"

"ਕੀ ਹੋਇਆ ?"

ਤਹਿਸੀਲਦਾਰ ਸਾਹਿਬ ਅੰਦਰ ਹਵੇਲੀ ਵਲ ਦੌੜਦੇ ਹਨ।...ਸੁਮਰਿਤਦਾਸ ਕਹਿੰਦਾ ਹੈ, "ਹਜ਼ੂਰ ਤਸੀਲਦਾਰ ਸਾਬ੍ਹ ਦੀ ਧੀ ਦਾ ਮਗਜ਼ ਜ਼ਰਾ ਖਰਾਬ ਹੈ।"

"ਅਨਰਥ ਹੋ ਗਿਆ ਹਜ਼ੂਰ।" ਤਹਿਸੀਲਦਾਰ ਸਾਹਿਬ ਦੌੜਦੇ ਹੋਏ ਔਂਦੇ ਹਨ, "ਗਾਂਧੀ ਜੀ ਮਾਰੇ ਗਏ।"

"ਹੈਂ ?...ਕਿਥੇ ? ਕਿਵੇਂ ?"

"ਰੇਡੀਓ ਵਿਚ ਖਬਰ ਆਈ ਹੈ :"

"ਕਿਥੇ ਹੈ ਰੇਡੀਓ, ਅੰਦਰ ਹਵੇਲੀ ਵਿਚ ? ਮਿਹਰਬਾਨੀ ਕਰਕੇ ਇਥੇ ਆਉ।" ਐਸ. ਪੀ. ਤਰਲਾ ਕਰਦੇ ਹਨ।

"ਓਏ ਏ ਏ। ਬਾਲਦੇਵ ਜੀ ਨੂੰ ਸੰਭਾਲੋ...ਬੇਹੋਸ਼ ਹੋ ਗਏ।"

ਤਹਿਸੀਲਦਾਰ ਸਾਹਿਬ 'ਪੋਰਟੇਬਲ ਰੇਡੀਓ ਸੈਟ' ਲੈ ਆਉਂਦੇ ਹਨ, "ਹਜ਼ੂਰ, ਇਹਦੇ ਕਲ-ਕਾਂਚੇ ਦਾ ਸਾਨੂੰ ਕੋਈ ਪਤਾ ਨਹੀਂ।...ਡਾਕਟਰ ਸਾਬ੍ਹ ਦਾ ਹੈ।"

"ਇਧਰ ਲਿਆਉ ।" ਐਸ. ਪੀ. ਸਾਬ੍ਹ ਛੇਤੀ ਛੇਤੀ ਮੀਟਰ ਠੀਕ ਕਰਦੇ ਹਨ ।

"ਖੜ ਰ ੜ...ਸਾਡੇ ਸਾਰਿਆਂ ਦੇ ਪਿਤਾ, ਰਾਸ਼ਟਰ ਦੇ ਪਿਤਾ, ਦੀ ਹੱਤਿਆ ਕਰ ਦਿਤੀ ਗਈ । ..ਚਾਹੁੰ ਪਾਸੀਂ ਇਕ—ਇਕ ਮਨਹੂਸ ਹਨੇਰਾ ਫੈਲਿਆ ਹੋਇਆ... ਸਾਡੀਆਂ ਅੱਖਾਂ ਅਗੇ ਹਨੇਰਾ ਹੈ, ਦਿਲ ਵਿਚ ਹਨੇਰਾ ਹੈ ।...ਇਸ ਮੌਕੇ ਤੇ ਅਸੀਂ ਕਿਨਾਂ ਸ਼ਬਦਾਂ ਵਿਚ ਤੁਹਾਨੂੰ ਧੀਰਜ ਦੇਈਏ । ਗਮ ਦੇ ਬੱਦਲਾਂ ਵਿਚ ਸਾਰਾ ਮੁਲਕ ਗਰਕ ਹੈ ।...ਇਕ ਪਾਗਲ ਨੇ ਬਾਪੂ ਦੀ ਹੱਤਿਆ ਕਰ ਦਿਤੀ । ਸਪਸ਼ਟ ਹੈ, ਪਾਗਲ ਦੇ ਸਿਵਾ ਕੋਈ ਅਜਿਹਾ ਕੰਮ ਨਹੀਂ ਕਰ ਸਕਦਾ । ਹੁਣ ਅਸਾਂ ਆਪਣੇ ਗਮ ਤੇ ਗੁੱਸੇ ਨੂੰ ਠੱਪ ਘੁਟ ਕੇ ਸੋਚਣਾ ਹੈ ।"

ਨਹਿਰੂ ਜੀ ਬੋਲ ਰਹੇ ਸਨ ਸ਼ਾਇਦ ।

ਨਹਿਰੂ ਜੀ ।...ਜਮਾਹਿਰ ਲਾਲ ਬੋਲ ਰਹੇ ਸਨ । ਵਿਚਕਾਰ ਇਕ ਥਾਂ ਗਲਾ ਬਿਲ-ਕੁਲ ਭਰ ਆਇਆ ਸੀ; ਜਾਪਿਆ—ਰੋ ਰਹੇ ਹਨ ।

"ਸੁਣੋ । ਹੁਣ ਪਟੇਲ ਸਾਬ੍ਹ, ਸਰਦਾਰ ਪਟੇਲ ਸਾਬ੍ਹ ਬੋਲ ਰਹੇ ਨੇ, ਐਸ. ਪੀ. ਸਾਹਿਬ ਦਾ ਚਿਹਰਾ ਬਿਲਕੁਲ ਕਾਲਾ ਹੋ ਗਿਆ ਹੈ ।

ਬੇਤਾਰ ਦੇ ਖਬਰ ਵਿਚ ਕੀ ਬੋਲਿਆ ? ਗਾਂਧੀ ਜੀ ਦਾ ਹਤਿਆਰਾ ਫੜਿਆ ਜਾ ਚੁਕਾ ਹੈ ?...ਓਏ ਕਿਵੇਂ ਨਹੀਂ ਫੜਿਆ ਜਾਵੇਗਾ ਭਰਾਵਾ । ਹਾਏ ਓਏ ਪਾਪੀ ।... ਜਰੂਰ ਜੰਗਲੀ ਦੇਸ਼ ਦਾ ਬੰਦਾ ਹੋਵੇਗਾ । ਹਤਿਆਰਾ ਮਰਾਠਾ ? ਇਹ ਕਿਹੜੀ ਜਾਤ ਹੈ ਭਰਾਵਾ । ਮਾਰਾਢਾ ਓਏ, ਬ੍ਰਾਮਨ ਕਦੀ ਅਜਿਹਾ ਕੰਮ ਨਹੀਂ ਕਰ ਸਕਦਾ, ਜ਼ਰੂਰ ਉਹ ਸਾਲਾ ਚੰਡਾਲ ਹੋਵੇਗਾ ।

ਐਸ. ਪੀ. ਸਾਹਿਬ ਹੱਥ ਜੋੜ ਕੇ ਕਹਿੰਦੇ ਹਨ—"ਭਰਾਵੋ ! ਕਿਹਾ ਸੁਣਿਆ ਮਾਫ ਕਰਿਉ । ਤੁਸੀਂ ਲੋਕ ਜਿਵੇਂ ਸਮਝੋ ਕਰੋ...ਪਰ ਦੇਖਦੇ ਹੋ ਨਾ, ਓਏ ਜਿੰਨੇ ਇਕ ਗਰੀਬ ਬਣੌਦੇ ਨੂੰ ਬਾਲ-ਬੱਚੇ ਸਮੇਤ ਮਾਰ ਸੁਟਿਆ...ਉਹੋ ਹਤਿਆਰਾ ਗਾਂਧੀ, ਜਵਾਹਰ, ਪਟੇਲ—ਸਾਰਿਆਂ ਦੀ ਹਤਿਆ ਕਰ ਸਕਦਾ ਹੈ ।...ਹਤਿਆਰਾ...ਅਸੀਂ ਹਾਲੇ ਜਾਂਦੇ ਹਾਂ; ਤੁਸੀਂ ਲੋਕ ਕਲ੍ਹ ਸ਼ਾਮੀਂ ਨਦੀ ਕਿਨਾਰੇ ਜਲ ਪਰਵਾਹ ਕਰਿਓ ।...ਅਤੇ ਸਾਰੀ ਖਬਰ ਤਾਂ ਰੇਡੀਓ ਵਿਚ ਆਉਂਦੀ ਹੀ ਰਵ੍ਹੇਗੀ । ਤਸੀਲਦਾਰ ਸਾਬ੍ਹ ਹੈਨ, ਸਾਰਿਆਂ ਨੂੰ ਸੁਣਾ ਦੇਣਗੇ । ਚੰਗਾ ਤਾਂ ਕਹਿੰਦੇ ਹਾਂ—ਜੈ ਹਿੰਦ ।"

ਭਰਰ ਰ ਰ ਰ ਰ ਰ ਰ

"ਰਘੁਪਤੀ ਰਾਘਵ ਰਾਜਾ ਰਾਮ, ਪਤਿਤਪਾਵਨ ਸੀਤਾ ਰਾਮ...।" ਬਾਲਦੇਵ ਜੀ ਅੱਖਾਂ ਮੂੰਦ ਕੇ ਗੌਣਾਂ ਸ਼ੁਰੂ ਕਰਦੇ ਨੇ ।

ਅਜ ਅਖਰ ਧਰਨ ਵਾਲਾ ਵੀ ਕੋਈ ਨਹੀਂ—ਕਾਲੀ, ਬਾਸੁਦੇਵ, ਸੁਨਰਾ, ਸਨਿਚਰਾ, ਕੋਈ ਨਹੀਂ । ਸਰਦੀ ਨਾਲ ਸੁੰਗੜ ਰਹੇ ਨੇ ਬਾਲਦੇਵ ਜੀ ।...ਜ਼ਰਾ ਇਥੇ ਧੂਣੀ ਬਾਲ

ਦਿਤੀ ਜਾਂਦੀ ਤਾਂ ਚੰਗਾ ਹੁੰਦਾ।

"ਓ ਕੋਠਾਰਿਨ, ਲੱਛਮੀ ਦਾਸਣ।"

ਲੱਛਮੀ ਆਈ ਹੈ। ਨਾਲ ਹੈ ਰਾਮਫਲ ਭਲਵਾਨ, ਲਾਲਟਿਨ ਫੜੀ।...ਬਾਲਦੇਵ ਜੀ ਅੱਖਾਂ ਮੀਟ ਕੇ ਗੌਂ ਰਹੇ ਹਨ—"ਇਸ਼ਵਰ ਅੱਲਾ ਤੇਰੋ ਨਾਮ, ਸਬ ਕੋ ਸੰਮਤੀ ਦੋ ਭਗਵਾਨ।"

"ਜੈ ਰਘੂਨੰਦਨ ਜੈ ਘਨ ਸ਼ਿਆਮ, ਜਾਨਕੀ ਬੱਲਭ ਸੀਤਾ ਰਾਮ।" ਲੱਛਮੀ ਦਾਸਣ ਅਗਲਾ ਅੱਖਰ ਚੁਕਦੀ ਹੈ।

ਐਤਕੀਂ ਭੀੜ ਦੇ ਅੱਧੇ ਲੋਕਾਂ ਨੇ ਸਾਥ ਦਿਤਾ।...

"ਰਘੁਪਤੀ ਰਾਘਵ ਰਾਜਾ ਰਾਮ...।"

ਬਾਵਨ ਠੀਕ ਹੀ ਕਹਿੰਦਾ ਸੀ, ਭਾਰਥਮਾਤਾ ਹੋਰ ਵੀ ਜ਼ਾਰ ਬੇਜ਼ਾਰ ਰੋ ਰਹੀ ਹੈ।... ਬਾਲਦੇਵ ਜੀ ਦਾ ਸਾਰਾ ਸਰੀਰ ਸੁੰਨ ਹੋ ਗਿਆ ਹੈ। ਰਾਹ ਵਿਚ ਨਚਦੇ ਨਚਦੇ ਡਿਗ ਪੈਂਦੇ ਹਨ।

"ਸੀਤਾ ਰਾਮ...ਸੀਤਾ ਰਾਮ...ਜੈ ਰਘੂਨੰਦਨ...।"

31 ਜਨਵਰੀ, 48 ਦੀ ਰਾਤ! ਕਮਲਾ ਸੋਚਦੀ ਹੈ—ਸਾਰਾ ਸੰਸਾਰ ਹਾਲੇ ਬਸ ਇਕੋ ਹੀ ਮਹਾਂ-ਮਾਨਵ ਲਈ ਰੋ ਰਿਹਾ ਹੈ।...ਰੇਡੀਓ ਤੇ ਗੀਤਾ ਪਾਠ ਹੋ ਰਿਹਾ ਹੈ। ਜਾਪਦਾ ਹੈ, ਗੀਤਾ ਦੇ ਇਕ-ਇਕ ਸ਼ਲੋਕ ਦੀ ਪਉੜੀ ਮਹਾਤਮਾ ਜੀ ਨੂੰ ਉਪਰ ਚੁਕੀ ਲਈ ਜਾ ਰਹੀ ਹੈ–ਉਪਰ–ਉਪਰ–ਹੋਰ ਉਪਰ।

ਅੰਤ ਵੰਤ ਇਮੇ ਦੇਹਾ ਨਿਤਯਸਿਓਕਤਾ ਸ਼ਰੀਰਿਣ।
ਅਨਾਂ ਸ਼ਿਨੋਅਪ੍ਰਮੇਯਸਯ ਤੁਸਮਾਂਧਿਉਤ ਧਿਆਸਵ ਭਾਰਤ॥

ਹਨੇਰੇ ਵਿਚ ਇਕ ਮਹਾਪ੍ਰਕਾਸ।...ਅੱਖਾਂ ਚੁੰਧਿਆ ਜਾਂਦੀਆਂ ਹਨ—ਰੋਂਦੀ ਕਿਉਂ ਹੈ ਮਾਂ।...ਮਾਂ! ਰੋਂਦੀ ਕਿਉਂ ਹੈ?"

"ਧੀਏ ਰੋ ਨਾ।" ਮਾਂ ਸਮਝੌਂਦੀ ਹੈ, "ਧੀਏ ਰੋ ਨਾ।" ਅਚਾਨਕ ਡਾਕਟਰ ਦੀ ਯਾਦ ਆਉਂਦੀ ਹੈ — ਡਾਕਟਰ! ਡਾਕਟਰ ਨੂੰ ਕਿਹੜਾ ਧੀਰਜ ਦਿੰਦਾ ਹੋਵੇਗਾ। ਨਾ ਰੋਵੇ! ਡਾਕਟਰ ਨਾ ਰੋਵੇ!

ਕਮਲਾ ਰੇਡੀਓ ਦੀ ਆਵਾਜ਼ ਨੂੰ ਹੋਰ ਤੇਜ਼ ਕਰ ਦਿੰਦੀ ਹੈ:

ਵਾਸਾਂਸਿ ਜੀਰਣਾਂਨਿ ਯਥਾ ਵਿਹਾਯ ਨਵਾਨਿ ਗ੍ਰਹੁਣਾਤੀ ਨਰੋਪਰਾਣਿ।
ਤਥਾ ਸ਼ਰੀਰਾਣਿ ਵਿਹਾਯ ਜੀਰਣਾਨਿਯਨਿਯਾਨੀ ਸੰਯਾਤੀ ਨਵਾਨਿ ਦੇਹੀ॥
ਨੈਨਨ ਛਿਦੰਤਿ ਸ਼ਸਤਰਾਣਿ ਨੈਨਨ ਦਹਤਿ ਪਾਵਕ:।

# ਉੱਨੀ

ਜੋਤਖੀ ਚਾਚਾ ਦੇ ਦਰਵਾਜ਼ੇ ਤੇ ਭੀੜ ਜੁੜ ਗਈ ਹੈ।.. ਠੀਕ ਕਹਿੰਦੇ ਸਨ ਜੋਤਖੀ ਚਾਚਾ। ਹਾਲੇ ਕੀ ਹੋਇਆ ਹੈ, ਹਾਲੇ ਹੋਰ ਹੋਣਾ ਬਾਕੀ ਹੈ। ਅੱਖਰ-ਅੱਖਰ ਸਾਰੀਆਂ ਗੱਲਾਂ ਖਿੰਡ ਗਈਆਂ।...ਅਜਿਹੇ ਵੱਡੇ ਪੁਰਖ ਦੀਆਂ ਗੱਲਾਂ ਕੱਟਣ ਦਾ ਨਤੀਜਾ ਸਾਰਾ ਪਿੰਡ ਭੁਗਤ ਰਿਹਾ ਹੈ।

ਜੰਗਲੀ ਜੜੀ-ਬੂਟੀ ਨਾਲ ਹੀ ਜੋਤਖੀ ਚਾਚਾ ਟਨਟਨਾ ਗਏ ਹਨ। ਖੁਦ ਉਠ ਨਹੀਂ ਸਕਦੇ, ਆਵਾਜ਼ ਵੀ ਸਾਫ਼ ਨਹੀਂ ਹੋਈ ਹੈ, ਘਿਗਿਆ ਕੇ, ਮੂੰਹ ਵਿੰਗਾ ਕਰ ਕੇ ਬੋਲਦੇ ਹਨ, "ਛਯਅਆਂ ਛ।...ਛਯਅਆਂ ਛ।... ਆਂ, ਆਂ।"

ਅਰਥਾਤ ਸਰਵਨਾਸ। ਸਰਵਨਾਸ। ਹਾਂ, ਸਰਵਨਾਸ ਹੋਵੇਗਾ।

"ਜੋਤਖੀ ਚਾਚਾ, ਅੱਜ ਹੁਕਮ ਹੋਇਆ ਕਿ ਸਾਰਾ ਦਿਨ ਸੁੱਚੇ ਮੂੰਹ ਰਹਿ ਕੇ ਸ਼ਾਮੀਂ ਕਮਲਾ ਕੰਢੇ ਜਲ ਪਰਵਾਹ ਕਰਨਾ ਹੋਵੇਗਾ।" ਖਿਲਾਵਨ ਯਾਦਵ ਅੱਜ ਜੋਤਖੀ ਜੀ ਦੀ ਗੱਲ ਕਦੀ ਨਹੀਂ ਕੱਟ ਸਕਦਾ।...ਜੋਤਖੀ ਜੀ ਨੇ ਕਿਹਾ ਸੀ ਅਠਾਰਾਂ ਸਾਲ ਦੀ ਉਮਰ ਵਿਚ ਸਕਲਦੀਪ ਦਾ ਮਾਤਾ ਪਿਤਾ ਨੂੰ ਵਿਜੋਗ ਲਿਖਿਆ ਹੋਇਆ ਹੈ।... ਬਿਲਕੁਲ ਸੱਚੀ ਹੋ ਗਈ ਗੱਲ। ਸਕਲਦੀਪ ਦੋ ਮਹੀਨਿਆਂ ਤਕ ਕਲਕੱਤੇ ਵਿਚ ਯਤੀਮਾਂ ਵਾਂਗ ਭਟਕਦਾ ਰਿਹਾ।...ਸਹੁਰਾ ਫੜ ਲਿਆਇਆ ਹੈ। ਉਹਦਾ ਵੀ ਪ੍ਰਾਸਚਿਤ ਕਰਨਾ ਹੋਵੇਗਾ। ਹੋਟਲ ਵਿਚ ਭਾਂਡੇ ਮਾਂਜਦਾ ਸੀ।

ਜੋਤਖੀ ਜੀ ਇਸ਼ਾਰੇ ਨਾਲ ਕਹਿੰਦੇ ਹਨ, "ਨਹੀਂ ਹਰਗਿਜ਼ ਨਹੀਂ। ਅਜਿਹਾ ਕੰਮ ਬਿਲਕੁਲ ਨਾ ਕਰੋ।"

ਜੋਤਖੀ ਚਾਚਾ ਨੇ ਕੀ ਕਿਹਾ ?...ਗਾਂਧੀ ਜੀ ਕਿਉਂ ਮਾਰੇ ਗਏ...ਕੀ ਕਹਿੰਦੇ ਸਨ, ਚੰਗਾ ਹੋਇਆ। ਧੱਤ। ਉਨ੍ਹਾਂ ਦਾ ਮਗਜ਼ ਹੁਣ ਸਹੀ ਨਹੀਂ ਹੈ।

ਦੂਜੇ ਪਹਿਰ ਜਲੂਸ ਨਿਕਲਿਆ। ਬਾਂਸ ਦੀ ਇਕ ਰੱਥੀ ਬਣਾ ਕੇ ਸਜਾਈ ਗਈ — ਲਾਲ, ਹੀਰੇ, ਪੀਲੇ ਕਾਗਜ਼ਾਂ ਨਾਲ। ਇਕ ਪਾਸੇ ਬਾਲਦੇਵ ਜੀ ਨੇ ਮੋਢਾ ਦਿਤਾ ਹੈ, ਦੂਸਰੇ ਪਾਸੇ ਸੁਮਰਿਤਦਾਸ, ਜਿਬੇਸਰ ਮੋਚੀ ਅਤੇ ਸਕਲਦੀਪ ਨੇ।...ਖਿਲਾਵਨ ਯਾਦਵ ਨਹੀਂ ਆਇਆ ਹੈ। ਸਕਲਦੀਪ ਨੂੰ ਬਹੁਤ ਸਮਝਾਇਆ, ਗਾਲ੍ਹਾਂ ਕੱਢੀਆਂ — ਪਰ ਸਕਲਦੀਪ ਨੇ ਤਾਂ ਆ ਕੇ ਰੱਥੀ ਨੂੰ ਮੋਢਾ ਹੀ ਲਾ ਦਿਤਾ।

ਟਨ ਟਨਾਂਗ। ਘੜਿਆਲ ਵੱਜਦਾ ਹੈ।

ਤਿੰਨ ਤਿਰਕਿਟ ਤਿੱਨਾਂ। ਧਿੱਨਾ ਧਾ ਧਾ ਧਿੱਨਾ।

ਆ ਰੇ ? ਕਾਂ ਚ ਬਾਂਸ ਕੇ ਖਾਟ ਰੇ ਖਟੋਲਨਾਂ...

ਪਿੰਡ ਦੇ ਕੀਰਤਣੀਏ ਲੋਕਾਂ ਨੇ ਸਮਦਾਉਨ ਸ਼ੁਰੂ ਕੀਤਾ। ਸਮਦਾਊਨ ਦੀ ਪਹਿਲੀ ਲੜੀ ਨੇ ਸਾਰਿਆਂ ਦੇ ਲੂੰ ਕਲਪਾ ਦਿਤੇ, ਸਾਰਿਆਂ ਦੇ ਦਿਲ ਭਰ ਗਏ ਤੇ ਅੱਖਾਂ ਛਲਕ ਆਈਆਂ।

ਆਂ ਰੇ ਕਾਂਚਹਿ ਬਾਂਸ ਕੇ ਖਾਟ ਰੇ ਖਟੋਲਨਾਂ,
ਆਖੈਰ ਮੂੰਜ ਕੇ ਰਹੇ ਡੋਰ।
ਹਾਂ ਰੇ ਮੋਰੀ ਰੇ ਏ ਏ ਏ ਹਾਂ ਆਂ ਹਾਂ ਰਾਮਾਂ ਰਾਮਾਂ।
ਚਾਰ ਸਮਾਜੀ ਮਿਲੀ ਡੋਲਿਆ ਉਠੋਓਲ।
ਲਈ ਚਲਲ ਜਮੂਨਾ ਕੇ ਓਰ।
ਹਾਂ ਰੇ ਮੋਰੀ ਰੇ ਏ...।

ਹੁਣ ਕੋਈ ਆਪਣੇ ਆਪ ਨੂੰ ਨਹੀਂ ਸੰਭਾਲ ਸਕਦਾ। ਸਾਰੇ ਫਟ ਫੁਟ ਕੇ ਰੋ ਪੈਂਦੇ ਹਨ। ਜਲੂਸ ਅਗੇ ਵਧ ਰਿਹਾ ਹੈ। ਹੌਲੀ ਹੌਲੀ ਸਾਰੇ ਹੀ ਜਲੂਸ ਵਿਚ ਆ ਕੇ ਰਲ ਜਾਂਦੇ ਹਨ। ਰੋਂਦੇ ਹੋਏ ਟੁਰਦੇ ਹਨ। ਬੁੱਢੇ ਰੋਂਦੇ ਹਨ, ਜਵਾਨ ਰੋ ਰਹੇ ਹਨ, ਜਨਾਨੀਆਂ ਰੋ ਰਹੀਆਂ ਨੇ . . . ਸਕਲਦੀਪ ਦੀ ਮੁਟਿਅਰ ਵਹੁਟੀ ਦਹਿਲੀਜ਼ 'ਚੋਂ ਵੇਖਦੀ ਹੈ। ਉਹਦੇ ਬੁਲ੍ਹ ਕੰਬ ਰਹੇ ਹਨ ਅਤੇ ਪਲ ਪਲ ਬਾਦ ਬੁੱਲ੍ਹ ਥਿਰਕਦੇ ਹਨ ਅਤੇ ਅੰਤ ਵਿਚ ਉਹ ਆਪਣੇ ਆਪ ਨੂੰ ਸੰਭਾਲ ਨਹੀਂ ਸਕਦੀ। ਉਹ ਦੌੜਦੀ ਹੈ ਜਲੂਸ ਪਿਛੇ। ਖਿਲਾਵਾਨ ਸਿੰਘ ਚੀਕਦੇ ਹਨ, "ਕੰਨਿਆਂ ਕੰਨਿਆਂ . . . ਏ ਕੰਨਿਆਂ।"

ਹਾਂ ਆਂ ਰੇ ਗੋੜ ਤੋਰਾ ਲਾਗੋਂ ਹਮ ਮਇਆ ਰੇ ਕਹਿਲਵਾਸੇ
ਘੜੀ ਭਰ ਡੋਲੀ ਬਿਲਮਾਵ।
ਮਾਈ ਜੇ ਰੋਵਯ . . .
. . . ਮਾਂ ਰੋ ਰਹੀ ਹੈ। ਭਾਰਥ ਮਾਤਾ ਰੋ ਰਹੀ ਹੈ।

ਰਾਮਦਾਸ ਹੱਥ ਵਿਚ ਖੰਜੜੀ ਫੜੀ ਚੁਪਚਾਪ ਹੋ ਰਿਹਾ ਹੈ। . . . ਉਸੇ ਦੇ ਪਾਪ ਨਾਲ ਮਹਾਤਮਾਂ ਜੀ ਮਾਰੇ ਗਏ ਹਨ। ਉਸ ਨੇ ਸਾਧੂ ਦੇ ਅਖਾੜੇ ਨੂੰ ਭ੍ਰਸ਼ਟ ਕੀਤਾ ਹੈ। . , . ਪਰਸੋਂ ਰਮ-ਪਿਆਰੀਆ ਦੀ ਮਾਂ ਪਿੰਡੋਂ ਮਛਲੀ ਦਾ ਸਲੂਣਾਂ ਮੰਗ ਕੇ ਲਿਆਈ ਸੀ। ਰਮਪਿਆਰੀਆ ਰਾਤੀਂ ਉਠ ਕੇ ਚੋਰੀ ਖਾ ਰਹੀ ਸੀ। ਮਹੰਥ ਰਾਮਦਾਸ ਨੇ ਰੰਗੇ ਹੱਥੀਂ ਫੜ ਲਿਆ ਸੀ — ਬੁਆਰੀ ਮੱਛਲੀ ਦਾ ਕੁੱਟਾ।

ਰਜਜੂ ਦਾਸ ਦੀ ਇਸਤਰੀ ਛਾਤੀ ਪਿੱਟ ਪਿੱਟ ਰੋ ਰਹੀ ਹੈ। . . . ਠਿਠਰਾਚਮਾਰ ਦੀ ਬਾਰਾਂ ਵਰ੍ਹਿਆਂ ਦੀ ਧੀ ਰੋ ਰਹੀ ਹੈ — ਬਾਬਾ ਵੇ। . . . ਵੇ ਬਾਪੂ।

ਬਾਪੂ।

. . . ਕਮਲਾ ਰੇਡੀਓ ਲਾ ਕੇ ਬੈਠੀ ਹੋਈ ਹੈ। ਉਹਦੀਆਂ ਅੱਖਾਂ 'ਚੋਂ ਤਿਪ ਤਿਪ ਕਰ ਕੇ ਹੰਝੂ ਡਿਗਦੇ ਹਨ। ਮਾਂ ਆਂਚਲ ਨਾਲ ਧੀ ਦੇ ਹੰਝੂ ਪੂੰਝਦੀ ਹੈ। ਅਤੇ ਖ਼ੁਦ ਰੋਂਦੀ ਹੈ, "ਉਹ ਤਾਂ ਨਰ ਰੂਪ ਧਾਰਣ ਕਰ ਕੇ ਆਏ ਸਨ . . . ਲੀਲਾ ਦਿਖਾ ਕੇ ਚਲੇ ਗਏ।"

ਰੇਡੀਓ ਤੋਂ ਅੱਖੀਂ ਡਿੱਠਾ ਹਾਲ ਪ੍ਰਸਾਰਿਤ ਹੋ ਰਿਹਾ ਹੈ . . . "ਹੁਣ ਚੰਦਨ ਦੀ ਚਿਤਾ ਤਿਆਰ ਹੈ। ਬਸ, ਹੁਣ ਹੁਣ ਕੁਝ ਹੀ ਛਿਣਾਂ ਵਿਚ . . . ਤੱਕੋ, ਪੰਡਤ ਨਹਿਰੂ ਦੇਵਦਾਸ ਗਾਂਧੀ ਜੀ ਨੂੰ . . . ਮਹਾਤਮਾ ਜੀ ਦੇ ਸਪੁੱਤਰ ਨੂੰ ਕੁਝ ਕਹਿ ਰਹੇ ਹਨ। . . . ਭੀੜ ਦੇ ਸਿਰ . . . ਭੀੜ ਦੇ ਸਿਰ ਹੀ ਸਿਰ . . . ਕਿਤੇ ਵੀ ਇਕ ਤਿਲ ਰਖਣ ਦੀ ਥਾਂ ਨਹੀਂ . . . (ਰੌਲੇ ਦੀ ਆਵਾਜ਼ ਹੌਲੀ ਹੌਲੀ ਤੇਜ਼ ਹੋ ਰਹੀ ਹੈ। ਜੈ! ਜੈ) ਅਪਾਰ ਜਨ ਸਮੁੰਦਰ ਵਿਚ ਜਿਵੇਂ ਹੜ੍ਹ ਆ ਗਿਆ ਹੋਵੇ; ਸਾਰੇ ਹੀ ਇਕ ਵਾਰ ਮਹਾਂ ਮਾਨਵ ਦੀ ਪਵਿੱਤਰ ਚਿਤਾ ਨੂੰ ਅੰਤਮ ਵਾਰ ਦੇਖਣਾ ਚਾਹੁੰਦੇ ਹਨ। . . . ਐਮਬੂਲੈਂਸ ਗੱਡੀਆਂ ਬੇਹੋਸ਼ ਲੋਕਾਂ ਨੂੰ ਢੋ ਰਹੀਆਂ ਹਨ . . . ਅਤੇ . . . ਆਹ! ਹੁਣ . . . ਪੱਛਮੀ ਆਕਾਸ਼ ਵਿਚ ਸੂਰਜ ਆਪਣੀ ਲਾਲੀ ਖਿੰਡਾ ਕੇ ਅਸਤ ਹੋ ਰਿਹਾ ਹੈ ਅਤੇ ਏਧਰ ਮਹਾਂ ਮਾਨਵ ਦੀ ਚਿਤਾ ਵਿਚ ਅਗਨੀ ਸ਼ਿਖਾ . . . ਧਰਤੀ ਦਾ ਸੂਰਜ ਅਸਤ ਹੋ ਰਿਹਾ ਹੈ। . . . ਕਸ਼ਿਤੀ — ਜਲ ਪਾਵਕ . . . ਪੰਜ ਤੱਤਾਂ ਦਾ ਪੁਤਲਾ (ਗੀਤਾ ਬਾਣੀ ਸੁਣਾਈ ਦਿੰਦੀ ਹੈ) — ਜਨਮ ਬੰਧਵਿਨਿਰ ਮੁਕਤਤ : ਪਦ ਗੱਛਨਤਿਆ-ਨਾਮਿਅਮ . . . ।

"ਮਾਂ ਮਾਂ।"

"ਮਾਂ, ਮਾਂ . . ." ਕਮਲਾ ਸਪੱਸ਼ਟ ਸੁਣਦੀ ਹੈ, ਕੋਈ ਪੁਕਾਰ ਰਿਹਾ ਹੈ। ਕੌਣ ਪੁਕਾਰਦਾ ਹੈ ਉਹਨੂੰ ਮਾਂ।

"ਕੀ ਹੋਇਆ ਧੀਏ ?" ਮਾਂ ਬਾਹਰੋਂ ਦੌੜੀ ਆਉਂਦੀ ਹੈ।

"ਮੇਰਾ ਬੱਚਾ . . . ਮੇਰਾ ਪੁੱਤਰ . . .।"

"ਓਮ ਸ਼ਾਂਤੀ! ਸ਼ਾਂ . . . ਤੀ . . .।"

## ਵੀਹ

"ਸੋਤਾਰਾਮ। ਸੋਤਾਰਾਮ।"

"ਔਹ ਬਾਵਨਦਾਸ। ਆਉ।" ਲੱਛਮੀ ਮੂੜ੍ਹਾ ਦਿੰਦੀ ਹੈ।

"ਬਾਲਦੇਵ ਜੀ ਕਿਥੇ ਹਨ ?"

"ਆਓ, ; ਸਾਹਿਬ ਬੰਦਗੀ, ਜੈ ਹਿੰਦ।" ਬਾਲਦੇਵ ਜੀ ਆ ਗਏ।

"ਜੈ ਹਿੰਦ।"

— ਬਾਵਨਦਾਸ ਨੂੰ ਦੇਖ ਕੇ ਡਰ ਲਗਦਾ ਹੈ — ਇਕਦਮ ਸੁਕ ਕੇ ਕੰਡਾ ਬਣ ਗਏ ਹਨ। ... ਵਾਲ ਏਨੇ ਬਹੁਤੇ ਕਿਵੇਂ ਪੱਕ ਗਏ ? ... ਔਹ। ਅੱਜ ਟੋਪੀ ਨਹੀਂ ਪਾਈ ਹੋਈ, ਇਸੇ ਲਈ ਆਵਾਜ਼ ਵੀ ਬਦਲ ਗਈ ਹੈ। ਬਾਲਦੇਵ ਜੀ ਕਹਿੰਦੇ ਹਨ, "ਤੁਸੀਂ ਤਾਂ ਹੁਣ ਏਥੇ ਰਹਿੰਦੇ ਹੀ ਨਹੀਂ ਹੋ। ... ਉਸ ਦਿਨ ਜਦੋਂ ਰੇਡੀਓ ਵਿਚ ਸੁਣਿਆ, ਉਸੇ ਸਮੇਂ ਤੋਂ ਲੈ ਕੇ ਦੂਸਰੇ ਦਿਨ ਜਲ ਪਰਵਾਹ ਤਕ ਅਸਾਂ ਕੱਲਿਆਂ ਸਭ ਕੁਛ ਕੀਤਾ। ਕਿਸੇ ਤਰ੍ਹਾਂ ਸੰਭਾਲ ਲਿਆ। ਸਰਾਧ ਦੇ ਦਿਨ ਤਸੀਲਦਾਰ ਸਾਬ੍ਹ ਭੋਜ ਦੇਣ ਵਾਲੇ ਹਨ : ਬਾਭਨ, ਰਾਜਪੂਤ, ਯਾਦਵ ਅਤੇ ਹਰੀਜਨ ਸਾਰੇ ਇਕੋ ਪੰਗਤ ਵਿਚ ਬੈਠ ਕੇ ਖਾਣਗੇ। ਚੰਗਾ ਹੋਇਆ, ਤੁਸੀਂ ਵੀ ਆ ਗਏ। ਕੱਲੇ ਅਸੀਂ ...।"

"ਨਹੀਂ ਬਾਲਦੇਵ ਜੀ, ਅਸੀਂ ਰਹਿਣਾ ਨਹੀਂ। ਅਸੀਂ ਜ਼ਰੂਰੀ ਕੰਮ ਜਾ ਰਹੇ ਹਾਂ। ਸੋਚਿਆ, ਇਕ ਵਾਰ ਤੁਹਾਡੇ ਨਾਲ ਮੁਲਾਕਾਤ ਕਰਦੇ ਚਲੀਏ। ਅਸੀਂ ਤੁਰੰਤ ... ਹੁਣੇ ਹੀ ਚਲੇ ਜਾਵਾਂਗੇ।"

"ਚੰਗਾ, ਉਧਰ ਦਾ ਹਾਲ ਚਾਲ ਕੀ ਹੈ, ਸੁਣਾਓ।"

"ਹਾਲ ਕੀ ਸੁਣੋਗੇ ; ਹੁਣ ਕੀ ਸੁਣਨਾਂ ਸੁਨੌਣਾਂ ਹੈ। ਰਾਮਕਿਸੁਨ ਆਸ਼ਰਮ ਵਿਚ ਵੀ ਹਰੀਜਨ ਭੋਜਨ ਹੋਵੇਗਾ। ਬਿਲੇਕ ਪੀ ਕਲ੍ਹ ਮਰ ਗਿਆ। ... ਸ਼ਿਵਨਾਥ ਬਾਬੂ ਆਏ ਹਨ ਪਟਨੇ ਤੋਂ ... ਸਸਾਂਕ ਜੀ ਪ੍ਰਾਂਤ ਦੇ ਸਭਾਪਤੀ ਹੋ ਗਏ ਹਨ, ਉਹ ਵੀ ਪਟਨੇ ਵਿਚ ਹੀ ਰਹਿਣਗੇ। ... ਸਭ ਬੰਦੇ ਹੁਣ ਪਟਨੇ ਵਿਚ ਹੀ ਰਹਿਣਗੇ। ਐਮ. ਐਲ. ਏ. ਲੋਕ ਤਾਂ ਸਦਾ ਉਥੇ ਹੀ ਰਹਿੰਦੇ ਹਨ। ... ਸੁਰਾਜ ਮਿਲ ਗਿਆ, ਹੁਣ ਕੀ ਹੈ। ... ਛੋਟਨ ਬਾਬੂ ਦਾ ਰਾਜ ਹੈ। ਇਕ ਕੌੜੀ ਬੇਈਮਾਨ ਬਲੈਕ ਮਾਰਕੀਟੀ ਨਾਲ ਕਚਹਿਰੀ ਵਿਚ ਘੁੰਮਦੇ ਰਹਿੰਦੇ ਹਨ। ਹਾਕਮਾਂ ਕੋਲ ਦੰਦ ਕੜਕਾਉਂਦੇ ਰਹਿੰਦੇ ਹਨ, ਸਭ ਚੌਪਟ ਹੋ ਗਿਆ।" ਬਾਵਨਦਾਸ ਕਹਿੰਦਾ ਕਹਿੰਦਾ ਰੁਕ ਜਾਂਦਾ ਹੈ।

"ਛੋਟਨ ਬਾਬੂ ਦੀ ਗੱਲ ਹੀ ਨਾ ਪੁਛੋ ... ਹੁਣ ਤਾਂ ਪੂਰੇ ਕੁਟੰਬ ਸਮੇਤ ਕਾਂਗਰਸੀ ਹੋ ਗਏ ਹਨ।"

"ਨਹੀਂ ਬਾਲਦੇਵ, ਛੋਟਨ ਬਾਬੂ ਵਰਗੇ ਲੋਕਾਂ ਦੀ ਗੱਲ ਜਾਣ ਦਿਓ। ਇਹ ਬੀਮਾਰੀ ਉਪਰੋਂ ਆਈ ਹੈ। ਇਹ ਪਟਣੀਆਂ ਰੋਗ ਹੈ। ... ਹੁਣ ਤਾਂ ਹੋਰ ਧੂਮ ਧਾਮ ਨਾਲ ਫੈਲੇਗਾ। ... ਧੂਮੀਹਾਰ, ਰਾਜਪੂਤ, ਕੈਥ, ਜਾਦਵ, ਹਰੀਜਨ, ਸਭ ਲੜ ਰਹੇ ਹਨ। ... ਅਗਲੀਆਂ ਚੋਣਾਂ ਵਿਚ ਤਿਗੁਣੇ ਐਮ. ਐਲ. ਏ. ਚੁਣੇ ਜਾਣਗੇ। ਕਿਸ ਦੇ ਬਹੁਤੇ ਬੰਦੇ ਚੁਣੇ ਜਾਣ, ਇਸੇ ਦੀ ਲੜਾਈ ਹੈ। ਜੇ ਰਾਜਪੂਤ ਪਾਰਟੀ ਦੇ ਲੋਕ ਜ਼ਿਆਦਾ ਆਏ ਤਾਂ ਸਭ ਤੋਂ ਵੱਡਾ ਮੰਤਰੀ ਵੀ ਰਾਜਪੂਤ ਹੋਵੇਗਾ। ... ਪਰਸੋਂ ਗੱਲ

ਹੋ ਰਹੀ ਸੀ ਆਸ਼ਰਮ ਵਿਚ। ਛੋਟਨ ਬਾਬੂ ਅਤੇ ਅਮੀਨ ਬਾਬੂ ਗੱਲਾਂ ਕਰ ਰਹੇ ਸਨ — ਗਾਂਧੀ ਜੀ ਦੀ ਭਸਮ ਲੈ ਕੇ ਸੰਸਾਂਕ ਜੀ ਆਉਣਗੇ। ਛੋਟਨ ਬਾਬੂ ਬੋਲੇ, ਜ਼ਿਲੇ ਦੇ ਸਭਾਪਤੀ ਨੂੰ ਹੀ ਲਿਆਉਣੀ ਚਾਹੀਦੀ ਹੈ। ਸੰਸਾਂਕ ਜੀ ਕਿਉਂ ਲਿਆ ਰਹੇ ਹਨ, ਇਹਦੇ ਵਿਚ ਬਹੁਤ ਵੱਡਾ ਰਹੱਸ ਹੈ। ਹਾ-ਹਾ-ਹਾ-ਹਾ-।" ਅਜਿਹਾ ਹਾਸਾ ਤਾਂ ਕਦੀ ਨਹੀਂ ਦੇਖਿਆ — ਬਾਲਦੇਵ ਜੀ ਨੇ ਵੀ ਨਹੀਂ।

"ਕਿਉਂ ? ਹੱਸਦੇ ਕਿਉਂ ਹੋ ਦਾਸ ਜੀ ?"

"ਹਾ ਹਾ ਹਾ ਹਾ। . . ਓਏ ਉਹੋ ਅਮੀਨ ਬਾਬੂ ਤੁਰੰਤ ਉਠ ਕੇ ਬੈਠ ਗਏ, ਬੋਲੇ ਤੁਸੀਂ ਠੀਕ ਕਹਿੰਦੇ ਹੋ ਛੋਟਨ ਬਾਬੂ। ਗੱਡੀ ਤਾਂ ਚਲੀ ਗਈ। ਕਟੀਹਾਰ ਪਹੁੰਚਣ ਨਾਲ ਗੱਡੀ ਮਿਲ ਸਕਦੀ ਹੈ। . . . ਤੁਰੰਤ ਮੋਟਰ ਸਟਾਰਟ ਕਰਕੇ ਦੋਵੇਂ ਰਵਾਨਾਂ ਹੋ ਗਏ। ਸਭਾਪਤੀ — ਮੰਤਰੀ...ਹੇ ਰਾਮ। ਰਾਮ ਮਿਲਾਏ ਜੋੜੀ...। ਹਾ ਹਾ। ਚਲੇ ਗਏ ਦੋਵੇਂ... ਹਾ-ਹਾ। ਭਸਮ ਲਿਆਉਣ ਲਈ...ਹਾ-ਹਾ। ਦੇਸ ਨੂੰ ਭਸਮ ਕਰ ਦੇਣਗੇ ਇਹ ਲੋਕ। ਭਸਮਾਸੁਰ।"

"ਦਾਸ ਜੀ, ਜਾਪਦਾ ਹੈ ਕਿਸੇ ਸੋਸ਼ਲਿਸਟ ਨੇ ਤੁਹਾਨੂੰ...।"

"ਸੋਸ਼ਲਿਸਟ ? ਸੋਸ਼ਲਿਸਟ ? ਕੀ ਕਹੇਗਾ। ਸੋਸ਼ਲਿਸਟ ਸਾਨੂੰ ? . . . ਸਭ ਪਾਰਟੀਆਂ ਇਕੋ ਸਮਾਨ ਉਸ ਪਾਰਟੀ ਵਿਚ ਵੀ ਜਿੰਨੇ ਵੱਡੇ ਲੋਕ ਹਨ, ਮੰਤਰੀ ਬਣਨ ਲਈ ਮਾਰ ਮਾਰ ਕਰ ਰਹੇ ਹਨ। ਸਾਰੇ ਹੀ ਐਮ. ਐਲ. ਏ. ਮੰਤਰੀ ਬਣਨਾ ਚਾਹੁੰਦੇ ਹਨ, ਬਾਲਦੇਵ। ਦੇਸ ਦਾ ਕੰਮ ਗ਼ਰੀਬਾਂ ਦਾ ਕੰਮ, ਭਾਵੇਂ ਮਜ਼ੂਰਾਂ ਦਾ ਕੰਮ, ਜਿਹੜੇ ਵੀ ਕਰਦੇ ਹਨ, ਇਕੋ ਹੀ ਲੋਭ ਨਾਲ। . . . ਉਸ ਪਾਰਟੀ ਵਿਚ ਬਸ ਇਕ ਜੈਪਰਗਾਸ ਬਾਬੂ ਹਨ। . . . ਹਾ-ਹਾ-ਹਾ। . . . ਉਨ੍ਹਾਂ ਨੂੰ ਵੀ ਕੋਈ ਗੋਲੀ ਮਾਰ ਦੇਵੇਗਾ। . . . ਫੇਰ ਭਸਮ ਲੈਣ ਲਈ ਸਭਾਪਤੀ ਮੰਤਰੀ ਨਾਲ ਨਾਲ . . .।"

ਨਵਾਂ ਚੂੜਾ ਅਤੇ ਨਵਾਂ ਗੁੜ ਇਕ ਥਾਲੀ ਵਿਚ ਲੈ ਆਉਂਦੀ ਹੈ ਲੱਛਮੀ—"ਜ਼ਰਾ ਬਾਲਭੋਗ ਕਰ ਲਵੋ।...ਥੋੜਾ ਜਿਹਾ ਹੈ। ਦੁੱਧ ਦਹੀਂ ਤਾਂ ਭੋਜ ਲਈ ਜਮਾਇਆ ਜਾ ਰਿਹਾ ਹੈ।"

ਬਾਵਨਦਾਸ ਬਗਲੀ ਦੀ ਝੋਲੀ ਦਾ ਮੂੰਹ ਫੈਲਾਉਂਦਾ ਹੈ। ਲੱਛਮੀ ਕਹਿੰਦੀ ਹੈ, "ਇਹ ਕੀ ?...ਜਲਪਾਨ ਕਰੋ। ਝੋਲੀ ਵਿਚ ਕਿਉਂ ਲੈਂਦੇ ਹੋ ?"

ਲੱਛਮੀ ਦੀਆਂ ਅੱਖਾਂ ਪਤਾ ਨਹੀਂ ਕਿਉਂ ਸਜਲ ਹੋ ਜਾਂਦੀਆਂ ਹਨ।...ਏਨੇ ਦਿਨਾਂ ਪਿਛੋਂ ਇਕ ਵੈਸ਼ਨਵ ਆਇਆ ਤੇ ਬਿਨਾਂ ਪੱਤਰ ਜੁਠਾਰੇ ਚਲਾ ਜਾਵੇਗਾ ?...ਨਹੀਂ ਉਹ ਇੰਜ ਨਹੀਂ ਹੋਣ ਦੇਵੇਗੀ !

"ਨਹੀਂ। ਬਾਲ-ਭੋਗ ਤਾਂ ਤੁਹਾਨੂੰ ਕਰਨਾ ਹੀ ਪਵੇਗਾ।" ਲੱਛਮੀ ਜ਼ਿੱਦ ਕਰਦੀ ਹੈ, "ਦਾਸ ਜੀ ਬੇਨਤੀ ਕਰਦੀ ਹਾਂ...।"

ਬਾਲਦੇਵ ਜੀ ਦੇਖਦੇ ਹਨ, ਬਾਵਨਦਾਸ ਨੂੰ ਕੁਝ ਹੋ ਗਿਆ ਹੈ ।...ਬੜਾ ਊਟ-ਪਟਾਂਗ ਬੋਲਦੇ ਹਨ । ਚਿਹਰਾ ਵੀ ਇਕ ਦਮ ਬਦਲ ਗਿਆ ਹੈ, ਅੱਖਾਂ ਲਾਲ ਹਨ, ਕਪੜੇ ਮੈਲੇ ਹੋ ਗਏ ਹਨ ।...ਡੇਢ ਹੱਥ ਕਪੜਾ ਲੱਕ ਦੁਆਲੇ ਲਪੇਟਦੇ ਹਨ, ਉਹ ਵੀ ਅਧੋਰਾਣਾ ਹੋ ਗਿਆ ਹੈ ।...ਹਾਸਾ ਕਿਵੇਂ ਦਾ ਹੈ । ਉਹ ਸੋਲਾਂ ਸਤਾਰਾਂ ਸਾਲਾਂ ਤੋਂ ਬਾਵਨਦਾਸ ਨਾਲ ਹਨ, ਕਦੀ ਵੀ ਏਦਾਂ ਹਸਦਿਆਂ ਨਹੀਂ ਦੇਖਿਆ ।...ਅਲਮੂਨੀਅਮ ਦਾ ਲੋਟਾ ਤੇ ਬਾਟੀ ਨਹੀਂ ਛੱਡਦੇ ਕਦੀ ।

ਜਲਪਾਨ ਕਰਕੇ ਹੱਥ ਧੋਂਦੇ ਹੋਏ ਬਾਵਨਦਾਸ ਜੀ ਕਹਿੰਦੇ ਹਨ, "ਬਾਲਦੇਵ ਜੀ, ਹੁਣ ਅਸੀਂ ਚਲਾਂਗੇ । ਪੁਬਰੀਆ ਲੈਣ ਦੀ ਗੱਡੀ ਕੋਦਲੀਆ ਟੇਸ਼ਨ ਤੋਂ ਫੜਾਂਗੇ । ਤੁਹਾਡੇ ਨਾਲ ਇਕ ਕੰਮ ਹੈ ।"

ਬਾਵਨਦਾਸ ਝੋਲੀ 'ਚੋਂ ਲਾਲ ਰੰਗ ਦਾ ਇਕ ਬਸਤਾ ਕਢਦੇ ਹਨ । ਬਸਤਾ ਖੋਲ੍ਹ ਕੇ ਕਾਗਜ਼ ਦਾ ਛੋਟਾ ਜਿਹਾ ਪੁਲੰਦਾ ਕਢਦੇ ਹਨ, "ਬਾਲਦੇਵ ਜੀ !...ਸਾਰੇ ਮਹਾਤਮਾਂ ਜੀ ਦੇ ਖ਼ਤ ਹਨ । ਗੰਗੁਲੀ ਜੀ ਨੇ ਇਕ ਵਾਰ ਕਿਹਾ ਸੀ—ਲੋੜ ਪੈਣ ਤੇ ਸਾਨੂੰ ਦੇ ਦੇਣੇ... ਆਉਣ ਸਮੇਂ ਚੇਤਾ ਹੀ ਨਹੀਂ ਰਿਹਾ । ਤੁਸੀਂ ਪੁਰੈਨੀਆਂ ਕਦੋਂ ਤਕ ਜਾਉਗੇ ।...ਚਾਰ ਪੰਜ ਦਿਨਾਂ ਬਾਦ ? ਠੀਕ ਹੈ ਤੁਸੀਂ ਰੱਖ ਲਵੋ । ਗੰਗੁਲੀ ਨੂੰ ਦੇ ਦੇਣੇ...ਜਰੂਰ ।"

ਪਰਮ ਸ਼ਰਧਾ ਭਗਤੀ ਨਾਲ ਸਹੇਜੀਆਂ ਹੋਈਆਂ ਚਿੱਠੀਆਂ ਨੂੰ ਬਾਵਨਦਾਸ ਇਕ ਟਕ ਦੇਖ ਰਿਹਾ ਹੈ ।...ਫੇਰ ਕੱਲੀ ਕੱਲੀ ਕਰਕੇ ਅਲੱਗ ਛਾਂਟਦਾ ਹੈ । ਹਵਾ ਨਾਲ ਇਕ ਚਿੱਠੀ ਉਡ ਕੇ ਵਿਛੌਣੇ ਥੱਲੇ ਚਲੀ ਗਈ । ਬਾਵਨਦਾਸ ਨੇ ਝਟ ਚੁਕ ਕੇ ਸਿਰ ਨਾਲ ਛੁਹਾਈ ।...ਉਹਨੂੰ ਇਕ ਅੱਖਰ ਦਾ ਵੀ ਬੋਧ ਨਹੀਂ, ਪਰ ਉਹ ਹਰੇਕ ਚਿੱਠੀ ਦੇ ਹਰ ਇਕ ਸ਼ਬਦ ਨੂੰ ਤਕਦਾ ਹੈ; ਜਾਪਦਾ ਹੈ ਜਿਵੇਂ ਸਚਮੁਚ ਪੜ੍ਹ ਰਿਹਾ ਹੋਵੇ । ..ਅਖੀਰਲੀ ਚਿੱਠੀ ਖਤਮ ਕਰਕੇ ਉਹ ਇਕ ਲੰਮਾਂ ਸਾਹ ਲੈਂਦਾ ਹੈ ।

ਬਸਤਾ ਹੱਥ ਵਿਚ ਲੈ ਕੇ ਬਾਵਨਦਾਸ ਕੁਝ ਸਮੇਂ ਤਕ ਵਿਅਰਥ ਹੀ ਉਹਦੀ ਡੋਰੀ ਨੂੰ ਉਂਗਲਾਂ ਤੇ ਲਪੇਟਦਾ ਤੇ ਖੋਲ੍ਹਦਾ ਹੈ ਫੇਰ ਇਕ ਲੰਮਾ ਸਾਹ ਲੈ ਕੇ ਅਚਾਨਕ ਹੀ ਖਲੋ ਜਾਂਦਾ ਹੈ, "ਲਵੋ...ਸੇਤਾਰਾਮ, ਸੇਤਾਰਾਮ ।"

ਬਾਲਦੇਵ ਜੀ ਬਸਤਾ ਲੈ ਕੇ ਲੱਛਮੀ ਦੇ ਹੱਥ ਫੜਾ ਦਿੰਦੇ ਹਨ, "ਪੋਂਤੀ ਪਿਟਾਰੀ ਵਿਚ ਰੱਖ ਲਵੋ ।"

ਲੱਛਮੀ ਬਸਤਾ ਲੈ ਕੇ ਸਿਰ ਨਾਲ ਲਾਉਂਦੀ ਹੈ, ਫੇਰ ਹਿੱਕ ਨਾਲ ਲੌਂਦੀ ਹੈ । ਉਹ ਟਿਕਟਿਕੀ ਲਾ ਕੇ ਬਾਵਨਦਾਸ ਨੂੰ ਦੇਖ ਰਹੀ ਹੈ ।...ਇਸ ਚਿਰਕੁਟ ਖੱਦਰ ਦੀ ਚਾਤਰ ਨਾਲ ਸਰਦੀ ਕਿਵੇਂ ਕਟਦੇ ਹਨ ਬਾਵਨਦਾਸ ਜੀ ?

"ਦਾਸ ਜੀ ।...ਇਸ ਚਾਦਰ ਨਾਲ ਸਰਦੀ ਕਿਵੇਂ ਕੱਟਦੇ ਹੋ ?...ਠਹਿਰੋ ਇਕ ਪੁਰਾਣਾ ਕੰਬਲ ਹੈ, ਲੈ ਲਵੋ ।" ਲੱਛਮੀ ਬੇਨਤੀ ਦੀ ਸੁਰ ਵਿਚ ਹੀ ਕਹਿੰਦੀ ਹੈ ।

"ਨਹੀਂ ਮਾਈ।" ਬਾਵਨਦਾਸ ਮੋਢੇ ਨਾਲ ਝੋਲੀ ਲਟਕੌਂਦਾ ਹੋਇਆ ਕਹਿੰਦਾ ਹੈ, "ਨਹੀਂ ਮਾਈ, ਕੰਬਲ ਦੀ ਜ਼ਰੂਰਤ ਨਹੀਂ।"

ਲੱਛਮੀ ਚੁੱਪ ਕਰ ਜਾਂਦੀ ਹੈ।...ਬਾਵਨਦਾਸ ਨੂੰ ਹੁਣ ਕੰਬਲ ਦੀ ਜ਼ਰੂਰਤ ਨਹੀਂ। ਹੁਣ ਉਨ੍ਹਾਂ ਨੂੰ ਕਿਸੇ ਚੀਜ਼ ਦੀ ਜ਼ਰੂਰਤ ਨਹੀਂ।...ਲੱਛਮੀ ਜਿਵੇਂ ਸਭ ਕੁਝ ਸਮਝ ਜਾਂਦੀ ਹੈ।

ਧਰਤੀ ਫਾਟੇ ਮੇਘ ਜਲ
ਕਪੜਾ ਫਾਟੇ ਡੋਰ
ਤਨ ਫਾਟੇ ਕੀ ਔਖਧੀ
ਮਨ ਫਾਟੇ ਨਹੀਂ ਠੌਰ।

"ਚੰਗਾ ਤਾਂ ਹੁਣ...ਜੈ ਹਿੰਦ।"

"ਜੈ ਹਿੰਦ।"

ਬਾਵਨਦਾਸ ਰਿੜ੍ਹਦਾ ਹੋਇਆ ਜਾ ਰਿਹਾ ਹੈ।...ਸੋਬਰਨ ਦਾ ਗੁਸੈਲ ਕੁੱਤਾ ਭੌਂਕਦਾ ਹੋਇਆ ਉਸ ਤੇ ਟੁਟਦਾ ਹੈ। . . . ਪਰ, ਬਾਵਨਦਾਸ ਉਧਰ ਝਾਕਦਾ ਤਕ ਨਹੀਂ। . . . ਕੁੱਤਾ ਵੀ ਹੈਰਾਨੀ ਨਾਲ ਚੁੱਪ ਹੋ ਜਾਂਦਾ ਹੈ। ਥੋੜਾ ਜਿਹਾ ਹੱਤ ਤੇਰੇ ਦੀ ਵੀ ਨਹੀਂ ਕੀਤੀ ? . . . ਕਿਹੋ ਜਿਹਾ ਬੰਦਾ ਹੈ। ਕੁੱਤਾ ਬਾਵਨਦਾਸ ਪਿਛੇ ਪੂਛ ਹਿਲੌਂਦਾ, ਮਿੱਟੀ ਸੁੰਘਦਾ ਹੋਇਆ ਕੁਝ ਦੂਰ ਤਕ ਜਾਂਦਾ ਹੈ।

"ਬਾਵਨਦਾਸ ਜੀ ਦਾ ਮਨ ਇਕਦਮ ਪਾਟ ਗਿਆ ਹੈ।" ਲੱਛਮੀ ਕਹਿੰਦੀ ਹੈ।

ਬਾਲਦੇਵ ਜੀ ਕਹਿੰਦੇ ਹਨ, "ਮਨ ਪਾਟੇਗਾ ਕੀ। ਕੁਝ ਢੌਂਗ ਵੀ ਕਰਦਾ ਹੈ . . . ਗੰਗੁਲੀ ਜੀ ਚਿੱਠੀਆਂ ਲੈ ਕੇ ਕੀ ਕਰਨਗੇ ? ਦੂਜਿਆਂ ਦੀਆਂ ਚਿੱਠੀਆਂ ਭਲੇ ਲੋਕ ਨਹੀਂ ਪੜ੍ਹਦੇ, ਬੁਰਾ ਹੁੰਦਾ ਹੈ।"

ਕੋਦਲੀਆ ਟੇਸ਼ਣ ਤੋਂ ਗੱਡੀ ਵਿਚ ਬੈਠ ਕੇ ਬਾਵਨਦਾਸ ਨੂੰ ਜਾਪਦਾ ਹੈ, ਉਹ ਕੋਈ ਤੀਰਥ ਕਰਨ ਜਾ ਰਿਹਾ ਹੈ। ਬੜੇ ਦਿਨਾਂ ਤੋਂ ਉਸ ਦੇ ਮਨ ਵਿਚ ਲਾਲਸਾ ਹੈ — ਇਕ ਵਾਰ ਜਗਨਨਾਥ ਜੀ ਜਾਣ ਦੀ . . . ਕੇਦਾਰਨਾਥ, ਬਦਰਿਕਾਨਾਥ ਉਹ ਗਿਆ ਹੈ। ਉਹਦੀਆਂ ਅੱਖਾਂ ਸਾਹਮਣੇ ਜਗਨਨਾਥ ਦਾ ਪੱਟ-ਛੱਤਰੀ ਅਤੇ ਸੋਟੀ ਫੜੀ ਤੀਰਥ ਤੋਂ ਪਰਤੇ ਹੋਏ ਬਾਵਨਦਾਸ ਦੀ ਮੂਰਤੀ ਆ ਖਲੌਂਦੀ ਹੈ।

ਜਗਰਨਥੀਆ ਰੋ ਭਾਏ,
ਬਾਬਾ ਰੇ ਬਿਰਾਜ ਉੜੀਆ ਦੇਸ ਮੇਂ।

ਇਕ ਯਾਤਰੀ ਨੇ ਕਿਹਾ, "ਬਈ, ਮਾਘ ਮਹੀਨੇ ਵਿਚ ਕਿਹੜਾ ਜਗਨਨਾਥ ਤੋਂ ਪਰਤਿਆ ਹੈ।"

ਦੂਜੇ ਨੇ ਕਿਹਾ, "ਜ਼ਰਾ ਜੋਰ ਨਾਲ ਬਾਵਨ ਗੁਸਾਂਈਂ ਜੀ।"

ਬਾਵਨਦਾਸ ਖਿੜਕੀ 'ਚੋਂ ਬਾਹਰ ਵਲ ਤੱਕਦਾ ਹੈ। ਖੇਤਾਂ ਵਿਚ ਲੋਕ ਧਾਨ ਕੱਟ ਰਹੇ ਹਨ।—ਨਦੀ ਵਿਚੋਂ ਮਛਲੀ ਮਾਰ ਰਹੇ ਹਨ, ਮੱਝਾਂ ਚਰਾ ਰਹੇ ਹਨ। ਬਾਵਨ ਨੇ ਬਹੁਤ ਸਫ਼ਰ ਕੀਤਾ ਹੈ, ਰੇਲ ਰਾਹੀਂ — ਕਲਕੱਤਾ ਕਾਂਗਰਸ, ਲਖਨਊ ਕਾਂਗਰਸ, ਬੈਜਵਾੜਾ, ਸਾਬਰਮਤੀ ਆਸ਼ਰਮ, ਮਹਾਤਮਾਂ ਗਾਂਧੀ ਜੀ ਦੀ ਜਨਮ ਭੂਮੀ ਕਾਠੀਆਵਾੜ, ਫੇਰ ਬੰਬਈ।—ਰੇਲਵੇ ਲਾਈਨ ਦੇ ਕਿਨਾਰੇ ਕੰਮ ਕਰਦੇ ਹੋਏ ਲੋਕਾਂ ਦੇ ਮੁਖੜੇ — ਭਿੰਨ ਭਿੰਨ ਪ੍ਰਦੇਸ਼ ਦੇ ਲੋਕਾਂ ਦੇ ਮੁਖੜੇ, ਉਹਦੀਆਂ ਅੱਖਾਂ ਅਗੇ ਜੁੜ ਜਾਂਦੇ ਹਨ।— ਖਗੜਾ ਟੇਸ਼ਨ ਤੇ ਉਤਰ ਕੇ ਇਕ ਵਾਰ ਨਾਥ ਬਾਬੂ ਕੋਲ ਜਾਣ ਦਾ ਵਿਚਾਰ ਸੀ, ਪਰ ਨਾਥ ਬਾਬੂ ਕਲਕੱਤੇ ਗਏ ਹਨ। ਖੋਖੀ ਦੀਦੀ ਅਤੇ ਕਾਕੀ ਜੀ ਵੀ ਗਈ ਹੋਈ ਹੈ।—ਖੋਖੀ ਦੀਦੀ ਨੇ ਇਕ ਵਾਰ ਬਾਵਨਦਾਸ ਦੀ ਤਸਵੀਰ ਬਣਾਈ ਸੀ।— ਕਹਿਣ ਲਗੀ, ਬਸ ਤੁਸੀਂ ਜਿਵੇਂ ਬੈਠੇ ਹੋ ਬੈਠੇ ਰਹੋ। ਇਕ ਕਾਗ਼ਜ਼ ਤੇ ਪੈਨਸਲ ਨਾਲ ਤਸਵੀਰ ਬਣਾਉਣ ਲਗੀ।—ਕਾਕੀ ਜੀ ਬਿਲਕੁਲ ਮਾਏ ਜੀ ਵਾਂਗ ਬੋਲਦੀ ਹੈ। ਨਾਥ ਬਾਬੂ ਹੁੰਦੇ ਤਾਂ ਬਾਵਨਦਾਸ ਨੂੰ ਅੱਜ ਬੜੀ ਵੱਡੀ ਮਦਦ ਮਿਲਦੀ।—ਬੜੇ ਸਖ਼ਤ ਬੰਦੇ ਹਨ। ਗੁੱਸੇ ਵਿਚ ਜਦੋਂ ਹੁੰਦੇ ਹਨ ਤਾਂ ਕਿਸੇ ਨੂੰ ਕੁਝ ਨਹੀਂ ਸਮਝਦੇ।— ਕੰਵ ਜੇਲ ਦੇ ਸਾਬ੍ਹ ਨੂੰ ਜ਼ਿੰਦਗੀ ਭਰ ਚੇਤੇ ਰਹੇਗਾ —ਨਾਥ ਬਾਬੂ ਦਾ ਚਿਹਰਾ ਲਾਲ ਹੋ ਗਿਆ ਸੀ ਉਸ ਦਿਨ। ਇਕ ਦਮ ਲਾਲ ਟੇਸੂ।—ਪਿਛਲੇ ਸਾਲ ਨਾਥ ਬਾਬੂ ਅਤੇ ਚੌਧਰੀ ਜੀ ਖੰਬਦੀ ਜਾ ਰਹੇ ਸਨ। ਬਾਵਨਦਾਸ ਵੀ ਨਾਲ ਸੀ।—ਮੁਗ਼ਲ ਸਰਾਏ ਟੇਸ਼ਨ ਤੇ ਗੱਡੀ ਵਿਚ ਭੀੜ ਦੇਖ ਕੇ ਹੋਸ਼ ਗੁੰਮ। ਇਸ ਸਿਰੇ ਤੋਂ ਉਸ ਸਿਰੇ ਤਕ ਘੁੰਮ ਗਏ, ਪਰ ਕਿਸੇ ਨੇ ਅੰਦਰ ਨਹੀਂ ਜਾਣ ਦਿਤਾ।—ਚੌਧਰੀ ਜੀ ਹੱਸਦੇ ਹੋਏ ਬੋਲੇ, "ਇਹ ਗੱਡੀ ਖੁੰਝ ਜਾਣ ਦੇ ਲੱਛਣ ਲਗਦੇ ਨੇ। ਨਾਥ ਬਾਬੂ ਨੇ ਇਕ ਡੱਬੇ ਦੇ ਹੈਂਡਲ ਨੂੰ ਜਿਵੇਂ ਹੀ ਫੜਿਆ ਕਿ ਅੰਦਰੋਂ ਇਕ ਬੰਦੇ ਨੇ ਗ਼ੁੱਸੇ ਹੋ ਕਿਹਾ, "ਦੇਖਦਾ ਨਹੀਂ, ਇਸ ਤੇ ਲਿਖਿਆ ਹੋਇਆ – ਬੰਗਾਲ ਦੇ ਮੈਂਬਰਾਂ ਵਾਸਤੇ ਰਿਜ਼ਰਵ ਹੈ।"

ਨਾਥ ਬਾਬੂ ਨੇ ਵੀ ਗ਼ੁਸਾ ਖਾ ਕੇ ਜਵਾਬ ਦਿਤਾ ਸੀ – "ਖ਼ੂਬ ਦੇਖਦਾ ਹਾਂ।... ਬੰਗਾਲ ਵਿਚ ਹੁਣ ਤੁਹਾਡੇ ਵਰਗੇ ਆਦਮੀ ਫਲਣ ਲਗੇ ਨੇ; ਇਹ ਵੀ ਦੇਖਦਾ ਹਾਂ। ਅਸੀਂ ਵੀ ਏ. ਆਈ. ਸੀ. ਸੀ. ਦੇ ਮੈਂਬਰ ਹਾਂ, ਤੁਸੀਂ ਵੀ ਉਸੇ ਦੇ ਮੈਂਬਰ ਹੋ, ਪਰ ਆਦਮੀਅਤ...।"

ਅੰਦਰੋਂ ਕਿਸੇ ਨੇ ਰਸਿਕਤਾ ਨਾਲ ਕਿਹਾ ਸੀ, "ਆਦਮੀਅਤ ਭੂਲੇ ਆਰ ਕੋਥਾ ਬੋਲ ਬੇਨ ਮਾ ਮੋਛਾਏ।...ਆਸੂਨ ਆਪਨਾਰ ਤੇ ਦੇਖਚੀ ਏਕੇ ਬਾਰੇ ਤ੍ਰਿਮੂਰਤੀ..." (ਕਿਰਪਾ ਕਰਕੇ ਆਦਮੀਅਤ ਦਾ ਪ੍ਰਸ਼ਨ ਨਾ ਖੜਾ ਕਰੋ। ਬੈਠੋ ਸਾਨੂੰ ਤਾਂ ਇਕੋ ਵੇਲੇ ਹੀ ਤ੍ਰਿਮੂਰਤੀ ਦੇ ਦਰਸ਼ਨ ਦਾ ਸੁਭਾਗ ਪ੍ਰਾਪਤ ਹੋ ਰਿਹਾ ਹੈ।)

ਗੱਲ ਵੀ ਕੁਝ ਅਜਿਹੀ ਹੀ ਹੋ ਗਈ ਕਿ ਸਾਰੇ ਹੀ ਹੱਸ ਪਏ — ਚੌਧਰੀ ਜੀ ਵੀ ਨਾਥ ਬਾਬੂ ਵੀ ਅਤੇ ਡੱਬੇ ਦੇ ਸਾਰੇ ਮੈਂਬਰ ।...ਹੱਸਣ ਵਾਲੀ ਗੱਲ ਨਹੀਂ ਹੈ । ਚੌਧਰੀ ਜੀ ਇਕਦਮ ਲੰਬੇ ਸਨ । ਚੋਧਰੀ ਜੀ ਦੀ ਲੰਬਾਈ ਦੀ ਗੱਲ ਤਾਂ ਸਾਰੇ ਜਾਣਦੇ ਹੀ ਹਨ । ਪੂਰਾ ਉੱਚੇ ਕੱਦ ਦਾ ਆਦਮੀ ਵੀ ਉਨ੍ਹਾਂ ਦੇ ਮੋਢੇ ਬਰਾਬਰ ਹੁੰਦਾ ਹੈ । ਇਧਰ ਨਾਥ ਬਾਬੂ ਠੇਠ ਮਧਰੇ ਕੱਦ ਦੇ । ਗੋਲ ਚਿਹਰਾ, ਚੇਹਰੇ ਤੇ ਹਰ ਵੇਲੇ ਮੁਸਕਰਾਹਟ, ਉਹ ਵੀ ਛੋਟੀ ਜਿਹੀ । ਅਤੇ ਤੀਸਰੀ ਮੂਰਤੀ — ਸੇਵਕ ਬਾਵਨਦਾਸ ।...ਵਿਚਾਰ ਕਰਕੇ ਦੇਖੋ । ਹੱਸਣ ਵਾਲੀ ਗੱਲ ਹੈ ਕਿ ਨਹੀਂ ।...ਚੌਧਰੀ ਜੀ ਨੇ ਉਪਰ ਬੈਂਚ ਤੇ ਆਪਣਾ ਬਿਸਤਰਾ ਫੈਲਾ ਲਿਆ ਸੀ, ਨਾਥ ਬਾਬੂ ਅਤੇ ਬਾਵਨਦਾਸ ਥੱਲੇ ।

"ਹੈਂ ? ਖਗੜਾ ਆ ਗਿਆ ?...ਸੇਤਾਰਾਮ । ਸੇਤਾਰਾਮ ।"

ਖਗੜਾ ਸਟੇਸ਼ਨ ਤੇ ਉਤਰ ਕੇ, ਬਾਵਨਦਾਸ ਇਕ ਵਾਰ ਉੱਪਰ ਆਸਮਾਨ ਵਲ ਦੇਖਦਾ ਹੈ । ਉਹ ਸ਼ਾਮ ਤਕ ਪਹੁੰਚ ਜਾਵੇਗਾ ।...ਨਾਥ ਬਾਬੂ ਨਾਲ ਨਹੀਂ ਮੁਲਾਕਾਤ ਹੋਵੇਗੀ ਤਾਂ ਹੁਣ ਕਿਸ ਨੂੰ ਮਿਲਣ ਜਾਵੇ ਉਹ ।

ਕਲੀਮੂ ਦੀਨ ਪੁਰ ਵਲ ਜਾ ਰਿਹਾ ਹੈ ਬਾਵਨ ।···ਕਲੀਮੂ ਦੀਨ ਪੁਰ ਪਾਕਿਸਤਾਨ ਵਿਚ ਜਾਂਦਾ ਜਾਂਦਾ ਬਚ ਗਿਆ ਹੈ । ਇਕ ਵਾਰ ਹੱਲਾ ਹੋਇਆ ਹੈ ਕਿ ਹਿੰਦੁਸਤਾਨ ਵਿਚ ਰਹੇਗਾ — ਦੂਜੀ ਵਾਰ ਹੱਲਾ ਹੋਇਆ ਕਿ ਪਾਕਿਸਤਾਨ ਵਿਚ ।—ਸੁਣਦੇ ਹਾਂ ਪਾਕਿਸਤਾਨ ਵਾਲੇ ਕਹਿੰਦੇ ਸਨ ਕਿ ਇਸ ਪਿੰਡ ਦਾ ਨਾਂ ਇਸਲਾਮੀ ਹੈ, ਇਸ ਲਈ ਇਸ ਨੂੰ—। ਕਹੀ ਬੱਚਿਆਂ ਵਰਗੀ ਬੁੱਧੀ । -ਸੇਤਾਰਾਮ । ਸੇਤਾਰਾਮ । ਬਾਵਨਦਾਸ ਛੇਤੀ ਛੇਤੀ ਕਦਮ ਵਧਾਉਂਦਾ ਹੈ । ਅੱਜ ਜਿਵੇਂ ਵੀ ਹੋਵੇ ਸ਼ਾਮ ਤਕ ਉਹਨੇ ਪਹੁੰਚਣਾ ਹੀ ਹੈ ਇਕ ਥਾਂ—ਉਸ ਥਾ ਦਾ ਨਾਂ ਵੀ ਹਾਲੇ ਉਹ ਆਪਣੇ ਮਨ ਵਿਚ ਨਹੀਂ ਲਿਆਵੇਗਾ ।

ਟੁਰਦਾ ਟੁਰਦਾ ਉਹ ਕਦੀ ਕਦੀ ਰੁਕ ਕੇ ਹਟਕੋਰੇ ਭਰਦਾ ਹੈ — ਬੜੀ ਦੇਰ ਤਕ ਰੋਣ ਤੇ ਬੱਚੇ ਜਿਸ ਤਰ੍ਹਾਂ ਹਟਕੋਰੇ ਭਰਦੇ ਹਨ, ਉਸੇ ਤਰ੍ਹਾਂ ! ਬਾਵਨ ਦੀ ਝੋਲੀ ਵਿਚ ਖੰਜੜੀ ਹੈ । ਖੰਜੜੀਵਿਚ ਲਗੀ ਹੋਈ ਝੁਨਕੀ ਉਨ੍ਹਾਂ ਦੀ ਗਤੀ ਨੂੰ ਇਕ ਲੈਅ ਵਿਚ ਬੰਨ੍ਹ ਰਹੀ ਹੈ — ਕਿੰਨ, ਕਿੰਨ, ਕਿੰਨ, ਕਿੰਨ । ਖੇਤਾਂ ਦੀਆਂ ਵੱਟਾਂ ਤੇ ਮੈਦਾਨ ਵਿਚ, ਸੜਕਾਂ ਉਤੇ, ਉਚੀ-ਨੀਵੀਂ, ਜ਼ਮੀਨ ਤੇ ਉਹਦੇ ਪੈਰ ਪੈਂਦੇ ਹਨ । ਮੰਜ਼ਿਲ ਨੇੜੇ ਹੈ । ਹੁਣ ਕਿੰਨ, ਕਿੰਨ, ਕਿੰਨ, ਕਿੰਨ --। ਹੋਰ ਥੋੜੀ ਦੂਰ—ਹੋਰ ਅੱਧੀ ਕੋਹ । ਕਿੰਨ ਕਿੰਨ—।

—ਜੈ ਮਹਾਤਮਾਂ ਜੀ । ਜੈ ਬਾਪੂ ।—ਮਾਂ ! ਮਾਂ—ਧੰਨ ਹੋ ਪ੍ਰਭੂ ਇਕ ਪ੍ਰੀਖਿਆ ਤੋਂ ਤਾਂ ਪਾਰ ਕਰਾ ਦਿਤਾ ਪ੍ਰਭੂ, ਬਸ ਇਥੇ ਹੀ—ਇਸੇ ਸੁਆਂਕੜੇ ਥੱਲੇ ਇਸੇ ਕੱਚੀ ਲੀਕ ਕੋਲ—ਲਾ ਲੈ ਡੇਰਾ ਮੇਰਿਆ, ਮਨਾ ।

—ਨਾਗਰ ਨਦੀ ਦੇ ਕਿਨਾਰੇ । ਨਾਗਰ ਨੂੰ ਇਕ ਬਹੁਤ ਬੜਾ ਗੁਆਹ ਬਣਾਇਆ

ਹੈ। ਦੁਹਾਂ ਦੇਸਾਂ ਵਾਲਿਆਂ ਨੇ। ਨਾਗਰ ਨਦੀ ਹੀ ਸੀਮਾ ਰੇਖਾ ਹੈ।—ਇਕ ਕਿਨਾਰਾ ਹਿੰਦੁਸਤਾਨ, ਦੂਸਰਾ ਕਿਨਾਰਾ ਪਾਕਿਸਤਾਨ। ਇਸ ਪਾਸੇ ਹਿੰਦੁਸਤਾਨ, ਦੂਸਰੇ ਪਾਸੇ ਪਾਕਿਸਤਾਨ।

ਨਾਗਰ ਬਾਰਾਂ ਮਹੀਨੇ ਵਗਦੀ ਹੈ, ਸੁੱਕਦੀ ਨਹੀਂ ਕਦੀ। ਸ਼ਾਇਦ ਇਸੇ ਲਈ — ਰਾਮਡੰਡੀ ਮੱਥੇ ਤੇ ਆ ਗਈ।

ਮਾਘ ਦੀ ਠਰਦੀ ਹੋਈ ਸਰਦੀ।—ਪੱਛੋ ਵੀ ਚਲਦੀ ਹੈ ਅੱਜ ਰਾਤੀਂ ਬੰਦਰੀ ਨਾਥ ਵਾਂਗ ਏਥੇ ਵੀ ਬਰਫ਼ ਡਿਗੇਗੀ। ਰਾਮਡੰਡੀ ਦੇ ਸਿਰੇ ਤੇ ਆ ਗਿਆ...। ਬਾਵਨ ਨਿਰਾਸ਼ ਨਹੀਂ ਹੁੰਦਾ। ਜਦੋਂ ਤਕ ਸੂਰਜ ਨਹੀਂ ਉਗੇਗਾ, ਉਹ ਟਲੇਗਾ ਨਹੀਂ। ਗੱਲ ਹੀ ਕੁਝ ਅਜਿਹੀ ਹੈ, ਜੇ ਇਸ ਰਸਤੇ ਨਾ ਆਈ ਗੱਡੀ ਤਾਂ...। ਉਹ ਦੂਰ ਬੜੀ ਦੂਰ ਕਿਸੇ ਪਿੰਡ ਦੀ ਰੋਸ਼ਨੀ ਨੂੰ ਦੇਖਦਾ ਹੈ, ਦੋਵਾਂ ਹੱਥਾਂ ਨੂੰ ਰਗੜ ਕੇ ਨਿੱਘਾ ਹੋ ਲੈਂਦਾ ਹੈ। ਹਾਂ ਗੱਡੀਆਂ ਆਉਣਗੀਆਂ। ਪੰਜਾਹ ਗੱਡੀਆਂ।...ਕਪੜੇ ਚੀਨੀ ਅਤੇ ਸੀਮੈਂਟ ਨਾਲ ਭਰੀਆਂ ਗੱਡੀਆਂ...ਜਿਸ ਨੇ ਖ਼ਬਰ ਦਿਤੀ ਹੈ, ਉਸ ਨੂੰ — ਉਸ ਦਾ ਨਾਂ ਉਹ ਜਾਨਣ ਤੇ ਵੀ ਨਹੀਂ ਦਸੇਗਾ। ਬਾਵਨ ਨੇ ਗਾਂਧੀ ਜੀ ਦੀ ਸਹੁੰ ਖਾਧੀ ਹੈ। ਵਿਚਾਰਾ ਗ਼ਰੀਬ...ਉਸ ਦੀ ਨੌਕਰੀ ਟੁੱਟ ਜਾਵੇਗੀ।...ਕਟਹਾ ਦੇ ਦੁਲਰ ਚੰਦ ਕਾਪਰਾ, ਉਹੋ ਹੀ ਜੂਆ ਕੰਪਨੀ ਵਾਲਾ, ਜਿਸ ਦੀ ਜੂਏ ਦੀ ਦੁਕਾਨ ਤੇ ਨੇਵੀਲਾਲ, ਭੋਲਾ ਬਾਬੂ ਅਤੇ ਬਾਵਨ ਨੇ ਫ਼ਾਰਵਿਸ ਗੰਜ ਮੇਲੇ ਵਿਚ ਪਿਕਟਿੰਗ ਕੀਤੀ ਸੀ। ਜੂਆ ਵੀ ਨਹੀਂ, ਇਕ ਦਮ ਜੇਬ ਕੱਟਣ ਦਾ ਖੇਲ ਖੇਡਿਆ ਕਰਦਾ ਸੀ, ਅਤੇ ਮੋਰੰਗੀਆ ਕੁੜੀਆਂ ਮੋਰੰਗੀਆ ਦਾਰੂ-ਗਾਂਜੇ ਦਾ ਕਾਰੋਬਾਰ ਕਰਦਾ ਸੀ। ਅੱਜ ਕਟਹਾ ਥਾਣਾ ਦਾ ਸਕੱਤਰ ਹੈ...ਉਸੇ ਦੀਆਂ ਗੱਡੀਆਂ ਹਨ, ਸਪਲਾਈ ਇਨਸਪੈਕਟਰ ਅਤੇ ਕਟਹਾ ਥਾਣੇ ਦਾ ਦਰੋਗਾ ਅਤੇ ਇਥੇ ਕਲੀਮੁ ਦੀਨ ਪੁਰ ਦੇ ਨਾਕਾਵਾਲੇ ਹਵਲਦਾਰ ਮਿਲ ਕੇ ਰਕਮ ਅੱਠ ਆਨੇ ਤੇ ਉਧਰ ਦੁਲਾਰਚੰਦ ਕਾਪਰਾ ਰਕਮ ਅੱਠ ਆਨੇ। ਗੱਡੀਆਂ ਸਦਰ-ਚਾਲੂ ਸੜਕ ਤੋਂ ਨਹੀਂ ਜਾਣਗੀਆਂ, ਚੋਰ ਰਾਹੇ ਹੋ ਕੇ, ਚੋਰ ਘਾਟ ਹੋ ਕੇ ਪਾਰ ਕਰਨਗੀਆਂ। ਫੇਰ ਉਧਰ ਦੇ ਬਿਪਾਰੀ ਉਸਨੂੰ ਉਸ ਪਾਰ ਪੁਚਾ ਦੇਵੇਗਾ। ਉਧਰ ਦੇ ਹਾਕਮਾਂ ਨੂੰ ਵੀ ਇਸੇ ਤਰ੍ਹਾਂ ਹਿੱਸਾ ਮਿਲੇਗਾ। ਲੱਖਾਂ ਰੁਪਏ ਦਾ ਕਾਰੋਬਾਰ ਹੈ।...ਔਹ ਆ ਗਈਆਂ। ਹਾਂ ਗੱਡੀਆਂ।...ਕੱਚੀ ਲੀਕ ਵਿਚ ਪਹੀਆਂ ਦੀ ਆਵਾਜ਼ '...ਹਾਂ, ਗੱਡੀਆਂ ਹੀ ਹਨ।

ਜੈ ਭਗਵਾਨ। ਜੈ ਮਹਾਤਮਾਂ ਜੀ। ਸੋਤਾਰਾਮ। ਸੇਤਾਰਾਮ। ਬਲ ਸਕਸ਼ੇ ਪ੍ਰਭੂ। ਪ੍ਰੀਖਿਆ ਵਿਚ ਪਾਰ ਕਰੋ ਗੁਰੂ। ਬਾਪੂ। ਬਾਪੂ।...ਮਾਂ, ਮਾਂ। ਝੋਲੀ ਵਿਚ ਉਹ ਕੁਝ ਟੋਂਹਦਾ ਹੈ।

ਉਹ ਝੋਲੀ ਨੂੰ ਮੋਢੇ ਨਾਲ ਲਟਕਾ ਕੇ ਖਲੋ ਜਾਂਦਾ ਹੈ।...ਨਦੀ ਕਿਨਾਰੇ ਕੋਈ

ਪੰਖੇਰੂ ਬੋਲਿਆ — ਟੀ ਟੀ। ਕਿੰਨ। ਖੰਜੜੀ ਦੀ ਝੁਨਕੀ ਜ਼ਰਾ ਥਿਰਕੀ।

"ਭਗਵਾਨ। ਮਹਾਤਮਾਂ ਜੀ।...ਬਾਪੂ। ਮਾਂ। ਮੈਨੂੰ ਬੁਲਾ ਲਵੋ ਆਪਣੇ ਕੋਲ ਕੀ ਕਰੂੰਗਾ ਇਸ ਦੁਨੀਆਂ ਵਿਚ ਰਹਿ ਕੇ।...ਧਰਮ ਨਹੀਂ ਬਚੂਗਾ।"

ਗੱਡੀਆਂ ਆ ਗਈਆਂ, ਬਿਲਕੁਲ ਨੇੜੇ।

"ਓਏ ਬਾ ਆ ਆ ਪ ਓਏ-ਭੂਊਤ।"

ਅਗਲਾ ਗੱਡੀ ਵਾਲਾ ਡਰਿਆ ਅਤੇ ਦੱਬੀ ਆਵਾਜ਼ ਵਿਚ ਆਪਣੇ ਸਾਥੀ ਨੂੰ ਕਹਿੰਦਾ ਹੈ — "ਭੂਤ।"

"ਛਿਓ .." ਬਲਦ ਤਰ੍ਹਬਕਦੇ ਹਨ। ਚੀਂ-ਚੀਂ ਕਰਕੇ ਗੱਡੀਆਂ ਰੁਕ ਜਾਂਦੀਆਂ ਹਨ।

"ਸੇਤਾਰਾਮ। ਸੇਤਾ ਰਾਮ।"

ਕਲੀਮੁਦੀਨ ਪੁਰ ਨਾਕੇ ਦੇ ਸਿਪਾਹੀ ਜੀ ਅਗੇ ਵਧਦੇ ਹਨ, ਖੰਘੂਰਾ ਮਾਰ ਕੇ ਪੁਛਦੇ ਹਨ, "ਕੌਣ ਹੈ ?"

ਨਾਲ ਦੀ ਝਾੜੀ 'ਚੋਂ ਸਾਹਮਣੇ ਆ ਕੇ ਬਾਵਨ ਨੇ ਕਿਹਾ, "ਅਸੀਂ ਹਾਂ ਸੇਵਕ ਬਾਵਨਦਾਸ।"

"ਬਾਵਨਦਾਸ।" ਸਿਪਾਹੀ ਜੀ ਦਾ ਮੂੰਹ ਖੁਲ੍ਹੇ ਦਾ ਖੁਲ੍ਹਾ ਰਹਿ ਜਾਂਦਾ ਹੈ। ਇਸ ਆਦਮੀ ਨੂੰ ਉਹ ਸੰਨ ਤੀਹ ਤੋਂ ਹੀ ਜਾਣਦਾ ਹੈ। ਚੰਦ ਟਰੇ, ਸੂਰਜ ਟਰੇ...।

ਸਿਪਾਹੀ ਜੀ ਮੁਰੇਠੇ ਦੀ ਪੂਛਰੀ ਨਾਲ ਮੂੰਹ ਲੁਕੋਂਦੇ ਹਨ। ਬਾਵਨਦਾਸ ਹੱਸ ਕੇ ਕਹਿੰਦਾ ਹੈ, "ਮੂੰਹ ਕਿਉਂ ਲੁਕੋਂਦੇ ਹੋ, ਰਾਮਬੁਝਾਵਨ ਸਿੰਘ ਜੀ। ਅੱਜ ਖੁਲ੍ਹ ਕੇ ਖੇਡ ਹੋ ਜਾਣੀ ਚਾਹੀਦੀ ਹੈ। ਮੂੰਹ ਨਾ ਲੁਕਾਓ।"

"ਦਾਸ ਜੀ ਗੱਲ-ਬਾਤ ਕੋਈ ਨਹੀਂ। ਗੱਡੀਆਂ ਜਾਣਗੀਆਂ ਖਗੜਾ।...ਵਾਪਸ ਕਰੋ।"

"ਗੱਡੀਆਂ ਤਾਂ ਨਾ ਵਾਪਸ ਹੋਣਗੀਆਂ।"

"ਵਾਪਸ ਨਾ ਹੋਈਆਂ ਤਾਂ ਖੜੀਆਂ ਰਹਿਣਗੀਆਂ।"

ਢਾਈ ਹਜ਼ਾਰ ਰੁਪਏ ਹਿੱਸੇ ਦੇ ਮਿਲ ਚੁਕੇ ਹਨ, ਰਾਮਬੁਝਾਵਨ ਸਿੰਘ ਨੂੰ। ਕੀ ਕੀਤਾ ਜਾਵੇ ?...

"ਦਾਸ ਜੀ, ਠਹਿਰੋ।...ਅਸੀਂ ਤੁਰੰਤ ਆਉਂਦੇ ਹਾਂ।"

"ਠੀਕ ਹੈ, ਲੈ ਆਓ ਅੱਜ ਜਿਹੜੇ ਲੋਕ ਪਰਦੇ ਵਿਚ ਹਨ, ਜਾਓ।"

ਕਲੀਮੁਦੀਂ ਪੁਰ ਵਿਚ ਇਕ ਹੋਟਿਲ ਬੰਗਲਾ (ਹਾਲਫ਼ਿੰਗ ਬੰਗਲਾ) ਹੈ।...ਹਾਕਮ ਲੋਕ ਅਕਸਰ ਆਉਂਦੇ ਰਹਿੰਦੇ ਹਨ। ਬਾਂਸ ਫੂਸ ਦਾ ਵੱਡਾ ਸਾਰਾ ਚੌਖੜਾ ਹੈ, ਪਿੰਡੋਂ ਬਿਲਕੁਲ ਬਾਹਰ।

ਹੋਟਿਲ ਬੰਗਲੇ ਵਿਚ ਸਪਲਾਈ ਇਨਸਪੈਕਟਰ, ਦੁਲਾਰ ਚੰਦ ਕਾਪਰਾ ਅਤੇ

ਕਲੀਮੁਦੀਂ ਪੁਰ ਦੇ ਹਵਲਦਾਰ ਸਾਹਿਬ ਟੇਬਲ ਦੇ ਦੁਆਲੇ ਬੈਠੇ ਮੋਰੰਗੀਆ ਮਾਲ ਪੀ ਰਹੇ ਹਨ। ਕਲੀਮੁਦੀਂ ਪੁਰ ਹੋਟਿਲ ਬੰਗਲੇ ਦੇ ਬੇਰਸਪਤੀਆ ਬਾਵਰਚੀ ਦੇ ਹੱਥ ਦਾ ਮੁਰਗਾ ਮੁਸੱਲਮ ਜਿਸ ਨੇ ਖਾਧਾ, ਉਸੇ ਨੇ ਜੀ ਖੋਲ੍ਹ ਕੇ ਬਕਸੀਸ਼ ਦਿਤੀ।

ਸਪਲਾਈ ਇਨਸਪੈਕਟਰ ਸਾਹਿਬ ਗਲਾਸ 'ਚੋਂ ਚੁਸਕੀ ਲੈਂਦੇ ਹੋਏ ਮੁਸਕਰਾਉਂਦੇ ਹਨ, "ਓਏ ਹੱਤ ਤੇਰੇ ਦੀ! ਇਸ ਮੁਰਗ਼ ਮੁਸੱਲਮ ਨਾਲ ਗਰਮੀ ਤਾਂ ਨਹੀਂ ਜਾਵੇਗੀ। ਹਵਲਦਾਰ ਸਾਹਿਬ, ਬਈ ਕੋਈ ਦੋ ਟੰਗਾਂ ਵਾਲੀ ਮੁਰਗ਼ੀ...।"

"ਕੀ ਪੁਛਦੇ ਹੋ, ਅੱਜ...ਮਹਾਤਮਾਂ ਜੀ ਦੇ ਸਰਾਧ ਦੇ ਕਾਰਣ ਸਾਰੀਆਂ ਭੋਜ ਛਕਣ ਚਲੀਆਂ ਗਈਆਂ ਨੇ।"

ਦੁਲਾਰ ਚੰਦ ਕਾਪਰਾ ਕਹਿੰਦਾ ਹੈ, "ਹੂੰ ਇਹ ਜਾਣਦੇ ਹੁੰਦੇ ਤਾਂ ਕਟਹਾ ਤੋਂ ਹੀ ਦੋ ਰਫ਼ੂਜਣਾਂ ਚੁਕ ਲਿਆਉਂਦੇ...ਸਾਰਾ ਮਜ਼ਾ ਕਿਰਕਰਾ ਕਰ ਦਿਤਾ।"

ਕੜ-ਕੜ ਕੜ ਕੂ। ਸਪਲਾਈ ਇਨਸਪੈਕਟਰ ਚਤੁਰਾ ਨੰਦ ਸਿੰਘ ਜੀ ਮੁਰਗ਼ੀ ਦੀ ਲੱਤ ਚਬੋਂਦੇ ਹਨ।

ਕੜ ਕੜ ਕੜਕ। ਬਾਹਰ ਸਾਈਕਲ ਦੀ ਆਵਾਜ਼ ਹੁੰਦੀ ਹੈ।

"ਕੌਣ ?"

"ਸਲਾਮ ਹਜ਼ੂਰ। ਅਸੀਂ ਰਾਮ ਬੁਝਾਵਨ ਸਿੰਘ।"

"ਕੀ ਹਾਲ ਹੈ ?"

"ਸਭ ਚੌਪਟ। ਬਾਵਨਦਾਸ..."

"ਹਾਏ! ਬਾਵਨਦਾਸ ? ਕਿਥੇ ?"

...ਸਾਰੇ ਗੁੰਮ ਹੋ ਜਾਂਦੇ ਹਨ। ਬੇਰਸਪਤੀਆ ਬਾਵਰਚੀ ਇਸ਼ਾਰੇ ਨਾਲ ਕਹਿੰਦਾ ਹੈ ਹਵਲਦਾਰ ਨੂੰ, "ਮਿਲ ਸਕਦੀ ਹੈ ਮੁਰਗ਼ੀ..., ਪਰ..." ਰੁਕ ਕੇ ਦੋਵਾਂ ਹੱਥਾਂ ਦੀਆਂ ਉਂਗਲਾਂ ਦਬਾਉਂਦਾ ਹੈ।

ਹਵਲਦਾਰ ਸਾਹਿਬ ਕਹਿੰਦੇ ਹਨ, "ਚੰਗਾ, ਹਾਲੇ ਠਹਿਰੋ, ਤੁਸੀਂ ਬਾਹਰ ਜਾਓ।"

"ਹੁਣ ਕੀ ਹੋਵੇ ?" ਸਾਰੇ ਇਕੋ ਸਮੇਂ ਲੰਮਾ ਸਾਹ ਲੈਂਦੇ ਹਨ।

"ਇਕੱਲਾ ਹੈ ਜਾਂ...?"

"ਬਿਲਕੁਲ ਇਕੱਲਾ।"

"ਪਰ ਇਸ ਦਾ ਮਤਲਬ ਜਾਣਦੇ ਹੋ ?"

"ਦੁਲਾਰਚੰਦ ਜੀ।...ਕਾਪਰਾ ਜੀ।"

ਸਭ ਦੀਆਂ ਨਿਗਾਹਾਂ ਮਿਲਦੀਆਂ ਹਨ, ਆਪਸ ਵਿਚ। ਦੁਲਾਰਚੰਦ ਗਲਾਸ ਵਿਚ ਬੋਤਲ 'ਚੋਂ ਸ਼ਰਾਬ ਸੁਟ ਕੇ ਗਟ ਗਟ ਪੀ ਜਾਂਦਾ ਹੈ। ਸਾਰੇ ਉਹਦੇ ਵਲ ਆਸ ਭਰੀ ਨਜ਼ਰ ਨਾਲ ਦੇਖਦੇ ਹਨ — "ਮੈਂ ਪੰਜਾਬੀ ਹਾਂ ਜੀ।...ਪਰ ਅਗੇ ਤੁਸੀਂ ਜਾਣੋ।

ਮੈਂ ਆਪਣਾ ਫ਼ਰਜ਼ ਪੂਰਾ ਕਰਨ ਲਈ ਜਾਂਦਾ ਹਾਂ।"

...ਰੁਕ ਰੁਕ ਕੇ ਪੱਛੋਂ ਚਲ ਰਹੀ ਹੈ। ਹਵਲਦਾਰ ਸਾਹਿਬ ਸਾਈਕਲ ਦਾ ਪੈਡਲ ਘੁਮਾਉਂਦੇ ਹੋਏ ਕਹਿੰਦੇ ਹਨ, "ਕਾਪਰਾ ਜੀ, ਆਲੇ ਦੁਆਲੇ ਦੇ ਪਿੰਡਾਂ ਦਾ ਕੋਈ ਡਰ ਨਾ ਮੰਨਿਓ।...ਐਲਾਨ ਕੀਤਾ ਹੋਇਆ ਹੈ ਕਿ ਸੀਮਾ ਦੇ ਨੇੜੇ ਤੇੜੇ ਰਾਤ ਬਰਾਤੇ ਜਿਹੜਾ ਨਿਕਲੇਗਾ, ਉਹਨੂੰ ਗੋਲੀ ਲਗ ਸਕਦੀ ਹੈ।

ਬਾਵਨਦਾਸ ਬਿਲਕੁਲ ਪੱਥਰ ਦੀ ਮੂਰਤੀ ਵਾਂਗ ਖਲੋਤਾ ਹੈ — ਲੀਕ ਵਿਚਕਾਰ।

ਦੁਲਾਰ ਚੰਦ ਕਾਪਰਾ ਦੇਖਦਾ ਹੈ — ਹਾਂ, ਬਾਵਨਦਾਸ ਹੀ ਹੈ।

"ਕੌਣ ?...ਕਾਪਰਾ ਜੀ। ਗੱਡੀ ਪਿਛਿਉਂ ਕਿਉਂ ਝਾਕਦੇ ਹੋ ? ਸਾਹਮਣੇ ਆਓ।" ਬਾਵਨਦਾਸ ਹੱਸਦਾ ਹੈ।

"ਬਾਵਨਦਾਸ।...ਰਾਹ ਛੱਡ ਦੇ। ਗੱਡੀ ਪਾਸ ਹੋਣ ਦੇ।"

"ਆਓ ਸਾਹਮਣੇ। ਪਾਸ ਕਰਾਓ ਗੱਡੀ। ਤੁਸੀਂ ਵੀ ਕਾਂਗਰਸ ਦੇ ਮੈਂਬਰ ਹੋ ਅਤੇ ਅਸੀਂ ਵੀ। ਖ਼ਾਤਾ ਖੁਲ੍ਹਿਆ ਹੋਇਆ ਹੈ, ਆਪਣਾ ਆਪਣਾ ਹਿਸਾਬ ਕਿਤਾਬ ਲਿਖਵਾਓ।...ਅੱਜ ਦੇ ਇਸ ਪਵਿੱਤਰ ਦਿਨ ਨੂੰ ਕਲੰਕ ਨਹੀਂ ਲਗਣ ਦਿਆਂਗੇ।"

ਕਾਪਰਾ ਜਾਣਦਾ ਹੈ, ਇਹਦੇ ਨਾਲ ਮੱਥਾ ਮਾਰਨਾ ਬੇਕਾਰ ਹੈ। ਉਹ ਹਵਲਦਾਰ ਦੇ ਕੰਨ ਵਿਚ ਕੁਝ ਕਹਿੰਦਾ ਹੈ। ਫੇਰ ਪੁਕਾਰਦਾ ਹੈ, "ਇਸਪਰਿੰਗ ਖਾਂ। ਕਿਥੇ ਹੋ..."

ਇਹ ਇਸਪਰਿੰਗ ਖਾਂ ਕਾਪਰੇ ਦਾ ਆਪਣਾ ਬੰਦਾ ਹੈ।...ਨਾਂ ਫ਼ਰਜ਼ੀ ਹੈ।...ਇਕ ਗੱਡੀ ਤੋਂ ਉਤਰਦਾ ਹੈ, ਫੇਰ ਚੁੱਪਚਾਪ ਅਗਲੀ ਗੱਡੀ ਤੇ ਜਾ ਕੇ ਬੈਠ ਜਾਂਦਾ ਹੈ।

"ਬਾਵਨਦਾਸ...ਮੰਨ ਜਾਓ।"

"........."

"ਗੱਡੇ ਅਗੇ ਜੁੜੇ ਹੋਏ ਦੋਵੇਂ ਜਾਨਵਰ ਹੈਰਾਨੀ ਨਾਲ ਤਰ੍ਹਬਕਦੇ ਹਨ। ਭੜਕਦੇ ਹਨ। ਫੂ-ਫੂੰ। ਨੱਕ 'ਚੋਂ ਆਵਾਜ਼ ਕਢ ਕੇ ਅਗੇ ਵਧਨ ਤੋਂ ਇਨਕਾਰ ਕਰਦੇ ਹਨ। ਕਾਪਰਾ ਇਕ ਬਲਦ ਦੀ ਪੂਛ ਫੜ ਕੇ ਮਰੋੜਦਾ ਹੈ। ਹੱਡੀ ਪੱਟ ਕੋਲੋਂ ਕੜਕੀ, ਪਰ ਬਲਦਾਂ ਨੇ ਲੀਕ ਛੱਡ ਦਿਤੀ ਅਤੇ ਗੱਡੇ ਨੂੰ ਇਕ ਪਾਸੇ ਲੈ ਕੇ ਨੱਸੇ।

ਦੂਸਰਾ...। ਇਕ ਇਕ ਬਲਦ ਨੂੰ ਹਵਲਦਾਰ ਅਤੇ ਦੂਸਰੇ ਨੂੰ ਕਾਪਰਾ, ਪੂਛ ਮਰੋੜ ਕੇ ਅਗੇ ਵਧਾਉਂਦੇ ਹਨ। ਗਡੇ ਵਾਲਾ ਆਵਾਕ ਹੱਥ ਵਿਚ ਰਾਸ ਫੜੀ ਬੈਠਾ ਹੈ।... ਇਹ ਕੀ ਹੋ ਰਿਹਾ ਹੈ ?

ਗੱਡਾ ਪਾਸ ਹੋ ਗਿਆ।—ਪਾਸ ਹੋ ਰਹੇ ਹਨ। ਬਾਵਨਦਾਸ ਲੀਕ ਉੱਪਰ ਖਲੋਤਾ ਹੈ ਅਤੇ ਗੱਡੇ ਉੱਪਰੋਂ ਆਰ ਪਾਰ ਕਰ ਰਹੇ ਹਨ। ਬਲਦ ਭੜਕੇ ਜ਼ਰੂਰ ਪਰ—।

!!!! ਚਾਰ ਗੱਡੇ ?

ਹੁਣ ਬਾਵਨਦਾਸ ਬਿਲਕੁਲ ਬਲਦ ਦੇ ਸਾਹਮਣੇ ਆ ਕੇ ਖਲੋ ਜਾਂਦਾ ਹੈ। ਬਲਦ

ਉਹਨੂੰ ਸਿੰਗ ਮਾਰ ਕੇ ਸੁੱਟ ਦਿੰਦਾ ਹੈ। ਉਹ ਲੀਕ ਉਤੇ ਢਹਿ ਪੈਂਦਾ ਹੈ।—ਬਿਲਕੁਲ ਪਹੀਏ ਥੱਲੇ।

ਕਰੜ ਮਰੜ-ਕਰੜ ਮਰੜ।

—ਬਾਪੂ। ਮਾਂ—।

ਗੱਡੀ ਪਾਸ। ਕਰੜ ਮਰੜ-ਕਰੜ ਮਰੜ।

ਗੱਡੇ ਪਾਸ ਹੋ ਰਹੇ ਹਨ। ਪੰਜਾਹ ਗੱਡੇ।

ਅਖ਼ੀਰਲੀ ਗੱਡੀ ਜਦੋਂ ਲੰਘ ਗਈ ਤਾਂ ਹਵਲਦਾਰ ਅਤੇ ਰਾਮਬੁਝਾਵਨ ਸਿੰਘ ਰਲ ਕੇ ਬਾਵਨਦੀ ਚੀਥੜੇ ਚੀਥੜੇ ਹੋ ਕੇ ਲਾਸ਼ ਲਹੂ ਦੇ ਚਿਕੜ ਵਿਚ ਲਥਪਥ ਲਾਸ਼ ਨੂੰ ਚੁਕ ਕੇ ਚਲਦੇ ਹਨ। ...ਨਾਗਰ ਨਦੀ ਦੇ ਉਸ ਪਾਰ, ਪਾਕਿਸਤਾਨ ਵਿਚ ਸੁਟਣਾ ਪਵੇਗਾ, ਏਧਰ ਨਹੀਂ...ਹਰਗਿਜ਼ ਨਹੀਂ।

ਦੁਲਾਰ ਚੰਦ ਕਾਪਰਾ ਬਾਵਨ ਦੀ ਝੋਲੀ ਲੈ ਕੇ ਉਨ੍ਹਾਂ ਦੇ ਪਿਛੇ ਪਿਛੇ ਜਾਂਦਾ ਹੈ।

ਨਾਗਰ ਪਾਰ ਕਰਦੇ ਸਮੇਂ ਬਾਵਨ ਦੇ ਗਲੇ ਦੀ ਤੁਲਸੀ ਮਾਲਾ ਨਾਗਰ ਦੀ ਵਗਦੀ ਧਾਰ ਵਿਚ ਡਿੱਗ ਪੈਂਦੀ ਹੈ — ਸੇਤਰਾਮ।

ਚਾਰ ਵਜੇ ਤੜਕੇ ਪਾਕਿਸਤਾਨੀ ਪੁਲਿਸ ਨੇ ਘਾਟ ਗਸ਼ਤ ਕਰਦਿਆਂ ਦੇਖਿਆ — ਲਾਸ਼।

"ਓਏ। ਇਹ ਤਾਂ ਉਸ ਪਾਰ ਦੇ ਬੌਨੇ ਦੀ ਹੈ। ਇਥੇ ਕਿਵੇਂ ਆਈ ? ਔਹ, ਸਮਝ ਗਏ।—ਚੁਕੋ ਜੀ, ਹਨੀਫ਼ ਅਤੇ ਜੁੰਮਨ, ਲੈ ਚਲੋ ਉਸ ਪਾਰ।"

ਬਾਵਨ ਦੀ ਠੰਡੀ ਲਾਸ਼ ਝੋਲੀ — ਝੰਡੇ ਨਾਲ ਫੇਰ ਉਠੀ।

ਬਾਵਨ ਨੇ ਦੋ ਆਜ਼ਾਦ ਦੇਸ਼ਾਂ ਦੀ, ਹਿੰਦੁਸਤਾਨੀ ਅਤੇ ਪਾਕਿਸਤਾਨ ਦੀ, ਇਮਾਨਦਾਰੀ ਨੂੰ ਇਨਸਾਨੀਅਤ ਨੂੰ ਬਸ ਦੋ ਕਦਮਾਂ ਨਾਲ ਹੀ ਨਾਪ ਲਿਆ।

ਨਾਗਰ ਨਦੀ ਦੇ ਵਿਚਕਾਰ ਪਹੁੰਚ ਕੇ ਪਾਕਿਸਤਾਨ ਦੇ ਪੁਲਿਸ ਅਫ਼ਸਰ ਸਾਬ੍ਹ ਨੇ ਕਿਹਾ — "ਨਦੀ ਵਿਚ ਹੀ ਸੁਟ ਦਿਓ। ਇਹਦੀ ਝੋਲੀ ਨੂੰ ਉਸ ਪਾਰ ਬਿਰਛ ਨਾਲ ਲਟਕਾ ਦਿਓ, ਛੇਤੀ।

ਨਾਗਰ ਦੀ ਧਾਰ ਸਹਿਜ ਸੁਭਾ ਕਲਕਲ ਕਰ ਉਠੀ। ਸਿਪਾਹੀ ਖੰਜੜੀ ਨੂੰ ਪਾਣੀ ਵਿਚ ਸੁਟਦਾ ਹੋਇਆ ਕਹਿੰਦਾ ਹੈ, ਡਮਰੂ ਵਜਾ ਕੇ ਰਘੁਪਤੀ ਰਾਘਵ ਗੌਂਦੇ ਰਵ੍ਹੋਂ। ਝਨੁਕ—।

# ਇੱਕੀ

ਮੇਰੀਗੰਜ ਪਿੰਡ ਦੇ ਇਕੋ ਇਕ ਮਾਲਕ, ਇਕ ਛੱਤਰ ਜ਼ਿਮੀਂਦਾਰ, ਤਹਿਸੀਲਦਾਰ ਬਾਬੂ ਵਿਸ਼ਵਨਾਥ ਮਲਿਕ ਦਾ ਖਮਹਾਰ ਦੇਖ ਲਵੋ।...ਜਿਸ ਵੱਡੇ ਚੌਤਾਲ ਤੇ ਇਕ ਪੰਗਤ ਵਿਚ ਬੈਠ ਕੇ ਗਾਂਧੀ ਜੀ ਦੇ ਸਰਾਧ ਵਾਲੇ ਦਿਨ ਲੋਕਾਂ ਨੇ ਸਰਵਘਟਨ ਭੋਜ ਖਾਧਾ ਸੀ, ਉਸੇ ਨੂੰ ਘੇਰ ਕੇ ਖਲਵਾੜਾ ਬਣਾਇਆ ਹੈ, ਤਹਿਸੀਲਦਾਰ ਬਾਬੂ ਨੇ। ਦਸ ਬਿਘੇ ਘੇਰਾ ਹੈ।

ਰਾਮਕਿਰਪਾਲ ਸਿੰਘ ਆਪਣੀ ਬਚੀ ਖੁਚੀ ਜ਼ਮੀਨ, ਸਮੇਤ ਫ਼ਸਲ ਦੇ, ਤਹਿਸੀਲਦਾਰ ਕੋਲ ਵਿਆਜੀ ਰਖ ਕੇ ਤੀਰਥ ਕਰਨ ਜਾ ਰਹੇ ਹਨ — ਕਾਂਸ਼ੀ, ਕੇਦਾਰ ਜੀ, ਜਿਥੋਂ ਤਕ ਜਾ ਸਕਣ। ਤਹਿਸੀਲਦਾਰ ਸਾਹਿਬ ਨੇ ਕਿਹਾ ਹੈ, "ਬਾਕੀ ਰੁਪਏ ਜਿਥੋਂ ਲਿਖੋਗੇ, ਮਨੀਆਰਡਰ ਰਾਹੀਂ ਭੇਜਦੇ ਰਹਾਂਗੇ।"

ਬਾਕੀ ਖ਼ਜ਼ਾਨਾਂ, ਘਰ ਦਾ ਖ਼ਰਚਾ, ਸਰਦੀਆਂ ਦੇ ਕਪੜੇ, ਸਕਲਦੀਪ ਦਾ ਪ੍ਰਾਸਚਿਤ ਅਤੇ ਸਤ ਨਰੈਣ ਪੂਜਾ ਲਈ ਖਿਲਾਵਨ ਦੋ ਸੌ ਰੁਪਏ ਮੰਗਣ ਗਿਆ। ਤਹਿਸੀਲਦਾਰ ਸਾਹਿਬ ਨੇ ਸਾਫ਼ ਜਵਾਬ ਦੇ ਦਿਤਾ — "ਹੱਥ 'ਚ ਇਕ ਪੈਸਾ ਵੀ ਨਹੀਂ।...ਘਰ ਦੇ ਪਿਛਵਾੜੇ ਦੀ ਜਮੀਨ ਜਿਸ ਵਿਚਲਾ ਧਾਨ ਕਰੀਬ ਕਰੀਬ ਤਿਆਰ ਹੋ ਗਿਆ ਸੀ, ਲਿਖ ਦਿਤੀ ਤਾਂ ਤਿੰਨ ਸੌ ਰੁਪਏ ਦਿਤੇ।

ਐਤਕੀ ਰਲਾ ਮਲਾ ਕੇ ਪੰਜ ਹਜ਼ਾਰ ਮਣ ਤੋਂ ਘਟ ਕੀ ਹੋਵੇਗਾ ਧਾਨ।

ਤੰਤਰਿਮਾਂ ਛੱਤਰੀ ਟੋਲੀ, ਕੁਰਮ ਛੱਤਰੀ ਟੋਲੀ, ਕੁਸਵਾਹਾ ਛੱਤਰੀ ਟੋਲੀ, ਧਨੁਸ਼ਧਾਰੀ ਛੱਤਰੀ ਟੋਲੀ ਅਤੇ ਗਹਿਲੋਤ ਛੱਤਰੀ ਟੋਲੀ ਦੇ ਜਨ-ਮਜ਼ਦੂਰਾਂ ਦੀ ਹਾਂਡੀ ਮਾਘ ਮਹੀਨੇ ਹੀ ਟੰਗੀ ਗਈ ਹੈ।...ਖਮਹਾਰ ਵਿਚ ਜਿੰਨਾ ਧਾਨ ਹਿੱਸੇ ਆਵੇਗਾ, ਉਸ ਤੋਂ ਚੌਗੁਣਾਂ ਤਾਂ ਕਰਜ਼ਾ ਹੈ। ਸਾਰਾ ਕਟ ਲਿਆ ਜਾਵੇਗਾ...ਅਤੇ ਇਸ ਵਾਰ ਤਾਂ ਜਾਪਦਾ ਹੈ, ਪਿੰਡ ਵਿਚ ਝਟ ਨਹੀਂ ਲੰਘੇਗਾ। ਖਿਲਾਵਨ 'ਯਾਦਵ ਪੰਜ ਹਲ ਚਲਾਉਂਦੇ ਸਨ, ਇਸ ਵਰ੍ਹੇ ਇਕੋ ਹੀ ਹਲ ਚਲਾਉਣਗੇ। ਇਕ ਹਲ ਅਧਿਆਰੇ ਤੇ ਚਲੇਗਾ। ਰਾਮਕਿਰਪਾਲ ਸਿੰਘ ਨੇ ਤਾਂ ਖੇਤੀ ਬਾੜੀ ਠੱਪ ਹੀ ਕਰ ਦਿਤੀ। ਬੁੱਢੀ ਨੂੰ ਲੈ ਕੇ ਤੀਰਥ ਚਲੇ ਗਏ। ਸਿਵਸ਼ੰਕਰ ਸਿੰਘ ਦੋ ਹਲ ਚਲਾਉਣਗੇ।...ਤਹਿਸੀਲਦਾਰ ਸਾਹਿਬ ਐਤਕੀ ਟ੍ਰੈਕਟਰ ਖ਼ਰੀਦ ਰਹੇ ਹਨ। ਬੇਤਾਰ ਕਹਿੰਦਾ ਸੀ, "ਉਹਦੇ ਵਿਚ ਹੀ ਸਭ ਕੁਝ ਹੋਵੇਗਾ — ਹਲ, ਚੌਗੀ, ਬਿਧਾ, ਕੋੜਕਮਾਨ, ਕਾਦੀਗੋਰਾ, ਭੌਰਾ, ਧਾਨ ਕਟਣੀ ਵੀ। ਆਦਮੀ ਦੀ ਕੀ ਲੋੜ ਹੈ? ਪਾਣੀ ਦਾ ਪੰਪ ਆਵੇਗਾ। ਇੰਦਰ ਭਗਵਾਨ

ਦੀ ਖ਼ੁਸ਼ਾਮਦ ਦੀ ਲੋੜ ਨਹੀਂ । ਕਮਲਾ ਨਦੀ ਵਿਚ ਪੰਪ ਲਾ ਦਿਤਾ ਮਸ਼ੀਨ ਸਟਾਰਟ ਕਰ ਦਿਤੀ ਅਤੇ ਇੰਦਰ ਧਨੁਸ਼ ਵਾਂਗ ਸਾਰਾ ਪਾਣੀ ਖਿਚ ਕੇ ਖੇਤ ਭਰ ਦੇਵੇਗਾ ।"... ਜਦੋਂ ਇੰਦਰ ਭਗਵਾਨ ਨੂੰ ਹੀ ਲੂਣ-ਨਿੰਬੂ ਚਟਾ ਰਹੇ ਹਨ ਤਹਿਸੀਲਦਾਰ ਸਾਹਿਬ ਤਾਂ ਆਦਮੀ ਉਨ੍ਹਾਂ ਦੀ ਹਜ਼ੂਰੀ ਵਿਚ ਕੀ ਹੈ ? ਕਟੀਹਾਰ ਵਿਚ ਇਕ ਜੂਟ ਮਿੱਲ ਹੋਰ ਖੁਲ੍ਹੀ ਹੈ । ਤਿੰਨ ਜੂਟ ਮਿੱਲਾਂ ?...ਚਲੋ ਚਲੋ ਦੋ ਰੁਪਏ ਰੋਜ਼ ਮਜ਼ੂਰੀ ਮਿਲਦੀ ਹੈ । ਪਿੰਡ ਵਿਚ ਹੁਣ ਕੀ ਧਰਿਆ ਹੈ ।

ਇਕ ਮਹਾਤਮਾਂ ਜੀ ਦਾ ਭਰੋਸਾ ਸੀ, ਉਨ੍ਹਾਂ ਨੂੰ ਵੀ ਮਾਰ ਦਿਤਾ ।...ਬਾਲਦੇਵ ਜੀ ਤੋਂ ਪੁਛੋ ਤਾਂ, ਮਹਾਤਮਾਂ ਜੀ ਦੀ ਥਾਂ ਤੇ ਹੁਣ ਕੌਣ ਆਵੇਗਾ । ਜਮਾਹਿਰ ਲਾਲ ? ਪਰ ਮਹਾਤਮਾਂ ਜੀ ਤਾਂ ਇਕੋ ਹੀ ਉਡਨ ਪਹਿਨਦੇ ਹਨ ।...

ਬਿਰੰਚੀ ਕਹਿੰਦਾ ਹੈ, "ਜਿਥੇ ਸਾਰੀ ਰਾਤ ਭਰਾਵਾਂ ਦਾ, ਬਾਰਾਂ ਬਰਨਾਂ ਦਾ ਊਚ-ਨੀਚ ਦਾ ਪੱਤਾ ਜੂਠਾ ਹੋਇਆ ਹੈ, ਉਸ ਖਮਹਾਰ ਵਿਚ ਬਰਕਤ ਤਾਂ ਵਧ ਚੜ੍ਹ ਕੇ ਹੋਵੇਗੀ ।...ਤਹਿਸੀਲਦਾਰ ਸਾਹਿਬ ਅੱਜ ਕਹਿ ਰਹੇ ਸਨ, ਐਤਕੀ ਸਾਰਿਆਂ ਨੂੰ ਆਪਣੇ ਹਿੱਸੇ ਵਿਚ ਔਕਾਤ ਮੁਤਾਬਕ ਧਾਨ ਦੇਣਾ ਪਵੇਗਾ — ਇਕ ਜੱਟਾ ਇਕ ਸੇਰ, ਅੱਧ ਸੇਰ ।...ਮਹਾਤਮਾਂ ਜੀ ਦਾ ਚੰਦਾ ਕੱਠਾ ਹੋ ਰਿਹਾ ਹੈ ।"

"ਮਹਾਤਮਾਂ ਜੀ ਦਾ ਚੰਦਾ ? ਕੀ ਹੋਵੇਗਾ ਚੰਦਾ ? ਸਰਾਧ ਤਾਂ ਹੋ ਗਿਆ ।"

"ਨਹੀਂ ।...ਰਹੂਆ ਦੇ ਗੁਰੂ ਬੰਸੀ ਬਾਬੂ ਨੇ ਦਿੱਲੀ ਵਿਚ ਆ ਕੇ ਇਕ ਕਰੋੜ ਜਾਂ...ਇਕ ਲੱਖ...ਪਤਾ ਨਹੀਂ ਇਕ ਹਜ਼ਾਰ...ਯਾਦ ਨਹੀਂ, ਪਰ ਇਕ ਮੋਟਾ ਰੁਪਿਆ ਗੁਰੂ ਬੰਸੀ ਬਾਬੂ ਨੇ ਜਮਾਹਿਰ ਲਾਲ ਨੂੰ ਜਾ ਕੇ ਦਿਤਾ ਹੈ ।...ਮਹਾਤਮਾਂ ਜੀ ਦਾ ਚੰਦਾ । ਸੁਣਦੇ ਹਾਂ ਹੋਰ ਵੀ ਦੇਣਗੇ ।

"ਹੈ । ਹੈ, ਕੌਣ ਹੱਲਾ ਕਰਦਾ ਹੈ ਉਧਰ ।"

"ਉਏ ਕੌਣ, ਰਮਪਿਆਰੀਆ ਹੈ ।"

ਰਮਪਿਆਰੀਆ ਅਤੇ ਰਮਪਿਆਰੀਆ ਦੀ ਮਾਂ ਦੇ ਸੰਘ ਦੀ ਆਵਾਜ਼ ਸੁਣੀ ਜਾਂਦੀ ਹੈ । ਮੱਠ 'ਚ ਝਗੜਾ ਹੋ ਰਿਹਾ ਹੈ, ਅੱਜ ਜਾਪਦਾ ਹੈ, ਕੁੱਟ-ਮਾਰ ਵਧੇਰੇ ਹੋਈ ਹੈ ।

"ਰਾਮਦਾਸ ਗੁਸਾਈਂ ਅੱਜ ਕਲ੍ਹ ਦਿਨ ਭਰ ਗਾਂਜਾ ਪੀਂਦਾ ਹੈ । ਇਕ ਨਾ ਇਕ ਦਿਨ ਉਹ ਵੀ ਖ਼ੂਨ ਕਰੇਗਾ ।"

"ਸਾਲਾ, ਇਨ੍ਹਾਂ ਲੋਕਾਂ ਦੇ ਪਾਪ ਨਾਲ ਧਰਤੀ ਦਰੜੀ ਜਾ ਰਹੀ ਹੈ ।... ਭ੍ਰਸ਼ਟ ਕਰ ਦਿਤਾ । ਹੁਣ ਉਹ ਮੱਠ ਹੈ ? ਲਾਲ ਬਾਗ਼ ਮੇਲੇ ਦਾ ਮੀਨਾ ਬਾਜ਼ਾਰ ਹੋ ਗਿਆ । ਦਸ ਦਸ ਕੋਹਾਂ ਦਾ ਸਭ ਲੁੱਚਾ ਲਫ਼ੰਗਾ ਆ ਕੇ ਜਮ੍ਹਾਂ ਹੁੰਦਾ ਹੈ ।"

ਤਹਿਸੀਲਦਾਰ ਸਾਹਿਬ ਅੱਜ ਕਲ੍ਹ ਰਾਤੀਂ ਉੱਪਰ ਦੇ ਕੋਠੇ ਵਿਚ ਸੁਮਰਿਤਦਾਸ ਨਾਲ ਕਾਗ਼ਜ਼ ਪੱਤਰ ਠੀਕ ਕਰਦੇ ਰਹਿੰਦੇ ਹਨ । ਕਿਸੇ ਕਿਸੇ ਦਿਨ ਸੁਮਰਿਤਦਾਸ

ਪੌੜੀਆਂ ਵਿਚ ਲੜਖੜਾ ਕੇ ਡਿੱਗ ਪੈਂਦਾ ਹੈ।...ਸੰਥਾਲਾਂ ਦੇ ਘਰ ਵਿਚ ਤ੍ਰੰਢਿਆ ਹੋਇਆ ਮਹੂਏ ਦਾ ਦਾਰੂ ਬੜਾ ਤੇਜ਼ ਹੁੰਦਾ ਹੈ। ਗੰਗਾਈ ਮਾਂਝੀ ਰੋਜ਼ ਅੱਧਾ ਕੰਟਰ ਦੇ ਜਾਂਦਾ ਹੈ। ਕਦੀ ਕਦੀ ਤਹਿਸੀਲਦਾਰ ਸਾਹਿਬ ਵੀ ਥੱਲੇ ਉਤਰ ਕੇ ਖ਼ੂਬ ਹੱਲਾ ਕਰਦੇ ਹਨ ; ਕਮਲਾ ਦੀ ਮਾਂ ਨੂੰ ; ਕਮਲਾ ਨੂੰ ; ਸੇਥੀਆ ਬੁੱਢੀ, ਸਭ ਨੂੰ ਗੋਲੀ ਨਾਲ ਉੜਾ ਦੇਣ ਦੀ ਧਮਕੀ ਦਿੰਦੇ ਹਨ।

...ਇਕ ਰਾਤੀਂ ਤਾਂ ਏਨੇ ਮਾਤ ਪਏ ਤਹਿਸੀਲਦਾਰ ਸਾਹਿਬ ਕਿ ਕਮਲਾ ਦੀ ਮਾਂ ਡਰ ਨਾਲ ਛਾਤੀ ਪਿੱਟਣ ਲਗੀ।...ਏਨੀਆਂ ਖ਼ਰਾਬ ਖ਼ਰਾਬ ਗਾਲ੍ਹਾਂ, ਜਿਹੜੀਆਂ ਜ਼ਿੰਦਗੀ ਵਿਚ ਇਕ ਵਾਰ ਵੀ ਉਨ੍ਹਾਂ ਦੇ ਮੂੰਹੋਂ ਨਹੀਂ ਸੁਣੀਆਂ ਗਈਆਂ, ਕਮਲਾ ਦੇ ਬੰਦ ਬੂਹੇ ਸਾਹਮਣੇ ਆ ਕੇ ਜ਼ੋਰ ਜ਼ੋਰ ਨਾਲ ਬਕਣ ਲਗੇ। ਕਮਲਾ ਬੂਹਾ ਖੋਲ੍ਹ ਕੇ ਬਾਹਰ ਆਈ ਅਤੇ ਬੋਲੀ, "ਬਾਬੂ ! ਮੈਨੂੰ ਜਿਹੜੀ ਸਜ਼ਾ ਦੇਣੀ ਹੈ ਦਿਓ, ਪਰ ਮਾਂ ਨੂੰ ਗਾਲ੍ਹਾਂ ਨਾ ਕੱਢੋ। ਉਨ੍ਹਾਂ ਦਾ ਕੀ ਕਸੂਰ ?"

ਕਮਲਾ ਨੂੰ ਦੇਖਦਿਆਂ ਹੀ ਤਹਿਸੀਲਦਾਰ ਸਾਹਿਬ ਦਾ ਨਸ਼ਾ ਉਤਰ ਗਿਆ ; ਉਹ ਉੱਪਰ ਵਲ ਨੱਸੇ। ਉਸ ਦਿਨ ਤੋਂ ਕਮਲਾ ਨੂੰ ਮਾਂ ਇਕ ਮਿੰਟ ਵੀ ਕੱਲੀ ਨਹੀਂ ਛੱਡਦੀ। ਖ਼ੂੰਖ਼ਾਰ ਬਿੱਲੇ ਨੂੰ ਦੇਖ ਕੇ ਬੱਚੇ ਵਾਲੀ ਬਿੱਲੀ ਦੀਆਂ ਸੁਚੇਤ ਅੱਖਾਂ ਕਿਵੇਂ ਤੇਜ਼ ਹੋ ਜਾਂਦੀਆਂ ਹਨ। ਕਮਲਾ ਦੀ ਮਾਂ ਨੂੰ ਡਰ ਹੈ, ਤਹਿਸੀਲਦਾਰ ਸਾਹਿਬ ਕੋਈ ਕਾਂਡ ਰਚਣਗੇ।...ਇਕ ਹਫ਼ਤਾ ਪਹਿਲਾਂ ਸ਼ਰਾਬ ਵਿਚ ਇਕ ਦਵਾ ਰਲਾ ਦਿਤੀ ਉਨ੍ਹਾਂ ਨੇ — "ਕਮਲਾ ਨੂੰ ਪਿਆ ਦੇ। ਬਿਲਕੁਲ ਠੀਕ ਹੋ ਜਾਵੇਗੀ।...ਬੜੀ ਮੁਸ਼ਕਲ ਨਾਲ ਜੁਗਾੜ ਕੀਤਾ ਹੈ।"

ਉਨ੍ਹਾਂ ਤੇ ਕਿਵੇਂ ਵਿਸ਼ਵਾਸ ਕੀਤਾ ਜਾਵੇ। ਪਤਾ ਨਹੀਂ ਕਦੋਂ ਕੀ ਕਰ ਦੇਣ।

ਪਿੰਡ ਦੇ ਘਰ ਘਰ ਵਿਚ 'ਹੇ ਭਗਵਾਨ' ਦੀ ਪੁਕਾਰ ਮੱਚੀ ਹੋਈ ਹੈ। ਸਵੇਰ ਤੋਂ ਸ਼ਾਮ ਤਕ ਰਾਤ ਭਰ ਧਾਨ ਦੁਆਲੇ ਮਿਹਨਤ ਕਰਕੇ ਜਿਹੜੀ ਮਜ਼ੂਰੀ ਮਿਲਦੀ ਹੈ, ਖ਼ਲਵਾੜ ਤੇ ਰਿਹਾ ਬਾਕੀ ਮੇਜਰ ਹੋ ਜਾਂਦਾ ਹੈ। ਨਾਈ, ਧੋਬੀ ਤੇ ਮੋਚੀ ਦਾ ਖਣ ਵੀ ਨਹੀਂ ਜੁੜੇਗਾ ਐਤਕੀ।...ਚਲੋ ਕਟੀਹਾਰ।...ਮਿੱਲ ਦਾ ਘੁੱਗੂ ਵਜਦਾ ਹੈ ਰੋਜ, ਸੁਣਦੇ ਨਹੀਂ ? ਬੁਲਾ ਰਿਹਾ ਹੈ — 'ਆਓ ਓ ਓ ਓ ਓ ਹੋ ਹੋ ਹੋ ਹ।"

ਰਾਤ ਦੀ ਚੁੱਪ ਵਿਚ ਜੋਤਖੀ ਚਾਚਾ ਦੀ ਖੰਘ ਬੜੀ ਡਰਾਉਣੀ ਸੁਣਦੀ ਹੈ — ਖਊਂ ਖਊਂ।...ਦਿਨ ਵਿਚ ਠੀਕ ਦੁਪਹਿਰੇ ਅੰਬੜੇ ਬਿਰਛ ਤੇ ਬੈਠ ਕੇ ਕਾਂ ਜਿਸ ਤਰ੍ਹਾਂ ਬੋਲਦਾ ਹੈ, ਉਸੇ ਤਰ੍ਹਾਂ ਖਊਂ ਖਊਂ।

...ਖਾਊਂਗਾ। ਸਾਰਿਆ ਨੂੰ ਖਾ ਜਾਊਂਗਾ। ਪਿੰਗਲ ਵਰਣਾਂ ਦੇਵੀ ਹੌਲੀ ਹੌਲੀ ਵਧੀ ਆ ਰਹੀ ਹੈ। ਉਹਨੇ ਹਜ਼ਾਰਾਂ ਗਣ ਦੰਦ ਗਡੇ ਹਨ ; ਜੀਭ ਲਪਲਪਾ ਰਹੀ ਹੈ।... ਖਾਊਂਗਾ...ਖਾਊਂਗਾ।

ਡਰੇ ਹੋਏ ਬੱਚੇ ਵਾਂਗ ਸਾਰਾ ਪਿੰਡ ਧੁੰਦ ਵਿਚ ਦੜਿਆ ਹੋਇਆ ਥਰ ਥਰ ਕੰਬ ਰਿਹਾ ਹੈ।...

"ਖ਼ਬਰਦਾਰ। ਹੋ ਹੋ ਏ ਏ ਏ — ਖ਼ਬਰਦਾਰ।"

ਤਹਿਸੀਲਦਾਰ ਸਾਬ੍ਹ ਨੇ ਖਲਵਾੜ ਸਾਂਭਣ ਲਈ ਤਿੰਨ ਸੰਥਾਲਾਂ ਨੂੰ ਅਤੇ ਡਿਊੜੀ ਦੇ ਬਾਹਰ ਪਹਿਰੇ ਲਈ ਪਹਾੜੀਏ ਸਿਪਾਹੀਆਂ ਨੂੰ ਬਹਾਲ ਕੀਤਾ ਹੈ। ਇਕ ਨਾਲੀ ਬੰਦੂਕ ਦਾ ਲਸੰਸ ਮਿਲਿਆ ਹੈ।.. ਚਲਿੱਤਰ ਕਰਮਕਾਰ ਜਦੋਂ ਤਕ ਫੜ ਨਹੀਂ ਹੁੰਦਾ, ਪੈਸੇ ਵਾਲਿਆਂ ਨੂੰ ਰਾਤੀਂ ਨੀਂਦ ਨਹੀਂ ਆਵੇਗੀ। ਪਹਿਰੇ ਵਾਲਿਆਂ ਦੀ ਬੋਲੀ ਡਰਾਉਣੀ ਜਾਪਦੀ ਹੈ। ਅੱਜ ਕਲ੍ਹ ਕੋਠੀ ਦੇ ਜੰਗਲ ਵਿਚ ਸ਼ਾਮ ਨੂੰ ਹੀ ਇਕ ਰੋਸ਼ਨੀ ਲਗਦੀ ਹੈ — ਬੜੀ ਤੇਜ਼; ਫੇਰ ਰਾਤੀਂ ਤੇ ਫੇਰ ਤੜਕਸਾਰ।

ਬਾਲਦੇਵ ਜੀ ਜਾਗੇ ਹੋਏ ਹਨ। ਸ਼ਾਮੀਂ ਪੂਰੈਨੀਆਂ ਤੋਂ ਪਰਤੇ ਹਨ।...ਉਨ੍ਹਾਂ ਨੂੰ ਨੀਂਦ ਨਹੀਂ ਆ ਰਹੀ। ਪੂਰੈਨੀਆਂ ਜਾਣ ਵੇਲੇ ਲੱਛਮੀ ਨੇ ਬਾਵਨਦਾਸ ਦਾ ਬਸਤਾ ਗਾਂਧੀ ਜੀ ਦੀਆਂ ਚਿੱਠੀਆਂ ਵਾਲਾ ਬਸਤਾ ਦਿੰਦਿਆਂ ਕਿਹਾ ਸੀ, ਲਘੂਸ਼ੰਕਾ ਕਰਨ ਵੇਲੇ ਜੇਬ ਵਿਚੋਂ ਕਢ ਕੇ...। ਗੰਗੁਲੀ ਜੀ ਨਾਲ ਉਹ ਮੁਲਾਕਾਤ ਕਰਨ ਗਿਆ ਸੀ। ਗੰਗੁਲੀ ਜੀ ਨੇ ਪੁਛਿਆ ਸੀ, "ਬਾਵਨਦਾਸ ਨੇ ਕੁਝ ਦਿਤਾ ਹੈ ਤੁਹਾਨੂੰ।"

"ਜੀ, ਹੂੰ...ਨਹੀਂ।" ਬਾਲਦੇਵ ਜੀ ਇਸ ਸਰਦੀ ਦੇ ਮੌਸਮ ਵਿਚ ਵੀ ਪ੍ਰਸੀਨਾ ਪਸੀਨਾ ਹੋ ਗਏ ਸਨ।

ਪਤਾ ਨਹੀਂ ਕਿਉਂ, ਗੰਗਲੀ ਜੀ ਅਚਾਨਕ ਉਦਾਸ ਹੋ ਗਏ।

...ਬਾਲਦੇਵ ਹੁਣ ਜੀਂਦੇ ਜੀਅ ਇਨ੍ਹਾਂ ਚਿੱਠੀਆਂ ਨੂੰ ਨਹੀਂ ਦੇ ਸਕਦਾ। ਇਨ੍ਹਾਂ ਚਿੱਠੀਆਂ ਨੂੰ ਦੇਖਦਿਆਂ ਹੀ ਜਮਾਹਿਰ ਲਾਲ ਨਹਿਰੂ ਜੀ ਬਾਵਨਦਾਸ ਨੂੰ ਮਨਿਸਟਰ ਬਣਾ ਦੇਣਗੇ। ਨਹੀਂ ਤਾਂ ਦਿੱਲੀ ਜ਼ਰੂਰ ਬੁਲਾ ਲੈਣਗੇ।...ਉਂਜ ਵੀ ਜਿੰਨੇ ਲੀਡਰ ਆਏ, ਸਾਰਿਆਂ ਨੇ ਬਾਵਨਦਾਸ ਨਾਲ ਹੀ ਹੱਸ ਕੇ ਗੱਲਾਂ ਕੀਤੀਆਂ।

...ਉਦੋਂ ਮਨਿਸਟਰ ਸਾਹਿਬ ਆਏ। ਬੜੇ ਬੜੇ ਲੀਡਰਾਂ ਨੇ, ਮਾਰਵਾੜੀਆਂ ਨੇ, ਵਕੀਲਾਂ, ਮੁਖਤਿਆਰਾਂ ਅਤੇ ਜ਼ਿਮੀਂਦਾਰਾਂ ਨੇ ਦਸਖ਼ਤ ਕਰ ਕੇ ਦਰਖ਼ਾਸਤ ਕੀਤੀ, "ਭਗਵਤੀ ਬਾਬੂ ਸਰਕਾਰੀ ਵਕੀਲ ਨੂੰ ਕਾਂਗਰਸ ਦਾ ਮੈਂਬਰ ਬਹਾਲ ਕਰ ਲਿਆ ਜਾਵੇ।" ਪਰ ਮਨਿਸਟਰ ਸਾਬ੍ਹ ਨੇ ਬਾਵਨਦਾਸ ਤੋਂ ਪੁੱਛਿਆ, "ਕਿਉਂ ਬਾਵਨਦਾਸ ਜੀ ?" ਭਗਵਤੀ ਬਾਬੂ ਬਹਾਲ ਨਹੀਂ ਹੋਏ। ਅਖ਼ੀਰ ਬਾਵਨਦਾਸ ਦੀ ਹੀ ਮੰਨੀ ਗਈ।...ਭਗਵਤੀ ਬਾਬੂ ਨੇ ਬਤਾਲੀ ਵਿਚ ਸੁਰਜੀਆਂ ਨੂੰ ਫਾਹੇ ਲਈ ਖ਼ੂਬ ਬਹਿਸ ਕੀਤੀ ਸੀ।

ਅਤੇ ਇਹ ਚਿੱਠੀਆਂ।...ਨਹੀਂ ਉਹ ਹਰਗਿਜ਼ ਨਹੀਂ ਦੇਵੇਗਾ।...ਲੱਛਮੀ ਨੂੰ ਪਤਾ ਨਹੀਂ ਕੀ ਹੋ ਗਿਆ ਹੈ। ਜਿਸ ਦਿਨ ਦਾ ਬਸਤਾ ਮਿਲਿਆ, ਦੋਨੋਂ ਵੇਲੇ ਸਤਸੰਗ

ਸਮੇਂ ਸਿਰ ਝੁਕਾ ਕੇ ਸਾਹਮਣੇ ਰਖਦੀ ਸੀ।...ਰੋਜ਼ ਚੰਦਨ ਦੇ ਫੁੱਲ ਚੜ੍ਹਾਉਂਦੀ ਸੀ ਇਸ ਉੱਪਰ। ਕਦੀ ਕਦੀ ਚਿੱਠੀਆਂ ਖੋਲ੍ਹ ਕੇ ਪੜ੍ਹਦੀ ਅਤੇ ਰੋਂਦੀ। ਪੂਰੈਨੀਆਂ ਤੋਂ ਪਰਤਦਿਆਂ ਸੁਖ ਸਾਂਦ ਪੁਛਣੀ ਤਾਂ ਦੂਰ ਰਹੀ, ਪੁਛ ਬੈਠੀ, "ਗੰਗੁਲੀ ਜੀ ਨੂੰ ਦੇ ਆਏ ਹੋ ਨਾ ?"

"ਹਾਂ, ਹਾਂ, ਦੇ ਆਇਆ। ਏਨੀ ਬੇਪਰਤੀਤ ਸੀ ਤਾਂ ਮੇਰੇ ਹੱਥ ਦਿਤਾ ਹੀ ਕਿਉਂ ਸੀ ?"

ਬਾਲਦੇਵ ਜੀ ਨੂੰ ਨੀਂਦ ਨਹੀਂ ਆ ਰਹੀ, ਬੈਲਗੱਡੀ ਤੇ ਪੁਆਲ ਥੱਲੇ ਬਸਤਾ ਲੁਕਾ ਕੇ ਰਖ ਦਿਤਾ ਹੈ। ਧੂਣੀ ਤਾਂ ਧੂ-ਧੂ ਕਰਕੇ ਜਲ ਰਹੀ ਹੈ...

ਬਾਲਦੇਵ ਜੀ ਉਠ ਕੇ ਬਾਹਰ ਜਾਂਦੇ ਹਨ।

"ਓਏ।...ਖ਼ਬਰਦਾਰ।" ਪਹਿਰੂ ਚੀਕਦਾ ਹੈ।

ਬਾਲਦੇਵ ਜੀ ਧੂਣੀ ਕੋਲ ਬੈਠ ਕੇ ਲੱਕੜੀਆਂ ਨੂੰ ਜ਼ਰਾ ਏਧਰ ਓਧਰ ਕਰਦੇ ਹਨ, ਫੇਰ ਅੱਖ ਘੁੰਮਾ ਕੇ ਲੱਛਮੀ ਦੇ ਬਿਛੌਣੇ ਵਲ ਦੇਖਦੇ ਹਨ। ਮਲਕੜੇ ਜਿਹੇ ਬਸਤਾ ਖੋਲ੍ਹ ਕੇ ਕਢਦੇ ਹਨ। ਉਨ੍ਹਾਂ ਦੀ ਸਾਰੀ ਦੇਹ ਥਿਰਕ ਰਹੀ ਹੈ, ਜੀਭ ਸੁੱਕ ਕੇ ਕਾਠ ਹੋ ਗਈ ਹੈ, ਮੂੰਹ ਵਿਚ ਲਵ ਨਹੀਂ ਹੈ।...ਧੂਣੀ ਦੀ ਅੱਗ ਮੱਚ ਉਠੀ ਹੈ, ਲੱਕੜੀਆਂ ਚਿੜਖਿੜ ਬੋਲਦੀਆਂ ਹਨ।...ਬਾਲਦੇਵ ਨੇ ਇਕ ਚਿੱਠੀ ਕੱਢੀ...।

"ਦੁਹਾਈ ਗਾਂਧੀ ਬਾਬਾ ! ਵੇ ਬਾਬਾ...।" ਲੱਛਮੀ ਵਿਛਾਉਣੇ ਤੋਂ ਹੀ ਝਪਟਦੀ ਹੈ — "ਗੁਸਾਈਂ ਸਾਬ੍ਹ ਛੀ : ਛੀ : ਇਹ ਕੀ ਕਰ ਰਹੇ ਹੋ।...ਸਤਗੁਰੂ ਹੋ, ਖਿਮਾ ਕਰੋ। ਬਾਲਦੇਵ।...ਪਾਪੀ...ਹਤਿਆਰਾ।"

ਧੂਣੀ ਦੀ ਅੱਗ ਲੱਛਮੀ ਦੇ ਕਪੜਿਆਂ ਨੂੰ ਲਗ ਜਾਂਦੀ ਹੈ, "ਲਗ ਲੈਣ ਦਿਓ ਅੱਗ। ਮੁੱਠ ਖੋਲ੍ਹੋ। ਬਸਤਾ ਦਿਓ ਬਾਲਦੇਵ ਜੀ। ਮੈਂ ਸੜ ਕੇ ਮਰ ਜਾਵਾਂਗੀ ਪਰ...।" ਬਾਲਦੇਵ ਜੀ ਦੀ ਕੱਸੀ ਹੋਈ ਮੁੱਠ ਖੁਲ੍ਹ ਜਾਂਦੀ ਹੈ। ਲੱਛਮੀ ਹਿੱਕ ਨਾਲ ਲਾ ਕੇ ਖਲੋ ਜਾਂਦੀ ਹੈ। ਲੱਕ ਨਾਲ ਲਿਪਟਿਆ ਹੋਇਆ ਕਪੜਾ ਆਪਣੇ ਆਪ ਖੁਲ੍ਹ ਜਾਂਦਾ ਹੈ। ਬਾਲਦੇਵ ਜੀ ਕਮੰਡਲ ਨਾਲ ਪਾਣੀ ਦੇ ਛਿਟੇ ਮਾਰਦੇ ਹਨ। "ਹੇ ਭਗਵਾਨ ! ਸਤਗੁਰ ਹੋ ! ਜੈ ਗਾਂਧੀ ਜੀ ! ਬਾਬਾ... ਜੈ ਬਾਵਨਦਾਸ ਜੀ। ਹੈ ਹੈ।" ਲੱਛਮੀ ਰੋ ਰਹੀ ਹੈ। ਵਸਤਰ ਹੀਨ ਖਲੋਤੀ ਲੱਛਮੀ ਰੋ ਰਹੀ ਹੈ।

ਲੱਛਮੀ ਦੇ ਹੱਥ-ਪੈਰ ਸੜ ਗਏ ਹਨ, ਬੜੇ ਬੜੇ ਛਾਲੇ ਬਣ ਗਏ ਹਨ।

ਬਾਲਦੇਵ ਜੀ ਆਪਣੀ ਮਸਹਿਰੀ ਵਿਚ ਆ ਕੇ ਲੁਕ ਜਾਂਦੇ ਹਨ। ਲੇਟ ਕੇ ਸੋਚਦੇ ਹਨ — ਨਹੀਂ, ਹੁਣ ਏਥੇ ਰਹਿਣਾ ਠੀਕ ਨਹੀਂ। ਉਹ ਕਿਸ ਮੂਹ ਨਾਲ ਏਥੇ ਰਵ੍ਹੇਗਾ ? ਲੱਛਮੀ ਵਲ ਉਹ ਹੁਣ ਮੂੰਹ ਚੁਕ ਕੇ ਦੇਖ ਨਹੀਂ ਸਕੇਗਾ।...ਉਹ ਪੂਰੇਨੀਆਂ ਜਾਵੇਗਾ, ਉਥੋਂ ਹੀ ਚੰਨਪਤੀ ਚਲਾ ਜਾਵੇਗਾ। ਉਹ ਹੁਣ ਆਪਣੇ ਪਿੰਡ ਵਿਚ ਰਵ੍ਹੇਗਾ।

ਆਪਣੇ ਭਾਈਚਾਰੇ ਵਿਚ, ਆਪਣੀ ਜ਼ਾਤ ਬਰਾਦਰੀ ਵਿਚ ਰਵ੍ਹੇਗਾ।...ਜ਼ਾਤ ਬੜੀ ਵੱਡੀ ਚੀਜ਼ ਹੈ।...ਜ਼ਾਤ ਦੀ ਅਜਿਹੀ ਗੱਲ ਹੈ ਕਿ ਸਭ ਵੱਡੇ ਵੱਡੇ ਲੀਡਰ ਆਪਣੀਆਂ ਆਪਣੀਆਂ ਜ਼ਾਤਾਂ ਦੀਆਂ ਪਾਰਟੀਆਂ ਵਿਚ ਹੀ ਹਨ।...ਇਹ ਤਾਂ ਰਾਜਨੀਤੀ ਹੈ। ਲੱਛਮੀ ਕੀ ਸਮਝੇਗੀ ?...ਕਾਸ਼ੀ ਜੀ ਦਾ ਬ੍ਰਹਮਚਾਰੀ ਤਾਂ ਜਾਪਦਾ ਹੈ, ਹੁਣ ਦੇਖੇ ਹੀ ਖੂੰਡਾ ਗਡੇਗਾ...। ਠੀਕ ਹੈ।...ਨਹੀਂ, ਉਹ ਲੱਛਮੀ ਤੇ ਜਾਣ ਲਗਾ ਕਲੰਕ ਲਾ ਕੇ ਨਹੀਂ ਜਾਵੇਗਾ। ਐਹ ..

"ਗੁਸਾਈਂ ਸਾਬ੍ਹ, ਉਠੋ ! ਸਤਸੰਗ ਦਾ ਸਮਾਂ ਹੋ ਗਿਆ।" ਲੱਛਮੀ ਵਿਲਕਦੀ ਹੋਈ ਉਠਦੀ ਹੈ। ਸਾਰੀ ਦੇਹ ਸੜ ਗਈ ਹੈ।

ਨਿੱਤ ਵਾਂਗ ਹੀ ਲੱਛਮੀ ਉਠਦੀ ਹੈ, ਉਠ ਕੇ ਬਾਲਦੇਵ ਜੀ ਦੇ ਵਿਛਾਉਣੇ ਕੋਲ ਆਉਂਦੀ ਹੈ। ਮਸਹਿਰੀ ਹਟਾ ਕੇ ਬਾਲਦੇਵ ਜੀ ਦੇ ਅੰਗੂਠਿਆਂ ਨਾਲ ਅੱਖਾਂ ਲਗਦੀਆਂ ਹਨ, "ਸਾਹਿਬ ਬੰਦਗੀ।"

ਬਾਲਦੇਵ ਜੀ ਰੋਂਦੇ ਹਨ — ਹਟਕੋਰੇ ਭਰ ਕੇ, "ਲੱਛਮੀ।"

"ਉਠੋ ਗੁਸਾਈਂ ਸਾਬ੍ਹ।"

## ਬਾਈ

ਤਿੰਨ ਮਹੀਨਿਆਂ ਪਿਛੋਂ।

1948 ਵਰ੍ਹੇ ਦੇ ਅਪਰੈਲ ਦੀ ਇਕ ਸਵੇਰ।

ਇਸ ਇਲਾਕੇ ਵਿਚ ਅਗੇਤਰਾ ਪਟਸਨ ਬੀਜਣ ਵਾਲੇ ਕਿਸਾਨਾਂ ਨੂੰ ਚਾਹੀਦਾ ਹੈ ਕਿ ਸੂਰਜ ਉਗਣ ਤੋਂ ਪਹਿਲਾਂ ਹੀ ਖੇਤਾਂ ਵਿਚ ਹਲ ਫੇਰ ਦੇਵੇ। ਸਰਘੀ ਦਾ ਤਾਰਾ ਝਿਲਮਿਲ ਕਰ ਰਿਹਾ ਹੈ। ਕਮਲਾ ਨਦੀ ਦੇ ਖੱਪੇ ਵਿਚ ਉਹਦੀ ਛਾਂ ਥਿਰਕ ਰਹੀ ਹੈ, ਜਾਪਦਾ ਹੈ, ਨੀਲਕਮਲ ਖਿੜਿਆ ਹੈ।

ਮੋਢੇ ਤੇ ਹਲ ਚੁਕੀ ਮਾੜੂਏ ਬਲਦਾਂ ਨੂੰ ਹਿੱਕਦਾ ਹੋਇਆ ਜਾ ਰਿਹਾ ਹੈ। ਬਿਰਚੀ... ਕੋਇਰੀ ਟੋਲੇ ਦੇ ਸੰਬਰਨ ਦੇ ਤਿੰਨ ਬਿਘਿਆਂ ਨੂੰ ਝੋਲੀ ਤੇ ਵਾਹੁੰਦਾ ਹੈ, ਪਰ ਐਤਕੀ ਤੋਟ ਆ ਜਾਵੇਗੀ। ਉਹਦੀ ਸੂਰਤ, ਤੀਲਾਂ ਦੀ ਡੱਬੀ ਤੇ ਜਿਵੇਂ ਹਲਵਾਹੇ ਦੀ ਤਸਵੀਰ ਹੁੰਦੀ ਹੈ — ਬਿਲਕੁਲ ਮਾੜੂਆ, ਕਾਲਾ-ਕਲੋਟਾ, ਕਮਰ ਵਿਚ ਬਿਸਰੀ, ਉਸੇ ਤਰ੍ਹਾਂ ਦੀ ਹੀ ਹੈ।

ਖਿਲਾਵਨ ਹੁਣ ਆਪ ਮੱਝਾਂ ਚਾਰਦਾ ਹੈ। ਤਿੰਨ ਵਜੇ ਰਾਤੀਂ ਜਿਸ ਤਰ੍ਹਾਂ ਮੱਝਾਂ ਚਰਦੀਆਂ ਨੇ ਉਸ ਤਰ੍ਹਾਂ ਦਿਨ ਭਰ ਵਿਚ ਨਹੀਂ ਚਰਨਗੀਆਂ। ਹੁਣ ਤਾਂ ਉਹਦੀ

ਆਪਣੀ ਚਰਾਂਦ ਵੀ ਨਹੀਂ ਹੈ। ਇਸੇ ਲਈ ਦੂਰ-ਪਾਰ ਲੈ ਜਾਂਦਾ ਹੈ। ਖਿਲਾਵਨ ਯਾਦਵ, ਯਾਦਵ ਟੋਲੀ ਦਾ ਮਰੂੜ, ਮੱਝਾਂ ਚਰਾ ਕੇ ਪਰਤ ਰਿਹਾ ਹੈ।

ਆਸਮਾਨ ਨਿਰਮਲ ਹੋ ਰਿਹਾ ਹੈ। ਸਾਰਿਆਂ ਦੇ ਚਿਹਰੇ ਤੇ ਸਰਘੀ ਦਾ ਚਾਨਣ ਪੈਂਦਾ ਹੈ — ਧੋਤੀ ਹੋਈ ਇੱਟ ਵਰਗੇ ਚਿਹਰੇ।

ਤਹਿਸੀਲਦਾਰ ਸਾਹਿਬ ਦਾ ਟ੍ਰੈਕਟਰ ਲੈ ਕੇ ਡਲੇਵਰ ਸਾਹਿਬ ਨਿਕਲੇ — ਭਕ ਭਕ ਭਕ ਭਕ ਭਕ ਭਕ ਭਕ ਭਕ ਭਕ।

ਤਹਿਸੀਲਦਾਰ ਸਾਹਿਬ ਦੁਮੰਜ਼ਿਲੇ ਦੀ ਛੱਤ ਤੇ ਖਲੋ ਕੇ ਹੱਥਾਂ ਨੂੰ ਕੰਡ ਪਿਛੇ ਜਕੜੇ ਟਹਿਲ ਰਹੇ ਹਨ। ਭਕ ਭਕ ਭਕ ਭਕ ਭਕ। ਛੱਤ ਦਹਿਲਦੀ ਹੈ। ਉਸੇ ਦੇ ਤਾਲ ਤੇ ਉਨ੍ਹਾਂ ਦਾ ਕਲੇਜਾ ਧੁਕਧੁਕਾ ਰਿਹਾ ਹੈ।...ਕੌਣ ਆ ਰਿਹਾ ਹੈ ? ਕੌਣ ? ਸੇਬੀਆ ?... ਚੁੱਪ।...ਮਲਕੜੇ ਜਿਹੇ। ਕੀ ?

"ਕੀ ?" ਤਹਿਸੀਲਦਾਰ ਸਾਹਿਬ ਪੁੱਛਦੇ ਹਨ।

"ਓ ! ਸਤੂਹਾ। ਨਾਤੀ ਆਇਆ।" ਸੇਬੀਆ ਹੱਸਦੀ ਹੈ।

"ਚੁੱਪ। ਜੀਂਦਾ ਹੈ ਜਾਂ...।"

"ਹੂੰ ਊਂ ਟੁਕਰ ਟੁਕਰ ਘੂਰਦੈ।"

...ਔਹ ਭਗਵਾਨ (ਤਹਿਸੀਲਦਾਰ ਸਾਹਿਬ ਥਰ ਥਰ ਕੰਬ ਰਹੇ ਹਨ।)

ਕਮਲਾ ਨਦੀ ਦੇ ਪਰਲੇ ਪਾਸੇ ਅੱਧ-ਪੱਕੀ ਸੌਣੀ ਦੀ ਫ਼ਸਲ ਦੇ ਪਰਲੇ ਪਾਸੇ ਸੇਮਲ ਬਾੜੀ ਦੇ ਜੰਗਲ ਦੇ ਉਸ ਪਾਰ ਆਸਮਾਨ ਲਾਲ ਹੋ ਗਿਆ। ਦੱਖਣ-ਕੋਠੀ ਦੇ ਬਾਗ਼ ਵਿਚ ਗੁਲਮੁਹਰ ਦੀਆਂ ਲਾਲ-ਲਾਲ ਗਲੀਆਂ ਦਮਕ ਉਠਦੀਆਂ ਹਨ।

ਡਿਉੜ੍ਹੀ ਦੇ ਉਸ ਪਾਰ ਬੱਚੇ ਦੇ ਰੋਣ ਦੀ ਆਵਾਜ਼ ਨਹੀਂ ਜਾਣੀ ਚਾਹੀਦੀ। ਪ੍ਰਬੰਧ ਹੋ ਰਿਹਾ ਹੈ।...ਕੋਈ ਪ੍ਰਬੰਧ ਜ਼ਰੂਰੀ ਹੋ ਜਾਵੇਗਾ।...ਜੇ ਬੱਚਾ ਜ਼ੋਰ ਨਾਲ ਰੋਵੇ ; ਗਲਾ ਘੁਟ ਦਿਓ। ਮਾਰ ਸੁਟੋ।

ਦਿੱਲੀ ਵਿਚ, ਰਾਜਘਾਟ ਤੇ, ਬਾਪੂ ਦੀ ਸਮਾਧੀ ਤੇ ਰੋਜ਼ ਸ਼ਰਧਾਂਜਲੀਆਂ ਅਰਪਿਤ ਹੁੰਦੀਆਂ ਹਨ। ਸੰਸਾਰ ਦੇ ਕਿਸੇ ਵੀ ਕੋਨੇ ਦਾ ਕਿਸੇ ਵੀ ਦੇਸ਼ ਦਾ ਬੰਦਾ ਆਉਂਦਾ ਹੈ, ਉਥੇ ਪਹੁੰਚ ਕੇ ਆਪਣੀ ਜ਼ਿੰਦਗੀ ਨੂੰ ਸਾਰਥਕ ਸਮਝਦਾ ਹੈ।

ਕਲੀਮੂਦੀਂਪੁਰ ਵਿਚ ਨਾਗਰ ਨਦੀ ਦੇ ਕਿਨਾਰੇ ਚੋਰ ਘੱਟਾ ਦੇ ਕੋਲ ਸੁਆਂਕਣੇ ਦੇ ਬਿਰਛ ਦੀ ਡਾਲੀ ਨਾਲ ਅਟਕਦੀ ਹੋਈ ਖੱਦਰ ਦੀ ਝੋਲੀ ਨੂੰ ਕਿਸੇ ਨੇ ਸ਼ਾਇਦ ਟਪਾ ਲਿਆ ਹੈ।...ਕਿਹੜਾ ਲਵੇਗਾ ? ਦੁਲਾਰਚੰਦ ਕਾਪਰ ਨੇ ਇਕ ਮਹੀਨੇ ਪਿਛੋਂ ਜਾ ਕੇ ਦੇਖਿਆ, ਝੋਲੀ ਤਾਂ ਲਟਕ ਰਹੀ ਹੈ...ਡਾਲੀ ਨਾਲ। ਜ਼ਿਲਾ ਕਾਂਗਰਸ ਦਾ ਕੋਈ ਵੀ ਕਾਰਜਕਰਤਾ ਦੇਖਦਿਆਂ ਹੀ ਪਛਾਣ ਲਵੇਗਾ — ਬਾਵਨਦਾਸ ਦੀ ਝੋਲੀ ਹੈ। ਝੋਲੀ ਕਾਪਰੇ ਨੇ ਟਪਾ ਦਿਤੀ। ਪਰ ਝੋਲੀ ਦਾ ਫ਼ੀਤਾ ਹਾਲੇ ਵੀ ਡਾਲੀ ਨਾਲ ਝੂਲਰਿਹਾ ਹੈ।

ਕਿਸੇ ਦੁਖਿਆਰੀ ਨੇ ਇਹਨੂੰ ਚੇਥਰੀਆ ਪੀਰ (ਜਿਸ ਬਿਰਛ ਨੂੰ ਪੀਰ ਸਮਝ ਕੇ ਚਾਦਰ ਚੜ੍ਹਾਉਂਦੇ ਹਨ) ਸਮਝ ਕੇ ਮਨੌਤ ਮੰਨੀ ਹੈ, ਆਪਣੇ ਆਂਚਲ ਦਾ ਇਕ ਲੜ ਪਾੜ ਕੇ ਬੰਨ੍ਹ ਦਿਤਾ ਹੈ — "ਮਨੋਕਾਮਨਾ ਪੂਰੀ ਹੋਈ ਤਾਂ ਨਵੀਂ ਚਾਦਰ ਚੜ੍ਹਾਵਾਂਗੀ।" ਬੜੀ ਵੱਡੀ ਆਸ ਅਤੇ ਵਿਸ਼ਵਾਸ ਨਾਲ ਉਹ ਗੰਢ ਬੰਨ੍ਹ ਰਹੀ ਹੈ।... ਦੋ ਚੀਥੜੇ।

ਪੂਰਣੀਆਂ ਜੇਲ ਦੇ ਸਾਹਮਣੇ ਬੜਾ ਪੁਰਾਣਾ ਬਰੋਟਾ ਹੈ। ਉਹਦੇ ਥੱਲੇ ਸੁੱਕੇ ਹੋਏ ਪੱਤੇ ਹਵਾ ਵਿਚ ਇਧਰ ਉਧਰ ਉਡ ਰਹੇ ਹਨ। ਬਰੋਟੇ ਦੁਆਲੇ ਬਣੇ ਹੋਏ ਚਬੂਤਰੇ ਕੋਲ ਇਕ ਮੁਟਿਆਰ ਖਲੋਤੀ ਹੈ।...ਨਾਲ ਹੈ ਪਿਆਰੂ।

ਸੱਖਣੀ ਦੇਹ ਤੇ ਇਕ ਪੁਰਾਣਾ ਤੌਲੀਆ ਬੰਨ੍ਹੀ, ਸਿਰਫ਼ ਜਾਂਘੀਆ ਪਹਿਨੀ ਇਕ ਵਾਰਡਨ ਸਾਹਿਬ ਬਾਰ ਬਾਰ ਬੈਰਕ 'ਚੋਂ ਨਿਕਲ ਕੇ ਮੁਟਿਆਰ ਨੂੰ ਦੇਖਦੇ ਹਨ, ਗੀਤ ਗਾਉਂਦੇ ਹਨ — ਤੋਹੀ ਪਤਰੀ ਕਮਰੀਆ। ਅਤੇ ਇਕ ਵਾਰ ਪੁੱਛ ਹੀ ਲੈਂਦੇ ਹਨ — "ਤੁਸੀਂ ਡਾਕਟਰ ਸਾਬ੍ਹ ਦੀ ਵਾਈਫ਼ ਹੋ।" ਮੁਟਿਆਰ ਨੇ ਗਰਦਨ ਹਿਲਾ ਕੇ ਕਿਹਾ — "ਨਹੀਂ।"

ਵਾਰਡਨ ਸਾਹਿਬ ਪਿਆਰੂ ਵਲ ਤੱਕਦੇ ਹਨ। ਪਿਆਰੂ ਇਸ ਵਾਰਡਨ ਨੂੰ ਜਾਣਦਾ ਹੈ — ਬੜਾ ਬੇਵਕੂਫ ਹੈ। ਸਦਾ ਬੁਰੀਆਂ ਬੁਰੀਆਂ ਗੱਲਾਂ ਬਕਦਾ ਹੈ। ਉਹ ਮੂੰਹ ਫੇਰ ਲੈਂਦਾ ਹੈ।

ਜੇਲ ਦਾ ਲੋਹੇ ਦਾ ਫਾਟਕ ਝਨਝਨਾ ਕੇ ਖੁਲ੍ਹਦਾ ਹੈ। ਮੁਟਿਆਰ ਦੇ ਚਿਹਰੇ ਤੋਂ ਉਡੀਕ ਦੀ ਬੇਚੈਨੀ ਹਟ ਜਾਂਦੀ ਹੈ। ਉਹਦੇ ਚਿਹਰੇ ਤੇ ਹੁਣੇ ਹੀ ਜਿਹੜੀਆਂ ਛੋਟੀਆਂ ਛੋਟੀਆਂ ਝੁਰੜੀਆਂ ਪੈ ਗਈਆਂ ਸਨ, ਹੋਲੀ ਹੋਲੀ ਖਿੜ ਜਾਂਦੀਆਂ ਹਨ।

ਡਾਕਟਰ ਇਸ ਤਰ੍ਹਾਂ ਮੁਸਕਰਾਉਂਦਾ, ਪੈਰ ਵਧਾਉਂਦਾ ਹੱਥ ਵਿਚ ਛੋਟਾ ਬੈਗ ਲਈ ਜਾ ਰਿਹਾ ਹੈ ਜਿਵੇਂ ਲੈਬਾਰੇਟਰੀ 'ਚੋਂ ਛੁੱਟੀ ਲੈ ਕੇ ਪਰਤਿਆ ਹੋਵੇ।

ਪਿਆਰੂ ਦਾ ਚਿਹਰਾ ਦੇਖਣ ਯੋਗ ਬਣਦਾ ਜਾ ਰਿਹਾ ਹੈ। ਉਹ ਆਪਣੇ ਅੰਦਰ ਉਠਣ ਵਾਲੀਆਂ ਖ਼ੁਸ਼ੀ ਦੀਆਂ ਤਰੰਗਾਂ ਨੂੰ ਦਬਾਉਂਦਾ ਹੈ, ਪਰ ਉਹਦਾ ਮੂੰਹ ਅਸੁਭਾਵਕ ਰੂਪ ਵਿਚ ਖੁਲ੍ਹਿਆ ਹੈ।

"ਕੀ ਤੂੰ ਵੀ ਕਿਸੇ ਜੇਲ ਵਿਚ ਸੀ ?"

"ਨਹੀਂ ਬਾਬਾ! ਇਹੋ ਜਿਹੀ ਕਿਸਮਤ ਲੈ ਕੇ ਨਹੀਂ ਆਈ।...ਝੁਕੇ ਬਾਬਾ ਵਿਸ਼ਵਨਾਥ ਦਾ ਪ੍ਰਸਾਦ ਹੈ।" ਮੁਟਿਆਰ ਰੁਮਾਲ ਵਿਚੋਂ ਸੁੱਕੇ ਬੇਲ ਪੱਤਰ ਅਤੇ ਫੁੱਲ ਕਢ ਕੇ ਡਾਕਟਰ ਪ੍ਰਸ਼ਾਂਤ ਦੇ ਸਿਰ ਨਾਲ ਲਾਉਂਦੀ ਹੈ।

"ਫੇਰ ਪਿਆਰੂ...ਕੀ ਹਾਲ ਐ ? ਮਮਤਾ। ਪਿਆਰੂ ਨਾਲ ਗੱਲ-ਬਾਤ ਹੋਈ ਕਿ ਨਹੀਂ ?"

"ਸਵੇਰ ਤੋਂ ਹੋਰ ਕਰ ਹੀ ਕੀ ਰਹੀ ਹਾਂ।"

ਮਮਤਾ ਹੱਸਦੀ ਹੋਈ ਕਹਿੰਦੀ ਹੈ, "ਘੋੜਾ ਗੱਡੀ ਬੁਲਾਓ ਪਿਆਰੀ ਚੰਦ ਸਰਕਾਰ।"

ਪਿਆਰੂ ਹੱਸਦਾ ਤੇ ਲੰਙ ਮਾਰਦਾ ਕਚਹਿਰੀ ਵਲ ਜਾਂਦਾ ਹੈ।

"ਤਿੰਨ ਵਜੇ ਰਾਤੀਂ ਪਹੁੰਚੀ ਪੂਰਣੀਆਂ ਸਟੇਸ਼ਨ ਤੇ।...ਜਿਓਤੀ ਦੀ ਤਾਂ ਅੱਜ ਕਲ੍ਹ ਇਥੇ ਹੈ ਨਾ। ਉਨ੍ਹਾਂ ਦੇ ਡੇਰੇ ਤੇ ਗਈ, ਸਵੇਰੇ ਉਠ ਕੇ ਕਲਕਟਰ ਸਾਬ੍ਹ ਦੇ ਬੰਗਲੇ ਤੇ ਗਈ ਦਸਤੀ ਆਰਡਰ ਕੋਲ ਸੀ ਤੁਹਾਡੀ ਰਲੀਜ਼ ਦਾ। ਜਿਓਤੀ ਦੀ ਨੇ ਕਿਹਾ, ਜੇ ਕਲਕਟਰ ਸਾਬ੍ਹ ਟੂਰ ਤੇ ਨਿਕਲ ਗਏ ਤਾਂ ਫੇਰ ਦੇਰ ਲਗ ਸਕਦੀ ਹੈ।... ਤਾਂ ਹੁਣ ਕਿਥੇ ਜਾਣਾ ਹੈ?" ਮਮਤਾ ਮੁਸਕਰਾਉਂਦੀ ਹੈ।

"ਤੂੰ ਮੇਰੀਗੰਜ ਨਹੀਂ ਚਲੇਂਗੀ?"

"ਕਿਉਂ ਨਹੀਂ?...ਮੈਂ ਪੰਦਰਾਂ ਦਿਨਾਂ ਦੀ ਛੁੱਟੀ ਲੈ ਲਈ ਹੈ?"

ਐਸ. ਪੀ. ਸਾਹਿਬ ਦਾ ਚਪੜਾਸੀ ਖ਼ਤ ਲੈ ਕੇ ਆਇਆ ਹੈ। ਐਸ. ਪੀ. ਸਾਹਿਬ ਨੇ ਡਾਕਟਰ ਨੂੰ ਆਪਣੇ ਬੰਗਲੇ ਤੇ ਆਉਣ ਲਈ ਸੱਦਾ ਪੱਤਰ ਦਿਤਾ ਹੈ।

## ਤੇਈ

ਤਹਿਸੀਲਦਾਰ ਸਾਹਿਬ ਹੁਣ ਥੱਲੇ ਨਹੀਂ ਉਤਰਦੇ, ਉੱਪਰ ਹੀ ਰਹਿੰਦੇ ਹਨ। ਦਿਨ ਭਰ ਤਾੜੀ ਛਕਦੇ ਹਨ, ਰਾਤੀਂ ਸੰਥਾਲ ਟੋਲੀ ਦੇ ਮਹੂਏ ਦਾ ਰਸ। ਕਦੀ ਹੋਸ਼ ਵਿਚ ਨਹੀਂ ਹੁੰਦੇ। ਸੁਮਰਿਤਦਾਸ ਬੇਤਾਰ ਨੂੰ ਰੋਜ਼ ਪੁੱਛਦੇ ਹਨ, "ਸੋਚਿਆ ਓਪਾਅ?"

"ਮੇਰਾ ਮਗਜ਼ ਨਹੀਂ ਕੰਮ ਕਰ ਰਿਹਾ।"

"ਨਹੀਂ ਕੰਮ ਕਰ ਰਿਹਾ ਤਾਂ ਲੈ ਇਕ ਗਲਾਸ, ਪੀ ਸਾਲਿਆ। ਜੇ ਕਿਤੇ ਗੱਲ ਕੀਤੀ ਤਾਂ ਵੇਖ ਲੈ ਬੰਦੂਕ।"

ਕਮਲਾ ਦੀ ਮਾਂ ਦਰਵਾਜ਼ਾ ਕਦੀ ਨਹੀਂ ਖੋਲ੍ਹਦੀ। ਖੂਹ ਵਲ ਖੁਲ੍ਹਣ ਵਾਲਾ ਦਰਵਾਜ਼ਾ ਕਦੀ ਕਦੀ ਖੋਲਦੀ ਹੈ। ਕਮਰੇ ਦੇ ਅੰਧਕਾਰ ਵਿਚ, ਇਕ ਕੋਨੇ ਵਿਚ, ਇਕ ਛੋਟਾ ਜਿਹਾ ਦੀਵਾ ਜਗ ਰਿਹਾ ਹੈ। ਕਮਲਾ ਦੀ ਗੋਦ ਵਿਚ ਉਹਦਾ ਬੱਚਾ ਕਪੜਿਆਂ ਵਿਚ ਲਿਪਟਿਆ ਸੌਂ ਰਿਹਾ ਹੈ।...ਕਮਲਾ ਕਜਰੌਟੀ ਵਿਚ ਕੱਜਲ ਸਮੋ ਰਹੀ ਹੈ!

ਭਟ ਭਟ ਭਰਰ ਭਰਰ

ਇਕ ਸਟੇਸ਼ਨ ਵੈਗਨ ਪੂਰਣੀਆਂ ਮੇਰੀਗੰਜ ਰੋਡ ਤੇ ਦੌੜੀ ਜਾ ਰਹੀ ਹੈ।

ਟੁਰਨ ਸਮੇਂ ਮਮਤਾ ਦੀ ਅੱਖ ਬਚਾ ਕੇ ਪਿਆਰੂ ਨੇ ਡਾਕਟਰ ਦੇ ਹੱਥ ਇਕ ਲਫ਼ਾਫ਼ਾ

ਫੜਾ ਦਿਤਾ ਹੈ। ਅਗੇ ਡਰਾਈਵਰ ਦੇ ਨਾਲ ਬੈਠਾ ਹੋਇਆ ਕਦੀ ਕਦੀ ਗਰਦਨ ਘੁੰਮਾ ਕੇ ਪਿਛਾਂਹ ਵਲ ਦੇਖਦਾ ਹੈ, ਡਾਕਟਰ ਸਾਹਿਬ ਚਿੱਠੀ ਪੜ੍ਹ ਰਹੇ ਹਨ।

"ਪ੍ਰਾਣਨਾਥ !"

ਕਮਲਾ ਦੀ ਚਿੱਠੀ ਹੈ — ਇਕ ਹਫ਼ਤਾ ਪਹਿਲਾਂ ਦੀ ਚਿੱਠੀ।

ਪ੍ਰਾਣਨਾਥ

ਪਤਾ ਨਹੀਂ, ਵੇਲੇ ਸਿਰ ਇਹ ਖ਼ਤ ਤੁਹਾਨੂੰ ਮਿਲੇ ਜਾਂ ਨਾ। ਵੇਲੇ ਜਾਂ ਕੁਵੇਲੇ, ਕਦੀ ਵੀ ਮੇਰੀ ਇਹ ਚਿੱਠੀ ਤੁਹਾਨੂੰ ਮਿਲ ਹੀ ਜਾਵੇਗੀ, ਮੈਨੂੰ ਪੂਰਾ ਵਿਸ਼ਵਾਸ ਹੈ। ਤੁਸੀਂ ਮੇਰੇ ਕੋਲ ਦੌੜੇ ਆਵੋਗੇ।...ਤੁਸੀਂ ਜਾਣਦੇ ਹੋ, ਹੁਣ ਮੈਨੂੰ ਡਰ ਲਗਣ ਲਗ ਪਿਆ ਹੈ। ਤੁਹਾਡਾ . ਤੁਹਾਡਾ...ਕਿਵੇਂ ਲਿਖਾਂ ?...ਮਾਂ ਕਹਿੰਦੀ ਹੈ, ਜੇ ਤੁਸੀਂ ਕਿਸੇ ਤਰ੍ਹਾਂ ਬਾਪੂ ਨੂੰ ਲਿਖ ਦਿਓ ਜਾਂ ਦਸ ਦਿਓ ਕਿ...ਮੇਰੀ ਹੋਣ ਵਾਲੀ ਸੰਤਾਨ ਦੇ ਤੁਸੀਂ ਪਿਤਾ ਹੋ, ਤਾਂ ਮੈਂ ਜੀ ਪਵਾਂ। ਵਿਸ਼ਵਾਸ ਨਹੀਂ ਕਰਦੀ ਮਾਂ। ਬਾਬੂ ਜੀ ਹੁਣ ਬਿਲਕੁਲ ਪਾਗਲ ਹੋ ਗਏ ਨੇ। ਪਤਾ ਨਹੀਂ ਕਦੋਂ ਕੀ ਹੋ ਜਾਵੇ। ਤੁਹਾਡੀਆਂ ਕਿਤਾਬਾਂ ਨੇ ਮੈਨੂੰ ਬਹੁਤ ਕੁਝ ਸਿਖਾਇਆ ਹੈ। ਮੈਨੂੰ ਕਿੱਡਾ ਵੱਡਾ ਸਹਾਰਾ ਮਿਲਿਆ ਹੈ ਤੁਹਾਡੀਆਂ ਕਿਤਾਬਾਂ ਤੋਂ, ਪਰ ਹੁਣ ਇਕ ਨਵੀਂ ਕਿਤਾਬ ਚਾਹੀਦੀ ਹੈ। ਜਿਸ ਦੇ ਸਫ਼ੇ ਸਫ਼ੇ ਤੇ ਲਿਖਿਆ ਹੋਇਆ ਹੋਵੇ — ! ਕਮਲਾ ! ਵਿਸ਼ਵਾਸ ਕਰ। ਡਰ ਨਾ। ਜੋ ਕੁਝ ਹੋਵੇਗਾ, ਸੁਖਦਾਇਕ ਹੋਵੇਗਾ...।"

ਡਾਕਟਰ ਇਕੋ ਸਾਹੇ ਏਨਾ ਪੜ੍ਹ ਗਿਆ। ਇਸ ਪਿਛੋਂ ਉਹਨੇ ਮਮਤਾ ਵਲ ਤੱਕਿਆ। ਰਾਤ ਭਰ ਤੋਂ ਜਾਗਦੀ ਮਮਤਾ ਗੱਡੀ ਦੇ ਝਟਕਿਆਂ ਨਾਲ ਇਕ ਮਿੱਠਾ ਠੋਂਕਾ ਲਾਈ ਬੈਠੀ ਸੀ।...ਸੱਟ ਲਗ ਜਾਵੇਗੀ।

"ਹੋਰ ਕਿੰਨੀ ਦੂਰ ?" ਮਮਤਾ ਜਾਗ ਕੇ ਪੁੱਛਦੀ ਹੈ।

"ਇਕ ਘੰਟਾ ਹੋਰ" ਪਿਆਰੂ ਕਹਿੰਦਾ ਹੈ।

ਡਾਕਟਰ ਅਗੇ ਪੜ੍ਹਦਾ ਹੈ — "ਬਾਪੂ ਤੁਹਾਡੇ ਬੱਚੇ ਨੂੰ ਮਾਰ ਸੁਟਣਗੇ।"

":ਨਹੀਂ, ਨਹੀਂ।"

"ਹੈਂ ?" ਮਮਤਾ ਪੁੱਛਦੀ ਹੈ, "ਕੀ ਹੈ ?"

ਡਾਕਟਰ ਮਮਤਾ ਦੇ ਹੱਥ ਖ਼ਤ ਫੜਾ ਕੇ ਬਾਹਰ ਵਲ ਤੱਕਦਾ ਹੈ। ਪਿਆਰੂ ਗਰਦਨ ਘੁੰਮਾ ਘੁੰਮਾ ਕੇ ਡਾਕਟਰ ਸਾਹਿਬ ਵਲ ਤੱਕਦਾ ਹੈ।

ਮਮਤਾ ਅੱਖਾਂ ਮਲਦੀ ਹੋਈ ਪੜ੍ਹਦੀ ਹੈ — "ਪ੍ਰਾਣਨਾਥ।...ਕਿਸ ਦੀ ਚਿੱਠੀ ਹੈ ? ਕਮਲਾ ਦੀ ?"

ਮਮਤਾ ਪੜ੍ਹ ਰਹੀ ਹੈ। ਡਾਕਟਰ ਨੇ ਇਕ ਵਾਰ ਮਮਤਾ ਵਲ ਤੱਕਿਆ — ਮਮਤਾ ਦੀਆਂ ਨੀਂਦ ਨਾਲ ਮਾਤੀਆਂ ਅੱਖਾਂ ਇਕ ਵਾਰ ਚਮਕਦੀਆਂ ਹਨ। ਖ਼ਤ ਖ਼ਤਮ ਕਰਕੇ

ਉਹ ਪੁੱਛਦੀ ਹੈ, "ਹੋਰ ਕਿੰਨੀ ਦੂਰ ?"

"ਹਾਲੇ ਹੋਰ ਇਕ ਘੰਟਾ। ਕੱਚਾ ਰਾਹ ਹੈ।"

"ਅਤੇ ਉਹ ਗਣੇਸ਼ ਕਿਥੇ ਹੈ ?"

"ਉਸ ਦੀ ਤਾਂ ਇਕ ਲੰਮੀ ਕਹਾਣੀ ਹੈ। ਬ੍ਰਹਮ ਸਮਾਜ ਮੰਦਿਰ ਵਿਚ ਉਹਨੂੰ ਰਖਵਾ ਦਿਤਾ ਸੀ। ਪਤਾ ਨਹੀਂ ਕਿਥੋਂ ਉਹਦਾ ਇਕ ਚਾਚਾ ਉਠ ਖਲੋਤਾ। ਬੜਾ ਬਖੇੜਾ ਪਿਆ। ਜਾਤ ਬਰਾਦਰੀ ਦਾ ਤੂਫ਼ਾਨ ਉਠਿਆ। ਮੈਂ ਵੀ ਕਹਿ ਦਿਤਾ, ਲੈ ਜਾਓ।"

"ਉਸ ਤੋਂ ਮੱਝ ਚਰਵਾਉਂਦਾ ਹੈ।" ਪਿਆਰੂ ਕਹਿੰਦਾ, "ਉਹਦੇ ਪਿੰਡ ਦੇ ਬੰਦੇ ਅਕਸਰ ਕਚਹਿਰੀ ਆਉਂਦੇ ਨੇ ਨਾ।"

"ਮੈਂ ਮੈਡੀਕਲ ਗਜ਼ਟ ਵਿਚ ਤੁਹਾਡੀ ਰਿਪੋਰਟ ਦੇ ਦਿਤੀ ਹੈ। ਇਕ ਸੰਖੇਪ ਰਿਪੋਰਟ ਹੈ — ਜੰਗਲੀ ਜੜੀ ਬੂਟੀ ਅਤੇ ਇਥੋਂ ਦੇ ਪਿੰਡਾਂ ਵਿਚ ਪ੍ਰਚਲਤ ਟੋਟਕਿਆਂ ਬਾਰੇ — ਤੁਹਾਡੀਆਂ ਚਿੱਠੀਆਂ 'ਚੋਂ ਸ਼ਾਰਟ ਕਰ ਕੇ ਲਿਖ ਦਿਤੀ।"

"ਪਰ ਮੈਂ ਤਾਂ ਫ਼ੈਸਲਾ ਕਰ ਲਿਆ ਹੈ, ਰਿਸਰਚ ਅਸਫਲ ਹੋਣ ਦਾ ਐਲਾਨ ਕਰ ਦਿਆਂਗਾ।"

"ਕੋਈ ਰਿਸਰਚ ਕਦੀ ਅਸਫਲ ਨਹੀਂ ਹੁੰਦੀ ਡਾਕਟਰ। ਤੁਸਾਂ ਘਟੋ-ਘਟ ਮਿੱਟੀ ਨੂੰ ਤਾਂ ਪਛਾਣਿਆਂ ਹੈ...ਮਿੱਟੀ ਅਤੇ ਮਨੁੱਖ ਨਾਲ ਮੁਹੱਬਤ ਛੋਟੀ ਗੱਲ ਨਹੀਂ।"

ਡਾਕਟਰ ਮਮਤਾ ਵਲ ਦੇਖਦਾ ਹੈ — ਪਲਕ ਝਪਕੇ ਬਿਨਾਂ। ਮਮਤਾ ਬਾਹਰ ਤੱਕ ਰਹੀ ਹੈ — ਵਿਸ਼ਾਲ ਮੈਦਾਨ। ..ਵੰਧਿਆ ਧਰਤੀ।...ਇਹੋ ਹੈ ਉਹ ਮਸ਼ਹੂਰ ਮੈਦਾਨ — ਨੇਪਾਲ ਤੋਂ ਸ਼ੁਰੂ ਹੋ ਕੇ ਗੰਗਾ ਕਿਨਾਰੇ ਤਕ, ਵੀਰਾਨ ਧੂੜ ਭਰਿਆ ਅੰਚਲ। ਮੈਦਾਨ ਦੀ ਸੁੱਕੀ ਹੋਈ ਦਿੱਬ ਨੂੰ ਚਰਵਾਹਿਆਂ ਨੇ ਅੱਗ ਲਾ ਦਿਤੀ ਹੈ। ਪਾਲਾਂ ਵਿਚ ਪਏ ਦੀਵਿਆਂ ਵਰਗੀ ਲਗਦੀ ਹੈ ਦੂਰੋਂ।...ਤੜਬੰਨਾਂ ਦੇ ਤਾੜਾਂ ਦੀਆਂ ਕਰੂੰਬਲਾਂ ਤੇ ਡੁਬਦੇ ਹੋਏ ਸੂਰਜ ਦੀ ਲਾਲੀ ਹੌਲੀ ਹੌਲੀ ਮਟਮੈਲੀ ਹੋ ਰਹੀ ਹੈ।

ਭਰਰ ਰ ਰਰ...

"ਸੁਮਰਿਤਦਾਸ ! ਹੁਣੇ ਹੀ ਟ੍ਰੈਕਟਰ ਕਿਉਂ ਚਲਾ ਰਹੇ ਨੇ ? ਕਿਥੇ ਲਿਜਾ ਰਹੇ ਨੇ, ਡਰਾਈਵਰ ਤੋਂ ਪੁਛੋ ਤਾਂ।" ਤਹਿਸੀਲਦਾਰ ਸਾਹਿਬ ਦੁਮੰਜ਼ਿਲੇ ਦੀ ਛੱਤ ਤੋਂ ਪੁਕਾਰਦੇ ਹਨ।

"ਟ੍ਰੈਕਟਰ ਨਹੀਂ। ਮੋਟਰ ਹੈ ਮੋਟਰ।"

"ਮੋਟਰ ?...ਕੌਣ ਹੈ ?"

"ਡਾਗਡਰ।"

"ਕਿਹੜਾ ਡਾਕਟਰ ?"

ਸੁਮਰਿਤਦਾਸ ਦੌੜ ਕੇ ਛੱਤ ਤੇ ਜਾਂਦਾ ਹੈ, "ਆਪਣੇ...ਡਾਗਡਰ ਬਾਬੂ। ਨਾਲ ਇਕ

ਜ਼ਨਾਨੀ ਹੈ ।...ਪਿਆਰੂ ਵੀ ਹੈ ।"

ਤਹਿਸੀਲਦਾਰ ਸਾਹਿਬ ਹੱਥ ਵਿਚ ਬੰਦੂਕ ਫੜ ਲੈਂਦੇ ਹਨ । ਸੁਮਰਿਤਦਾਸ ਥਰ ਥਰ ਕੰਬਦਾ ਹੋਇਆ ਕਹਿੰਦਾ ਹੈ — "ਦੁਹਾਈ । ਇਹ ਕੰਮ ਨਾ ਕਰੋ ।"

"ਇਹ ਕੰਮ ਨਾ ਕਰਾਂ ?—ਫੇਰ ਕੀ ਕਰਾਂ ?"

ਪਿਆਰੂ ਪੁਕਾਰਦਾ ਹੈ, "ਮਾਸੀ...ਓ ਮਾਸੀ ?"

"ਕੌਣ ? ਪਿਆਰੂ ?" ਮਾਂ ਦਰਵਾਜ਼ੇ ਦੀ ਝੀਥ ਵਿਚੋਂ ਕਹਿੰਦੀ ਹੈ, "ਕੀ ਹੈ ?"

"ਡਾਗਡਰ ਬਾਬੂ ।"

"ਐਂ ਹੇ ਐਂ ਹੇ ਆਂ ਆਂ ।" ਸੌਰਗ੍ਰਹਿ 'ਚੋਂ ਕਮਲਾ ਦਾ ਨੰਨ੍ਹਾ ਰੋਂਦਾ ਹੈ, "ਐਂ ਹੇ ਐਂ ਹਾਂ ।"

ਮਮਤਾ ਛੇਤੀ ਨਾਲ ਦਰਵਾਜ਼ੇ ਕੋਲ ਜਾ ਕੇ ਕਹਿੰਦੀ ਹੈ, "ਬੂਹਾ ਖੋਲ੍ਹੋ ਮਾਸੀ ।... ਮੈਂ ਹਾਂ ਮਮਤਾ ਖੋਲ੍ਹੋ ਤਾਂ ਪਹਿਲਾਂ ।"

ਦਰਵਾਜ਼ੇ ਦੇ ਪਟ ਖੁਲ੍ਹ ਜਾਂਦੇ ਹਨ । ਮਮਤਾ ਸੌਰ ਗ੍ਰਿਹ ਅੰਦਰ ਚਲੀ ਜਾਂਦੀ ਹੈ... ਡਾਕਟਰ ਕੱਲਾ ਕਾਰਾ, ਚੁੱਪਚਾਪ ਖਲੋਤਾ ਹੈ । ਪੌੜੀਆਂ ਵਿਚ ਖੜਾਵਾਂ ਦੀ ਆਵਾਜ਼ ਹੁੰਦੀ ਹੈ — ਭਾਰੀ ਭਰਕਮ ਆਵਾਜ਼ । ਕੋਈ ਜ਼ੋਰ ਜ਼ੋਰ ਨਾਲ ਪੈਰ ਪਟਕ ਕੇ ਟੁਰ ਰਿਹਾ ਹੈ ।

"ਕੌਣ ਹੈ ? ਡਾਕਟਰ ?" ਤਹਿਸੀਲਦਾਰ ਸਾਹਿਬ ਚੀਖਦੇ ਹਨ ।

"ਆਓ ਬੈਠੋ ਡਾਗਡਰ ਬਾਬੂ ।" ਸੁਮਰਿਤਦਾਸ ਮਸੂੜ੍ਹੇ ਕਢ ਕੇ ਹੱਸਦਾ ਹੈ, "ਆਓ ।"

"ਨਹੀਂ ।...ਸੁਮਰਿਤਦਾਸ ਇਹਨੂੰ ਪੁੱਛੋ ਕਿਥੇ ਆਇਆ ਹੈ ? ਕਿਹਦੇ ਕੋਲ ਆਇਆ ਹੈ ? ਕੀ ਕਰਨ ਆਇਆ ਹੈ ? ਕੀ ਲੈਣ ਆਇਆ ਹੈ ?...ਪੁਛੋ ।"

ਸੁਮਰਿਤਦਾਸ ਬੇਤਾਰ ਡਾਕਟਰ ਕੋਲ ਜਾ ਕੇ ਅੱਖ ਦੇ ਇਸ਼ਾਰੇ ਨਾਲ ਸਮਝਾਉਂਦਾ ਹੈ, "ਅੱਜ ਕਲ੍ਹ ਜ਼ਰਾ ਜ਼ਿਆਦਾ ਹੀ ਛੱਕਣ ਲਗ ਪਏ ਨੇ...ਏਸ ਲਈ ।"

ਸੌਰ ਗ੍ਰਹਿ ਦੇ ਦਰਵਾਜ਼ੇ ਦੀ ਝਿਰੀ ਵਿਚੋਂ ਕਮਲਾ ਦੀ ਮਾਂ ਕਹਿੰਦੀ ਹੈ, 'ਕਮਲਾ ਦੇ ਬਾਬੂ ! ਕੀ ਕਰਦੇ ਹੋ ? ਜੁਆਈ ਨੂੰ..."

"ਜੁਆਈ ਨੂੰ ਕੀ ? ਆਪਣੇ ਜੁਆਈ ਨੂੰ ਕਿਉਂ ਨਹੀਂ ਕਹਿੰਦੀ ? ਉਹ ਮੇਰੇ ਪੈਰੀਂ ਪੈ ਕੇ ਪ੍ਰਣਾਮ ਕਿਥੇ ਕਰਦਾ ਹੈ ?"

ਡਾਕਟਰ ਤਹਿਸੀਲਦਾਰ ਦੀ ਚਰਨ ਧੂੜ ਲੈਂਦਾ ਹੈ ।

ਤਹਿਸੀਲਦਾਰ ਸਾਹਿਬ ਅਚਾਨਕ ਫੁਟ ਫੁਟ ਕੇ ਰੋ ਪੈਂਦੇ ਹਨ, ਡਾਕਟਰ ਸਾਹਿਬ ਨੂੰ ਕਲਾਵੇ ਵਿਚ ਭਰ ਕੇ ਰੋਂਦੇ ਹਨ, "ਮੇਰਾ ਪੁੱਤਰ । ਬਾਬੂ ।...ਮੇਰਾ ਪੁੱਤਰ ।"

ਸੁਮਰਿਤਦਾਸ ਬੇਤਾਰ ਨੇ ਰਾਤੀਂ ਹੀ ਘਰ ਘਰ ਖ਼ਬਰ ਪੁਚਾ ਦਿਤੀ — "ਕਮਲਾ ਦੀ ਸ਼ਾਦੀ ਤਾਂ ਪਹਿਲਾਂ ਹੀ ਡਾਗਡਰ ਬਾਬੂ ਨਾਲ ਹੋ ਗਈ ਸੀ ।...ਤੁਸੀਂ ਲੋਕ ਤਾਂ ਜਾਣਦੇ

ਹੀ ਹੋ। ਪੰਜ ਪੰਚਾਂ ਨੂੰ ਦਸ ਕੇ ਜਦੋਂ ਸ਼ਾਦੀ ਦੀ ਗੱਲ ਪੱਕੀ ਹੋਈ, ਇਕ ਨਾ ਇਕ ਵਿਘਨ ਪੈ ਗਿਆ। ਇਸੇ ਲਈ ਕਾਸ਼ੀ ਦੇ ਪੰਡਤਾਂ ਨੇ ਗੰਧਰਵ ਵਿਆਹ ਕਰਵਾਉਣ ਨੂੰ ਕਿਹਾ। ਗੰਧਰਵ ਵਿਆਹ ਦੀ ਗੱਲ ਕਿਸੇ ਨੂੰ ਦੱਸੀ ਨਹੀਂ ਜਾਂਦੀ। ਜੇ ਬੱਚਾ ਹੋਵੇ ਤਾਂ ਸਭ ਤੋਂ ਪਹਿਲਾਂ ਬਾਪ ਉਹਨੂੰ ਦੇਖੇਗਾ, ਫੇਰ ਹੋਰ ਲੋਕ।...ਡਾਗਡਰ ਬਾਬੂ ਆ ਗਏ ਹਨ। ਹੁਣ ਕਲ੍ਹ ਲਈ ਛਟੀ ਦੇ ਭੋਜ ਦਾ ਸੱਦਾ ਦੇਣ ਆਇਆ ਹਾਂ ਤੁਹਾਨੂੰ। ਕਲ੍ਹ ਸਵੇਰ ਤੋਂ ਹੀ ਸ਼ਗਨ ਸ਼ੁਰੂ ਹੋਵੇਗਾ।"

"ਹੈਂ ਤੇਰੇ ਦੀ! ਇਹ ਤਾਂ ਕਿੱਸੇ ਕਹਾਣੀ ਵਰਗੀ ਗੱਲ ਹੈ। ਬਿਲਕੁਲ ਕਿਸੇ ਨੂੰ ਪਤਾ ਨਹੀਂ।"

ਬ੍ਰਾਹਮਣ ਟੋਲੀ ਦੇ ਪਰੋਹਿਤ ਦੇਵਾਨੰਦ ਝਾ ਨੇ ਲੋਕਾਂ ਨੂੰ ਕਿਹਾ, "ਅੰਗਰੇਜ਼ੀ ਫ਼ੈਸ਼ਨ ਵਾਲਿਆਂ ਦੇ ਸੱਤ ਖ਼ੂਨ ਮਾਫ਼ ਹਨ।"

ਜੋਤਖੀ ਜੀ ਦੇ ਕੰਨੀਂ ਗੱਲ ਪਈ, ਉਨ੍ਹਾਂ ਨੇ ਘਿਰਣਾ ਨਾਲ ਮੂੰਹ ਸਕੋੜ ਲਿਆ।

ਖਿਲਾਵਨ ਯਾਦਵ ਨੇ ਕਿਹਾ, "ਪੈਸੇ ਵਾਲਾ ਅਧਰਮ ਵੀ ਕਰੇਗਾ ਤਾਂ ਉਹ ਧਰਮ ਹੀ ਹੋਵੇਗਾ।"

ਪਰ ਸੱਦਾ ਪੱਤਰ ਸਵੀਕਾਰ ਨਾ ਕਰਨ ਦੀ ਹਿੰਮਤ ਕਿਸੇ ਵਿਚ ਨਹੀਂ।

ਸਵੇਰੇ ਪਿੰਡ ਦੇ ਚਮਾਰਾਂ ਨੇ ਆ ਕੇ ਨਾਚ ਨਚਾ ਕੇ ਢੋਲ ਵਜਾਉਣਾ ਸ਼ੁਰੂ ਕੀਤਾ। ਜ਼ਨਾਨੀਆਂ ਕੱਠੀਆਂ ਹੋ ਹੋ ਕੇ ਸੋਹਿਲੇ ਗਾਉਂਦੀਆਂ ਹੋਈਆਂ ਆਉਣ ਲਗੀਆਂ, ਪਰ ਸਾਰਿਆਂ ਦੇ ਚਿਹਰਿਆਂ ਤੇ ਇਕ ਉਦਾਸੀ, ਇਕ ਮਨਹੂਸ ਕਾਲੀ ਰੇਖਾ ਖਿਚੀ ਹੋਈ ਹੈ।...ਮਨ ਵਿਚ ਰੰਗ ਤਰੰਗ ਨਹੀਂ।

ਤਹਿਸੀਲਦਾਰ ਬੜੀ ਦੇਰ ਤਕ ਆਪਣੇ ਕਮਰੇ ਵਿਚ ਚੁੱਪਚਾਪ ਬੈਠ ਕੇ ਕੁਝ ਸੋਚਦੇ ਹਨ; ਫੇਰ ਬਾਹਰ ਆ ਕੇ ਕਹਿੰਦੇ ਹਨ, "ਸੁਮਰਿਤਦਾਸ। ਲੋਕਾਂ ਨੂੰ ਕਹਿ ਦਿਓ... ਹਰੇਕ ਪਰਿਵਾਰ ਨੂੰ ਪੰਜ ਬਿਘਿਆਂ ਦੀ ਦਰ ਨਾਲ ਮੈਂ ਜ਼ਮੀਨ ਵਾਪਸ ਕਰ ਦਿਆਂਗਾ। ਸ਼ਾਮ ਹੋਣ ਤਕ ਮੈਂ ਸਾਰੇ ਕਾਗਜ਼, ਪੱਤਰ ਠੀਕ ਕਰ ਲੈਂਦਾ ਹਾਂ...ਅਤੇ ਸੰਥਾਲ ਟੋਲੀ ਵਿਚ ਜਾ ਕੇ ਕਹੋ... ਉਹ ਲੋਕ ਵੀ ਆ ਕੇ ਰਸੀਦ ਲੈ ਜਾਣ। ਸਲਾਮੀ ਦਾ ਇਕ ਪੈਸਾ ਜਾਂ ਨਜ਼ਰਾਨਾ ਕੁਝ ਵੀ ਨਹੀਂ। ਓਏ ਮੈਂ ਕੀ ਦਿਆਂਗਾ? ਦੇ ਰਿਹਾ ਹੈ ਨਵਾਂ ਮਾਲਿਕ।... ਮਾਲਿਕ ਸਾਬ੍ਹ ਦਾ ਹੁਕਮ ਹੈ, ਸੁਣਦੇ ਨਹੀਂ ਹੋ। ਰੋ ਰਿਹਾ ਹੈ, ਉਹ? ਉਹ ਹੁਕਮ ਦੇ ਰਿਹਾ ਹੈ। ਵਾਪਸ ਕਰ ਦਿਓ। ਦੇ ਦਿਓ, ਖਿਲਾਵਨ ਨੂੰ ਉਹਦੀ ਜ਼ਮੀਨ ਦਾ ਸਭ ਕੁਝ ਦੇ ਦਿਓ।"

ਡਾਕਟਰ ਪ੍ਰਸ਼ਾਂਤ ਤੇ ਮਮਤਾ ਦੀਆਂ ਅੱਖਾਂ ਚਾਰ ਹੁੰਦੀਆਂ ਹਨ।

"ਮੂੰਹ ਕੀ ਦੇਖਦੇ ਹੋ? ਮੈਨੂੰ ਪਾਗਲ ਸਮਝਦੇ ਹੋ? ਠੀਕ ਹੈ, ਪਾਗਲ ਕਿਉਂ ਨਹੀਂ ਸਮਝੋਗੇ?...ਯੋਗੇਸ਼ਵਰ ਕ੍ਰਿਸ਼ਨ ਨੇ ਆਪਣੀ ਸਾਰੀ ਵਿੱਦਿਆ ਬੁੱਧੀ ਨਾਲ ਕੋਸ਼ਿਸ਼

ਕੀਤੀ, ਪਰ ਦੁਰਯੋਧਨ ਨੇ ਸਾਫ਼ ਕਹਿ ਦਿਤਾ — ਸੂਈ ਦੀ ਨੋਕ ਤੇ ਜਿੰਨੀ ਮਿੱਟੀ ਚੜ੍ਹਦੀ ਹੈ, ਉਨੀ ਵੀ ਨਹੀਂ ਦਿਆਂਗਾ।...ਜ਼ਮੀਨ।...ਧਰਤੀ। ਇਕ ਇੰਚ ਜ਼ਮੀਨ ਲਈ ਹਾਈ ਕੋਰਟ ਤਕ ਮੁਕੱਦਮਾਂ ਲੜਦੇ ਨੇ ਲੋਕ ਅਤੇ ਮੈਂ ਸੌ ਬਿਘੇ ਜ਼ਮੀਨ ਦੇ ਰਿਹਾ ਹਾਂ। ਪਾਗਲ ਤਾਂ ਤੁਸੀਂ ਲੋਕ ਹੋ। ਓਏ ! ਇਹ ਜ਼ਮੀਨ ਤਾਂ ਉਨ੍ਹਾਂ ਕਿਸਾਨਾਂ ਦੀ ਹੀ ਹੈ, ਨੀਲਾਮ ਕੀਤੀ ਹੋਈ ਜ਼ਬਤ ਕੀਤੀ ਹੋਈ; ਉਨ੍ਹਾਂ ਨੂੰ ਵਾਪਸ ਦੇ ਰਿਹਾ ਹਾਂ। ਮੈਂ ਕਹਿੰਦਾ ਹਾਂ, ਐਲਾਨ ਕਰ ਦਿਓ, ਮਾਲਿਕ ਦਾ ਹੁਕਮ ਹੈ।''

ਜੈ ! ਜੈ !—ਜੈ ਹੋ।

ਬੋਲੋ ਪ੍ਰੇਮ ਨਾਲ ਮਹਾਤਮਾਂ ਜੀ ਦੀ ਜੈ।

ਡਿਗ ਡਿਗ ਡਡਿੰਗ<br>
ਰਿੰਗ ਰਿੰਗ ਤਾ ਧਿਨ ਤਾ<br>
ਡਾ ਡਿੱਗਾ ਡਾ ਡਿੱਗਾ।<br>
ਝੁਮਰ ਝੁਮਰ...ਹੁੱਰਰ ਹੁੱਰਰ ਹੁੱਰਰ।

ਹਾਂ...ਹੁਣ...ਹੁਣ ਠੀਕ ਹੈ। ਹੁਣ ਤੱਕੋ, ਸਭ ਚਿਹਰਿਆਂ ਦੇ ਮੁਰਦੇ ਚਮੜਿਆਂ ਤੇ ਲਾਲੀ ਪਰਤ ਰਹੀ ਹੈ। ਸੈਂਕੜੇ ਜੋੜੀ ਅੱਖਾਂ ਖ਼ੁਸ਼ੀ ਨਾਲ ਚਮਕ ਉਠਦੀਆਂ ਹਨ, ਜਿਵੇਂ ਦੀਪ ਜਗੇ ਹੋਣ।

ਕੁਮਾਰ ਨੀਲੋ ਉਤਪਲ ਦੀ ਅੱਜ ਬਰਹੀ (ਬਾਰ੍ਹਵਾਂ ਦਿਨ) ਹੈ।

ਹਾਂ, ਮਮਤਾ ਨੇ ਕਮਲਾ ਦੇ ਪੁੱਤਰ ਦਾ ਨਾਂ ਰਖਿਆ ਹੈ ਕੁਮਾਰ ਨੀਲ ਉਤਪਲ। ਡਾਕਟਰ ਨੇ ਅੱਜ ਪਹਿਲੀ ਵਾਰ ਆਪਣੇ ਪੁੱਤਰ ਨੂੰ ਗੋਦ ਲਿਆ ਅਤੇ ਵੇਖਿਆ ਹੈ।... ਮਾੜੂਆ ਜਿਹਾ, ਪੀਲੇ ਰੰਗ ਦਾ, ਲਹੂ ਮਾਸ ਦਾ ਸਰੀਰ। ਮਮਤਾ ਕਹਿੰਦੀ ਹੈ, ''ਪਟਨੇ ਲੈ ਚਲੋ। ਇਕ ਮਹੀਨੇ ਵਿਚ ਹੀ ਤੁਹਾਡਾ ਪੁੱਤਰ ਲਾਲ ਸੂਹਾ ਹੋ ਜਾਵੇਗਾ।'' ਡਾਕਟਰ ਨੇ ਸੈਂਕੜੇ 'ਡਲਿਵਰ' ਕੇਸ ਕੀਤੇ ਹਨ, ਪਰ ਕੁਮਾਰ ਨੀਲ ਉਤਪਲ ! ਕਮਲਾ ਦਾ ਪੀਲਾ ਚਿਹਰਾ ਲਾਜ ਨਾਲ ਸੂਹਾ ਹੋ ਗਿਆ ਸੀ। ਡਾਕਟਰ ਦੀ ਗੋਦ ਵਿਚ ਬਾਲ ਨੂੰ ਪਾਉਂਦੇ ਸਮੇਂ ਉਹਦੀਆਂ ਵੱਡੀਆਂ ਅੱਖਾਂ ਦੀਆਂ ਪਲਕਾਂ ਝੁਕੀਆਂ ਹੋਈਆਂ ਸਨ। ਉਹਦੇ ਮਸਤਕ ਉੱਪਰ ਸੰਧੂਰ ਦਾ ਵੱਡਾ ਸਾਰਾ ਤਿਲਕ ਜਗਮਗਾ ਰਿਹਾ ਸੀ।...ਹਨੇਰੇ ਵਿਚ ਖਲੋਤੀ 'ਸਿਲੋਲਾਈਡ' ਤਸਵੀਰ ਵਾਂਗ ਖਲੋਤੀ ਮਾਂ ਦਾ ਹੱਥ ਵਧਾ ਕੇ ਇਕ ਡਰਾਉਣੀ ਛਾਂ ਦੇ ਹੱਥ ਬਾਲ ਨੂੰ ਸੌਂਪ ਰਹੀ ਹੈ।...ਹਨੇਰਾ...। ਡਰਾਉਣਾ ਪਰਛਾਵਾਂ...ਨਹੀਂ, ਨਹੀਂ ਡਾਕਟਰ ਨੇ ਆਪਣੇ ਸੱਜੇ ਹੱਥ ਦੀਆਂ ਉਂਗਲਾਂ ਨਾਲ ਨੀਲ ਉਤਪਲ ਦੇ 'ਹਾਰਟ' ਦੀ ਧੜਕਣ ਨੂੰ ਅਨੁਭਵ ਕੀਤਾ ਸੀ, ''ਆਹ ! ਨਿੱਕਾ ਜਿਹਾ ਦਿਲ, ਧਕਧਕ ਕਰ ਰਿਹਾ ਹੈ।''

ਸੌਰਗ੍ਰਿਹ ਵਿਚ ਬਾਰ੍ਹਾਂ ਦਿਨਾਂ ਦੇ ਬਾਲਕ ਦੀ ਲੰਮੀ ਉਮਰ, ਸੰਦਰ ਸਿਹਤ ਵਿੱਦਿਆ-

ਬੁੱਧੀ ਅਤੇ ਧਨ-ਸੰਪਤੀ ਲਈ ਮੰਗਲ ਗੀਤ ਗਾਏ ਜਾ ਰਹੇ ਹਨ। ਡਾਕਟਰ ਜਾਗਿਆ ਹੋਇਆ ਹੈ ।...ਉਹਦੀ ਰਿਸਰਚ ? ਮਮਤਾ ਕਹਿੰਦੀ ਹੈ, "ਅਸਫਲ ਨਹੀਂ ਹੋਈ ਹੈ। ਮਿੱਟੀ ਅਤੇ ਮਨੁੱਖ ਨਾਲ ਏਨੀ ਗਹਿਰੀ ਮੁਹੱਬਤ ਕਿਸੇ ਲੈਬੋਰੇਟਰੀ ਵਿਚ ਨਹੀਂ ਬਣਦੀ।"

ਲੈਬੋਰੇਟਰੀ ।...ਵਿਸ਼ਾਲ ਪ੍ਰਯੋਗਸ਼ਾਲਾ । ਉੱਚੀ ਚਾਰਦੀਵਾਰੀ ਵਿਚ ਬੰਦ ਪ੍ਰਯੋਗਸ਼ਾਲਾ ।...ਸਾਮਰਾਜ ਲੋਭੀ ਸ਼ਾਸਕਾਂ ਦੀਆਂ ਸੰਗੀਨਾਂ ਦੀ ਛਾਵੇਂ ਵਿਗਿਆਨਕਾਂ ਦੇ ਦਲ ਖੋਜ ਕਰ ਰਹੇ ਹਨ, ਪ੍ਰਯੋਗ ਕਰ ਰਹੇ ਹਨ ।...ਗੰਜੀਆਂ ਖੋਪੜੀਆਂ ਤੇ ਲਾਲ ਹਰੀ ਰੋਸ਼ਨੀ ਪੈ ਰਹੀ ਹੈ...ਵਿਨਾਸ਼ਕ, ਤਬਾਹਕੁਨ ਅਤੇ ਸਰਵਨਾਸ਼ੀ ਸ਼ਕਤੀਆਂ ਦੇ ਮਿਸ਼ਰਣ ਨਾਲ ਇਕ ਅਜਿਹੇ ਬੰਬ ਦੀ ਰਚਨਾ ਹੋ ਰਹੀ ਹੈ, ਜਿਹੜਾ ਸਾਰੀ ਪ੍ਰਿਥਵੀ ਨੂੰ ਹਵਾ ਦੇ ਰੂਪ ਵਿਚ ਬਦਲ ਦੇਵੇਗਾ ।...ਐਟਮ ਵਧ ਰਿਹਾ ਹੈ, ਮਕੜੀ ਦੇ...ਜਾਲੇ ਵਾਂਗ। ਚਹੁੰ ਪਾਸੀਂ ਇਕ ਮਹਾਂ ਅੰਧਕਾਰ ਸਭ ਕੁਝ ਭਾਫ। ਪਰਕਿਰਤੀ-ਪੁਰਖ... ਅੰਡ...ਪਿੰਡ...ਮਿੱਟੀ ਅਤੇ ਮਨੁੱਖ ਦੇ ਸ਼ੁਭਚਿੰਤਕਾਂ ਦੀ ਛੋਟੀ ਜਿਹੀ ਟੋਲੀ ਹਨੇਰੇ ਵਿਚ ਹੱਥ ਮਾਰ ਰਹੀ ਹੈ। ਹਨੇਰੇ ਵਿਚ ਆਪਸ 'ਚ ਟਕਰਾਉਂਦੇ ਹਨ ।

...ਵਿਦਾਂਤ...ਭੌਤਿਕਵਾਦ...ਸਾਖੇਪਵਾਦ...ਮਾਨਵਤਾਵਾਦ...ਹਿੰਸਾ ਨਾਲ ਲਤਾੜੀ ਹੋਈ ਪ੍ਰਾਕਿਰਤੀ ਰੋ ਰਹੀ ਹੈ। ਸ਼ਿਕਾਰੀ ਦੇ ਤੀਰ ਨਾਲ ਜ਼ਖ਼ਮੀ ਹਿਰਨ ਸ਼ਾਵੁਕ ਜਿਹੀ ਮਾਨਵਤਾ ਨੂੰ ਆਸਰਾ ਕਿਥੇ ਮਿਲੇ ?...ਹਾ-ਹਾ-ਹਾ। ਹਾਸ-ਮਖ਼ੌਲ। ਸ਼ਿਕਾਰੀਆਂ ਦੇ ਹਾਸੇ ਮਖ਼ੌਲ ਨਾਲ ਆਕਾਸ਼ ਹਿੱਲ ਰਿਹਾ ਹੈ। ਛੋਟਾ ਜਿਹਾ, ਨਿੱਕਾ ਜਿਹਾ ਹਿਰਨ ਕੰਬ ਰਿਹਾ ਹੈ। ਨਿੱਕੇ ਫੇਫੜੇ ਦੀ ਤੇਜ਼ ਧੁਕਧੁਕੀ।...ਨੀਲ ਉਤਪਲ ! ਨਹੀਂ, ਨਹੀਂ। ਇਹ ਹਨੇਰਾ ਨਹੀਂ ਰਵ੍ਹੇਗਾ। ਮਾਨਵਤਾ ਦੇ ਪੁਜਾਰੀਆਂ ਦੀ ਮਿਲੀ-ਜੁਲੀ ਬਾਣੀ ਗੂੰਜਦੀ ਹੈ — ਪਵਿੱਤਰ ਬਾਣੀ। ਉਨ੍ਹਾਂ ਨੂੰ ਪ੍ਰਕਾਸ਼ ਲਭ ਪਿਆ ਹੈ । ਤੇਜਮਈ। ਲਤਾੜੀ ਹੋਈ ਪ੍ਰਿਥਵੀ ਦੇ ਜ਼ਖ਼ਮਾਂ ਤੇ ਸੀਤਲ ਚੰਦਨ ਲੇਪ ਕਰ ਰਿਹਾ ਹੈ। ਪ੍ਰੇਮ ਅਤੇ ਅਹਿੰਸਾ ਦੀ ਸਾਧਨਾਂ ਸਫਲ ਹੋ ਚੁਕੀ ਹੈ। ਫੇਰ ਕਿਹਾ ਡਰ। ਵਿਧਾਤਾ ਦੀ ਸ੍ਰਿਸ਼ਟੀ ਵਿਚ ਮਾਨਵ ਹੀ ਸਭ ਤੋਂ ਵਧ ਕੇ ਸ਼ਕਤੀਸ਼ਾਲੀ ਹੈ। ਉਹਨੂੰ ਹਰਾਉਣਾ ਅਸੰਭਵ ਹੈ, ਪਰਚੰਡ ਸ਼ਕਤੀਸ਼ਾਲੀ ਬੰਬਾਂ ਨਾਲ ਵੀ ਨਹੀਂ।...ਪਾਗਲੋ ! ਆਦਮੀ ਆਦਮੀ ਹੈ। ਗਿਨੀ ਪਿੱਗ ਨਹੀਂ ।...ਸਵਾਰੀ ਉੱਪਰ ਮਾਨੁਸ਼ ਸਤਯ ।

ਅਨੇਕਵਸਤਰ ਨਯਨਮਨੇਕਾਦਭੁਤਦਰਸ਼ਨਮ
ਅਨੇਕ ਦਿਵਯ ਭਰਣ ਦਿਵਯਾਨੇ ਕੋ ਧਿਅਤਾਯੁਧਮ ।
ਦਿਵਿ ਸੂਰਯਸਹਸਰ ।

...ਮਮਤਾ ਗਾ ਰਹੀ ਹੈ। ਪ੍ਰਭਾਤ ਹੋ ਰਹੀ ਹੈ। ਨਾਲ ਦੇ ਕਮਰੇ ਵਿਚ ਤਹਿਸੀਲਦਾਰ ਸਾਹਿਬ ਘੁਰਾੜੇ ਭਰ ਰਹੇ ਹਨ। ਡਾਕਟਰ ਉਠ ਕੇ ਖਿੜਕੀਆਂ ਖੋਲ੍ਹ ਦਿੰਦਾ ਹੈ। ਮਟਮੈਲੀ, ਅੰਧਿਆਰੀ ਵਿਚ ਕੋਠੀ ਦਾ ਬਾਗ਼ ਸਹਿਮਿਆ ਹੋਇਆ ਕਿਸੇ ਦੀ ਉਡੀਕ

ਕਰ ਰਿਹਾ ਹੈ। ਗੁਲਮੁਹਰ, ਅਮਲਤਾਸ ਅਤੇ ਯੋਜਨਾ ਗੰਧਾ ਦੀਆਂ ਨਵੀਆਂ ਕਲੀਆਂ ਮੁਸਕਰਾਉਣ ਲਈ ਤਿਆਰ ਹਨ। ..ਨਾਨਤਮ ਨ ਮਧਿਯਮ ਨਾ ਪੁਨਸਤਵਾਦੀ...।

"ਪ੍ਰਸ਼ਾਂਤ !" ਮਮਤਾ ਮੁਸਕਰਾਉਂਦੀ ਹੋਈ ਕਮਰੇ ਵਿਚ ਪ੍ਰਵੇਸ਼ ਕਰਦੀ ਹੈ — ਪ੍ਰਭਾਤ ਵੇਲੇ ਮਲਕੜੇ ਜਿਹੇ ਚਲਣ ਵਾਲੀ ਹਵਾ ਵਾਂਗ। ਸੰਧਿਆ ਸਨਾਤਾ ਮਮਤਾ ਦੇ ਭਿੱਜੇ-ਵਿੱਖਰੇ ਕੇਸ ਕੁੰਡਲਾਂ ਨੂੰ ਡਾਕਟਰ ਛੋਹ ਲੈਂਦਾ ਹੈ।

"ਓਏ ਹੱਤ ! ਔਰਤਾਂ ਦੇ ਭਿੱਜੇ ਹੋਏ ਕੇਸ ਨਹੀਂ ਛੁਹਣੇ ਚਾਹੀਦੇ। ਦੋਸ਼ ਲਗਦਾ ਹੈ। ਪੁੱਛਣ ਆਈ ਹਾਂ, ਚਾਹ ਪੀਉਗੇ ? ਕੁਮਾਰ ਸਾਬ੍ਹ ਦਾ ਦੁੱਧ ਗਰਮ ਹੋ ਰਿਹਾ ਹੈ। ਜਾਪਦਾ ਹੈ, ਰਾਤ ਭਰ ਜਾਗਦੇ ਰਹੇ ਹੋ। ਕੁਰਲੀ ਕਰ ਲਵੋ। ਮੈਂ ਚਾਹ ਲੈ ਆਉਂਦੀ ਹਾਂ।" ਮਮਤਾ ਮੁਸਕਰਾਉਂਦੀ ਹੋਈ ਚਲੀ ਜਾਂਦੀ ਹੈ।

ਵਿਚਾਰੀ ਮਮਤਾ ਦੀ ਜ਼ਿੰਦਗੀ ਦਾ ਇਕੋ ਇਕ ਵਿਲਾਸ-ਚਾਹ ! ਸ਼ੀਲਾ ਇਕ ਵਾਰ ਕਹਿੰਦੀ ਸੀ, "ਮਮਤਾ ਦੀ ਚਾਹ ਪੀਣ ਦਾ ਬਹਾਨਾ ਲਭਦੀ ਰਹਿੰਦੀ ਹੈ। ਦਿਨ ਭਰ ਵਿਚ ਦਸ ਪੰਦਰਾਂ ਪਿਆਲੀਆਂ...।"

ਚਾਹ ਦੀ ਪਿਆਲੀ ਪ੍ਰਸ਼ਾਤ ਦੇ ਹੱਥ ਫੜਾਉਂਦੀ ਹੋਈ ਮਮਤਾ ਪੁੱਛਦੀ ਹੈ — "ਪੜ੍ਹ ਗਏ ਹੋ...ਮਹਾਤਮਾਂ ਜੀ ਦੀ ਆਖ਼ਰੀ ਲਾਲਸਾ ? ਮੈਂ ਤਾਂ ਕਹਿੰਦੀ ਹਾਂ, ਇਹ ਉਹ ਮਹਾਂ ਪ੍ਰਕਾਸ਼ ਹੈ, ਜਿਸ ਦੀ ਰੋਸ਼ਨੀ ਵਿਚ ਦੁਨੀਆਂ ਨਿਰਭਓ ਹੋ ਕੇ ਹਜ਼ਾਰਾਂ ਵਰ੍ਹਿਆਂ ਦਾ ਸਫ਼ਰ ਤੈਅ ਕਰ ਸਕਦੀ ਹੈ।..."

"ਮਮਤਾ ਮੈਂ ਫੇਰ ਕੰਮ ਸ਼ੁਰੂ ਕਰਾਂਗਾ — ਇਥੇ, ਇਸੇ ਪਿੰਡ ਵਿਚ। ਮੈਂ ਪਿਆਰ ਦੀ ਖੇਤੀ ਕਰਨਾ ਚਾਹੁੰਦਾ ਹਾਂ। ਹੰਝੂਆਂ ਨਾਲ ਭਿੱਜੀ ਹੋਈ ਧਰਤੀ ਤੇ ਪਿਆਰ ਦੇ ਪੌਦੇ ਥਿਰਕਣਗੇ। ਮੈਂ ਸਾਧਨਾ ਕਰਾਂਗਾ, ਗ੍ਰਾਮ-ਵਾਸਿਨੀ ਭਾਰਤ ਮਾਤਾ ਦੇ ਮੈਲੇ ਆਂਚਲ ਥੱਲੇ। ਘਟੋ ਘਟ ਇਕੋ ਪਿੰਡ ਦੇ ਹੀ ਕੁਝ ਪ੍ਰਾਣੀਆਂ ਦੇ ਮੁਰਝਾਏ ਹੋਏ ਬੁੱਲ੍ਹਾਂ ਤੇ ਮੁਸਕਰਾਹਟ ਲਿਆ ਸਕਾਂ, ਉਨ੍ਹਾਂ ਦੇ ਹਿਰਦਿਆਂ ਵਿਚ ਆਸ ਤੇ ਵਿਸ਼ਵਾਸ ਨੂੰ ਕਾਇਮ ਕਰ ਸਕਾਂ...।"

ਮਮਤਾ ਹੱਸਦੀ ਹੈ — "ਜੀਅ ਕਰਦਾ ਹੈ, ਕਿਸੇ ਨੂੰ ਆਂਚਲ ਪਸਾਰ ਕੇ ਆਸ਼ੀਰਵਾਦ ਦਿਆਂ — ਤੂੰ ਸਫਲ ਹੋਏਂ ! ਜੀਅ ਕਰਦਾ ਹੈ, ਕਿਸੇ ਕਰਮਯੋਗੀ ਦੇ ਵਧੇ ਹੋਏ ਚਰਨਾਂ ਦੀ ਧੂੜ ਲੈ ਕੇ ਕਹਾਂ..." ਹੱਥ ਵਧਾਉਂਦੀ ਹੈ।

"ਮਮਤਾ।"

"ਮਮਤਾ ਦੀ !...ਇਹਨੂੰ ਲਵੋ। ਦੁੱਧ ਸੁਟਦਾ ਹੈ।" ਕਮਲਾ ਆਪਣੇ ਬਾਲ ਨੂੰ ਗੋਦੀ ਵਿਚ ਲਈ ਹੱਸਦੀ ਹੋਈ ਆਉਂਦੀ ਹੈ।

"ਦਿਓ ! ਕਿਵੇਂ ਸਿੱਟਦਾ ਹੈ ? ਕਿਵੇਂ ਪਿਲਾਉਂਦੀ ਏਂ ? ਬੋਤਲ ਦੇ।" ਮਮਤਾ ਪੈਰ ਪਸਾਰ ਕੇ ਬੈਠ ਜਾਂਦੀ ਹੈ ਅਤੇ ਬੱਚੇ ਨੂੰ ਗੋਦੀ ਲੈ ਲੈਂਦੀ ਹੈ।

"ਤੂੰ ਟੇਬਲੈਟ ਖਾ ਲਈ ਕਮਲਾ ? ਖਾ ਲੈ।"

ਪ੍ਰਸ਼ਾਂਤ ਚੁੱਪਚਾਪ ਮਮਤਾ ਨੂੰ ਵੇਖ ਰਿਹਾ ਹੈ । ਸ਼ਰਤ ਬਾਬੂ ਦੇ ਨਾਵਲਾਂ ਦੀ ਇਹ ਨਾਰੀ ਆਪਣੇ ਵਿਸ਼ਵਾਸ ਤੇ ਅਡਿੱਗ ਤੇ ਅਡੋਲ ਹੋ ਕੇ ਅੱਜ ਵੀ ਅਗੇ ਵਧ ਰਹੀ ਹੈ, ਰੂਪ ਬਦਲ ਦਿਓ, ਨਾਂ ਬਦਲ ਦਿਓ, ਸਮਾਂ ਬਦਲ ਦਿਓ, ਸਥਾਨ ਬਦਲ ਦਿਓ, ਪਰ ਇਹ ਕਦੀ ਬਦਲ ਨਹੀਂ ਸਕਦੀ ।

ਕਮਲਾ ਪੁੱਛਦੀ ਹੈ, "ਪਿਆਰੂ ਵੀ ਪਟਨੇ ਚਲੇਗਾ ?"

"ਹਾਂ" ਮਮਤਾ ਸੰਖੇਪ ਉੱਤਰ ਦਿੰਦੀ ਹੈ।

"ਆ ਏਂ ਐਂ...ਐਂ..." ਨੀਲੂ ਰੋਂਦਾ ਹੈ।

"ਨਾ ਨਾ...ਪੀ ਲੈ ਬਾਬੂ। ਰਾਜਾ। ਸੋਨਾ...ਮਾਣਿਕ ਨੀਲੂ। ਨੀਲੂ! ਰੋ ਨਾ। ਹੁਣ ਰੋਣ ਵਾਲੀ ਕਿਹੜੀ ਗੱਲ ਹੈ ਪਿਆਰੇ ?" ਮਮਤਾ ਹੱਸਦੀ ਹੈ।

ਕਲੀਮੂਦੀਂ ਪੁਰ ਘਾਟ ਤੇ ਰੇਥਰੀਆ ਪੀਰ ਉਤੇ ਕਿਸੇ ਨੇ ਮਨੌਤ ਮੰਨ ਕੇ ਇਕ ਚੀਥੜਾ ਹੋਰ ਲਟਕਾ ਦਿਤਾ ।

○

राज बन्धु इंडस्ट्रियल कम्पनी, सी-६१ मायापुरी फेज़-II, नई दिल्ली ११० ०६४ द्वारा मुद्रित